# ਯੂਬਾ ਸਿਟੀ ਯੂਨੀਫ਼ਾਈਡ ਸਕੂਲ ਡਿਸਟ੍ਰਿਕਟ

# ਵਿੱਦਿਆਰਥੀ ਡਿਸਿਪਲਿਨ ਪੌਲਸੀ ਹੈਂਡ ਬੁੱਕ

# ਅਤੇ

# 2011-2012 ਸਕੂਲੀ ਸਾਲ ਲਈ

# ਕਾਨੂੰਨੀ ਸੂਚਨਾ-ਪੱਤਰ

*ਅੱਜ ਦੇ ਵਿਦਿਆਰਥੀਆ ਨੂੰ ਪੜ੍ਹਾਉਣਾ ਤਾਂ ਕਿ ਕੱਲ੍ਹ ਦੀ ਦੁਨੀਆਂ ਵਿੱਚ ਉਹ ਸਫਲਤਾ ਹਾਂਸਲ ਕਰਨ ।*

# YUBA CITY UNIFIED SCHOOL DISTRICT

750 Palora Avenue · Yuba City · California · 95991 · (530) 822-5200 · Fax (530) 671-2454

Nancy H. Aaberg, Superintendent

**GOVERNING BOARD**
Herbert Cooley
James Ferreira
Mike Hudson
Sharman Kobayashi
Fred Northern
Lonetta Riley
Steven Scriven

ਅਗਸਤ 2011

ਮਾਨਯੋਗ ਮਾਤਾ ਪਿਤਾ, ਗਾਰਡੀਅਨਜ਼, ਵਿੱਦਿਆਰਥੀ, ਅਤੇ ਕੰਮਿਉਨਿਟੀ ਜੀਓ,

ਪ੍ਰੀ-ਕਿੰਡਰਗਾਰਟਨ – 12 ਵੀਂ ਗ੍ਰੇਡ ਦੇ ਸਾਰੇ ਵਿਦਿਆਰਥੀਆਂ ਨੂੰ ਇੱਕ ਹੋਰ ਸਕੂਲੀ ਸਾਲ 2011-2012 ਵਿੱਚ ਸਕੂਲ ਵਾਪਸ ਆਉਣ ਲਈ ਮੈਨੂੰ ਆਪ ਸਭ ਦਾ ਸੁਆਗਤ ਕਰਦਿਆਂ ਬਹੁਤ ਖੁਸ਼ੀ ਹੋ ਰਹੀ ਹੈ। ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਮਹੱਤਵਪੂਰਨ ਉਦੇਸ਼, "ਅੱਜ ਦੇ ਬੱਚਿਆਂ ਨੂੰ ਪੜ੍ਹਾਉਣਾ ਤਾਂ ਕਿ ਕੱਲ ਦੀ ਦੁਨੀਆਂ ਵਿੱਚ ਉਹ ਸਫਲਤਾ ਹਾਂਸਲ ਕਰਨ," ਨੂੰ ਅਗਾਂਹ ਵਧਾਉਣ ਵਿੱਚ ਆਪਜੀ ਵੱਲੋਂ ਲਗਾਤਾਰ ਸ਼ਮੂਲੀਅਤ ਕਰਨ ਲਈ ਅਸੀਂ ਆਪਜੀ ਦੇ ਧੰਨਵਾਦੀ ਹਾਂ।

ਵਿਦਿਆਰਥੀ ਸਿੱਖਲਾਈ, ਪ੍ਰਾਪਤੀ ਅਤੇ ਸਫਲਤਾ ਲਈ ਲਈ ਸਾਰੇ ਡਿਪਾਰਟਮੈਂਟਾਂ ਅਤੇ ਸਕੂਲਾਂ ਦੇ ਸਟਾਫ ਮੈਂਬਰ ਮਾਣ ਨਾਲ ਦ੍ਰਿੜ ਇਕਾਗਰਤਾ ਬਣਾਈ ਰੱਖ ਰਹੇ ਹਨ। ਮਾਪਿਆਂ, ਸਟਾਫ ਅਤੇ ਕੰਮਿਉਨਿਟੀ ਦੀ ਸਾਂਝੀਵਾਲਤਾ, ਹਰੇਕ ਕਿਸਮ ਦੀ ਵਿਦਿਆਰਥੀ ਪ੍ਰਾਪਤੀ ਨੂੰ ਯੋਗ ਬਣਾਉਦੀ ਹੈ। ਇਹਨਾ ਵਿੱਚ ਸ਼ਾਮਲ ਹੈ, ਪਰ ਸੀਮਿਤ ਨਹੀਂ ਹੈ; ਅਕੈਡਮਿਕ ਪ੍ਰਾਪਤੀਆਂ ਅਤੇ ਸਨਮਾਨ; ਐਥਲੈਟਿਕ ਪ੍ਰਾਪਤੀਆਂ ਅਤੇ ਚੈਂਪੀਅਨਸ਼ਿੱਪਾਂ; ਵਿਜ਼ੂਅਲ ਅਤੇ ਪ੍ਰਫੋਰਮਿੰਗ (ਦ੍ਰਿਸ਼ਟੀਗਤ ਅਤੇ ਕਰਤਬ ਦਿਖਾਉਣੇ) ਆਰਟ ਦੀ ਪ੍ਰਦਰਸ਼ਨੀ ਅਤੇ ਇਨਾਮ; ਵਿਦਿਆਰਥੀਆਂ ਦੁਆਰਾ ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਦੀ ਪ੍ਰਾਪਤੀ; ਸੈਂਟਰਲ ਗਾਈਥਰ ਸਕੂਲ ਲਈ ਸਾਲ 2011 ਦਾ ਕੈਲੀਫੋਰਨੀਆਂ ਟਾਈਟਲ 1 ਪ੍ਰਾਪਤੀ ਇਨਾਮ; ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਗ੍ਰੈਜੂਏਟਾਂ ਲਈ ਹਜਾਰਾਂ ਡਾਲਰਾਂ ਦੇ ਸਕੌਲਰਸ਼ਿੱਪ; ਬ੍ਰਿਜ ਸਟਰੀਟ ਸਕੂਲ ਲਈ ਕੈਲੀਫੋਰਨੀਆਂ ਬਿਜ਼ਨੈੱਸ ਫਾਰ ਐਕਸੀਲੈਂਸ ਵੱਲੋਂ ਐਜੂਕੇਸ਼ਨਲ ਆਨਰ ਰੋਲ; ਕਲਾਕਾਰ ਵਿਦਿਆਰਥੀਆਂ ਵੱਲੋਂ ਸਥਾਨਕ (ਲੋਕਲ) ਅਤੇ ਯੂਬਾ ਸਿਟੀ ਤੋਂ ਬਾਹਰ ਵਿਸ਼ੇਸ਼ ਪੇਸ਼ਕਸ਼ਾਂ; ਸਟਰ ਨੌਰਥ ਮੈਡੀਕਲ ਫਾਂਉਂਡੇਸ਼ਨ, ਸਿਵਿਕ ਏਜੰਸੀਆਂ, ਲੋਕਲ ਬਿਜ਼ਨੈੱਸ ਅਤੇ ਯੂਬਾ ਸਿਟੀ ਐਜੂਕੇਸ਼ਨਲ ਫਾਂਉਂਡੇਸ਼ਨ ਨਾਲ ਸਾਂਝੀਵਾਲਤਾ; ਸਟਰ ਕਾਉਂਟੀ ਸਮਾਈਲਜ਼ ਡੈਂਟਲ ਵੈਨ ਲਈ ਐਸੋਸੀਏਸ਼ਨ ਗੋਲਡਨ ਬੈੱਲ ਇਨਾਮ; ਆਧੁਨਿਕ ਟੈੱਕਨੌਲੋਜੀ; ਅਤੇ ਆਧੁਨਿਕ ਫਸਿਲਿਟੀਆਂ (ਸਹੂਲਤਾਂ)।

ਕੈਲੀਫੋਰਨੀਆਂ ਅਤੇ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਲਗਾਤਾਰ ਮਾਲੀ ਪੱਖ ਤੋਂ ਚੁਣੌਤੀਆਂ ਅਤੇ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਿਹਾ ਹੈ। ਮੈਂ ਆਪਣੇ ਵੱਲੋਂ ਆਪ ਸਭ ਨੂੰ ਯਕੀਨ ਦਵਾਉਦੀ ਹਾਂ ਕਿ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ, ਸਟੇਟ ਬੱਜਟ ਕੱਟ ਦੇ ਨਾ-ਪੱਖੀ ਅਸਰਾਂ ਨੂੰ ਉੱਦਮੀ ਢੰਗ ਨਾਲ ਮਿਟਾਉਣ ਦੀ ਹਰ ਮੁਮਕਿਨ ਕੋਸ਼ਿਸ਼ ਕਰੇਗਾ ਅਤੇ ਵਿਦਿਆਰਥੀ ਸਫਲਤਾ ਵਿੱਚ ਵਾਧਾ ਕਰਨ ਲਈ ਹਰ ਕਦਮ ਚੁੱਕੇਗਾ। ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਮਾਣ ਮਹਿਸੂਸ ਕਰਦਾ ਹੈ ਕਿ ਉਹ ਮਹੱਤਵਪੁਰਨ ਪ੍ਰੋਗਰਾਂਮ ਅਤੇ ਸਪੋਰਟ ਸਿਸਟਮ ਨੂੰ, ਜਿਵੇਂ ਮਿਊਜ਼ਿਕ, ਐਥਲੈਟਿਕਸ, ਆਫਟਰ ਸਕੂਲ ਪ੍ਰੋਗਰਾਂਮ, ਸਮਰ ਸੈਸ਼ਨ, ਸਕੂਲ ਨਰਸਾਂ, ਅਤੇ ਕਾਉਂਸਲਰਾਂ, ਕਾਇਮ ਰੱਖਣ ਦੇ ਕਾਬਲ ਹੈ। ਇਸ ਦੇ ਨਾਲ ਹੀ ਬਹੁਤ ਉਤਸ਼ਾਹ ਨਾਲ ਅਸੀਂ 2011-2012 ਸਕੂਲੀ ਸਾਲ ਲਈ ਵਿਦਿਆਰਥੀ ਕਲੰਡਰ ਦੇ 180 ਦਿਨ ਵਾਪਸ ਲਿਆ ਰਹੇ ਹਾਂ।

ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਗਵਰਨਿੰਗ ਬੋਰਡ ਨੇ ਸਾਰੇ ਡੀਪਾਰਟਮੈਂਟਾਂ ਅਤੇ ਸਕੂਲ ਸਾਈਟਾਂ ਦੇ ਲਗਾਤਾਰ ਰੋਜ਼ਾਨਾ ਕੰਮਾਂ ਲਈ ਚਾਰ ਟੀਚੇ ਮਿਥੇ ਹਨ , ਜੋ ਹੇਠ ਲਿਖੇ ਹਨ:

**ਵਿਦਿਆਰਥੀ ਸਫਲਤਾ** – ਸਾਰੇ ਵਿਦਿਆਰਥੀਆਂ ਦੀ ਗਰੈਜੂਏਸ਼ਨ ਅਤੇ ਅਗਲੇ ਬਦਲਾਓ ਵਿੱਚ ਸਫਲਤਾ ਨੂੰ ਯਕੀਨੀ ਬਣਾਉਣ ਲਈ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਕੰਪਰੀਹੈਂਸਿਵ ਅਤੇ ਕਠੋਰ ਪ੍ਰੋਗਰਾਮ ਪ੍ਰਦਾਨ ਕਰੇਗਾ।

**ਕੰਮਿਉਨਿਟੀ ਅਤੇ ਆਉਟਰੀਚ** – ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੇ ਵਿਕਾਸ ਵਿੱਚ ਵਾਧਾ ਕਰਨ ਲਈ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਕੰਮਿਉਨਿਟੀ ਅਤੇ ਪਬਲਿਕ ਨਾਲ ਲਗਾਤਾਰ ਸੰਪਰਕ ਬਣਾਈ ਰੱਖੇਗਾ।

**ਸਟੂਡੈਂਟ ਸਪੋਰਟ** – ਵਿਦਿਆਰਥੀਆਂ ਦੇ ਸਰੀਰਕ ਅਤੇ ਬੋਧਾਤਮਿਕ ਵਿਕਾਸ ਲਈ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਸੁਰੱਖਿਅਤ, ਆਧੁਨਿਕ, ਅਤੇ ਵਿਦਿਆਰਥੀ ਕੇਂਦ੍ਰਿਤ ਪ੍ਰੋਗਰਾਮ ਪ੍ਰਦਾਨ ਕਰਦਾ ਹੈ।

**ਸਟਾਫ ਸਫਲਤਾ** - ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਵਿਦਿਆਰਥੀਆਂ ਦੀ ਸਫਲਤਾ ਨੂੰ ਮੁੱਖ ਰਖਦੇ ਹੋਏ ਕਵਾਲੀਫਾਈਡ ਕ੍ਰਮਚਾਰੀਆਂ ਦੀ ਨਿਯੁਕਤੀ ਕਰੇਗਾ।

ਇਸ ਕਿਤਾਬ ਵਿੱਚ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਦੀਆਂ ਸੇਵਾਵਾਂ, ਨਿਯਮਾਂ, ਅਤੇ ਆਸਾਂ ਸਬੰਧਿਤ ਜਾਣਕਾਰੀ ਸ਼ਾਮਿਲ ਹੈ। ਮੈਂ ਚਾਹੁੰਦੀ ਹਾਂ ਕਿ ਆਪ ਜੀ ਇਸ ਕਿਤਾਬ ਨੂੰ ਬਹੁਤ ਹੀ ਧਿਆਨ ਨਾਲ ਖੁਦ ਪੜ੍ਹੋ ਅਤੇ ਅਪਣੇ ਬੱਚੇ ਦੇ ਨਾਲ ਵੀ ਪੜ੍ਹੋ। ਉਸ ਤੋਂ ਬਾਅਦ ਵਾਧੂ ਜਾਣਕਾਰੀ ਲਈ ਅਪਣੇ ਸਕੂਲ ਦੇ ਪ੍ਰਿੰਸੀਪੱਲ ਜਾਂ ਡਿਸਟ੍ਰਿਕਟ ਨੂੰ 822-7641 ਤੇ ਫੋਨ ਕਰੋ। ਜੇਕਰ ਪਾਲਸੀ ਜਾਂ ਕਾਰਜ-ਪ੍ਰਣਾਲੀ ਵਿੱਚ ਕੋਈ ਬਦਲਾਓ ਕੀਤੇ ਜਾਣਗੇ ਤਾਂ ਉਹ ਡਿਸਟ੍ਰਿਕ ਦੀ ਵੈਬਸਾਈਟ www.ycusd.k12.ca.us ਤੇ ਪੋਸਟ ਕੀਤੇ ਜਾਣਗੇ।

ਇਕੱਠੇ ਮਿਲ ਕੇ ਕੰਮ ਕਰਨ ਨਾਲ ਅਸੀਂ ਸਾਡੇ ਸਕੂਲਾਂ ਨੂੰ ਕੰਮਿਉਨਿਟੀ ਦਾ ਮਾਣ ਬਣਾ ਸਕਦੇ ਹਾਂ ਅਤੇ ਆਉਣ ਵਾਲੇ ਸਮੇਂ ਵਿਚ ਕੰਮਿਉਨਿਟੀ ਦੀ ਆਰਥਿਕ ਖੁਸ਼ਹਾਲੀ ਦਾ ਸਾਧਨ ਬਣਾ ਸਕਦੇ ਹਾਂ ਅਤੇ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਸਾਰੇ ਵਿਦਿਆਰਥੀਆਂ ਲਈ ਸਫਲਤਾ ਲਿਆ ਸਕਦੇ ਹਾਂ।

ਸ਼ੁਭਚਿੰਤਕ

ਨੈਂਸੀ ਆਬੱਰਗ
ਸੁਪਰਿਨਟੈਂਡੈਂਟ

# ਡਿਸਿਪਲਿਨ ਹੈਂਡਬੁਕ ਅਤੇ ਕਾਨੂੰਨੀ ਸੂਚਨਾਪੱਤਰ
## ਵਿਸ਼ੇ-ਸੂਚੀ


### ਆਮ ਸੂਚਨਾ ਦੇਣ (ਜਨਰਲ ਨੋਟੀਫਿਕੇਸ਼ਨ) ਸਬੰਧੀ ਲੋੜਾਂ

ਮਾਪਿਆਂ ਅਤੇ ਗਾਰਡੀਅਨਾਂ ਨੂੰ ਸੂਚਨਾਪਤੱਰ....1
2001 ਦੇ ਐਕਟ ਅਨੁਸਾਰ ਨੋ ਚਾਈਲਡ ਲੈਫਟ ਬਿਹਾਈਂਡ (ਕੋਈ ਭੀ ਬੱਚਾ ਪਿੱਛੇ ਨਾ ਰਹੇ) ....2
48980 .3 ਕੀੜੇਮਾਰ ਦਵਾਈਆਂ ਬਾਰੇ ਨੋਟਿਸ ਭੇਜਣਾ ....2
48981 ਸੂਚਨਾ ਦੇਣ ਦਾ ਸਮਾਂ ਅਤੇ ਤਰੀਕਾ ....3
48982 ਦਸਤਖਤ; ਸਕੂਲ ਵਾਪਿਸ ਭੇਜਣੇ;ਦਸਤਖਤ ਦਾ ਨਤੀਜਾ ....3
48983 ਆਉਣ ਵਾਲੀਆਂ ਗਤੀਵਿਧੀਆਂ( ਐਕਟਿਵਟੀਆਂ) ਦੇ ਵਿਸ਼ੇ ਬਾਰੇ ਨੋਟਿਸ....3
48984 ਬਿਨਾ ਨੋਟਿਸ ਦੇ ਕੋਈ ਵੀ ਗਤੀਵਿਧੀ( ਐਕਟਿਵਟੀਆਂ) ਦੀ ਮਨਾਹੀ....3
48985 ਮਾਪਿਆਂ ਨੂੰ ਇੰਗਲਿਸ਼ ਦੀ ਬਜਾਏ ਦੂਜੀ ਭਾਸ਼ਾ ਵਿੱਚ ਨੋਟਿਸ ਭੇਜਣਾ·....4
58501 ਆਲਟਰਨੇਟਿਵ ਸਕੂਲਾਂ ਬਾਰੇ ਨੋਟਿਸ ਭੇਜਣਾ ....4
58502 ਮਾਪਿਆਂ ਜਾਂ ਗਾਰਡੀਅਨ ਵਲੋਂ ਬੇਨਤੀ ਕਰਨ ਤੇ ਪ੍ਰੋਗਰਾਮ ਮੁਕੱਰਰ ਕਰਨਾ·....4
ਹਾਈ ਸਕੂਲ ਗ੍ਰੈਜੂਏਸ਼ਨ ਲੋੜਾਂ/ਪ੍ਰੋਫਿਸ਼ੈਂਸੀ ਦੇ ਸਟੈਂਡਰਡ ....4
ਹਾਈ ਸਕੂਲ ਐਗਜ਼ਿਟ ਇਮਤਿਹਾਨ.... 5
ਹਾਈ ਸਕੂਲ ਐਗਜ਼ਿਟ ਇਮਤਿਹਾਨ-(CAHSEE) ਟੈਸਟ ਦੀਆਂ ਤਾਰੀਖ ....10
ਸਪਲੀਮੈਂਟਲ ਐਜੂਕੇਸ਼ਨ....10
ਗ੍ਰੈਜੂਏਸ਼ਨ ਸੈਰਮਨੀਆਂ ਅਤੇ ਕ੍ਰਿਆਵਾਂ (ਐਕਟਿਵਟੀਆਂ) ....12
ਕਾਲਜ ਵਿੱਚ ਦਾਖਲਾ ਲੈਣ ਲਈ ਜ਼ਰੂਰਤਾਂ ਅਤੇ ਉੱਚੀ ਵਿਦਿਆ ਬਾਰੇ ਜਾਣਕਾਰੀ ....14

### ਡਿਸਿਪਲਿਨ/ਜੁੰਮੇਵਾਰੀਆਂ

ਡਿਸਿਪਲਿਨ /ਸਜ਼ਾ ....15
ਸਾਈਟ- ਲੈਵਲ ਦੇ ਰੂਲ....16
ਮਾਪਿਆਂ ਦੀ ਹਾਜ਼ਰੀ ਲਾਜ਼ਮੀ ਹੈ .... 17
ਅੱਧੀ ਛੁਟੀ ਲਈ ਬੰਦਸ਼ .... 18
ਆਚਰਣ.... 18
ਬੀ ਪੀ 5131 ਦੇ ਅੰਦਰ ਸੈੱਲ ਫੋਨ ਜਾਂ ਹੋਰ ਸਿਗਨੱਲ ਕਰਨ ਵਾਲੀਆਂ ਇਲੈਕਟਰੋਨਿਕ ਚੀਜ਼ਾਂ ਰੱਖਣੀਆਂ.... 19
ਧੱਕੇਸ਼ਾਹੀ/ਕਿਸੇ ਕਿਸੇ ਤਰੀਕੇ ਨਾਲ ਦਬਾਓ ਪਾਉਣਾ. .. ... .... 20
ਕਲਾਸ ਵਿੱਚ ਆਚਰਣ .... 21
ਮੁੱਅਤਲ ਕਰਨ ਦਾ ਹੱਕ .... 21
ਮਾਪਿਆਂ/ਗਾਰਡੀਅਨ/ ਦੇਖ-ਰੇਖ ਕਰਨ ਵਾਲਿਆਂ ਵਲੋਂ ਵਿੱਦਿਆਰਥੀ ਦੀ ਮੁਅੱਤਲੀ ਦੇ ਸੰਬੰਧ ਵਿੱਚ ਮੀਟਿੰਗ ਕਰਨ ਲਈ ਬੇਨਤੀ ਕਰਨ ਦਾ ਹੱਕ .... 22
ਕਲਾਸ ਤੋਂ ਬਾਹਰ ਵਿਵਹਾਰ (ਬਿਹੇਵਿਅਰ) .... 22
ਵਿੱਦਿਆਰਥੀ ਦੇ ਹੱਕ .... 22
ਕਲਾਸਰੂਮ ਵਿੱਚ ਵਿਵਹਾਰ ਸਬੰਧੀ ਆਸਾਂ.... 22
ਡਿਸਿਪਲਿਨ ਕਰਨ ਦੇ ਸਟੈਂਡਰਡ ਤਰੀਕੇ .... 22
ਬੁਰੇ ਵਿਵਹਾਰ ਦਾ ਜਾਇਜ਼ਾ ਲਗਾਉਣਾ .... 23
ਗੈਂਗ .... 23
ਡਰੈਸ ਅਤੇ ਤਿਆਰ ਹੋਣਾ (ਗਰੂਮਿੰਗ) .... 23
ਗੈਂਗਾਂ ਨਾਲ ਸਬੰਧਿਤ ਕੱਪੜੇ ....23
ਯੂਨੀਫਾਰਮ ....23
ਹੋਮ ਵਰਕ (ਘਰ ਲਈ ਮਿਲਿਆ ਕੰਮ) .... 24
ਮੇਕ ਆਪ ਵਰਕ (ਅਧੂਰੇ ਜਾਂ ਨਾ ਕੀਤੇ ਕੰਮ ਨੂੰ ਪੂਰਾ ਕਰਨ ਦਾ ਮੌਕਾ ਮਿਲਣਾ) .... 24

### ਸਕੂਲ ਵਿੱਚ ਹਾਜ਼ਰੀ (ਸਕੂਲ ਅਟੈਂਡੈਂਸ) (ਦਾਖਲਾ)

ਐਜੂਕੇਸ਼ਨ ਕੋਡ ਦੇ ਸੈਕਸ਼ਨ 48205 ਅਨੁਸਾਰ ਵਿੱਦਿਆਰਥੀ ਦੀ ਸਕੂਲ ਵਿੱਚ ਹਾਜ਼ਰੀ .... 24
ਗੈਰਹਾਜ਼ਰੀਆਂ ਅਤੇ ਕਾਰਣ .... 25
18 ਸਾਲ ਦੀ ਉਮੱਰ ਵਾਲੇ ਵਿਦਿਆਰਥੀਆਂ ਦੀ ਗੈਰਹਾਜ਼ਰੀ ਦੀ ਪੜਤਾਲ.... 25
ਟਰੂਐਂਸੀ ....25
ਰਿਹਾਇਸ਼ੀ ਡਿਸਟ੍ਰਿਕ .... 27
ਜਿਥੇ ਦੇਖਭਾਲ ਕਰਨ ਵਾਲੇ (ਕੇਅਰ ਗਿਵਰਜ਼)ਰਹਿੰਦੇ ਹਨ ਉਸ ਖੇਤਰ ਵਿੱਚ ਦਾਖਲਾ .... 29
ਸਕੂਲ ਵਿੱਚ ਦਾਖਲਾ ਲੈਣ ਸਬੰਧੀ ਹੱਦਾਂ .... 29
ਸਕੂਲ ਵਿੱਚ ਦਾਖਲਾ ਲੈਣ ਲਈ ਆਲਟਰਨੇਟਿਵਜ਼(ਤਰੀਕੇ) .... 29
ਮਰਜ਼ੀ ਦਾ ਡਿਸਟ੍ਰਿਕ .... 30
ਮਾਪੇ/ਗਾਰਡੀਅਨ ਦੇ ਰਿਹਾਈਸ਼ੀ ਖੇਤਰ ਦੇ ਸਕੂਲ ਡਿਸਟ੍ਰਿਕ ਵਿੱਚ ਸਕੂਲ ਚੁਣਨਾ(ਇੰਟਰਾ ਡਿਸਟ੍ਰਿਕ ਤਬਦੀਲੀ) .... 30
ਇੰਟਰਾਡਿਸਟ੍ਰਿਕ ਤਬਦੀਲੀ (ਡਿਸਟ੍ਰਿਕ ਦੇ ਵਿੱਚ-ਵਿੱਚ ਤਬਦੀਲੀ) .... 31
ਓਪੱਨ ਇੰਨਰੋਲਮੈਂਟ.... 31
ਮਾਪੇ/ਗਾਰਡੀਅਨ ਦੇ ਰਿਹਾਈਸ਼ੀ ਖੇਤਰ ਦੇ ਸਕੂਲ ਡਿਸਟ੍ਰਿਕ ਦੀ ਬਜਾਏ ਕੰਮ ਵਾਲੀ ਜਗ੍ਹਾ ਦਾ ਡਿਸਟ੍ਰਿਕ ਜਾਂ ਸਕੂਲ ਚੁਣਨਾ ਚੁਣਨਾ .... 33
ਦਾਖਲੇ ਲਈ ਵੈਰੀਫਿਕੇਸ਼ਨ (ਜਾਂਚ ਪੜਤਾਲ ਕਰਨੀ) ਅਤੇ ਦਾਖਲੇ ਤੋਂ ਪਹਿਲਾਂ ਟੀਕਿਆਂ ਸਬੰਧੀ ਵੈਰੀਫਿਕੇਸ਼ਨ....33
ਕੈਲੀਫੋਰਨੀਆ ਇੰਟਰਸਕੋਲਿਸਟਿਕ ਫੈਡਰੇਸ਼ਨ (ਸੀ ਆਈ ਐਫ) .... 33
ਘਰ ਅਤੇ ਹਸਪਤਾਲ ਵਿੱਚ .... 34
ਇੰਡੀਪੈਂਡੈਂਟ ਸਟੱਡੀ.... 35
ਆਰਜ਼ੀ (ਥੋੜੇ ਸਮੇਂ ਲਈ) ਡਿਸਏਬਲ ਵਿੱਦਿਆਰਥੀਆਂ ਲਈ ਸਿਖਿਆ .... 36
ਸਕੂਲ ਦਾ ਘੱਟ ਤੋਂ ਘੱਟ ਦਿਨ .... 36

ਜਨਰਲ ਜਾਣਕਾਰੀ


ਦੇਖ-ਭਾਲ ਦਾ ਵਿਸ਼ਾ ... 37
ਬਿਨਾ ਕਿਸੇ ਭੇਦ-ਭਾਵ ਤੋਂ/ ਕਿਸੇ ਨੂੰ ਪ੍ਰੇਸ਼ਾਨ ਕਰਨਾ ... 37
ਲਾਅ ਇਨਫੋਰਸਮੈਂਟ- ਵਿੱਦਆਰਥੀ ਨੂੰ ਸਕੂਲ ਤੋਂ ਲੈਕੇ ਜਾਣਾ ... 37
ਸੁਆਲ ਜੁਆਬ ... 38
ਤਲਾਸ਼ੀ ਲੈਣੀ ... 38
ਵਿਅਕਤਿਕ ਤਲਾਸ਼ੀ ... 38
ਵਿੱਦਿਆਰਥੀ ਦਾ ਲੌਕਰ/ਡੈਸਕ ... 39
ਡਰਗ ਲੱਭਣ ਵਾਲੇ ਕੁਤਿਆਂ ਦਾ ਪ੍ਰਯੋਗ ... 39
ਨਿਗਰਾਨੀ ਵਾਲੇ ਕੈਮਰਿਆਂ ਦਾ ਇਸਤੇਮਾਲ ... 39
ਇਤਲਾਹ ਦੇਣੀ ਲਾਜ਼ਮੀ ... 39
ਸਕੂਲ ਅਕਾਂਉਟੇਬਿਲਿਟੀ ... 40
ਵਿਜ਼ੇਟਰਜ਼ (ਸਕੂਲ ਵਿਜ਼ਿਟ ਕਰਨ ਵਾਲੇ)/ਬਾਹਰਲੇ ਲੋਕ ... 41
ਵਿਜ਼ਿਟ ਕਰਨ ਤੋਂ ਮਨਾਹੀ ਦੇ ਬਰਖਲਾਫ ਅਪੀਲ ਕਰਨ ਦਾ ਤੱਰੀਕਾ ... 41
ਵਿਘਨ (ਡਿਸਰੱਪਸ਼ਨ) ... 41
1998 ਦਾ ਐਜੂਕੇਸ਼ਨ ਇਮਪਾਵਰਮੈਂਟ ਐਕਟ; ਪੇਰੈਂਟਲ ਰਿਵਿਊ (ਮਾਪਿਆਂ ਵਲੋਂ ਵਿੱਚਾਰ ਕਰਨਾ) ... 42
ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ... 42
ਸੈਕਸ਼ਨ 504 ... 42
ਦਵਾਈ ਦੇਣੀ ... 42
ਬੱਚੇ ਦੀ ਸਿਹਤ; ਦਮੇ ਦੀ ਦਵਾਈ ਅਪਣੇ ਆਪ ਲੈਣੀ ... 43
ਲਗਾਤਾਰ ਦਵਾਈ ਦੇਣ ਦੀ ਕਿਰਿਆ ... 43
ਹੈਲਥ ਸਬੰਧੀ ਮੁਆਇਨਾ, ਅਤੇ ਬਿਮਾਰੀ ਤੋਂ ਸੁਰੱਖਿਤ ਰਹਿਣ ਵਾਲੇ ਟੀਕੇ ਏ ਆਰ 5141.3 ... 44
ਵੇਖਣ ਸਬੰਧੀ ਟੈਸਟ ਐਜੂਕੇਸ਼ਨ ਕੋਡ ਸੈਕਸ਼ਨ 49452, 49452, ... 44
ਸਕੋਲਿਉਸਿਸ ਲਈ ਸਕਰੀਨਿੰਗ ਐਜੂਕੇਸ਼ਨ ਕੋਡ ਸੈਕਸ਼ਨ 49452 .5 ... 45
ਵੇਖਣ ਅਤੇ ਸੁਣਨ ਸਬੰਧੀ ਟੈਸਟ ਐਜੂਕੇਸ਼ਨ ਕੋਡ ਸੈਕਸ਼ਨ 49455 ... 45
ਦੰਦਾਂ ਦੀ ਸਕਰੀਨਿੰਗ ... 45
ਟਾਈਪ 2 ਡਾਇਬੀਟੀਜ਼ ... 46
ਵੈਲਨੈਸ ਪੌਲਸੀ ... 46
ਸ਼ੇਡੀ ਕਰੀਕ ਚੈਕ ... 48
ਹੋਮ ਲੈੱਸ ਯੂਥ ਐਜੂਕੇਸ਼ਨ ... 48

**ਪ੍ਰਬੰਧਕ (ਐਡਮਿਨਿਸਟਰੇਟਰ ) ਵਲੋਂ ਕੱਢਣ ਦਾ ਸੁਝਾਉ** ... 48
**ਦੋਸ਼ ਅਤੇ ਉਸਦੇ ਫਲਸਰੂਪ ਸਜ਼ਾ** ... 50
**ਪਰਿਭਾਸ਼ਾ** ... 59
ਹਮਲਾ ਕਰਨਾ ... 59
ਮਾਰ ਕੁਟਾਈ ਕਰਨੀ ... 59
ਕੱਮਯੁਨਿਟੀ ਸੇਵਾ ... 59
ਕੱਢੇ ਜਾਣ ਦੀ ਬਜਾਏ ਇਕਰਾਰਨਾਮਾ ... 59
ਸ਼ਰੀਰਕ ਸਜ਼ਾ ... 59
ਸਕੂਲ ਤੋਂ ਬਾਅਦ ਸਕੂਲ ਵਿੱਚ ਰੁਕਣ ਲਈ ਆਖਿਆ ਜਾਣਾ ... 59
ਕੱਢੇ ਜਾਣਾ ... 59
ਲੜਾਈ ... 60
ਹੇਜ਼ਿੰਗ ... 60
ਸਕੂਲ ਦੇ ਵਿੱਚ ਰੋਕ ਰੱਖਣਾ (ਇਨ- ਸਕੂਲ ਡਿਟੈਨਸ਼ਨ) ... 60
ਅਸ਼ਲੀਲਤਾ ... 60
ਅੱਧੀ ਛੁਟੀ ਲਈ ਬੰਦਸ਼ਾਂ ... 60
ਮੁਅੱਤਲੀ ... 60

**ਓਪਨ ਕੈਮਪਸ ਅਤੇ ਕਲੋਜ਼ਡ ਕੈਮਪਸ(ਸਕੂਲ ਜਿਸਦੇ ਆਲੇ ਦੁਆਲੇ ਬਾਗਲਾ ਨਹੀਂ ਹੈ ਅਤੇ ਉਹ ਸਕੂਲ ਜਿਸਦੇ ਦੁਆਲੇ ਤਾਰ ਹੈ)** ... 60
**ਐਜੂਕੇਸ਼ਨ ਕੋਡ ਸੈਕਸ਼ਨ 44808.5 ਦੇ ਤਹਿਤ ਓਪਨ ਕੈਮਪਸ** ... 61
**ਸਕੂਲ ਦੇ ਪ੍ਰਬੰਧਕ ਦੇ ਵਿਰੁਧ ਸ਼ਿਕਾਇਤ** ... 61
**ਜਿਨਸੀ ਤੰਗ ਕਰਨਾ (ਸੈਕਸ਼ੁਅਲ ਹਰਾਸਮੈਂਟ)** ... 61
**ਸ਼ਿਕਾਇਤ ਕਰਨ ਦੇ ਇੱਕਸਾਰ ਤਰੀਕੇ (ਯੂਨੀਫਾਰਮ ਕੰਪਲੇਟ ਪ੍ਰੋਸੀਜ਼ਰ)** ... 62
**ਵਿਲਿਅਮ ਦੇ ਸ਼ਿਕਾਇਤ ਸਬੰਧੀ ਕਾਰਵਾਈ ਕਰਨ ਦੇ ਇੱਕਸਾਰ ਤਰੀਕੇ** ... 72
**ਸਟੂਡੈਂਟ ਡੱਰੈਕਟ੍ਰੀ ਸਬੰਧੀ ਜਾਣਕਾਰੀ ਪ੍ਰਕਾਸ਼ਿਤ ਕਰਨੀ** ... 73
**ਮਿਲਟਰੀ ਵਿੱਚ ਭਰਤੀ ਹੋਣ ਸਬੰਧੀ ਜਾਣਕਾਰੀ ਦੇਣੀ** ... 74
**ਸਟੂਡੈਂਟ ਰਿਕੌਰਡ (ਵਿੱਦਿਆਰਥੀ ਦੇ ਰਿਕੌਰਡ ਗੁਪਤ ਰਖਣੇ)-ਗੁਪਤ ਰਖਣਾ** ... 75
**ਪਿਉਪੱਲ ਰਾਇਟਸ ਅਮੈਂਡਮੈਂਟ ਤਹਿਤ ਹੱਕਾਂ ਸਬੰਧੀ ਸੂਚਨਾ ਪੱਤਰ ਭੇਜਣਾ** ... 75
**PPRA ਸਹਿਮਤੀ/ ਖਾਸ ਗਤੀਵਿੱਧੀਆਂ ਦੀ ਚੋਣ** ... 76
**FERPA ਤਹਿਤ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਸਬੰਧੀ ਹੱਕਾਂ ਬਾਰੇ ਜਾਣਕਾਰੀ ਦੇਣੀ** ... 77
**ਇੰਟਰਨੈਟ** ... 78
**ਲਾਜ਼ਮੀ ਤੌਰ ਤੇ ਭੇਜੇ ਜਾਣ ਵਾਲੇ ਸੂਚਨਾਪੱਤਰ** ... 79
**ਟ੍ਰਾਂਸਫਰ (ਤਬਦੀਲੀ) ਫਾਰਮ** ... 105

## ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ
## ਮਾਪਿਆਂ ਅਤੇ ਗਾਰਡੀਅਨਾਂ ਨੂੰ ਨੋਟਿਸ(ਸੂਚਨਾ-ਪੱਤਰ)

ਵਲ: ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਸਕੂਲਾਂ ਵਿੱਚ ਪੜ੍ਹਦੇ ਵਿੱਦਿਆਰਥੀਆਂ ਦੇ ਮਾਤਾ ਪਿਤਾ/ਗਾਰਡੀਅਨ ਜੀਓ,

ਕੈਲੀਫੋਰਨੀਆ ਕੌਨਸਟੀਚਿਊਸ਼ਨ, ਸਟੇਟ ਅਤੇ ਫੈਡਰਲ ਐਜੂਕੇਸ਼ਨ(ਸਿਖਿਆ) ਲਾਅ(ਕਨੂੰਨ), ਸਟੇਟ ਅਤੇ ਫੈਡਰੱਲ ਰੈਗੂਲੇਸ਼ਨਾਂ ਵਲੋਂ ਵਿੱਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ/ਗਾਰਡੀਅਨਾਂ ਨੂੰ ਜੋ ਅਧੀਕਾਰ ਮਿਲੇ ਹਨ, ਕਨੂੰਨੀ ਲੋੜ ਤਹਿਤ, ਉਨ੍ਹਾਂ ਅਧੀਕਾਰਾਂ ਬਾਰੇ ਜਾਣਕਾਰੀ ਦੇਣ ਲਈ ਡਿਸਟ੍ਰਿਕ ਉਨ੍ਹਾਂ ਨੂੰ ਇਹ ਨੋਟਿਸ ਭੇਜ ਰਿਹਾ ਹੈ। ਭਵਿਖ ਵਿੱਚ ਲੋੜ ਪੈਣ ਤੇ ਡਿਸਟ੍ਰਿਕਟ ਮਾਪਿਆਂ ਨੂੰ ਕਨੂੰਨੀ ਲੋੜ ਦੇ ਅਨੁਸਾਰ ਹੋਰ ਨੋਟਿਸ ਵੀ ਭੇਜਣਗੇ। ਹਰੇਕ ਸਿਖਿਅਕ ਸਕੂਲ ਸਾਲ ਦੇ ਸ਼ੁਰੂ ਵਿੱਚ ਲਾਜ਼ਮੀ ਤੌਰ ਤੇ ਭੇਜੇ ਜਾਣ ਵਾਲੇ ਨੋਟਸਾਂ ਵਿੱਚ ਮਾਪਿਆਂ ਵਲੋਂ ਦਸਤਖਤ ਹੋਕੇ ਵਾਪਿਸ ਸਕੂਲ ਆਉਣ ਵਾਲੇ ਫਾਰਮ ਵੀ ਸ਼ਾਮਿਲ ਹੋਣਗੇ, ਅਤੇ ਵਾਪਸ ਸਕੂਲ ਭੇਜਣ ਲਈ ਬੇਨਤੀ ਵੀ ਕੀਤੀ ਜਾਵੇਗੀ।

ਸੁਪਰਿਨਟੈਂਡੈਂਟ ਇਹੋ ਜਿਹੀ ਕਾਰਜ-ਪ੍ਰਨਾਲੀ ਵਿਕਾਸ ਕਰਨ ਜੋ ਇਸ ਗਲ ਨੂੰ ਯਕੀਨੀ ਬਣਾਏ ਕਿ ਡਿਸਟ੍ਰਿਕਟ ਇਨ੍ਹਾਂ ਨੂੰ ਲਾਗੂ ਕਰ ਰਿਹਾ ਹੈ।

ਗਵਰਨਿੰਗ ਬੋਰਡ ਦੇ ਸਦੱਸ ਇਸ ਦੀ ਮਹਤੱਤਾ ਸਮਝਦੇ ਹਨ, ਇਹ ਸੂਚਨਾਪੱਤਰ ਜੋ ਕਿ ਕਨੂੰਨੀ ਲੋੜ ਹੈ ਸਕੂਲ ਅਤੇ ਮਾਪਿਆਂ ਵਿੱਚਕਾਰ ਵਿੱਚਾਰ-ਵਟਾਂਦਰੇ ਦਾ ਇਕ ਮਹਤੱਵਪੂਰਨ ਸਾਧਨ ਹੈ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕਨੂੰਨੀ ਲੋੜ ਵਾਲੇ ਸਾਰੇ ਨੋਟਿਸ ਵਿੱਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ/ਗਾਰਡੀਅਨਾਂ ਨੂੰ ਭੇਜਣਗੇ, ਜਿਸ ਵਿੱਚ ਉਨ੍ਹਾਂ ਦੇ ਕਨੂੰਨੀ ਹੱਕਾਂ ਬਾਰੇ ਜਾਣਕਾਰੀ ਵੀ ਸ਼ਾਮਿਲ ਹੋਵੇਗੀ।

ਜਦ ਕਦੇ ਵੀ ਟੀਚਰ ਨੂੰ ਇਹ ਲਗੇ ਕਿ ਕਿਸੀ ਕਾਰਣ ਕਰਕੇ ਵਿੱਦਿਆਰਥੀ ਦੇ ਮਾਪੇ ਜਾਂ ਗਾਰਡੀਅਨ ਡਿਸਟ੍ਰਿਕਟ ਵਲੋਂ ਛੱਪੇ ਹੋਏ ਨੋਟਿਸ ਪੜ੍ਹ ਨਹੀਂ ਸਕਦੇ ਹਨ, ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕਨੂੰਨੀ ਲੋੜ ਵਾਲੀ ਸੂਚਨਾ ਨੂੰ ਕਿਸੇ ਦੂਜੇ ਤਰੀਕੇ ਰਾਹੀਂ ਜਾਂ ਵਿੱਦਿਆਰਥੀ ਦੇ ਮਾਪਿਆਂ ਦੀ ਨਿਜੀ ਜ਼ਰੂਰਤ ਅਨੁਸਾਰ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰੇ।

ਇਸ ਜਾਣਕਾਰੀ ਦਾ ਸਬੰਧ ਉਸ ਜਾਣਕਾਰੀ ਨਾਲ ਹੈ ਜੋ ਕਿ ਮਾਪਿਆਂ/ਗਾਰਡੀਅਨਾਂ ਨੂੰ ਹਰ ਹਾਲਤ ਵਿੱਚ ਮਿਲਣੀ ਚਾਹੀਦੀ ਹੈ। ਐਜੂਕੇਸ਼ਨ ਕੋਡ 48982 ਦੇ ਅਨੁਸਾਰ, ਸਿਖਿਅਕ ਸਕੂਲ ਸਾਲ ਦੇ ਸ਼ੁਰੂ ਵਿੱਚ ਮਾਪਿਆਂ ਨੂੰ ਜੋ ਸੂਚਨਾ-ਪਤੱਰ ਭੇਜੇ ਜਾਣ ਉਨ੍ਹਾਂ ਵਿੱਚ ਇਹ ਲਿਖਣਾ ਲਾਜ਼ਮੀ ਹੈ ਕਿ ਮਾਪੇ ਉਨ੍ਹਾਂ ਤੇ ਦਸਤਖਤ ਕਰਕੇ ਵਾਪਿਸ ਸਕੂਲ ਜ਼ਰੂਰ ਭੇਜਣ।

ਸਕੂਲੀ ਸਾਲ ਦੇ ਸ਼ੁਰੂ ਵਿੱਚ ਹਰੇਕ ਸਕੂਲ ਦਾ ਪ੍ਰਿੰਸੀਪੱਲ ਵਿੱਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਜਾਂ ਗਾਰਡੀਅਨਾਂ ਨੂੰ ਯਕੀਨੀ ਤੌਰ ਤੇ ਲਿਖਤੀ ਰੂਪ ਵਿੱਚ ਬੋਰਡ ਦੀਆਂ ਡਿਸਿਪਲਿਨ ਕਰਨ ਵਾਲੀਆਂ ਪੌਲਸੀਆਂ, ਪ੍ਰਬੰਧਕੀ ਰੈਗੂਲੇਸ਼ਨਾਂ, ਅਤੇ ਅਪਣੇ ਸਕੂਲ ਦੇ ਨਿਯਮਾਂ ਬਾਰੇ ਜਾਣਕਾਰੀ ਦੇਣ। ਦਾਖਲ ਹੋਣ ਵੇਲੇ ਦੂਜੀ ਜਗ੍ਹਾ ਤੋਂ ਆਏ ਹੋਏ ਵਿੱਦਿਆਰਥੀਆਂ, ਮਾਪਿਆਂ ਅਤੇ ਗਾਰਡੀਅਨਾਂ ਨੂੰ ਭੀ ਇਨ੍ਹਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

ਨੋਟਿਸ ਵਿੱਚ ਲਿਖੋ ਕਿ ਡਿਸਟ੍ਰਿਕਟ ਦੇ ਸਕੂਲਾਂ ਦੇ ਪ੍ਰਿੰਸੀਪੱਲਾਂ ਦੇ ਦਫਤਰਾਂ ਚੋਂ ਨਿਯਮਾਂ ਅਤੇ ਰੈਗੂਲੇਸ਼ਨਾਂ ਦੀਆਂ ਕਾਪੀਆਂ ਮਿਲ ਸਕਦੀਆਂ ਹਨ।

ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਵਿੱਚ ਦਾਖਲ ਵਿੱਦਿਆਰਥੀਆਂ ਸਬੰਧਿਤ ਨੋਟਿਸ ਭੇਜਣ ਦੀ ਕਨੂੰਨੀ ਲੋੜ ਜਿਸਦੀ ਰੂਪ ਰੇਖਾ ਐਜੂਕੇਸ਼ਨ ਕੋਡ ਵਿੱਚ ਦਿਤੀ ਗਈ ਹੈ ਬਾਰੇ ਜਾਣਕਾਰੀ ਦੇਣ ਲਈ ਆਪ ਜੀ ਨੂੰ ਇਹ ਨੋਟਿਸ ਭੇਜ ਰਹੇ ਹਾਂ।(ਸੀ ਐਫ. 5145.6- ਸੂਚਨਾਪਤੱਰ ਭੇਜਣੇ, ਕਾਨੂੰਨੀ ਤੌਰ ਲਾਜ਼ਮੀ ਹਨ[ਨੋਟਿਫਿਕੇਸ਼ਨਜ਼ ਰਿਕੁਆਰਡ ਬਾਇ ਲਾਅ])

1. ਡਿਸਟ੍ਰਿਕ ਵਾਲੇ ਮੈਡੀਕਲ ਅਤੇ ਸਿਹਤ ਸਬੰਧੀ ਸੇਵਾਵਾਂ ਦਾ ਪ੍ਰਬੰਧ ਜਾਂ ਉਨ੍ਹਾਂ ਦੀ ਉਪਲਬਧੀ ਜਾਂ ਦੋਨੋਂ ਗਲਾਂ ਮੁਨਾਫੇ ਤੋਂ ਰਹਿਤ ਦੂਜੀਆਂ ਕਾਰਪੋਰੇਸ਼ਨਾਂ ਅਤੇ ਇੰਸ਼ੁਅਰੈਂਸ ਕਮਪਨੀਆਂ ਕੋਲੋਂ ਕਰਵਾ ਸਕਦੇ ਹਨ। ਵਿੱਦਿਆਰਥੀਆਂ ਨੂੰ ਇਨ੍ਹਾਂ ਸੇਵਾਵਾਂ ਵਿੱਚ ਹਿੱਸਾ ਲੈਣ ਜਾਂ ਪ੍ਰਵਾਣ ਕਰਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ ਹੈ। ਇੰਸ਼ੁਅਰੈਂਸ ਲਈ ਪੈਸੇ, ਮਾਪੇ ਜਾਂ ਗਾਰਡੀਅਨ ਦੇਣਗੇ।

2. ਯੂਬਾ ਸਿਟੀ ਯੂਨੀਫਾਇਡ ਸਕੂਲ ਡਿਸਟ੍ਰਿਕ ਵਾਲੇ ਫ਼ੈਮਲੀ ਲਾਈਫ-ਸੈਕਸ ਐਜੂਕੇਸ਼ਨ ਬਾਰੇ ਸਿੱਖਿਆ ਦਿੰਦੇ ਹਨ। ਮਾਪਿਆਂ ਜਾਂ ਗਾਰਡੀਅਨ ਨੂੰ ਚਾਹੀਦਾ ਹੈ ਕਿ ਉਹ ਡਿਸਟ੍ਰਿਕ ਵਲੋਂ ਪੁਛੇ ਸਵਾਲਾਂ ਦੇ ਲਿਖਤੀ ਜਵਾਬ ਜ਼ਰੂਰ ਦੇਣ ਤਾਂਕਿ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਉਨ੍ਹਾਂ ਦੀ ਸਹਿਮਤੀ ਬਾਰੇ ਪਤਾ ਲਗ ਸਕੇ।

3. ਸੈਕਸ ਐਜੂਕੇਸ਼ਨ ਜਾਂ ਫੈਮਲੀ ਲਾਈਫ ਐਜੂਕੇਸ਼ਨ ਜਾਂ ਕੋਈ ਭੀ ਐਸੇ ਪਰਿਭਾਸ਼ਕ ਸ਼ਬਦ ਜਿਹੜੇ ਕਿ ਸੰਤਾਨ ਦੀ ਉਤਪਤੀ ਦੇ ਅੰਗਾਂ, ਪਰੋਸੈਸਾਂ(ਤਰੀਕਿਆਂ), ਅਤੇ ਫੰਕਸ਼ਨਾਂ ਬਾਰੇ ਲਿਖੇ ਹੋਣ, ਪ੍ਰਕਾਸ਼ਿਤ ਹੋਣ ਜਾਂ ਉਨ੍ਹਾਂ ਬਾਰੇ ਬਾਤ-ਚੀਤ ਹੋਣੀ ਹੋਵੇ, ਵਿੱਦਿਆਰਥੀ ਨੂੰ, ਅਜੇਹੇ ਪੂਰੇ ਕੋਰਸ ਜਾਂ ਕੋਰਸਾਂ ਦੇ ਹਿੱਸੇ ਜਿਹੜੇ ਕਿ ਵਿੱਦਿਆਰਥੀਆਂ ਲਈ ਨਿਸ਼ਚਿਤ ਮਿਥੇ ਗਏ ਹਨ ਅਤੇ ਉਨ੍ਹਾਂ ਵਿੱਚ ਹਾਜ਼ਰੀ ਲਾਜ਼ਮੀ ਹੈ, ਤੋਂ ਮੁਕਤ ਕੀਤਾ ਜਾ ਸਕਦਾ ਹੈ।

4. ਮਾਪੇ ਜਾਂ ਗਾਰਡੀਅਨ ਹਰੇਕ ਸਾਲ ਅਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪੱਲ ਨੂੰ ਲਿਖਕੇ ਦੇ ਸਕਦੇ ਹਨ ਕਿ ਉਹ ਅਪਣੇ ਬੱਚੇ ਦੀ ਸ਼ਰੀਰਿਕ ਜਾਂਚ ਕਰਵਾਉਣਾ ਚਾਹੁੰਦੇ ਹਾਂ ਜਾਂ ਨਹੀਂ। (ਇਸ ਵਿੱਚ ਅਖਾਂ ਦੇਖਣੀਆਂ ਅਤੇ ਕੰਨ ਟੈਸਟ ਕਰਨੇ ਭੀ ਸ਼ਾਮਿਲ ਹਨ)

5. ਸ਼ਿਕਾਇਤਾਂ ਜਿਨ੍ਹਾਂ ਦਾ ਸਬੰਧ ਓਮਰ, ਸੈਕਸ, ਜੈਂਡਰ, ਇੱਕ ਜਾਤਿ, ਰੇਸ, ਪਿਛੋਕੜ, ਦੂਜੇ ਦੇਸ਼ਾਂ ਤੋਂ ਆਉਣ ਵਾਲਿਆਂ, ਧਰਮ, ਰੰਗ ਨਾਲ ਹੈ ਜਾਂ ਕਿਸੀ ਪ੍ਰੋਗਰਾਮ ਵਿੱਚ ਮਾਨਸਿਕ ਜਾਂ ਸ਼ਰੀਰਕ ਅਪੰਗਤਾ ਜਾਂ ਕ੍ਰਿਆਵਾਂ ਜਿਨ੍ਹਾਂ ਨੂੰ ਸਟੇਟ ਕੋਲੋਂ ਪੈਸਿਆਂ ਦੀ ਮਦਦ ਮਿਲਦੀ ਹੈ ਅਤੇ ਸ਼ਿਕਾਇਤ ਦਾ ਸਬੰਧ ਉਸ ਵਿੱਚ ਹੋਏ ਵਿਤਕਰੇ ਨਾਲ ਹੈ ਤਾਂ ਉਨ੍ਹਾਂ ਸ਼ਿਕਾਇਤਾਂ ਨੂੰ ਸੰਬੋਧਨ ਕਰਨ ਸਮੇਂ ਡਿਸਟ੍ਰਿਕਟ ਵਾਲੇ ਇਕਸੁਰਤਾ ਵਾਲੀ ਕਾਰਵਾਈ ਅਪਨਾਓਨਗੇ, ਜੇਕਰ ਸਕੂਲਾਂ ਵਿੱਚ ਸੈਕਸ ਸਬੰਧੀ ਵਿਤਕਰੇ ਬਾਰੇ ਕੋਈ ਭੀ ਸਵਾਲ ਪੁਛਣਾ ਹੋਵੇ ਤਾਂ ਅਸਿਸਟੈਂਟ ਸੁਪਰਿਨਟੈਂਡੈਂਟ ਔਫ ਐਜੂਕੇਸ਼ਨਲ ਸਰਵਿਸਜ਼ ਜਿਨ੍ਹਾਂ ਦਾ ਟਾਇਟੱਲ IX ਕੋਆਰਡੀਨੇਟੱਰ ਹੈ, ਨਾਲ ਸੰਪਰਕ ਕਰੋ ਕਿਉਂਕਿ ਇਨ੍ਹਾਂ ਨੂੰ ਸੈਕਸ ਸਬੰਧੀ ਵਿਤਕਰੇ ਨਾਲ ਸਬੰਧਿਤ ਸਵਾਲਾਂ ਦੇ ਜਵਾਬ ਦੇਣ ਲਈ ਨਿਯੁਕਤ ਕੀਤਾ ਗਿਆ ਹੈ।

6. ਯੂਬਾ ਸਿਟੀ ਯੂਨੀਫ਼ਾਇਡ ਸਕੂਲ ਡਿਸਟ੍ਰਿਕ ਵਾਲਿਆਂ ਦੀ ਪੌਲਸੀ ਦੇ ਮੁਤਾਬਕ ਸਕੂਲਾਂ ਵਿੱਚ ਸ਼ਰੀਰਿਕ ਸਜ਼ਾ ਦੇਣੀ ਮਨ੍ਹਾਂ ਹੈ। ਵਿੱਦਿਆਰਥੀ ਦੇ ਆਚਰਣ ਵਿੱਚ ਤਬਦੀਲੀ ਲਿਆਉਣ ਲਈ ਦੂਜੇ ਤਰੀਕੇ ਇਸਤੇਮਾਲ ਕੀਤੇ ਜਾਣੇ ਚਾਹੀਦੇ ਹਨ।

7. ਜੂਨ 1986 ਵਿੱਚ ਵਿਧਾਨ ਨੇ ਪਾਸ ਕੀਤਾ ਸੀ ਕਿ ਸੱਤਵੀਂ ਗ੍ਰੇਡ ਤੋਂ ਲੈਕੇ ਬਾਰ੍ਹਵੀਂ ਗ੍ਰੇਡ ਦੇ ਵਿੱਦਿਆਰਥੀਆਂ ਅਤੇ ਡਿਸਟ੍ਰਿਕ ਵਿੱਚ ਦਾਖਲ ਸਾਰੇ ਵਿੱਦਿਆਰਥੀਆਂ ਕੋਲੋਂ ਲਿਖਤੀ ਪੱਤਰ ਲੈਣ ਦੀ ਲੋੜ ਹੈ, ਸਿਵਾਏ ਉਨ੍ਹਾਂ ਤੋਂ ਜਿਨ੍ਹਾਂ ਨੇ ਗੁਪਤ ਮੈਡੀਕਲ ਸੇਵਾਵਾਂ ਪ੍ਰਾਪਤ ਕਰਨੀਆਂ ਹੋਣ ਉਨ੍ਹਾਂ ਹਾਲਾਤਾਂ ਵਿੱਚ ਸਕੂਲ ਦੇ ਅਧਿਕਾਰੀ ਮਾਪਿਆਂ ਜਾਂ ਗਾਰਡੀਅਨਾਂ ਦੀ ਸਹਿਮਤੀ ਤੋਂ ਬਗੈਰ ਵੀ ਸਕੂਲ ਤੋਂ ਛੁਟ ਦੇ ਸਕਦੇ ਹਨ।

8. ਜਿਹੜੇ ਵਿੱਦਿਆਰਥੀਆਂ ਲਈ ਆਮ ਸਿੱਖਿਆ ਦੇ ਪ੍ਰੋਗਰਾਮ ਵਿੱਚ ਪੜ੍ਹਨਾ ਮੁਸ਼ਕਿਲ ਲਗਦਾ ਹੈ, ਉਨ੍ਹਾਂ ਵਿੱਦਿਆਰਥੀਆਂ ਦਾ ਮੁੱਲਾਂਕਣ ਕਰਕੇ ਇਸ ਗਲ ਦਾ ਪਤਾ ਲਗਾਇਆਜਾਵੇ ਕਿ ਕੀ ਉਹ ਸਪੈਸ਼ਲ ਐਜੂਕੇਸ਼ਨ ਜਾਂ ਉਸ ਨਾਲ ਸਬੰਧਿਤ ਸੇਵਾਵਾਂ ਦੇ ਯੋਗ ਤਾਂ ਨਹੀਂ ਹਨ, ਜੇ ਹਨ ਤਾਂ ਉਨ੍ਹਾਂ ਨੂੰ ਉਹੀ ਜਿਹੀਆਂ ਸੇਵਾਵਾਂ ਵਿੱਚ ਭੇਜਣ ਦਾ ਮਸ਼ਵਰਾ ਦਿਤਾ ਜਾਵੇ। ਇਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਪੈਸ਼ਲ ਐਜੂਕੇਸ਼ਨ ਅਤੇ ਉਸ ਨਾਲ ਸਬੰਧਿਤ ਸੇਵਾਵਾਂ ਬਾਰੇ ਪ੍ਰਿੰਸੀਪੱਲ ਨਾਲ ਸੰਪਰਕ ਕਰਨ ਅਤੇ ਸੇਵਾ ਪ੍ਰਾਪਤ ਕਰਨ ਦੇ ਤਰੀਕੇ ਦਾ ਪਤਾ ਕਰਨ।

ਮੁੱਢਲੀ ਪਲੇਸਮੈਂਟ ਕਰਨ ਤੋਂ ਪਹਿਲਾਂ ਵਿੱਦਿਆਰਥੀ ਦੀ ਸਿਖਿਣ ਦੀ ਯੋਗਤਾ ਅਤੇ ਉਸਦੀਆਂ ਨਿਜੀ ਲੋੜਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਹ ਮੁਲਾਂਕਣ ਮਾਪਿਆਂ ਦੀ ਇਜਾਜ਼ਤ ਤੋਂ ਬਗੈਰ ਨਹੀਂ ਕੀਤਾ ਜਾ ਸਕਦਾ।

9. ਯੂਬਾ ਸਿਟੀ ਹਾਈ ਸਕੂਲ ਜਾਂ ਰਿਵਰ ਵੈਲੀ ਹਾਈ ਸਕੂਲਦੇ ਸਿਵਾਏ ਬਾਕੀ ਸਾਰੇ ਸਕੂਲਾਂ ਦੇ ਕੈਮਪਸਾਂ ਦੇ ਆਲੇ-ਦੁਆਲੇ ਵਾਗਲਾ ਵਗਲਿਆ ਹੋਇਆ ਹੈ।

10. ਸਿਵਾਏ ਸਟੇਟ ਹਸਪਤਾਲ ਤੋਂ ਜੇ ਕਰ ਵਿੱਦਿਆਰਥੀ ਥੋੜੇ ਸਮੇਂ ਲਈ ਡਿਸਏਬਲ ਹੋਣ ਕਾਰਣ ਹਸਪਤਾਲ ਜਾਂ ਸਿਹਤ ਸਬੰਧੀ ਸੰਸਥਾ ਵਿੱਚ ਹੋਣਗੇ, ਜਿਹੜੀ ਕਿ ਮਾਪਿਆਂ /ਗਾਰਡੀਅਨਾਂ ਦੇ ਰਿਹਾਇਸ਼ੀ ਸਕੂਲ ਡਿਸਟ੍ਰਿਕ ਤੋਂ ਬਾਹਰ ਹੈ ਤਾਂ ਸਕੂਲ ਜਾਣ ਲਈ ਮਾਪਿਆਂ /ਗਾਰਡੀਅਨਾਂ ਨੂੰ ਸਕੂਲ ਡਿਸਟ੍ਰਿਕ ਦੀ ਰਿਹਾਈਸ਼ੀ ਸਰਤ ਦੀ ਪਾਲਣਾ ਕਰਨੀ ਪਵੇਗੀ , ਹਸਪਤਾਲ ਜਾਂ ਸਿਹਤ ਸਬੰਧੀ ਸੰਸਥਾ ਜਿਸ ਸਕੂਲ ਡਿਸਟ੍ਰਿਕ ਵਿੱਚ ਹੋਵੇਗੀ ਵਿੱਦਿਆਰਥੀ ਉਸੇ ਸਕੂਲ ਵਿੱਚ ਹੀ ਜਾਵੇਗਾ ਜਾਂ ਜਾਵੇਗੀ। ਥੋੜੀ ਦੇਰ ਲਈ ਡਿਸਏਬਲ ਹੋਏ ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨਾਂ ਦੀ ਮੁੱਢਲੀ ਜ਼ੁੰਮੇਵਾਰੀ ਇਹ ਹੈ ਕਿ ਉਹ ਵਿੱਦਿਆਰਥੀ ਦੇ ਹਸਪਤਾਲ ਦੇ ਮੁਕਾਮ ਬਾਰੇ ਸਕੂਲ ਡਿਸਟ੍ਰਿਕ ਵਾਲਿਆਂ ਨੂੰ ਇਤਲਾਹ ਜ਼ਰੂਰ ਦੇਣ।

11. ਯੂਬਾ ਸਿਟੀ ਯੂਨੀਫਾਇਡ ਸਕੂਲ ਡਿਸਟ੍ਰਿਕ ਵਾਲਿਆਂ ਨੇ ਇਕ ਹੈਜ਼ਰਡ ਮੈਨੇਜੌਂਟ ਕੱਨਸੱਲਟਿੰਗ ਫੱਰਮ ਹਾਇਰ (ਠੇਕਾ ਦੇਣਾ) ਕੀਤੀ ਹੈ ਜੋ ਡਿਸਟ੍ਰਿਕ ਦੀਆਂ ਸਾਰੀਆਂ ਬਿਲਡਿੰਗਾਂ ਲਈ ਐਸਬੈਟੌਸ ਜਾਂ ਉਸ ਨਾਲ ਮਿਲਦਾ ਹਾਨੀਕਾਰਕ ਮਟੀਰੀਅਲ (ਸਾਮਾਨ) ਇਸਤੇਮਾਲ ਕਰਨ ਦੇ ਸਬੰਧ ਵਿੱਚ ਇਨਸਪੈਕਸ਼ਨ ਕਰੇਗੀ। ਅਧਿਕ੍ਰਤ (ਅਕਰੈਡਿਟੱਡ) ਇੰਸਪੈਕਟੱਰ ਨੇ ਇਨਸਪੈਕਸ਼ਨ ਸੰਪੂਰਨ ਕੀਤੀ, ਅਤੇ ਇਹ ਵਾਤਾਵਰਨ ਬਚਾਓ ਏਜੰਸੀ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਆੱਫਿਸ ਦੇ ਸਮੇਂ ਦੌਰਾਨ ਡਾਇਰੈਕਟਰ ਆਫ ਮੈਨਟੇਨੈਂਸ/ਫਸਿਲਿਟੀਜ਼ (822-5252) ਤੋਂ ਇਸ ਇੰਸਪੈਕਸ਼ਨ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ। ਜੇਕਰ ਇਸ ਪਲੈਨ ਦੀਆਂ ਕਾਪੀਆਂ ਦੀ ਲੋੜ ਹੋਵੇ ਤਾਂ ਹੋ ਸਕਦਾ ਹੈ ਕਿ ਕਾਪੀਆਂ ਬਨਾਉਣ ਦੇ ਪੈਸੇ ਲਗਣ।

12. ਜੇਕਰ ਸਕੂਲ ਦੇ ਅਧਿਕਾਰੀਆਂ ਨੂੰ ਲਗੇ ਕਿ ਵਿੱਦਿਆਰਥੀ ਨੇ ਡਿਸਟ੍ਰਿਕ ਜਾਂ ਸਕੂਲ ਦੇ ਕਾਨੂੰਨਾਂ ਜਾਂ ਕਾਇਦੇ ਦੀ ਉਲੰਘਨਾ ਕੀਤੀ ਹੈ ਅਤੇ ਉਨ੍ਹਾਂ ਦੀ ਤਲਾਸ਼ੀ ਕਰਨ ਨਾਲ ਸਬੂਤ ਮਿਲ ਸਕਦੇ ਹਨ ਤਾਂ ਉਹ ਵਿੱਦਿਆਰਥੀਆਂ ਦੀ ਜਾਂ ਉਨ੍ਹਾਂ ਦੀ ਪ੍ਰੌਪਰਟੀ ਦੀ ਤਲਾਸ਼ੀ ਕਰ ਸਕਦੇ ਹਨ। ਬੋਰਡ ਵਾਲੇ ਅਨੁਰੋਧ ਕਰਦੇ ਹਨ ਕਿ ਇਨ੍ਹਾਂ ਸਾਰੇ ਕੇਸਾਂ ਦੀ ਤਲਾਸ਼ੀ ਅਤੇ ਪਕੜਾਈ ਲਈ ਸਾਵਧਾਨੀ, ਮੁਨਾਸਬ ਫ਼ੈਸਲਾ, ਅਤੇ ਅਪਣੀ ਸੂਝ ਦਾ ਪ੍ਰਯੋਗ ਕੀਤਾ ਜਾਵੇ।

13. ਜਦ ਸਿਰਫ ਇੱਕ ਵਿੱਦਿਆਰਥੀ ਦੀ ਨਿਜੀ ਤੌਰ ਤੇ ਤਲਾਸ਼ੀ ਕੀਤੀ ਜਾਂਦੀ ਹੈ ਤਾਂ ਤਾਲਾਸ਼ੀ ਖਤਮ ਹੁੰਦੇਸਾਰ ਹੀ, ਡਿਸਟ੍ਰਿਕ ਵਾਲੇ, ਉਸਦੇ ਮਾਪਿਆਂ/ਗਾਰਡੀਅਨਾਂ ਨੂੰ ਇਤਲਾਹ ਦੇਣ।

14. ਲੌਕਰਾਂ ਤੇ ਡਿਸਟ੍ਰਿਕ ਅਤੇ ਵਿੱਦਿਆਰਥੀਆਂ ਦਾ ਸਾਂਝਾ ਕੰਟ੍ਰੋਲ ਹੋਣ ਕਾਰਣ ਸਕੂਲ ਦੇ ਅਧਿਕਾਰੀ ਵਿੱਦਿਆਰਥੀ ਦੀ ਇਜਾਜ਼ਤ ਤੋਂ ਬਗੈਰ ਲੌਕਰ ਖੋਲਕੇ ਤਲਾਸ਼ੀ ਕਰ ਸਕਦੇ ਹਨ। ਸਕੂਲ ਦੇ ਅਧਿਕਾਰੀ ਲੌਕਰ ਸਿਰਫ਼ ਉਸ ਹਾਲਤ ਵਿੱਚ ਹੀ ਆਪਣੇ ਆਪ ਖੋਲਦੇ ਹਨ ਜਦੋਂ ਉਨ੍ਹਾਂ ਨੂੰ ਲਗਦਾ ਹੈ ਕਿ ਲੌਕਰ ਦੀ ਤਲਾਸ਼ੀ ਕਰਨ ਤੇ ਉਸ ਵਿੱਚੋਂ ਗੈਰ ਕਾਨੂੰਨੀ ਚੀਜ ਜਾਂ ਚੀਜ਼ਾਂ, ਜਾਂ ਉਸ ਵਿੱਚੋਂ ਧੂਆਂ, ਬੱਦਬੂ, ਅੱਗ, ਜਾਂ ਕੋਈ ਐਸੀ ਚੀਜ਼ ਨਿਕਲ ਰਹੀ ਹੈ ਜੋ ਕਿ ਸਿਹਤ, ਵੈਲਫੇਅਰ(ਸਿਹਤ ਲਈ), ਜਾਂ ਸੁਰੱਖਿਆ ਲਈ ਨੁਕਸਾਨਦੇਹ ਹੈ।

15. ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਵਾਲਿਆਂ ਦੀ ਪੌਲਸੀ ਹੈ ਕਿ ਉਹ ਵਿੱਦਿਆਰਥੀਆਂ ਨੂੰ ਸਕੂਲ ਡਿਸਟ੍ਰਿਕ ਤੋਂ ਬਾਹਰ ਭੀ ਦਾਖਲਾ ਲੈਣ ਦੀ ਇਜਾਜ਼ਤ ਦੇ ਦਿੰਦੇ ਹਨ। ਇਸ ਸੰਬੰਧ ਵਿੱਚ ਖਾਸ ਜਾਣਕਾਰੀ ਪ੍ਰਾਪਤ ਕਰਨ ਲਈ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ, ਸਟੂਡੈਂਟ ਸੱਰਵਿਸੱਜ਼ ਦੇ ਡਾਇਰੈਕਟੱਰ ਸਟੂਡੈਂਟ ਵੈਲਫੇਅਰ ਅਤੇ ਅਟੈਂਡੈਂਸ ਨਾਲ 822-7641 ਤੇ ਗਲ ਕਰੋ।

16. ਜੇਕਰ ਕੋਈ ਭੀ ਮਾਪਾ ਸਕੂਲ ਨਾਲ ਸਬੰਧਿਤ ਕਾਰਵਾਈਆਂ ਲਈ ਡਰਾਈਵਰ ਦੇ ਤੌਰ ਤੇ ਵਲੰਟੀਅਰ ਕਰਨਾ ਚਾਹੁੰਦੇ ਹੋਵੇ ਤਾਂ ਡਰਾਈਵਰ ਹੈਂਡਬੁਕ, ਉਸ ਨਾਲ ਸਬੰਧਿਤ ਮਿਆਰ, ਅਤੇ ਕਾਰਜ-ਪ੍ਰਨਾਲੀ ਬਾਰੇ ਸਾਈਟ(ਸਕੂਲ)ਦੇ ਪ੍ਰਬੰਧਕ ਨਾਲ ਸੰਪਰਕ ਕਰੇ।

17. ਫੈਡਰੱਲ ਲਾਅ, ਫੈਮਲੀ ਐਜੂਕੇਸ਼ਨ ਰਾਈਟ(ਸਸਿਖਿਆ ਦੇ ਪਰਵਾਰਕ ਹੱਕ), ਅਤੇ ਪ੍ਰਾਈਵੇਸੀ ਐਕਟ ਅਨੁਸਾਰ, ਵਿਧੀਪੂਰਵਕ ਕਾਰਜਪਨਾਲੀ ਦੇ ਹੇਠ ਮਾਪਿਆਂ, ਗਾਰਡੀਅਨਾਂ ਜਾਂ 18 ਜਾਂ ਉਸ ਤੋਂ ਵੱਧ ਸਾਲਾਂ ਦੀ ਉਮਰ ਵਾਲੇ ਵਿੱਦਿਆਰਥੀਆਂ ਨੂੰ ਹੱਕ ਦਿੱਤਾ ਜਾਂਦਾ ਹੈ ਕਿ ਵਿੱਦਿਆਰਥੀ ਦੇ ਸਿੱਖਿਆ ਦੇ ਰਿਕੌਰਡਾਂ ਵਿੱਚ ਜੋ ਕੁਝ ਭੀ ਸ਼ਾਮਿਲ ਹੈ ਉਹ ਉਨ੍ਹਾਂ ਦਾ ਨਿਰੀਖਨ, ਉਸਦੇ ਬਰਖਲਾਫ ਵਾਦ-ਵਿਵਾਦ ਅਤੇ ਲਿਖਤੀ ਬਿਆਨ ਕਰ ਸਕਦੇ ਹਨ। ਸਕੂਲ ਵਾਲੇ ਵਿੱਦਿਆਰਥੀਆਂ ਨਾਲ ਸਬੰਧਿਤ ਰਿਕੌਰਡਾਂ ਅਤੇ ਉਨ੍ਹਾਂ ਬਾਰੇ ਜਾਣਕਾਰੀ ਸਟੇਟ ਅਤੇ ਲੋਕੱਲ ਅਧਿਕਾਰੀਆਂ ਜਾਂ 19 ਨਵੰਬਰ, 1974 ਤੋਂ ਪਹਿਲੋਂ ਸਟੇਟ ਵਲੋਂ ਅਪਣਾਏ ਗਏ ਲਿਖਤੀ ਕਾਨੂੰਨ ਅਨੁਸਾਰ ਜਿਨ੍ਹਾਂ ਪ੍ਰਬੰਧਕਾਂ ਨੂੰ ਇਹ ਜਾਣਕਾਰੀ , ਭੇਜੀ ਜਾਣੀ ਹੈ ਜਾਂ ਜਿਨ੍ਹਾਂ ਨੂੰ ਦਸਣੀ ਲਾਜ਼ਮੀ ਹੈ ਤਾਂ ਇਹ ਜਾਣਕਾਰੀ ਉਨ੍ਹਾਂ ਦੇ ਸਿਵਾਏ ਕਿਸੀ ਹੋਰ ਨੂੰ ਦਿੱਤੀ ਨਹੀਂ ਜਾ ਸਕਦੀ ਹੈ। ਇਸ ਪੌਲਸੀ ਦੇ ਮਕਸਦ ਨਾਲ ਸਬੰਧਿਤ ਕਈ ਗਲਾਂ ਐਸੀਆਂ ਹਨ ਜਿਨ੍ਹਾਂ ਨੂੰ "ਡੱਰੈਕਟ੍ਰੀ ਇਨਫੱਰਮੇਸ਼ਨ" ਕਿਹਾ ਜਾਂਦਾ ਹੈ ਜਿਸਦੇ ਬਾਰੇ ਹੇਠਾਂ ਲਿਖਿਆਂ ਹੋਇਆ ਹੈ ਪੱਰ ਤੁਹਾਡੇ ਵਲੋਂ ਲਿਖਤੀ ਮਨਾਹੀ ਦੇ ਇਹ ਜਾਣਕਾਰੀ ਕਿਸੇ ਦੂਜੇ ਨੂੰ ਨਹੀਂ ਦਿੱਤੀ ਜਾਵੇਗੀ।

18. ਸੇਫਟੀ (ਸੁਰੱਖਿਆ)ਨਾਲ ਸਬੰਧਿਤ ਮਸਲਿਆਂ ਦੇ ਸਬੰਧ ਵਿੱਚ ਡਿਸਟ੍ਰਿਕ ਨੂੰ ਵਿੱਦਿਆਰਥੀਆਂ ਦੀ ਵੀਡੀਉ ਖਿਚਣ ਦਾ ਹੱਕ ਹੈ।

**ਕੁਝ ਅਵੱਸ਼ਕ ਐਜੂਕੇਸ਼ਨ ਕੋਡਾਂ (48980 ET. SEQ [ਈ ਟੀ. ਐਸ ਈ ਕਿਯੂ])ਤਹਿਤ ਜਨਰਲ ਸੂਚਨਾ ਦੇਣ ਸਬੰਧੀ ਜ਼ਰੂਰਤਾਂ:**

**ਨੋ ਚਾਈਲਡ ਲੈਫਟ ਬਿਹਾਈਂਡ(ਕੋਈ ਵੀ ਬੱਚਾ ਪਿੱਛੇ ਨਾ ਰਹੇ) 2001 ਦਾ ਐਕਟ ਹੈ**

ਇਸ ਐਕਟ ਦਾ ਮਕਸਦ ਅੰਡਰਪਰਫੱਰਮਿੰਗ ਸਕੂਲਾਂ (ਜਿਹੜੇ ਸਕੂਲਾਂ ਦੇ ਵਿੱਦਿਆਰਥੀ ਪੜ੍ਹਾਈ ਵਿੱਚ ਮਾੜਾ ਕਰਦੇ ਹਨ) ਦੀ ਮਦਦ ਕਰਨਾ ਹੈ, ਅਤੇ ਇਸ ਗਲ ਨੂੰ ਯਕੀਨੀ ਬਣਾਉਨਾ ਹੈ ਕਿ ਸਾਰੇ ਬੱਚਿਆਂ ਨੂੰ ਉਚ ਕਵਾਲਟੀ ਦੀ ਸਿੱਖਿਆ ਮਿਲੇ। ਟਾਈਟਲ I ਦੇ ਪੈਸੇ ਪ੍ਰਾਪਤ ਕਰਨ ਵਾਲੇ ਸਕੂਲਾਂ ਲਈ ਲਾਜ਼ਮੀ ਹੈ ਕਿ ਜਿਹੜੇ ਸਕੂਲ ਐਕਟ ਵਿੱਚ ਦਸੀਆਂ ਲੋੜਾਂ ਪੂਰੀਆਂ ਨਹੀਂ ਕਰਦੇ ਹਨ, ਉਨ੍ਹਾਂ ਸਕੂਲਾਂ ਵਿੱਚ ਸ਼ਿਕਸ਼ਾ ਪਾ ਰਹੇ ਬੱਚਿਆਂ ਦੇ ਮਾਪਿਆਂ ਨੂੰ ਇਸ ਬਾਰੇ ਸੂਚਨਾ ਦਿੱਤੀ ਜਾਵੇ। ਫੈਡਰੱਲ ਕਨੂੰਨ ਅਨੁਸਾਰ, ਮਾਪਿਆਂ ਨੂੰ ਅਪਣੇ ਬੱਚੇ ਦੇ ਟੀਚਰ(ਪੜ੍ਹਾਉਣ ਵਾਲੇ) ਦੀਆਂ ਪ੍ਰੋਫੈਸ਼ਨ ਸਬੰਧੀ ਕਵਾਲੀਫਿਕੇਸ਼ਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਪੂਰਾ ਹੱਕ ਹੈ। ਸਕੂਲ ਬਦਲਣ ਸਬੰਧੀ ਪੌਲਸੀ ਤਹਿਤ, ਮਾਪਿਆਂ ਨੂੰ ਅਪਣੇ ਬੱਚੇ ਲਈ ਟਰਾਂਸਪੋਰਟੇਸ਼ਨ ਸਹਿਤ ਸਕੂਲ ਬਦਲਣ ਲਈ ਬੇਨਤੀ ਕਰਨ ਦਾ ਪੂਰਾ ਹੱਕ ਹੈ।

**ਸੈਕਸ਼ਨ 48980 .3 - ਕੀੜੇਮਾਰ ਦਵਾਈਆਂ ਬਾਰੇ ਨੋਟਿਸ ਭੇਜਣਾ**

ਅਸੈਂਬਲੀ ਬਿਲ 2260, ਦੇ 2000 ਸਾਲ ਦੇ ਹੈਲਥੀ ਸਕੂਲਜ਼ ਐਕਟ ਦੀਆਂ ਲੋੜਾਂ ਅਨੁਸਾਰ ਅਸੀਂ 2011- 2012 ਸਕੂਲੀ ਸਾਲ ਲਈ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਦੀ ਕੀੜੇਮਾਰ ਪਲੈਨ ਬਾਰੇ ਜਾਣਕਾਰੀ ਦੇ ਰਹੇ ਹਾਂ।

ਡਿਸਟ੍ਰਿਕ ਨੇ ਇੱਕ ਕਵਾਲੀਫਾਈਡ, ਲਾਇਸੈਂਸ ਵਾਲੀ, ਕੀੜੇਮਾਰ ਕੰਪਨੀ ਨਾਲ ਸਲਾਨਾ ਇਕਰਾਰਨਾਮਾ ਸਥਾਪਿਤ ਕੀਤਾ ਹੈ। ਇਸ ਸੇਵਾ ਵਿੱਚ ਕੰਪਨੀ ਵਲੋਂ ਸਕੂਲਾਂ ਵਿੱਚ ਲਗਾਤਾਰ ਕੀੜੇ ਮਕੌੜਿਆਂ ਸਬੰਧੀ ਇਨਸਪੈਕਸ਼ਨ ਕਰਨੀ ਭੀ ਸ਼ਾਮਿਲ ਹੈ।

ਅਗਰ, ਇਨਸਪੈਕਸ਼ਨ ਦੌਰਾਨ ਕੀੜਿਆਂ ਦੀ ਗਤੀਵਿਧੀ ਨਜ਼ਰ ਆਈ ਤਾਂ ਉਨ੍ਹਾਂ ਨੂੰ ਰੋਕਨ ਲਈ ਦਵਾਈ ਇਸਤੇਮਾਲ ਕੀਤੀ ਜਾਵੇਗੀ। ਡਿਸਟ੍ਰਿਕ ਵਾਲੇ ਦਵਾਈ ਪ੍ਰਯੋਗ ਕਰਨ ਵਾਲਿਆਂ ਨਾਲ ਮਿਲਕੇ ਦਵਾਈ ਦੇ ਪ੍ਰਯੋਗ ਨੂੰ ਘਟ ਕਰਨ ਵਾਲੀਆਂ ਯੋਜਨਾਵਾਂ ਤਿਆਰ ਕਰਨਗੇ, ਡਿਸਟ੍ਰਿਕ ਵਾਲੇ ਹਰ ਹਾਲਤ ਵਿੱਚ ਸਕੂਲ ਅੰਦਰ ਘੱਟ ਤੋਂ ਘੱਟ ਅਤੇ ਸਿਰਫ ਮਨਜ਼ੂਰਸ਼ੁਦਾ ਦਵਾਈਆਂ ਵਰਤਨ ਲਈ ਵਚਨਬਧ ਹਨ। ਡਿਸਟ੍ਰਿਕ ਜ਼ਹਰ ਤੋਂ ਬਗੈਰ (ਨੌਨ-ਟੌਕਸਿਕ) ਵਾਲੀਆਂ ਦਵਾਈਆਂ ਦੀ ਵਰਤੋਂ ਕਰਨਾ ਚਾਹੁੰਦੇ ਹਨ, ਅਤੇ ਉਹ ਬਹੁਤੀ ਵਾਰੀ ਨੌਨ-ਟੌਕਸਿਕ ਦਵਾਈਆਂ ਦਾ ਹੀ ਪ੍ਰਯੋਗ ਕਰਦੇ ਹਨ।

ਡਿਸਟ੍ਰਿਕ ਵਾਲੇ, ਸਾਰੇ ਸਕੂਲਾਂ ਦੀਆਂ ਬਿਲਡਿੰਗਾਂ ਹਰ ਤਿੰਨ ਮਹੀਨਿਆਂ ਬਾਅਦ ਅਤੇ ਸਕੂਲਾਂ ਦੀਆਂ ਖਾਣੇ ਨਾਲ ਸਬੰਧਿਤ ਜਗ੍ਹਾ (ਕਿਚੱਨ ਅਤੇ ਸਟੋਰਾਂ) ਹਰੇਕ ਮਹੀਨੇ ਇਨਸਪੈਕਟ ਕਰਦੇ ਹਨ। ਇਹ ਇਨਸਪੈਕਸ਼ਨਾਂ ਕੀੜੀਆਂ, ਸਿਲਵਰਫਿਸ਼, ਮੱਖੀਆਂ, ਅਤੇ ਆਮ ਦੂਜੇ ਘਰੇਲੂ ਕੀੜਿਆਂ ਲਈ ਕੀਤੀਆਂ ਜਾਂਦੀਆਂ ਹਨ। ਜੇਕਰ ਜ਼ਹਰ ਤੋਂ ਬਗੈਰ ਕੀੜੇ ਮਾਰ ਦਵਾਈਆਂ ਅਸਰ ਨਾ ਕਰਨ ਤਾਂ ਅਸਲੀ ਕੀੜੇ ਮਾਰ ਦਵਾਈਆਂ ਦੀ ਲੋੜ ਪੈਂਦੀ ਹੈ। ਸਕੂਲਾਂ ਵਿੱਚ ਜਿਨ੍ਹਾਂ ਦਵਾਈਆਂ ਦੀ ਵਰਤੋ ਲਈ ਮਨਜ਼ੁਰੀ ਹੈ ਉਨ੍ਹਾਂ ਦਵਾਈਆਂ ਦੀ ਲਿਸਟ ਹੇਠਾਂ ਦਿੱਤੀ ਗਈ ਹੈ (ਇਸ ਵਿੱਚ ਲੋੜ ਅਨੁਸਾਰ ਵੀਡ ਮਾਰਨ ਵਾਲੀਆਂ ਦਵਾਈਆਂ ਭੀ ਸ਼ਮਿਲ ਹਨ):

565 ਪਲੱਸ (ਪਾਇਰਿਥਰਨਜ਼-0.5% ਪਿਪਰੋਨਿਲ ਬਿਉਟੌਕਸਾਈਡ- 1.0%¸ਐਨ-ਔਕਟੱਲ ਬਾਈਸਾਈਕਲੋਹੈਪਟੀਨ ਡਾਈਕਾਰਬੋਕਸੀਮਾਇਡ 1.0%)<br>
ਕੌਨਟਰੈਕ -ਬਲੌਕਸ (ਬਰੌਮੈਡੀਓਲੋਨ-0.0005%)<br>
ਡ੍ਰਾਈਓਨ ਇਨਸੈਕਟੀਸਾਈਡ (ਪਿਰਿਥਰਿਨਜ਼ -1.%, ਪਾਈਪਰਉਨਾਇਲ ਬਿਉਟੌਕਸਾਈਡ – 10.0%)<br>
ਮੈਰਿਟ 75 ਡਬਲਯੂ ਪੀ ਇਨਸੈਕਟੀਸਾਈਡ (ਇਮੀਡੈਕਲੋਪਰਿਡ 1-ਐਨ -ਨਾਇਟਰੋ -2 ਇਮੀਡੈਜ਼ੋਇਡੀਨੀਮਾਈਨ -75%)<br>
ਮਾਇਕਰੋਕੇਅਰ ਕਰੈਕ ਐਂਡ ਕਰੈਵਿਸ (ਪਾਰਿਥਰਿਨਜ਼ – 0.3% , ਐਨ-ਔਕਟਾਇਲ ਬਾਇਸਾਇਕਲੋਹੈਪਟੀਨ ਡਾਇਕਾਰਬੌਕਸੀਮਾਇਡ – 0.336%)<br>
ਔਪਟੀਗਾਰਡ ਐਂਟ ਜੈਲ ਬੇਟ ( ਥਅਇਆਮੈਨਥੋਜ਼ੈਮ - 0.010%)<br>
ਫੈਨਟਮ (ਕਲੋਰਫੈਨਾਪਿਅਰ-21.44%ਪ੍ਰੌਪਲੀਨ ਗਲਾਈਕੌਲ -7.50%)<br>
ਸੱਸਪੈਂਡ ਇਨਸੈਕਟੀਸਾਈਡ (ਡੈਲਟਾਮੀਥਰਨ – 4.75%)<br>
ਟੈਮਪੋ WP ਇਨਸੈਕਟੀਸਾਈਡ ਸਿਫਲੁਥਰਿਨ – 20%)<br>
ਟੱਰਮੀਡੋਰ (ਫਿਪਰੋਨਿਲ -9.1%)<br>
ਜਾਇੰਟ ਡਿਸਟਰੌਇਰ ਗੋਫਰ ਕੰਟਰੋਲ(ਸੋਡਿਅੱਮ ਨਾਇਟਰੇਟ – 46.2 %, ਸਲਫਰ – 34. 8%)<br>
ਰਉਂਡਅਪ ਪ੍ਰੋ ਵੀਡ ਕੰਟਰੋਲ (ਗਲਾਈਫੌਸੇਟ, – 41%)<br>
ਗਲਾਇਫੌਸ ਐਕਸ-ਟਰਾ ਵੀਡ ਕੰਟਰੋਲ (ਗਲਾਈਫੌਸੇਟ -41%)

ਵਰਤਣ ਤੋਂ 24 ਘੰਟੇ ਪਹਿਲਾਂ ਸਕੂਲ ਵਿੱਚ ਲਿਖਤੀ ਪੋਸਟਰ ਲਗਾਇਆ ਜਾਂਦਾ ਹੈ। ਜੇਕਰ ਆਪ ਜੀ ਇਸਦੇ ਬਾਰੇ ਵਾਧੂ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਜਾਂ ਜੇਕਰ ਆਪ ਜੀ ਸਿਰਫ ਇਸ ਸਾਲ ਲਈ (ਬੇਨਤੀ ਹਰੇਕ ਸਾਲ ਕਰਨੀ ਪਵੇਗੀ) ਕਿਸੀ ਇੱਕ ਨਿਸ਼ਚਿਤ ਸਕੂਲ ਜਾਂ ਜਗ੍ਹਾ ਵਿੱਚ ਦਵਾਈਆਂ ਵਰਤਨ ਸਬੰਧੀ ਤਾਰੀਖਾਂ ਬਾਰੇ ਸੂਚਨਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਅਪਣਾ ਨਾਂ, ਪਤਾ, ਫੋਨ ਨੰਬਰ, ਵਿੱਦਿਆਰਥੀ ਦਾ ਨਾਂ, ਸਕੂਲ ਦਾ ਨਾਂ, ਅਤੇ ਕਲਾਸਰੂਮ ਬਾਰੇ ਜਾਣਕਾਰੀ ਲਿਖਕੇ ਇਸ ਪਤੇ ਤੇ ਭੇਜ ਦਿਉ:

ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ<br>
ਅਟੈਨਸ਼ਨ: ਮੇਨਟਨੈਂਸ ਡਿਪਾਰਟਮੈਂਟ<br>
1512 ਸਟੀਵਾਰਟ ਰੋਡ<br>
ਯੂਬਾ ਸਿਟੀ ਕੈਲੀਫੋਰਨੀਆ 95993

ਜੇਕਰ ਤੁਸੀਂ ਕੈਲੀਫੋਰਨੀਆ ਸਕੂਲਾਂ ਵਿੱਚ ਕੀੜੇਮਾਰ ਦਵਾਈਆਂ ਸਬੰਧੀ ਕੋਈ ਸਵਾਲ ਪੁਛਣੇ ਹੋਣ ਜਾਂ ਅਪਣੇ ਵਿੱਚਾਰ ਦਸਣੇ ਹੋਣ ਤਾਂ ਕੈਲੀਫੋਰਨੀਆ ਡਿਪਾਰਟਮੈਂਟ ਔਫ ਪੈਸਟੀਸਾਈਡ ਰੈਗੁਲੇਸ਼ਨ ਦੇ ਵੈਬਸਾਈਟ http://www.schoolipm.info ਦੇਖੋ ਜਾਂ ਸ਼੍ਰੀਮਾਨ ਸਟੀਵਨ ਪਲੈਕਸਕੋ ਜਿਹੜੇ ਕਿ ਯੂਬਅ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਮੇਨਟਨੈਂਸ/ਫਸਿਲਿਟੀਜ਼ ਡਰੈਕਟਰ ਹਨ ਨੂੰ (530) 822- 5252 ਤੇ ਫੋਨ ਕਰੋ।

- **ਸੈਕਸ਼ਨ 48981 -ਸੂਚਨਾ ਦੇਣ ਦਾ ਸਮਾਂ ਅਤੇ ਤਰੀਕਾ**

ਰੈਗੁਲਰ ਸਕੂਲ ਟੱਰਮ ਦੇ ਪਹਿਲੇ ਸਿਮੈਸਟਰ ਜਾਂ ਪਹਿਲੇ ਕਵਾਟਰ ਵਿੱਚ ਦਾਖਲਾ ਲੈਣ ਲੈਣ ਸਮੇਂ ਨੋਟਿਸ ਭੇਜਿਆ ਜਾਂਦਾ ਹੈ। ਮਾਪਿਆਂ ਨੂੰ ਨੋਟਿਸ ਆਮ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ, ਜਾਂ ਉਸ ਤਰੀਕੇ ਰਾਹੀਂ ਜਿਸ ਦਾ ਪ੍ਰਯੋਗ ਆਮ ਤੌਰ ਤੇ ਮਾਪਿਆਂ ਜਾਂ ਗਾਰਡੀਅਨ ਨੂੰ ਸੂਚਿਤ ਕਰਨ ਲਈ ਕੀਤਾ ਜਾਂਦਾ ਹੈ।

- **ਸੈਕਸ਼ਨ 48982 -ਦਸਤਖਤ; ਸਕੂਲ ਵਾਪਿਸ ਭੇਜਣਾ; ਦਸਤਖਤ ਦਾ ਨਤੀਜਾ**

ਮਾਪਿਆਂ ਜਾਂ ਗਾਰਡੀਅਨ ਨੂੰ ਚਾਹੀਦਾ ਹੈ ਕਿ ਉਹ ਨੋਟਿਸ ਤੇ ਦਸਤਖਤ ਕਰਕੇ ਸਕੂਲ ਵਾਪਿਸ ਭੇਜ ਦੇਣ। ਨੋਟਿਸ ਤੇ ਦਸਤਖਤਾਂ ਤੋਂ ਪਤਾ ਲਗਦਾ ਹੈ ਕਿ ਮਾਪਿਆਂ ਜਾਂ ਗਾਰਡੀਅਨ ਨੂੰ ਸੂਚਨਾ ਮਿਲ ਗਈ ਹੈ। ਉਨ੍ਹਾਂ ਨੂੰ ਅਪਣੇ ਹੱਕਾਂ ਬਾਰੇ ਜਾਣਕਾਰੀ ਮਿਲ ਗਈ ਹੈ, ਪਰ ਇਸਦਾ ਭਾਵ ਇਹ ਨਹੀਂ ਕਿ ਉਨ੍ਹਾਂ ਨੇ ਅਪਣੇ ਬੱਚੇ ਲਈ ਕਿਸੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਸਤੇ ਸਹਿਮਤੀ ਦੇ ਦਿੱਤੀ ਹੈ ਜਾਂ ਹਿੱਸਾ ਲੈਣ ਲਈ ਮਨਾਹੀ ਕੀਤੀ ਹੈ।

- **ਸੈਕਸ਼ਨ 48983 -ਨੋਟਿਸ ਦਾ ਵਿਸ਼ਾ**

ਜੇਕਰ ਕੋਈ ਭੀ ਕਾਰਵਾਈ ਸੈਕਸ਼ਨ 48980 ਦੇ ਸੈਕਸ਼ਨਾਂ ਤਹਿਤ ਘੋਸ਼ਿਤ ਕੀਤੀ ਗਈ ਹੈ ਅਤੇ ਸਕੂਲ ਵਾਲਿਆਂ ਨੇ ਆਗਾਮੀ ਸਕੂਲ ਸਾਲ ਦੀ ਟਰਮ ਵਿੱਚ ਉਸਦਾ ਬੀੜਾ ਚੁਕਣਾ ਹੈ ਤਾਂ ਨੋਟਿਸ ਵਿੱਚ ਇਨ੍ਹਾਂ ਕਾਰਵਾਈਆਂ ਜਾਂ ਕਾਰਵਾਈ ਬਾਰੇ ਵਿਸਥਾਰਪੂਰਬਕ ਜਾਣਕਾਰੀ ਦੇਣੀ ਲਾਜ਼ਮੀ ਹੈ, ਅਤੇ ਇਸ ਦੇ ਵਾਪਰਨ ਸਬੰਧੀ ਤਾਰੀਖ ਜਾਂ ਤਾਰੀਖਾਂ ਬਾਰੇ ਜਾਣਕਾਰੀ ਪਹਿਲਾਂ ਦੇਣੀ ਲਾਜ਼ਮੀ ਹੈ।

- **ਸੈਕਸ਼ਨ 48984 -** 48980 ਦੇ ਸੈਕਸ਼ਨਾਂ ਤਹਿਤ ਸਕੂਲ ਡਿਸਟ੍ਰਿਕਟ ਕਿਸੇ ਖਾਸ ਵਿਦਿਆਰਥੀ ਲਈ ਕਿਸੇ ਵੀ ਗਤੀਵਿੱਧੀ ਲਈ ਜ਼ਿੰਮੇਵਾਰ ਨਹੀਂ ਹੈ, ਜਦੋਂ ਤੱਕ ਮਾਪਿਆਂ ਜਾਂ ਗਾਰਡੀਅਨਜ਼ ਵੱਲੋਂ ਇਸ ਆਰਟੀਕਲ ਦੇ ਤਹਿਤ ਲਿਖਤੀ ਸੂਚਨਾ ਨਾ ਹੋਵੇ ਅਤੇ ਜਾਂ ਕੋਈ ਵੱਖਰਾ ਖਾਸ ਨੋਟਿਸ ਨਾ ਮਿਲਿਆ ਹੋਵੇ।

- **ਸੈਕਸ਼ਨ 48985 -ਮਾਪਿਆਂ ਨੂੰ ਇੰਗਲਿਸ਼ ਤੋਂ ਇਲਾਵਾ ਦੂਜੀ ਭਾਸ਼ਾ ਵਿੱਚ ਨੋਟਿਸ ਭੇਜਣਾ**

ਜੇਕਰ ਪੱਬਲਿਕ ਸਕੂਲ ਵਿੱਚ ਦਾਖਲ ਬੱਚਿਆਂ ਵਿੱਚੋਂ ਪੰਦਰਾਂ ਫੀ ਸਦੀ ਜਾਂ ਉਸ ਤੋਂ ਵੱਧ ਵਿੱਦਿਆਰਥੀ, (ਇਸ ਬਾਰੇ ਜਾਣਕਾਰੀ ਸੈਕਸ਼ਨ 52164 ਦੇ ਅਨੁਸਾਰ ਐਜੂਕੇਸ਼ਨ ਡਿਪਾਰਟਮੈਂਟ ਨੂੰ ਪੂਰਵ ਸਾਲ ਦੀ ਜਨ ਗਣਨਾ ਦੇ ਭੇਜੇ ਗਏ ਆਂਕੜਿਆਂ ਤੋਂ ਪ੍ਰਾਪਤ ਹੁੰਦੀ ਹੈ), ਕਿੰਡਰਗਾਰਟਨ ਜਾਂ ਪਹਿਲੀ ਗ੍ਰੇਡ ਤੋਂ ਬਾਹਰਵੀਂ ਗ੍ਰੇਡ ਵਿੱਚ ਇੰਗਲਿਸ਼ ਤੋਂ ਇਲਾਵਾ ਇਕੋ ਦੂਜੀ ਭਾਸ਼ਾ ਬੋਲਦੇ ਹੋਣ ਤਾਂ ਸਕੂਲ ਜਾਂ ਸਕੂਲ ਡਿਸਟ੍ਰਿਕ ਵਾਲਿਆਂ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਵਿੱਦਿਆਰਥੀਆਂ ਦੇ ਮਾਪਿਆਂ ਜਾਂ ਗਾਰਡੀਅਨ ਨੂੰ ਸਾਰੇ ਨੋਟਿਸ, ਰਿਪੋਰਟਾਂ, ਬਿਆਨ, ਜਾਂ ਰਿਕੋਰਡ ਇੰਗਲਿਸ਼ ਤੋਂ ਇਲਾਵਾ ਉਨ੍ਹਾਂ ਦੀ ਅਪਣੀ ਭਾਸ਼ਾ ਵਿੱਚ ਭੇਜੇ ਜਾਣ, ਅਤੇ ਉਨ੍ਹਾਂ ਦਾ ਜਵਾਬ ਚਾਹੇ ਇੰਗਲਿਸ਼ ਵਿੱਚ ਆਵੇ ਜਾਂ ਉਨ੍ਹਾਂ ਦੀ ਅਪਣੀ ਭਾਸ਼ਾ ਵਿੱਚ।

- **ਸੈਕਸ਼ਨ 58501- ਆਲਟਰਨੇਟਿਵ ਸਕੂਲ ਬਾਰੇ ਨੋਟਿਸ ਭੇਜਣਾ**

ਕੈਲੀਫੋਰਨੀਆ ਸਟੇਟ ਲਾਅ ਨੇ ਸਾਰੇ ਸਕੂਲ ਡਿਸਟ੍ਰਿਕਾਂ ਨੂੰ ਆਲਟਰਨੇਟਿਵ ਸਕੂਲਾਂ ਦੀ ਉਪਲਬਧੀ ਕਰਵਾਉਣ ਦਾ ਹੱਕ ਦਿੱਤਾ ਹੈ। ਐਜੂਕੇਸ਼ਨ ਕੋਡ 58500 ਸੈਕਸ਼ਨ ਅਨੁਸਾਰ ਆਲਟਰਨੇਟਿਵ ਸਕੂਲ ਦੀ ਪਰਿਭਾਸ਼ਾ ਦਾ ਭਾਵ ਹੈ, ਕਿ ਮਿਥੇ ਸਕੂਲ ਦੀ ਬਜਾਏ ਦੂਜਾ ਸਕੂਲ, ਜਾਂ ਸਕੂਲ ਦੇ ਵਿੱਚ ਹੀ ਵੱਖਰੀ ਕਲਾਸ ਦਾ ਇੱਕ ਗਰੁਪ ਜਿਸ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਇਸ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ:

(ਏ) ਵਿੱਦਿਆਰਥੀਆਂ ਲਈ ਆਤਮ ਵਿਸ਼ਵਾਸ, ਪ੍ਰੇਰਣਾ, ਸਦ-ਭਾਵਣਾ, ਆਪਮੁਹਾਰਾਪਣ, ਜੁਗਤਕਾਰੀ, ਸਾਹਸ, ਰਚਨਾਤਮਕ, ਜ਼ਿੰਮੇਵਾਰੀ, ਅਤੇ ਖੁਸ਼ੀ ਵਿੱਚ ਉੱਨਤੀ ਕਰਨ ਸਬੰਧੀ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣ।

(ਬੀ) ਵਿੱਦਿਆਰਥੀ ਖਾਸ ਤੌਰ ਤੇ ਉਸ ਵੇਲੇ ਜਿਆਦਾ ਅੱਛੀ ਤਰ੍ਹਾਂ ਵਿੱਦਿਆ ਗ੍ਰਹਿਣ ਕਰਦੇ ਹਨ ਜਦੋਂ ਉਹ ਖੁਦ ਪੜ੍ਹਨਾ ਚਾਹੁੰਦੇ ਹਨ।

(ਸੀ) ਸਿੱਖਲਾਈ ਦੇ ਮਹੌਲ ਨੂੰ ਬਰਕਰਾਰ ਰੱਖਿਆ ਜਾ ਸਕੇ ਤਾਂਕਿ ਉਸ ਵਾਤਾਵਰਨ ਵਿੱਚ ਵਿੱਦਿਆਰਥੀ ਦੀ ਆਪਣੇ ਆਪ ਵਿੱਦਿਆ ਗ੍ਰਹਿਣ ਕਰਨ ਦੀ ਉਤੇਜਿਤਾ ਵਿੱਚ ਵੱਧ ਤੋਂ ਵੱਧ ਵਾਧਾ ਹੋ ਸਕੇ ਅਤੇ ਉਸਨੂੰ ਉਸ ਦੇ ਸਮੇਂਅਨੁਸਾਰ ਉਸਦੀਆਂ ਦਿਲਚਸਪੀਆਂ ਨੂੰ ਪੂਰਾ ਕਰਨ ਲਈ ਉਤਸਾਹਿਤ ਕੀਤਾ ਜਾ ਸਕੇ। ਹੋ ਸਕਦਾ ਹੈ ਕਿ ਇਹ ਦਿਲਚਸਪੀਆਂ ਪੂਰੀ ਤਰ੍ਹਾਂ ਉਸਦੀਆਂ ਅਪਣੀਆਂ ਹੋਣ ਜਾਂ ਸਿਖਿਅਕ ਪ੍ਰੋਜੈਕਟ ਜਿਨ੍ਹਾਂ ਦਾ ਪ੍ਰਦਰਸ਼ਨ ਟੀਚਰ ਵਲੋਂ ਕੀਤਾ ਗਿਆ ਹੈ ਵਿੱਦਿਆਰਥੀ ਨੇ ਉਨ੍ਹਾਂ ਵਿਚੋਂ ਥੋੜੀਆਂ ਬਹੁਤ ਜਾਂ ਪੂਰੀਆਂ ਅਪਣਾ ਲਈਆਂ ਹਨ।

(ਡੀ) ਟੀਚਰ, ਮਾਪੇ, ਅਤੇ ਵਿੱਦਿਆਰਥੀ ਆਪਸ ਵਿੱਚ ਮਿਲਕੇ ਸਿੱਖਿਆ ਗ੍ਰਹਿਣ ਕਰਨ ਦੇ ਤਰੀਕੇ ਅਤੇ ਉਸਦੇ ਵਿਸ਼ੇ ਨੂੰ ਵਿਗਸਾਉਣ ਦੇ ਮੌਕੇ ਨੂੰ ਅਧਿਕਤਮ ਬਣਾਉਨ। ਇਹ ਮੌਕਾ ਲਗਾਤਾਰ ਅਤੇ ਸਥਾਈ ਤਰੀਕਾ ਹੋਣਾ ਚਾਹੀਦਾ ਹੈ।

(ਈ) ਵਿੱਦਿਆਰਥੀਆਂ, ਟੀਚਰਾਂ, ਅਤੇ ਮਾਪਿਆਂ ਲਈ ਮੌਕੇ ਨੂੰ ਅਧਿਕਤਮ ਬਣਾਇਆ ਜਾਵੇ ਤਾਂਕਿ ਉਹ ਲਗਾਤਾਰ ਬਦਲ ਰਹੀ ਦੁਨੀਆ ਨਾਲ ਬਦਲ ਸਕਣ, ਜਿਸ ਵਿੱਚ, ਜਿਸ ਜਗ੍ਹਾ ਸਕੂਲ ਸਥਿਤ ਹੈ ਉਸਦੀ ਕੱਮਯੁਨਿਟੀ ਸ਼ਾਮਿਲ ਤਾਂ ਹੈ ਪਰ ਇਹ ਕੇਵਲ ਇਸ ਤੱਕ ਹੀ ਸੀਮਿਤ ਨਹੀਂ ਹੈ।

ਜੇਕਰ ਕੋਈ ਭੀ ਮਾਪਾ, ਵਿੱਦਿਆਰਥੀ, ਜਾਂ ਟੀਚਰ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਦਿਲਚਸਪੀ ਰੱਖੇ ਤਾਂ ਸਕੂਲਾਂ ਦੇ ਕਾਉਂਟੀ ਸੁਪਰਿਨਟੈਂਡੈਂਟ, ਉਸ ਡਿਸਟ੍ਰਿਕ ਦੇ ਐਡਮਿਨਿਸਟਰੇਟਿਵ ਅਫਸਰ, ਅਤੇ ਹਰੇਕ ਸਕੂਲ ਦੇ ਪ੍ਰਿੰਸੀਪੱਲ ਦੇ ਆਫਿਸ ਵਿੱਚ ਆਲਟਰਨੇਟਿਵ ਸਕੂਲ ਨਾਲ ਸਬੰਧਿਤ ਲਾਅ ਦੀਆਂ ਕਾਪੀਆਂ ਉਪਲਬਧ ਕਰਵਾਉਣ, ਤਾਂਕਿ ਉਹ ਇਨ੍ਹਾਂ ਸਥਾਨਾਂ ਤੋਂ ਜਾਣਕਾਰੀ ਪ੍ਰਾਪਤ ਕਰ ਸਕਣ। ਇਹ ਲਾਅ, ਆਲਟਰਨੇਟਿਵ ਪ੍ਰੋਗਰਾਮ ਵਿੱਚ ਦਿਲਚਸਪੀ ਰੱਖਣ ਵਾਲੇ ਸ਼ਖਸਾਂ ਨੂੰ ਇਹ ਹੱਕ ਖਾਸ ਤੌਰ ਤੇ ਦਿੰਦਾ ਹੈ ਤਾਂਕਿ ਉਹ ਹਰੇਕ ਡਿਸਟ੍ਰਿਕ ਵਿੱਚ ਆਲਟਰਨੇਟਿਵ ਪ੍ਰੋਗਰਾਮ ਸਥਾਪਿਤ ਕਰਨ ਲਈ ਡਿਸਟ੍ਰਿਕ ਦੇ ਗਵੱਰਨਿੰਗ ਬੋਰਡ ਨੂੰ ਬੇਨਤੀ ਕਰ ਸਕਣ।

ਇਸ ਤੋਂ ਇਲਾਵਾ, ਹਰ ਸਾਲ ਮਾਰਚ ਦੇ ਸਾਰੇ ਮਹੀਨੇ ਦੌਰਾਨ, ਸਕੂਲ ਵਿੱਚ ਦੋ ਜਗ੍ਹਾ ਤੇ ਇਸਦੀਆਂ ਕਾਪੀਆਂ ਚਿਪਕਾਈਆਂ ਜਾਂਦੀਆਂ ਹਨ ਤਾਂਕਿ ਵਿੱਦਿਆਰਥੀ, ਟੀਚਰ, ਅਤੇ ਆਉਂਦੇ-ਜਾਂਦੇ ਮਾਪੇ ਉਨ੍ਹਾਂ ਕਾਪੀਆਂ ਨੂੰ ਪੜ੍ਹ ਸਕਣ।

- **ਸੈਕਸ਼ਨ 58502- ਮਾਪਿਆਂ ਜਾਂ ਗਾਰਡੀਅਨ ਵਲੋਂ ਬੇਨਤੀ ਕਰਨ ਤੇ ਪ੍ਰੋਗਰਾਮ ਮੁਕੱਰਰ ਕਰਨਾ**

ਇਸ ਚੈਪਟਰ ਦੀ ਸ਼ਰਤ ਅਨੁਸਾਰ ਹਰੇਕ ਵਿੱਦਿਆਰਥੀ ਦੇ ਮਾਪੇ ਜਾਂ ਗਾਰਡੀਅਨ ਸਕੂਲ ਡਿਸਟ੍ਰਿਕ ਦੇ ਗਵੱਰਨਿੰਗ ਬੋਰਡ ਨੂੰ ਆਲਟਰਨੇਟਿਵ ਪ੍ਰੋਗਰਾਮ ਜਾਂ ਪ੍ਰੋਗਰਾਮਾਂ ਨੂੰ ਮੁਕੱਰਰ ਕਰਨ ਲਈ ਬੇਨਤੀ ਕਰ ਸਕਦੇ ਹਨ।

**ਹਾਈ ਸਕੂਲ ਚੋਂ ਗ੍ਰੇਜੂਏਟ ਹੋਣ ਸਬੰਧੀ ਲੋੜਾਂ/ਮਹਾਰਤ (ਪ੍ਰੋਫਿਸ਼ੈਂਸੀ) ਦੇ ਸਟੈਂਡਰਡ (ਬੋਰਡ ਪੌਲਸੀ [ਬੀ ਪੀ]6146.1 ਜਿਸ ਨੂੰ ਜੂਨ, 2010 ਵਿੱਚ ਰਿਵਾਇਜ਼ ਕੀਤਾ ਗਿਆ)**

ਗਵਰਨਿੰਗ ਬੋਰਡ ਦੀ ਇੱਛਾ ਹੈ ਕਿ ਵਿੱਦਿਆਰਥੀਆਂ ਨੂੰ ਹਾਈ ਸਕੂਲ ਵਿੱਚ ਇਸ ਢੰਗ ਨਾਲ ਤਿਆਰ ਕੀਤਾ ਜਾਵੇ ਕਿ ਜਦ ਉਹ ਹਾਈ ਸਕੂਲ ਚੋਂ ਗ੍ਰੇਜੂਏਟ ਹੋਕੇ ਅਤੇ ਡਿਪਲੋਮਾ ਲੈਕੇ ਬਾਹਰ ਜਾਣ ਤਾਂ ਉਨ੍ਹਾਂ ਨੂੰ ਸੈਕੰਡਰੀ ਸਕੂਲ ਤੋਂ ਬਾਅਦ ਅਗਲੀ ਪੜ੍ਹਾਈ ਅਤੇ ਕੰਮ ਕਾਜ ਦੇ ਮੌਕੇ ਉਪਲਬਧ ਹੋ ਸਕਣ। ਵਿਦਿਆਰਥੀ ਹਾਈ ਸਕੂਲ ਗ੍ਰੈਜੂਏਸ਼ਨ ਦਾ ਡਿਪਲੋਮਾਂ, ਦਿੱਤੇ ਗਏ ਪੜ੍ਹਾਈ ਦੇ ਕੋਰਸ ਪੂਰੇ ਕਰਨ, ਕੈਲੀਫੋਰਨੀਆਂ ਹਾਈ ਸਕੂਲ ਐਗਜ਼ਿਟ ਇਮਤਿਹਾਨ ਦੇ ਸਾਰੇ ਹਿੱਸੇ ਪਾਸ ਕਰਨ, ਅਤੇ ਡਿਸਟ੍ਰਿਕਟ ਅਤੇ ਸਟੇਟ ਦੇ ਸਟੈਂਡਰਡਾਂ ਵਿੱਚ ਮੁਹਾਰਤ ਪ੍ਰਾਪਤ ਕਰਨ ਤੋਂ ਬਾਅਦ ਹੀ ਪ੍ਰਾਪਤ ਕਰ ਸਕਣਗੇ।

**ਕਰੈਡਿਟ ਸਬੰਧੀ ਲੋੜਾਂ**

ਯੂਬਾ ਸਿਟੀ ਹਾਈ ਸਕੂਲ ਅਤੇ ਐਲਬਰਟ ਪਾਵੇਲ ਹਾਈ ਸਕੂਲ ਚੋਂ ਗ੍ਰੈਜੁਏਸ਼ਨ ਦਾ ਡਿਪਲੋਮਾ ਹਾਸਲ ਕਰਨ ਲਈ ਵਿਦਿਆਰਥੀਆਂ ਨੂੰ ਘੱਟ ਤੋਂ ਘੱਟ 220 ਕਰੈਡਿਟ ਲਾਜ਼ਮੀ ਪੂਰੇ ਕਰਨੇ ਪੈਣਗੇ।

ਰਿਵਰ ਵੈਲੀ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਘੱਟ ਤੋਂ ਘੱਟ ਲਾਜ਼ਮੀ ਪੂਰੇ ਕਰਨ ਵਾਲੇ ਕਰੈਡਿਟ ਹੇਠ ਲਿਖੇ ਅਨੁਸਾਰ ਹਨ:

| | |
|---|---|
| 2015 ਦੀ ਗ੍ਰੈਜੂਏਟ ਕਲਾਸ ਲਈ | 280 ਕਰੈਡਿਟ |
| 2014 ਦੀ ਗ੍ਰੈਜੂਏਟ ਕਲਾਸ ਲਈ | 280 ਕਰੈਡਿਟ |
| 2013 ਦੀ ਗ੍ਰੈਜੂਏਟ ਕਲਾਸ ਲਈ | 240 ਕਰੈਡਿਟ |
| 2012 ਦੀ ਗ੍ਰੈਜੂਏਟ ਕਲਾਸ ਲਈ | 220 ਕਰੈਡਿਟ |

**ਕੋਰਸ ਸਬੰਧੀ ਲੋੜਾਂ**

ਹਾਈ ਸਕੂਲ ਚੋਂ ਗ੍ਰੈਜੁਏਸ਼ਨ ਦਾ ਡਿਪਲੋਮਾ ਹਾਸਲ ਕਰਨ ਲਈ 9-12 ਗ੍ਰੇਡ ਦੇ ਵਿਦਿਆਰਥੀਆਂ ਨੂੰ ਘੱਟ ਤੋਂ ਘੱਟ ਹੇਠ ਲਿਖੇ ਕੋਰਸ ਲਾਜ਼ਮੀ ਤੌਰ ਤੇ ਪਾਸ ਕਰਨੇ ਪੈਣਗੇ, ਜਿਸ ਵਿੱਚ ਯੂਬਾ ਸਿਟੀ ਹਾਈ ਸਕੂਲ ਅਤੇ ਐਲਬਰਟ ਪਾਵੇਲ ਹਾਈ ਸਕੂਲ ਵਿੱਚ ਹਰੇਕ ਕੋਰਸ 1 ਸਾਲ ਦਾ ਹੋਵੇਗਾ ਅਤੇ ਰਿਵਰ ਵੈਲੀ ਹਾਈ ਸਕੂਲ ਵਿੱਚ 1 ਟਰਮ ਦਾ ਹੋਵੇਗਾ, ਜਦ ਤੱਕ ਵਿਸ਼ੇਸ਼ ਤੌਰ ਤੇ ਦੱਸਿਆ ਨਾ ਗਿਆ ਹੋਵੇ।

1. 40 ਕਰੈਡਿਟ, ਸਟੈਂਡਰਡ ਅਧਾਰਿਤ ਇੰਗਲਿਸ਼(ਅੰਗਰੇਜ਼ੀ) (ਐਜੂਕੇਸ਼ਨ ਕੋਡ 51225.3)

2. 20 ਕਰੈਡਿਟ, ਸਟੈਂਡਰਡ ਅਧਾਰਿਤ ਮੈਥੇਮੈਟਿਕਸ(ਹਿਸਾਬ)(ਐਜੂਕੇਸ਼ਨ ਕੋਡ 51225.3)

   ਘੱਟ ਤੋਂ ਘੱਟ ਮੈਥਿਮੈਟਿਕਸ ਵਿੱਚ ਇੱਕ ਕੋਰਸ, ਜਾਂ ਦੋਨਾਂ ਹਿਸਾਬਾਂ ਦਾ ਜੋੜ ਜੋ ਕਿ 9-12 ਗੇਡ ਵਿੱਚ ਪੂਰਾ ਹੋ ਜਾਣਾ ਚਾਹੀਦਾ ਹੈ, ਹਿਸਾਬ ਦੀ ਲੋੜ ਪੂਰੀ ਕਰ ਸਕਦਾ ਹੈ ਜਾਂ ਜੋ ਲੋੜ ਸਟੇਟ ਸਿਖਿਅਕ ਸਟੈਂਡਰਡ ਅਧਾਰਿਤ ਹੈ ਅਲਜਬਰੇ 1 ਪਾਸ ਕਰਨ ਨਾਲ ਉਸ ਤੋਂ ਵੀ ਵੱਧ ਜਾਵੇਗੀ ( ਐਜੂਕੇਸ਼ਨ ਕੋਡ 51224.5)

   9ਵੀਂ ਗ੍ਰੇਡ ਤੋਂ ਪਹਿਲੋਂ, ਅਲਜਬਰੇ ਦਾ ਉਹ ਕੋਰਸ ਪੂਰਾ ਕਰਨਾ ਜੋ ਕਿ ਸਟੇਟ ਸਿਖਿਅਕ ਸਟੈਂਡਰਡਾਂ ਨੂੰ ਪੂਰਾ ਕਰਦਾ ਹੈ ਜਾਂ ਉਨਾਂ ਤੋਂ ਵੱਧ ਹੈ, ਪਰ 9-12 ਗ੍ਰੇਡ ਦੇ ਮੈਥ ਦੇ ਦੋ ਸਾਲਾਂ ਦੇ ਗ੍ਰੇਡਾਂ ਵਿੱਚ ਵਿੱਦਿਆਰਥੀ ਲਈ ਕੋਰਸ ਦਾ ਇਹ ਵਿਸ਼ਾ ਪਾਸ ਕਰਨ ਦੀ ਲੋੜ ਤੋਂ ਉਸਨੂੰ ਛੋਟ ਨਹੀਂ ਮਿਲਦੀ (ਐਜੂਕੇਸ਼ਨ ਕੋਡ 51224.5)

   ਘੱਟ ਤੋਂ ਘੱਟ ਮੈਥਿਮੈਟਿਕਸ ਵਿੱਚ ਇੱਕ ਕੋਰਸ, ਜਾਂ ਦੋਨਾਂ ਹਿਸਾਬਾਂ ਦਾ ਜੋੜ ਜੋ ਕਿ 9-12 ਗੇਡ ਵਿੱਚ ਪੂਰਾ ਹੋ ਜਾਣਾ ਚਾਹੀਦਾ ਹੈ, ਹਿਸਾਬ ਦੀ ਲੋੜ ਪੂਰੀ ਕਰ ਸਕਦਾ ਹੈ ਜਾਂ ਜੋ ਲੋੜ ਸਟੇਟ ਸਿਖਿਅਕ ਸਟੈਂਡਰਡ ਅਧਾਰਿਤ ਹੈ ਅਲਜਬਰੇ 1 ਪਾਸ ਕਰਨ ਨਾਲ ਉਸ ਤੋਂ ਵੀ ਵੱਧ ਜਾਵੇਗੀ ( ਐਜੂਕੇਸ਼ਨ ਕੋਡ 51224.5)

   9ਵੀਂ ਗ੍ਰੇਡ ਤੋਂ ਪਹਿਲੋਂ, ਅਲਜਬਰੇ ਦਾ ਉਹ ਕੋਰਸ ਪੂਰਾ ਕਰਨਾ ਜੋ ਕਿ ਸਟੇਟ ਸਿਖਿਅਕ ਸਟੈਂਡਰਡਾਂ ਨੂੰ ਪੂਰਾ ਕਰਦਾ ਹੈ ਜਾਂ ਉਨਾਂ ਤੋਂ ਵੱਧ ਹੈ, ਪਰ 9-12 ਗ੍ਰੇਡ ਦੇ ਮੈਥ ਦੇ ਦੋ ਸਾਲਾਂ ਦੇ ਗ੍ਰੇਡਾਂ ਵਿੱਚ ਵਿੱਦਿਆਰਥੀ ਲਈ ਕੋਰਸ ਦਾ ਇਹ ਵਿਸ਼ਾ ਪਾਸ ਕਰਨ ਦੀ ਲੋੜ ਤੋਂ ਉਸਨੂੰ ਛੋਟ ਨਹੀਂ ਮਿਲਦੀ (ਐਜੂਕੇਸ਼ਨ ਕੋਡ 51224.5)

3. 30 ਕਰੈਡਿਟ, ਸਟੈਂਡਰਡ ਅਧਾਰਿਤ ਸਾਇੰਸਾਂ, ਜਿਸ ਵਿੱਚ ਬਾਈਲੋਜਿਕੱਲ(10 ਕਰੈਡਿਟ) ਅਤੇ ਫਿਜ਼ੀਕਲ ਸਾਇੰਸ(10 ਕਰੈਡਿਟ) ਸ਼ਾਮਿਲ ਹਨ ਅਤੇ ਬਾਕੀ ਦੇ ਦਸ ਕਰੈਡਿਟ ਡਿਸਟ੍ਰਿਕਟ ਵਲੋਂ ਮਨਜ਼ੂਰਸ਼ੁਦਾ ਐਪਲੀਕੇਸ਼ਨ ਕੋਰਸ ਤੋ ਮਿਲ ਸਕਦੇ ਹਨ। (ਐਜੂਕੇਸ਼ਨ ਕੋਡ 51225.3)

4. 30 ਕਰੈਡਿਟ, ਸੋਸ਼ਲ ਸਾਇੰਸ ਵਿੱਚ, ਜਿਸ ਵਿੱਚ ਯੁਨਾਈਟਡ ਸਟੇਟਸ ਹਿਸਟਰੀ (10), ਵੱਰਲਡ ਹਿਸਟਰੀ(10), ਅਮਰੀਕਨ ਗੌਰਮੈਂਟ ਅਤੇ ਇਕਨੌਮਿਕਸ ਵਿੱਚ (10) ਕਰੈਡਿਟ।(ਐਜੂਕੇਸ਼ਨ ਕੋਡ 51225.3)

5. 5 ਕਰੈਡਿਟ ਸਟੇਟ ਵਲੋਂ ਨਿਸ਼ਚਿਤ ਲੋੜਾਂ।

6. 10 ਕਰੈਡਿਟ ਅਗੇ ਲਿਖੇ ਨਿਸ਼ਚਿਤ ਕੋਰਸਾਂ ਵਿੱਚੋਂ ਇੱਕ ਵਿਸ਼ੇ ਨੂੰ ਪੂਰਾ ਕਰਕੇ ਪ੍ਰਾਪਤ ਕੀਤੇ ਜਾ ਸਕਦੇ ਹਨ। ਵਿਜੁਅਲ ਆਰਟਸ ਜੋ ਕਿ ਆਰਟ, ਸੰਗੀਤ, ਜਾਂ ਦੂਜੇ ਦੇਸ਼ ਦੀ ਭਾਸ਼ਾ, ਜਾਂ ਕਰੀਏਟਿਵ ਰਾਈਟਿੰਗ, ਸਪੀਚ/ਡਰਾਮਾ, ਲੈਂਡਸਕੇਪਿੰਗ, ਫੁਲਾਂ ਦੇ ਡਿਜ਼ਾਈਨ, ਸਜਾਵਟੀ ਆਰਟ, ਕਲੋਦਿੰਗ, ਇੰਟੀਰੀਅਰ ਡਿਜ਼ਾਈਨ, ਆਰਟ ਮੈਟਲ ਸਜਾਵਟ,(ਲਕੜੀ ਦਾ ਕੰਮ(2,3, 4,) ਆਰ ਓ ਪੀ ਆਰਕੀਟੈਕਚੱਰਲ ਡਰਾਫਟਿੰਗ, ਆਰਕੀਟੈਕਚੱਰਲ ਡਰਾਇੰਗ,ਆਰਕੀਟੈਕਚੱਰਲ ਡਿਜ਼ਾਈਨ; ਆਰ ਓ ਪੀ ਫੋਟੋਗਰਾਫੀ, ਆਰ ਓ ਪੀ ਅਪਲਾਈਡ ਫੋਟੋਗਰਾਫੀ ।

7. 20 ਕਰੈਡਿਟ ਫਿਜ਼ੀਕਲ ਐਜੂਕੇਸ਼ਨ ਵਿੱਚ ਸਿਵਾਏ ਇਸਦੇ ਕਿ ਐਜੂਕੇਸ਼ਨ ਕੋਡ 51241 ਦੇ ਤਹਿਤ ਵਿੱਦਿਆਰਥੀ ਨੂੰ ਉਸ ਤੋਂ ਛੋਟ ਮਿਲ ਗਈ ਹੈ। (ਐਜੂਕੇਸ਼ਨ ਕੋਡ 51225.3)

8. ਯੂਬਾ ਸਿਟੀ ਹਾਈ ਸਕੂਲ ਅਤੇ ਐਲਬਰਟ ਪਾਵੇਲ ਹਾਈ ਸਕੂਲ ਵਿੱਚ 65 ਕਰੈਡਿਟਾਂ ਦੇ ਇਲੈਕਟਿਵ ਕੋਰਸ ਹੋਣਗੇ ਅਤੇ ਰਿਵਰ ਵੈਲੀ ਹਾਈ ਸਕੂਲ ਵਿੱਚ 125 ਕਰੈਡਿਟਾਂ ਦੇ ਇਲੈਕਟਿਵ ਕੋਰਸ ਹੋਣਗੇ।

ਕਿਉਂਕਿ ਸਿਖਿਆ ਪ੍ਰਾਪਤ ਕਰਨ ਲਈ ਨਿਯਤ ਕੀਤੇ ਗਏ ਕੋਰਸ(ਵਿਸ਼ੇ) ਤਬਦੀਲ ਕੀਤੇ ਬਗੈਰ ਕੁਝ ਵਿੱਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੇ ਹਨ , ਇਸ ਲਈ ਬੋਰਡ ਵਾਲੇ ਨਿਯਤ ਕੋਰਸਾਂ ਨੂੰ ਪੂਰਾ ਕਰਨ ਲਈ ਕਨੂੰਨੰ ਅਨੁਸਾਰ ਦੂਜੇ ਤਰੀਕੇ ਪ੍ਰਦਾਨ ਕਰਨਗੇ।

**ਹਾਈ ਸਕੂਲ ਐਗਜ਼ਿਟ ਇਮਤਿਹਾਨ**

ਹਰੇਕ ਵਿੱਦਿਆਰਥੀ ਜੋ 12 ਗ੍ਰੇਡ ਪਾਸ ਕਰਨਾ ਚਾਹੁੰਦਾ ਹੈ, ਲਾਜ਼ਮੀ ਤੌਰ ਤੇ ਕਾਮਯਾਬੀ ਨਾਲ ਹਾਈ ਸਕੂਲ ਐਗਜ਼ਿਟ ਇਮਤਿਹਾਨ ਦੇ ਦੋਨੋਂ ਹਿੱਸੇ ਇੰਗਲਿਸ਼ ਲੈਂਗਵਿਜ ਆਰਟਸ ਅਤੇ ਮੈਥ ਲਾਜ਼ਮੀ ਤੌਰ ਤੇ ਪਾਸ ਕਰੇਗਾ, ਜੋ ਕਿ ਹਾਈ ਸਕੂਲ ਚੋਂ ਗ੍ਰੈਜੁਏਟ ਹੋਣ ਦੀ ਇੱਕ ਸ਼ਰਤ ਵੀ ਹੈ। (ਐਜੂਕੇਸ਼ਨ ਕੋਡ 60851, 60859)

7ਵੀਂ – 12ਵੀਂ ਦੇ ਹਰ ਉਸ ਵਿੱਦਿਆਰਥੀ ਨੂੰ ਜਿਸ ਨੇ ਬੋਰਡ ਪੌਲਸੀ ਅਨੁਸਾਰ ਐਗਜ਼ਿਟ ਇਮਤਿਹਾਨ ਪਾਸ ਕਰਨ ਦੇ ਸਬੰਧ ਵਿੱਚ "ਕਾਫੀ ਤਰੱਕੀ" ਦਾ ਪ੍ਰਦਰਸ਼ਨ ਨਹੀਂ ਕੀਤਾ, ਉਸ ਦੀ ਘਾਟ ਪੂਰੀ ਕਰਨ ਲਈ ਉਸ ਨੂੰ ਸਿਖਿਅਕ ਮਦਦ ਉਪਲਬਧ ਕਰਵਾਈ ਜਾਵੇ। (ਐਜੂਕੇਸ਼ਨ ਕੋਡ 37252, 60851)

ਜਿਹੜੇ ਵਿੱਦਿਆਰਥੀਆਂ ਨੇ 12ਵੀਂ ਦੇ ਅਖੀਰ ਤੱਕ ਐਗਜ਼ਿਟ ਇਮਤਿਹਾਨ ਦਾ ਇੱਕ ਜਾਂ ਦੋਨੋ ਭਾਗ ਪਾਸ ਨਹੀਂ ਕੀਤੇ, ਉਹਨਾ ਨੂੰ 12ਵੀ ਕਲਾਸ ਪੂਰੀ ਕਰਨ ਤੋਂ ਬਾਅਦ ਦੋ ਸਾਲਾਂ ਤੱਕ ਸਿਖਿਅਕ ਸੇਵਾਵਾਂ ਪ੍ਰਾਪਤ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ, ਜਦੋਂ ਤੱਕ ਉਹ ਇਸ ਇਮਤਿਹਾਨ ਦੇ ਦੋਨੋ ਭਾਗ ਪਾਸ ਨਹੀਂ ਕਰ ਲੈਂਦੇ।(ਐਜੂਕੇਸ਼ਨ ਕੋਡ 37254)

ਸੁਪਰਿਨਟੈਨਡੈਨਟ ਜਾਂ ਜਿੰਮੇਵਾਰ ਪ੍ਰਬੰਧਕ ਬੋਰਡ ਨੂੰ ਸਾਰੇ ਵਿੱਦਿਆਰਥੀਆਂ ਬਾਰੇ ਜਾਣਕਾਰੀ ਦੇਵੇਗਾ ਜਿਹਨਾ ਨੇ ਗ੍ਰੈਜੁਏਟ ਹੋਣ ਲਈ ਸਕੂਲ ਅਤੇ ਡਿਸਟ੍ਰਿਕਟ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ, ਅਤੇ ਉਹਨਾ ਵਿੱਦਿਆਰਥੀਆਂ ਬਾਰੇ ਵੀ ਜਾਣਕਾਰੀ ਦੇਵੇਗਾ ਜਿਹਨਾ ਨੇ ਐਗਜ਼ਿਟ ਇਮਤਿਹਾਨ ਪਾਸ ਨਹੀਂ ਕੀਤਾ ਅਤੇ ਡਿਸਟ੍ਰਿਕਟ ਉਹਨਾ ਵਿੱਦਿਆਰਥੀਆਂ ਦੀ ਮਦਦ ਲਈ ਕੀ ਕਰ ਰਿਹਾ ਹੈ।

**ਸਰਟੀਫਿਕੇਟ ਆਫ ਕੰਪਲੀਸ਼ਨ**

ਇੱਕ ਵਿੱਦਿਆਰਥੀ ਜਿਨ੍ਹੇ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਤਾਂ ਪਾਸ ਨਹੀਂ ਕੀਤਾ ਹੈ ਪਰ ਉਸਨੇ ਡਸਟ੍ਰਿਕਿਟ ਦੀਆਂ ਸਾਰੀਆਂ ਲੋੜਾਂ ਪੂਰੀ ਕਰ ਲਈਆਂ ਹਨ ਤਾਂ ਉਹ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਦਾ ਸਰਟੀਫਿਕੇਟ ਆਫ ਕੰਮਪਲੀਸ਼ਨ(ਸਕੂਲ ਪਾਸ ਕਰਨ ਦਾ ਸਰਟੀਫਿਕੇਟ) ਪ੍ਰਾਪਤ ਕਰ ਸਕਦਾ ਹੈ।

ਸੁਪਰਿਨਟੈਨਡੈਨਟ ਜਾਂ ਜਿੰਮੇਵਾਰ ਪ੍ਰਬੰਧਕ ਬੋਰਡ ਨੂੰ ਉਹਨਾ ਸਾਰੇ ਵਿਦਿਆਰਥੀਆਂ ਬਾਰੇ ਰਿਪੋਰਟ ਦੇਵੇਗਾ ਜਿਹਨਾ ਨੇ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਦਾ ਸਰਟੀਫਿਕੇਟ ਆਫ ਕੰਮਪਲੀਸ਼ਨ(ਸਕੂਲ ਪਾਸ ਕਰਨ ਦਾ ਸਰਟੀਫਿਕੇਟ) ਪ੍ਰਾਪਤ ਕੀਤਾ ਹੈ ਅਤੇ ਉਹਨਾ ਲਈ ਕਿਹੜੇ ਸਾਧਨ ਮੁਹਈਆ ਕੀਤੇ ਗਏ ਸਨ।

**ਰੈਟਰੋਐਕਟਿਵ(ਪੂਰਵ-ਵਿਆਪੀ) ਡਿਪਲੋਮੇ**

ਡਿਸਟ੍ਰਿਕ ਵਾਲੇ ਪੁਰਾਨੇ ਵਿੱਦਿਆਰਥੀਆਂ ਨੂੰ ਜੋ ਕਿ ਫੈਡਰਲ ਗੌਰਮੈਂਟ ਦੇ ਆਦੇਸ਼ ਤੇ ਵਰਲਡ ਵਾਰ 2 ਜਾਂ ਕੋਰੀਆ ਦੀ ਲੜਾਈ, ਜਾਂ ਵਿਟਨਾਮ ਦੀ ਲੜਾਈ ਲਈ ਭਰਤੀ ਹੋਏ ਸਨ ਅਤੇ ਉਹ ਇਜ਼ੱਤ ਨਾਲ ਵੈਟਰਨ ਹੋਕੇ ਡਿਸਚਾਰਜ ਹੋਏ ਸਨ, ਪੂਰਵ-ਵਿਆਪੀ ਤੌਰ ਤੇ (ਰੈਟਰੋਐਕਟਿਵਲੀ) ਹਾਈ ਸਕੂਲ ਡਿਪਲੋਮਾ ਲੈ ਸਕਦੇ ਹਨ ਪਰ ਸ਼ਰਤ ਇਹ ਹੈ ਕਿ ਉਹ ਉਸ ਸਮੇਂ ਭਰਤੀ ਹੋਣ ਤੋਂ ਪਹਿਲੋਂ ਜਾਂ ਬੁਲਾਵਾ ਆਉਣ ਤੋਂਬਾਅਦ ਡਿਸਟ੍ਰਿਕ ਦੇ ਸਕੂਲ ਵਿੱਚ ਦਾਖਲ ਸਨ ਪਰ ਫੌਜ ਵਿੱਚ ਭਰਤੀ ਹੋਣ ਕਾਰਣ ਜਾਂ ਬੁਲਾਵੇ ਕਰਕੇ ਅਪਣਾ ਗ੍ਰੈਜੁਏਸ਼ਨ ਡਿਪਲੋਮਾ ਨਹੀਂ ਲੈ ਸਕੇ ਸਨ। (ਐਜੂਕੇਸ਼ਨ ਕੋਡ 51430)

ਇਸ ਤੋਂ ਇਲਾਵਾ, ਬੋਰਡ ਵਾਲੇ ਉਪਰਲੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਪੂਰਵ ਵਿੱਦਿਆਰਥੀ ਜੋ ਮਿਰਤਕ ਹੈ ਨੂੰ ਡਿਪਲੋਮਾ ਦੇ ਸਕਦੇ ਹਨ। ਵਿੱਦਿਆਰਥੀ ਦਾ ਡਿਪਲੋਮਾ ਉਸਦੇ ਸੱਬ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਦਿੱਤਾ ਜਾਵੇਗਾ। (ਐਜੂਕੇਸ਼ਨ ਕੋਡ 51430)

ਜੋ ਵਿੱਦਿਆਰਥੀ ਬਾਹਰਲੇ ਮੁਲਕਾਂ ਚੋਂ ਫੌਰਨ ਅਕਸਚੇਂਜ ਸਟੂਡੈਂਟ ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹਨ ਉਨ੍ਹਾਂ ਨੂੰ ਐਜੂਕੇਸ਼ਨ ਕੋਡ 51225.5 ਅਨੁਸਾਰ ਔਨਰੇਰੀ ਡਿਪਲੋਮਾ ਦਿੱਤਾ ਜਾਂਦਾ ਹੈ।

**ਐਗਜ਼ਿਟ ਇਮਤਿਹਾਨ ਬਾਰੇ ਜਾਣਕਾਰੀ (ਏ ਆਰ 6162 .52 9 ਜੂਨ, 2010 ਵਿੱਚ ਰਿਵਾਇਜ਼ ਕੀਤਾ ਗਿਆ)**

**ਪ੍ਰੀਭਾਸ਼ਾ**

ਵੇਰੀਏਸ਼ਨ(ਤਬਦੀਲੀ) ਦਾ ਭਾਵ ਹੈ ਕਿ ਇਮਤਿਹਾਨ ਦੇਣ ਜਾਂ ਪੇਸ਼ ਕਰਨ ਦੇ ਤਰੀਕੇ ਵਿੱਚ ਤਬਦੀਲੀ, ਜਾਂ ਜਵਾਬ ਦੇਣ ਲਈ ਵਿੱਦਿਆਰਥੀ ਨੰ ਜਿਸ ਤੱਰੀਕੇ ਦੀ ਇਜਾਜ਼ਤ ਮਿਲੀ, ਅਤੇ, ਇਸ ਵਿੱਚ ਇਹ ਸਬ ਸ਼ਾਮਿਲ ਤਾਂ ਹਨ ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ, ਐਕਜੂਕੇਸ਼ਨ ਕੋਡ 60850 ਵਿੱਚ ਦਸੀਆਂ ਅਕੌਮੋਡੇਸ਼ਨਾਂ(ਜ਼ਰੂਰਤ ਮੁਤਾਬਕ) ਅਤੇ ਮੋਡੀਫਿਕੇਸ਼ਨਾਂ (ਸੰਸ਼ੋਧਨ)। (5 ਸੀ ਸੀ ਆਰ 1200)

ਅਕਾਮੋਡੇਸ਼ਨ ਦਾ ਅਰਥ ਹੈ ਕਿ ਅਸੈਸਮੈਂਟ (ਮੁਲਾਂਕਣ) ਦੇ ਆਲੇ-ਦੁਆਲੇ ਜਾਂ ਕਾਰਜ-ਪ੍ਰਣਾਲੀ ਵਿੱਚ ਕੋਈ ਵੀ ਵੇਰੀਏਸ਼ਨ (ਭਿੰਨਤਾ) ਜਿਸ ਨੂੰ ਟੈਸਟ ਦੇ ਮਾਪ-ਦੰਡ ਜਾਂ ਸਕੋਰਾਂ ਦੀ ਤੁਲਨਾ ਦੇ ਅਸਰ ਹੇਠ ਮੁਢਲੇ ਤੌਰ ਤੇ ਬਦਲਿਆ ਨਾ ਜਾਵੇ। (ਐਜੂਕੇਸ਼ਨ ਕੋਡ 60850)

ਮੋਡੀਫਿਕੇਸ਼ਨ ਦਾ ਅਰਥ ਹੈ ਕਿ ਅਸੈਸਮੈਂਟ (ਮੁਲਾਂਕਣ) ਦੇ ਆਲੇ-ਦੁਆਲੇ ਜਾਂ ਕਾਰਜ-ਪ੍ਰਣਾਲੀ ਵਿੱਚ ਕੋਈ ਵੀ ਵੇਰੀਏਸ਼ਨ (ਭਿੰਨਤਾ) ਜਿਸ ਨੂੰ ਟੈਸਟ ਦੇ ਮਾਪ-ਦੰਡ ਜਾਂ ਸਕੋਰਾਂ ਦੀ ਤੁਲਨਾ ਦੇ ਅਸਰ ਹੇਠ ਮੁਢਲੇ ਤੌਰ ਤੇ ਬਦਲਿਆ ਜਾਵੇ। (ਐਜੂਕੇਸ਼ਨ ਕੋਡ 60850)

**ਡਿਸਟ੍ਰਿਕਟ ਅਤੇ ਸਾਈਟ ਕੋਆਰਡੀਨੇਟਰ**

ਹਰੇਕ ਸਕੂਲੀ ਸਾਲ ਸ਼ੁਰੂ ਹੋਣ ਤੋਂ ਪਹਿਲਾਂ, 1 ਜੁਲਾਈ ਜਾਂ ਉਸ ਤੋਂ ਪਹਿਲਾਂ, ਸੁਪਰਿਨਟੈਨਡੈਨਟ ਹਾਈ ਸਕੂਲ ਐਗਜ਼ਿਟ ਇਮਤਿਹਾਨ ਲਈ ਡਿਸਟ੍ਰਿਕਟ ਦੇ ਕ੍ਰਮਚਾਰੀਆਂ ਵਿੱਚੋਂ ਇੱਕ ਕੋਆਰਡੀਨੇਟਰ ਨਿਯੁਕਤ ਕਰਨਗੇ ਅਤੇ ਟੈਸਟ ਕੋਨਟਰੈਕਟਰ ਨੂੰ ਕੋਆਰਡੀਨੇਟਰ ਦੀ ਪਛਾਣ ਅਤੇ ਸੰਪਰਕ ਬਾਰੇ ਜਾਣਕਾਰੀ ਦੇਣਗੇ। ਡਿਸਟ੍ਰਿਕਟ ਕੋਆਰਡੀਨੇਟਰ ਜਾਂ ਸੁਪਰਿਨਟੈਨਡੈਨਟ ਜਾਂ ਨਿਯੁਕਤ ਕੀਤਾ ਸਦੱਸ ਸਾਰਾ ਸਾਲ ਉੱਪਲਭਦ ਹੋਵੇਗਾ, ਅਤੇ ਉਹ ਡਿਸਟ੍ਰਿਕਟ ਅਤੇ ਟੈਸਟ ਕੋਨਟਰੈਕਟਰ, ਅਤੇ ਡਿਸਟ੍ਰਿਕਟ ਅਤੇ ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ ਵਿਚਕਾਰ ਲੇਜ਼ਾਂਨ ਦਾ ਕੰਮ ਕਰੇਗਾ ਅਤੇ ਸਾਰੇ ਕਰਤੱਵ ਜੋ 5 ਸੀ ਸੀ ਆਰ 1209 - 1211.5 ਵਿੱਚ ਦੱਸੇ ਗਏ ਹਨ, ਨਿਭਾਵੇਗਾ। ( 5 ਸੀ ਸੀ ਆਰ 1209)

ਡਿਸਟ੍ਰਿਕਟ ਕੋਆਰਡੀਨੇਟਰ ਜਾਂ ਸੁਪਰਿਨਟੈਨਡੈਨਟ ਜਾਂ ਨਿਯੁਕਤ ਕੀਤਾ ਸਦੱਸ ਸਲਾਨਾ ਹਰੇਕ ਟੈਸਟ ਸਾਈਟ ਲਈ ਕੋਆਰਡੀਨੇਟਰ ਨਿਯੁਕਤ ਕਰੇਗਾ ਜੋ 5 ਸੀ ਸੀ ਆਰ 1210 - 1211.5 ਵਿੱਚ ਦੱਸੇ ਅਨੁਸਾਰ ਟੈਸਟ ਸਾਈਟ ਦੇ ਸਾਰੇ ਕਰਤੱਵ ਪੂਰੇ ਕਰੇਗਾ। ( 5 ਸੀ ਸੀ ਆਰ 1210)

ਡਿਸਟ੍ਰਿਕਟ ਵਿੱਚ ਕੰਮ ਕਰਨ ਵਾਲੇ ਸਾਰੇ ਕ੍ਰਮਚਾਰੀ ਅਤੇ ਟੈਸਟ ਸਾਈਟ ਕੋਆਰਡੀਨੇਟਰਜ਼ ਟੈਸਟ ਸਕਿਉਰਿਟੀ(ਗੁਪਤ ਰੱਖਣਾ) ਐਫੀਡੇਵਿਟ(ਹਲਫਨਾਮਾਂ) ਤੇ ਸਾਈਨ ਕਰਨਗੇ। (5 ਸੀ ਸੀ ਆਰ 1211.5)

ਟੈਸਟ ਲੈਣ ਵਾਲੇ ਵਿਦਿਆਰਥੀਆਂ ਅਤੇ ਜਿੰਹਨਾ ਵਿਅਕਤੀਆਂ ਨੇ ਐਫੀਡੇਵਿਟ ਤੇ ਸਾਈਨ ਕੀਤੇ ਹਨ, ਅਤੇ ਉਹ ਕ੍ਰਮਚਾਰੀ ਵੀ ਜਿੰਹਨਾ ਨੇ ਇਹ ਟੈਸਟ ਦੇਣਾ ਹੈ ਅਤੇ ਜੋ ਇਸ ਬਾਰੇ ਸਿੱਧੇ ਤੌਰ ਤੇ ਜਿੰਮੇਵਾਰ ਹਨ, ਐਗਜ਼ਿਟ ਇਮਤਿਹਾਨ ਦੇ ਮਟੀਰੀਅਲ ਤੱਕ ਸਭ ਦੀ ਪਹੁੰਚ ਸੀਮਿਤ ਹੋਣੀ ਚਾਹੀਦੀ ਹੈ। ਸਾਰਾ ਡਿਸਟ੍ਰਿਕਟ ਅਤੇ ਸਾਈਟ ਕੋਆਰਡੀਨੇਟਰ ਇੰਨਵੈਂਟਰੀ ਕੰਟਰੋਲ ਲਈ ਜਿੰਮੇਵਾਰ ਹੋਣਗੇ। ( 5 ਸੀ ਸੀ ਆਰ 1211)
ਟੈਸਟ ਦੇਣਾ (ਐਡਮਨਿਸਟਰੇਸ਼ਨ)

**ਐਡਮਿਨਿਸਟਰੇਸ਼ਨ**
ਐਗਜ਼ਿਟ ਇਮਤਿਹਾਨ ਡਿਸਟ੍ਰਿਕਟ ਦੇ ਹਰੇਕ ਹਾਈ ਸਕੂਲ ਵਿੱਚ, ਸੁਪਰਿੰਨਟੈਂਡੈਂਟ ਆਫ ਪਬਲਿਕ ਇੰਨਸਟਰੱਕਸ਼ਨ ਵੱਲੋਂ ਮਿਥੀਆਂ ਗਈਆਂ ਤਾਰੀਖਾਂ ਜਾਂ ਇਮਤਿਹਾਨ ਲਈ ਮੇਕ-ਅੱਪ ਦਿਨਾ ਵਿੱਚ ਸੁਪਰਿੰਟੈਂਡੈਂਟ ਅਤੇ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਵੱਲੋਂ ਦਿੱਤਾ ਜਾਣਾ ਚਾਹੀਦਾ ਹੈ।

ਹਾਈ ਸਕੂਲ ਐਗਜ਼ਿਟ ਇਮਤਿਹਾਨ ਹੇਠ ਦਿੱਤੇ ਅਨੁਸਾਰ ਦਿੱਤਾ ਜਾਣਾ ਚਾਹੀਦਾ ਹੈ: (ਐਜੂਕੇਸ਼ਨ ਕੋਡ 60851; 5 ਸੀ ਸੀ ਆਰ 1204, 1204.5 ):

1) 10 ਵੀਂ ਗ੍ਰੇਡ ਦੌਰਾਨ ਵਿਦਿਆਰਥੀ ਐਗਜ਼ਿਟ ਇਮਤਿਹਾਨ ਦੇ ਹਰੇਕ ਸੈਕਸ਼ਨ ਦਾ ਟੈਸਟ ਸਕੂਲੀ ਸਾਲ ਵਿੱਚ ਇੱਕ ਵਾਰੀ ਜ਼ਰੂਰ ਲੈਣਗੇ, ਜਾਂ ਤਾਂ 10ਵੀਂ ਗ੍ਰੇਡ ਸੈਂਨਸਸ ਟੈਸਟ ਦੌਰਾਨ ਜਾਂ ਫਿਰ ਡਿਸਟ੍ਰਿਕਟ ਵੱਲੋਂ ਮਿਥੀਆਂ ਗਈਆਂ ਐਗਜ਼ਿਟ ਇਮਤਿਹਾਨ ਮੇਕ-ਅੱਪ ਤਾਰੀਖਾਂ ਦੌਰਾਨ।

2) 11 ਵੀਂ ਗਰੇਡ ਦੇ ਵਿਦਿਆਰਥੀਆਂ ਨੇ ਜੇਕਰ ਟੈਸਟ ਦੇ ਦੋਨੋ ਜਾਂ ਕੋਈ ਇੱਕ ਭਾਗ ਪਾਸ ਨਹੀਂ ਕੀਤਾ ਤਾਂ ਉਹਨਾ ਨੂੰ ਸਕੂਲੀ ਸਾਲ ਵਿੱਚ ਦੋ ਮੌਕੇ ਪ੍ਰਦਾਨ ਕੀਤੇ ਜਾਣਗੇ ਤਾਂ ਕਿ ਉਹ ਇਹ ਇਮਤਿਹਾਨ ਪਾਸ ਕਰ ਸਕਣ ਅਤੇ ਵਿਦਿਆਰਥੀ ਆਪਣੀ ਤਿਆਰੀ ਦੇ ਅਨੁਸਾਰ ਇਹਨਾ ਦੋਨਾ ਮੌਕਿਆਂ ਵਿਚੋਂ ਚੋਣ ਵੀ ਕਰ ਸਕਦੇ ਹਨ । ਇਹਨਾ ਵਿਦਿਆਰਥੀਆਂ ਨੂੰ ਇਕੱਲੀ ਸਕੂਲ ਵਿਚਲੀ ਸਫਲਤਾ ਦੇ ਅਧਾਰ ਤੇ ਹੀ ਟੈਸਟ ਨਹੀਂ ਕੀਤਾ ਚਾਹੀਦਾ। ਦੁਬਾਰਾ ਟੈਸਟ ਲੈਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਸਪਲੀਮੈਂਟਲ ਸਿੱਖਿਆ ਜਾਂ ਹੋਰ ਵਾਧੂ ਮਦਦ ਪ੍ਰਾਪਤ ਕਰਨੀ ਚਾਹੀਦੀ ਹੈ।

3) 12 ਵੀਂ ਗ੍ਰੇਡ ਦੇ ਵਿਦਿਆਰਥੀਆਂ ਨੇ ਜੇਕਰ ਟੈਸਟ ਦੇ ਦੋਨੋ ਜਾਂ ਕੋਈ ਇੱਕ ਭਾਗ ਪਾਸ ਨਹੀਂ ਕੀਤਾ ਤਾਂ ਉਹਨਾ ਨੂੰ ਸਕੂਲੀ ਸਾਲ ਵਿੱਚ ਤਿੰਨ ਮੌਕੇ ਪ੍ਰਦਾਨ ਕੀਤੇ ਜਾਣਗੇ ਤਾਂ ਕਿ ਉਹਨਾ ਨੇ ਐਗਜ਼ਿਟ ਇਮਤਿਹਾਨ ਦੇ ਜਿਹੜੇ ਹਿੱਸੇ ਪਾਸ ਨਹੀਂ ਕੀਤੇ, ਉਹ ਪਾਸ ਕਰ ਸਕਣ। ਸਕੂਲੀ ਸਾਲ ਦੌਰਾਨ ਸਿਲਸਿਲੇਵਾਰ ਇੰਤਜ਼ਾਮ ਵਿੱਚ 12 ਵੀਂ ਗ੍ਰੇਡ ਦੇ ਪਾਤਰ ਵਿਦਿਆਰਥੀਆਂ ਦੀ ਇਹ ਇਮਤਿਹਾਨ ਲੈਣ ਲਈ 5 ਮੌਕੇ ਪ੍ਰਦਾਨ ਕਰਨ ਲਈ ਚੋਣ ਵੀ ਕੀਤੀ ਜਾ ਸਕਦੀ ਹੈ। ਇਹ ਦੁਬਾਰਾ ਟੈਸਟ ਲੈਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਸਪਲੀਮੈਂਟਲ ਸਿੱਖਿਆ ਜਾਂ ਹੋਰ ਵਾਧੂ ਮਦਦ ਪ੍ਰਾਪਤ ਕਰਨੀ ਚਾਹੀਦੀ ਹੈ।

4) ਬਾਲਗ ਵਿਦਿਆਰਥੀਆਂ ਨੇ ਇਸ ਟੈਸਟ ਦੇ ਜਿਹੜੇ ਭਾਗ ਪਾਸ ਨਹੀਂ ਕੀਤੇ ਹਨ, ਉਹਨਾ ਨੂੰ ਪਾਸ ਕਰਨ ਲਈ ਸਕੂਲੀ ਸਾਲ ਵਿਚ ਤਿੰਨ ਮੌਕੇ ਮਿਲਣੇ ਚਾਹੀਦੇ ਹਨ। ਦੁਬਾਰਾ ਟੈਸਟ ਲੈਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਸਪਲੀਮੈਂਟਲ ਸਿੱਖਿਆ ਜਾਂ ਹੋਰ ਵਾਧੂ ਮਦਦ ਪ੍ਰਾਪਤ ਕਰਨੀ ਚਾਹੀਦੀ ਹੈ।

ਜੇਕਰ ਕਿਸੇ ਵਿਦਿਆਰਥੀ ਨੂੰ ਅੰਗਰੇਜ਼ੀ ਭਾਸ਼ਾ ਬਾਰੇ ਲੋੜੀਦੀਂ ਜਾਣਕਾਰੀ ਨਹੀਂ ਹੈ ਜਿਸ ਬਾਰੇ ਐਗਜ਼ਿਟ ਇਮਤਿਹਾਨ ਵਿੱਚ ਮੁਲਾਂਕਣ ਕੀਤਾ ਜਾਂਦਾ ਹੈ ਤਾਂ ਪ੍ਰੀਖਿਅਕ ਇਸ ਟੈਸਟ ਦੀ ਜ਼ਰੂਰਤ ਨੂੰ 24 ਮਹੀਨਿਆਂ ਲਈ ਅੱਗੇ ਪਾ ਸਕਦਾ ਹੈ ਅਤੇ ਉਸ ਵਿਦਿਆਰਥੀ ਨੂੰ ਘੱਟ ਤੋਂ ਘੱਟ 6 ਮਹੀਨੇ ਲਈ ਕੈਲਫਿਰਨੀਆਂ ਦੇ ਪਬਲਿਕ ਸਕੂਲ ਵਿੱਚ ਅੰਗਰੇਜ਼ੀ ਭਾਸ਼ਾ ਦੀ ਸਿੱਖਿਆ ਰੀਡਿੰਗ, ਰਾਈਟਿੰਗ, ਅਤੇ ਕੰਪਰੀਹੈਂਸ਼ਨ ਦੀ ਸਿਖਲਾਈ ਲੈਣੀ ਪਵੇਗੀ। (ਐਜੂਕੇਸ਼ਨ ਕੋਡ 60852)

ਟੈਸਟ ਸਾਈਟ ਤੇ ਟੈਸਟ ਦੇਣ ਵਾਲੇ ਪ੍ਰੀਖਿਅਕ ਦੀ ਜਿੰਮੇਵਾਰੀ ਹੈ ਕਿ ਉਹ ਟੈਸਟ ਲੈਣ ਵਾਲੇ ਵਿਦਿਆਰਥੀ ਦੀ ਚੰਗੀ ਤਰਾਂ ਪਛਾਣ ਕਰੇ, ਉਸਦਾ ਤਸਵੀਰ ਵਾਲਾ ਆਈ ਡੀ ਕਾਰਡ ਦੇਖ ਕੇ ਜਾਂ ਡਿਸਟ੍ਰਿਕਟ ਦੇ ਕਿਸੇ ਕ੍ਰਮਚਾਰੀ ਦੀ ਪਛਾਣ ਦੀ ਮਦਦ ਨਾਲ। ( 5 ਸੀ ਸੀ ਆਰ 1203)

ਜੇਕਰ ਕੋਈ ਵੀ ਵਿਦਿਆਰਥੀ ਇਹ ਟੈਸਟ ਕਰਦੇ ਸਮੇਂ ਕਿਸੇ ਹੋਰ ਵਿਦਿਆਰਥੀ ਦੀ ਮਦਦ ਕਰਦਾ, ਧੋਖਾ ਕਰਦਾ ਜਾਂ ਟੈਸਟ ਦੀ ਸਕਿਉਰਿਟੀ ਨੂੰ ਖਤਰੇ ਵਿਚ ਪਾਉਦਾ ਫੜ ਹੋਇਆ ਤਾਂ ਉਸ ਨੂੰ ਇਸ ਟੈਸਟ ਦਾ ਕੋਈ ਸਕੋਰ ਨਹੀਂ ਮਿਲੇਗਾ। (5 ਸੀ ਸੀ ਆਰ 1220)

**ਸਾਰੇ ਵਿਦਿਆਰਥੀਆਂ ਲਈ ਟੈਸਟਿੰਗ ਵੇਰੀਏਸ਼ਨ (ਭਿੰਨਤਾ)**

ਸੁਪਰਿਨਟੈਂਡੈਨਟ ਜਾਂ ਨਿਯੁਕਤ ਕੀਤਾ ਵਿਅਕਤੀ ਕਿਸੇ ਵੀ ਵਿਦਿਆਰਥੀ ਨੂੰ ਟੈਸਟ ਕਰਨ ਲਈ ਟੈਸਟ ਵਾਲੇ ਦਿਨ ਜਿਆਦਾ ਸਮਾਂ, ਟੈਸਟ ਕਰਨ ਲਈ ਸਾਦੀਆਂ ਹਿਦਾਇਤਾਂ ਜਾਂ ਹਿਦਾਇਤਾਂ ਨੂੰ ਸਮਝਾਉਣਾ, ਜਾਂ ਕਿਸੇ ਵੀ ਵਿਦਿਆਰਥੀ ਨੂੰ ਟੈਸਟ ਬੁੱਕ ਵਿੱਚ ਮਾਰਕ ਕਰਨ ਦੇ ਸਕਦਾ ਹੈ। ( 5 ਸੀ ਸੀ ਆਰ 1215)

ਇੱਕ ਵਿਦਿਆਰਥੀ ਨੂੰ ਹੇਠ ਲਿਖੀਆਂ ਟੈਸਟਿੰਗ ਵੇਰੀਏਸ਼ਨਜ਼ ( ਭਿੰਨਤਾ) ਵੀ ਟੇਸਟ ਵੇਲੇ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ, ਜੇਕਰ ਉਹ ਰੋਜ਼ਾਨਾ ਇਹਨਾ ਦੀ ਵਰਤੋਂ ਕਲਾਸ ਵਿੱਚ ਕਰਦੇ ਹਨ। ( 5 ਸੀ ਸੀ ਆਰ 1215)

1) ਸਪੈਸ਼ਲ ਜਾਂ ਖਾਸ ਤਰਾਂ ਦਾ ਫਰਨੀਚਰ

2) ਖਾਸ ਕਿਸਮ ਦੀ ਲਾਈਟ, ਆਵਾਜ਼ੀ ਲਹਿਰਾਂ, ਦੇਖਣ ਸਬੰਧੀ, ਸੁਨਣ ਸਬੰਧੀ

3) ਵੱਖਰੀ ਕੈਬਿਨ ਜਾਂ ਸਟੱਡੀ ਗਾਈਡ

4) ਵੱਖਰੇ ਕਮਰੇ ਵਿੱਚ ਇਕੱਲੇ ਵਿਦਿਆਰਥੀ ਨੂੰ ਟੈਸਟ ਦੇਣਾ ਜਿਸ ਨੂੰ ਸਕਿਉਰਿਟੀ ਐਫੀਡੈਵਿਟ ਸਾਇਨ ਕੀਤੇ ਕ੍ਰਮਚਾਰੀ ਵੱਲੋਂ ਸੁਪਰਵਾਈਜ਼ਡ ਕੀਤਾ ਜਾਵੇ

5) ਰੰਗ ਵਾਲਾ ਓਵਰਲੇ, ਮਾਸਕ ਜਾਂ ਕੁਝ ਹੋਰ, ਜੋ ਵਿਦਿਆਰਥੀ ਦਾ ਧਿਆਨ ਟੈਸਟ ਵੱਲ ਰੱਖੇ

6) ਹਿਦਾਇਤਾਂ ਦੇਣ ਲਈ ਅਮਰੀਕਨ ਸਾਈਨ ਲੈਂਗਵਿਜ਼ ਜਾਂ ਮੈਨੂਅਲ ਕੋਡਡ ਇੰਗਲਿਸ਼

ਟੈਸਟ ਦੀ ਤਾਰੀਖ ਤੋਂ ਘੱਟ ਤੋਂ ਘੱਟ 30 ਦਿਨ ਪਹਿਲਾਂ ਸੁਪਰਿਨਟੈਂਡੈਨਟ ਜਾਂ ਨਿਯੁਕਤ ਵਿਅਕਤੀ ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ ਨੂੰ ਸੁਝਾਓ ਵਾਲੀ ਵੇਰੀਏਸ਼ਨ ਦਾ ਕੇਸ ਬਾਈ ਕੇਸ ਨਿਰੀਖਣ ਕਰਨ ਲਈ ਬੇਨਤੀ ਕਰਨਗੇ, ਜਿਸ ਦਾ ਕਾਨੂੰਨ ਵਿੱਚ ਵਿਸ਼ੇਸ਼ ਤੌਰ ਤੇ ਵੇਰਵਾ ਨਹੀਂ ਹੈ। ਇੱਕ ਬੇਨਤੀ ਪੱਤਰ ਵਿੱਚ ਬੇਨਤੀ ਕਰਨ ਦੇ ਕਾਰਨ ਦੀ ਖਾਸ ਕਾਰਨ ਦੀ ਵਿਆਖਿਆ, ਅਤੇ ਜੇਕਰ ਲਾਗੂ ਹੁੰਦਾ ਹੈ ਤਾਂ ਵਿਦਿਆਰਥੀ ਦੇ ਇੰਡਿਵਿਜੂਅਲ ਐਜੂਕੇਸ਼ਨ ਪ੍ਰੋਗਰਾਮ ਵਿੱਚ ਦਾਖਲ ਹੋਣ ਦਾ ਸਰਟੀਫਿਕੇਟ, ਜਾਂ 504 ਪਲੈਨ ਜਿਸ ਵਿੱਚ ਇਹ ਦੱਸਿਆ ਗਿਆ ਹੋਵੇ ਕਿ ਇਹ ਭਿੰਨਤਾ, ਇਮਤਿਹਾਨ ਲੈਣ ਲਈ ਵਿਦਿਆਰਥੀ ਦੀ ਅਸਮਰੱਥਾ ਦੇ ਅਨੁਸਾਰ ਢੁੱਕਵੀਂ ਹੈ ਅਤੇ ਅਜਿਹੀ ਭਿੰਨਤਾ ਉਸਦੀ ਆਈ ਈ ਪੀ ਅਤੇ ਜਾਂ 504 ਪਲੈਨ ਵਿੱਚ ਲਿਖੀ ਹੋਈ ਹੈ। (5 ਸੀ ਸੀ ਆਰ 1218)

**ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਲਈ ਟੈਸਟਿੰਗ ਵੇਰੀਏਸ਼ਨ**

ਸਾਰੇ ਵਿਦਿਆਰਥੀਆਂ ਲਈ ਟੈਸਟਿੰਗ ਵੇਰੀਏਸ਼ਨ ਦੀ ਆਗਿਆ ਦੇ ਨਾਲ ਨਾਲ , ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਲਈ ਹੇਠ ਲਿਖੀਆਂ ਟੈਸਟਿੰਗ ਵੇਰੀਏਸ਼ਨਜ਼ ਦੀ ਸਹੂਲਤ ਹੋ ਸਕਦੀ ਹੈ, ਜੇਕਰ ਉਹ ਰੋਜ਼ਾਨਾ ਇਹਨਾ ਦੀ ਵਰਤੋਂ ਕਲਾਸ ਵਿੱਚ ਕਰਦੇ ਹਨ ਜਾਂ ਅਸੈਸਮੈਂਟ ਲਈ। ( 5 ਸੀ ਸੀ ਆਰ 1217)

1) ਫਲੈਕਸੀਬਲ ਸੈਟਿੰਗ: ਅੰਗਰੇਜ਼ੀ ਸਿੱਖਣ ਵਾਲਿਆਂ ਨੂੰ ਵੱਖਰੇ ਕਮਰੇ ਵਿੱਚ ਹੋਰ ਅੰਗਰੇਜ਼ੀ ਸਿੱਖਣ ਵਾਲੇ ਵਿਦਿਆਰਥੀਆਂ ਨਾਲ ਕਿਸੇ ਕ੍ਰਮਚਾਰੀ ਦੀ ਸਿੱਧੀ ਦੇਖ-ਰੇਖ ਵਿੱਚ, ਜਿਸਨੇ ਟੈਸਟ ਸਕਿਉਰਿਟੀ ਐਫੀਡੇਵਿਟ ਸਾਈਨ ਕੀਤਾ ਹੋਵੇ, ਟੈਸਟ ਦਿੱਤਾ ਜਾ ਸਕਦਾ ਹੈ।

2) ਫਲੈਕਸੀਬਲ ਸਕੈਜੂਅਲ: ਅੰਗਰੇਜ਼ੀ ਸਿੱਖਣ ਵਾਲਿਆਂ ਨੂੰ ਟੈਸਟ ਵਾਲੇ ਦਿਨ ਵਿੱਚ ਪ੍ਰੀਖਿਅਕ ਦੀ ਨਿਗਰਾਨੀ ਹੇਠ ਬ੍ਰੇਕ ਦਿੱਤੀ ਜਾ ਸਕਦੀ ਹੈ।

3) ਫਲੈਕਸਬਿਲ ਸਮਾਂ: ਅੰਗਰੇਜ਼ੀ ਸਿੱਖਣ ਵਾਲਿਆਂ ਨੂੰ ਟੈਸਟ ਵਾਲੇ ਦਿਨ ਟੈਸਟ ਪੂਰਾ ਕਰਨ ਲਈ ਵਾਧੂ ਸਮਾਂ ਦਿੱਤਾ ਜਾ ਸਕਦਾ ਹੈ।

4) ਟ੍ਰਾਂਸਲੇਟਿਡ ਡਾਇਰੈਕਸ਼ਨਾ: ਅੰਗਰੇਜ਼ੀ ਸਿੱਖਣ ਵਾਲਿਆਂ ਨੂੰ ਟੈਸਟ ਦੀਆਂ ਹਿਦਾਇਤਾਂ ਅਤੇ ਜਾਂ ਟੈਸਟ ਕੋਨਟਰੈਕਟਰ ਉਹਨਾ ਦੀ ਮੁਢਲੀ ਭਾਸ਼ਾ ਵਿੱਚ ਪੜ੍ਹ ਕੇ ਸੁਣਾਇਆ ਜਾ ਸਕਦਾ ਹੈ। ਅੰਗਰੇਜ਼ੀ ਸਿੱਖਣ ਵਾਲੇ ਟੈਸਟ ਦੀਆਂ ਹਿਦਾਇਤਾਂ ਬਾਰੇ ਕੋਈ ਵੀ ਪ੍ਰਸ਼ਨ ਆਪਣੀ ਮੁਢਲੀ ਭਾਸ਼ਾ ਵਿੱਚ ਪੁਛ ਸਕਦੇ ਹਨ।

5) ਗਲਾਸਰੀਜ਼: ਅੰਗਰੇਜ਼ੀ ਸਿੱਖਣ ਵਾਲੇ ਗਲਾਸਰੀ (ਸ਼ਬਦ-ਸੰਗ੍ਰਹਿ) (ਅੰਗਰੇਜ਼ੀ ਤੋਂ ਆਪਣੀ ਮੁਢਲੀ ਭਾਸ਼ਾ ਵਿੱਚ) ਨੂੰ ਆਪਣੀ ਮੁਢਲੀ ਭਾਸ਼ਾ ਵਿੱਚ ਦੇਖ ਸਕਦੇ ਹਨ। ਇਸ ਗਲਾਸਰੀ ਵਿੱਚ ਕੇਵਲ ਅੰਗਰੇਜ਼ੀ ਦੇ ਅੱਖਰ ਜਾਂ ਕਥਨ ਵਿਦਿਆਰਥੀ ਦੀ ਮੁਢਲੀ ਭਾਸ਼ਾ ਦੇ ਅੱਖਰ ਜਾਂ ਕਥਨਾ ਵਿੱਚ ਹੋ ਸਕਦੇ ਹਨ। ਗਲੋਸਰੀ ਵਿੱਚ ਕੋਈ ਵੀ ਪ੍ਰੀਭਾਸ਼ਾ ਜਾਂ ਫਾਰਮੂਲਾ ਨਹੀਂ ਹੋ ਸਕਦਾ।

**ਡਿਸਅਬਿਲਿਟੀ ਵਾਲੇ ਵਿਦਿਆਰਥੀਆਂ ਲਈ ਅਕਾਮੋਡੇਸ਼ਨ/ਮੋਡੀਫਿਕੇਸ਼ਨ**

ਐਗਜ਼ਿਟ ਇਮਤਿਹਾਨ, ਸਟੈਂਡੇਰਾਈਜ਼ਡ ਟੈਸਟਿੰਗ ਜਾਂ ਕਲਾਸਰੂਮ ਇਨਸਟਰੱਕਸ਼ਨ ਅਤੇ ਅਸੈਸਮੈਂਟ ਲਈ ਕਿਸੇ ਵੀ ਡਿਸਅਬਿਲਿਟੀ ਵਾਲੇ ਵਿਦਿਆਰਥੀ ਨੂੰ ਅਕਾਮੋਡੇਸ਼ਨ / ਮੋਡੀਫਿਕੇਸ਼ਨ ਨਾਲ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ, ਜਦੋਂ ਉਸ ਵਿਦਿਆਰਥੀ ਦੇ ਵਿਅਕਤਕ ਸਿਖਿਅਕ ਪ੍ਰੋਗਰਾਮ (ਆਈ ਇ ਪੀ) ਜਾਂ ਉਸ ਲਈ ਇਹਨਾ ਸੇਵਾਵਾਂ ਦੀ ਵਰਤੋਂ ਸੈਕਸ਼ਨ 504 ਯੋਜਨਾ ਵਿੱਚ ਖਾਸ ਤੌਰ ਤੇ ਬਿਆਨੀਆਂ ਗਈਆਂ ਹੋਣ। (ਐਜੂਕੇਸ਼ਨ ਕੋਡ 60850; 5 ਸੀ ਸੀ ਆਰ 1215 .5, 1216)

ਅਕਾਮੋਡੇਸ਼ਨਜ਼ ਦੀ ਵਰਤੋਂ ਕਿਸੇ ਵਿਦਿਆਰਥੀ ਦੇ ਟੈਸਟ ਸਕੋਰਾਂ ਨੂੰ ਅਪ੍ਰਮਾਣਕ ਨਹੀਂ ਠਹਿਰਾ ਸਕਦੀ। ਅਕਾਮੋਡੇਸ਼ਨ ਵਿੱਚ ਹੇਠ ਲਿਖੀਆਂ ਗੱਲਾਂ ਹੋ ਸਕਦੀਆਂ ਹਨ: (5 ਸੀ ਸੀ ਆਰ 1215 .5)

1) ਅਕਾਮੋਡੇਸ਼ਨਜ਼ ਵਿੱਚ ਪੇਸ਼ ਹੋ ਸਕਦੀਆਂ ਹਨ, 20 ਪੁਆਇੰਟ ਫਾਂਟ ਵਾਲੇ ਵੱਡੇ ਅੱਖਰ, ਵੱਡੀਆਂ ਟੈਸਟ ਆਈਟਮਾਂ ਜੇਕਰ 20 ਪੁਆਇੰਟ ਫਾਂਟ ਤੋਂ ਜਿਆਦਾ ਵੱਡੇ ਅੱਖਰਾਂ ਦੀ ਲੋੜ ਹੋਵੇ, ਟੈਸਟ ਕੋਨਟਰੈਕਟਰ ਵੱਲੋਂ ਬ੍ਰੇਲ-ਲਿਖਤ ਪ੍ਰਦਾਨ ਕੀਤੀ ਜਾਣੀ, ਇਮਤਿਹਾਨ ਦੇ ਮੈਥ ਵਾਲੇ ਭਾਗ ਦੀ ਉੱਚੀ ਜਾਂ ਜ਼ੁਬਾਨੀ ਪੇਸ਼ਕਸ਼, ਜਾਂ ਮੈਥ ਦੇ ਪ੍ਰਸ਼ਨ ਦੱਸਣ ਲਈ ਮੈਨੂਅਲ ਕੋਡਡ ਇੰਗਲਿਸ਼ ਜਾਂ ਅਮੈਰੀਕਨ ਸਾਈਨ ਲੈਂਗਵਿਜ਼ ਦੀ ਵਰਤੋਂ ਕਰਨੀ।

2) ਰਿਸਪੌਂਸ ਅਕਾਮੋਡੇਸ਼ਨਜ਼, ਜਿਸ ਵਿੱਚ ਟੈਸਟ ਬੁਕ ਵਿੱਚ ਹੀ ਜੁਆਬ ਲਿਖਣੇ ਅਤੇ ਫਿਰ ਕਿਸੇ ਸਕਿਉਰਿਟੀ ਐਫੀਡੇਵਿਟ ਸਾਈਨ ਕਰਨ ਵਾਲੇ ਕ੍ਰਮਚਾਰੀ ਵੱਲੋਂ ਜੁਆਬ ਸ਼ੀਟ ਤੇ ਉਤਾਰੇ ਜਾਣੇ; ਮੈਨੁਅਲ ਕੋਡਡ ਇੰਗਲਿਸ਼ ਜਾਂ ਅਮੈਰੀਕਨ ਸਾਈਨ ਲੈਂਗਵਿਜ਼ ਰਾਹੀਂ ਜ਼ੁਬਾਨੀ ਜੁਆਬ ਲਿਖਾਉਣੇ (ਟੈਸਟ ਪ੍ਰਸ਼ਨਾ ਦੇ ਜੁਆਬ ਲਈ ਬਹੁਤੇ ਜੁਆਬਾਂ ਵਿੱਚੋਂ ਇੱਕ ਦੀ ਚੋਣ ਕਰਨੀ); ਮੈਨੁਅਲ ਕੋਡਡ ਇੰਗਲਿਸ਼ ਜਾਂ ਅਮੈਰੀਕਨ ਸਾਈਨ ਲੈਂਗਵਿਜ਼ ਰਾਹੀਂ, ਸੁਨਣ ਯੰਤਰ ਰਾਹੀਂ, ਜਾਂ ਟੈਸਟ ਦੇ ਲਿਖਤੀ ਭਾਗ ਵਿੱਚ ਸਪੀਚ -ਟੂ –ਟੈਸਟ ਬਦਲਾਓ, ਜਿਸ ਵਿੱਚ ਸਪੈਲਿੰਗ ਅਤੇ ਵਾਕ ਵਿਦਿਆਰਥੀ ਵੱਲੋਂ ਦੱਸੇ ਜਾਣ, ਟੈਸਟ ਦੇ ਲਿਖਤੀ ਭਾਗ ਵਿੱਚ ਵਰਡ ਪ੍ਰੋਸੈਸਿੰਗ ਸੋਫਟਵੇਅਰ ਵਿੱਚ ਸਪੈਲਿੰਗ ਅਤੇ ਗਰਾਮਰ ਟੂਲ ਬੰਦ ਕੀਤੇ ਜਾਣ ਜਾਂ ਕੋਈ ਵੀ ਸਹਾਇਤਾ ਯੰਤਰ ਨਾ ਹੋਵੇ ਜੋ ਵਿਦਿਆਰਥੀ ਦੇ ਆਪਣੇ ਆਪ ਟੈਸਟ ਕਰਨ ਵਿੱਚ ਅੜਚਣ ਪਾਵੇ।

3) ਸਕੈਜ਼ੂਅਲਿੰਗ/ਟਾਈਮਿੰਗ ਅਕਾਮੋਡੇਸ਼ਨਜ਼, ਟੈਸਟ ਕੋਨਟਰੇਕਟਰ ਨਾਲ ਗੱਲ ਕਰਨ ਤੋਂ ਬਾਅਦ ਟੈਸਟ ਕਰਨ ਲਈ ਇੱਕ ਦਿਨ ਤੋਂ ਜਿਆਦਾ ਸਮਾਂ ਦੇਣਾ, ਟੈਸਟ ਕਰਦੇ ਸਮੇਂ ਸੁਪਰਵਾਈਜ਼ਡ ਬ੍ਰੇਕ ਦੇਣੀ, ਜਾਂ ਟੈਸਟ ਕੋਨਟਰੈਕਟਰ ਦੀ ਸਲਾਹ ਨਾਲ ਵਿਦਿਆਰਥੀ ਦੇ ਫਾਇਦੇ ਬਾਰੇ ਸੋਚ ਕੇ ਦਿਨ ਵਿੱਚ ਅਨੁਕੂਲ ਸਮੇਂ ਟੈਸਟ ਦੇਣਾ।

4) ਸੈਟਿੰਗ ਅਕਾਮੋਡੇਸ਼ਨ , ਵਿਦਿਆਰਥੀ ਨੂੰ ਹਸਪਤਾਲ ਜਾਂ ਘਰ ਵਿੱਚ ਟੈਸਟ ਦੇਣਾ।

ਹਾਈ ਸਕੂਲ ਦਾ ਡਿਪਲੋਮਾਂ ਪ੍ਰਾਪਤ ਕਰਨ ਲਈ ਮੋਡੀਫਿਕੇਸ਼ਨ ਦੀ ਵਰਤੋਂ ਕਿਸੇ ਵਿਦਿਆਰਥੀ ਦੇ ਟੈਸਟ ਸਕੋਰਾਂ ਨੂੰ ਅਪ੍ਰਮਾਣਿਕ ਠਹਿਰਾ ਸਕਦੀ ਹੈ, ਜਿਸ ਸੈਕਸ਼ਨ ਲਈ ਮੋਡੀਫਿਕੇਸ਼ਨਾ ਦੀ ਵਰਤੋਂ ਕੀਤੀ ਗਈ ਹੋਵੇ। ਜੇਕਰ ਸਕੋਰ ਪਾਸਿੰਗ ਸਕੋਰਾਂ ਦੇ ਬਰਾਬਰ ਹਨ ਤਾਂ ਵਿਦਿਆਰਥੀ ਛੋਟ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਸਕਦਾ ਹੈ। ਮੋਡੀਫਿਕੇਸ਼ਨ ਵਿੱਚ ਹੇਠ ਲਿਖੀਆਂ ਗੱਲਾਂ ਹੋ ਸਕਦੀਆਂ ਹਨ: (5 ਸੀ ਸੀ ਆਰ 1216)

1) ਟੈਸਟ ਦੇ ਮੈਥ ਦੇ ਹਿੱਸੇ ਲਈ, ਹਿਸਾਬ ਸਬੰਧੀ ਪਹਾੜੇ, ਕੈਲਕੂਲੇਟਰ, ਹਿਸਾਬ ਦੇ ਸੁਆਲ ਕੱਢਣ ਦੇ ਢੰਗ

2) ਟੈਸਟ ਦੇ ਇੰਗਲਿਸ਼ ਲੈਂਗਵਿਜ਼ ਆਰਟਸ ਦੇ ਹਿੱਸੇ ਲਈ ਸੁਨਣ-ਯੰਤਰ ਜਾਂ ਜ਼ੁਬਾਨੀ ਪੇਸ਼ਕਸ਼

3) ਮੈਨੁਅਲ ਕੋਡਡ ਇੰਗਲਿਸ਼ ਜਾਂ ਅਮੈਰੀਕਨ ਸਾਈਨ ਲੈਂਗਵਿਜ਼ ਰਾਹੀ ਟੈਸਟ ਦੇ ਇੰਗਲਿਸ਼ ਲੈਂਗਵਿਜ਼ ਆਰਟਸ ਦੇ ਹਿੱਸੇ ਦੇ ਪ੍ਰਸ਼ਨ ਪੇਸ਼ ਕਰਨੇ

4) ਟੈਸਟ ਦੇ ਲਿਖਤੀ ਹਿੱਸੇ ਵਿੱਚ ਠੀਕ ਲਿਖਤ ਲਈ ਵਰਡ ਪ੍ਰੋਸੈਸਿੰਗ ਸੋਫਟਵੇਅਰ ਵਿੱਚ ਸਪੈਲਿੰਗ ਅਤੇ ਗਰਾਮਰ ਟੂਲ ਪਰਦਾਨ ਕਰਨੇ

5) ਟੈਸਟ ਲਈ ਵਿਦਿਆਰਥੀ ਦੇ ਜੁਆਬ ਰੀਕਾਰਡ ਕਰਨ ਲਈ ਮਕੈਨੀਕਲ ਜਾਂ ਇਲੈਕਟਰੋਨਿਕ ਯੰਤਰ ਜਾਂ ਹੋਰ ਸਹਾਇਕ ਯੰਤਰ ਜਿਹਨਾ ਦੀ ਆਮ ਵਰਤੋਂ ਨਾ ਕੀਤੀ ਜਾਂਦੀ ਹੋਵੇ, ਨਿਸ਼ਾਨ ਲਾਉਣੇ, ਨਕਲ ਉਤਾਰਨੀ, ਆਵਾਜ਼ ਪਛਾਨਣੀ, ਜਾਂ ਆਵਾਜ਼ ਤੋਂ ਲਿਖਤ ਵਿੱਚ ਬਦਲਣ ਲਈ ਸੋਫਟਵੇਅਰ ਸ਼ਾਮਿਲ ਹਨ, ਪਰ ਸੀਮਿਤ ਨਹੀਂ, ਅਤੇ ਜੋ ਵਿਦਿਆਰਥੀ ਦੀਆਂ ਗਲਤੀਆਂ ਦੀ ਪਛਾਣ ਕਰੇ ਅਤੇ ਜਾਂ ਟੈਸਟ ਦੇ ਲਿਖਤੀ ਭਾਗ ਵਿੱਚ ਸਪੈਲਿੰਗ, ਗਰਾਮਰ , ਅਤੇ ਵਾਕ ਠੀਕ ਕਰਨ ਵਿੱਚ ਸਹਾਇਕ ਹੋਵੇ

6) ਰਿਸਪੌਂਸ ਜੁਬਾਨੀ ਲਿਖਾਉਣੇ, ਮੈਨੁਅਲ ਕੋਡਡ ਇੰਗਲਿਸ਼ ਜਾਂ ਅਮੈਰੀਕਨ ਸਾਈਨ ਲੈਂਗਵਿਜ਼ ਰਾਹੀ ਲੇਖ ਦੇ ਜੁਆਬ ਜੁਬਾਨੀ ਲਿਖਾਉਣੇ ਨਿਸ਼ਾਨ ਲਾਉਣੇ, ਜੋ ਸਪੈਲਿੰਗ, ਗਰਾਮਰ , ਅਤੇ ਵਾਕ ਠੀਕ ਕਰਨ ਵਿੱਚ ਸਹਾਇਤਾ ਪ੍ਰਦਾਨ ਕਰੇ

7) ਟੈਸਟ ਦੇ ਕਿਸੇ ਵੀ ਭਾਗ ਲਈ ਸ਼ਬਦਕੋਸ਼ (ਡਿਕਸ਼ਨਰੀ)

2009-2010 ਸਕੂਲੀ ਸਾਲ ਦੇ ਸ਼ੁਰੂ ਵਿੱਚ, ਗ੍ਰੈਜੂਏਟ ਹੋਣ ਦਾ ਡਿਪਲੋਮਾਂ ਹਾਂਸਲ ਕਰਨ ਲਈ ਕੇਹਸੀ ਇਮਤਿਹਾਨ ਪਾਸ ਕਰਨ ਦੀ ਜ਼ਰੂਰਤ ਦੀ ਸ਼ਰਤ ਤੋਂ ਡਿਸਅਬਿਲਿਟੀ ਵਾਲੇ ਪਾਤਰ ਵਿਦਿਆਰਥੀਆਂ, ਜੋ ਆਈ ਈ ਪੀ (ਇੰਡਵਿਜੂਅਲਾਈਜ਼ਡ ਐਜੂਕੇਸ਼ਨ ਪਲੈਨ) ਜਾਂ ਸੈਕਸ਼ਨ 504 ਪਲੈਨ ਵਿੱਚ ਹਨ, ਈ ਸੀ ਸੈਕਸ਼ਨ 60852. 3 ਦੇ ਅਨੁਸਾਰ ਉਹਨਾ ਨੂੰ ਇਸ ਇਮਤਿਹਾਨ ਦੀ ਜ਼ਰੂਰਤ ਤੋਂ ਛੋਟ ਪ੍ਰਦਾਨ ਕੀਤੀ ਗਈ ਹੈ। ਆਈ ਈ ਪੀ (ਇੰਡਵਿਜੂਅਲਾਈਜ਼ਡ ਐਜੂਕੇਸ਼ਨ ਪਲੈਨ) ਜਾਂ ਸੈਕਸ਼ਨ 504 ਪਲੈਨ ਵਿੱਚ ਲਿਖਿਆ ਹੋਣਾ ਚਾਹੀਦਾ ਹੈ ਕਿ ਵਿਦਿਆਰਥੀ ਹਾਈ ਸਕੂਲ ਦਾ ਡਿਪਲੋਮਾਂ ਪ੍ਰਾਪਤ ਕਰ ਸਕਦਾ ਹੈ, ਅਤੇ ਉਹ 1 ਜੁਲਾਈ, 2009 ਨੂੰ ਜਾਂ ਉਸਤੋਂ ਬਾਅਦ ਸਟੇਟ ਅਤੇ ਲੋਕਲ ਰਿਕੁਆਈਰਮੈਂਟਾਂ ਪੂਰੀਆਂ ਕੀਤੀਆਂ ਹਨ ਜਾਂ ਪੂਰੀਆਂ ਕਰੇਗਾ।

## ਰਿਕੌਰਡ

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਟੈਸਟ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿੱਿਆਰਥੀ ਦੇ ਡੇਟੇ ਦਾ ਸੰਖੇਪ ਬਿਓਰਾ ਇਕ ਫਾਈਲ ਵਿੱਚ ਬਰਕਰਾਰ ਹਰੇਕ ਰਖਣਗੇ। ਹਰੇਕ ਟੈਸਟ ਜੋ ਦਿੱਤਾ ਗਿਆ ਹੈ ਉਸ ਦੇ ਅੰਗਰੇਜ਼ੀ ਵਾਲੇ ਹਿੱਸੇ ਇੰਗਲਿਸ਼ ਲੈਂਙਗਵਿਜ ਆਰਟਸ ਅਤੇ ਹਿਸਾਬ ਦੇ ਹਿੱਸੇ ਦੇ ਡੈਟੇ ਦੀ ਫਾਇਲ ਵਿੱਚ ਹੇਠ ਲਿਖੀ ਸਾਰੀ ਜਾਣਕਾਰੀ ਸ਼ਾਮਿਲ ਹੋਣੀ ਚਾਹੀਦੀ ਹੈ। (5 ਸੀ ਸੀ ਆਰ 1205)

1. ਇਮਤਿਹਾਨ ਦਾ ਹਰੇਕ ਹਿੱਸਾ ਜਿਸ ਤਾਰੀਖ ਨੂੰ ਦਿਤਾ ਗਿਆ ਉਹ ਤਾਰੀਖਾਂ।

2. ਇਮਤਿਹਾਨ ਦਾ ਹਰੇਕ ਹਿੱਸਾ ਲੈਣ ਵਾਲੇ ਹਰੇਕ ਵਿੱਦਿਆਰਥੀ ਦਾ ਪੂਰਾ ਨਾਂ।

3. ਜਿਸ ਸਮੇਂ ਵਿੱਦਿਆਰਥੀ ਨੇ ਇਮਤਿਹਾਨ ਦੇ ਜਿਸ ਹਿੱਸੇ ਲਈ ਇਮਤਿਹਾਨ ਲਿਆ ਉਸ ਦਮੇਂ ਦੇ ਗ੍ਰੇਡ ਬਾਰੇ ਜਾਣਕਾਰੀ ।

4. ਵਿੱਦਿਆਰਥੀ ਨੇ ਕਾਮਯਾਬੀ ਨਾਲ ਸ਼ਰਤਾਂ ਪੂਰੀਆਂ ਕਰਕੇ ਇਮਤਿਹਾਨ ਦੇ ਜਿਸ ਹਿੱਸੇ ਨੂੰ ਪਾਸ ਕਰ ਲਿਆ ਹੈ, ਉਸਦੇ ਬਾਰੇ ਜਾਣਕਾਰੀ ਵੀ ਸ਼ਾਮਿਲ ਕੀਤੀ ਜਾਵੇ।

ਇਨ੍ਹਾਂ ਤੋਂ ਇਲਾਵਾ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਟੈਸਟ ਕੌਨਟਰੈਕਟਰ ਨੂੰ ਵਿੱਦਿਆਰਥੀ ਬਾਰੇ 5 ਸੀ ਸੀ ਆਰ 1207 ਵਿੱਚ ਦਸੀ ਨਿਸ਼ਚਤ ਜਨ-ਅੰਕੜਿਆਂ ਸਬੰਧਿਤ ਜਾਣਕਾਰੀ ਵੀ ਦੇਣਗੇ।

ਟੈਸਟ ਕੌਨਟਰੈਕਟਰ ਤੋਂ ਇਲੈਕਟਰੌਨਕ ਡੇਟਾ ਫਾਇਲਾਂ ਹਾਸਲ ਕਰਨ ਦੇ 60 ਦਿਨਾਂ ਦੇ ਵਿੱਚ-ਵਿੱਚ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹੇਠ ਲਿਖੀ ਜਾਣਕਾਰੀ ਵਿੱਦਿਆਰਥੀ ਦੇ ਪੱਕੇ ਰਿਕੌਰਡਾਂ ਵਿੱਚ ਲਿਖ ਦੇਣਗੇ। (5 ਸੀ ਸੀ ਆਰ 1206)

1. ਜਿਸ ਤਾਰੀਖ ਨੂੰ ਵਿੱਦਿਆਰਥੀ ਨੇ ਜਿਹੜਾ ਸੈਕਸ਼ਨ ਲਿਆ।

2. ਕੀ ਵਿੱਦਿਆਰਥੀ ਨੇ ਕਾਮਯਾਬੀ ਨਾਲ ਸ਼ਰਤਾਂ ਪੂਰੀਆਂ ਕਰਕੇ ਇਮਤਿਹਾਨ ਦਾ ਹਰੇਕ ਹਿੱਸਾ ਪਾਸ ਕਰ ਲਿਆ ਹੈ ਜਾਂ ਜਿਹੜਾ ਪਾਸ ਕੀਤਾ ਹੈ ਉਸਦੇ ਬਾਰੇ ਜਾਣਕਾਰੀ ।

## ਸੂਚਨਾਪੱਤਰ:

ਹਰੇਕ ਸਕੂਲੀ ਸਾਲ ਦੇ ਸ਼ੁਰੂ ਵਿੱਚ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, 9-12 ਗ੍ਰੇਡਾਂ ਦੇ ਸਾਰੇ ਵਿੱਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਗਾਰਡੀਅਨਾਂ ਨੂੰ ਐਗਜ਼ਿਟ ਇਮਤਿਹਾਨ ਪਾਸ ਕਰਨ ਸਬੰਧੀ ਸਾਰੀਆਂ ਸ਼ਰਤਾਂ ਬਾਰੇ ਲਿਖਤੀ ਜਾਣਕਾਰੀ ਦੇਣ। ਜਦੋਂ ਇਕ ਵਿੱਦਿਆਰਥੀ ਕਿਸੀ ਦੂਜੀ ਜਗ੍ਹਾ ਤੋਂ ਤਬਦੀਲ ਹੋਕੇ ਡਿਸਟ੍ਰਿਕਟ ਵਿੱਚ ਸਕੂਲੀ ਸਾਲ ਸ਼ੁਰੂ ਹੋਣ ਤੇ ਬਾਅਦ ਦਾਖਲ ਹੁੰਦਾ ਹੈ ਤਾਂ ਉਸਨੂੰ ਦਾਖਲੇ ਸਮੇਂ ਐਗਜ਼ਿਟ ਇਮਤਿਹਾਨ ਦੀ ਜਾਣਕਾਰੀ ਦਿਤੀ ਜਾਵੇ। ਇਸ ਜਾਣਕਾਰੀ ਵਿੱਚ ਟੈਸਟ ਦੀ ਤਾਰੀਖ, ਉਸਨੂੰ ਪਾਸ ਕਰਨ ਸਬੰਧਿਤ ਸ਼ਰਤਾਂ, ਅਤੇ ਜ਼ਰੂਰਤਾਂ, ਅਤੇ ਇਮਤਿਹਾਨ ਨਾ ਪਾਸ ਕਰਨ ਦੇ ਫਲਸਰੂਪ ਨਤੀਜੇ, ਅਤੇ ਇਸ ਤੋਂ ਇਲਾਵਾ ਮਾਪਿਆਂ ਜਾਂ ਗਾਰਡੀਅਨ_ਨੰ ਇਹ ਵੀ ਦਸਿਆ ਜਾਵੇ ਕਿ ਗ੍ਰੈਜੂਏਟ ਹੋਣ ਲਈ ਇਹ ਇਮਤਿਹਾਨ ਲਾਜ਼ਮੀ ਤੌਰ ਤੇ ਪਾਸ ਹੋਣਾ ਚਾਹੀਦਾ ਹੈ ਕਿਉਂਕਿ ਇਹਨੂੰ ਪਾਸ ਕਰਨਾ ਗ੍ਰੈਜੂਏਸ਼ਨ ਦੀ ਇਕ ਸ਼ਰਤ ਹੈ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਦਾ ਸਬੂਤ ਅਪਣੇ ਕੋਲ ਰਖਣਗੇ ਕਿ ਇਹ ਸੂਚਨਾ ਮਾਪਿਆਂ ਅਤੇ ਗਾਰਡੀਅਨ_ਨ] ਦੇ ਦਿਤੀ ਗਈ ਹੈ। (ਐਜੂਕੇਸ਼ਨ ਕੋਡ 48980, 60850, 5ਸੀ ਸੀ ਆਰ 1208)

ਹਰ ਵਾਰੀ ਇਮਤਿਹਾਨ ਦੇਣ ਤੋਂ ਪਹਿਲੋਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ 5 ਸੀ ਸੀ ਆਰ 1220 ਦੇ ਅਨੁਸਾਰ ਵਿੱਦਿਆਰਥੀਆਂ ਨੂੰ ਨਕਲ ਕਰਨ ਦੇ ਫਲਸਰੂਪ ਸਜ਼ਾ ਦੇ ਬਾਰੇ ਜ਼ਰੂਰ ਦਸਣ। (5 ਸੀ ਸੀ ਆਰ 1220)

**2011-2012 ਸਕੂਲੀ ਸਾਲ ਦੇ ਐਗਜ਼ਿਟ ਇਮਤਿਹਾਨ ਬਾਰੇ ਜਾਣਕਾਰੀ - ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦੀਆਂ ਤਰੀਖਾਂ**

**ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦੇ ਦੋਨੋਂ ਹਿਸਿਆਂ ਨੂੰ ਪਾਸ ਕਰਨ ਵਾਸਤੇ ਵਿੱਦਿਆਰਥੀਆਂ ਲਈ ਹਰੇਕ ਵਿਸ਼ੇ ਵਿੱਚ 350 ਜਾਂ ਉਸ ਤੋਂ ਵੱਧ ਨੰਬਰ ਲੈਣੇ ਲਾਜ਼ਮੀ ਹਨ।**

| **ਇੰਗਲਿਸ਼ ਲੈਂਗਵਿਜ ਆਰਟਸ** | **ਮੈਥ(ਹਿਸਾਬ)** | **ਟੈਸਟ ਹੋਣ ਵਾਲਾ ਗ੍ਰੇਡ ਲੈਵਲ** |
|---|---|---|
| 1 ਨਵੰਬਰ, 2011 | 2 ਨਵੰਬਰ, 2011 | 2011-2012 ਦੇ 11ਵੀਂ ਅਤੇ 12ਵੀਂ ਗ੍ਰੇਡ ਦੇ ਵਿੱਦਿਆਰਥੀ ਜਿਨ੍ਹਾਂ ਨੇ ਅਜੇ ਤੱਕ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦਾ ਇੱਕ ਜਾਂ ਦੋਨੋਂ ਹਿਸੇ ਪਾਸ ਨਹੀਂ ਕੀਤੇ ਹਨ। |
| 7 ਫਰਵਰੀ, 2012 | 8 ਫਰਵਰੀ, 2012 | 2011-2012 ਦੇ 11ਅਤੇ ਬਾਰ੍ਹਵੀਂ ਗ੍ਰੇਡ ਦੇ ਵਿੱਦਿਆਰਥੀ ਜਿਨ੍ਹਾਂ ਨੇ ਅਜੇ ਤੱਕ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦਾ ਇੱਕ ਜਾਂ ਦੋਨੋਂ ਹਿਸੇ ਪਾਸ ਨਹੀਂ ਕੀਤੇ ਹਨ। |
| 13 ਮਾਰਚ, 2012 | 14 ਮਾਰਚ, 2012 | 10ਵੀਂ ਗ੍ਰੇਡ ਦੇ ਸਾਰੇ ਵਿੱਦਿਆਰਥੀ |
| 8 ਮਈ, 2012 | 9 ਮਈ, 2012 | 10 ਗ੍ਰੇਡ ਦੇ ਵਿੱਦਿਆਰਥੀਆਂ ਲਈ ਮੇਕ ਅਪ,11ਵੀਂ ਗ੍ਰੇਡ ਦੇ ਵਿਦਿਆਰਥੀਆਂ ਲਈ ਜਿਹਨਾ ਨੇ 2011-2012 ਵਿੱਚ ਦੋ ਵਾਰੀ ਟੈਸਟ ਨਹੀਂ ਲਿਆ, ਅਤੇ 12ਵੀਂ ਗ੍ਰੇਡ ਦੇ ਉਹ ਵਿੱਦਿਆਰਥੀ ਜਿਨ੍ਹਾਂ ਅਜੇ ਤੱਕ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦਾ ਇੱਕ ਜਾਂ ਦੋਨੋਂ ਹਿਸੇ ਪਾਸ ਨਹੀਂ ਕੀਤੇ ਹਨ। |

ਅੰਗਰੇਜ਼ੀ ਸਿਖਣ ਵਾਲੇ ਇੰਗਲਿਸ਼ ਲਰਨਰਜ਼ ਜਿਨ੍ਹਾਂ ਨੇ 12ਵੀਂ ਗ੍ਰੇਡ ਦੇ ਅਖੀਰ ਤੱਕ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦਾ ਇੱਕ ਜਾਂ ਦੋਨੋਂ ਹਿਸੇ ਪਾਸ ਨਹੀਂ ਕੀਤੇ ਹਨ ਉਹ ਇਨਟੈਨਸਿਵ(ਬਹੁਤ ਮਿਹਨਤ ਕਰਵਾਉਣੀ) ਸਿਖਿਅਕ ਮਦਦਗਾਰੀ ਸੇਵਾਵਾਂ ਵਿੱਚ ਹਿੱਸਾ ਲੈ ਸਕਦੇ ਹਨ। ਇਨ੍ਹਾਂ ਸੇਵਾਵਾਂ ਵਿੱਚ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਲਈ ਸਖਤ ਤਿਆਰੀ, ਅਤੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਲਈ ਤਿਆਰੀ ਕਰਵਾਉਣ ਵਾਲੀਆਂ ਕਲਾਸਾਂ ਸ਼ਾਮਿਲ ਹਨ। ਉਹ ਇਹ ਕਲਾਸਾਂ ਲਗਾਤਾਰ ਦੋਸਾਲਾਂ ਲਈ ਲੈ ਸਕਦੇ ਹਨ ਜਾਂ ਜਦ ਤੱਕ ਉਹ ਐਗੇਜ਼ਿਟ ਇਮਤਿਹਾਨ ਪਾਸ ਨਹੀਂ ਕਰਦੇ ਹਨ। ਇਨ੍ਹਾਂ ਦੋਨੋਂ ਵਿਚੋਂ ਜਿਹੜਾ ਵੀ ਪਹਿਲਾਂ ਹੋ ਜਾਵੇ। ਇਨ੍ਹਾਂ ਸਿਖਿਅਕ ਮਦਦਗਾਰੀ ਸੇਵਾਵਾਂ ਬਾਰੇ ਪਾਤਰਤਾ ਦੇ ਯੋਗ ਵਿੱਦਿਆਰਥੀਆਂ ਦੇ ਮਾਪਿਆਂ ਜਾਂ ਗਾਰਡੀਅਨਾਂ ਨੂੰ ਸਕੂਲ ਸਾਲ ਖਤਮ ਹੋਣ ਤੋਂ ਪਹਿਲੋਂ ਉਨ੍ਹਾਂ ਦੇ ਪਹਿਲੇ ਘਰ ਦੇ ਪੱਤੇ ਤੇ ਲਿਖਤੀ ਸੂਚਨਾ ਭੇਜੀ ਜਾਣੀ ਚਾਹੀਦੀ ਹੈ।
ਵਾਧੂ ਜਾਣਕਾਰੀ ਲਈ ਇਸ ਹੈਂਡਬੁਕ ਵਿੱਚ ਅਗੇ ਵਿਲੀਅਮਜ਼ ਐਕਟ ਦੀ ਸ਼ਿਕਾਇਤ ਕਰਨ ਦੀ ਇਕਸਾਰ ਕਾਰਜ-ਪ੍ਰਣਾਲੀ ਬਾਰੇ ਪੜ੍ਹੋ।

**ਸਪਲੀਮੈਂਟਲ ਇਨਸਟਰੱਕਸ਼ਨ(ਸਿਖਿਅਕ ਘਾਟ ਪੂਰੀ ਕਰਨ ਲਈ ਮਦਦਗਾਰੀ ਸਿਖਲਾਈ) ਏ ਆਰ 6179: 10 ਮਾਰਚ, 2009 ਵਿੱਚ ਰਿਵਾਈਜ਼ ਕੀਤਾ ਗਿਆ)**

ਸਿਖਿਅਕ ਘਾਟ ਪੂਰੀ ਕਰਨ ਵਾਲੀਆਂ ਸੇਵਾਵਾਂ ਦਾ ਪ੍ਰੋਗਰਾਮ ਸਕੂਲ ਦੇ ਰੈਗੂਲਰ ਸਮੇਂ ਤੋਂ ਬਾਅਦ ਉਪਲਬਧ ਕਰਵਾਇਆ ਜਾਵੇ। ਇਹ ਪ੍ਰੋਗਰਾਮ ਸਕੂਲ ਖਤਮ ਹੋਣ ਤੋਂ ਬਾਅਦ, ਸਕੂਲ ਸ਼ੁਰੂ ਹੋਣ ਤੋਂ ਪਹਿਲਾਂ, ਲੰਚ ਵੇਲੇ , ਜਾਂ ਗਰਮੀਆਂ ਦੇ ਸਮਰ ਸਕੂਲ ਵਿੱਚ ਉਪਲਬਧ ਕਰਵਾਇਆ ਜਾਵੇ। (ਐਜੂਕੇਸ਼ਨ ਕੋਡ 37252, 37252.2, 37252.8, 37253)

ਸਪਲੀਮੈਂਟਲ ਇਨਸਟਰੱਕਸਨ ਜੋ ਕਿ ਫੇਲ ਹਨ ਜਾਂ ਪੜ੍ਹਾਈ ਵਿੱਚ ਕਮਜ਼ੋਰ ਹਨ ਤੇ ਅਧਾਰਿਤ ਹੈ

2-9 ਗ੍ਰੇਡ ਦੇ ਵਿੱਦਿਆਰਥੀ ਜਿਨ੍ਹਾਂ ਨੂੰ ਫੇਲ ਹੋਣ ਦਾ ਖਤਰਾ ਹੈ ਜਾਂ ਫੇਲ ਹੋ ਗਏ ਹਨ ਹੇਠ ਲਿਖੀਆਂ ਸ਼ਰਤਾਂ ਤਹਿਤ ਸਪਲੀਮੈਂਟਲ ਇਨਸਟਰੱਕਸ਼ਨ ਹਾਸਲ ਕਰਨ ਦੇ ਯੋਗ ਹੋਣਗੇ: (ਐਜੂਕੇਸ਼ਨ ਕੋਡ ( 37252.2)

1. ਸਪਲੀਮੈਂਟਲ ਇਨਸਟਰਕਸ਼ਨਲ ਪ੍ਰੋਗਰਾਮ ਵਿੱਚ ਹਿੱਸਾ ਲੈਣ ਦੀ ਯੋਗਤਾ ਬਾਰੇ ਪਤਾ ਲਗਾਉਣ ਲਈ ਇਸ ਗਲ ਤੇ ਵਿਚਾਰ ਕੀਤਾ ਜਾਵੇਗਾ ਕਿ ਇਕ ਵਿੱਦਿਆਰਥੀ ਜੋ ਪੂਰੇ ਸਕੂਲੀ ਸਾਲ ਦੌਰਾਨ ਕਲਾਸ ਵਿੱਚ ਪੜ੍ਹਨ ਤੋਂ ਬਾਅਦ ਉਹ ਅਗਲੇ ਸਕੂਲੀ ਸਾਲ ਲਈ ਵੀ ਉਸੀ ਕਲਾਸ ਵਿੱਚ ਹੈ।

2. 6 ਅਤੇ 9 ਦੇ ਬੱਚੇ ਜੋ ਕਿ ਪਹਿਲੋਂ ਵੀ ਪਹਿਲੇ ਸਕੂਲੀ ਸਾਲ ਦੌਰਾਨ ਛੇਵੀਂ ਅਤੇ ਨੌਵੀਂ ਗ੍ਰੇਡ ਵਿੱਚ ਸਨ ਪਰ ਪੜ੍ਹਨ ਵਿੱਚ ਕਮਜ਼ੋਰ ਹਨ ਸਮਰ ਸਕੂਲ ਵਿੱਚ ਪੜ੍ਹਾਇ ਕਰਨ ਦੇ ਯੋਗ ਹੋਣਗੇ।

2-6 ਗ੍ਰੇਡ ਦੇ ਬੱਚੇ ਜੋ ਮੰਨੇ ਗਏ ਹਨ ਕਿ ਪੜ੍ਹਾਈ ਵਿੱਚ ਕਮਜ਼ੋਰ ਹੋਣ ਕਾਰਣ ਫੇਲ ਹੋ ਸਕਦੇ ਹਨ ਜਾਂ ਹਿਸਾਬ ਵਿੱਚਕਮਜ਼ੋਰ ਹਨ, ਜਾਂ ਰੀਡਿੰਗ ਜਾਂ ਲਿਖਤੀ ਪੇਸ਼ਕਾਰੀ ਵਿੱਚ ਕਮਜ਼ੋਰ ਹਨ, ਉਨ੍ਹਾਂ ਨੂੰ ਪਹਿਲੇ ਅਤੇ ਦੂਜੇ ਨੰਬਰਾਂ ਮੁਤਾਬਕ ਡਿਸਟ੍ਰਿਕਟ ਵਲੋਂ ਸਪਲੀਮੈਂਟਲ ਇਨਸਟਰੱਕਸ਼ਨਲ ਪ੍ਰੋਗਰਾਮ ਉਪਲਬਧ ਕਰਵਾਇਆ ਜਾਵੇਗਾ। (ਐਜੂਕੇਸ਼ਨ ਕੋਡ 37252.8)

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਸਪਲੀਮੈਂਟਲ ਇਨਸਟਰੱਕਸ਼ਨਲ ਪ੍ਰੋਗਰਾਮ ਦਾ ਵਿਕਾਸ ਕਰਨ ਸਮੇਂ ਅਤੇ ਉਸਨੂੰ ਜਾਰੀ ਕਰਨ ਲਈ ਮਾਪਿਆਂ, ਗਾਰਡੀਅਨਾਂ ਅਤੇ ਕਲਾਸਰੂਮ ਦੇ ਟੀਚਰਾਂ ਦਾ ਪੂਰਾ ਸਹਿਯੋਗ ਹਾਸਲ ਕਰਨ। (ਐਜੂਕੇਸ਼ਨ ਕੋਡ 37252.2, 37252.8)

ਰੀਡਿੰਗ(ਪੜ੍ਹਕੇ ਸਮਝਣਾ) ਜਾਂ ਲਿਖਤੀ ਪੇਸ਼ਕਾਰੀ ਸਬੰਧੀ ਜ਼ਰੂਰਤਾਂ ਦੇ ਮੁਤਾਬਕ ਜੋ ਇਨਟੈਨਸਿਵ(ਵੱਧ ਮੇਹਨਤ ਕਰਵਾਉਣੀ) ਰੈਮਿਡੀਅਲ(ਕਮਜ਼ੋਰੀ ਪੂਰੀ ਕਰਨ) ਪ੍ਰੋਗਰਾਮ ਹੈ ਉਸ ਵਿੱਚ ਸ਼ਾਮਿਲ ਹਨ ਫੋਨੀਮ(ਸ਼ਬਦਾਂ ਦੀਆ ਆਵਾਜ਼ਾਂ) ਗਿਆਨ, ਆਵਾਜ਼ਾਂ ਵੱਖ-ਵੱਖ ਕਰਨੀਆਂ(ਡੀਕੋਡ), ਆਵਾਜ਼ਾਂ ਦਾ ਗਿਆਨ ਵਿਸਥਾਰ ਵਿੱਚ, ਸ਼ਬਦ ਬਣਾਉਣ ਦੀਆਂ ਨਿਪੰਨਤਾਵਾਂ, ਸਪੈਲਿੰਗ ਅਤੇ ਸ਼ਬਦਾਵਲੀ, ਪੜ੍ਹਕੇ ਸਮਝਣਦੀ ਯੋਗਤਾ ਵਿੱਚ ਵਿਸਥਾਰਕਰਨ ਵਾਲੀਆਂ ਜੁਗਤਾਂ, ਲਿਖਣ ਅਤੇ ਪੜ੍ਹਾਈ ਕਰਨ ਸਬੰਧਿਤ ਨਿਪੁੰਨਤਾਵਾਂ। (ਐਜੂਕੇਸ਼ਨ ਕੋਡ 37252.2, 37252.8)
ਸਪਲੀਮੈਂਟਲ ਇਨਸਟਰੱਕਸ਼ਨ ਜਿਸਦਾ ਅਧਾਰ ਐਗਜ਼ਿਟ ਇਮਤਿਹਾਨ ਪਾਸ ਕਰਵਾਉਣ ਤੇ ਹੈ

ਹਾਈ ਸਕੂਲ ਚੋਂ ਗ੍ਰੈਜੂਏਟ ਹੋਣ ਲਈ 7-12 ਗ੍ਰੇਡ ਦ ਜਿਹੜੇ ਵਿੱਦਿਆਰਥੀ ਸਟੇਟ ਦਾ ਐਗਜ਼ਿਟ ਇਮਤਿਹਾਨ ਪਾਸ ਕਰਨ ਦੀ ਸ਼ਰਤ ਪੂਰੀ ਕਰਨ ਦੀ ਅਸਮਰਥਾ ਦਾ ਪ੍ਰਦਰਸ਼ਨ ਕਰਦੇ ਹਨ ਜਿਸਦੇ ਬਾਰੇ ਬੋਰਡ ਪੌਲਸੀ ਵਿੱਚ ਦਸਿਆ ਗਿਆ ਹੈ, ਉਹ ਵਿੱਦਿਆਰਥੀ ਹੇਠ ਲਿਖੇ ਹਾਲਾਤਾਂ ਹੇਠ ਸਪਲੀਮੈਂਟਲ ਇੰਨਸਟਰੱਕਸ਼ਨ ਹਾਸਲ ਕਰਨ ਦੇ ਯੋਗ ਹਨ: (ਐਜੂਕੇਸ਼ਨ ਕੋਡ 37252)

1. ਇਸ ਪ੍ਰੋਗਰਾਮ ਵਿੱਚ ਹਿੱਸਾ ਲੇਣ ਦੇ ਯੋਗ ਉਹ ਵਿੱਦਿਆਰਥੀ ਹੋਵੇਗਾ ਜਿਸਨੂੰ ਉਸੀ ਕਲਾਸ ਵਿੱਚ ਦੁਬਾਰਾ ਪੜ੍ਹਨਾ ਪਵੇਗਾ।

2. ਜਿਹੜੇ ਵਿੱਦਿਆਰਥੀ ਪਿਛਲੇ ਸਾਲ ਵਿੱਚ 12 ਗ੍ਰੇਡ ਵਿੱਚ ਦਾਖਲ ਸਨ, ਪਰ ਪਾਸ ਨਹੀਂ ਹੋਏ ਹਨ, ਉਹ ਸ਼ਾਇਦ ਸਪਲੀਮੈਂਟਲ ਇਨਨਸਟਰੱਕਸ਼ਨਲ ਪ੍ਰੋਗਰਾਮ ਦੇ ਅਧਿਕਾਰੀ ਹੋਣ।।

ਸਪਲੀਮੈਂਟਲ ਇੰਨਸਟਰੱਕਸ਼ਨ ਪ੍ਰੋਗਰਾਮ ਦਾ ਪਾਠਕ੍ਰਮ ਦਰਸਾਵੇਗਾ, ਸਟੇਟ ਅਧਾਰਿਤ ਸਿਖਿਅਕ ਸਟੈਂਡਰਡ ਜੋ ਡਿਸਟ੍ਰਿਕਟ ਦੇ ਸਟੇਟ ਸਿਖਿਅਕ ਸਟੈਂਡਰਡ ਅਧਾਰਿਤ ਪਾਠਕ੍ਰਮ ਨਾਲ ਮੇਲ ਖਾਣਗੇ, ਅਤੇ ਉਹ ਏਸ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਵਿੱਦਿਆਰਥੀ ਨੂੰ ਐਗਜ਼ਿਟ ਇਮਤਿਹਾਨ ਪਾਸ ਕਰਨ ਵਿੱਚ ਮਦਦ ਮਿਲੇਗੀ। (ਐਜੂਕੇਸ਼ਨ ਕੋਡ 60851)

### 12ਵੀਂ ਗ੍ਰੇਡ ਦੇ ਅਖੀਰ ਤੱਕ ਐਗਜ਼ਿਟ ਇਮਤਿਹਾਨ ਪਾਸ ਨਾਹ ਕਰਨ ਦੇ ਅਧਾਰ ਤੇ ਸਪਲੀਮੈਂਟਲ ਇੰਨਸਟਰੱਕਸ਼ਨ

ਇਨਟੈਨਸਿਵ ਇਨਸਟਰੱਕਸ਼ਨ ਅਤੇ ਸੇਵਾਵਾਂ ਉਨ੍ਹਾਂ ਵਿੱਦਿਆਰਥੀਆਂ ਦੀ ਸਿਖਿਅਕ ਮਦਦ ਲਈ ਤਿਆਰ ਕੀਤੀਆਂ ਗਈਆਂ ਹਨ ਜਿਨ੍ਹਾਂ ਨੇ 12ਵੀਂ ਗ੍ਰੇਡ ਦੇ ਅਖੀਰ ਤੱਕ ਇਮਤਿਹਾਨ ਦਾ ਇਕ ਜਾਂ ਦੋਨੋਂ ਹਿੱਸੇ ਪਾਸ ਨਹੀਂ ਕੀਤੇ ਹਨ, ਉਨ੍ਹਾਂ ਨੂੰ ਹੇਠ ਲਿਖੀਆਂ ਸੇਵਾਵਾਂ ਮਿਲਣ ਗੀਆਂ:

1) ਹਰੇਕ ਪਾਤਰਤਾ ਦੇ ਯੋਗ ਵਿੱਦਿਆਰਥੀ ਦਾ ਐਗਜ਼ਿਟ ਇਮਤਿਹਾਨ ਸਬੰਧੀ ਖੇਤਰਾਂ ਵਿੱਚ ਜਾਇਜ਼ਾ ਲਗਾਇਆ ਜਾਵੇਗਾ, ਉਸ ਦੇ ਮੁਲਾਂਕਣ ਦੇ ਅਧਾਰ ਤੇ ਉਸੇ ਖੇਤਰ ਵਿੱਚ ਵਿੱਦਿਆਰਥੀ ਨੂੰ ਸੇਵਾਵਾਂ ਮਿਲ ਸਕਣ।

2) ਹਰੇਕ ਵਿਦਿਆਰਥੀ ਦੇ ਪਿਛਲੇ ਐਗਜ਼ਿਟ ਇਮਤਿਹਾਨ ਦੇ ਸਕੋਰਾਂ ਦੇ ਮੁਲਾਂਕਣ ਦੇ ਆਧਾਰ ਤੇ ਉਸਨੂੰ ਖਾਸ ਸਿਖਿਅਕ ਇੰਨਸਟਰੱਕਸ਼ਨ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

3) ਜਿਹੜੇ ਵਿਦਿਆਰਥੀਆਂ ਨੇ ਟੈਸਟ ਦਾ ਇੱਕ ਜਾਂ ਦੋਨੋ ਭਾਗ ਪਾਸ ਨਹੀਂ ਕੀਤੇ ਹਨ, ਉਹਨਾ ਲਈ ਇਨਟੈਨਸਿਵ ਇਨਸਟਰੱਕਸ਼ਨ ਅਤੇ ਸੇਵਾਵਾਂ ਵਿੱਚ ਇਹ ਸਬ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

   - ਇਕੱਲਿਆਂ ਜਾਂ ਛੋਟੇ ਗਰੁਪ ਵਿੱਚ ਸਿਖਿਆ ਦਿਤੀ ਜਾਵੇ।
   - ਵਾਧੂ ਟੀਚਰ ਹਾਇਰ ਕੀਤੇ ਜਾਣ।
   - ਖਰੀਦਣਾ, ਨੰਬਰ ਦੇਣੇ, ਅਤੇ ਕੰਮ ਦਾ ਮੁਲਾਂਕਣ ਕਰਕੇ ਪੁਨਰਵਿਚਾਰ ਕਰਨਾ।
   - ਕਾਂਉਂਸਲ ਕਰਨਾ।
   - ਪਾਤਰ ਵਿਦਿਆਰਥੀਆਂ ਦੀਆਂ ਖਾਸ ਲੋੜਾਂ ਪੂਰੀਆਂ ਕਰਨ ਲਈ ਪਾਠ-ਪ੍ਰਣਾਲੀ ਤਿਆਰ ਕਰਨੀ।
   - ਪਾਤਰਤਾ ਦੇ ਯੋਗ ਵਿੱਦਿਆਰਥੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਟੀਚਰਾਂ ਨੂੰ ਢੁੱਕਵੀਂ ਟਰੇਨਿੰਗ ਮਿਲੇ।
   - ਜਿਹੜੇ ਵਿਦਿਆਰਥੀਆਂ ਨੇ ਐਗਜ਼ਿਟ ਇਮਤਿਹਾਨ ਦੇ ਦੋਨੋ ਜਾਂ ਕੋਈ ਇੱਕ ਭਾਗ ਪਾਸ ਨਹੀਂ ਕੀਤਾ ਉਹਨਾ ਲਈ ਇੰਗਲਿਸ਼ ਲੈਂਗਵਿਜ਼ ਆਰਟਸ ਅਤੇ ਮੈਥ ਵਿੱਚ ਇਨਟੈਂਨਸਿਵ ਇੰਨਸਟਰੱਕਸ਼ਨ ਪ੍ਰਦਾਨ ਕਰਨੀ ਅਤੇ 12ਵੀਂ ਗ੍ਰੇਡ ਦੇ ਜਿਹੜੇ ਵਿਦਿਆਰਥੀਆਂ ਨੇ ਇਸ ਟੈਸਟ ਦਾ ਇੱਕ ਜਾਂ ਦੋਨੋ ਭਾਗ ਪਾਸ ਨਹੀਂ ਕੀਤੇ ਉਹਨਾ ਲਈ ਹੋਰ ਮੌਕੇ ਪ੍ਰਦਾਨ ਕਰਨੇ।
   - ਸੁਪਰਿਨਟੈਂਡੈਨਟ ਜਾਂ ਉਹਨਾ ਵੱਲੋਂ ਨਿਯੁਕਤ ਸ਼ਖਸ਼ੀਅਤ ਵੱਲੋਂ ਕਿਸੇ ਪਬਲਿਕ ਜਾਂ ਨੋਨਪਬਲਿਕ ਹਸਤੀ ਦੁਆਰਾ ਇੰਨਸਟਰੱਕਸ਼ਨ ਦੀਆਂ ਸੇਵਾਵਾਂ ਦਾ ਪ੍ਰਬੰਧ।

4) ਵਿੱਦਿਆਰਥੀ ਜੋ ਅੰਗਰੇਜ਼ੀ ਸਿਖਣ ਵਾਲੇ ਹਨ, ਉਨ੍ਹਾਂ ਨੂੰ ਸਪਲੀਮੈਂਟਲ ਇਨਸਟਰੱਕਸ਼ਨਲ ਉਪਲਬਧ ਕਰਵਾਈ ਜਾਵੇਗੀ ਜਿਵੇਂ ਕਿ ਉਪਰ ਨੰਬਰ 2 ਵਿੱਚ ਦੱਸਿਆ ਗਿਆ ਹੈ , ਤਾਂਕਿ ਉਹ ਐਗਜ਼ਿਟ ਇਮਤਿਹਾਨ ਪਾਸ ਕਰਨ ਲਈ ਵਾਧੂ ਮਦਦ ਹਾਸਲ ਕਰਕੇ ਐਗਜ਼ਿਟ ਇਮਤਿਹਾਨ ਪਾਸ ਕਰ ਲੈਣ।

ਇਨਟੈਂਸਿਵ ਇੰਨਸਟਰੱਕਸ਼ਨ ਅਤੇ ਸੇਵਾਵਾਂ ਵਿਦਿਆਰਥੀ ਦੇ ਰੈਗੂਲਰ ਸਕੂਲ ਸਮੇਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ, ਪਰ ਉਹ ਵਿਦਿਆਰਥੀ ਦੀ ਕੋਰ ਪਾਠ-ਪ੍ਰਣਾਲੀ ਦੀ ਥਾਂ ਨਾਹ ਲੈਣ, ਜਿਵੇਂ ਕਿ ਐਜੂਕੇਸ਼ਨ ਕੋਡ 60603 ਵਿੱਚ ਦੱਸਿਆ ਗਿਆ ਹੈ ਜਾਂ ਫਿਜ਼ੀਕਲ ਐਜੂਕੇਸ਼ਨ। ਪਾਤਰ ਵਿਦਿਆਰਥੀ ਇਹ ਸੇਵਾਵਾਂ ਸਨਿਚਰਵਾਰ, ਸ਼ਾਮ ਦੇ ਸਮੇਂ ਜਾਂ ਸੁਪਰਿੰਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਸ਼ਖਸ਼ੀਅਤ ਵੱਲੋਂ ਮਿਥੇ ਸਮੇਂ ਅਤੇ ਸਥਾਨ ਤੇ ਪ੍ਰਾਪਤ ਕਰ ਸਕਦਾ ਹੈ। (ਐਜੂਕੇਸ਼ਨ ਕੋਡ 37254)

ਜਿਹੜੇ ਵਿਦਿਆਰਥੀਆਂ ਨੇ 12ਵੀਂ ਗ੍ਰੇਡ ਦੇ ਅਖੀਰ ਤੱਕ ਐਗਜ਼ਿਟ ਇਮਤਿਹਾਨ ਦਾ ਇੱਕ ਜਾਂ ਦੋਨੋ ਭਾਗ ਪਾਸ ਨਹੀਂ ਕੀਤੇ ਅਤੇ ਉਹ 18 ਸਾਲ ਦੀ ਉੱਮਰ ਤੋਂ ਘੱਟ ਹਨ, ਉਹਨਾ ਦੇ ਮਾਤਾ-ਪਿਤਾ/ਗਾਰਡੀਅਨਜ਼ ਨੂੰ ਸੁਪਰਿਨਟੈਂਡੈਨਟ ਜਾਂ ਉਹਨਾ ਵੱਲੋਂ ਨਿਯੁਕਤ ਸ਼ਖਸ਼ੀਅਤ ਲਿਖਤੀ ਰੂਪ ਵਿੱਚ ਨੋਟਿਸ ਦੇਣਗੇ ਕਿ ਆਉਣ ਵਾਲੇ ਦੋ ਸਾਲਾਂ ਵਿੱਚ ਉਹਨਾ ਵਿਦਿਆਰਥੀਆਂ ਲਈ ਕਿਹੜੀਆਂ ਸੇਵਾਵਾਂ ਉੱਪਲਭਦ ਹਨ। ਪਾਤਰ ਵਿਦਿਆਰਥੀਆਂ ਨੂੰ ਇਨਟੈਂਸਿਵ ਇੰਨਸਟਰੱਕਸ਼ਨ ਅਤੇ ਸੇਵਾਵਾਂ ਬਾਰੇ ਸ਼ਿਕਾਇਤ ਕਰਨ ਦਾ ਅਧਿਕਾਰ ਹੈ (ਐਜੂਕੇਸ਼ਨ ਕੋਡ 35186) ਵਿਲੀਅਮਜ਼ ਯੂਨੀਫਾਰਮ ਕੰਮਪਲੇਂਟ ਪ੍ਰੋਸੀਜ਼ਰ)।

ਇਸ ਨੋਟਿਸ ਵਿੱਚ ਸੁਪਰਿਨਟੈਂਡੈਨਟ ਜਾਂ ਉਹਨਾ ਵੱਲੋਂ ਨਿਯੁਕਤ ਸ਼ਖਸ਼ੀਅਤ ਵੱਲੋਂ ਉਸ ਵਿਅਕਤੀ ਦਾ ਫੋਨ ਨੰਬਰ ਅਤੇ ਨਾ ਹੋਣਾ ਜ਼ਰੂਰੀ ਹੈ,ਤਾਂ ਕਿ ਜੇਕਰ ਕਿਸੇ ਨੇ ਇਨਟੈਂਸਿਵ ਇੰਨਸਟਰੱਕਸ਼ਨ ਅਤੇ ਸੇਵਾਵਾਂ ਬਾਰੇ ਅਤੇ ਜਾਂ ਸ਼ਿਕਾਇਤ ਕਰਨ ਬਾਰੇ ਕੋਈ ਪ੍ਰਸ਼ਨ ਪੁਛਣਾ ਹੋਵੇ।

ਵਿਦਿਆਰਥੀਆਂ ਲਈ ਇਹ ਨੋਟਿਸ ਵਿਦਿਆਰਥੀ ਦੇ ਘਰ ਦੇ ਪਤੇ ਤੇ ਸਕੂਲੀ ਸਾਲ ਦੇ ਅੰਤ ਤੋਂ ਉਚਿਤ ਸਮਾਂ ਪਹਿਲਾਂ ਭੇਜਿਆ ਜਾਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਕੋਲ ਇਹਨਾ ਸੇਵਾਵਾਂ ਨੂੰ ਪ੍ਰਾਪਤ ਕਰਨ ਲਈ ਲੋੜੀਂਦਾ ਸਮਾਂ ਹੋਵੇ। ਇਹ ਨੋਟਿਸ ਸਕੂਲ ਦੇ ਦਫਤਰ, ਡਿਸਟ੍ਰਿਕਟ ਦੇ ਦਫਤਰ ਅਤੇ ਡਿਸਟ੍ਰਿਕਟ ਦੀ ਵੈੱਬ ਸਾਈਟ ਤੇ ਵੀ ਲੱਗਿਆ ਹੋਣਾ ਚਾਹੀਦਾ ਹੈ।(ਐਜੂਕੇਸ਼ਨ ਕੋਡ 37254)

**ਗ੍ਰੈਜੁਏਸ਼ਨ ਸੈਰੱਮਨੀਆਂ ਅਤੇ ਕਾਰਵਾਈਆਂ (ਏ ਆਰ 5127 – ਜੁਲਾਈ, 2011 ਨੂੰ ਰਿਵਾਇਜ਼ ਕੀਤਾ ਗਿਆ ਸੀ)**

**ਐਲੀਮੈਂਟਰੀ ਲੈਵਲ (ਪਧੱਰ)**

ਪਾਸ ਹੋਣ ਵਾਲੀਆਂ ਸੈਰੱਮਨੀਆਂ ਅਤੇ ਹਾਜ਼ਰੀ ਸਬੰਧੀ ਕਾਰਵਾਈਆਂ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਅਤੇ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਦਾ ਅੱਠਵੀਂ ਗ੍ਰੇਡ ਦਾ ਡਿਪਲੋਮਾ ਮਿਲਣ ਤੋਂ ਪਹਿਲਾਂ, ਅੱਠਵੀਂ ਗ੍ਰੇਡ ਦੇ ਵਿੱਦਿਆਰਥੀਆਂ ਨੂੰ ਹੇਠ ਲਿਖੀਆਂ ਕਸੌਟੀਆਂ (ਕਰਾਇਟੀਰਾ) ਪੂਰੀਆਂ ਕਰਨੀਆਂ ਪੈਣ ਗੀਆਂ।

1. ਵਿੱਦਿਆਰਥੀ ਨੂੰ ਚਾਹੀਦਾ ਹੈ ਕਿ ਬਕਾਇਆ ਪੈਸੇ ਅਤੇ ਸਕੂਲ ਦੀਆਂ ਸਾਰੀਆਂ ਚੀਜ਼ਾਂ ਸਕੂਲ ਨੂੰ ਵਾਪਿਸ ਕਰੇ।

2. ਪਾਸ ਹੋਣ ਦੀ ਸੈਰੱਮਨੀ ਦੌਰਾਨ ਮੁਅੱਤਲ ਵਿੱਦਿਆਰਥੀ ਸੈਰੱਮਨੀ ਵਿੱਚ ਹਿੱਸਾ ਨਹੀਂ ਲੈ ਸਕਦਾ ਹੈ।

3. ਜਿਸ ਵਿੱਦਿਆਰਥੀ ਨੂੰ ਕੱਡਣ ਦੀ ਬਜਾਏ ਇਕਰਾਰਨਾਮੇ ਵਾਲੀ ਸ਼ਰਤ ਦੇ ਤਹਿਤ ਰੱਖਿਆ ਗਿਆ ਹੈ, ਅਤੇ ਉਸਦੀ ਸ਼ਰਤ ਹੈ ਕਿ ਉਹ 30 ਦਿਨਾਂ ਲਈ ਕਿਸੀ ਵੀ ਐਕਸਟਰਾ ਕੱਰੀਕੁਲਰ ਕਾਰਵਾਈ ਵਿੱਚ ਹਿੱਸਾ ਨਹੀਂ ਲੈ ਸਕਦਾ ਹੈ ਤਾਂ ਉਹ 30 ਦਿਨਾਂ ਦੇ ਅੰਦਰ -ਅੰਦਰ ਹੋਣ ਵਾਲੀਆਂ ਕਾਰਵਾਈਆਂ ਅਤੇ ਸੈਰਮਨੀਆਂ ਵਿੱਚ ਹਿੱਸਾ ਨਹੀਂ ਲੈ ਸਕਦਾ ਹੈ।

4. ਵਿੱਦਿਆਰਥੀ ਲਈ ਸਕੂਲ ਦੀ ਰੀਤ ਅਨੁਸਾਰ ਸਾਰੀਆਂ ਟਾਰਡੀਆਂ, ਕਟਾਂ, ਅਤੇ ਸੈਟਰਡੇ ਸਕੂਲ ਦਾ ਬਕਾਇਆ ਕੰਮ ਪੂਰਾ ਕਰਨਾ ਲਾਜ਼ਮੀ ਹੈ।

5. ਇੰਟਰਡਿਸਟ੍ਰਿਕ ਵਿੱਦਿਆਰਥੀ ਲਈ ਸਕੂਲ ਅਟੈਂਡੈਂਸ ਦਿਨਾਂ ਦੇ ਅਖੀਰਲੇ ਨੌਂ ਹਫਤਿਆਂ ਦੇ ਸ਼ੁਰੂ ਤੋਂ ਸਕੂਲ ਸਾਈਟ ਵਿੱਚ ਹਾਜ਼ਰੀ ਭਰਣੀ ਲਾਜ਼ਮੀ ਹੈ।

6. ਪਾਸ ਹੋਣ ਵਾਲੀ ਸੈਰੱਮਨੀ ਵਿੱਚ ਹਿੱਸਾ ਲੈਣ ਵਾਲੇ ਵਿੱਦਿਆਰਥੀਆਂ ਲਈ ਪਾਸ ਹੋਣ ਸਬੰਧੀ ਅਭਿਆਸ ਸੈਰੱਮਨੀ ਵਿੱਚ ਹਿੱਸਾ ਲੈਣਾ ਅਤੇ ਅਭਿਆਸ ਸੈਰੱਮਨੀਆਂ ਦੌਰਾਨ ਠੀਕ ਵਿਵਹਾਰ ਬਰਕਰਾਰ ਰੱਖਣਾ ਲਾਜ਼ਮੀ ਹੈ।

ਸਾਰੇ ਵਿੱਦਿਆਰਥੀਆਂ ਲਈ ਹੇਠ ਲਿਖੀਆਂ ਲੋੜਾਂ ਪੂਰੀਆਂ ਕਰਨੀਆਂ ਲਾਜ਼ਮੀ ਹਨ:

1. ਅੱਠਵੀਂ ਗ੍ਰੇਡ ਦੇ ਵਿੱਦਿਆਰਥੀ ਲਈ ਗ੍ਰੇਡ ਦੇ ਸਾਰੇ ਸਿਮੈਸਟਰਾਂ ਦੀ ਔਸਤ 1.75 (ਗ੍ਰੇਡ ਪੁਆਇੰਟ ਐਵਰਜ)ਬਰਕਰਾਰ ਰਖਣੀ ਲਾਜ਼ਮੀ ਹੈ।

2. ਵਿੱਦਿਆਰਥੀ ਲਈ ਵਰਤਮਾਨ ਸਕੂਲ ਸਾਲ ਦੌਰਾਨ ਅਪਣੇ ਦਿਨਾਂ/ਪੀਰਿਅਡਾਂ ਵਿੱਚ ਹਾਜ਼ਰੀ 85% ਬਰਕਰਾਰ ਰਖਣੀ ਲਾਜ਼ਮੀ ਹੈ। ਬਗੈਰ ਕਾਰਣ ਗੈਰਹਾਜ਼ਰੀਆਂ, ਗੈਰਹਾਜ਼ਰੀਆਂ ਹੀ ਗਿਣੀਆਂ ਜਾਣਗੀਆਂ। ਸਕੂਲ ਵੱਲੋਂ ਸਪੌਂਸਰ ਗਤੀਵਿਧੀਆਂ ਕਾਰਨ ਹੋਈਆਂ ਗੈਰਹਾਜ਼ਰੀਆਂ, ਨੂੰ ਗੈਰਹਾਜ਼ਰੀਆਂ ਨਹੀਂ ਮੰਨਿਆ ਜਾਵੇਗਾ।

3. ਸਪੈਸ਼ਲ ਐਜੂਕੇਸ਼ਨ ਦੇ ਵਿੱਦਿਆਰਥੀ ਅਪਣੀ ਸਿੱਖਿਆ ਦੇ ਵਿਅਕਤੱਕ ਪਲੈਨ (ਆਈ ਈ ਪੀ) ਵਿੱਚ ਮਿਥੀਆਂ ਲੋੜਾਂ ਲਾਜ਼ਮੀ ਤੌਰ ਤੇ ਪੂਰੀਆਂ ਕਰਨਗੇ।

ਗ੍ਰੇਡ ਪੁਆਇੰਟ ਐਵਰਜ/ਸਟੂਡੈਂਟ ਅਟੈਂਡੈਂਸ(ਹਾਜ਼ਰੀ/ਦਾਖਲਾ) ਵਿੱਚ ਘਾਟ ਲਈ ਡਿਸਟ੍ਰਿਕਟ ਦੀ ਅਪੀਲ ਕਰਨ ਵਾਲੀ ਪੌਲਸੀ ਉਪਲਬਧ ਹੈ। ਸਰਟੀਫਿਕੇਟ ਨਾ ਮਿਲਣ ਅਤੇ ਸੈਰਮੱਨੀਆਂ ਵਿੱਚ ਹਿੱਸਾ ਨਾ ਲੈ ਸਕਣ ਦੇ ਬਰਖਲਾਫ , ਇਹ ਅਪੀਲ ਲਿਖਕੇ ਪੱਰਮੋਸ਼ਨ ਸੈਰੱਮਨੀ (ਪਾਸ ਹੋਣਵਾਲੀ ਸੈਰਮੱਨੀ) ਤੋਂ ਘੱਟ ਤੋਂ ਘੱਟ ਅੱਠ ਹਾਜ਼ਰੀ ਦਿਨਾਂ ਤੋਂ ਪਹਿਲਾਂ ਕੀਤੀ ਜਾਣੀ ਚਾਹੀਦੀ ਹੈ ਅਤੇ ਉਸਦੀ ਇੱਕ ਕੌਪੀ ਅਸਿਟੈਂਟ ਸੁਪਰਿਨਟੈਂਡੇਂਟ ਔਫ ਐਜੂਕੇਸ਼ਨਲ ਸਰਵਿਸਜ਼ ਨੂੰ ਭੇਜੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਇੱਕ ਕੌਪੀ ਸਕੂਲ ਦੇ ਪ੍ਰਿੰਸੀਪੱਲ ਨੂੰ ਭੇਜੀ ਜਾਣੀ ਚਾਹੀਦੀ ਹੈ। ਅਸਿਸਟੈਂਟ ਸੁਪਰਿੰਨਟੈਂਡੈਂਟ ਦਾ ਫੈਸਲਾ ਆਖਰੀ ਹੋਵੇਗਾ।

**ਸੈਕੰਡਰੀ ਲੈਵਲ**

ਜਿਹੜੇ ਵਿਦਿਆਰਥੀਆਂ ਨੇ ਕੈਲੀਫੋਰਨੀਆਂ ਹਾਈ ਸਕੂਲ ਪ੍ਰੋਫੀਸ਼ੈਂਸੀ ਇਮਤਿਹਾਨ ਜਾਂ ਜਨਰਲ ਐਜੂਕੇਸ਼ਨ ਡੀਵੈਲੱਪਮੈਂਟ ਟੈਸਟ ਪਾਸ ਕਰ ਲਿਆ ਹੈ, ਉਹਨਾ ਨੂੰ ਗ੍ਰੈਜੂਏਸ਼ਨ ਸੈਰਾਮਨੀ ਵਿੱਚ ਹਿੱਸਾ ਲੈਣ ਲਈ ਡਿਸਟ੍ਰਿਕਟ ਦੀਆਂ ਗ੍ਰੈਜੂਏਸ਼ਨ ਲੋੜਾਂ ਵੀ ਪੂਰੀਆਂ ਕਰਨੀਆਂ ਪੈਣਗੀਆਂ। ਜਿਹੜੇ ਵਿੱਦਆਰਥੀ ਫੌਰਨ ਅਕਸਚੇਂਜ(ਇਥੋਂ ਦੇ ਵਿੱਦਿਆਰਥੀ ਬਾਹਰੀ ਮੁਲਕਾਂ ਵਿੱਚ ਅਤੇ ਬਾਹਰੀ ਮੁਲਕਾਂ ਦੇ ਵਿੱਦਿਆਰਥੀ ਏਥੇ ਆਉਂਦੇ ਹਨ) ਪ੍ਰੋਗਰਾਮ ਦੇ ਇਥੇ ਪੜ੍ਹਨ ਆਉਂਦੇ ਹਨ, ਉਹ ਔਨਰੇਰੀ ਡਿਪਲੋਮਾ ਲੈਣ ਲਈ ਗ੍ਰੇਜੂਏਸ਼ਨ ਸੈਰਮਨੀ ਵਿੱਚ ਹਿੱਸਾ ਲੈ ਸਕਦੇ ਹਨ। (ਐਜੂਕੇਸ਼ਨ ਕੋਡ 51225.5)

**ਯੂਬਾ ਸਿਟੀ ਹਾਈ ਸਕੂਲ ਅਤੇ ਰਿਵਰ ਵੈਲੀ ਹਾਈ ਸਕੂਲ**

ਹਾਈ ਸਕੂਲ ਦੀਆਂ ਗ੍ਰੈਜੂਏਸ਼ਨ ਸੈਰੱਮਨੀਆਂ ਵਿੱਚ ਹਿੱਸਾ ਲੈਣ ਲਈ ਹਾਈ ਸਕੂਲ ਦੇ ਵਿੱਦਿਆਰਥੀਆਂ ਲਈ ਹੇਠ ਲਿਖੀਆਂ ਲੋੜਾਂ ਪੂਰੀਆਂ ਕਰਨੀਆਂ ਲਾਜ਼ਮੀ ਹਨ:

1. ਇੰਟਰਾ-ਡਿਸਟ੍ਰਿਕ ਤਬਦੀਲੀ ਵਾਲੇ ਵਿੱਦਿਆਰਥੀਆਂ ਲਈ ਸਕੂਲ ਅਟੈਂਡੈਂਸ ਦੇ ਅਖੀਰਲੇ ਸਿਮੈਸਟਰ ਦੇ ਸ਼ੁਰੂ ਵਿੱਚ ਹੀ ਯੂਬਾ ਸਿਟੀ ਹਾਈ ਸਕੂਲ ਵਿੱਚ ਦਾਖਲਾ ਲੈਣਾ ਅਤੇ ਹਾਜ਼ਰ ਹੋਣਾ ਲਾਜ਼ਮੀ ਹੈ। ਇੰਟਰਾ-ਡਿਸਟ੍ਰਿਕ ਤਬਦੀਲੀ ਵਾਲੇ ਵਿੱਦਿਆਰਥੀਆਂ ਲਈ ਰਿਵਰ ਵੈਲੀ ਹਾਈ ਸਕੂਲ ਵਿੱਚ ਸਕੂਲੀ ਹਅਜ਼ਰੀ ਦੇ 18ਵੇਂ ਹਫਤੇ ਦੇ ਸ਼ੁਰੂ ਵਿੱਚ ਦਾਖਲਾ ਲੈਣਾ ਲਾਜ਼ਮੀ ਹੈ।

2. ਇੰਟਰ -ਡਿਸਟ੍ਰਿਕ ਵਿੱਦਿਆਰਥੀ ਲਈ ਸਕੂਲ ਅਟੈਂਡੈਂਸ ਦਿਨਾਂ ਦੇ ਅਖੀਰਲੇ ਨੌਂ ਹਫਤਿਆਂ ਦੇ ਸ਼ੁਰੂ ਤੋਂ ਹੀ ਯੂਬਾ ਸਿਟੀ ਹਾਈ ਸਕੂਲ ਜਾਂ ਰਿਵਰ ਵੈਲੀ ਹਾਈ ਸਕੂਲ ਵਿੱਚ ਦਾਖਲਾ ਲੈਣਾ ਅਤੇ ਹਾਜ਼ਰ ਹੋਣਾ ਲਾਜ਼ਮੀ ਹੈ।

3. ਇੰਟਰ-ਡਿਸਟ੍ਰਿਕ ਵਿੱਦਿਆਰਥੀਆਂ ਜਿਨ੍ਹਾਂ ਦੀਆਂ ਕਰੈਡਿਟ ਸਬੰਧੀ ਲੋੜਾਂ ਯੂਬਾ ਸਿਟੀ ਹਾਈ ਸਕੂਲ ਜਾਂ ਰਿਵਰ ਵੈਲੀ ਹਾਈ ਸਕੂਲ ਦੀਆਂ ਲੋੜਾਂ ਨਾਲੋਂ ਵੱਖ ਹਨ, ਲੋੜ ਪੈਣ ਤੇ ਗ੍ਰੈਜੂਏਸ਼ਨ ਸਬੰਧੀ ਕਰੈਡਿਟ ਲੋੜਾਂ ਪਰੋਰੇਟ(ਨਿਸਬਤੀ ਵੰਡੇ ਹੋਣਾ) ਕੀਤੀਆਂ ਜਾਣ ਗੀਆਂ।

4. ਵਿੱਦਿਆਰਥੀ ਲਈ ਗ੍ਰੈਜੂਏਸ਼ਨ ਸੈਰੱਮਨੀ ਤੋਂ ਪਹਿਲਾਂ ਮਿਥੇ ਗਏ ਕੋਰਸ, ਕਰੈਡਿਟ, ਅਤੇ ਪ੍ਰੋਫੀਸ਼ੈਂਸੀ ਦੀਆਂ ਲੋੜਾਂ ਪੂਰੀਆਂ ਕਰਨੀਆਂ ਲਾਜ਼ਮੀ ਹਨ।( ਹਾਈ ਸਕੂਲ ਗ੍ਰੈਜੂਸ਼ਨ ਲੋੜਾਂ/ਮਹਾਰਤ ਦੇ ਸਟੈਂਡਰਡਾਂ ਲਈ ਏ ਆਰ 6146.1 ਵੇਖੋ।)

5. ਗ੍ਰੈਜੂਏਸ਼ਨ ਦੇ ਸਿਮੈਸਟਰ ਦੌਰਾਨ ਯੂਬਾ ਸਿਟੀ ਹਾਈ ਸਕੂਲ ਦੇ ਵਿੱਦਿਆਰਥੀ ਲਈ 25 ਕਰੈਡਿਟ ਪਾਸ ਕਰਨੇ ਲਾਜ਼ਮੀ ਹਨ ਅਤੇ ਰਿਵਰ ਵੈਲੀ ਹਾਇ ਸਕੂਲ ਦੇ ਵਿੱਦਿਆਰਥੀ ਲਈ 15 ਕਰੈਡਿਟ ਪਾਸ ਕਰਨੇ ਲਾਜ਼ਮੀ ਹਨ ।

6. ਗ੍ਰੈਜੂਏਸ਼ਨ ਸੈਰੱਮਨੀ ਅਤੇ ਰਿਹਰਸਲ ਦੇ ਸਮੇਂ ਵਿੱਦਿਆਰਥੀ ਮੁਅੱਤਲ ਨਹੀਂ ਹੋਣਾ ਚਾਹੀਦਾ ਹੈ।

7. ਜੋ ਵਿੱਦਿਆਰਥੀ ਕੱਢੇ ਜਾਣ ਦੀ ਬਜਾਏ ਇਕਰਾਰਨਾਮੇ ਦੀ ਸ਼ਰਤ ਹੇਠ ਹੈ, ਜਿਸਦੀ ਸ਼ਰਤ ਹੈ ਕਿ ਵਿੱਦਿਆਰਥੀ 30 ਦਿਨਾਂ ਦੇ ਵਿੱਚ-ਵਿੱਚ ਹੋਣ ਵਾਲੀਆਂ ਐਕਸਟਰਾਕੱਰੀਕੁਲੱਰ ਕਾਰਵਾਈਆਂ ਵਿੱਚ ਹਿੱਸਾ ਨਹੀਂ ਲੈ ਸਕਦਾ, ਤਾਂ ਉਹ 30 ਦਿਨਾਂ ਦੇ ਅੰਦਰ-ਅੰਦਰ ਹੋਣ ਵਾਲੀਆਂ ਕਾਰਵਾਈਆਂ/ ਜਾਂ ਸੈਰਮਨੀਆਂ ਵਿੱਚ ਹਿੱਸਾ ਨਹੀਂ ਲੈ ਸਕਦਾ।

8 ਗ੍ਰੈਜੂਸ਼ਨ ਸੈਰੱਮਨੀਆਂ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵਿੱਦਿਆਰਥੀ ਲਈ ਗ੍ਰੈਜੂਏਸ਼ਨ ਰਿਹਰਸਲਾਂ ਅਤੇ ਕਾਰਵਾਈਆਂ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ ਅਤੇ ਉਨ੍ਹਾਂ ਦਾ ਵਿਵਹਾਰ ਵੀ ਗ੍ਰੈਜੂਏਸ਼ਨ ਰਿਹਰਸਲਾਂ ਅਤੇ ਕਾਰਵਾਈਆਂ ਦੌਰਾਨ ਠੀਕ ਹੋਣਾ ਚਾਹੀਦਾ ਹੈ।

**ਸੀਨਿਅਰਾਂ(ਬਾਰ੍ਹਵੀਂ ਗ੍ਰੇਡ ਦੇ ਵਿੱਦਿਆਰਥੀਆਂ) ਲਈ ਅਪੀਲ ਕਰਨ ਸਬੰਧੀ ਕਾਰਵਾਈ:**

ਯੂਬਾ ਸਿਟੀ ਹਾਈ ਸਕੂਲ ਦੇ ਸੀਨਿਅਰ ਵਿੱਦਿਆਰਥੀ ਜਿਨ੍ਹਾਂ ਨੇ 25 ਕਰੈਡਿਟ ਪਾਸ ਨਹੀਂ ਕੀਤੇ ਹਨ ਅਤੇ ਰਿਵਰ ਵੈਲੀ ਹਾਈ ਸਕੂਲ ਦੇ ਸੀਨਿਅਰ ਵੱਦਿਆਰਥੀ ਜਿਨ੍ਹਾ ਨੇ 15 ਕਰੈਡਿਟ ਪਾਸ ਨਹੀਂ ਕੀਤੇ ਹਨ, ਉਹ ਗ੍ਰੈਜੂਏਸ਼ਨ ਦੇ ਪੂਰਵ ਸਿਮੈਸਟਰ ਦੌਰਾਨ ਅਪੀਲ ਕਰ ਸਕਦੇ ਹਨ। ਇੱਕ ਕਮੇਟੀ ਇਸ ਅਪੀਲ ਦੀ ਸੁਣਵਾਈ ਕਰਦੀ ਹੈ, ਇਸ ਕਮੇਟੀ ਵਿੱਚ ਅਗੇ ਲਿਖੇ ਸ਼ਖਸ ਸ਼ਾਮਿਲ ਹੁੰਦੇ ਹਨ:

1) ਪ੍ਰਬੰਧਕ

2) ਕਾਉਂਸਲਰ

3) ਸੀਨੀਅਰ ਟੀਚਰ

ਪ੍ਰਬੰਧਕ, ਕਮੇਟੀ ਦੇ ਫੈਸਲੇ ਬਾਰੇ ਵਿੱਦਿਆਰਥੀ ਅਤੇ ਉਸਦੇ ਮਾਪੇ ਨੂੰ ਜਾਣਕਾਰੀ ਦੇਂਦੇ ਹਨ। ਕਮੇਟੀ ਦੇ ਫੈਸਲੇ ਦੇ ਬਰਖਲਾਫ ਵਿੱਦਿਆਰਥੀ ਅਸਿਸਟੈਂਟ ਸੁਪਰਿਨਟੈਂਡੈਂਟ ਫੌਰ ਇਨਸਟਰੱਕਸ਼ਨ ਨੂੰ ਅਪੀਲ ਕਰ ਸਕਦੇ ਹਨ। ਅਸਿਸਟੈਂਟ ਸੁਪਰਿਨਟੈਂਡੈਂਟ ਦਾ ਫੈਸਲਾ ਆਖਰੀ ਫੈਸਲਾ ਹੁੰਦਾ ਹੈ।

ਡਿਪਲੋਮਾ ਦਿੱਤਾ ਜਾਂਦਾ ਹੈ, ਬਸ਼ਰਤੇ ਕਿ ਵਿੱਦਿਆਰਥੀ ਨੇ ਯੂਬਾ ਸਿਟੀ ਹਾਈ ਸਕੂਲ ਜਾਂ ਰਿਵਰ ਵੈਲੀ ਹਾਈ ਸਕੂਲ ਚੋਂ ਗ੍ਰੈਜੂਏਟ ਹੋਣ ਵਾਲੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ। ਡਿਪਲੋਮਾ ਹੇਠ ਲਿਖੇ ਸਮੇਂ ਦੌਰਾਨ ਦਿੱਤਾ ਜਾਂਦਾ ਹੈ:

1) ਜੂਨੀਅਰ ਸਾਲ ਦੇ ਅਖੀਰ ਵਿੱਚ

2) ਸਤਵੇਂ ਸਿਮੈਸਟਰ ਦੇ ਅਖੀਰ ਵਿੱਚ

3) ਸੀਨੀਅਰ ਸਾਲ ਦੇ ਅਖੀਰ ਵਿੱਚ

ਜੇਕਰ ਵਿੱਦਿਆਰਥੀ ਨੂੰ ਯੂਬਾ ਸਿਟੀ ਹਾਈ ਸਕੂਲ ਤੋਂ ਡਿਪਲੋਮੇ ਲਈ ਮਨਜ਼ੂਰੀ ਮਿਲਦੀ ਹੈ ਤਾਂ ਉਹ ਅਪਣੇ ਸਕੂਲ ਸਾਲ ਦੀਆਂ ਜੂਨ ਵਾਲੀਆਂ ਗ੍ਰੈਜੂਏਸ਼ਨ ਸੈਰੱਮਨੀਆਂ ਵਿੱਚ ਹਿੱਸਾ ਲੈ ਸਕਦਾ ਹੈ, ਪਰ ਉਸਦੇ ਲਈ ਸ਼ਰਤ ਇਹ ਹੈ ਕਿ ਉਹ ਸਕੂਲੀ ਸਾਲ ਦੀਆਂ ਗ੍ਰਜੂਏਟ ਹੋਣ ਵਾਲੀਆਂ ਸਾਰੀਆਂ ਲੋੜਾਂ ਪੂਰੀਆਂ ਕਰੇ, ਜਿਸ ਤਰ੍ਹਾਂ ਗ੍ਰਜੂਏਸ਼ਨ ਰਿਹਰਸਲਾਂ ਵਿੱਚ ਹਾਜ਼ਰੀ ਅਤੇ ਵਿਵਹਾਰ ਆਦਿ ਸਬੰਧੀ ਲੋੜਾਂ।

ਇੱਕ ਵਿੱਦਿਆਰਥੀ ਜੋ ਅਪਣੀਆਂ ਗ੍ਰੈਜੂਏਟ ਹੋਣ ਵਾਲੀਆਂ ਸਾਰੀਆਂ ਸ਼ਰਤਾਂ ਸਿਮੈਸਟਰ ਵਿੱਚ ਪੂਰੀਆਂ ਕਰ ਤਾਂ ਲੈਂਦਾ ਹੈ ਪਰ ਉਹ ਗ੍ਰੈਜੁਏਸ਼ਨ ਸੈਰੱਮਨੀਆਂ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦਾ ਹੈ ਇਨ੍ਹਾਂ ਹਾਲਾਤਾਂ ਵਿੱਚ ਉਸਨੂੰ ਡਿਪਲੋਮਾ ਫੈਸਲਾ ਲੈਣ ਵਾਲੇ ਸਿਮੈਸਟਰ ਦੇ ਅਖੀਰ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ।

ਗ੍ਰੈਜੁਏਸ਼ਨ ਤੋਂ ਪਹਿਲਾਂ ਸੁਪਰਿਨਟੈਂਡੈਂਟ, ਗਵੱਰਨਿੰਗ ਬੋਰਡ ਨੂੰ ਉਪਰ ਲਿਖੀਆਂ ਸ਼ਰਤਾਂ ਵਿੱਚੋਂ ਕਿਸੀ ਵੀ ਇੱਕ ਸ਼ਰਤ ਲਈ ਛੋਟ ਦੇਣ ਦੀ ਸਿਫਾਰਸ਼ ਕਰ ਸਕਦਾ /ਸਕਦੀ ਹੈ।

**ਐਲਬਰਟ ਪਾਵੇਲ ਕੰਟੀਨਿਊਏਸ਼ਨ ਹਾਈ ਸਕੂਲ**

ਗ੍ਰੈਜੁਏਸ਼ਨ ਸੈਰੱਮਨੀਆਂ ਵਿੱਚ ਹਿੱਸਾ ਲੈਣ ਲਈ ਵਿੱਦਿਆਰਥੀ ਨੂੰ ਹੇਠ ਲਿਖੇ ਮਿਆਰ (ਕਰੱਟੀਰਿਆ) ਪੂਰੇ ਕਰਨੇ ਪੈਣਗੇ :

1. ਇੰਟਰ-ਡਿਸਟ੍ਰਿਕਟ ਤਬਦੀਲੀਆਂ ਵਾਲਿਆਂ ਲਈ ਲਾਜ਼ਮੀ ਹੈ ਕਿ ਉਹ ਸਕੂਲ ਅਟੈਂਡੈਂਸ ਦੇ ਆਖਰੀ ਸਿਮੈਸਟਰ ਦੌਰਾਨ ਐਲਬਰਟ ਪਾਵੇਲ ਹਾਈ ਸਕੂਲ ਵਿੱਚ ਦਾਖਲ ਸਨ।

2. ਇੰਟਰ-ਡਿਸਟ੍ਰਿਕਟ ਵਿੱਦਿਆਰਥਆਂ ਜਿਨ੍ਹਾਂ ਦੀਆਂ ਕਰੈਡਿਟ ਸਬੰਧੀ ਲੋੜਾਂ ਐਲਬਰਟ ਪਾਵੇਲ ਹਾਈ ਸਕੂਲ ਦੀਆਂ ਲੋੜਾਂ ਨਾਲੋਂ ਵੱਖ ਹਨ, ਤਾਂ ਲੋੜ ਪੈਣ ਤੇ, ਗ੍ਰੈਜੁਏਸ਼ਨ ਸਬੰਧੀ ਕਰੈਡਿਟ ਲੋੜਾਂ ਪਰੋਰੇਟ(ਨਿਸਬਤੀ ਵੰਡੇ ਜਾਣੇ) ਕੀਤੀਆਂ ਜਾਣਗੀਆਂ।( ਹਾਈ ਸਕੂਲ ਗ੍ਰੈਜੂਸ਼ਨ ਲੋੜਾਂ/ਮਹਾਰਤ ਦੇ ਸਟੈਂਡਰਡਾਂ ਲਈ ਏ ਆਰ 6146.1 ਵੇਖੋ।)

3. ਵਿੱਦਿਆਰਥੀ ਲਈ ਗ੍ਰੈਜੁਏਸ਼ਨ ਸੈਰੱਮਨੀ ਤੋਂ ਪਹਿਲਾਂ ਮਿਥੀਆਂ ਲੋੜਾਂ ਪੂਰੀਆਂ ਕਰਨੀਆਂ ਲਾਜ਼ਮੀ ਹਨ।

4. ਗ੍ਰੈਜੁਏਸ਼ਨ ਸੈਰੱਮਨੀ ਅਤੇ ਰਿਹਰਸਲ ਦੇ ਸਮੇਂ ਵਿੱਦਿਆਰਥੀ ਮੁਅੱਤਲ ਨਹੀਂ ਹੋਣਾ ਚਾਹੀਦਾ।

5. ਜਿਹੜਾ ਵਿੱਦਿਆਰਥੀ ਕੱਢੇ ਜਾਣ ਦੀ ਬਜਾਏ ਇਕਰਾਰਨਾਮੇ ਦੀ ਸ਼ਰਤ ਹੇਠ ਹੈ, ਅਤੇ ਉਸ ਸ਼ਰਤ ਦੇ ਅਨੁਸਾਰ ਵਿੱਦਿਆਰਥੀ 30 ਦਿਨਾਂ ਦੇ ਵਿੱਚ-ਵਿੱਚ ਹੋਣ ਵਾਲੀਆਂ ਐਕਸਟਰਾਕੱਰੀਕੁਲੱਮ ਕਾਰਵਾਈਆਂ ਵਿੱਚ ਹਿੱਸਾ ਨਹੀਂ ਲੈ ਸਕਦਾ, ਤਾਂ ਉਹ 30 ਦਿਨਾਂ ਦੇ ਅੰਦਰ-ਅੰਦਰ ਹੋਣ ਵਾਲੀਆਂ ਕਾਰਵਾਈਆਂ/ ਜਾਂ ਸੈਰਮਨੀਆਂ ਵਿੱਚ ਹਿੱਸਾ ਨਹੀਂ ਲੈ ਸਕਦਾ ਹੈ।

6.. ਗ੍ਰੈਜਏਸ਼ਨ ਸੈਰੱਮਨੀਆਂ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵਿੱਦਿਆਰਥੀ ਲਈ ਗ੍ਰੈਜੁਏਸ਼ਨ ਰਿਹਰਸਲਾਂ ਅਤੇ ਕਾਰਵਾਈਆਂ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ ਅਤੇ ਉਸ ਦਾ ਵਿਵਹਾਰ ਵੀ ਗ੍ਰੈਜੁਏਸ਼ਨ ਰਿਹਰਸਲਾਂ ਅਤੇ ਕਾਰਵਾਈਆਂ ਦੌਰਾਨ ਸਹੀ ਹੋਣਾ ਚਾਹੀਦਾ ਹੈ।

7. ਸੀਨੀਅਰ ਅਪੀਲ ਕਮੇਟੀ ਵੱਲੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਹੀ ਛੋਟ ਮਿਲ ਸਕਦੀ ਹੈ।

ਗ੍ਰੈਜੂਏਸ਼ਨ ਤੋਂ ਪਹਿਲੋਂ, ਸੁਪਰਿਨਟੈਂਡੈਂਟ, ਉਪਰ ਲਿਖੀਆਂ ਲੋੜਾਂ ਚੋਂ ਕਿਸੀ ਵੀ ਸ਼ਰਤ ਦੀ ਛੋਟ ਲਈ ਗਵਰਨਿੰਗ ਬੋਰਡ ਨੂੰ ਸਿਫਾਰਸ਼ ਕਰ ਸਕਦੇ ਹਨ।

**ਕਾਲਜ ਵਿੱਚ ਦਾਖਲਾ ਲੈਣ ਸਬੰਧਿਤ ਸਰਤਾਂ, ਅਤੇ ਉੱਚ ਸਿਕਸ਼ਾ ਬਾਰੇ ਜਾਣਕਾਰੀ**

ਐਜੂਕੇਸ਼ਨ ਕੋਡ 51229 ਦੀ ਸ਼ਰਤ ਅਨੁਸਾਰ ਹਰੇਕ ਸਕੂਲੀ ਸਾਲ, ਇਕ ਸਲਾਨਾ ਸੂਚਨਾ ਪੱਤਰ ਦੇ ਤੌਰ ਤੇ , ਸਕੂਲ ਡਿਸਟ੍ਰਿਕਟ ਅਪਣੇ ਨੌਵੀਂ ਤੋਂ ਬਾਹਰਵੀਂ ਗ੍ਰੇਡ ਦੇ ਸਾਰੇ ਦਾਖਲ ਵਿੱਦਿਆਰਥੀਆਂ ਦੇ ਸਾਰੇ ਮਾਪਿਆਂ ਅਤੇ ਗਾਰਡੀਅਨਾਂ ਨੰ ਇਕ ਪੂਰਾ ਸਫਾ ਜਾਣਕਾਰੀ ਦਾ ਭੇਜਣ ਜਿਸ ਵਿੱਚ ਇਹ ਸਬ ਲਿਖਿਆ ਹੋਣਾ ਚਾਹੀਦਾ ਹੈ:

1. ਕਾਲਜ ਵਿੱਚ ਦਾਖਲੇ ਸਬੰਧੀ ਸ਼ਰਤਾਂ ਦਾ ਸੰਖੇਪ।

2. ਯੁਨੀਵਰਸਟੀ ਔਫ ਕੈਲੀਫੋਰਨੀਆ ਅਤੇ ਕੈਲੀਫੋਰਨੀਆ ਸਟੇਟ ਯੁਨੀਵਰਸਟੀ ਵੈਬ ਸਾਈਟਾਂ ਦੀ ਲਿਸਟ ਤਾਂਕਿ ਵਿੱਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਕਾਲਜ ਵਿੱਚ ਦਾਖਲੇ ਸਬੰਧੀ ਸ਼ਰਤਾਂ ਦਾ ਪਤਾ ਲਗ ਸਕੇ ਅਤੇ ਉਹ ਇਸ ਗਲ ਬਾਰੇ ਜਾਣਕਾਰੀ ਹਾਸਲ ਕਰ ਸਕਣ ਕਿ ਕੀ ਉਨ੍ਹਾਂ ਨੇ ਹਾਈ ਸਕੂਲ ਵਿੱਚ ਸਹੀ ਕੋਰਸ ਲਏ ਹੋਏ ਹਨ ਜੋ ਯੂਨੀਵਰਸਟੀ ਔਫ ਕੈਲੀਫੋਰਨੀਆ ਅਤੇ ਕੈਲੀਫੋਰਨੀਆ ਸਟੇਟ ਯੂਨੀਵਰਸਟੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

3. ਟਕਨੀਕੀ ਸਿਖਿਆ ਕੀ ਹੈ ਦੀ ਸੰਖੇਪ ਰੂਪ-ਰੇਖਾ ਜਿਸਦੀ ਪ੍ਰੀਭਾਸ਼ਾ ਕੈਲੀਫੋਰਨੀਆ ਡੀਪਾਰਟਮੈਂਟ ਔਫ ਐਜੂਕੇਸ਼ਨ ਵਿੱਚ ਦਿਤੀ ਹੋਈ ਹੈ।

4. ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਦੀ ਵੈਬਸਾਈਟ ਦੇ ਉਸ ਹਿੱਸੇ ਦਾ ਪਤਾ ਜਿਸ ਤੋਂ ਵਿੱਦਿਆਰਥੀ ਟਕਨੀਕੀ ਕਰਿਅਰ ਸਬੰਧੀ ਸ਼ਿਕਸ਼ਾ ਬਾਰੇ ਵਾਧੂ ਜਾਣਕਾਰੀ ਹਾਸਲ ਕਰ ਸਕਣ।

5. ਸਕੂਲ ਦੇ ਕਾਉਂਸਲਰਾਂ ਨਾਲ ਮਿਲਣ ਸਬੰਧੀ ਜਾਣਕਾਰੀ ਤਾਂਕਿ ਉਹ ਸਿਖਿਅਕ ਕੋਰਸਾਂ ਲਈ ਕਾਲਜ ਵਿੱਚ ਦਾਖਲਾ ਲੈਣ ਜਾਂ ਟਕਨੀਕੀ ਕਰਿਅਰ ਸਬੰਧਿਤ ਕੋਰਸਾਂ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਕਉਂਸਲਰਾਂ ਨਾਲ ਅਪਣੇ ਕੋਰਸਾਂ ਬਾਰੇ ਵਿਚਾਰ ਵਟਾਂਦਰਾ ਕਰ ਸਕਣ।

**ਨੋਟੀਫਿਕੇਸ਼ਨ(ਸੂਚਨਾਪੱਤਰ):**

ਜਿਨ੍ਹਾਂ ਵਿੱਦਿਆਰਥੀਆਂ ਦਾ ਵਿਚਾਰ ਉੱਚ ਸ਼ਿਕਸ਼ਾ ਹਾਸਲ ਕਰਨਾ ਹੈ, ਉਨ੍ਹਾਂ ਵਿੱਦਿਆਰਥੀਆਂ ਨੂੰ ਸਟੇਟ ਔਫ ਕੈਲੀਫੋਰਨੀਆ ਵਲੋਂ ਪੇਸ਼ ਕੀਤੇ ਗਏ ਕੌਲਜਾਂ, ਕੈਲੀਫੋਰਨੀਆ ਸਟੇਟ ਯੂਨੀਵਰਸਟੀ(ਸੀ ਐਸ ਯੂ), ਅਤੇ ਯੂਨੀਵਰਸਟੀ ਔਫ ਕੈਲੀਫੋਰਨੀਆ(ਯੂ ਸੀ) ਬਾਰੇ ਸੂਚਨਾ।

ਕੰਮਿਉਨਿਟੀ ਕਾਲਜ ਵਿੱਚ ਪੜ੍ਹਨ ਲਈ ਤੁਸੀਂ ਜਾਂ ਤਾਂ ਹਾਈ ਸਕੂਲ ਦੇ ਗ੍ਰੈਜੂਏਟ ਹੋਣੇ ਚਾਹੀਦੇ ਹੋ, ਜਾਂ ਤੁਹਾਡੀ ਉਮਰ18 ਸਾਲ ਦੀ ਹੋਣੀ ਚਾਹੀਦੀ ਹੈ। ਪਰ ਕੈਲੀਫੋਰਨੀਆ ਸਟੇਟ ਯੂਨੀਵਰਸਟੀ(ਸੀ ਐਸ ਯੂ) ਵਿੱਚ ਪੜ੍ਹਨ ਲਈ ਨਿਸ਼ਚਤ ਕੀਤੇ ਗਏ ਹਾਈ ਸਕੂਲ ਕੋਰਸ ਪਾਸ ਹੋਣੇ ਚਾਹੀਦੇ ਹਨ ਅਤੇ ਗ੍ਰੇਡ ਢੁੱਕਵੇਂ ਅਤੇ ਟੈਸਟ ਸਕੋਰ ਚੰਗੇ ਹੋਣੇ ਚਾਹੀਦੇ ਹਨ ਅਤੇ ਹਾਈ ਸਕੂਲ ਚੋਂ ਗ੍ਰੈਜੂਏਟ ਹੋਣਾ ਲਾਜ਼ਮੀ ਹੈ। ਜੇਕਰ ਤੁਹਾਡਾ ਗ੍ਰੇਡ ਪੁਆਇੰਟ ਐਵਰਜ 3.0 ਜਾਂ ਇਸ ਤੋਂ ਵੱਧ ਹੈ ਤਾਂ ਟੈਸਟ ਦੇ ਨੰਬਰਾਂ ਦੀ ਜ਼ਰੂਰਤ ਨਹੀਂ ਹੈ। ਯੂਨੀਵਰਸਟੀ ਔਫ ਕੈਲੀਫੋਰਨੀਆ ਵਿੱਚ ਪੜ੍ਹਨ ਲਈ ਕੋਰਸਾਂ ਸਬੰਧਿਤ ਸ਼ਰਤਾਂ, ਗ੍ਰੇਡ ਪੁਆਇੰਟ ਐਵਰਜ, ਅਤੇ ਟੈਸਟ ਦੇ ਨੰਬਰ ਜ਼ਰੂਰੀ ਹਨ, ਜਾਂ ਤੁਸੀਂ ਹਾਈ ਸਕੂਲ ਚੋਂ ਗ੍ਰੈਜੂਏਟ ਹੋਣ ਵਾਲੇ ਉਪਰ ਦੇ ਚਾਰ ਪ੍ਰਤੀਸ਼ਤ ਵਿੱਦਿਆਰਥੀਆਂ ਵਿਚੋਂ ਇਕ ਹੋ, ਜਾਂ ਤੁਸੀਂ ਸਿਰਫ ਦਾਖਲੇ ਸਬੰਧੀ ਇਮਤਿਹਾਨ ਲੈਕ ਪਾਸ ਕਰਨ ਨਾਲ ਵੀ ਕਵਾਲੀਫਾਈ ਕਰ ਸਕਦੇ। ਕੱਮਯੁਨਿਟੀ ਕੌਲਜ ਵਿੱਚ ਪੜ੍ਹਕੇ ਵੀ ਤੁਸੀਂ ਤਬਦੀਲੀ ਕਰਵਾਕੇ ਯੁਨਵਿਰਸਟੀ ਔਫ ਕੈਲੀਫੋਰਨੀਆ ਜਾਂ ਕੈਲੀਫੋਰਨੀਆ ਸਟੇਟ ਯੂਨੀਵਰਸਟੀ ਵਿੱਚ ਜਾ ਸਕਦੇ ਹੋ। ਕਾਲਜਾਂ ਵਿੱਚ ਦਾਖਲਾ ਲੈਣ ਸਬੰਦਿਥ ਹੋਰ ਜਾਣਕਾਰੀ ਲਈ ਹੇਠਲੇ ਵੈਬ ਦੇ ਸਫੇ ਵੇਖੋ:

www.ccco.edu ਇਹ ਕੈਲੀਫੋਰਨੀਆ ਕੱਮਯੁਨਿਟੀ ਕਾਲਜ ਸਿਸਟਮ ਦੀ ਉਫੀਸ਼ੀਅਲ ਵੈਬਸਾਈਟ ਹੈ। ਇਸ ਲਿੰਕ ਰਾਹੀਂ ਸਾਰੇ ਕੰਮਿਉਨਿਟੀ ਕਾਲਜਾਂ ਦਾ ਪਤਾ ਲਗ ਸਕਦਾ ਹੈ।

www.assist.org ਇਸ ਸਾਈਟ ਤੋਂ ਟ੍ਰਾਂਸਫਰ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ, ਜੋ ਵਿਦਿਆਰਥੀ ਕੰਮਿਉਨਿਟੀ ਕਾਲਜ ਤੋਂ ਟ੍ਰਾਂਸ਼ਫਰ ਕਰਵਾ ਕੇ ਸੀ ਐੱਸ ਯੂ ਜਾਂ ਯੂ ਸੀ ਕੈਂਪਸਾਂ ਨੂੰ ਜਾਣਾ ਚਾਹੁੰਦੇ ਹਨ।

www.csumentor.edu ਇਸ ਸਾਈਟ ਤੋਂ ਵਿਦਿਆਰਥੀਆਂ ਅਤੇ ਉਹਨਅ ਦੇ ਪਰਿਵਾਰਾਂ ਨੂੰ ਸੀ ਐਸ ਯੂ ਸਿਸਟਮ, ਕੈਂਪਸ ਅਤੇ ਔਨਲਾਈਨ ਅਪਲਾਈ ਕਰਨ ਬਾਰੇ ਜਾਣਕਾਰੀ ਮਿਲਦੀ ਹੈ।

www.universityofcalifornia.edu ਇਸ ਸਾਈਟ ਤੋਂ ਸਾਰੇ ਯੂ ਸੀ ਕੈਂਪਸਾਂ, ਔਨਲਾਈਨ ਐਪਲੀਕੇਸ਼ਨਾ ਅਤੇ ਦਾਖਲਾ ਲੈਣ ਸਬੰਧੀ , ਅਤੇ ਸਾਰੇ ਯੂ ਸੀ ਕੈਂਪਸਾਂ ਦੇ ਲਿੰਕਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਵਿਦਿਆਰਥੀ ਕਰੀਅਰ ਟੈੱਕਨੀਕਲ ਐਜੂਕੇਸ਼ਨ ਰਾਹੀਂ ਵੀ ਕਰੀਅਰ ਆਪਸ਼ਨਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਹਨਾ ਪ੍ਰੋਗਰਾਂਮਾਂ ਬਾਰੇ ਸਕੂਲਾਂ ਵਿੱਚ ਕਲਾਸਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤਾਂ ਕਿ ਵਿਦਿਆਰਥੀ ਕਰੀਅਰ ਜਾਂ ਕੰਮ ਆਦਿ ਲਈ ਤਿਆਰ ਹੋ ਸਕਣ। ਇਹ ਪ੍ਰੋਗਰਾਂਮ ਅਤੇ ਕਲਾਸਾਂ ਅਕੈਡਮਿਕ ਕੋਰਸਾਂ ਨਾਲ ਸਬੰਧਿਤ ਹਨ ਅਤੇ ਅਕੈਡਮਿਕ ਪ੍ਰਾਪਤੀਆਂ ਲਈ ਮਦਦ ਕਰਦੀਆਂ ਹਨ। ਹੇਠ ਲਿਖੇ ਵੈੱਬ ਪੇਜ਼ ਤੇ ਜਾ ਕੇ ਵਿਦਿਆਰਥੀ ਕਰੀਅਰ ਟੈੱਕਨੀਕਲ ਐਜੂਕੇਸ਼ਨ ਬਅਰੇ ਹੋਰ ਜਅਣਕਾਰੀ ਪ੍ਰਾਪਤ ਕਰ ਸਕਦੇ ਹਨ: www.cde.ca.gov/ds/si/rp

## ਡਿਸਿਪਲਿਨ/ਜ਼ਿੰਮੇਵਾਰੀਆਂ

**ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਦੀ ਡਿਸਿਪਲਿਨ ਸਬੰਧੀ ਫਿਲੌਸਫੀ(ਫਲਸਫਾ)**

ਯੂਬਾ ਸਿਟੀ ਯੂਨੀਫਾਇਡ ਸਕੂਲ ਡਿਸਟ੍ਰਿਕ ਪ੍ਰਵਾਨ ਕਰਦਾ ਹੈ ਕਿ ਸੈਲਫ-ਡਿਸਿਪਲਿਨ (ਅਪਣੇ ਆਪ ਨੂੰ ਨੇਮਬੱਧ ਕਰਨਾ), ਧਾਰਨ ਕੀਤਾ ਗਿਆ ਵਿਵਹਾਰ(ਬਿਹੇਵੀਅਰ) ਅਤੇ ਸ਼ਿਕਸ਼ਾ ਗ੍ਰਹਿਨ ਕਰਨ ਦੀ ਪਹਿਲੀ ਲੋੜ, ਦੋਨੋਂ ਗਲਾਂ ਇਕੱਠੀਆਂ ਹਨ। ਡਿਸਟ੍ਰਿਕ ਵਾਲੇ ਅਪਣੇ ਸਿੱਖਿਅਕ ਵਾਤਾਵਰਨ ਨੂੰ ਵਿਸ਼ਵਾਸਯੋਗ(ਪੌਜ਼ਿਟਿਵ), ਅਤੇ ਚੁਨੌਤੀ ਵਾਲਾ ਬਰਕਰਾਰ ਰਖਣ ਦੀ ਕੋਸ਼ਿਸ਼ ਹਮੇਸ਼ਾ ਕਰਦੇ ਰਹਿੰਦੇ ਹਨ ਕਿਉਂਕਿ ਇਹੋ ਜਿਹਾ ਵਾਤਾਵਰਨ ਕਾਮਯਾਬੀ ਹਾਸਲ ਕਰਵਾਉਣ ਅਤੇ ਆਪਣੇ ਆਪ ਨੂੰ ਡਿਸਿਪਲਿਨ ਕਰਨ ਵਿੱਚ ਵਿੱਦਿਆਰਥੀ ਦਾ ਸਹਾਇਕ ਹੁੰਦਾ ਹੈ। ਪੜ੍ਹਾਈ ਸਿਖਾਉਣ ਅਤੇ ਲੋਕਰਾਜ ਵਿੱਚ ਇੱਕ ਜੁੰਮੇਵਾਰ ਨਾਗਰਕ ਦੇ ਵਿਕਾਸ ਨੂੰ ਬਰਕਰਾਰ ਰੱਖਣ ਲਈ ਡਿਸਟ੍ਰਿਕ ਵਚਨਬੱਧ ਹੈ, ਜਿਸ ਲਈ ਸਕੂਲ ਦੇ ਵਾਤਾਵਰਨ ਨੂੰ ਵਿਸ਼ਵਾਸਯੋਗ (ਪੌਜ਼ਿਟਿਵ), ਉਤੇਜਿਕ, ਅਤੇ ਸੁਰੱਖਿਤ ਬਰਕਰਾਰ ਰੱਖਣ ਦੀ ਲੋੜ ਹੈ, ਇਸਦਾ ਬੁਨਯਾਦੀ ਸਿਧਾਂਤ ਹੈ ਇੱਕ ਦੂਜੇ ਦਾ ਮਾਨ ਕਰਨਾ, ਨਿਯਮਾਂ ਨੂੰ ਪਰਕਾਸ਼ਤ ਕਰਨਾ, ਪ੍ਰਚਾਰ ਕਰਨਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ। ਵਿੱਦਿਆਰਥੀਆਂ ਦੇ ਆਚਰਨ ਸੰਬੰਧੀ ਸਟੈਂਡਰਡ, ਸਵੈਮਾਣ, ਚੀਜ਼ਾਂ ਦੀ ਦੇਖ-ਰੇਖ, ਅਤੇ ਦੂਜਿਆਂ ਦਾ ਆਦਰ ਕਰਨ ਵਾਲੇ ਆਦਰਸ਼ਾਂ ਤੋਂ ਲਏ ਗਏ ਹਨ। ਸਕੂਲ, ਡਿਸਟ੍ਰਿਕ ਦੇ ਨਿਯਮਾਂ ਦੀ ਕਾਰਜਪ੍ਰਣਾਲੀ ਅਤੇ ਸਟੇਟ ਦੇ ਕਨੂੰਨ ਲਾਗੂ ਕਰਨ ਨਾਲ ਵਿੱਦਿਆਰਥੀ ਦੀ ਪ੍ਰੋੜ੍ਹਤਾ ਦੇ ਵਿਕਾਸ ਨੂੰ ਬੜ੍ਹਾਵਾ ਮਿਲਦਾ ਹੈ, ਅਤੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਡਿਸਿਪਲਿਨ ਕਰਨ ਵਿੱਚ ਮਦਦ ਮਿਲਦੀ ਹੈ, ਅਤੇ ਇਹ ਗੁਣ ਸਿੱਖਿਆ ਪ੍ਰਾਪਤ ਕਰਨ ਲਈ, ਅਪਣੀ ਨੇਕ ਨੀਤੀ ਵਾਸਤੇ, ਅਤੇ ਇੱਕ ਜੁੰਮੇਵਾਰ ਨਾਗਰਿਕ ਬਣਨ ਲਈ ਬਹੁਤ ਹੀ ਜ਼ਰੂਰੀ ਹੁੰਦੇ ਹਨ। ਇਹ ਨਿਯਮਾਂ ਦੀ ਪਾਲਣਾ ਅਤੇ ਕਾਰਜਪ੍ਰਣਾਲੀ ਦੀ ਕਾਰਵਾਈ ਨਿਰਪੱਖ, ਇਕਸਾਰ ਅਤੇ ਇਕਸਮਾਨ ਲਾਗੂ ਕੀਤੇ ਜਾਂਦੀ ਹੈ। ਇਨ੍ਹਾਂ ਦਾ ਜਾਤੀ, ਰੰਗ, ਧਰਮ, ਅਤੇ ਲਿੰਗ ਨਾਲ ਕੋਈ ਸੰਬੰਧ ਨਹੀਂ ਹੈ।

**ਡਿਸਿਪਲਿਨ(ਬੋਰਡ ਪੌਲਸੀ 5144- 27 ਜਨਵਰੀ, 2009 ਨੂੰ ਰਿਵਾਇਜ਼ ਕੀਤੀ ਗਈ)**
**ਡਿਸਿਪਲਿਨ /ਸਜ਼ਾ**

ਰਾਜ ਪ੍ਰਬੰਧਕ ਬੋਰਡ (ਗਵੱਰਨਿੰਗ ਬੋਰਡ) ਵਾਲੇ ਵਿਦਿਆਰਥੀਆਂ ਨੂੰ ਇਕ ਜ਼ਿੰਮੇਵਾਰ ਨਾਗਰਿਕ ਬਣਾਉਨ ਲਈ ਆਪਣੇ ਆਪ ਨੂੰ ਡਿਸਿਪਲਿਨ ਕਰਨ ਦੇ ਤਰੀਕੇ ਸਿਖਾਉਣਾ ਚਾਹੁੰਦੇ ਹਨ, ਅਤੇ ਇਸਦੇ ਨਾਲ -ਨਾਲ ਅਪਣੀ ਜੁੰਮੇਵਾਰੀ ਦਾ ਇਹਸਾਸ ਵੀ ਦਵਾਉਣਾ ਚਾਹੁੰਦੇ ਹਨ। ਬੋਰਡ ਵਾਲੇ ਮਹਿਸੂਸ ਕਰਦੇ ਹਨ ਜੇਕਰ ਅੱਛੀ ਪਲੈਨਿੰਗ ਕੀਤੀ ਜਾਵੇ, ਹਰ ਬੱਚੇ ਨੂੰ ਅੱਛੀ ਪ੍ਰਕਾਰ ਸਮਝਾਇਆ ਜਾਵੇ, ਅਤੇ ਮਾਪੇ ਅਪਣੇ ਬੱਚਿਆਂ ਵਿੱਚ ਦਿਲਚਸਪੀ ਲੈਣ ਤਾਂ ਡਿਸਿਪਲਿਨ ਦੀ ਲੋੜ ਘਟ ਹੋ ਜਾਂਦੀ ਹੈ , ਝੱਗੜੇ ਨਿਪਟਾਉਣ ਲਈ ਟੀਚਰ ਪਾਜ਼ਿਟਿਵ ਤਰੀਕਿਆਂ ਦਾ ਇਸਤੇਮਾਲ ਕਰਦੇ ਹਨ ਤਾਂਕਿ ਬੇਫਿਜ਼ੂਲ ਟਾਕਰੇ ਤੋਂ ਬਚਾ ਹੋ ਜਾਵੇ। ਜਦ ਕਦੀ ਦੁਰਵਿਵਹਾਰ ਵਾਪਰਦਾ ਹੈ, ਤਾਂ ਸਟਾਫ਼ ਵਾਲੇ ਉਸ ਵਿੱਦਿਆਰਥੀ ਦੇ ਵਿਵਹਾਰ ਦੇ ਕਾਰਣ ਦਾ ਪਤਾ ਲਗਾਉਂਦੇ ਹਨ ਅਤੇ ਉਸਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦੇ ਹਨ।

ਵਿੱਦਿਆਰਥੀਆਂ ਦੇ ਮਨਜ਼ੂਰਸ਼ੁਦਾ ਆਚਰਣ ਲਈ ਬੋਰਡ ਦੀਆਂ ਪਾਲਸੀਆਂ ਅਤੇ ਕਾਨੂੰਨ ਦੀ ਰੂਪ ਰੇਖਾ ਤਿਆਰ ਕੀਤੀ ਗਈ ਹੈ, ਜਿਹੜੀ ਕਿ ਡਿਸਿਪਲਿਨ ਦੇ ਦਸਤੂਰ ਲਈ ਵਰਤੀ ਜਾਂਦੀ ਹੈ। ਹਰੇਕ ਸਕੂਲ ਕਾਨੂੰਨੀ ਅਧਾਰ ਤੇ ਆਪਣੇ ਸਕੂਲ ਦੀਆਂ ਲੋੜਾਂ ਅਨੁਸਾਰ ਡਿਸਿਪਲਿਨ ਸਬੰਧੀ ਆਪਣੇ ਕਾਨੂੰਨ ਬਣਾਉਂਦਾ ਹੈ।

ਜਦੋਂ ਕੋਈ ਦੁਰਵਿਵਹਾਰ ਵਾਪਰਦਾ ਹੈ ਵਾਤਾਵਰਨ ਨੂੰ ਸੁਰੱਖਿਅਤ ਅਤੇ ਵਿਧੀਪੂਰਬਕ ਬਰਕਰਾਰ ਰੱਖਣ ਲਈ, ਵਿੱਦਿਆਰਥੀ ਨੂੰ ਡਿਸਪਲਿਨ ਕਰਨ ਦੇ ਸਬੰਧ ਵਿੱਚ ਬੋਰਡ ਵਾਲੇ ਕਰਮਚਾਰੀਆਂ ਦੀ ਸਹੀ ਮਦਦ ਕਰਦੇ ਹਨ। ਜਿਹੜੇ ਵਿੱਦਿਆਰਥੀ ਬਾਰ-ਬਾਰ ਸਕੂਲ ਦੇ ਕੰਮ-ਕਾਜ ਵਿੱਚ ਵਿਘਨ ਪਾਉਂਦੇ ਹਨ ਉਨ੍ਹਾਂ ਨੂੰ ਜਾਂ ਕਿਸੇ ਹੋਰ ਦੂਜੇ ਪ੍ਰੋਗਰਾਮ ਵਿੱਚ ਪਾਇਆ ਜਾਂਦਾ ਹੈ ਜਾਂ ਸਕੂਲੋਂ ਕੱਢ ਦਿਤਾ ਜਾਂਦਾ ਹੈ।

ਸਟਾਫ਼ ਵਾਲੇ ਡਿਸਿਪਲਿਨ ਦੇ ਨਿਯਮ ਨਿਰਪਖਤਾ ਅਤੇ ਇਕਸਾਰਤਾ ਨਾਲ ਲਾਗੂ ਕਰਦੇ ਹਨ। ਇਹ ਨਿਯਮ ਰੇਸ, ਜਾਤਿ, ਰੰਗ, ਜਾਂ ਸੈਕਸ ਤੋਂ ਰਹਿਤ ਹਨ।

ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤਾ ਕੋਈ ਵਿਅਕਤੀ ਸਟਾਫ ਦੇ ਕ੍ਰਮਚਾਰੀਆਂ ਦੀ ਕਲਾਸਰੂਮ ਨੂੰ ਸੰਭਾਲਣ ਅਤੇ ਡਿਸਿਪਲਿਨ ਬਰਕਰਾਰ ਰੱਖਣ ਵਿੱਚ ਲੋੜੀਂਦੀ ਮਦਦ ਕਰਦੇ ਹਨ।

**ਸਾਈਟ ਲੈਵਲ ਰੂਲ (ਏ ਆਰ 5144- 27 ਜਨਵਰੀ, 2009 ਨੂੰ ਪ੍ਰਵਾਨਿਤ ਕੀਤੇ ਗਏ):**

ਵਿਦਿਆਰਥੀ ਡਿਸਿਪਲਿਨ ਲਈ ਹਰੇਕ ਸਕੂਲ ਆਪਣੇ ਸਕੂਲ ਦੀਆਂ ਲੋੜਾਂ ਅਨੁਸਾਰ ਡਿਸਿਪਲਿਨ ਸਬੰਧੀ ਆਪਣੇ ਕਾਨੂੰਨ ਬਣਾਕੇ ਡਿਸਟ੍ਰਿਕਟ ਆਫਿਸ ਨੂੰ ਭੇਜਦਾ ਹੈ। ਇਹ ਰੂਲ ਪ੍ਰਿਸੀਪਲ ਅਤੇ ਕਲਾਸਰੂਮ ਟੀਚਰਾਂ ਵੱਲੋਂ ਨਿਯੁਕਤ ਕੀਤੇ ਪ੍ਰਤੀਨਿਦ ਦੁਆਰਾ ਮਿਲ ਕੇ ਬਣਾਏ ਜਾਣੇ ਚਾਹੀਦੇ ਹਨ। ਇਹਨਾ ਰੂਲਾਂ ਨੂੰ ਬਣਾਏ ਜਾਣ ਸਮੇਂ ਸਾਰੇ ਪ੍ਰਬੰਧਕਾਂ, ਟੀਚਰਾਂ, ਸਕਿਉਰਿਟੀ ਕ੍ਰਮਚਾਰੀਆ, ਮਾਪਿਆਂ/ਗਾਰਡੀਅਨਾ ਅਤੇ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦੇ ਵਿਚਾਰਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਹ ਰੂਲ ਕਾਨੂੰਨੀ ਅਧਾਰ ਤੇ, ਗਵਰਨਿੰਗ ਬੋਰਡ ਦੀ ਪਾਲਸੀ ਅਨੁਸਾਰ ਅਤੇ ਡਿਸਟ੍ਰਿਕਟ ਰੈਗੂਲੇਸ਼ਨਾ ਦੇ ਆਧਾਰ ਤੇ ਹੋਣੇ ਚਾਹੀਦੇ ਹਨ ਅਤੇ ਲੋੜ ਪੈਣ ਤੇ ਸਮੇਂ-ਸਮੇਂ ਅਨੁਸਾਰ ਇਹਨਾ ਨੂੰ ਰਿਵਾਇਜ਼ ਕੀਤਾ ਜਾਣਾ ਚਾਹੀਦਾ ਹੈ। ( ਐਜੂਕੇਸ਼ਨ ਕੋਡ 35291.5)

ਸਾਈਟ ਲੈਵਲ ਰੂਲ ਬਣਾਉਦੇ ਸਮੇਂ ਡਿਸਿਪਲਿਨ ਪਾਲਸੀ ਵਿੱਚ ਦਰਸਾਏ ਗਏ ਸਾਰੇ ਰੈਗੂਲੇਸ਼ਨ ਅਤੇ ਅਤੇ ਕਾਨੂੰਨਾ ਦੇ ਤੱਥਾਂ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਹਨਾ ਵਿੱਚ ਅੱਗੇ ਲਿਖਿਆ ਸਭ ਸ਼ਾਮਿਲ ਹੈ, ਪਰ ਸਮਿਤ ਨਹੀਂ ਹੈ, ਵਿਦਿਆਰਥੀ ਨੂੰ ਸਲਾਹ ਦੇਣੀ ਅਤੇ ਕਾਂਉਂਸਲਿੰਗ, ਮਾਪਿਆਂ/ਗਾਰਡੀਅਨਜ਼ ਨਾਲ ਕਾਂਨਫਰੰਸ, ਸਕੂਲੀ ਸਮੇਂ ਅਤੇ ਸਕੂਲੋਂ ਬਾਅਦ ਡੀਟੈਂਸ਼ਨ, ਕਿਸੇ ਹੋਰ ਕਿਸੇ ਦੂਜੇ ਪ੍ਰੋਗਰਾਮ ਵਿੱਚ ਪਾਇਆ ਜਾਣਾ, ਸਸਪੈਂਸ਼ਨ ਅਤੇ ਸਕੂਲੋਂ ਕੱਢਿਆ ਜਾਣਾ।

ਸਾਇਟ ਲੈਵਲ ਦੇ ਡਿਸਿਪਲਿਨਰੀ ਨਿਯਮ ਬਣਾਉਦੇ ਸਮੇਂ, ਹੇਠ ਲਿਖੇ ਗਰੁੱਪਾਂ ਦੇ ਪ੍ਰਤੀਨਿਧਾਂ ਦੇ ਵਿਚਾਰਾਂ, ਅਤੇ ਸਲਾਹ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। (ਐਜੂਕੇਸ਼ਨ ਕੋਡ 35291.5)

1. ਮਾਪੇ/ਗਾਰਡੀਅਨਜ਼

2. ਟੀਚਰ

3. ਸਕੂਲ ਦੇ ਪ੍ਰਬੰਧਕ

4. ਸਕੂਲ ਦੇ ਸਕਿਉਰਿਟੀ ਕ੍ਰਮਚਾਰੀ

5. ਜੂਨੀਅਰ ਹਾਈ ਅਤੇ ਹਾਈ ਸਕੂਲ ਲਈ, ਸਕੂਲ ਦੇ ਵਿਦਿਆਰਥੀ

ਇਹਨਾ ਰੂਲਾਂ ਦੀ ਆਖਰੀ ਅਤੇ ਫਾਈਨਲ ਕਾਪੀ ਪੈਨਲ ਦੁਆਰਾ ਪ੍ਰਵਾਨ ਹੋਣੀ ਚਾਹੀਦੀ ਹੈ ਜਿਸ ਵਿੱਚ ਪ੍ਰਿਸੀਪਲ, ਅਤੇ ਸਕੂਲ ਦੇ ਟੀਚਰਾਂ ਦਾ ਪ੍ਰਤੀਨਿਧ ਹੋਵੇ। ਹਰੇਕ ਸਕੂਲ ਆਪਣੇ -ਆਪਣੇ ਅਪਣਾਏ ਰੂਲਾਂ ਦੀ ਕਾਪੀ ਸੁਪਰਿੰਨਟੈਂਡੈਨਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੇ ਵਿਅਕਤੀ ਨੂੰ ਦੇਣਗੇ।

ਇਹ ਰੂਲ ਕਾਨੂੰਨ ਦੇ ਆਧਾਰ ਤੇ, ਗਵਰਨਿੰਗ ਬੋਰਡ ਪਾਲਸੀ ਦੇ ਅਨੁਸਾਰ ਅਤੇ ਡਿਸਟ੍ਰਿਕਟ ਰੈਗੂਲੇਸ਼ਨਾ ਦੇ ਅਨੁਸਾਰ ਹੋਣਗੇ। ਬੋਰਡ ਇਹਨਾ ਰੂਲਾਂ ਦਾ ਓਪਨ ਮੀਟਿੰਗ ਵਿੱਚ ਨਿਰੀਖਣ ਕਰ ਸਕਦਾ ਹੈ, ਸਕੂਲ ਡਿਸਿਪਲਿਨ ਰੂਲ ਬੋਰਡ ਪਾਲਸੀ ਅਤੇ ਸਟੇਟ ਕਾਨੂੰਨ ਦੇ ਅਨੁਕੂਲ ਪ੍ਰਵਾਨ ਹਨ।

ਹਰੇਕ ਸਕੂਲ ਆਪਣੇ ਸਾਈਟ ਲੈਵਲ ਡਿਸਿਪਲਿਨ ਰੂਲਾਂ ਨੂੰ ਘੱਟ ਤੋਂ ਘੱਟ ਹਰੇਕ 4 ਸਾਲ ਬਾਅਦ ਜ਼ਰੂਰ ਰਿਵਾਇਜ਼ ਕਰੇ।

ਇਹਨਾ ਸਕੂਲ ਰੂਲਾਂ ਨੂੰ ਵਿਦਿਆਰਥੀ ਡਿਦਿਪਲਿਨ ਵਿੱਚ ਲਾਗੂ ਕਰਨਾ ਹਰੇਕ ਸਕੂਲ ਕ੍ਰਮਚਾਰੀ ਦਾ ਕਰਤੱਵ ਹੈ। (ਐਜੂਕੇਸ਼ਨ ਕੋਡ 35291.5)

ਡਿਸਿਪਲਿਨ ਦਾ ਮਹੱਤਵ ਜੋ ਬੋਰਡ ਪਾਲਸੀ, ਰੈਗੂਲੇਸ਼ਨ ਅਤੇ ਕਾਨੂੰਨ ਵਿੱਚ ਦਰਸਾਇਆ ਗਿਆ ਹੈ, ਸਾਈਟ ਰੁਲ ਬਣਾਉਣ ਲਈ ਉਹਨਾ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹਨਾ ਵਿੱਚ ਹੇਠ ਲਿਖਿਆ ਸਭ ਸ਼ਾਮਲ ਹੈ ਪਰ ਸੀਮਿਤ ਨਹੀਂ ਹੈ:

1. ਵਿਦਿਆਰਥੀ ਲਈ ਸਲਾਹ ਅਤੇ ਕਾਉਂਸਲਿੰਗ ਬਾਰੇ ਰੀਫਰਲ

2. ਮਾਪਿਆਂ/ਗਾਰਡੀਅਨਾ ਨਾਲ ਕਾਨਫਰੰਸ

3. ਰੀਸੈੱਸ ਸਮੇਂ ਬੰਦਿਸ਼ਾਂ

4. ਸਕੂਲੀ ਸਮੇਂ ਦੌਰਾਨ ਜਾਂ ਸਕੂਲੋਂ ਬਾਅਦ ਡੀਟੈਨਸ਼ਨ

5. ਕੰਮਿਊਨਿਟੀ ਸਰਵਿਸ

6. ਕਿਸੇ ਹੋਰ ਦੂਜੇ ਸਿਖਿਅਕ ਪ੍ਰੋਗਰਾਮ ਵਿੱਚ ਪਾਉਣਾ

7. ਬੋਰਡ ਦੀ ਪਾਲਸੀ ਅਨੁਸਾਰ ਕਲਾਸ ਵਿੱਚੋਂ ਕੱਢਣਾ, ਪ੍ਰਬੰਧਕੀ ਰੈਗੂਲੇਸ਼ਨ ਅਤੇ ਕਾਨੂੰਨ

8. ਮੁਅੱਤਲ ਕਰਨਾ ਅਤੇ ਸਕੂਲੋਂ ਕੱਢਣਾ

### ਜਿਸਮਾਨੀ ਸਜਾ

ਕਿਸੇ ਵੀ ਵਿਦਿਆਰਥੀ ਨੂੰ ਡਿਸਿਪਲਿਨ ਵਿੱਚ ਰੱਖਣ ਲਈ ਜਿਸਮਾਨੀ ਸਜਾ ਦੀ ਵਰਤੋਂ ਨਹੀਂ ਹੋਵੇਗੀ। ਜਿਸਮਾਨੀ ਸਜਾ ਵਿੱਚ ਸ਼ਾਮਲ ਹੈ ਜਾਣ ਬੁਝ ਕੇ ਕਸ਼ਟ ਦੇਣਾ, ਜਾਂ ਜਾਣ ਬੁਝ ਕੇ ਕਸ਼ਟ ਦਾ ਕਾਰਨ ਬਨਣਾ, ਜਾਂ ਕਿਸੇ ਵਿਦਿਆਰਥੀ ਨੂੰ ਸਰੀਰਕ ਦਰਦ ਦੇਣਾ। (ਐਜੂਕੇਸ਼ਨ ਕੋਡ 49001)

ਇਸ ਪਾਲਸੀ ਦੇ ਫਲਸਰੂਪ, ਜਿਸਮਾਨੀ ਸਜਾ ਵਿੱਚ ਕਿਸੇ ਵੀ ਕ੍ਰਮਚਾਰੀ ਵੱਲੋਂ ਮੁਨਾਸਿਬ ਪ੍ਰਭਾਵ-ਸ਼ਕਤੀ ਦੇ ਜ਼ੋਰ ਦੀ ਵਰਤੋਂ, ਅਤੇ ਕਿਸੇ ਕ੍ਰਮਚਾਰੀ, ਵਿਦਿਆਰਥੀ, ਸਟਾਫ ਦੀ ਰੱਖਿਆ, ਜਾਂ ਪ੍ਰਾਪਰਟੀ ਨੂੰ ਨੁਕਸਾਨ ਤੋਂ ਬਚਾਉਣਾ, ਜਾਂ ਕਿਸੇ ਵਿਦਿਆਰਥੀ ਵੱਲੋਂ ਕਿਸੇ ਹਥਿਆਰ ਜਾਂ ਕਿਸੇ ਖਤਰਨਾਕ ਚੀਜ਼ ਨੂੰ ਆਪਣੇ ਕੋਲ ਰੱਖਣਾ ਸ਼ਾਮਿਲ ਨਹੀਂ ਹੈ। (ਐਜੂਕੇਸ਼ਨ ਕੋਡ 49001)

### ਕੰਮਿਊਨਿਟੀ ਸਰਵਿਸ

ਇਸ ਡਿਸਿਪਲਿਨਰੀ ਐਕਸ਼ਨ ਵਿੱਚ, ਬੋਰਡ, ਸੁਪਰਿੰਨਟੈਂਡੈਂਟ, ਪ੍ਰਿਸੀਪਲ ਜਾਂ ਉਹਨਾ ਵੱਲੋਂ ਨਿਯੁਕਤ ਕੀਤਾ ਵਿਅਕਤੀ ਵਿਦਿਆਰਥੀ ਦੀ ਸਵੈ-ਇੱਛਾ, ਜਾਂ ਮਾਪਿਆਂ/ਗਾਰਡੀਅਨਜ਼ ਦੀ ਲਿਖਤੀ ਆਗਿਆ ਅਨੁਸਾਰ, ਸਕੂਲ ਤੋਂ ਬਾਅਦ ਸਕੂਲ ਕੈਂਪਸ ਤੇ ਕੰਮਿਊਨਿਟੀ ਸਰਵਿਸ ਕਰਨ ਲਈ ਵੀ ਕਹਿ ਸਕਦੇ ਹਨ। ਇਹਨਾ ਸੇਵਾਵਾਂ ਵਿੱਚ ਸ਼ਾਮਿਲ ਹੈ ਪਰ ਸੀਮਿਤ ਨਹੀਂ ਹੈ, ਕੰਮਿਊਨਿਟੀ ਜਾਂ ਸਕੂਲ ਦੀ ਬਾਹਰੀ ਬਿਉਟੀਫਿਕੇਸ਼ਨ (ਸੁੰਦਰਤਾ), ਕੈਂਪਸ ਨੂੰ ਚੰਗੇਰਾ ਬਣਾਉਣਾ, ਟੀਚਰਾਂ ਅਤੇ ਹੋਰ ਨਾਲ ਦੇ ਵਿਦਿਆਰਥੀਆਂ ਦੀ ਮਦਦ, ਅਤੇ ਯੂਥ ਅਸਿਸਟੈਂਟ ਪ੍ਰੋਗਰਾਮਜ਼। (ਐਜੂਕੇਸ਼ਨ ਕੋਡ 48900 .6)

ਐਜੂਕੇਸ਼ਨ ਕੋਡ 48915 ਇਹ ਕੰਮਿਊਨਿਟੀ ਸਰਵਿਸ ਔਪਸ਼ਨ ਉਹਨਾ ਵਿਦਿਆਰਥੀਆਂ ਲਈ ਉੱਪਲਭਦ ਨਹੀਂ ਹੈ ਜਿਹਨਾ ਨੂੰ ਮੁਅੱਤਲ ਕੀਤਾ ਗਿਆ ਹੋਵੇ, ਜਾਂ ਕੱਢੇ ਜਾਣ ਲਈ ਕੇਸ ਵਿਚਾਰ ਅਧੀਨ ਹੋਵੇ। ਫਿਰ ਵੀ, ਜੇਕਰ ਕੱਢੇ ਜਾਣ ਦੀ ਪੇਸ਼ਕਸ਼ ਹਾਲੇ ਲਾਗੂ ਨਾ ਕੀਤੀ ਹੋਵੇ ਜਾਂ ਆਪਣੇ ਆਪ ਹੀ ਸਸਪੈਂਡ ਹੋ ਚੁੱਕੀ ਹੈ, ਤਾਂ ਵਿਦਿਆਰਥੀ ਕੰਮਿਊਨਿਟੀ ਸਰਵਿਸ ਕਰ ਸਕਦਾ ਹੈ (ਐਜੂਕੇਸ਼ਨ ਕੋਡ 48900 .6)

### ਵਿਦਿਆਰਥੀ ਦੇ ਮਾਪਿਆ/ਗਾਰਡੀਅਨਜ਼ ਨੂੰ ਨੋਟਿਸ

ਸਕੂਲੀ ਸਾਲ ਸ਼ੁਰੂ ਹੋਣ ਤੋਂ ਬਾਅਦ ਸੁਪਰਿੰਨਟੈਂਡੈਂਟ, ਜਾਂ ਉਹਨਾ ਵੱਲੋਂ ਨਿਯੁਕਤ ਕੀਤਾ ਵਿਅਕਤੀ ਵਿਦਿਆਰਥੀ ਦੇ ਮਾਪਿਆ/ਗਾਰਡੀਅਨਜ਼ ਨੂੰ ਡਿਸਟ੍ਰਿਕਟ ਡਿਸਿਪਲਿਨ ਰੂਲਜ਼ ਦੀ ਉੱਪਲਭਦੀ ਬਾਰੇ ਲਿਖਤੀ ਨੋਟਿਸ ਭੇਜੇਗਾ। (ਐਜੂਕੇਸ਼ਨ ਕੋਡ 48980)

ਸੁਪਰਿੰਨਟੈਂਡੈਂਟ, ਜਾਂ ਉਹਨਾ ਵੱਲੋਂ ਨਿਯੁਕਤ ਕੀਤਾ ਵਿਅਕਤੀ ਟ੍ਰਾਂਸਫਰ ਵਿਦਿਆਰਥੀ ਦੇ ਡਿਸਟ੍ਰਿਕਟ ਵਿੱਚ ਦਾਖਲ ਹੋਣ ਸਮੇਂ, ਮਾਪਿਆ/ਗਾਰਡੀਅਨਜ਼ ਨੂੰ ਡਿਸਟ੍ਰਿਕਟ ਡਿਸਿਪਲਿਨ ਰੂਲਜ਼ ਦੀ ਉੱਪਲਭਦੀ ਬਾਰੇ ਲਿਖਤੀ ਨੋਟਿਸ ਭੇਜੇਗਾ।

### ਮਾਪਿਆਂ ਦੀ ਹਾਜ਼ਰੀ ਲਾਜ਼ਮੀ ਹੈ (ਅਪੂਰਨ ਬੋਰਡ ਪੌਲਸੀ 5144.1, 27 ਜਨਵਰੀ, 2009 ਨੂੰ ਰਿਵਾਇਜ਼ ਕੀਤੀ ਗਈ)

ਬੋਰਡ ਵਾਲੇ ਵਿਸ਼ਵਾਸ ਕਰਦੇ ਹਨ ਕਿ ਕਲਾਸਰੂਮ ਵਿੱਚ ਵਿਹਾਰ ਸਬੰਧੀ ਜੋ ਸਮੱਸਿਆਵਾਂ ਖੜੀਆਂ ਹੋ ਜਾਂਦੀਆਂ ਹਨ ਉਨ੍ਹਾਂ ਨਾਲ ਨਜਿਠਨ ਲਈ ਮਾਪਿਆਂ ਵਲੋਂ ਹਿੱਸਾ ਲੈਣਾ ਇੱਕ ਮਹੱਤਵਪੂਰਨ ਭੂਮਿਕਾ ਦਾ ਕੰਮ ਕਰਦਾ ਹੈ। ਬੋਰਡ ਵਾਲੇ ਚਾਹੁੰਦੇ ਹਨ ਕਿ ਜਦ ਕਦੇ ਵੀ ਵਿਹਾਰ ਨਾਲ ਸਬੰਧਿਤ ਸਮੱਸਿਆ ਖੜੀ ਹੋ ਜਾਵੇ ਤਾਂ ਟੀਚਰ ਮਾਪਿਆਂ ਨਾਲ ਗਲਬਾਤ ਜ਼ਰੂਰ ਕਰਨ।

ਜੇਕਰ ਵਿਦਿਆਰਥੀ ਅਪਣੀ ਕਲਾਸ ਵਿੱਚ ਅਸ਼ਲੀਲ ਹਰਕਤ ਕਰੇ , ਆਦਤਨ ਬੇਅਦਬੀ ਦੀਆਂ ਗਲਾਂ ਕਰੇ, ਜਾਂ ਲੱਚਰਤਾ ਦਾ ਪ੍ਰਦਰਸ਼ਨ ਕਰੇ, ਸਕੂਲ ਦੀਆਂ ਕਾਰਵਾਈਆਂ ਵਿੱਚ ਵਿਘਨ ਪਾਵੇ, ਜਾਂ ਜਾਣਬੁਝਕੇ ਸਟਾਫ ਦਾ ਕਹਿਣਾ ਨਾ ਮੰਨੇ ਤਾਂ ਉਸਨੂੰ ਕਲਾਸ ਵਿਚੋਂ ਕੱਢ ਦਿਤਾ ਜਾਂਦਾ ਹੈ। ਜਿਸ ਕਲਾਸ ਚੋਂ ਵਿੱਦਿਆਰਥੀ ਨੂੰ ਕੱਢਿਆ ਜਾਂਦਾ ਹੈ, ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨ ਨੂੰ ਸਕੂਲ ਦਿਨ ਦੇ ਬਕਾਇਆ ਸਮੇਂ ਦੌਰਾਨ ਕੁਝ ਸਮੇਂ ਲਈ ਕਲਾਸ ਵਿੱਚ ਬਠਾਉਣ ਦਾ ਪ੍ਰਬੰਧ ਕੀਤਾ ਜਾਵੇ। ਕਲਾਸਰੂਮ ਦਾ ਵਿਜ਼ਿਟ ਪੂਰਾ ਕਰਨ ਤੋਂ ਬਾਅਦ, ਸਕੂਲ ਕੈਮਪਸ ਚੋਂ ਬਾਹਰ ਜਾਣ ਤੋਂ ਪਹਿਲੋ,਼ ਮਾਪੇ/ਗਾਰਡੀਅਨ, ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਜ਼ਰੂਰ ਮਿਲਣ।(ਐਜੂਕੇਸ਼ਨ ਕੋਡ 48900.1)

ਟੀਚਰ ਦੁਆਰਾ ਮਾਪਿਆਂ ਦੀ ਕਲਾਸ ਰੂਮ ਵਿੱਚ ਹਾਜ਼ਰੀ ਜ਼ਰੂਰੀ ਕਰਨ ਤੋਂ ਪਹਿਲਾਂ, ਟੀਚਰ ਨੂੰ ਮਾਪਿਆਂ/ਗਾਰਡੀਅਨ ਨੂੰ ਆਪਣੀ ਸਵੈ-ਇੱਛਾ ਨਾਲ ਕਲਾਸ ਰੂਮ ਵਿੱਚ ਆਉਣ ਲਈ ਪੁਛਣਾ ਚਾਹੀਦਾ ਹੈ। ਟੀਚਰਾਂ ਮਾਪਿਆਂ/ਗਾਰਡੀਅਨਾਂ ਨੂੰ ਪੇਰੈਂਟ ਐਜੂਕੇਸ਼ਨ ਮੌਕਿਆਂ ਬਾਰੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ। ਟੀਚਰ ਨੂੰ "ਮਾਪਿਆਂ ਦੀ ਹਾਂਜ਼ਰੀ ਲਾਜ਼ਮੀ" ਔਪਸ਼ਨ ਉਸ ਸਮੇਂ ਲਈ ਰਾਖਵੀਂ ਰੱਖਣੀ ਚਾਹੀਦੀ ਹੈ ਜਦੋਂ ਉਹਨਾ ਨੂੰ ਲੱਗੇ ਕਿ ਵਿਦਿਆਰਥੀ ਅਤੇ ਮਾਪਿਆਂ/ਗਾਰਡੀਅਨਾਂ ਅਤੇ ਕਲਾਸ ਰੂਮ ਵਿਵਹਾਰ ਚੰਗਾ ਬਣਾਉਣ ਦੀ ਇਹ ਵਧੀਆ ਜੁਗਤ ਹੈ।

ਟੀਚਰ ਨੂੰ ਇਹ ਪਾਲਸੀ ਕਲਾਸ ਰੂਮ ਦੇ ਸਾਰੇ ਵਿਦਿਆਰਥੀਆਂ ਲਈ ਇੱਕਸਾਰ ਲਾਗੂ ਕਰਨੀ ਚਾਹੀਦੀ ਹੈ। ਇਹ ਪਾਲਸੀ ਕੇਵਲ ਉਹਨਾ ਮਾਪਿਆਂ/ਗਾਰਡੀਅਨਾ ਤੇ ਲਾਗੂ ਹੁੰਦੀ ਹੈ ਜੋ ਵਿਦਿਆਰਥੀ ਦੇ ਨਾਲ ਰਹਿਂਦੇ ਹਨ। (ਐਜੂਕੇਸ਼ਨ ਕੋਡ 48900.1)

ਜਦੋਂ ਟੀਚਰ ਮਾਪਿਆਂ ਦੀ ਹਾਜ਼ਰੀ ਲਾਜ਼ਮੀ ਕਰਦੇ ਹਨ, ਤਾਂ ਪ੍ਰਿਸੀਪਲ ਮਾਪਿਆਂ/ਗਾਰਡੀਅਨਾਂ ਲਈ ਇਕ ਲਿਖਤੀ ਨੋਟਿਸ ਭੇਜਦੇ ਹਨ ਕਿ ਉਹਨਾ ਦੀ ਹਾਜ਼ਰੀ ਕਾਨੂੰਨਣ ਜ਼ਰੁਰੀ ਹੈ।(ਐਜੂਕੇਸ਼ਨ ਕੋਡ 48900.1)

ਇਸ ਨੋਟਿਸ ਵਿੱਚ ਖਾਸ ਤੌਰ ਤੇ ਲਿਖਿਆ ਹੋਣਾ ਚਾਹੀਦਾ ਹੈ ਕਿ ਇਹ ਹਾਜ਼ਰੀ ਵਿਦਿਆਰਥੀ ਦੇ ਕਲਾਸ ਵਿੱਚ ਪਰਤਣ ਵਾਲੇ ਦਿਨ ਜਾਂ ਉਸਤੋਂ ਇੱਕ ਹਫਤੇ ਦੇ ਵਿੱਚ-ਵਿੱਚ ਹੋਣੀ ਚਾਹੀਦੀ ਹੈ।

ਜਿਸ ਵੀ ਮਾਪੇ/ਗਾਰਡੀਅਨ ਨੂੰ ਇਹ ਲਿਖਤੀ ਨੋਟਿਸ ਪ੍ਰਾਪਤ ਹੁੰਦਾ ਹੈ, ਉਹ ਨੋਟਿਸ ਵਿੱਚ ਖਾਸ ਤੌਰ ਤੇ ਲਿਖੇ ਅਨੁਸਾਰ ਹੀ ਸ਼ਾਮਲ ਹੋਵੇਗਾ। ਕਲਾਸਰੂਮ ਵਿਜ਼ਟ ਪੂਰੀ ਕਰਨ ਤੋਂ ਬਾਅਦ ਅਤੇ ਸਕੂਲ ਕੈਂਪਸ ਤੋਂ ਜਾਣ ਤੋਂ ਪਹਿਲਾਂ, ਮਾਪਾ/ਗਾਰਡੀਅਨ, ਪ੍ਰਿੰਸੀਪਲ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਨੂੰ ਵੀ ਜ਼ਰੂਰ ਮਿਲੇਗਾ।

**ਅੱਧੀ ਛੁਟੀ ਲਈ ਬੰਦਿਸ਼ (ਰਿਸਟ੍ਰਿਕਸ਼ਨ ਔਫ ਰਿਸੈਸ (ਏ ਆਰ 5144- 27 ਜਨਵਰੀ, 2009 ਨੂੰ ਪ੍ਰਵਾਨਿਤ ਕੀਤੇ ਗਏ):**

ਇੱਕ ਟੀਚਰ ਵਿਦਿਆਰਥੀ ਦੇ ਰੀਸੈੱਸ ਸਮੇਂ ਤੇ ਬੰਦਿਸ਼ ਲਗਾ ਸਕਦਾ ਹੈ, ਜਦੋਂ ਉਸਨੂੰ ਲਗਦਾ ਹੈ ਕਿ ਇਹ ਤਰੀਕਾ ਵਿਦਿਆਰਥੀ ਦੇ ਵਿਵਹਾਰ ਨੂੰ ਠੀਕ ਕਰਨ ਲਈ ਸਭ ਤੋਂ ਵਧੀਆ ਹੋਵੇਗਾ, ਹੇਠ ਲਿਖੀਆ ਸ਼ਰਤਾਂ ਸਮੇਤ:

1) ਵਿਦਿਅਰਥੀ ਨੂੰ ਲੰਚ ਖਾਣ ਜਾਂ ਪਾਣੀ ਪੀਣ, ਅਤੇ ਬਾਥਰੂਮ ਜਾਣ ਲਈ ਢੁਕਵਾਂ ਸਮਾਂ ਦਿੱਤਾ ਜਾਵੇਗਾ।

2) ਇਸ ਬੰਦਿਸ਼ ਦੇ ਸਮੇਂ ਵਿਦਿਆਰਥੀ ਕਿਸੇ ਸਰਟੀਫਾਈਡ ਕ੍ਰਮਚਾਰੀ ਦੀ ਦੇਖ-ਰੇਖ ਵਿੱਚ ਰਹੇਗਾ।

3) ਟੀਚਰ ਇਸ ਤਰਮ ਦੀ ਕਿਸੇ ਵੀ ਬੰਦਿਸ਼ ਬਾਰੇ ਪ੍ਰਿਸੀਪਲ ਨੂੰ ਜਾਣਕਾਰੀ ਦੇਣਗੇ।

**ਸਕੂਲ ਤੋਂ ਬਾਅਦ ਰੁਕਣ ਲਈ ਕਹਿਣਾ (ਡੀਟੈਂਨਸ਼ਨ ਆਫਟਰ ਸਕੂਲ )**

ਪੂਰੇ ਸਕੂਲੀ ਦਿਨ ਤੋਂ ਬਾਅਦ ਵਿਦਿਆਰਥੀ ਨੂੰ ਡਿਸਿਪਲਿਨਰੀ ਕਾਰਨਾ ਕਰਕੇ 1 ਘੰਟਾ ਸਕੂਲ ਵਿੱਚ ਰੱਖਿਆ ਜਾ ਸਕਦਾ ਹੈ। (5 ਸੀ ਸੀ ਆਰ 353)

ਜੇਕਰ ਕਿਸੇ ਵਿਦਿਆਰਥੀ ਦੀ ਸਕੂਲ ਬਸ ਡੀਟੈਂਨਸ਼ਨ ਦੇ ਕਾਰਨ ਮਿਸ ਹੋ ਜਾਂਦੀ ਹੈ, ਜਾਂ ਵਿਦਿਆਰਥੀ ਘਰ ਜਾਣ ਲਈ ਸਕੂਲ ਬਸ ਦੀ ਵਰਤੋਂ ਨਹੀਂ ਕਰਦਾ ਤਾਂ ਪ੍ਰਿਸੀਪਲ ਜਾਂ ਉਹਨਾ ਵੱਲੋਂ ਨਿਯੁਕਤ ਵਿਅਕਤੀ ਮਾਪਿਆਂ/ਗਾਰਡੀਅਨਜ਼ ਨੂੰ ਇੱਕ ਦਿਨ ਪਹਿਲਾਂ ਸੂਚਨਾ ਦੇਵੇਗਾ, ਤਾਂ ਕਿ ਵਿਦਿਆਰਥੀ ਦੇ ਘਰ ਜਾਣ ਲਈ ਹੋਰ ਪ੍ਰਬੰਧ ਹੋ ਸਕੇ। ਪ੍ਰਿਸੀਪਲ ਜਾਂ ਉਹਨਾ ਵੱਲੋਂ ਨਿਯੁਕਤ ਵਿਅਕਤੀ ਵੱਲੋਂ ਮਾਪਿਆਂ/ਗਾਰਡੀਅਨਜ਼ ਨੂੰ ਸੂਚਨਾ ਦੇਣ ਤੋਂ ਬਿਨਾ ਵਿਦਿਆਰਥੀ ਨੂੰ ਡੀਟੈਂਨਸ਼ਨ ਨਹੀਂ ਦਿੱਤੀ ਜਾ ਸਕਦੀ।

ਜੇਕਰ ਸਕੂਲ ਬਸ ਸਕੂਲ ਨੂੰ ਛੁਟੀ ਹੋਣ ਤੋਂ 1 ਘੰਟੇ ਤੋਂ ਜਿਆਦਾ ਸਮਾਂ ਬਾਅਦ ਜਾਂਦੀ ਹੈ ਤਾਂ ਵਿਦਿਆਰਥੀ ਨੂੰ ਬਸ ਦੇ ਜਾਣ ਤੱਕ ਰੱਕਣਾ ਚਾਹੀਦਾ ਹੈ। (5 ਸੀ ਸੀ ਆਰ 307, 353)

ਇਸ ਡੀਟੈਂਨਸ਼ਨ ਦੇ ਸਮੇਂ ਵਿਦਿਆਰਥੀ ਕਿਸੇ ਸਰਟੀਫਾਈਡ ਕ੍ਰਮਚਾਰੀ ਦੀ ਦੇਖ-ਰੇਖ ਵਿੱਚ ਰਹੇਗਾ।

ਵਿਦਿਆਰਥੀ ਆਪਣੀ ਚੋਣ ਅਨੁਸਾਰ ਸਕੂਲ ਤੋਂ ਬਾਅਦ ਰਹਿਣ ਦੀ ਥਾਂ ਸਨਿਚਰਵਾਰ ਨੂੰ ਵੀ ਡੀਟੈਂਨਸ਼ਨ ਦਾ ਸਮਾਂ ਪੂਰਾ ਕਰ ਸਕਦਾ ਹੈ।

ਮਾਪਾ/ਗਾਰਡੀਅਨ , ਜੋ ਸਕੂਲ ਵਿੱਚ ਹਾਜ਼ਰ ਹੋਣ ਦੀ ਇਸ ਬੇਨਤੀ ਦਾ ਜ਼ੁਆਬ ਨਹੀਂ ਦੇਵੇਗਾ, ਪ੍ਰਿੰਸੀਪਲ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਉਹਨਾ ਨਾਲ ਸੰਪਰਕ ਕਰਨਗੇ। ਬੋਰਡ ਮੰਨਦਾ ਹੈ ਕਿ ਇਸ ਪਾਲਸੀ ਅਨੁਸਾਰ ਮਾਪੇ/ਗਾਰਡੀਅਨ ਸ਼ਾਇਦ ਲੇਟ ਹੋ ਸਕਦੇ ਹਨ, ਮੋਡੀਫਾਈ ਕਰ ਸਕਦੇ ਹਨ, ਜਾਂ ਕਿਸੇ ਕਾਰਨ ਕਰਕੇ ਇਸ ਤੋਂ ਬਚ ਸਕਦੇ ਹਨ ਜਿਵੇਂ , ਭਿਆਨਕ ਬੀਮਾਰੀ/ ਸੱਟ-ਚੋਟ/ ਡਿਸਅਬਿਲਿਟੀ, ਸ਼ਹਿਰ ਤੋਂ ਬਾਹਰ ਹੋਣਾ, ਜਾਂ ਕੰਮ ਤੋਂ ਛੁੱਟੀ ਲੈਣ ਦੀ ਅਸਮਰੱਥਾ।

ਵਿਦਿਆਰਥੀ ਅਨੁਸ਼ਾਸ਼ਨ ਲਈ ਡਿਸਟ੍ਰਿਕਟ ਰੈਗੂਲੇਸ਼ਨਜ਼ ਅਤੇ ਸਕੂਲ ਸਾਈਟ ਰੂਲਾਂ ਵਿੱਚ ਪੇਰੈਂਟਲ ਅਟੈਂਡੈਂਸ ਰਿਕੁਆਇਰਮੈਂਟਾਂ ਨੂੰ ਲਾਗੂ ਕਰਨ ਦੀ ਕਾਰਜ-ਪ੍ਰਣਾਲੀ ਸ਼ਾਮਲ ਹੋਵੇਗੀ। ਮਾਪੇ/ਗਾਰਡੀਅਨਾਂ ਨੂੰ ਇਸ ਪਾਲਸੀ ਨੂੰ ਲਾਗੂ ਕਰਨ ਤੋਂ ਪਹਿਲਾਂ ਨੋਟਿਸ ਭੇਜਿਆ ਜਾਵੇਗਾ। (ਐਜੂਕੇਸ਼ਨ ਕੋਡ 48900.1)

**ਆਚਰਣ (ਕੌਨਡੱਕਟ) (ਬੋਰਡ ਪੌਲਸੀ 5131- 23 ਜੂਨ, 2009 ਨੂੰ ਪ੍ਰਵਾਨਿਤ ਕੀਤੀ ਗਈ)**

ਰਾਜ ਪ੍ਰਬੰਧਕ ਇਸ ਗੱਲ ਵਿੱਚ ਵਿਸ਼ਵਾਸ ਰੱਖਦੇ ਹਨ ਕਿ ਸਾਰੇ ਵਿੱਦਿਆਰਥੀਆਂ ਨੂੰ ਇਕ ਪੌਜ਼ਿਟਿਵ ਵਾਤਾਵਰਨ, ਜੋ ਰੁਕਾਵਟਾਂ ਤੋਂ ਰਹਿਤ ਹੈ ਵਿੱਚ ਵਿੱਦਿਆ ਸਿੱਖਣ ਦਾ ਹੱਕ ਹੈ। ਸਕੂਲ ਗਰਾਉਂਡਾਂ ਅਤੇ ਸਕੂਲ ਦੀਆਂ ਕਿਰਿਆਵਾਂ ਦੌਰਾਨ, ਸਕੂਲ ਨੂੰ ਆਉਂਦੇ ਜਾਂ ਜਾਂਦੇ ਸਮੇਂ, ਡਿਸਟ੍ਰਿਕਟ ਟ੍ਰਾਂਸਪੋਰਟੇਸ਼ਨ ਸਮੇਂ, ਵਿੱਦਿਆਰਥੀ ਐਸੇ ਆਚਰਣ ਦਾ ਪਰਦਰਸ਼ਨ ਕਰਨਗੇ ਜੋ ਦੂਜੇ ਦੇ ਹੱਕਾਂ ਦੀ ਕਨੂੰਨੀ ਉਲੰਘਣਾ ਨਾ ਕਰੇ ਅਤੇ ਸਕੂਲ ਦੇ ਪ੍ਰੋਗਰਾਮਾਂ ਵਿੱਚ ਵਿਘਨ ਨਾ ਪਾਵੇ।

ਵਿਵਹਾਰ ਨੂੰ ਉਸ ਸਮੇਂ ਸਹੀ ਮੰਨਿਆ ਜਾਂਦਾ ਹੈ ਜਦ ਵਿੱਦਿਆਰਥੀ ਬੜ੍ਹੀ ਮਿਹਨਤ ਨਾਲ ਪੜ੍ਹਦੇ ਹਨ, ਸਕੂਲ ਦੀ ਪ੍ਰੌਪਰਟੀ ਦੀ ਦੇਖਭਾਲ ਕਰਦੇ ਹਨ, ਸਲੀਕੇਦਾਰ ਹੁੰਦੇ ਹਨ, ਅਤੇ ਅਪਣੇ ਟੀਚਰਾਂ, ਦੂਜੇ ਸਟਾਫ ਮੈਂਬਰਾਂ, ਵਿੱਦਿਆਰਥੀਆਂ, ਅਤੇ ਵਲੰਟੀਅਰਾਂ ਦਾ ਆਦਰ ਕਰਦੇ ਹਨ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਨੂੰ ਯਕੀਨੀ ਬਣਾਉਣਗੇ ਕਿ ਹਰੇਕ ਸਕੂਲ ਵਿਵਹਾਰ ਸਬੰਧਿਤ ਸਟੈਂਡਰਡਾਂ ਦਾ ਵਿਕਾਸ ਕਰਨ, ਜੋ ਕਿ ਡਿਸਟ੍ਰਿਕਟ ਦੀਆਂ ਡਿਸਿਪਲਿਨ ਸਬੰਧੀ ਪੌਲਸੀਆਂ ਤੇ ਅਧਾਰਤ ਹਨ ਅਤੇ ਪ੍ਰਬੰਧਕੀ ਰੈਗੂਲੇਸ਼ਨਾਂ(ਨਿਯਮਾਂ) ਦੇ ਅਨੁਸਾਰ ਹਨ।

ਵਿੱਦਿਆਰਥੀਆਂ, ਮਾਪਿਆਂ ਅਤੇ ਗਾਰਡੀਅਨਾਂ ਨੂੰ ਡਿਸਟ੍ਰਿਕਟ ਅਤੇ ਸਕੂਲ ਦੇ ਨਿਯਮਾਂ ਜਿਨ੍ਹਾਂ ਦਾ ਸਬੰਧ ਵਿਵਹਾਰ ਨਾਲ ਹੈ ਦੇ ਬਾਰੇ ਸੂਚਨਾ ਲਗਾਤਾਰ ਦਿਤੀ ਜਾਣੀ ਚਾਹੀਦੀ ਹੈ। ਅਤੇ ਇਸਦੇ ਬਾਰੇ ਸ਼ਿਕਸ਼ਾ ਲਗਾਤਾਰ ਦਿਤੀ ਜਾਵੇ। ਇਸ ਤੋਂ ਇਲਾਵਾ ਮਾਪਿਆਂ, ਗਾਰਡੀਅਨਾਂ ਅਤੇ ਵਿੱਦਿਆਰਥੀਆਂ ਨੂੰ ਤੰਗ ਕਰਨ, ਧਮਕਾਉਣ ਅਤੇ ਝਗੜਣ ਸਬੰਧੀ ਵਿਹਾਰਾਂ ਦੇ ਮੁਢਲੇ ਸੰਕੇਤਾਂ ਬਾਰੇ ਜਾਣਕਾਰੀ ਸ਼ੁਰੂ-ਸ਼ੁਰੂ ਵਿੱਚ ਦੇ ਦੇਣੀ ਚਾਹੀਦੀ ਹੈ। ਇਸਦੇ ਨਾਲ- ਨਾਲ ਉਨ੍ਹਾਂ ਨੂੰ ਇਸ ਵਿਹਾਰ ਨੂੰ ਠੀਕ ਕਰਨ ਦੀਆਂ ਜੁਗਤਾਂ ਅਤੇ ਰੋਕਥਾਮ ਬਾਰੇ ਵੀ ਜਾਣਕਾਰੀ ਦਿਤੀ ਜਾਵੇ।

ਵਿੱਦਿਆਰਥੀ ਦੇ ਦੁਰਵਿਹਾਰ ਵਿੱਚ ਇਹ ਸਬ ਸ਼ਾਮਿਲ ਤਾਂ ਹਨ ਪਰ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

1 ਐਸਾ ਵਿਹਾਰ ਜੋ ਸਟਾਫ ਅਤੇ ਜਾਂ ਵਿੱਦਿਆਰਥੀਆਂ ਲਈ ਖਤਰੇ ਦਾ ਕਾਰਣ ਬਣ ਜਾਵੇ।

2. ਐਸਾ ਵਿਹਾਰ ਜੋ ਸਕੂਲ ਵਾਤਾਵਰਨ ਜਾਂ ਕਲਾਸਰੂਮ ਦੇ ਕੰਮਕਾਜ ਵਿੱਚ ਵਿਘਨ ਪਾਂਦਾ ਹੈ।

3. ਸਟਾਫ ਜਾਂ ਵਿੱਦਿਆਰਥੀਆਂ ਨੂੰ ਤੰਗ ਕਰਨਾ, ਡਰਾਉਣਾ -ਧਮਕਾਉਣਾ, ਮਖੌਲ ਉਡਾਉਣਾ, ਖਿੱਚ-ਧੂਹ ਕਰਨਾ, ਪਿਛਾ ਕਰਨਾ, ਪਰੇਸ਼ਾਨ ਕਰਨਾ, ਮੂੰਹ ਜ਼ਬਾਨੀ, ਜਾਂ ਲਿਖਕੇ, ਜਾਂ ਸ਼ਰੀਰਕ ਤੌਰ ਤੇ ਧਮਕਾਉਣਾ ਜਾਂ ਸ਼ਰੀਰ ਨੂੰ ਚੋਟ ਪਹੁੰਚਾਉਣ ਦੀ ਧਮਕੀ ਦੇਣੀ, ਜਾਂ ਕਿਸੇ ਦੂਜੇ ਸ਼ਖਸ ਨੂੰ ਭਾਵੁਕ ਤੌਰ ਤੇ ਸਤਾਉਣਾ, ਬੁਲਿੰਗ/ਸਾਈਬਰਬੁਲਿੰਗ ਸੈਕਸ਼ਨ ਦੇ ਅਨੁਸਾਰ:

ਸੰਚਾਰ-ਨਿਯੰਤ੍ਰਣ ਰਾਹੀਂ ਧੱਕੇਸ਼ਾਹੀ ਵਿੱਚ ਸ਼ਾਮਿਲ ਹੈ, ਧਮਕੀ ਭਰੇ ਸੁਨੇਹੇ, ਸਿੱਧੀ ਤਰਾਂ ਧਮਕੀ ਦੇਣੀ, ਕਿਸੇ ਤਰਾਂ ਦੇ ਨੁਕਸਾਨਦਾਇਕ ਟੈਕਸਟ ਸੁਨੇਹੇ ਜਾਂ ਇੰਟਰਨੈੱਟ ਤੇ ਧਮਕੀ ਜਾਂ ਹੋਰ ਸੋਸ਼ਲ ਨੈੱਟਵਰਕ ਸਾਇਟਾਂ, ਜਾਂ ਡਿਜ਼ਟਲ ਟੈਕਨੋਲੋਜੀਜ਼ ਜਿਵੇਂ; ਟੈਲੀਫੋਨ, ਕੰਪਿਊਟਰ, ਜਾਂ ਕਿਸੇ ਹੋਰ ਵਾਇਰਲੈੱਸ ਕੰਮਿਉਨੀਕੇਸ਼ਨ ਯੰਤਰ ਦੁਆਰਾ। ਕਿਸੇ ਵੀ ਵਿਅਕਤੀ ਦੇ ਅਕਾਂਉਟ ਦੀ ਪਛਾਣ ਕਰਕੇ ਉਸਨੂੰ ਤੰਗ ਕਰਨਾ ਵੀ ਸਾਈਬਰਬੁਲਿੰਗ ਵਿੱਚ ਸ਼ਾਮਲ ਹੈ।

4. ਡਿਸਟ੍ਰਿਕਟ, ਸਟਾਫ ਜਾਂ ਵਿੱਦਿਆਰਥੀਆਂ ਦੀ ਪ੍ਰੌਪਰਟੀ ਚੋਰੀ ਕਰਨੀ, ਜਾਂ ਕਚਰਾ ਖਿਲਾਰਣਾ, ਜਾਂ ਨੁਕਸਾਨ ਪਹੁੰਚਾਉਣਾ।

5. ਲੇਜ਼ਰ ਪੁਆਇੰਟਰ ਅਪਣੇ ਕੋਲ ਰਖਣੇ, ਸਿਵਾਏ ਇਸਦੇ ਕਿ ਸ਼ਿਕਸ਼ਾ ਦੇਣ ਲਈ ਇਸਤੇਮਾਲ ਕੀਤਾ ਜਾਣਾ ਹੈ, ਜਾਂ ਸਕੂਲ ਸਬੰਧਿਤ ਦੂਜੀਆਂ ਕਿਰਿਆਵਾਂ ਲਈ ਇਸਤੇਮਾਲ ਕੀਤਾ ਜਾਣਾ ਹੈ, ਜਿਸ ਵਿੱਚ ਨੌਕਰੀ ਲਈ ਪ੍ਰਦਰਸਨੀ ਕਰਨੀ ਵੀ ਸ਼ਾਮਿਲ ਹੈ।(ਪੀਨਲ ਕੋਡ 417.27)

ਲੇਜ਼ਰ ਪੁਆਇੰਟਰ ਸਕੂਲ ਲਿਆਉਣ ਤੋਂ ਪਹਿਲੋਂ ਵਿੱਦਿਆਰਥੀ ਸਕੂਲ ਦੇ ਪ੍ਰਿੰਸੀਪਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕੋਲੋਂ ਇਜਾਜ਼ਤ ਜ਼ਰੂਰ ਲਵੇ। ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲਦਾ ਫੈਸਲਾ ਕਰੇਗੀ ਕਿ ਕੀ ਵਿੱਦਿਆਰਥੀ ਨੂੰ ਲੇਜ਼ਰ ਪੁਆਇੰਟਰ ਸਕੂਲ ਸਬੰਧੀ ਜਾਇਜ਼ ਕਿਰਿਆ ਜਾਂ ਸ਼ਿਕਸ਼ਾ ਦੇਣ ਲਈ ਚਾਹੀਦਾ ਹੈ।

6. ਗਾਲਾਂ ਕੱਢਣੀਆਂ, ਜਾਂ ਅਸ਼ਲੀਲ ਭਾਸ਼ਾ ਵਰਤਣੀ।

7. ਸਕੂਲ ਦਾ ਕੰਮ ਜਾਂ ਟੈਸਟਾਂ ਦੌਰਾਨ ਨਕਲ ਕਰਨਾ, ਜਾਂ ਨਕਲ ਕਰਵਾਉਣੀ।

8. ਅਢੁੱਕਵੇਂ ਜਾਂ ਗਲਤ ਕਪੜੇ ਪਾਉਣੇ।

9. ਸਕੂਲੋਂ ਗੈਰਹਾਜ਼ਰ ਹੋਣਾ ਜਾਂ ਦੇਰ ਨਾਲ ਹਾਜ਼ਰ ਹੋਣਾ।

10. ਸਕੂਲ ਦੇ ਨਿਯਮਾਂ ਅਨੁਸਾਰ ਸਕੂਲ ਦੇ ਕੈਮਪਸਾਂ ਤੇ ਨਾ ਰਹਿਣਾ।

11. ਸ਼ਰਾਬ, ਤੰਬਾਕੂ, ਜਾਂ ਕਿਸੇ ਵੀ ਬੰਦਿਸ਼ ਵਾਲੀ ਡਰੱਗ ਦੀ ਵਰਤੋਂ ਕਰਨੀ, ਜਾਂ ਕਬਜ਼ੇ ਵਿੱਚ ਰੱਖਣਾ, ਜਾਂ ਕਿਸੇ ਵੀ ਬੰਦਿਸ਼ ਵਾਲੀ ਡਰੱਗ ਦੇ ਅਸਰ ਹੇਠ ਸਕੂਲ ਦੇ ਅਨੁਸ਼ਾਸ਼ਨ ਨੂੰ ਭੰਗ ਕਰਨਾ।

ਸਾਰੇ ਕ੍ਰਮਚਾਰੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਵਿਵਹਾਰ ਦੇ ਇਹਨਾ ਸਟੈਂਡਰਡਾਂ ਨੂੰ ਲਾਗੂ ਕਰਨ ਲਈ ਢੁਕਵੀਂ ਸੁਪਰਵਿਜ਼ਨ ਕਰਨਗੇ ਅਤੇ, ਜੇਕਰ ਉਹਨਾ ਨੂੰ ਕਿਸੇ ਵੀ ਵਿਦਿਆਰਥੀ ਵੱਲੋਂ ਅਪ੍ਰਵਾਣਤ ਵਿਵਹਾਰ ਦੀ ਸੂਚਨਾ ਮਿਲਦੀ ਹੈ ਜਾਂ ਦਿਖਾਈ ਦਿੰਦਾ ਹੈ ਤਾਂ ਉਹ ਉਸੇ ਵੇਲੇ ਮਦਦ ਲਈ ਕਾਲ ਕਰਨਗੇ। ਜੇਕਰ ਕਿਸੇ ਕ੍ਰਮਚਾਰੀ ਨੂੰ ਲਗਦਾ ਹੈ ਕਿ ਉਸ ਤੋਂ ਇਹ ਮਸਲਾ ਸੁਲਝਾ ਨਹੀਂ ਹੋ ਰਿਹਾ ਤਾਂ ਉਹ ਆਪਣੇ ਸੁਪਰਵਾਈਜ਼ਰ ਨੂੰ ਹੋਰ ਜਾਣਕਾਰੀ ਲਈ ਰਿਪੋਰਟ ਭੇਜਣਗੇ।

ਜਿਹੜੇ ਵਿਦਿਆਰਥੀ ਡਿਸਟ੍ਰਿਕਟ ਅਤੇ ਸਕੂਲ ਦੇ ਰੂਲਾਂ ਦੀ ਉਲੰਘਣਾ ਕਰਨਗੇ, ਉਹਨਾ ਲਈ ਡਿਸਿਪਲਿਨ ਵਿੱਚ ਇਹ ਸਭ ਸ਼ਾਮਿਲ ਹੈ, ਪਰ ਸੀਮਿਤ ਨਹੀਂ, ਮੁਅੱਤਲੀ, ਕੱਢੇ ਜਾਣਾ, ਹੋਰ ਕਿਸੇ ਪ੍ਰੋਗਰਾਮ ਵਿੱਚ ਪਾਉਣਾ, ਅਤੇ ਬੋਰਡ ਦੀ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਅਨੁਸਾਰ ਲੋਕਲ ਲਾ-ਇਨਫੋਰਸਮੈਂਟ ਨਾਲ ਸੰਪਰਕ ਕਰਨਾ।

**ਸੈਲਯੁਲਰ ਫੋਨ ਜਾਂ ਦੂਜੀਆਂ ਅਪਣੀਆਂ ਇਲੈਕਟਰੌਨਿਕ ਚੀਜ਼ਾਂ ਅਪਣੇ ਕੋਲ ਰਖਣੀਆਂ:**

ਸਿਗਨੱਲ ਕਰਨ ਵਾਲਾ ਇਲੈਕਟਰੌਨਿਕ ਡਿਵਾਈਸ ਵਿੱਦਿਆਰਥੀ ਅਪਣੇ ਕੋਲ ਰਖ ਸਕਦੇ ਹਨ ਜੇਕਰ ਉਸਦੇ ਲਈ ਡੌਕਟਰ ਜਾਂ ਸਰਜਨ ਨੇ ਇਜਾਜ਼ਤ ਦਿਤੀ ਹੋਈ ਹੈ ਕਿਉਂਕਿ ਉਸ ਡਿਵਾਈਸ ਨੂੰ ਵਿੱਦਿਆਰਥੀ ਨੇ ਅਪਣੀ ਸਿਹਤ ਲਈ ਇਸਤੇਮਾਲ ਕਰਨਾ ਹੈ ਅਤੇ ਇਸ ਡਿਵਾਈਸ ਨੂੰ ਵਿੱਦਿਆਰਥੀ ਸਿਰਫ ਅਪਣੀ ਸਿਹਤ ਲਈ ਹੀ ਇਸਤੇਮਾਲ ਕਰ ਸਕਦਾ ਹੈ। (ਐਜੁਕੇਸ਼ਨ ਕੋਡ 48901.5)

ਵਿੱਦਿਆਰਥੀ ਸਕੂਲ ਕੈਂਪਸ ਤੇ ਨਿੱਜੀ ਇਲੈਕਟਰੋਨਿਕ ਸਿਗਨਲ ਕਰਨ ਵਾਲੇ ਡਿਵਾਈਸਾਂ ਨੂੰ ਇਤੇਮਾਲ ਕਰ ਸਕਦਾ ਹੈ ਜਾਂ ਅਪਣੇ ਕੋਲ ਰਖ ਸਕਦਾ ਹੈ ਜਿਹਨਾ ਵਿੱਚ ਸ਼ਾਮਿਲ ਹਨ, ਪਰ ਸਮਿਤ ਨਹੀਂ ਹਨ, ਪੇਜਰ ਅਤੇ ਸੈਲੂਲਰ/ਡਿਜ਼ੀਟਲ ਟੈਲੀਫੋਨ, ਨਾਲ ਹੀ ਹੋਰ ਮੋਬਾਈਲ ਕੰਮਿਉਨੀਕੇਸ਼ਨ ਯੰਤਰ ਜਿਹਨਾ ਵਿੱਚ ਸ਼ਾਮਲ ਹਨ, ਪਰ ਸੀਮਤ ਨਹੀਂ ਹਨ, ਡਿਜ਼ੀਟਲ ਮੀਡੀਆ ਪਲੇਅਰ, ਪੀ ਡੀ ਏ, ਕਾਂਪੈਕਟ ਡਿਸਕ ਪਲੇਅਰ, ਪੋਰਟੇਬਲ ਗੇਮ ਕੰਨਸੋਲ, ਕੈਮਰੇ, ਡਿਜ਼ੀਟਲ ਸਕੈਨਰ, ਅਤੇ ਲੈਪ-ਟਾਪ ਕੰਪਿਊਟਰ, ਬਸ਼ਰਤੇ ਕਿ ਇਹ ਚੀਜ਼ਾਂ ਸਕੂਲ ਦੇ ਐਜੁਕੇਸ਼ਨਲ ਪ੍ਰੋਗਰਾਮ ਅਤੇ ਹੋਰ ਸਕੂਲ ਦੀਆਂ ਗਤੀਵਿਧੀਆਂ ਵਿੱਚ ਵਿਘਨ ਨਾ ਪਾਉਣ ਅਤੇ ਜਾਂ ਇਹਨਾ ਨੂੰ ਟੈਸਟ ਅਸਾਈਨਮੈਂਟਾਂ ਵਿੱਚ ਨਕਲ ਕਰਨ ਲਈ ਵਰਤਿਆ ਨਾਹ ਜਾਵੇ।

ਜੇਕਰ ਰੁਕਾਵਟ ਪੈ ਜਾਵੇ, ਤਾਂ ਕਰਮਚਾਰੀ ਵਿੱਦਿਆਰਥੀ ਨੂੰ ਅਪਣਾ ਡਿਵਾਈਸ ਬੰਦ ਕਰਨ ਲਈ ਕਹੇਗਾ, ਜਾਂ ਉਸ ਕੋਲੋਂ ਲੈ ਲਵੇ। ਜੇਕਰ ਸਕੂਲ ਦਾ ਕੋਈ ਕਰਮਚਾਰੀ ਸਮਝੇ ਕਿ ਡਿਵਾਈਸ ਖੋਹਣਾ ਜ਼ਰੂਰੀ ਹੈ ਤਾਂ ਪੀਰਿਅਡ ਖਤਮ ਹੋਣ ਜਾਂ ਸਕੂਲ ਖਤਮ ਹੋਣ ਤੋਂ ਬਾਅਦ ਡਿਵਾਈਸ ਵਿੱਦਿਆਰਥੀ ਨੂੰ ਵਾਪਸ ਦਿਤਾ ਜਾਵੇ।

ਲੱਭਣ ਅਤੇ ਜ਼ਬਤ ਕਰਨ ਸਬੰਧੀ ਬੋਰਡ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਇੱਕ ਸਕੂਲੀ ਕਮਚਾਰੀ ਵੱਲੋਂ ਵਿਦਿਆਰਥੀ ਦੀ ਮੋਬਾਈਲ ਕੰਮਿਉਨੀਕੇਸ਼ਨ ਦੀ ਪੜਤਾਲ ਕਰਨਾ ਸ਼ਾਮਲ ਹੈ, ਪਰ ਸੀਮਤ ਨਹੀਂ ਹੈ, ਤਸਵੀਰਾਂ ਅਤੇ ਸੁਨੇਹਿਆਂ ਆਦਿ ਦੀ ਪੜਤਾਲ ਵੀ ਕਰ ਸਕਦਾ ਹੈ।

ਵਿਦਿਆਰਥੀ ਸਕੂਲ ਗਰਾਂਉਂਡਜ਼, ਅਤੇ ਜਾਂ ਸਕੂਲ ਨਾਲ ਸਬੰਧਿਤ ਗਤੀਵਿਧੀਆਂ ਲਈ ਡਰਾਈਵ ਕਰਦੇ ਸਮੇਂ ਮੋਬਾਈਲ ਕੰਮਿਉਨੀਕੇਸ਼ਨ ਦੀ ਭਾਂਵੇਂ ਉਹ ਹੈਂਡਜ਼ ਫਰੀ ਹੀ ਕਿਉ ਨਾ ਹੋਵੇ, ਦੀ ਵਰਤੋਂ ਨਹੀਂ ਕਰੇਗਾ।

ਬੋਰਡ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਜਿਹੜਾ ਵੀ ਵਿਦਿਆਰਥੀ ਇਹਨਾ ਨਿਯਮਾਂ ਦੀ ਪਾਲਣਾ ਨਹੀਂ ਕਰੇਗਾ, ਉਹ ਸਕੂਲ, ਅਤੇ ਸਕੂਲ ਨਾਲ ਸਬੰਧਿਤ ਗਤੀਵਿਧੀਆਂ ਵਿੱਚ ਮੋਬਾਈਲ ਕੰਮਿਉਨੀਕੇਸ਼ਨ ਡੀਵਾਈਸ ਨਹੀਂ ਰੱਖ ਸਕੇਗਾ।

### ਧੱਕੇਸ਼ਾਹੀ/ ਸੰਚਾਰ-ਨਿਯੰਤ੍ਰਣ ਰਾਹੀਂ ਧੱਕੇਸ਼ਾਹੀ

ਵਿਦਿਆਰਥੀ ਦੇ ਚੰਗੇ ਵਿਵਹਾਰ ਲਈ ਅਤੇ ਧੱਕੇਸ਼ਾਹੀ ਰੋਕਣ ਲਈ ਬੋਰਡ ਨੇ ਪਾਜ਼ੇਟਿਵ, ਮੇਲ-ਜੋਲ ਵਾਲਾ ਸਕੂਲੀ ਆਲਾ-ਦੁਆਲਾ ਅਤੇ ਸੌਖੇ- ਸਿੱਧੇ ਨਿਯਮ ਬਣਾਏ ਹਨ।

ਡਿਸਟ੍ਰਿਕਟ ਵਿਦਿਆਰਥੀ ਸਿਖਿਆ ਪ੍ਰਦਾਨ ਕਰੇਗਾ, ਵਿਦਿਆਰਥੀਆਂ ਨੂੰ ਕਲਾਸ ਰੂਮ ਵਿੱਚ ਜਾਂ ਹੋਰ ਐਜੂਕੇਸ਼ਨਲ ਸੈਟਿੰਗਾਂ ਵਿੱਚ ਸੋਸ਼ਲ ਸਕਿਲਜ਼, ਕੰਮਿਉਨੀਕੇਸ਼ਨ ਅਤੇ ਦਾਅਵੇ ਵਾਲੀਆਂ ਸਕਿਲਜ਼ ਅਤੇ ਵਿਦਿਆਰਥੀਆਂ ਲਈ ਧੱਕੇਸ਼ਾਹੀ ਨਾਲ ਨਿਪਟਣ ਅਤੇ ਧੱਕੇਸ਼ਾਹੀ ਦੀ ਰੋਕ-ਥਾਮ ਲਈ ਢੁਕਵੇਂ ਔਨ-ਲਾਈਨ ਵਿਵਹਾਰ ਅਤੇ ਜੁਗਤਾਂ ਪ੍ਰਦਾਨ ਕਰੇਗਾ, ਜਿਸ ਵਿੱਚ ਮਾਪੇ/ਗਾਰਡੀਅਨ, ਸਟਾਫ, ਅਤੇ ਕੰਮਿਉਨਿਟੀ ਦੇ ਮੈਂਬਰ ਸ਼ਾਮਲ ਹੋਣਗੇ।

ਸਕੂਲ ਦੇ ਸਟਾਫ ਨੂੰ ਵੀ ਇਸ ਤਰਾਂ ਦੇ ਪਰੋਫੈਸ਼ਨਲ ਵਿਕਾਸ ਪ੍ਰਦਾਨ ਕਰੇਗਾ, ਜਿਸ ਵਿੱਚ ਹੈਰਾਸਿੰਗ/ਇਨਟਿਮੀਡੇਟ ਬੀਹੇਵੀਅਰ ਦੀ ਰੋਕ-ਥਾਮ ਅਤੇ ਇਸ ਨਾਲ ਨਿਪਟਣ ਦੀਆਂ ਜੁਗਤਾਂ ਹਨ। ਮਾਪੇ/ਗਾਰਡੀਅਨ ਅਤੇ ਵਿਦਿਆਰਥੀਆਂ ਨੂੰ ਵੀ ਇਸ ਤਰਾਂ ਦੀ ਜਾਣਕਾਰੀ ਪ੍ਰਦਾਨ ਕੀਤੀ ਜਾ ਸਕਦੀ ਹੈ।

ਵਿਦਿਆਰਥੀ ਆਪਣੇ ਟੀਚਰ ਜਾਂ ਪ੍ਰਿੰਸੀਪਲ ਨੂੰ ਆਪਣੇ ਨਾਲ ਹੋਏ ਇਸ ਤਰਾਂ ਦੇ ਵਿਵਹਾਰ ਦੀ ਲਿਖਤੀ ਰਿਪੋਰਟ ਦੇ ਸਕਦੇ ਹਨ ਅਤੇ ਆਪਣਾ ਨਾਮ ਗੁਪਤ ਰੱਖਣ ਲਈ ਬੇਨਤੀ ਕਰ ਸਕਦੇ ਹਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਕੋਈ ਅਜਿਹਾ ਪ੍ਰਬੰਧ ਵੀ ਕਰ ਸਕਦੇ ਹਨ ਜਿਸ ਵਿੱਚ ਧੱਕੇਸ਼ਾਹੀ ਦੀ ਰਿਪੋਰਟ ਵਿਚ ਸ਼ਿਕਅਇਤ ਕਰਨ ਵਾਲੇ ਨੂੰ ਆਪਣਾ ਨਾਮ ਨਾ ਲਿਖਣਾ ਪਵੇ। ਧੱਕੇਸ਼ਾਹੀ ਜਾਂ ਹੈਰਾਸਮੈਂਟ ਦੀਆਂ ਸ਼ਿਕਾਇਤਾਂ ਦੀ ਛਾਣਬੀਣ ਸਾਈਟ ਲੈਵਲ ਦੇ ਰੂਲ ਏ ਆਰ 5145.7- ਸੈਕਸੂਅਲ ਹੈਰਾਸਮੈਂਟ ਦੇ ਅਨੁਸਾਰ ਹੋਣੀ ਚਾਹੀਦੀ ਹੈ।

ਜਦੋਂ ਕਿਸੇ ਵਿਦਿਆਰਥੀ ਤੇ ਸ਼ੱਕ ਹੁੰਦਾ ਹੈ ਜਾਂ ਉਸਦੇ ਖਿਲਾਫ ਕੋਈ ਰਿਪੋਰਟ ਮਿਲਦੀ ਹੈ ਕਿ ਸੰਚਾਰ-ਨਿਯੰਤ੍ਰਣ ਰਾਹੀਂ ਕਿਸੇ ਹੋਰ ਵਿਦਿਆਰਥੀ, ਸਟਾਫ ਜਾਂ ਸਕੂਲ ਪ੍ਰੋਪਰਟੀ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਤਾਂ ਛਾਣਬੀਣ ਸਮੇਂ, ਗਤੀਵਿਧੀ ਦੀ ਲਿਖਤੀ ਕਾਪੀ, ਸਾਧਨ ਦੀ ਪਛਾਣ, ਸਕੂਲ ਐਕਟੀਵਿਟੀ ਉੱਪਰ ਉਸਦਾ ਅਸਰ ਜਾਂ ਸਕੂਲੀ ਹਾਜ਼ਰੀ ਉੱਪਰ ਅਸਰ ਦੇਖਿਆ ਜਾਂਦਾ ਹੈ। ਜੇਕਰ ਕਿਸੇ ਵਿਦਿਆਰਥੀ ਨੂੰ ਇਸ ਤਰਾਂ ਦਾ ਕੋਈ ਮੈਸਜ਼ ਮਿਲਦਾ ਹੈ ਤਾਂ ਉਹਨਾ ਨੂੰ ਉਹ ਛਾਪ ਕੇ ਅਤੇ ਸੇਵ ਕਰ ਕੇ ਰੱਖਣਾ ਚਾਹੀਦਾ ਹੈ ਅਤੇ ਟੀਚਰ, ਪ੍ਰਿੰਸੀਪਲ ਨੂੰ ਸੂਚਨਾ ਦੇਣੀ ਚਾਹੀਦੀ ਹੈ ਤਾਂ ਕਿ ਇਸ ਦੀ ਛਾਣਬੀਣ ਹੋ ਸਕੇ।

ਕੋਈ ਵੀ ਵਿਦਿਆਰਥੀ, ਜੋ ਸੰਚਾਰ-ਨਿਯੰਤ੍ਰਣ ਧੱਕੇਸ਼ਾਹੀ ਵਿੱਚ ਡਿਸਟ੍ਰਿਕਟ ਦੀਆਂ ਇਲੈਕਟਰੋਨਿਕ ਚੀਜ਼ਾਂ ਸਕੂਲ ਦੇ ਕੈਂਪਸ ਅਤੇ ਸਕੂਲ ਦੇ ਕੈਂਪਸ ਤੋਂ ਬਾਹਰ ਵਰਤਦਾ ਹੈ, ਜਿਹਨਾ ਦਾ ਸਕੂਲੀ ਗਤੀਵਿਧੀਆਂ ਜਾਂ ਸਕੂਲੀ ਹਾਜ਼ਰੀ ਤੇ ਅਸਰ ਪਵੇ, ਇਸ ਹਾਲਤ ਵਿੱਚ ਡਿਸਟ੍ਰਿਕਟ ਪਾਲਸੀ ਅਤੇ ਰੈਗੂਲੇਸ਼ਨਾ ਦੇ ਅਨੁਸਾਰ ਡਿਸਿਪਲਿਨ ਦੀ ਉਲੰਘਨਾ ਹੋਵੇਗੀ। ਜੇਕਰ ਕੋਈ ਵਿਦਿਆਰਥੀ ਸੋਸ਼ਲ ਨੈੱਟ ਵਰਕ ਸਾਈਟ ਜਾਂ ਸਰਵਿਸਜ਼ ਦੀ ਵਰਤੋਂ ਰਾਹੀਂ ਅਪ੍ਰਵਾਨਿਤ ਪੋਸਟਿੰਗ ਕਰਦਾ ਹੈ ਤਾਂ ਡਿਸਟ੍ਰਿਕਟ ਉਸ ਇਟਰਨੈੱਟ ਸਾਈਟ ਨੂੰ ਸ਼ਿਕਾਇਤ ਕਰ ਸਕਦਾ ਹੈ ਅਤੇ ਉਹ ਮਟੀਰੀਅਲ ਸਾਇਟ ਤੋਂ ਲਹਾਉਣ ਲਈ ਕਹਿ ਸਕਦਾ ਹੈ।

### ਸਟੈਂਡਰਡ ਲਾਗੂ ਕਰਨੇ

ਵਿਹਾਰ ਦੇ ਸਟੈਂਡਰਡਾਂ ਨੂੰ ਲਾਗੂ ਕਰਨ ਲਈ ਕਰਮਚਾਰੀ ਸਹੀ ਢੰਗ ਨਾਲ ਨਿਰੀਖਨ ਕਰਨਗੇ, ਜੇਕਰ ਉਹਨਾਂ ਨੂੰ ਇਨ੍ਹਾਂ ਸਟੈਂਡਰਡਾਂ ਦੀ ਉਲੰਘਣਾ ਬਾਰੇ ਪਤਾ ਲਗਦਾ ਹੈ ਜਾਂ ਉਹ ਵੇਖਦੇ ਹਨ ਤਾਂ ਤੁਰੰਤ ਉਹਦੇ ਨਾਲ ਨਜਿਠਨ ਜਾਂ ਮਦਦ ਲਈ ਫੋਨ ਕਰਨ। ਜੇਕਰ ਕਿਸੇ ਕਰਮਚਾਰੀ ਨੂੰ ਮਹਿਸੂਸ ਹੁੰਦਾ ਹੈ ਕਿ ਮਸਲੇ ਨਾਲ ਨਜਿਠਿਆ ਨਹੀਂ ਗਿਆ ਹੈ ਤਾਂ ਉਹ ਉਸ ਮਸਲੇ ਦਾ ਨਿਪਟਾਰਾ ਪੂਰੀ ਤਰ੍ਹਾਂ ਕਰਨ ਅਤੇ ਉਸ ਨਾਲ ਨਜਿਠਣ ਲਈ ਵਿੱਦਿਆਰਥੀ ਨੂੰ ਸੁਪਰਵਾਈਜ਼ਰ ਕੋਲ ਜਾਂ ਪ੍ਰਬੰਧਕ ਕੋਲ ਭੇਜਣ ਦੀ ਸਿਫਾਰਸ਼ ਕਰਨ।

ਜਿਹੜੇ ਵਿੱਦਿਆਰਥੀ ਡਿਸਟ੍ਰਿਕਟ ਜਾਂ ਸਕੂਲ ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ, ਤਾਂ ਉਨ੍ਹਾਂ ਦੇ ਬਰਖਲਾਫ ਡਿਸਪਲਿਨ ਸਬੰਧੀ ਕਾਰਵਾਈ ਕੀਤੀ ਜਾਵੇਗੀ। ਇਸ ਵਿੱਚ ਬੋਰਡ ਪੌਲਸੀ ਅਤੇ ਪ੍ਰਬੰਧਕੀ ਰੈਗੁਲੇਸ਼ਨਾਂ ਅਨੁਸਾਰ ਮੁਅਤਲੀ, ਕੱਢੇ ਜਾਣਾ ਜਾਂ ਦੂਜੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਭੇਜਣਾ, ਵੀ ਸ਼ਾਮਿਲ ਤਾਂ ਹੈ ਪਰ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ। ਇਸ ਤੋਂ ਇਲਾਵਾ, ਜਦੋਂ ਦਰਵਿਹਾਰ ਦਾ ਸਬੰਧ ਦੂਜੇ ਵਿੱਦਿਆਰਥੀ ਜਾਂ ਸਕੂਲ ਕਰਮਚਾਰੀ ਨੂੰ ਧਮਕਾਉਣ, ਹਰਾਸਮੈਂਟ(ਤੰਗ ਕਰਨਾ), ਜਾਂ ਖਤਰਾ ਹੋਵੇ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਜ਼ਰੂਰਤ ਦੇ ਮੁਤਾਬਕ ਢੁੱਕਵੀਂ ਮਦਦ ਵਿਕਟਿਮ(ਜਿਸਦੇ ਨਾਲ ਕੀਤਾ ਗਿਆ) ਅਤੇ ਉਫੈਂਡਰ(ਜਿਸਨੇ ਦੁਰਵਿਵਹਾਰ ਕੀਤਾ ਹੈ) ਨੂੰ ਪ੍ਰਦਾਨ ਕਰਨਗੇ ਜਾਂ ਇਹੋ ਜਹੀ ਢੁੱਕਵੀਂ ਮਦਦ ਲਈ ਸਹੀ ਮਸ਼ਵਰਾ ਦੇਣਗੇ।

## ਕਲਾਸਰੂਮ ਵਿੱਚ ਵਿਵਹਾਰ (ਕਲਾਸਰੂਮ ਬਿਹੇਵੀਅਰ)

ਟੀਚਰ ਦੀ ਪ੍ਰਬੰਧਕੀ ਅਤੇ ਪ੍ਰਬੰਧ ਕਰਨ ਦੇ ਤਰੀਕਿਆਂ ਦੀ ਨਿਪੁੰਨਤਾ ਦਾ ਕਲਾਸਰੂਮ ਵਿੱਚ ਵਿੱਦਿਆਰਥੀਆਂ ਦੇ ਵਿਵਹਾਰ ਨਾਲ ਗਹਿਰਾ ਸੰਬੰਧ ਹੈ। ਜਿਹੜੇ ਟੀਚਰ ਪ੍ਰਭਾਵਿਕ ਹੁੰਦੇ ਹਨ ਉਹ ਵਿੱਦਿਆਰਥੀਆਂ ਵਿੱਚ ਸਿਖਣ ਦੀ ਰੁਚੀ ਪੈਦਾ ਕਰ ਦਿੰਦੇ ਹਨ ਅਤੇ ਉਨ੍ਹਾਂ ਨੂੰ ਰੁਕਾਵਟ ਪਾਉਣ ਵਾਲੇ ਵਿਵਹਾਰ ਤੋਂ ਦੂਰ ਰਖਦੇ ਹਨ। ਇੰਝ ਕਰਨ ਲਈ ਬੜ੍ਹੀ ਵਿੱਚਾਰ- ਸ਼ੀਲਤਾ ਦੀ ਲੋੜ ਹੈ ਤਾਂਕਿ ਘਟਨਾ ਘਟਣ ਤੋਂ ਪਹਿਲਾਂ ਹੀ ਉਸਦਾ ਹਲ ਲਭਿਆ ਜਾਵੇ। ਕਲਾਸਰੂਮ ਨੂੰ ਮੈਨੇਜ ਕਰਨ ਲਈ ਹੇਠ ਲਿਖੇ ਹੋਏ ਖੇਤਰਾਂ ਵਿੱਚੋਂ ਢੁੱਕਵੇਂ ਤਰੀਕਿਆਂ ਨੂੰ ਇਸਤੇਮਾਲ ਕਰਨ ਦੀ ਭੀ ਲੋੜ ਹੈ: 1) ਕਲਾਸਰੂਮ ਵਿੱਚ ਵਿੱਦਿਆਰਥੀਆਂ ਦੇ ਬੈਠਨ ਦੀ ਤਰਤੀਬ (ਕਲਾਸਰੂਮ ਅਰੇਂਜਮੈਂਟ ),ਨਿਯਮ ਅਤੇ ਰੋਜ਼ਮਰਾ ਕੰਮ (ਨਿਯਮਜ਼ ਐਂਡ ਰੁਟੀਨਜ਼ ), 2) ਥੁੜ ਦੀ ਪੂਰਤੀ ਕਰਨ ਦੇ ਤਰੀਕੇ(ਸੱਪਲੀਮੈਂਟੱਲ ਅੱਕਟਿਵਿਟੀਜ਼), 3)ਨਿਰਦੇਸ਼ਨ ਦੇਣਾ(ਗਿਵਿੰਗ ਡਾਇਰੈਕਸ਼ਨਜ਼), 4)ਮਿਥੀ ਜਗ੍ਹਾ ਤੇ ਬੈਠੇ ਵਿੱਦਿਆਰਥੀ ਦਾ ਕੰਮ-ਕਾਜ ਵੇਖਣਾ (ਮੌਨਿਟਰਿੰਗ ਔਫ ਸੀਟ ਵੱਰਕ), 5)ਪੱਕਾ ਕਰਨ ਲਈ ਪ੍ਰੈਕਟਿਸ ਕਰਵਾਉਣੀ(ਰਿਇਨਫੋਰਸਮੈਂਟ ਪ੍ਰੈਕਟਿਸੱਜ਼), 6)ਸਿੱਖਿਆ ਦੇਣ ਦੇ ਤੱਤਾਂ ਦੇ ਅਸੂਲਾਂ ਦੀ ਵਰਤੋਂ ਕਰਨੀ(ਅਪਲਾਈਂਗ ਪ੍ਰਿੰਸੀਪੱਲਜ਼ ਔਫ ਦਾ ਐਲੀਮੈਂਟਸ ਔਫ ਇਨਸਟਰੱਕਸ਼ਨ)।

ਡਿਸਟ੍ਰਿਕ ਦੇ ਸਾਰੇ ਟੀਚਰਾਂ ਨੂੰ ਕਲਾਸਰੂਮ ਮੈਨੇਜਾਂਮੈਂਟ ਅਤੇ ਡਿਸਿਪਲਿਨ ਕਰਨ ਦੀ ਇਨਸੱਰਵਿਸ ਅਤੇ ਟ੍ਰੇਨਿੰਗ ਦਿੱਤੀ ਜਾਂਦੀ ਹੈ ਤਾਂਕਿ ਉਹ ਅਪਣੀਆਂ ਕਲਸਾਂ ਚੰਗੀ ਤਰ੍ਹਾਂ ਮੈਨੇਜ ਕਰ ਸਕਣ ਅਤੇ ਵਿੱਦਿਆਰਥੀਆਂ ਦਾ ਡਿਸਿਪਲਿਨ ਬਰਕਰਾਰ ਰਖ ਸਕਣ।

ਕਲਾਸ ਟੀਚਰ ਦੀ ਪਹਿਲੀ ਜ਼ੁੰਮੇਵਾਰੀ ਵਿੱਦਿਆਰਥੀਆਂ ਦੇ ਦੁਰਵਿਵਹਾਰ ਨਾਲ ਨਿਪਟਨਾ ਹੈ। ਸਾਈਟ(ਸਕੂਲ) ਦੇ ਪ੍ਰਬੰਧਕ ਕੋਲ ਭੇਜਣ ਤੋਂ ਪਹਿਲਾਂ ਟੀਚਰ ਨੂੰ ਚਹੀਦਾ ਹੈ ਕਿ ਉਹਵਿੱਦਿਆਰਥੀ ਨਾਲ ਖੁਦ ਗਲ-ਬਾਤ ਕਰੇ, ਮਾਪਿਆਂ ਨਾਲ ਸੰਪਰਕ ਕਰੇ, ਅਤੇ ਵਿਵਹਾਰ ਨੂੰ ਠੀਕ ਕਰਨ ਲਈ ਠੀਕ ਕਰਨ ਵਾਲੇ ਢੁੱਕਵੇਂ ਤਰੀਕੇ ਦੀ ਵਰਤੋਂ ਕਰੇ। ਜਿਨ੍ਹਾਂ ਕੇਸਾਂ ਵਿੱਚ ਵਿੱਦਿਆਰਥੀ ਦਾ ਵਿਵਹਾਰ ਕਲਾਸ ਲਈ ਖਤਰਨਾਕ ਹੈ ਜਾਂ ਬਾਕੀ ਦੀ ਕਲਾਸ ਦੇ ਕੰਮਕਾਜ ਵਿੱਚ ਰੁਕਾਵਟ ਪਾਉਂਦਾ ਹੈ ਤਾਂ ਟੀਚਰ ਨੂੰ ਚਾਹੀਦਾ ਹੈ ਕਿ ਉਹ ਇਕ ਦੱਮ ਸਾਈਟ (ਸਕੂਲ)ਦੇ ਪ੍ਰਬੰਧਕ ਨੂੰ ਇਤਲਾਹ ਦੇਵੇ।

### ਮੁਅੱਤਲ ਕਰਨ ਦਾ ਅਧੀਕਾਰ

1. **ਟੀਚਰ, ਵਿੱਦਿਆਰਥੀ ਨੂੰ ਕਲਾਸ ਵਿੱਚੋਂ ਮੁਅੱਤਲ ਕਰ ਸਕਦੇ ਹਨ, (ਐਜੂਕੇਸ਼ਨ ਕੋਡ 48910- 28 ਜੁਲਾਈ 1983)**

(ਏ) ਸੈਕਸ਼ਨ 48900 ਦੀ ਲਿਸਟ ਵਿੱਚ ਲਿਖੀਆਂ ਕਾਰਵਾਈਆਂ ਵਿੱਚੋਂ ਇੱਕ ਵੀ ਹਰਕਤ ਕਰਨ ਤੇ, ਸਕੂਲ ਟੀਚਰ ਵਿੱਦਿਆਰਥੀ ਨੂੰ, ਅਪਣੀ ਕਲਾਸ ਵਿੱਚੋਂ ਉਸੇ ਦਿਨ ਲਈ ਜਾਂ ਅਗਲੇ ਦਿਨ ਲਈ ਮੁਅੱਤਲ ਕਰ ਸਕਦੇ ਹਨ। ਟੀਚਰ, ਤੁਰੰਤ ਹੀ ਸਕੂਲ ਦੇ ਪ੍ਰਿੰਸੀਪੱਲ ਨੂੰ ਮੁਅੱਤਲੀ ਦੀ ਰਿਪੋਰਟ ਕਰਨ ਅਤੇ ਵਿੱਦਿਆਰਥੀ ਨੂੰ ਪ੍ਰਿੰਸੀਪੱਲ ਕੋਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੇ ਸ਼ਖਸੀਅਤ ਕੋਲ ਭੇਜਣ। ਜੇਕਰ ਕੀਤੀ ਗਈ ਕਾਰਵਾਈ ਕਾਰਣ ਵਿੱਦਿਆਰਥੀ ਨੂੰ ਸਕੂਲ ਵਿੱਚ ਲਗਾਤਾਰ ਰਹਿਣ ਦੀ ਲੋੜ ਹੈ ਤਾਂ ਉਸਨੂੰ ਸਕੂਲ ਡਿਸਟ੍ਰਿਕ ਦੇ ਰਾਜ ਪ੍ਰਬੰਧਕਾਂ ਵਲੋਂ ਗ੍ਰਹਿਣ ਕੀਤੀਆਂ ਗਈਆਂ ਪੌਲਸੀਆਂ ਅਤੇ ਕਾਰਵਾਈ ਨਾਲ ਸਬੰਧਿਤ ਨਿਯਮਾਂ ਅਨੁਸਾਰ ਕਿਸੀ ਦੀ ਦੇਖ-ਰੇਖ ਹੇਠ ਰਖਿਆ ਜਾਣਾ ਚਾਹੀਦਾ ਹੈ। ਜਿਨੀਂ ਜਲਦੀ ਹੋ ਸਕੇ ਟੀਚਰ ਉਸ ਵਿੱਦਿਆਰਥੀ ਦੇ ਮਾਪਿਆਂ ਜਾਂ ਗਾਰਡੀਅਨ ਨਾਲ ਮੁਅੱਤਲੀ ਬਾਰੇ ਪੇਰੈਂਟ-ਟੀਚਰ ਕੌਨਫਰੈਂਸ ਨਿਸ਼ਚਿਤ ਕਰੇ। ਜਦੋਂ ਕਦੀ ਵੀ ਮੁਮਕਿਨ ਹੋ ਸਕੇ, ਤਾਂ ਸਕੂਲ ਕਉਂਸਲੱਰ ਜਾਂ ਸਕੂਲ ਸਾਇਕੌਲੋਜਿਸਟ ਨੂੰ ਭੀ ਕੌਨਫਰੈਂਸ ਵਿੱਚ ਹਾਜ਼ਿਰ ਹੋਣਾ ਚਾਹੀਦੇ ਹੈ। ਜੇਕਰ ਟੀਚਰ ਜਾਂ ਮਾਪੇ ਜਾਂ ਗਾਰਡੀਅਨ ਮੰਗ ਕਰਨ ਤਾਂ ਸਕੂਲ ਦੇ ਪ੍ਰਬੰਧਕ ਨੂੰ ਭੀ ਕਾਨਫਰੈਂਸ ਵਿੱਚ ਹਾਜ਼ਿਰ ਹੋਣਾ ਪਵੇਗਾ। ਮੁਅੱਤਲੀ ਦੇ ਸਮੇਂ ਦੌਰਾਨ, ਕਲਾਸ ਟੀਚਰ ਅਤੇ ਪ੍ਰਿੰਸੀਪੱਲ ਦੀ ਸਹਿਮਤੀ ਤੋਂ ਬਗੈਰ ਵਿੱਦਿਆਰਥੀ ਨੂੰ ਜਿਸ ਕਲਾਸ ਵਿੱਚੋਂ ਮੁਅੱਤਲ ਕੀਤਾ ਹੈ, ਉਹ ਵਾਪਿਸ ਉਸੀ ਕਲਾਸ ਵਿੱਚ ਨਹੀਂ ਜਾ ਸਕਦਾ ਹੈ।

(ਬੀ) ਮੁਅੱਤਲੀ ਸਮੇਂ ਦੌਰਾਨ, ਇੱਕ ਕਲਾਸ ਵਿੱਚੋਂ ਮੁਅੱਤਲ ਕੀਤਾ ਗਿਆ ਵਿੱਦਿਆਰਥੀ ਕਿਸੀ ਦੂਜੀ ਰੈਗੁਲੱਰ ਕਲਾਸ ਵਿੱਚ ਨਹੀਂ ਬਠਾਇਆ ਜਾ ਸਕਦਾ ਹੈ, ਪਰ, ਜੇਕਰ ਵਿੱਦਿਆਰਥੀ ਲਈ ਹਰ ਰੋਜ਼ ਇੱਕ ਤੋਂ ਵਧ ਕਲਾਸਾਂ ਮਿਥੀਆਂ ਗਈਆਂ ਹਨ ਤਾਂ ਇਹ ਉਪਵੰਡ (ਸੱਬਡਿਵਿਯਨ) ਸਿਰਫ ਉਨ੍ਹਾਂ ਦੂਜੀਆਂ ਰੈਗੁਲੱਰ ਕਲਾਸਾਂ ਤੇ ਲਾਗੂ ਹੋਵੇਗਾ ਜੋ ਉਸੀ ਸਮੇਂ ਲਗਦੀਆਂ ਹਨ ਜਿਸ ਸਮੇਂ ਲਈ ਵਿੱਦਿਆਰਥੀ ਨੂੰ ਕਲਾਸ ਵਿੱਚੋਂ ਮੁਅੱਤਲ ਕੀਤਾ ਗਿਆ ਹੈ।

(ਸੀ) ਸੈਕਸ਼ਨ 48900 ਵਿੱਚ ਮੁਅੱਤਲ ਕਰਨ ਵਾਲੀਆਂ ਜਿਨ੍ਹਾਂ ਕਾਰਵਾਈਆਂ ਦਾ ਬਿਓਰਾ ਦਿੱਤਾ ਗਿਆ ਹੈ, ਟੀਚਰ, ਵਿੱਦਿਆਰਥੀ ਨੂੰ ਉਨ੍ਹਾਂ ਦੇ ਅਧਾਰ ਤੇ ਕਿਸੀ ਭੀ ਇੱਕ ਕਾਰਵਾਈ ਲਈ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕੋਲ ਭੇਜ ਸਕਦੇ ਹਨ, ਅਤੇ ਸਕੂਲ ਤੋਂ ਮੁਅੱਤਲ ਕਰਨ ਦਾ ਮਸ਼ਵਰਾ ਭੀ ਦੇ ਸਕਦੇ ਹਨ।

2. **ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ**

ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, ਵਿੱਦਿਆਰਥੀ ਨੂੰ ਕਲਾਸ, ਕਲਾਸਾਂ, ਜਾਂ ਸਕੂਲ ਦੇ ਕੈਮਪਸ ਤੋਂ ਪੰਜ ਸਕੂਲ ਦਿਨਾਂ ਤੋਂ ਵੱਧ ਸਮੇਂ ਲਈ ਮੁਅੱਤਲ ਨਹੀਂ ਕਰ ਸਕਦੇ ਹਨ। (ਐਜੂਕੇਸ਼ਨ ਕੋਡ- 48911ਏ -2002 ਵਿੱਚ ਸੰਸ਼ੋਧਨ ਕੀਤਾ ਗਿਆ)

3. **ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ**

ਜਿਸ ਵਿੱਦਿਆਰਥੀ ਨੂੰ ਸਕੂਲ ਚੋਂ ਕੱਢਣ ਦੀ ਸਿਫਾਰਸ਼ ਕੀਤੀ ਗਈ ਹੈ ਪਰ ਦੇ ਸਬੰਧ ਵਿੱਚ ਬੋਰਡ ਦਾ ਆਖਰੀ ਫੈਸਲਾ ਅਜੇ ਬਕਾਇਆ ਹੈ ਤਾਂ ਉਸ ਫੈਸਲੇ ਤੱਕ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਉਸ ਵਿੱਦਿਆਰਥੀ ਨੂੰ ਮੁਅੱਤਲ, ਜਾਂ ਉਸਦੀ ਮੁਅੱਤਲੀ ਵਿੱਚ ਵਾਧਾ ਕਰ ਸਕਦੇ ਹਨ, ਜਾਂ ਉਸਨੂੰ ਬਾਕੀ ਦੇ ਸਿਮੈਸਟਰ ਲਈ ਸਕੂਲ ਦੇ ਦੂਜੇ ਪ੍ਰੋਗਰਾਮ (ਔਲਟਰਨੇਟਿਵ ਸਕੂਲ ਪ੍ਰੋਗਰਾਮ) ਚੋਂ ਮੁਅੱਤਲ ਕਰ ਸਕਦੇ ਹਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ ਮੀਟਿੰਗ ਕਰਨ, ਇਸ ਵਿੱਚ ਵਿੱਦਿਆਰਥੀ ਅਤੇ ਉਸਦੇ ਮਾਪੇ/ਗਾਰਡੀਅਨ/ਕੇਅਰਗਿਵਰ(ਦੇਖਰੇਖ ਕਰਨ ਵਾਲੇ) ਹਿੱਸਾ ਲੈਣ ਅਤੇ ਉਸ ਮੀਟਿੰਗ ਤੋਂ ਬਾਅਦ ਜੇਕਰ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ ਮਹਿਸੂਸ ਕਰਨ ਕਿ ਵਿੱਦਿਆਰਥੀ ਦੀ ਸਕੂਲ ਵਿੱਚ ਮੌਜੂਦਗੀ ਸਕੂਲ ਜਾਂ ਆਲਟਰਨੇਟਿਵ ਸਕੂਲ ਪਲੇਸਮੈਂਟ ਜਾਂ ਸਕੂਲ ਦੇ ਦੂਜੇ ਸ਼ਖਸਾਂ ਜਾਂ ਪ੍ਰੌਪਰਟੀ ਲਈ ਖਤਰਾ ਬਣ ਸਕਦੀ ਹੈ ਅਤੇ ਸਿੱਖਿਆ ਪ੍ਰਦਾਨ ਕਰਨ ਵਿੱਚ ਰੁਕਾਵਟ ਪਾ ਸਕਦੀ ਹੈ ਤਾਂ ਮੁਅੱਤਲੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ।(ਐਜੂਕੇਸ਼ਨ ਕੋਡ- 48911- 2002 ਵਿੱਚ ਸੰਸ਼ੋਧਨ ਕੀਤਾ ਗਿਆ)

4. **ਐਜੂਕੇਸ਼ਨ ਦਾ ਬੋਰਡ**

ਐਜੂਕੈਸ਼ਨ ਬੋਰਡ ਵਾਲੇ ਕੰਟੀਨੁਏਸ਼ਨ ਸਕੂਲ ਦੇ ਵਿੱਦਿਆਰਥੀ ਨੂੰ ਸਿਮੈਸਟਰ ਦੇ ਬਾਕੀ ਸਮੇਂ ਲਈ ਮੁਅੱਤਲ ਕਰ ਸਕਦੇ ਹਨ। (ਐਜੂਕੇਸ਼ਨ ਕੋਡ 48912..5)

### ਮਾਪਿਆਂ/ਗਾਰਡੀਅਨ/ਦੇਖ- ਰੇਖ ਕਰਨ ਵਾਲਿਆਂ ਨੂੰ ਵਿੱਦਿਆਰਥੀ ਦੀ ਮੁਅੱਤਲੀ ਦੇ ਸੰਬੰਧ ਵਿੱਚ ਮੀਟਿੰਗ ਕਰਨ ਵਾਸਤੇ ਬੇਨਤੀ ਕਰਨ ਦਾ ਹੱਕ

48900 ਐਜੂਕੇਸ਼ਨ ਕੋਡ ਤਹਿਤ ਜੇ ਪ੍ਰਿੰਸੀਪੱਲ ਵਿੱਦਿਆਰਥੀ ਨੂੰ ਮੁਅੱਤਲ ਕਰਨ ਦਾ ਹੁਕੱਮ ਦਿੰਦੇ ਹਨ ਤਾਂ ਮਾਪੇ/ਗਾਰਡੀਅਨ/ਦੇਖ- ਰੇਖ ਕਰਨ ਵਾਲਿਆਂ ਨੂੰ ਅਗੇ ਲਿਖੇ ਵਿਸ਼ਿਆਂ ਦੇ ਬਾਰੇ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੇ ਗਈ ਸ਼ਖਸੀਅਤ ਦੇ ਨਾਲ, ਜਾਂ ਸਟੂਡੈਂਟ ਸੱਰਵਿਸੱਜ਼ ਦੇ ਡਾਇਰੈਕਟਰ ਨਾਲ ਗਲਬਾਤ ਕਰਨ ਲਈ ਮੀਟਿੰਗ ਕਰਨ ਦਾ ਹੱਕ ਹੈ:
1. ਮੁਅੱਤਲੀ ਦਾ ਕਾਰਣ। 2.ਮੁਅਤੱਲੀ ਦਾ ਸਮਾਂ। 3.ਹਿੱਸਾ ਲੈਣ ਵਾਲੇ ਸਕੂਲ/ਡਿਸਟ੍ਰਿਕ ਦੀ ਪੌਲਸੀ, ਅਤੇ 4. ਮੁਅੱਤਲੀ ਨਾਲ ਸਬੰਧਿਤ ਦੂਜੇ ਵਿਸ਼ੇ।

### ਕਲਾਸ ਚੋਂ ਬਾਹਰ ਵਿਵਹਾਰ (ਆਊਟ-ਔਫ- ਕਲਾਸ ਬਿਹੇਵਿਅੱਰ)

ਜੇਕਰ ਵਿੱਦਿਆਰਥੀ ਕਲਾਸ ਚੋਂ ਬਾਹਰ ਦੁਰਵਿਵਹਾਰ ਦਾ ਪ੍ਰਦਰਸ਼ਨ ਕਰੇ, ਤਾਂ ਉਸ ਖੇਤਰ ਦੇ ਟੀਚਰ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਡਿਸਿਪਲਿਨ ਦੇ ਰਾਜ ਪ੍ਰਬੰਧਕ ਕੋਲ ਮਸ਼ਵਰੇ ਲਈ ਭੇਜਣ।

### ਵਿੱਦਿਆਰਥੀ ਦੇ ਹੱਕ (ਸਟੂਡੈਂਟ ਰਾਈਟਸ)

ਸੰਵਿਧਾਨ (ਕਾੱਨਸਟੀਚਿਉਸ਼ਨ )ਦੇ ਤਹਿਤ, ਸਟੇਟ ਲਾਅ ਅਤੇ ਡਿਸਟ੍ਰਿਕ ਦੀ ਪਾੱਲਸੀ ਦੇ ਮੁਤਾਬਿਕ ਦੂਜੇ ਨਾਗਰਿਕਾਂ ਦੀ ਤਰ੍ਹਾਂ ਵਿੱਦਿਆਰਥੀਆਂ ਦੇ ਵੀ ਹੱਕ ਹਨ । ਉਨ੍ਹਾਂ ਹੱਕਾਂ ਦੇ ਨਾਲ-ਨਾਲ ਇਹ ਹੱਕ ਵੀ ਸ਼ਾਮਿਲ ਹਨ :

1. ਸੁਣੇ ਜਾਣ ਦਾ ਹੱਕ। ਵਿੱਦਿਆਰਥੀਆਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਵਿੱਦਿਆਰਥੀ ਗੱਵਰਨਮੈਂਟ, ਵਿੱਦਿਆਰਥੀ ਸਲਾਹਕਾਰ ਕਮੇਟੀ, ਸਕੂਲ ਦੇ ਅਖਬਾਰ, ਰਾਜ ਪ੍ਰਬੰਧਕਾਂ, ਅਤੇ ਦੂਜੇ ਸੰਚਾਰ ਦੇ ਤੱਰੀਕਿਆਂ ਰਾਹੀਂ ਉਸਾਰੂ ਅਲੋਚਣਾ ਕਰਨ, ਜਦ ਤੱਕ ਇੰਝ ਕਰਨ ਨਾਲ ਸਕੂਲ ਦੇ ਕੰਮਕਾਜ ਵਿੱਚ ਕਿਸੇ ਕਿਸਮ ਦਾ ਵਿਘਨ ਨਹੀਂ ਪੈਂਦਾ।

2. ਸੁਰੱਖਿਤ, ਵਿਧੀਪੂਰਵਕ, ਅਤੇ ਸਾਫ਼ ਵਾਤਾਵਰਨ ਵਿੱਚ ਸਿੱਖਿਆ ਗ੍ਰਹਿਣ ਕਰਨ ਦਾ ਹੱਕ।

3. ਕਲਾਸ ਵਿੱਚ ਸਾਰਾ ਵੇਲੇ ਸਿਖਣਾ ਅਤੇ ਵਿੱਦਿਆ ਹਾਸਲ ਕਰਨੀ।

4. ਵਿੱਦਿਆਰਥੀਆਂ ਨੂੰ ਦੂਜੇ ਸਟਾਫ ਮੈਂਬਰਾਂ ਕੋਲੋਂ ਅਤੇ ਦੂਜੇ ਵਿੱਦਿਆਰਥੀਆਂ ਤੋਂ ਇਜ਼ੱਤ ਮਿਲਣੀ, ਇਕਸੁਰਤਾ ਨਾਲ ਪੇਸ਼ ਆਉਣਾ ਅਤੇ ਨਿਯਾਪੂਰਵਕ ਸਲੂਕ।

5. ਸਜ਼ਾ ਮਿਲਣ ਤੋਂ ਪਹਿਲਾਂ ਅਪਣੀ ਸਫਾਈ ਦੇਣ ਦਾ ਹੱਕ। ਜਦੋਂ ਕਿਸੇ ਵਿੱਦਿਆਰਥੀ ਨੰ ਉਸਦੀ ਗ਼ਲਤ ਹਰਕਤ ਵਾਸਤੇ ਰਿਫੱਰਲ ਦਿੱਤਾ ਜਾਂਦਾ ਹੈ ਤਾਂ ਉਸ ਵਿੱਦਿਆਰਥੀ ਨੂੰ ਅਪਣੀ ਸਫਾਈ ਵਿੱਚ ਸਕੂਲ ਅਧਿਕਾਰੀਆਂ ਨਾਲ ਗਲਬਾਤ ਕਰਨ ਦਾ ਪੂਰਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

### ਕਲਾਸਰੂਮ ਵਿੱਚ ਵਿੱਦਿਆਰਥੀ ਤੋਂ ਵਿਵਹਾਰ ਸਬੰਧੀ ਜੋ ਉਮੀਦ ਕੀਤੀ ਜਾਂਦੀ ਹੈ (ਅੱਕਸਪੈਕਟੇਸ਼ਨਜ਼ ਫੌਰ ਕਲਾਸਰੂਮ ਬਿਹੇਵੀਅਰ)

ਕਲਾਸ ਸ਼ੁਰੂ ਹੋਣ ਤੋਂ ਲੈਕੇ ਅਖੀਰ ਤੱਕ ਟੀਚਰ ਸਿਖਾਉਣ ਲਈ ਬੇਤਕਲੁਫ਼ ਹੋਣੇ ਚਾਹੀਦੇ ਹਨ ਅਤੇ ਵਿੱਦਿਆਰਥੀ ਸਿਖਣ ਲਈ ਬੇਤਕਲੁਫ਼ ਹੋਣੇ ਚਾਹੀਦੇ ਹਨ। ਵਿੱਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਕਲਾਸਰੂਮ ਵਿੱਚ ਉਹ ਟੀਚਰਾਂ ਅਤੇ ਦੂਜੇ ਵਿੱਦਿਆਰਥੀਆਂ ਦਾ ਆਦਰ ਕਰਨਗੇ। ਜੇਕਰ ਕਿਸੀ ਵੇਲੇ ਵੀ ਵਿਵਹਾਰ ਕਾਰਣ ਪੜ੍ਹਾਈ ਸਿਖਾਉਣ ਦੇ ਮਹੌਲ ਵਿੱਚ ਰੁਕਾਵਟ ਪਵੇਗੀ ਤਾਂ ਉਸ ਵਿਵਹਾਰ ਨੂੰ ਗ਼ਲਤ ਕਰਾਰ ਦਿੱਤਾ ਜਾਵੇਗਾ। ਵਿੱਦਿਆਰਥੀਆਂ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਉਹ ਕਲਾਸ ਵਿੱਚ ਕੰਮ ਕਰਨ ਨੂੰ ਤਿਆਰ ਹੋਣਗੇ, ਅਤੇ ਸਮੇਂ ਅਨੁਸਾਰ ਆਉਣਗੇ ਅਤੇ ਸਾਰਾ ਪੀਰੀਅਡ ਕਲਾਸ ਵਿੱਚ ਰਹਿਕੇ ਅਪਣਾ ਕੰਮ ਪੂਰਾ ਕਰਨਗੇ। ਇਸ ਤੋਂ ਇਲਾਵਾ ਵਿੱਦਿਆਰਥੀ ਟੀਚਰ ਦੇ ਦਸੇ ਹੋਏ ਕਲਾਸ ਦੇ ਨਿਯਮਾਂ ਦਾ ਪਾਲਨ ਭੀ ਕਰਨਗੇ। ਜਦੋਂ ਵਿੱਦਿਆਰਥੀ ਕਲਾਸ ਵਿੱਚ ਵਿਘਨ ਪਾਉਣ ਵਾਲੇ ਵਿਵਹਾਰ ਦਾ ਪ੍ਰਦਰਸ਼ਨ ਕਰਨ ਤਾਂ ਟੀਚਰ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਤਾਂ ਵਿੱਦਿਆਰਥੀ ਨਾਲ ਵਿਵਹਾਰ ਬਾਰੇ ਗੱਲ-ਬਾਤ ਕਰਕੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਨ, ਮਾਪਿਆਂ ਨੂੰ ਇਤਲਾਹ ਦੇਣ, ਜਾਂ ਕਿਸੀ ਹੋਰ ਵਿਧੀ ਦਾ ਪ੍ਰਯੋਗ ਕਰਨ। ਜੇਕਰ ਇੰਝ ਗੱਲ ਨਾ ਬਣੇ ਅਤੇ ਵਿੱਦਿਆਰਥੀ ਕਲਾਸ ਵਿੱਚ ਪਹਿਲੇ ਦੀ ਤਰ੍ਹਾਂ ਹੀ ਵਿਘਨ ਪਾਈ ਜਾਵੇ ਤਾਂ ਉਸ ਵਿੱਦਿਆਰਥੀ ਨੂੰ ਸਕੂਲ ਦੇ ਦੂਜੇ ਰਾਜ ਪ੍ਰਬੰਧਕਾਂ ਜਾਂ ਕਾਉਂਸਲਰਾਂ ਕੋਲ ਭੇਜਿਆ ਜਾਵੇ, ਅਤੇ ਉਸਦੇ ਮਾਪਿਆਂ ਨੂੰ ਉਸਦੇ ਵਿਵਹਾਰ ਬਾਰੇ ਜਾਣਕਾਰੀ ਦਿੱਤੀ ਜਾਵੇ, ਅਤੇ ਮਾਪਿਆਂ ਕੋਲੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿੱਦਿਆਰਥੀ ਦੇ ਵਿਵਹਾਰ ਨੂੰ ਠੀਕ ਕਰਨ ਵਿੱਚ ਸਕੂਲ ਵਾਲਿਆਂ ਦੀ ਮਦਦ ਕਰਨਗੇ।

### ਡਿਸਿਪਲਿਨ ਕਰਨ ਦੇ ਸਟੈਂਡਰਡ ਤਰੀਕੇ (ਸਟੈਂਡਰਡ ਡਿਸਿਪਲੱਨਰੀ ਪ੍ਰੋਸੀਜੱਰਜ਼)

ਵਿੱਦਿਆਰਥੀਆਂ ਨੂੰ ਇਹ ਗੱਲ ਸਮਝਾਉਣ ਲਈ ਕਿ ਨਿਯਮਾਂ ਦੀ ਉਲੰਘਨਾਂ ਕਰਨ ਦੇ ਫਲਸਰੂਪ ਸਜ਼ਾ ਬਾਰੇ ਡਿਸਟ੍ਰਿਕ ਵਾਲਿਆਂ ਨੇ ਵਿਵਹਾਰ ਲਈ ਇਕ ਨਿਯਮਾਵਲੀ (ਕੋਡ ) ਬਣਾਈ ਹੈ। ਸਟਾਫ਼ ਵਾਲੇ ਚਾਹੁੰਦੇ ਹਨ ਕਿ ਵਿੱਦਿਆਰਥੀ ਡਿਸਟ੍ਰਿਕ ਦੀ ਵਿਵਹਾਰ ਦੀ ਨਿਯਮਾਵਲੀ ਨੂੰ ਪ੍ਰਵਾਨ ਕਰਨ ਅਤੇ ਉਸ ਨੂੰ ਹੱਸ ਕੇ ਸਵੀਕਾਰ ਕਰਨ ਅਤੇ ਉਸ ਤੇ ਅਮਲ ਕਰਨ।

ਵਿੱਦਿਆਰਥੀਆਂ ਨੂੰ ਅੱਛੇ ਮਹੌਲ ਵਿੱਚ ਸਿੱਖਿਆ ਪ੍ਰਾਪਤ ਕਰਨ ਦਾ ਹੱਕ ਹੈ, ਇਸ ਹੱਕ ਨੂੰ ਮਦੇ ਨਜ਼ਰ ਰਖਕੇ ਵਿਵਹਾਰ ਲਈ ਇਕ ਨਿਯਮਾਵਲੀ (ਕੋਡ)ਸਥਾਪਿਤ ਕੀਤੀ ਗਈ ਹੈ। ਸਕੂਲ ਵਾਲਿਆਂ ਨੂੰ ਇਸ ਗੱਲ ਦਾ ਗਿਆਨ ਹੋਇਆ ਹੈ ਕਿ ਸਕੂਲ ਦਾ ਪਾੱਜ਼ਿਟਿਵ ਵਾਤਾਵਰਨ ਕੁਝ ਹੱਦ ਤੱਕ ਸਕੂਲ ਦੀ ਸਾਰੀ ਕੱਮਯੁਨਿਟੀ ਦੀ ਇਸ ਸਮਝ ਤੇ ਨਿਰਭਰ ਹੈ ਕਿ ਕੋਈ ਵੀ ਕਥਨ, ਜਾਂ ਕੰਮ ਐਸਾ ਨਾ ਕੀਤਾ ਜਾਵੇ ਜਿਸ ਨਾਲ ਦੂਜੇ ਦੇ ਮਨ ਨੂੰ ਚੋਟ ਪਹੁੰਚੇ ਜਾਂ ਉਸਦੀ ਬੇਇਜ਼ਤੀ ਹੋਵੇ, ਜੇਕਰ ਕੋਈ ਕਰੇਗਾ ਤਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ।(ਐਜੂਕੇਸ਼ਨ ਕੋਡ ਸੈਕਸ਼ਨ 32051)

ਵਿਵਹਾਰ ਲਈ ਡਿਸਟ੍ਰਿਕ ਦੀ ਨਿਯਮਾਵਲੀ ਦੀ ਉਲੰਘਨਾ ਕਰਨ ਤੇ ਵਿੱਦਿਆਰਥੀਆਂ ਨਾਲ ਨਿਪਟਨ ਲਈ ਸਟੈਂਡਰਡ ਤਰੀਕਾ ਵਿਕਸਿਤ (ਡਵੈਲੱਪ) ਕੀਤਾ ਗਿਆ ਹੈ ਜਿਹੜਾ ਕਿ ਸਾਰਿਆਂ ਲਈ ਇਕਸਾਰ ਹੈ। ਹੱਰ ਇਕ ਦੋਸ਼ ਦੇ ਫਲਸਰੂਪ ਕਈ ਕਿਸਮ ਦੇ ਨਤੀਜੇ ਹਨ। ਇਹ ਨਤੀਜੇ ਛੋਟੇ-ਮੋਟੇ ਦੂਰ ਵਿਵਹਾਰ ਲਈ ਕਲਾਸ ਚੋਂ ਕੱਢੇ ਜਾਣ ਜਾਂ ਸੰਸਥਾ ਦੇ ਰਾਜ ਪ੍ਰਬੰਧਕ ਜਾਂ ਉਨ੍ਹਾਂ ਦੇ ਨਿਯੁਕਤੀ ਨਾਲ ਸੰਪਰਕ ਤੋਂ ਲੈਕੇ, ਗਮਭੀਰ ਦੋਸ਼ ਲਈ ਮੁਅੱਤਲ ਹੋਣ ਤੱਕ ਹਨ। ਜੇਕਰ ਬਹੁਤ ਹੀ ਗਮਭੀਰ ਦੋਸ਼ ਹੋਵੇ ਤਾਂ ਸਕੂਲ ਵਾਲੇ ਸੁਝਾਓ ਦੇਂਦੇ ਹਨ ਕਿ ਵਿੱਦਿਆਰਥੀ ਨੂੰ ਸਕੂਲ ਵਿੱਚੋਂ ਕੱਢਿਆ ਜਾਵੇ।

## ਦੁਰਵਿਵਹਾਰ ਦੀ ਜਾਂਚ-ਪੜਤਾਲ ਕਰਨੀ (ਇਗਜ਼ਾਮੀਨੇਸ਼ਨ ਔਫ ਮਿਸਬਿਹੇਵੀਅੱਰ)

ਜੇਕਰ ਵਿੱਦਿਆਰਥੀ ਕਿਸੀ ਭੀ ਕਿਸਮ ਦੇ ਦੁਰਵਿਵਹਾਰ ਵਿੱਚ ਗ੍ਰਸਤ ਹੈ ਤਾਂ ਇਹ ਜ਼ੁੰਮੇਵਾਰੀ ਸਕੂਲ ਦੇ ਸਟਾਫ਼ ਦੀ ਹੈ ਕਿ ਉਹ ਉਸ ਘਟਨਾ ਬਾਰੇ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰਨ। ਵਿੱਦਿਆਰਥੀ ਦੇ ਦੁਰਵਿਵਹਾਰ ਕਰਕੇ ਜਿਹੜੀ ਘਟਨਾ ਘੱਟੀ ਹੈ, ਉਸ ਲਈ ਜਿਹੜੀ ਡਿਸਿਪਲਿਨ ਦੀ ਕਾਰਵਾਈ ਹੋਣੀ ਹੈ ਉਸ ਕਾਰਵਾਈ ਦੇ ਫੈਸਲੇ ਵਾਸਤੇ ਸਕੂਲ ਦੇ ਅਧਿਕਾਰੀਆਂ ਲਈ ਵਿੱਦਿਆਰਥੀ ਦੇ ਰਿਕੌਰਡ ਬਹੁਤ ਹੀ ਮੱਹਤਵਪੂਰਨ ਹੁੰਦੇ ਹਨ। ਕਈ ਦੋਸ਼ ਬਹੁਤ ਹੀ ਗੰਭੀਰ ਹੁੰਦੇ ਹਨ ਉਨ੍ਹਾਂ ਲਈ ਸਜ਼ਾ ਦੇਣ ਵੇਲੇ ਵਿੱਦਿਆਰਥੀ ਦੇ ਪੁਰਾਨੇ ਰਿਕੌਰਡਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਪਰ ਸਜ਼ਾ ਦਿੱਤੀ ਜਾਂਦੀ ਹੈ। ਆਮ ਤੌਰ ਤੇ ਜੇਕਰ ਵਿੱਦਿਆਰਥੀ ਬਾਰ-ਬਾਰ ਉਸੇ ਦੁਰਵਿਵਹਾਰ ਦਾ ਪ੍ਰਦਰਸ਼ਨ ਕਰਦਾ ਹੈ ਤਾਂ ਸਜ਼ਾ ਭੀ ਵਧਾ ਦਿੱਤੀ ਜਾਂਦੀ ਹੈ। ਜੇਕਰ ਕਿਸੇ ਵਿੱਦਿਆਰਥੀ ਦੀਆਂ ਗਲਤੀਆਂ ਕਾਰਣ ਉਸ ਨੂੰ ਬਾਰ-ਬਾਰ ਮੁਅੱਤਲ ਕੀਤਾ ਜਾਂਦਾ ਹੈ ਤਾਂ ਵਿੱਦਿਆਰਥੀ ਨੂੰ ਕਿਸੇ ਦੂਜੇ ਆੱਲਟੱਰਨੇਟਿਵ ਪ੍ਰੋਗਰਾਮ ਵਿੱਚ ਭੇਜਿਆ ਜਾਂਦਾ ਹੈ।

## ਗੈਂਗ (ਬੋਰਡ ਪੌਲਸੀ 5136 – 27 ਜਨਵਰੀ, 2009 ਨੂੰ ਪ੍ਰਵਾਨਿਤ ਕੀਤੀ ਗਈ)

ਗਵਰਨਿੰਗ ਬੋਰਡ(ਰਾਜ ਪ੍ਰਬੰਧਕ) ਡਿਸਟ੍ਰਿਕ ਦੇ ਸਕੂਲਾਂ ਨੰ ਧਮਕੀਆਂ ਜਾਂ ਡਰਗ ਖਾਣ ਵਾਲੇ ਜਾਂ ਹਿੰਸਕ ਅਤੇ ਵਿਘਨ ਪਾਉਣ ਵਾਲੇ ਵਿਹਾਰ ਦੇ ਗੈਂਗਾਂ ਜਾਂ ਗਰੁਪਾਂ ਦੇ ਨੁਕਸਾਨਦੇਹ ਅਸਰ ਤੋਂ ਮੁਕੱਤ ਰਖਨਾ ਚਾਹੁੰਦੇ ਹਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖ਼ਸੀਅਤ ਐਸੇ ਕਦਮ ਉਠਾਵੇਗੀ ਕਿ ਵਿੱਦਿਆਰਥੀਆਂ ਅਤੇ ਸਟਾਫ ਨੂੰ ਗੈਂਗਾਂ ਵਲੋਂ ਡਰਾਉਣ ਅਤੇ ਧਮਕਾਉਣ ਤੋਂ ਸੁਰੱਖਿਤ ਰਖਿਆ ਜਾਵੇ, ਅਤੇ ਵੱਖ-ਵੱਖ ਗੈਂਗਾਂ ਦੇ ਮੈਂਬਰਾਂ ਵਿੱਚਕਾਰ ਦੇ ਟਾਕਰੇ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਉਹ ਲੋਕਲ ਲਾਅ ਦੇ ਅਧੀਕਾਰਆਂ ਨਾਲ ਜਾਣਕਾਰੀ ਸਾਂਝੀ ਕਰਨਗੇ ਅਤੇ ਇਕ ਦੂਜੇ ਦੀ ਮਦਦ ਵਾਸਤੇ ਇਕ ਦੂਜੇ ਦਾ ਸਾਥ ਦੇਣਗੇ।

ਗੈਂਗਾਂ, ਅਤੇ ਗੈਂਗਾਂ ਦੇ ਸਿਮਬਲਾਂ(ਨਿਸ਼ਾਨੀਆਂ) ਦੀ ਪਛਾਣ ਕਰਨ, ਅਤੇ ਵਿਘਨ ਪਾਉਣ ਵਾਲੀਆਂ ਕਾਰਵਾਈਆਂ ਦੀਆਂ ਮੁਢੱਲੀਆਂ ਨਿਸ਼ਾਨੀਆਂ ਬਾਰੇ ਜਾਣਕਾਰੀ , ਅਤੇ ਗੈਂਗ ਸਬੰਧੀ ਵਿਹਾਰ ਨਾਲ ਸਹੀ ਢੰਗ ਨਾਲ ਨਜਿਠਿਨ ਬਾਰੇ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖ਼ਸੀਅਤ, ਸਟਾਫ ਦੇ ਮੈਂਬਰਾਂ ਨੂੰ ਟਰੇਨਿੰਗ ਦੇਣ ਦਾ ਪ੍ਰਬੰਧ ਕਰਨ ਤਾਂਕਿ ਸਟਾਫ ਨੰ ਇਨ੍ਹਾਂ ਨਿਸ਼ਾਨੀਆਂ ਦਾ ਪਤਾ ਲਗਣ ਵਿੱਚ ਮਦਦ ਮਿਲ ਸਕੇ। ਆਪਸੀ ਝਗੜਿਆਂ ਨੰ ਮੈਨੇਜ ਕਰਨ ਲਈ ਸਟਾਫ ਨੂੰ ਟੱਕਨੀਕਾਂ ਸਿਖਾਈਆਂ ਜਨਗੀਆਂ, ਅਤੇ ਇੰਟਰਵੀਨ ਕਰਨ ਦੇ ਤਰੀਕੇ ਅਤੇ ਕੱਮਯੁਨਿਟੀ ਦੇ ਦੂਜੇ ਸਾਧਨਾਂ ਬਾਰੇ ਵੀ ਦੀਸਆ ਜਾਵੇ।

ਬੋਰਡ ਵਾਲੇ ਮਹਿਸੂਸ ਕਰਦੇ ਹਨ ਕਿ ਬਹੁਤੇ ਵਿੱਦਿਆਰਥੀ ਗੈਂਗਾਂ ਵਿੱਚ ਕਈ ਕਾਰਨਾ ਕਰਕੇ ਸ਼ਾਮਿਲ ਹੁੰਦੇ ਹਨ, ਜਿਵੇਂ ਨਾਲ ਦੇ ਹੋਰ ਵਿਦਿਆਰਥੀਆਂ ਦੇ ਦਬਾਓ ਥੱਲੇ ਆਕੇ, ਕਿਸੇ ਨੂੰ ਮਨਾ ਨਾ ਕਰਨ ਦੀ ਸਮਰੱਥਾ ਕਰਕੇ ਆਦਿ। ਵਿੱਦਿਆਰਥੀਆਂ ਨੂੰ ਐਲੀਮੈਂਟਰੀ ਗ੍ਰੇਡਾਂ ਤੋਂ ਹੀ ਗੈਂਗ ਸਬੰਧਿਤ ਹਿੰਸਾ ਤੋਂ ਦੂਰ ਰਹਿਣ ਬਾਰੇ ਸ਼ਿਕਸ਼ਾ ਦਿੱਤੀ ਜਾਵੇ, ਹੋ ਸਕਦਾ ਹੈ ਕਿ ਇਹ ਸ਼ਿਕਸ਼ਾ ਕਿੰਡਰਗਾਰਟਨ ਤੋਂ ਹੀ ਸ਼ੁਰੂ ਕਰ ਦੀਤੀ ਜਾਵੇ।

ਗੈਂਗਾਂ ਦਾ ਅਸਰ ਘਟਾਉਣ ਲਈ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਡਰੈਸ ਕੋਡ ਬਾਰੇ ਨਿਯਮ ਸਥਾਪਿਤ ਕਰਨ,ਇਸ ਗਲ ਨੂੰ ਯਕੀਨੀ ਬਣਾਉਨ ਕਿ ਸਕੂਲ ਦੇ ਆਚਰਨ(ਕੌਨਡੱਕਟ) ਸਬੰਧੀ ਨਿਯਮ ਇਕਸੂਰਤਾ ਨਾਲ ਲਾਗੂ ਕੀਤੇ ਜਾਣ । ਜੇਕਰ ਕੋਈ ਵਿੱਦਿਆਰਥੀ ਗੈਂਗ ਵਿੱਚ ਹੋਣ ਦੀਆਂ ਨਿਸ਼ਾਨੀਆਂ ਦਾ ਪ੍ਰਦਰਸ਼ਨ ਕਰੇ ਤਾਂ ਸਟਾਫ ਉਸਦੇ ਮਾਪਿਆਂ/ਗਾਰਡੀਅਨ ਨੂੰ ਇਸਦੇ ਬਾਰੇ ਜਾਣਕਾਰੀ ਦੇਣ।

## ਕਪੜੇ ਪਾਉਣ ਸਬੰਧੀ (ਡਰੈਸ) ਲਈ ਸਟੈਂਡਰਡ(ਬੋਰਡ ਪੌਲਸੀ 5132-27 ਜਨਵਰੀ, 2009 ਨੂੰ ਰਿਵਿਊ ਕੀਤੀ ਗਈ)

ਗਵਰਨਿੰਗ ਬੋਰਡ ਯਕੀਨ ਕਰਦਾ ਹੈ ਕਿ ਸਹੀ ਢੰਗ ਦੇ ਕਪੜੇ ਪਾਉਣੇ ਅਤੇ ਵਿਅਕਤਕ ਆਭਾਸ(ਗਰੂਮਿੰਗ) ਸਿਖਿਅਕ ਵਾਤਾਵਰਨ ਨੂੰ ਇੱਕ ਪੜ੍ਹਨ ਦਾ ਅੱਛਾ ਮਹੌਲ ਬਣਾਉਨ ਵਿੱਚ ਮਦਦ ਕਰਦਾ ਹੈ। ਬੋਰਡ ਵਾਲੇ ਚਾਹੁੰਦੇ ਹਨ ਕਿ ਵਿੱਦਿਆਰਥੀ ਅਪਨੀ ਨਿਜੀ ਹਾਈਜੀਨ ਅਤੇ ਸਫਾਈ ਵਲ ਪੂਰਾ ਧਿਆਨ ਦੇਣ ਅਤੇ ਉਹ ਕਪੜੇ ਇਸ ਢੰਗ ਨਾਲ ਪਾਉਣ ਜਦੋਂ ਉਹ ਸਕੂਲ ਦੀਆਂ ਕਾਰਵਾਈਆਂ ਵਿੱਚ ਹਿੱਸਾ ਲੈਣ ਤਾਂ ਕਪੜੇ ਸਹੀ ਹੋਣ। ਵਿੱਦਿਆਰਥੀ ਦੇ ਕਪੜੇ ਉਸਦੀ ਸਿਹਤ ਜਾਂ ਸੁਰਖਿਆ ਲਈ ਖਤਰਾ ਨਹੀਂ ਹੋਣੇ ਚਾਹੀਦੇ ਹਨ, ਜਾਂ ਧਿਆਨ ਭੰਗ ਕਰਨ ਵਾਲੇ ਨਹੀਂ ਹੋਣੇ ਚਾਹੀਦੇ ਹਨ ਜਿਸਦੇ ਕਾਰਣ ਪੜ੍ਹਾਨ ਦੇ ਵਾਤਾਵਰਨ ਵਿੱਚ ਵਿਘਨ ਪਵੇ।

ਸਕੂਲੀ ਸਾਲ ਦੇ ਸ਼ੁਰੂ ਵਿੱਚ ਵਿੱਦਿਆਰਥੀਆਂ, ਮਾਪਿਆਂ/ਗਾਰਡੀਅਨਾਂ ਨੂੰ ਡਰੈਸ ਕੋਡ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਉਸ ਤੋਂ ਬਾਅਦ ਦੁਹਰਾਈ ਜਾਂਦੀ ਹੈ। ਇੱਕ ਵਿੱਦਿਆਰਥੀ ਜੋ ਇਸ ਡਰੈਸ ਕੋਡ ਦੀ ਉਲੰਘਨਾ ਕਰਦਾ ਹੈ ਉਸ ਦੇ ਬਰਖਲਾਫ ਢੁੱਕਵੀਂ ਡਿਸਿਪਲਿਨ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

## ਗੈਂਗਾਂ ਨਾਲ ਸਬੰਧਿਤ ਕਪੜੇ

ਪ੍ਰਿੰਸੀਪਲ, ਸਟਾਫ ਅਤੇ ਮਾਪਿਆਂ/ਗਾਰਡੀਅਨ ਮਿਲ ਕੇ ਡਰੈਸ ਕੋਡ ਤਿਆਰ ਕਦੇ ਹਨ ਜੋ ਵਿਦਿਆਰਥੀਆਂ ਨੂੰ ਗੈਨਗਾਂ ਨਾਲ ਸਬੰਧਿਤ ਕਪੜੇ ਪਾਉਣ ਤੋਂ ਰੋਕਦਾ ਹੈ, ਜਦੋਂ ਗੈਂਗਾਂ ਨਾਲ ਸਬੰਧਿਤ ਨਿਸ਼ਾਨੀਆਂ ਦਾ ਪ੍ਰਦਰਸ਼ਨ ਹੁੰਦਾ ਹੈ ਤਾਂ ਸਕੂਲੀ ਗਤੀਵਿਧੀਆਂ ਲਈ ਖਤਰਾ ਪੈਦਾ ਹੁੰਦਾ ਹੈ। ਸਕੂਲ ਡਰੈਸ ਕੋਡ ਸਕੂਲ ਸੇਫਟੀ ਦਾ ਹਿੱਸਾ ਹੈ ਅਤੇ ਇਹ ਬੋਰਡ ਅੱਗੇ ਪੇਸ਼ ਕੀਤਾ ਜਾਂਦਾ ਹੈ। ਸਕੂਲ ਦੇ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਮੁਖ ਰੱਖ ਕੇ ਬੋਰਡ ਇਸ ਨੂੰ ਪ੍ਰਵਾਨਗੀ ਦਿੰਦਾ ਹੈ।

## ਯੁਨੀਫੋਰਮ

ਬੋਰਡ ਵਾਲੇ ਸਮਝਦੇ ਹਨ ਕਿ ਵਿੱਦਿਆਰਥੀ ਦੀ ਸੁਰਖਿਆ ਨੂੰ ਸਮਰਥਨ ਦੇਣ ਅਤੇ ਚੋਰੀ, ਹਮਉਮਰ ਸਰੀਕਪੁਨੇ /ਗੈਂਗ ਹਰਕਤਾਂ ਨੂੰ ਹਟਾਉਣ ਲਈ ਪ੍ਰਿੰਸੀਪੱਲ, ਸਟਾਫ, ਅਤੇ ਮਾਪੇ/ਗਾਰਡੀਅਨ ਡਿਸਟ੍ਰਿਕ ਸਕੂਲ ਵਿੱਚ ਇਕ ਢੁੱਕਵਾਂ ਡਰੈਸ ਕੋਡ ਨਿਸ਼ਚਿਤ ਕਰ ਸਕਦੇ ਹਨ, ਅਤੇ ਉਸਦੇ ਤਹਿਤ ਵਿੱਦਿਆਰਥੀਆਂ ਨੂੰ ਯੂਨੀਫੌਰਮ ਪਾਉਣੇ ਪੈਣਗੇ। ਇਹ ਡਰੈਸ ਕੋਡ ਸਕੂਲ ਸੇਫਟੀ ਪਲੈਨ(ਸਕੂਲ ਦੇ ਸੁਰਖਿਆ ਸਬੰਧੀ ਪਲੈਨ) ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ, ਅਤੇ ਬੋਰਡ ਦੀ ਮਨਜ਼ੂਰੀ ਲਈ ਉਸਦੇ ਅਗੇ ਪੇਸ਼ ਕੀਤਾ ਜਾਣਾ ਚਾਹੀਦਾ ਹੈ।

ਜਦੋਂ ਬੋਰਡ ਨੂੰ ਲਗਦਾ ਹੈ ਕਿ ਇਹ ਡਰੈਸ ਕੋਡ ਸਕੂਲ ਦੇ ਵਿੱਦਿਆਰਥੀ ਦੀ ਸਿਹਤ ਅਤੇ ਸੁਰਖਿਆ ਲਈ ਜ਼ਰੂਰੀ ਹੈ ਤਾਂ ਉਹ ਇਸ ਡਰੈਸ ਕੋਡ ਲਈ ਮਨਜ਼ੂਰੀ ਦੇ ਦਿੰਦੇ ਹਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖ਼ਸੀਅਤ ਨਿਯਮ ਨਿਸ਼ਚਿਤ ਕਰਨਗੇ, ਜਿਸ ਦੇ ਤਹਿਤ ਯੂਨੀਫੋਰਮ ਪਾਉਣ ਸਬੰਧੀ ਅਪਨਾਈ ਗਈ ਪੌਲਸੀ ਤੋਂ ਮਾਪਿਆਂ ਨੂੰ ਛੋਟ ਮੰਗਣ ਦਾ ਹੱਕ ਹੈ। ਜੇਕਰ ਮਾਪੇ ਯੂਨੀਫੌਰਮ ਦੀ ਛੋਟ ਦਾ ਫੈਸਲਾ ਲੈ ਲੈਣ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਸਿਖਿਅਕ ਤੌਰ ਤੇ ਸਜ਼ਾ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਉਸਦੇ ਬਰਖਲਾਫ ਵਿਤਕਰਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਸਨੂੰ ਸਕੂਲ ਆਉਣ ਤੋਂ ਮਨਾਹੀ ਕੀਤੀ ਜਾ ਸਕਦੀ ਹੈ।

ਯੂਨੀਫੋਰਮ ਖਰੀਦਨ ਵਿੱਚ ਆਰਥਿਕ ਘਾਟ ਵਾਲੇ ਬੱਚਿਆਂ ਦੀ ਮਦਦ ਲਈ ਸੁਪਰਿਨਟੈਂਡੈਨਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖ਼ਸੀਅਤ ਉਨ੍ਹਾਂ ਬੱਚਿਆਂ ਨੂੰ ਯੂਨੀਫੌਰਮ ਹਾਸਲ ਕਰਨ ਦੇ ਸਾਧਨਾਂ ਬਾਰੇ ਯਕੀਨੀ ਤੌਰ ਤੇ ਜਾਣਕਾਰੀ ਦੇਣਗੇ ।

**ਘਰ ਲਈ ਮਿਲਿਆ ਕੰਮ(ਹੋਮਵਰਕ) ਮੇਕ-ਅਪ ਵਰਕ (ਬੀ ਪੀ 6154- 10 ਮਾਰਚ, 2009 ਨੂੰ ਰਿਵਾਇਜ਼ ਕੀਤਾ)**
ਬੋਰਡ ਵਾਲੇ ਇਸ ਗਲ ਵਿੱਚ ਯਕੀਨ ਰਖਦੇ ਹਨ ਕਿ ਹੋਮਵਰਕ ਜਿੰਮੇਵਾਰੀ, ਸਵੈ- ਡਿਸਿਪਲਿਨ, ਜੀਵਨ ਭਰ ਲਈ ਸਿਖਾਂਦਰੂ ਆਦਤਾਂ, ਅਤੇ ਹੋਮ ਵਰਕ ਕਰਨ ਲਈ ਬਿਤਾਇਆ ਸਮਾਂ ਵਿਦਿਆਰਥੀ ਨੂੰ ਡਿਸਟ੍ਰਿਕਟ ਅਕੈਡਮਿਕ ਸਟੈਂਡਰਡਾਂ ਤੱਕ ਪਹੁੰਚਣ ਵਿਚ ਮਦਦ ਕਰਦਾ ਹੈ। ਬੋਰਡ ਵਿਸ਼ਵਾਸ਼ ਕਰਦਾ ਹੈ ਕਿ ਵਿਦਿਆਰਥੀ ਮਾਪੇ/ਗਾਰਡੀਅਨ ਅਤੇ ਸਟਾਫ ਵੱਲ ਰੋਜ਼ਾਨਾ ਧਿਆਨ ਦੇਣ ਅਤੇ ਇਸ ਨੂੰ ਵਿਦਿਆਰਥੀ ਦੇ ਰੋਜ਼ਾਨਾ ਜੀਵਨ ਦਾ ਮਹੱਤਵ-ਪੂਰਨ ਹਿੱਸਾ ਬਣਾਉਣ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਯਕੀਨੀ ਬਣਾਉਣ ਕਿ ਪ੍ਰਬੰਧਕ ਅਤੇ ਟੀਚਰ ਹਰੇਕ ਸਕੂਲ ਸਾਈਟ ਵਿੱਚ ਪ੍ਰਭਾਵਸ਼ਾਲੀ ਹੋਮਵਰਕ ਪਲੈਨ ਤਿਆਰ ਕਰਨ। ਲੋੜ ਪੈਣ ਤੇ ਟੀਚਰਾ ਨੂੰ ਚੈਲਿੰਜਿੰਗ ਅਤੇ ਅਰਥ ਭਰਪੂਰ ਅਸਾਈਨਮੈਂਟਾਂ ਤਿਆਰ ਕਰਨ ਲਈ ਟ੍ਰੇਨਿੰਗ ਦਿੱਤੀ ਜਾਵੇਗੀ। ਟੀਚਰਾਂ ਤੋਂ ਹੋਮਵਰਕ ਬਾਰੇ ਕੀ ਉਮੀਦ ਕੀਤੀ ਜਾਂਦੀ ਹੈ, ਇਸ ਬਾਰੇ ਉਹਨਾ ਦੀ ਇਵੈਲੂਏਸ਼ਨ ਵਿੱਚ ਲਿਖਿਆ ਹੈ।

ਬੋਰਡ ਨੂੰ ਵਿਸ਼ਵਾਸ਼ ਹੈ ਕਿ ਹੋਮਵਰਕ ਕਰਨ ਦੀ ਜ਼ੁਮੇਵਾਰੀ ਵਿੱਦਿਆਰਥੀ ਦੀ ਹੈ, ਪਰ ਬੋਰਡ ਸਾਰੇ ਗ੍ਰੇਡਾਂ ਦੇ ਟੀਚਰਾਂ ਤੋਂ ਉਮੀਦ ਕਰਦਾ ਹੈ ਕਿ ਉਹ ਮਾਪਿਆਂ/ਗਾਰਡੀਅਨਾ ਨੂੰ ਵੀ ਇੱਕ ਸਾਧਨ ਵਜੋਂ ਵਰਤਣ। ਜੇਕਰ ਕੋਈ ਵਿਦਿਆਰਥੀ ਹੋਮਵਰਕ ਨਹੀਂ ਕਰਕੇ ਲਿਆਉਂਦਾ, ਤਾਂ ਟੀਚਰ ਮਾਪਿਆਂ/ਗਾਰਡੀਅਨਾ ਨੂੰ ਸੂਚਿਤ ਕਰਨ ਅਤੇ ਉਹਨਾ ਨੂੰ ਕਹਿਣ ਕਿ ਉਹ ਟੀਚਰ ਨੂੰ ਆ ਕੇ ਮਿਲਣ।

**ਮੇਕ-ਅਪ ਵਰਕ**
ਜੇਕਰ ਵਿੱਦਿਆਰਥੀ ਕੋਲੋਂ ਕਿਸੀ ਕਾਰਨ ਦੀ ਗੈਰਹਾਜ਼ਰੀ ਕਾਰਣ ਜਾਂ ਮੁਅੱਤਲੀ ਕਾਰਨ ਸਕੂਲ ਦਾ ਕੰਮ ਮਿਸ ਹੋ ਜਾਂਦਾ ਹੈ ਤਾਂ ਮਿਸ ਕੀਤੇ ਕੰਮ ਨੂੰ ਪੂਰਾ ਕਰਨ ਲਈ ਉਸਨੂੰ ਮੌਕਾ ਦਿੱਤਾ ਜਾਂਦਾ ਹੈ, ਅਤੇ ਉਸਨੂੰ ਪੂਰੇ ਕਰੈਡਿਟ ਭੀ ਮਿਲ ਸਕਦੇ ਹਨ ਪਰ ਜੇ ਉਹ ਅਪਨਾ ਮੇਕ-ਅਪ ਕੰਮ ਮਿਥੇ ਸਮੇਂ ਵਿੱਚ ਪੂਰਾ ਕਰਦਾ ਹੈ। ਟੀਚਰ ਚਾਹੰਦੇ ਹਨ ਕਿ ਮੁਅੱਤਲ ਵਿੱਦਿਆਰਥੀ ਅਪਣੀ ਮੁਅੱਤਲੀ ਦੌਰਾਨ ਮਿਸ ਹੋਇਆ ਕੰਮ, ਟੈਸਟ ਅਤੇ ਅਸਾਈਨਮੈਂਟਾਂ ਪੂਰੀਆਂ ਕਰੇ।

ਜਿਹੜੇ ਵਿੱਦਿਆਰਥੀ ਬਗੈਰ ਕਾਰਣ ਦੀਆਂ ਗੈਰਹਾਜ਼ਰੀਆਂ ਕਾਰਣ ਸਕੂਲ ਦਾ ਕੰਮ ਮਿਸ ਕਰਦੇ ਹਨ, ਉਨ੍ਹਾਂ ਨੂੰ ਪੂਰੇ ਕਰੈਡਿਟ ਜਾਂ ਘਟ ਕਰੈਡਿਟ ਪ੍ਰਾਪਤ ਕਰਨ ਲਈ ਮੇਕ-ਅਪ ਕੰਮ ਕਰਨ ਦਾ ਮੌਕਾ ਪ੍ਰਦਾਨ ਕੀਤਾ ਜਾਂਦਾ ਹੈ। ਟੀਚਰ ਮੇਕ-ਅਪ ਕਰਨ ਲਈ ਸਜ਼ਾ ਨਹੀਂ ਬਲਕਿ ਐਸਾ ਕੰਮ ਦਿੰਦੇ ਹਨ ਜੋ ਯਕੀਨੀ ਤੌਰ ਤੇ ਸਿਖਿਅਕ ਤਰੱਕੀ ਵਿੱਚ ਵਾਧਾ ਕਰਦਾ ਹੈ।

## <u>ਸਕੂਲ ਵਿੱਚ ਹਾਜ਼ਰੀ ਅਤੇ ਗੈਰਹਾਜ਼ਰੀ</u>

**ਸਕੂਲੀ ਹਾਜ਼ਰੀ (ਸਕੂਲ ਅਟੈਂਡੈਂਸ)(ਐਜੂਕੇਸ਼ਨ ਕੋਡ 48205)**

ਐਜੂਕੇਸ਼ਨ ਕੋਡ ਸੈਕਸ਼ਨ 48205 ਤਹਿਤ ਵਿੱਦਿਆਰਥੀਆਂ ਦੀਆਂ ਸਕੂਲ ਵਿੱਚ ਹਾਜ਼ਰੀਆਂ, ਅਤੇ ਜਾਇਜ਼ ਗੈਰਹਾਜ਼ਰੀਆਂ ਜੋ ਮਾਫ ਹੁੰਦੀਆਂ ਹਨ।
(1) ਸੈਕਸ਼ਨ 48200 ਦੇ ਪ੍ਰਤੀਕੂਲ, ਵਿੱਦਿਆਰਥੀ ਦੀ ਸਕੂਲ ਤੋਂ ਗੈਰਹਾਜ਼ਰੀ ਮਾਫ ਕੀਤੀ ਜਾ ਸਕਦੀ ਹੈ ਜੇਕਰ ਗੈਰਹਾਜ਼ਰੀ ਇਨ੍ਹਾਂ ਕਾਰਣਾਂ ਕਰਕੇ ਹੋਵੇ:

- ਬਿਮਾਰੀ ਕਾਰਣ।
- ਕਾਉਂਟੀ ਜਾਂ ਸਿਟੀ ਹੈਲਥ ਅਫਸਰ ਦੇ ਕਹਿਣ ਤੇ ਕੁਆਰਿਨਟੀਨ (ਛੂਤ ਦੀ ਬਿਮਾਰੀ ਕਾਰਣ ਦੂਜਿਆਂ ਤੋਂ ਦੂਰ ਰਖਣਾ) ਕੀਤੇ ਜਾਣਾ।
- ਮੈਡੀਕੱਲ, ਦੰਦਾ, ਅੱਖਾਂ, ਜਾਂ ਕੰਗਰੋੜ-ਇਲਾਜ(ਕਾਇਰੋਪੈਕਟਿਕ) ਕਾਰਣ।
- ਅਪਣੇ ਘਰ ਦੇ ਸਦੱਸ ਦੇ ਅੰਤਮ-ਸੰਸਕਾਰ ਤੇ ਜਾਣ ਲਈ। ਜੇਕਰ ਸੰਸਕਾਰ ਕੈਲਿਫੋਰਨੀਆ ਵਿੱਚ ਹੀ ਕੀਤਾ ਜਾ ਰਿਹਾ ਹੈ ਤਾਂ ਇੱਕ ਦਿਨ ਲਈ ਛੁੱਟੀ, ਪਰ ਜੇਕਰ ਸੰਸਕਾਰ ਕਿਸੀਦੂਜੀ ਸਟੇਟ ਵਿੱਚ ਕੀਤਾ ਜਾ ਰਿਹਾ ਹੈ ਤਾਂ ਤਿੰਨ ਦਿਨ ਦੀ ਛੁਟੀ ਮਿਲ ਸਕਦੀ ਹੈ।
- ਜੇਕਰ ਕਾਨੂੰਨੀ ਤੌਰ ਤੇ ਜਿਊਰੀ ਡਿਯੂਟੀ ਕਰਨੀ ਪਵੇ।
- ਵਿੱਦਿਆਰਥੀ ਜਿਸ ਬੱਚੇ ਦੀ ਦੇਖ-ਭਾਲ ਇੱਕ ਮਾਪੇ ਦੇ ਤੌਰ ਤੇ ਕਰਦਾ/ਕਰਦੀ ਹੈ ਤਾਂ ਸਕੂਲ ਦੇ ਸਮੇਂ ਦੌਰਾਨ ਬੱਚੇ ਦੀ ਬਿਮਾਰੀ ਜਾਂ ਡਾਕਟਰ ਨਾਲ ਮੁਲਾਕਾਤ ਕਰਨ ਦੇ ਸਮੇਂ ਲਈ ਗੈਰਹਾਜ਼ਰ ਹੋ ਸਕਦਾ/ਸਕਦੀ ਹੈ।
- ਵਿਅਕਤੀਗਤ ਕਾਰਣ ਜੋ ਸਿੱਧ ਕੀਤੇ ਜਾ ਸਕਦੇ ਹਨ, ਉਨ੍ਹਾਂ ਵਿੱਚ ਹੇਠ ਲਿਖੇ ਕਾਰਣ ਸ਼ਾਮਿਲ ਤਾਂ ਹਨ ਪਰ ਗੈਰਹਾਜ਼ਰੀ ਦੇ ਕਾਰਣ, ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ। ਸ਼ਾਮਿਲ ਕਾਰਣਾਂ ਵਿੱਚੋਂ ਕੁਝ ਕਾਰਣ ਇਹ ਹਨ, ਕੋਰਟ ਵਿੱਚ ਹਾਜ਼ਰੀ, ਕਿਸੇ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਿਲ ਹੋਣਾ, ਅਪਣੇ ਧਰਮ ਦੀ ਪਾਲਣਾ ਕਰਨ ਸਬੰਧੀ ਛੁੱਟੀ ਲੈਣੀ ਜਾਂ ਅਪਣੀ ਧਾਰਮਿਕ ਰੀਤੀ ਦੀ ਰਸਮ ਵਿੱਚ ਹਿੱਸਾ ਲੈਣਾ, ਧਾਰਮਿਕ ਪਰੇਡ ਵਿੱਚ ਹਾਜ਼ਿਰ ਹੋਣਾ, ਜਾਂ ਨੌਕਰੀ ਸਬੰਧੀ ਕੌਨਫਰੈਂਸ ਵਿੱਚ ਹਿੱਸਾ ਲੈਣ ਜਾਂ ਨੌਨੑਪ੍ਰੌਫਿਟ ਸੰਸਥਾ ਵਲੋਂ ਅਯੋਜਿਤ ਲੈਜਸਲੇਟਿਵ ਜਾਂ ਜਿਊਡਿਸ਼ਲ ਕਾਰਵਾਈ (ਜਿਯੂਰੀ ਡਿਯੂਟੀ) ਜਾਂ ਸਿਖਿਅਕ ਕੌਨਫਰੈਂਸ ਵਿੱਚ ਹਿੱਸਾ ਲੈਣ ਵਾਸਤੇ ਗੈਰਹਾਜ਼ਰ ਹੋਣਾ, ਜਦੋਂ ਮਾਪਿਆਂ ਜਾਂ ਗਾਰਡੀਅਨ ਨੇ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕੋਲੋਂ ਲਿਖਤੀ ਰੂਪ ਵਿੱਚ ਮਨਜ਼ੂਰੀ ਲਈ ਹੋਵੇ। ਇਹ ਮਨਜ਼ੂਰੀ ਰਾਜ ਪ੍ਰਬੰਧਕੀ ਬੋਰਡ ਵਲੋਂ ਸਥਾਪਿਤ, ਇਕਸਾਰ ਸਟੈਂਡਰਡ ਵਾਲੀ ਮਨਜ਼ੂਰੀ ਅਨੁਸਾਰ ਦਿੱਤੀ ਜਾਂਦੀ ਹੈ।
- ਇਲੈਕਸ਼ਨਜ਼ ਕੋਡ ਦੇ 12302 ਸੈਕਸ਼ਨ ਅਨੁਸਾਰ ਚੋਣਾਂ ਲਈ ਸਰਹੱਦੀ ਇਲਾਕੇ ਦੇ ਬੋਰਡ ਮੈਂਬਰ ਹੋਣ ਦੇ ਨਾਤੇ ਉਸ ਵਿੱਚ ਹਿੱਸਾ ਲੈਣਾ।

(2) ਗੈਰਹਾਜ਼ਰੀ ਕਾਰਣ, ਵਿੱਦਿਆਰਥੀ ਨੇ ਜਿਹੜੇ ਅਸਾਇਨਮੈਂਟ ਜਾਂ ਟੈਸਟ ਪੂਰੇ ਨਹੀਂ ਕੀਤੇ, ਇਸ ਸੈਕਸ਼ਨ ਦੇ ਤਹਿਤ ਜੇਕਰ ਉਹ ਅਸਾਨੀ ਨਾਲ ਉਪਲਬਧ ਹੋ ਸਕਦੇ ਹੋਣ ਤਾਂ ਵਿੱਦਿਆਰਥੀ ਨੂੰ ਉਹ ਅਸਾਇਨਮੈਂਟਾਂ ਅਤੇ ਟੈਸਟ ਜਾਇਜ਼ ਸਮੇਂ ਵਿੱਚ ਪੂਰਾ ਕਰਨ ਦੀ ਇਜਾਜ਼ਤ ਹੈ, ਅਤੇ ਉਸਨੂੰ ਪੂਰੇ ਕਰੈਡਿਟ ਭੀ ਮਿਲਣਗੇ। ਵਿੱਦਿਆਰਥੀ ਜਿਹੜੀ ਕਲਾਸ ਵਿੱਚੋਂ ਗੈਰਹਾਜ਼ਿਰ ਰਿਹਾ ਹੈ, ਉਸ ਕਲਾਸ ਦੀਆਂ ਅਸਾਇਨਮੈਂਟਾਂ ਅਤੇ ਟੈਸਟਾਂ ਬਾਰੇ ਫੈਸਲਾ, ਉਸੀ ਕਲਾਸ ਦੇ ਟੀਚਰ ਹੀ ਕਰ ਸਕਦੇ ਹਨ , ਇਹ ਟੈਸਟ ਅਤੇ ਅਸਾਇਨਮੈਂਟਾਂ ਪਹਿਲਿਆਂ ਅਸਾਇਨਮੈਂਟਾਂ ਅਤੇ ਟੈਸਟਾਂ ਨਾਲ ਮਿਲਦੀਆਂ ਜੁਲਦੀਆਂ ਹੋ ਸਕਦੀਆਂ ਹਨ ਪਰ ਇਹ ਜ਼ਰੂਰੀ ਨਹੀਂ ਕਿ ਉਹ ਮਿਸ ਕੀਤੀਆਂ ਅਸਾਇਨਮੈਂਟਾਂ ਅਤੇ ਟੈਸਟਾਂ ਵਰਗੀਆਂ ਹੀ ਹੋਣ ਗੀਆਂ।
(3) ਇਸ ਸੈਕਸ਼ਨ ਅਨੁਸਾਰ, ਹਰ ਸਿਮੈਸਟਰ ਵਿੱਚ ਧਾਰਮਿਕ ਪਰੇਡ ਲਈ ਚਾਰ ਘੰਟੇ ਤੋਂ ਵੱਧ ਛੁੱਟੀ ਨਹੀਂ ਮਿਲੇਗੀ।
(4) ਇਸ ਸੈਕਸ਼ਨ ਦੇ ਅਨੁਸਾਰ ਇਹ ਗੈਰਹਾਜ਼ਿਰੀਆਂ, ਗੈਰਹਾਜ਼ਿਰੀਆਂ ਹੀ ਸਮਝੀਆਂ ਜਾਣਗੀਆਂ ਅਤੇ ਸਟੇਟ ਕੋਲੋਂ ਹਰ ਰੋਜ਼ ਹਾਜ਼ਰੀ ਦੀ ਔਸਤ ਲਈ ਜੋ ਪੈਸੇ ਮਿਲਦੇ ਹਨ ਇਨ੍ਹਾਂ ਗੈਰਹਾਜ਼ਰੀਆਂ ਕਾਰਣ ਉਨ੍ਹਾਂ ਦਿਨਾਂ ਦੌਰਾਨ ਉਨ੍ਹਾਂ ਵਿੱਦਿਆਰਥੀਆਂ ਦੇ ਹਿੱਸੇ ਦੇ ਪੈਸੇ ਸਟੇਟ ਕੋਲੋਂ ਨਹੀਂ ਮਿਲਦੇ।
(5) "ਨਜ਼ਦੀਕੀ ਪਰਿਵਾਰ" ਇਸ ਸੈਕਸ਼ਨ ਦਾ ਭਾਵ ਵੀ ਉਹੀ ਹੈ ਜੋ 45194 ਸੈਕਸ਼ਨ ਦਾ ਹੈ, ਫਰਕ ਸਿਰਫ ਇਹ ਹੈ ਕਿ ਉਸ ਵਿੱਚ ਨੌਕਰੀ ਕਰਨ ਵਾਲਾ ਸ਼ਬਦ "ਇਮਪਲੌਈ" ਹੈ ਤੇ ਇਸ ਵਿੱਚ ਉਸਦੀ ਬਜਾਏ " ਵਿੱਦਿਆਰਥੀ" ਸ਼ਬਦ ਹੈ। (ਨਜ਼ਦੀਕੀ ਪਰਿਵਾਰ: ਮਾਪੇ, ਇੱਕੋ ਮਾ ਬਾਪ ਦੇ ਬੱਚੇ, ਵੌਹਟੀ, ਦਾਦਾ-ਦਾਦੀ, ਨਾਨਾ -ਨਾਨੀ, ਬੱਚੇ, ਸੌਹਰੇ, ਭਾਣਜੇ /ਭਾਣਜੀਆਂ, ਭਤੀਜੇ /ਭਤੀਜੀਆਂ, ਜਾਂ ਦੂਜੇ ਰਿਸ਼ਤੇਦਾਰ ਜਿਹੜੇ ਘਰ ਵਿੱਚ ਰਹਿ ਰਹੇ ਹਨ।

**ਗੈਰਹਾਜ਼ਰੀਆਂ ਅਤੇ ਉਨ੍ਹਾਂ ਦੇ ਕਾਰਣ (ਬੋਰਡ ਪੌਲਸੀ 5113 – 27 ਜਨਵਰੀ, 2009 ਨੂੰ ਰਿਵਿਉ ਕੀਤੀ ਗਈ)**
ਗਵਰਨਿੰਗ ਬੋਰਡ ਨੂੰ ਵਿਸ਼ਵਾਸ ਹੈ ਕਿ ਹਰ ਰੋਜ਼ ਦੀ ਹਾਜ਼ਰੀ ਵਿੱਦਿਆਰਥੀ ਦੀ ਕਾਮਯਾਬੀ ਵਿੱਚ ਇੱਕ ਬਹੁਤ ਅਹਿਮ ਰੋਲ ਅਦਾ ਕਰਦੀ ਹੈ। ਬੋਰਡ ਵਾਲੇ ਕਨੂੰਨ ਅਨੁਸਾਰ ਵਿੱਦਿਆਰਥੀ ਦੀ ਸਕੂਲ ਵਿੱਚ ਹਾਜ਼ਰੀ ਨੂੰ ਬਰਕਰਾਰ ਰਖਣ ਦੀ ਅਪਣੀ ਜ਼ੁੰਮੇਵਾਰੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਛੇ ਸਾਲ ਤੋਂ ਅਠਾਰਹਾਂ ਸਾਲ ਦੇ ਬੱਚਿਆਂ ਨੂੰ ਸਕੂਲ ਭੇਜਣ ਦੀ ਜ਼ੁਮੇਵਾਰੀ ਮਾਪਿਆਂ ਜਾਂ ਗਾਰਡੀਅਨ ਦੀ ਹੈ ਸਿਵਾਏ ਇਸਦੇ ਕਿ ਕਨੂੰਨੀ ਪ੍ਰਬੰਧ ਕੀਤਾ ਗਿਆ ਹੈ। ਜੇਕਰ ਸਮੱਸਿਆ ਦਾ ਸਬੰਧ ਲਗਾਤਾਰ ਸਕੂਲ ਦੇਰ ਨਾਲ ਆਉਣ(ਟਰੂਐਂਸੀ) ਨਾਲ ਹੈ ਜਾਂ ਗੈਰਹਾਜ਼ਰੀ ਨਾਲ ਹੈ ਤਾਂ ਬੋਰਡ ਸਟੇਟ ਦੇ ਹਾਜ਼ਰੀ ਸਬੰਧੀ ਸਾਰੇ ਕਨੂੰਨ ਲਾਗੂ ਕਰਨਗੇ ਅਤੇ ਕਨੂੰਨੀ ਢਾਂਚੇ ਦੇ ਅੰਦਰ ਰਹਿਕੇ ਟਰੂਐਂਸੀ ਜਾਂ ਗੈਰਹਾਜ਼ਰੀ ਸਬੰਧੀ ਸਮੱਸਿਆ ਨਾਲ ਨਜਿਠਨ ਲਈ ਢੁੱਕਵੇਂ ਤਰੀਕੇ ਇਸਤੇਮਾਲ ਕਰਨਗੇ।

**ਵਾਜਬ ਕਾਰਣਾਂ ਕਰਕੇ ਗੈਰਹਾਜ਼ਰੀ**
ਸਕੂਲ ਤੋਂ ਗੈਰਹਾਜ਼ਰੀ ਸਿਰਫ ਅਗੇ ਲਿਖੇ ਵਾਜਬ ਕਾਰਣਾ ਕਰਕੇ ਹੀ ਮਾਫ ਕੀਤੀ ਜਾਵੇਗੀ, ਸਿਹਤ, ਪਰਵਾਰਕ ਇਮਰਜੈਂਸੀ , ਜਾਂ ਕੋਈ ਐਸੀ ਵਜਹ ਜਿਸਦਾ ਕਾਰਣ ਵਾਜਬ ਹੈ ਅਤੇ ਉਸ ਲਈ ਕਨੂੰਨੀ ਮਨਜ਼ੂਰੀ ਮਿਲੀ ਹੋਈ ਹੈ, ਅਤੇ ਬੋਰਡ ਪੌਲਸੀ ਅਤੇ ਪ੍ਰਬੰਧਕੀ ਨਿਯਮਾਂ ਤੋ ਵੀ ਇਜਾਜ਼ਤ ਮਿਲੀ ਹੋਈ ਹੈ।(ਐਜੂਕੇਸ਼ਨ ਕੋਡ 46010, 48205, 48216)

ਕਿਉਂਕਿ ਵਿੱਦਿਆਰਥੀ ਲਈ ਹਰ ਰੋਜ਼ ਕਲਾਸ ਵਿੱਚ ਹਿੱਸਾ ਲੈਣਾ ਉਸਦੇ ਸਿਖਣ ਦੇ ਤਜੁਰਬੇ ਦਾ ਇੱਕ ਮਹਤੱਵਪੂਰਨ ਹਿੱਸਾ ਹੈ ਇਸ ਲਈ ਮਾਪਿਆਂ/ਗਾਰਡੀਅਨਾਂ ਨੂੰ ਉਤਸਾਹਤ ਕੀਤਾ ਜਾਂਦਾ ਹੈ ਕਿ ਉਹ ਡੌਕਟਰ ਨੂੰ ਮਿਲਣ ਦਾ ਸਮਾਂ ਸਕੂਲ ਦੇ ਦੌਰਾਨ ਨਿਸ਼ਚਿਤ ਨਾ ਕਰਨ ਬਲਕਿ ਸਕੂਲ ਤੋਂ ਬਾਅਦ ਹੀ ਡੌਕਟਰ ਕੋਲ ਆਪਣੇ ਬੱਚੇ ਨੂੰ ਲਿਜਾਣ।

ਹਰੇਕ ਸਕੂਲੀ ਸਾਲ ਸ਼ੁਰੂ ਹੋਣ ਤੇ 7ਵੀਂ – 12ਵੀਂ ਗ੍ਰੇਡ ਦੇ ਸਾਰੇ ਵਿੱਦਿਆਰਥੀਆਂ ਦੇ ਮਾਪਿਆਂ/ਗਾਰਡੀਅਨਾ ਨੂੰ ਨੋਟਿਸ ਭੇਜਿਆ ਜਾਂਦਾ ਹੈ, ਇਹ ਜਾਣਕਾਰੀ ਦੇਣ ਲਈ ਕਿ ਜੇਕਰ ਵਿੱਦਿਆਰਥੀ ਮਾਪਿਆਂ/ਗਾਰਡੀਅਨ ਦੀ ਸਹਿਮਤੀ ਤੋਂ ਬਗੈਰ ਹੀ ਗੁਪਤ ਮੈਡੀਕਲ ਸੇਵਾਵਾਂ ਦੀ ਉਪਲਬਧੀ ਲਈ ਸਕੂਲ ਤੋਂ ਗੈਰਹਾਜ਼ਰ ਹੋਵੇਗਾ ਤਾਂ ਸਕੂਲ ਵਾਲੇ ਉਸਨੂੰ ਇਜਾਜ਼ਤ ਦੇ ਦੇਣਗੇ। (ਐਜੂਕੇਸ਼ਨ ਕੋਡ 46010.1)

ਕਿਸੇ ਮੈਡੀਕਲ ਐਮਰਜੈਂਸੀ ਤੋਂ ਬਿਨਾ, ਕਿੰਡਰਗਾਰਟਨ - 6ਵੀਂ ਦੇ ਵਿੱਦਿਆਰਥੀ ਮਾਪਿਆਂ/ਗਾਰਡੀਅਨਾ ਦੀ ਮਰਜ਼ੀ ਤੋਂ ਬਿਨਾ ਸਕੂਲ ਤੋਂ ਗੈਰਹਾਜ਼ਰ ਨਹੀਂ ਰਹਿ ਸਕਦੇ। ਕਿਸੇ ਮੈਡੀਕਲ ਐਮਰਜੈਂਸੀ ਤੋਂ ਬਿਨਾ ਅਤੇ ਕਿਸੇ ਗੁਪਤ ਮੈਡੀਕਲ ਅਪੁਆਂਇਟਮੈਂਟ ਤੋਂ ਬਿਨਾ, 7ਵੀਂ – 12ਵੀਂ ਦੇ ਵਿੱਦਿਆਰਥੀ ਮਾਪਿਆਂ/ਗਾਰਡੀਅਨਾ ਦੀ ਮਰਜ਼ੀ ਤੋਂ ਬਿਨਾ ਸਕੂਲ ਤੋਂ ਗੈਰਹਾਜ਼ਰ ਨਹੀਂ ਰਹਿ ਸਕਦੇ।

ਵਿੱਦਿਆਰਥੀ ਵਲੋਂ ਧਾਰਮਿਕ ਸਿਖਲਾਈ ਪ੍ਰਾਪਤ ਕਰਨ ਜਾਂ ਧਾਰਮਿਕ ਸੈਰਮਨੀ ਵਿੱਚ ਹਿੱਸਾ ਲੈਣ ਲਈ ਬੋਰਡ ਵਾਲੇ ਉਸ ਨੂੰ ਸਕੂਲ ਤੋਂ ਬਾਹਰ ਜਾਣ ਦੀ ਇਜਾਜ਼ਤ ਦੇਣਗੇ। ਇਹ ਗੈਰਹਾਜ਼ਰੀਆਂ ਪਰਬੰਧਕੀ ਨਿਯਮਾਂ ਦੇ ਤਹਿਤ ਵਾਜਬ ਸਮਝੀਆਂ ਜਾਣ ਗੀਆਂ। (ਐਜੂਕੇਸ਼ਨ ਕੋਡ 46014)

ਬੋਰਡ ਪਾਲਸੀ ਦੇ ਅਨੁਸਾਰ ਵਿੱਦਿਆਰਥੀ ਨੂੰ ਹਦੋਂ ਵੱਧ ਗੈਰਹਾਜ਼ਰੀਆਂ ਕਾਰਣ ਗ੍ਰੇਡਾਂ ਤੇ ਮਾੜਾ ਅਸਰ ਪੈ ਸਕਦਾ ਹੈ।

**18 ਸਾਲ ਦੀ ਉੱਮਰ ਤੋਂ ਜਿਆਦਾ ਵਿੱਦਿਆਰਥੀਆਂ ਦੀ ਗੈਰਹਾਜ਼ਰੀ ਦੀ ਤਸਦੀਕ**
ਸਕੂਲ ਵਿੱਚੋਂ ਕਿਦੇ ਕਾਰਨ ਕਰਕੇ ਵੀ ਗੈਰਹਾਜ਼ਰ ਰਹਿਣ ਵਾਲਾ 18 ਸਾਲ ਦੀ ਉੱਮਰ ਤੋਂ ਜਿਆਦਾ ਵਾਲਾ ਵਿੱਦਿਆਰਥੀ ਅਆਪਣੀ ਗੈਰਹਾਜ਼ਰੀ ਲਈ ਆਪ ਜਿੰਮੇਵਾਰ ਹੈ, ਬਿਲਕੁਲ ਉਸੇ ਤਰਾਂ ਜਿਵੇਂ ਇੱਕ ਨਾਬਾਲਗ ਵਿੱਦਿਆਰਥੀ ਦੀ ਕਿਸੇ ਗੈਰਹਾਜ਼ਰੀ ਲਈ ਮਅਪੇ/ਗਾਰਡੀਅਨ ਜਿੰਮੇਵਾਰ ਹਨ।

**ਟਰੁਐਂਸੀ (ਸਕੂਲ ਜਾਂ ਕਲਾਸ ਰੂਮ ਵਿੱਚ ਦੇਰ ਨਾਲ ਆਉਣਾ) (ਭਗੋੜੇ ਹੋਣਾ) (ਏ ਆਰ 5113.1 ਦੇ ਤਹਿਤ- 27 ਜਨਵਰੀ, 2009 ਨੂੰ ਰਿਵਾਈਜ਼ ਕੀਤਾ ਗਿਆ)**
ਜੇਕਰ ਛੋਟੀ ਉਮਰ ਦਾ ਵਿੱਦਿਆਰਥੀ ਸਕੂਲ ਲਗੇ ਦੌਰਾਨ ਅਪਣੇ ਘਰੋਂ ਬਾਹਰ ਹੈ, ਜਾਂ ਬਗੈਰ ਕਿਸੀ ਵਜਹ ਤੋਂ ਸਕੂਲੋਂ ਗੈਰਹਾਜ਼ਰ ਹੈ ਤਾਂ ਅਟੈਂਡੈਂਸ(ਹਾਜ਼ਰੀ) ਸੁਪਰਵਾਈਜ਼ਰ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, ਪੀਸ ਅਫਸਰ, ਜਾਂ ਸਕੂਲ ਪ੍ਰਬੰਧਕ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, ਉਸਨੂੰ ਗਿਰਫਤਾਰ ਕਰ ਸਕਦੇ ਹਨ ਜਾਂ ਉਸਨੂੰ ਕੁਝ ਦੇਰ ਲਈ ਅਪਣੇ ਕਬਜ਼ੇ ਵਿੱਵ ਰਖ ਸਕਦੇ ਹਨ। ਜਿਹੜੀ ਸ਼ਖਸੀਅਤ ਬੱਚੇ ਨੂੰ ਗਿਰਫਤਾਰ ਕਰਦੀ ਹੈ ਜਾਂ ਥੋੜੇ ਸਮੇਂ ਲਈ ਅਪਣੇ ਕਬਜ਼ੇ ਵਿੱਚ ਰਖਦੀ ਹੈ ਐਜੂਕੇਸ਼ਨ ਕੋਡ 48265 ਅਤੇ 48266 ਦੇ ਅਨੁਸਾਰ ਉਹੀ ਉਸ ਬੱਚੇ ਬਾਰੇ ਜਾਣਕਾਰੀ ਦੇਣ ਅਤੇ ਉਸਨੂੰ ਹਵਾਲੇ ਕਰਨ।

ਜੇਕਰ ਕੋਈ ਸ਼ਖਸ ਸ਼ਿਕਾਇਤ ਕਰਦਾ ਹੈ ਕਿ ਮਾਪਿਆਂ/ਗਾਰਡੀਅਨ ਨੇ ਐਜੂਕੇਸ਼ਨ ਕੋਡ 48200-48341 ਵਿੱਚ ਲਿਖੇ ਸਿਖਿਅਕ ਕਨੂੰਨ, ਹਰੇਕ ਬੱਚੇ ਲਈ ਸ਼ਿਕਸ਼ਾ ਲਾਜ਼ਮੀ ਹੈ, ਦੀ ਉਲੰਘਣਾ ਕੀਤੀ ਹੈ, ਤਾਂ ਗਵਰਨਿੰਗ ਬੋਰਡ, ਜਾਂ ਡਿਸਟ੍ਰਿਕ ਅਟੈਂਡੈਂਸ ਅਫਸਰ ਉਸ ਮਾਪੇ ਦੇ ਸਾਰੇ ਦੋਸ਼ਾਂ ਬਾਰੇ ਪੂਰੀ ਤਰ੍ਹਾਂ ਨਿਰਪਖ ਛਾਣ-ਬੀਣ ਕਰਨਗੇ। ਅਗਰ ਛਾਣ-ਬੀਣ ਤੋਂ ਬਾਅਦ ਪਤਾ ਲਗੇ ਕਿ ਮਾਪੇ ਜਾਂ ਗਾਰਡੀਅਨ ਨੇ ਸਿਖਿਅਕ ਕਨੂੰਨਾਂ ਦੀ ਉਲੰਘਨਾ ਕੀਤੀ ਹੈ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਉਸ ਮਾਪੇ ਜਾਂ ਗਾਰਡੀਅਨ ਨੂੰ ਸਕੂਲ ਅਟੈਂਡੈਂਸ ਰਿਵਿਉ ਬੋਰਡ ਕੋਲ ਭੇਜਣਗੇ।(ਐਜੂਕੇਸ਼ਨ ਕੋਡ 48290, 48291, 48292)

**ਟਰੁਐਂਸੀ ਨੂੰ ਸੰਬੋਧਨ ਕਰਨ ਸਬੰਧੀ ਕਾਰਵਾਈਆਂ**

ਵਿੱਦਿਆਰਥੀ ਵਲੋਂ ਕੀਤੀਆਂ ਗਈਆਂ ਟਰੂਐਂਸੀਆਂ ਦੀ ਗਿਨਤੀ ਦੇ ਅਧਾਰ ਤੇ ਹੇਠ ਲਿਖੇ ਸਟੈਪ ਲਾਗੂ ਕੀਤੇ ਜਾਣਗੇ:

1. ਪੂਰੇ ਸਕੂਲ ਸਾਲ ਦੌਰਾਨ ਜੇਕਰ ਇੱਕ ਵਿੱਦਿਆਰਥੀ ਬਗੈਰ ਵਜਹ ਤੋਂ ਪੂਰੇ ਤਿੰਨ ਦਿਨਾਂ ਲਈ ਸਕੂਲ ਤੋਂ ਗੈਰ ਹਾਜ਼ਰ ਰਹੇ , ਤਾਂ ਉਸਨੂੰ ਟਰੈਐਂਟ ਕਰਾਰ ਦਿਤਾ ਜਾਵੇਗਾ ਇਸ ਤੋਂ ਇਲਾਵਾ ਇਹ ਵੀ ਸ਼ਾਮਿਲ ਹਨ: ਸਕੂਲ ਦਿਨ ਦੌਰਾਨ 30 ਮਿੰਟਾਂ ਦੇ ਪੀਰਿਅਡ ਚੋਂ ਬਗੈਰ ਵਜਹ ਗੈਰਹਾਜ਼ਰ ਰਹਿਣਾ ਜਾਂ ਟਾਰਡੀ(ਦੇਰ ਨਾਲ) ਹੋਣਾ, ਜਾਂ ਦੋਨੋਂ ਗਲਾਂ, ਜਾਂ ਇਕ

   ਸਕੂਲ ਸਾਲ ਦੌਰਾਨ ਤਿੰਨ ਮੌਕਿਆਂ ਤੇ ਬਗੈਰ ਵਜਹ ਗੈਰ ਹਾਜ਼ਰ ਰਹਿਣਾ, ਜਾਂ ਇਹ ਸਾਰੇ ਇਕੱਠੇ ਹੋਣ। ਇਨ੍ਹਾਂ ਵਿੱਦਿਆਰਥੀਆਂ ਬਾਰੇ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਰਿਪੋਰਟ ਕੀਤਾ ਜਾਵੇ। (ਐਜੂਕੇਸ਼ਨ ਕੋਡ 48260)

ਜਿਸ ਵਿੱਦਿਆਰਥੀ ਨੂੰ ਟਰੂਐਂਟ ਕਰਾਰ ਦਿਤਾ ਗਿਆ ਹੇ ਉਸਦੇ ਮਾਪਿਆਂ ਜਾਂ ਗਾਰਡੀਅਨ ਨੂੰ ਹੇਠ ਲਿਖੀ ਜਾਣਕਾਰੀ ਭੇਜੀ ਜਾਣੀ ਚਾਹੀਦੀ ਹੈ: (ਐਜੂਕੇਸ਼ਨ ਕੋਡ 48260 .5)

- ਵਿੱਦਿਆਰਥੀ ਟਰੂਐਂਟ ਹੈ।
- ਵਿੱਦਿਆਰਥੀ ਨੂੰ ਸਕੂਲ ਭੇਜਣ ਲਈ ਮਾਪੇ ਜਾਂ ਗਾਰਡੀਅਨ ਉਸਤੇ ਜ਼ੋਰ ਪਾਉਣ।
- ਜਿਹੜੇ ਮਾਪੇ ਇਸ ਡਿਯੂਟੀ ਨੂੰ ਪੂਰਾ ਨਹੀਂ ਕਰਦੇ ਹਨ ਉਹ ਕਨੂੰਨੀ ਤੌਰ ਤੇ ਉਲੰਘਣ ਹੋਣ ਕਾਰਣ ਕਸੂਰਵਾਰ ਹਨ ਅਤੇ ਐਜੂਕੇਸ਼ਨ ਕੋਡ 48290-48296 ਦੇ ਅਨੁਸਾਰ ਉਨ੍ਹਾਂ ਦੇ ਬਰਖਲਾਫ ਕਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।
- ਡਿਸਟ੍ਰਿਕ ਵਿੱਚ ਸਿਖਿਆ ਦੇ ਆਲਟਰਨੇਟਿਵ ਪ੍ਰੋਗਰਾਮ ਉਪਲਬਧ ਹਨ।
- ਮਾਪਿਆਂ ਨੂੰ ਅਪਣੇ ਬੱਚੇ ਦੀ ਟਰੂਐਂਸੀ(ਭਗੌੜਪਨ) ਬਾਰੇ ਸਕੂਲ ਦੇ ਸਹੀ ਕਰਮਚਾਰੀ ਨਾਲ ਗਲਬਾਤ ਕਰਕੇ ਉਸਦਾ ਹੱਲ ਲਭਣ ਦਾ ਹੱਕ ਹੈ।
- ਜੇਕਰ ਇੱਕ ਬੱਚਾ ਬਗੈਰ ਕਿਸੀ ਵਜਹ ਦੇ ਸਕੂਲ ਲਗੇ ਦੌਰਾਨ ਅਪਣੇ ਘਰੋਂ ਬਾਹਰ ਜਾਂ ਸਕੂਲੋਂ ਗੈਰਹਾਜ਼ਰ ਪਾਇਆ ਜਾਵੇ ਤਾਂ ਐਜੂਕੇਸ਼ਨ ਕੋਡ 48264 ਤਹਿਤ ਪ੍ਰੋਬੇਸ਼ਨ ਅਫਸਰ, ਜਾਂ ਪੀਸ ਅਫਸਰ, ਸਕੂਲ ਦੇ ਪ੍ਰਬੰਧਕ, ਅਟੈਂਡੈਂਸ(ਹਾਜ਼ਰੀ) ਸੁਪਰਵਾਈਜ਼ਰ, ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਉਸਨੂੰ ਗਿਰਫਤਾਰ ਕਰ ਸਕਦੀ ਹੈ।
- ਵੈਹੀਕੱਲ ਕੋਡ 13202.7 ਦੇ ਅਨੁਸਾਰ ਵਿੱਦਿਆਰਥੀ ਦੀ ਡਰਾਈਵ ਕਰਨ ਦੀ ਸਹੂਲਤ ਵਾਸਤੇ ਦੇਰੀ ਜਾਂ ਬੰਦਸ਼ ਵੀ ਲਗਾਈ ਜਾ ਸਕਦੀ ਹੈ, ਇਸ ਤੋਂ ਇਲਾਵਾ ਵਿੱਦਿਆਰਥੀ ਮੁਅਤਲ ਵੀ ਕੀਤਾ ਜਾ ਸਕਦਾ ਹੈ।
- ਮਾਪਿਆਂ ਅਤੇ ਗਾਰਡੀਅਨ ਨੂੰ ਸੁਝਾਉ ਦਿਤਾ ਜਾਂਦਾ ਹੈ ਕਿ ਅਪਣੇ ਬੱਚੇ ਦੇ ਨਾਲ ਸਕੂਲ ਜਾਣ ਅਤੇ ਇਕ ਦਿਨ ਲਈ ਉਸਦੀ ਕਲਾਸ ਵਿੱਚ ਹਾਜ਼ਰੀ ਭਰਣ।

ਪਹਿਲੀ ਟਰੂਐਂਸੀ ਲਈ, ਵਿੱਦਿਆਰਥੀ ਨੂੰ ਪੀਸ ਅਫਸਰ ਲਿਖਤੀ ਚੇਤਾਵਨੀ ਦਿੰਦੇ ਹਨ। ਇਸ ਚੇਤਾਵਨੀ ਦਾ ਰਿਕੌਰਡ ਸਕੂਲ ਵਿੱਚ ਰਖਿਆ ਜਾਣਾ ਚਾਹੀਦਾ ਹੈ ਪਰ ਦੋ ਸਾਲਾਂ ਤੋਂ ਘਟ ਸਮੇਂ ਲਈ ਨਹੀਂ, ਜਾਂ ਜਦ ਤੱਕ ਵਿੱਦਿਆਰਥੀ ਗ੍ਰੈਜੂਏਟ ਨਹੀਂ ਹੋ ਜਾਂਦਾ, ਜਾਂ ਸਕੂਲ ਚੋਂ ਤਬਦੀਲ ਹੋਕੇ ਦੂਜੇ ਸਕੂਲ ਵਿੱਚ ਨਹੀਂ ਜਾਂਦਾ। ਟਰੂਐਂਟ(ਭਗੌੜਾ) ਹੋਣ ਤੇ ਪੀਸ ਅਫਸਰ ਵਿੱਦਿਆਰਥੀ ਨੂੰ ਲਿਖਤੀ ਚੇਤਾਵਨੀ ਦਿੰਦੇ ਹਨ। ਏਸ ਲਿਖਤੀ ਚੇਤਾਵਨੀ ਦੇ ਰਿਕੌਰਡ ਸਕੂਲ ਵਿੱਚ ਘਟ ਤੋਂ ਘਟ ਦੋ ਸਾਲਾਂ ਲਈ ਰਖੇ ਜਾਂਦੇ ਹਨ, ਜਾਂ ਵਿਦਿਆਰਥੀ ਦੀ ਗ੍ਰੈਜੂਏਸਨ ਤੱਕ, ਜਾਂ ਜਦੋਂ ਵਿੱਦਿਆਰਥੀ ਸਕੂਲੋਂ ਤਬਦੀਲੀ ਕਰਵਾ ਲੈਂਦੇ ਹਨ। ਜੇ ਵਿੱਦਿਆਰਥੀ ਤਬਦੀਲੀ ਕਰਵਾ ਲੈਂਦਾ ਹੈ ਤਾਂ ਉਸਦੇ ਰਿਕੌਰਡ ਉਸਦੇ ਨਵੇਂ ਸਕੂਲ ਨੂੰ ਭੇਜ ਦਿਤੇ ਜਾਂਦੇ ਹਨ। (ਐਜੂਕੇਸ਼ਨ ਕੋਡ 48264 .5)

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਡਿਸਟ੍ਰਿਕ ਅਟੱਰਨੀ ਜਾਂ ਪ੍ਰੋਬੇਸ਼ਨ ਅਫਸਰ ਨ ਹਰ ਉਸ ਵਿੱਦਿਆਰਥੀ ਦਾ ਨਾਂ ਦਸਣਗੇ ਜਿਸਨੂੰ ਭਗੌੜਾ ਹੋਣ ਦਾ ਦਰਜਾ ਮਿਲਿਆ ਹੈ, ਅਤੇ ਇਸਦੇ ਨਾਲ-ਨਾਲ ਉਸ ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨਾਂ ਦੇ ਨਾਂ ਅਤੇ ਪਤੇ ਵੀ ਦਸਣਗੇ। (ਐਜੂਕੇਸ਼ਨ ਕੋਡ 48260 .6)

ਪਹਿਲੀ ਵਾਰ ਭਗੌੜਾ(ਟਰੂਐਂਟ) ਹੋਣ ਤੇ ਵਿੱਦਿਆਰਥੀ ਨੂੰ ਅਪਣੀਆਂ ਮਿਸ ਕੀਤੀਆਂ ਕਲਾਸਾਂ ਦਾ ਕੰਮ ਪੂਰਾ ਕਰਨ ਲਈ ਐਜੂਕੇਸ਼ਨ ਕੋਡ 37223, ਦੇ ਤਹਿਤ ਇਕ ਵੀਕਐਂਡ ਨੂੰ ਇਕ ਦਿਨ ਦੀ ਕਲਾਸ ਪ੍ਰਦਾਨ ਕੀਤੀ ਜਾਵੇਗੀ। ਜਿਸ ਵਿੱਚ ਉਸਦੀ ਹਾਜ਼ਰੀ ਲਾਜ਼ਮੀ ਹੈ।(ਐਜੂਕੇਸ਼ਨ ਕੋਡ 48264 .5)

2. ਹਰੇਕ ਵਿੱਦਿਆਰਥੀ ਜਿਸ ਨੂੰ ਇਕ ਵਾਰੀ ਟਰੂਐਂਟ ਹੋਣ ਦਾ ਦਰਜਾ ਮਿਲਿਆ ਹੈ, ਜੇ ਉਹ ਦੂਜੀ ਵਾਰ ਫੇਰ ਸਕੂਲੋਂ ਬਗੈਰ ਕਿਸੀ ਕਾਰਣ ਦੇ ਇਕ ਜਾਂ ਇਕ ਤੋਂ ਵੱਧ ਦਿਨਾਂ ਲਈ ਗੈਰਹਾਜ਼ਰ ਰਹਿੰਦਾ ਰਹਿੰਦੀ ਹੈ ਜਾਂ ਸਕੂਲ ਦੇਰ ਨਾਲ ਆਉਂਦਾ/ਆਉਂਦੀ ਹੈ ਜਾਂ ਆਪਣੀ ਕਲਾਸ ਵਿੱਚ ਦੇਰ ਨਾਲ ਜਾਂਦਾ/ਜਾਂਦੀ ਹੈ ਤਾਂ ਉਸਦੇ ਟਰੂਐਂਟ ਹੋਣ ਬਾਰੇ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਦੀਸਆ ਜਾਵੇ।(ਐਜੂਕੇਸ਼ਨ ਕੋਡ 48261)

   ਸਕੂਲੀ ਸਾਲ ਦੌਰਾਨ ਦੂਜੀ ਵਾਰ ਟਰੂਐਂਟ ਹੋਣ ਤੇ ਵਿੱਦਿਆਰਥੀ ਨੂੰ ਕਉਂਟੀ ਦੇ ਵਿੱਚ ਹੀ ਸਕੂਲ ਤੋਂ ਬਾਅਦ ਜਾਂ ਵੀਕਐਂਡ(ਸ਼ਨੀਚਰਵਾਰ) ਸਟੱਡੀ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਕਿਹਾ ਜਾਂਦਾ ਹੈ। ਜੇਕਰ ਵਿੱਦਿਆਰਥੀ ਅਪਣਾ ਸਟੱਡੀ ਪ੍ਰੋਗਰਾਮ ਪੂਰਾ ਕਰਨ ਵਿੱਚ ਕਾਮਯਾਬ ਨਾ ਹੋਵੇ ਤਾਂ ਉਸਨੂੰ ਹੇਠ ਲਿਖੇ ਤੀਜੇ ਨੰਬਰ ਦਾ ਸਾਮ੍ਹਣਾ ਕਰਨਾ ਪਵੇਗਾ।(ਐਜੂਕੇਸ਼ਨ ਕੋਡ 48264 .5)

   ਇਸ ਤੋਂ ਇਲਾਵਾ, ਡਿਸਟ੍ਰਿਕ ਦਾ ਢੁੱਕਵਾਂ ਸਟਾਫ ਮੈਂਬਰ ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨ ਨਾਲ ਘਟ ਤੋਂ ਘਟ ਇਕ ਕੌਨਫਰੈਂਸ ਕਰਨ ਦੀ ਪੂਰੀ ਕੋਸ਼ਿਸ਼ ਕਰੇ ਅਤੇ ਸਕੂਲ ਵਿੱਚ ਹਾਜ਼ਰੀ ਲਗਾਤਾਰ ਬਰਕਰਾਰ ਰਖਣ ਸਬੰਧੀ ਦੂਜੇ ਸਾਧਨਾਂ ਬਾਰੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰੇ।

   ਜੇ ਵਿੱਦਿਆਰਥੀ ਨੂੰ ਲਗਾਤਾਰ ਟਰੂਐਂਟ ਹੋਣ ਦਾ ਦਰਜਾ ਮਿਲਦਾ ਰਹਿੰਦਾ ਹੈ, ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਡਿਸਟ੍ਰਿਕ ਅਟੱਰਨੀ /ਪ੍ਰੋਬੇਸ਼ਨ ਅਫਸਰ ਨੂੰ ਸੂਚਨਾ ਦੇਣ, ਜਦ ਕਿ ਉਸਦੇ ਮਾਪਿਆਂ ਨੂੰ ਉਪਰ ਲਿਖੇ 1ਨੰਬਰ ਦੇ ਏ-ਏਚ ਅਨੁਸਾਰ ਸੂਚਨਾ ਵੀ ਭੇਜੀ ਗਈ ਸੀ। (ਐਜੂਕੇਸ਼ਨ ਕੋਡ 48260 .6)

3. ਇਕ ਵਿੱਦਿਆਰਥੀ ਜੋ ਇਕੋ ਸਕੂਲੀ ਸਾਲ ਦੌਰਾਨ ਤੀਜੀ ਵਾਰ ਟਰੂਐਂਟ ਹੋਵੇ ਤਾਂ ਉਸਨੂੰ ਪੱਕਾ ਟਰੂਐਂਟ ਹੋਣ ਦਾ ਦਰਜਾ ਦਿੱਤਾ ਜਾਂਦਾ ਹੈ। (ਐਜੂਕੇਸ਼ਨ ਕੋਡ 48262 ਅਤੇ 48264 .5)

   ਜਿਹੜੇ ਵਿੱਦਿਆਰਥੀ ਪੱਕੇ ਦਰਜੇ ਦੇ ਟਰੂਐਂਟ ਹਨ, ਜਿਨ੍ਹਾਂ ਦੀ ਸਕੂਲੀ ਹਾਜ਼ਰੀ ਉਘੜ-ਦੁਘੜੀ ਹੈ, ਜਾਂ ਹਮੇਸ਼ਾ ਕਹਿਣਾ ਨਹੀਂ ਮਨਦੇ, ਜਾਂ ਸਕੂਲ ਵਿੱਚ ਅਪਣੀ ਹਾਜ਼ਰੀ ਲਗਾਤਾਰ ਬਰਕਰਾਰ ਨਹੀਂ ਰਖਦੇ, ਤਾਂ ਉਨ੍ਹਾਂ ਨੂੰ ਰਿਫੱਰ(ਮਸ਼ਵਰਾ) ਕੀਤਾ ਜਾਵੇ ਅਤੇ ਉਨ੍ਹਾਂ ਨੂੰ ਹਾਜ਼ਰੀ ਨਾਲ ਸਬੰਧਿਤ ਬੋਰਡ (ਸਟੂਡੈਂਟ ਅਟੈਂਡੈਂਸ ਰਿਵਿਉ ਬੋਰਡ) ਦੇ ਸਾਮ੍ਹਣੇ ਪੇਸ਼ ਹੋਣਾ ਪਵੇਗਾ, ਪ੍ਰੋਬੇਸ਼ਨ ਅਫਸਰ ਜਾਂ ਡਿਸਟ੍ਰਿਕ ਅਟੱਰਨੀ ਵਲੋਂ ਨਿਸ਼ਚਿਤ ਟਰੂਐਂਸੀ ਮੀਡੀਏਸ਼ਨ ਡਿਪਾਰਟਮੈਂਟ, ਜਾਂ ਉਸਦੀ ਬਜਾਏ ਦੂਜੇ ਪ੍ਰੋਗਰਾਮ, ਜਿਸ ਨੂੰ ਡਿਸਟ੍ਰਿਕ ਅਟੈਂਡੈਂਸ ਸੁਪਰਵਾਈਜ਼ਰ ਵਲੋਂ ਮਨਜ਼ੂਰੀ ਮਿਲੀ ਹੋਈ ਹੈ, ਵਿੱਚ ਹਿੱਸਾ ਲੈਣ ਲਈ ਕਿਹਾ ਜਾਵੇਗਾ।(ਐਜੂਕੇਸ਼ਨ ਕੋਡ 48262 ਅਤੇ 48264 .5)

ਸਕੂਲੀ ਹਾਜ਼ਰੀ ਨਾਲ ਸਬੰਧਿਤ ਰਿਵਿਊ ਬੋਰਡ ਜਾਂ ਪ੍ਰੋਬੇਸ਼ਨ ਡਿਪਾਰਟਮੈਂਟ ਨੂੰ ਰਿਫਰ ਕਰਨ ਤੋਂ ਬਾਅਦ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਵਿੱਦਿਆਰਥੀ ਅਤੇ ਉਸਦੇ ਮਾਪੇ ਜਾਂ ਗਾਰਡੀਅਨ ਨੂੰ ਸਕੂਲ ਦੇ ਹਾਜ਼ਰੀ ਨਾਲ ਸਬੰਧਿਤ ਰਿਵਿਊ ਬੋਰਡ ਅਤੇ ਪ੍ਰੋਬੇਸ਼ਨ ਡਿਪਾਰਟਮੈਂਟ ਦਾ ਪਤਾ ਅਤੇ ਰਿਫਰ ਕਰਨ ਦੀ ਵਜਹ ਬਾਰੇ ਲਿਖਤੀ ਜਾਣਕਾਰੀ ਦੇਵੇ। ਇਸ ਨੋਟਿਸ ਵਿੱਚ ਇਹ ਵੀ ਦੀਸਆ ਜਾਵੇ ਕਿ ਇਸ ਸਿਫਾਰਸ਼ ਦਾ ਸਹੀ ਅਤੇ ਨਿਰਪਖ ਨਿਬੇੜਾ ਕਰਨ ਲਈ ਸਕੂਲੀ ਹਾਜ਼ਰੀ ਸਬੰਧਿਤ ਰਿਵਿਊ ਬੋਰਡ ਜਾਂ ਪ੍ਰੋਬੇਸ਼ਨ ਅਫਸਰ ਨੂੰ ਮਿਲਣ ਲਈ ਰਿਫਰ ਕਰਨ ਵਾਲੇ ਡਿਸਟ੍ਰਿਕ ਸਟਾਫ ਮੈਂਬਰ ਦੇ ਨਾਲ-ਨਾਲ ਵਿੱਦਿਆਰਥੀ ਅਤੇ ਉਸਦੇ ਮਾਪਿਆਂ ਜਾਂ ਗਾਰਡੀਅਨ ਦੀ ਹਾਜ਼ਰੀ ਵੀ ਜ਼ਰੂਰੀ ਹੈ। (ਐਜੂਕੇਸ਼ਨ ਕੋਡ 48263)

ਜੇਕਰ ਕਿਸੀ ਵਜਹ ਕਰਕੇ ਵਿੱਦਿਆਰਥੀ ਟਰੁਐਂਸੀ ਮੀਡੀਏਸ਼ਨ ਪ੍ਰੋਗਰਾਮ ਜਾਂ ਉਸ ਦੇ ਨਾਲ ਮਿਲਦੇ-ਜੁਲਦੇ ਪ੍ਰੋਗਰਾਮ ਨੂੰ ਕਾਮਯਾਬੀ ਨਾਲ ਪੂਰਾ ਨਹੀਂ ਕਰਦਾ ਤਾਂ ਉਸਦੇ ਨਾਲ ਜੋ ਵਰਤਾਉ ਕੀਤਾ ਜਾਵੇਗਾ ਹੇਠਾਂ ਲਿਖੇ ਚੌਥੇ ਨੰਬਰ ਦੇ ਮੁਤਾਬਕ ਹੋਵੇਗਾ।(ਐਜੂਕੇਸ਼ਨ ਕੋਡ 48264 .5)

4. ਇਕੋ ਸਕੂਲੀ ਸਾਲ ਦੌਰਾਨ ਚੌਥੀ ਵਾਰ ਟਰੂਐਂਟ ਹੋਣ ਤੇ ਵਿੱਦਿਆਰਥੀ ਜੁਵੇਨਾਇਲ ਕੋਰਟ ਦੇ ਅਖਤਿਆਰ ਹੇਠ ਹੋਵੇਗਾ/ਹੋਵੇਗੀ। (ਐਜੂਕੇਸ਼ਨ ਕੋਡ 48264 .5; ਵੈਲਫੇਅਰ ਅਤੇ ਇਨਸਟੀਚਯੂਸ਼ਨਜ਼ ਕੋਡ 601)

ਜੇਕਰ ਜੁਵੇਨਾਇਲ ਕੋਰਟ ਵਿੱਦਿਆਰਥੀ ਨੂੰ ਦਸਤੂਰੀ ਟਰੁਐਂਟ ਹੋਣ ਦਾ ਕਰਾਰ ਦਿੰਦਾ ਹੈ, ਅਤੇ ਉਹ ਵਿੱਦਿਆਰਥੀ ਉਸੀ ਸਕੂਲ ਸਾਲ ਜਾਂ ਉਸ ਤੋਂ ਬਾਅਦ ਦੇ ਸਕੂਲੀ ਸਾਲ ਦੌਰਾਨ ਇੱਕ ਜਾਂ ਇਕ ਤੋਂ ਵੱਧ ਦਿਨ ਬਗੈਰ ਕਿਸੀ ਕਾਰਣ ਤੋਂ ਟਰੁਐਂਟ ਰਹੇ ਜਾਂ ਟਾਰਡੀ ਹੋਵੇ ਜਾਂ ਜਾਣਬੁਝਕੇ ਹੁਕੱਮਅਦੂਲੀ ਕਰੇ ਜਾਂ ਸਕੂਲ ਵਿੱਚ ਬੇਤਰਤੀਬੇ ਢੰਗ ਨਾਲ ਰਹੇ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਜੁਵੇਨਾਈਲ ਕੋਰਟ ਅਤੇ ਜਾਂ ਪਰੋਲ ਅਫਸਰ ਨੂੰ ਇਸਦੇ ਬਾਰੇ ਜਾਣਕਾਰੀ ਦੇਣਗੇ। ਉਲੰਘਣਾ ਕਰਨ ਬਾਰੇ ਦਸ ਦਿਨਾਂ ਦੇ ਵਿੱਚ-ਵਿੱਚ ਜੁਵੇਨਾਇਲ ਕੋਰਟ ਜਾਂ ਪ੍ਰੋਬੇਸ਼ਨ ਅਫਸਰ ਜਾਂ ਪਰੋਲ ਅਫਸਰ ਨੂੰ ਇਤਲਾਹ ਦਿਤੀ ਜਾਣੀ ਚਾਹੀਦੀ ਹੈ। (ਐਜੂਕੇਸ਼ਨ ਕੋਡ 48267)

**ਰਿਪੋਰਟਾਂ**

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਸਾਰੀ ਜਾਣਕਾਰੀ ਇਕੱਠੀ ਕਰਕੇ ਸਕੂਲਾਂ ਦੇ ਕਉਂਟੀ ਸੁਪਰਿਨਟੈਂਡੈਂਟ ਨੂੰ ਦੇਣਗੇ। ਉਹ ਸਟੂਡੈਂਟ ਅਟੈਂਡੈਂਸ ਰਿਵਿਊ ਬੋਰਡ ਨੂੰ ਕੀਤੇ ਗਏ ਰਿਫਰਲਾਂ ਦੀ ਗਿਣਤੀ ਅਤੇ ਵਜਹ ਬਾਰੇ ਦਸਣਗੇ, ਅਤੇ ਇਸਤੋਂ ਇਲਾਵਾ ਜਿਨੀਂ ਵਾਰ ਉਨ੍ਹਾਂ ਨੇ ਜੁਵੇਨਾਈਲ ਕੋਰਟ ਨੂੰ ਅਰਜ਼ੀਆਂ ਦਿਤੀਆਂ ਹਨ ਉਨ੍ਹਾਂ ਦੇ ਵਾਰੇ ਵੀ ਦਸਣਗੇ। (ਐਜੂਕੇਸ਼ਨ ਕੋਡ 48273)

ਸਟੂਡੈਂਟ ਅਟੈਂਡੈਂਸ ਰਿਵਿਊ ਬੋਰਡ(ਵਿੱਦਿਆਰਥੀ ਦੀ ਹਾਜ਼ਰੀ ਤੇ ਵਿਚਾਰ ਕਰਨ ਵਾਲਾ ਬੋਰਡ)ਸਟੱਰ ਕਉਂਟੀ ਸੁਪਰਿਨਟੈਂਡੈਂਟ ਔਫ ਸਕੂਲਜ਼ ਦੇ ਹੇਠ ਹੈ। ਉਹਨਾਂ ਦਾ ਪਤਾ ਹੈ 970 ਕਲੈਮਥ ਲੇਨ, ਯੂਬਾ ਸਿਟੀ, ਕੈਲੀਫੋਰਨੀਆ 95993 – ਹੋਰ ਜਾਣਕਾਰੀ ਹਾਸਲ ਕਰਨ ਲਈ (530) 822- 2969 ਤੇ ਚੇਅਰ ਪਰਸਨ, ਸ਼੍ਰੀਮਤੀ ਗ੍ਰੇਸ ਐਸਪਿਨਡੋਲਾ ਨੂੰ ਫੋਨ ਕਰੋ।

**ਡਿਸਟ੍ਰਿਕ ਰੈਜ਼ੀਡੈਂਸੀ (ਰਿਹਾਈਸ਼ੀ ਡਿਸਟ੍ਰਿਕ) (ਏ ਆਰ 5111.1- 27 ਜਨਵਰੀ, 2009 ਨੂੰ ਰਿਵਿਊ ਕੀਤਾ ਗਿਆ)**

ਜੇ ਵਿੱਦਿਆਰਥੀ ਹੇਠ ਲਿਖੀਆਂ ਰਿਹਾਇਸ਼ੀ ਸ਼ਰਤਾਂ ਵਿਚੋਂ ਇਕ ਵੀ ਸ਼ਰਤ ਪੂਰੀ ਕਰੇ ਤਾਂ ਮਨਿਆ ਜਾਵੇਗਾ ਕਿ ਉਸਨੇ ਡਿਸਟ੍ਰਿਕ ਦੀਆਂ ਰਿਹਾਇਸ਼ੀ ਲੋੜਾਂ ਪੂਰੀਆਂ ਕਰ ਲਈਆਂ ਹਨ:

1. ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨਾਂ ਦੀ ਰਿਹਾਇਸ਼ ਡਿਸਟ੍ਰਿਕ ਦੀਆਂ ਹੱਦਾਂ ਦੇ ਅੰਦਰ ਹੈ।(ਐਜੂਕੇਸ਼ਨ ਕੋਡ 48200)

2. ਇੱਕ ਵਿੱਦਿਆਰਥੀ ਹੈ ਜੋ ਡਿਸਟ੍ਰਿਕ ਦੀਆਂ ਹੱਦਾਂ ਦੇ ਅੰਦਰ ਸਥਿਤ ਲਸੈਂਸ ਵਾਲੀ ਬੱਚਿਆਂ ਦੀ ਇਨਸਟੀਚਯੂਸ਼ਨ ਵਿੱਚ ਰਹਿੰਦਾ ਹੈ ਜਾਂ ਉਸਦੀ ਰਿਹਾਇਸ਼ ਲਸੈਂਸ ਵਾਲੇ ਫੌਸਟਰ ਹੋਮ ਵਿੱਚ ਹੈ , ਜਾਂ ਉਹ ਐਸੇ ਪਰਵਾਰ ਦੇ ਘਰ ਵਿੱਚ ਰਹਿ ਰਿਹਾ ਹੈ ਜਿਸ ਨੂੰ ਕੋਰਟ ਕੋਲੋਂ ਆਦੇਸ਼ ਮਿਲਿਆ ਹੈ, ਜਾਂ ਉਸਦੀ ਜੋ ਪਲੇਸਮੈਂਟ ਹੈ ਡਿਸਟ੍ਰਿਕ ਦੀ ਹੱਦ ਦੇ ਅੰਦਰ ਹੈ। (ਐਜੂਕੇਸ਼ਨ ਕੋਡ 48204)

3. ਵਿੱਦਿਆਰਥੀ ਨੂੰ ਡਿਸਟ੍ਰਿਕ ਦੇ ਇੰਟਰਡਿਸਟ੍ਰਿਕ ਅਟੈਂਡੈਂਸ ਪ੍ਰੋਗਰਾਮ ਰਾਹੀਂ ਦਾਖਲਾ ਮਿਲਿਆ ਹੈ।(ਐਜੂਕੇਸ਼ਨ ਕੋਡ 48204)

4. ਵਿੱਦਿਆਰਥੀ ਇੱਕ ਆਜ਼ਾਦ ਮਾਇਨਰ(18 ਸਾਲ ਤੋਂ ਘਟ ਉਮਰ ਵਾਲਾ ਬੱਚਾ) ਹੈ ਜੋ ਕਿ ਡਿਸਟ੍ਰਿਕ ਦੀਆਂ ਹੱਦਾਂ ਦੇ ਅੰਦਰ ਰਹਿੰਦਾ ਹੈ। (ਐਜੂਕੇਸ਼ਨ ਕੋਡ 48204)

5. ਵਿੱਦਿਆਰਥੀ, ਕੇਅਰਗਿਵਰ(ਦਖੇ-ਰੇਖ ਕਰਨ ਵਾਲੇ) ਬਾਲਗ ਨਾਲ ਰਹਿੰਦਾ ਹੈ ਅਤੇ ਉਨ੍ਹਾਂ ਦੀ ਰਿਹਾਇਸ਼ ਡਿਸਟ੍ਰਿਕ ਦੀਆਂ ਹੱਦਾਂ ਅੰਦਰ ਹੈ। (ਐਜੂਕੇਸ਼ਨ ਕੋਡ 48204)

6. ਵਿੱਦਿਆਰਥੀ ਜਿਸ ਸਟੇਟ ਹਸਪਤਾਲ ਵਿੱਚ ਦਾਖਲ ਹੈ ਉਹ ਡਿਸਟ੍ਰਿਕ ਦੀਆਂ ਹੱਦਾਂ ਦੇ ਅੰਦਰ ਹੈ। (ਐਜੂਕੇਸ਼ਨ ਕੋਡ 48204)

7. ਥੋੜੇ ਸਮੇਂ ਲਈ ਡਿਸਏਬਲ ਹੋਇਆ ਵਿੱਦਿਆਰਥੀ ਇਲਾਜ ਲਈ ਹਸਪਤਾਲ ਜਾਂ ਕਿਸੀ ਦੂਜੀ ਰਿਹਾਇਸ਼ੀ ਹੈਲਥ ਫਸਿਲਟੀ ਵਿੱਚ ਦਾਖਲ ਹੈ ਜੋ ਡਿਸਟ੍ਰਿਕ ਦੀ ਹੱਦਾਂ ਦੇ ਅੰਦਰ ਹੈ।(ਐਜੂਕੇਸ਼ਨ ਕੋਡ 48207)

ਰੀਜਨਲ ਔਕੂਪੇਸ਼ਨੱਲ ਸੈਂਟਰ ਜਾਂ ਪ੍ਰੋਗਰਾਮ ਦੀ ਕਲਾਸ ਵਿੱਚ ਦਾਖਲਾ ਲੈਣ ਲਈ ਡਿਸਟ੍ਰਿਕ ਦੀ ਰਿਹਾਇਸ਼ੀ ਸ਼ਰਤ ਲਾਗੂ ਨਹੀਂ ਹੁੰਦੀ ਜੇਕਰ ਉਸ ਕਲਾਸ ਜਾਂ ਪ੍ਰੋਗਰਾਮ ਵਿੱਚ ਜਗ੍ਹਾ ਖਾਲੀ ਹੈ।(ਐਜੂਕੇਸ਼ਨ ਕੋਡ 52317)

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਮਾਪਿਆਂ/ਗਾਰਡੀਅਨਾਂ ਨੂੰ ਹਰੇਕ ਸਾਲ ਡਿਸਟ੍ਰਿਕ ਦੀਆਂ ਮੌਜੂਦਾ ਹਾਜ਼ਰੀ ਸਬੰਧਿਤ ਔਪਸ਼ਨਾਂ ਬਾਰੇ ਸੂਚਨਾ ਭੇਜਣਗੇ, ਇਨ੍ਹਾਂ ਔਪਸ਼ਨਾਂ ਵਿੱਚ ਇਹ ਸੱਬ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ, ਸਕੂਲ ਵਿੱਚ ਦਾਖਲਾ ਲੈਣ ਵਾਲੀਆਂ ਸਾਰੀਆਂ ਰਿਹਾਇਸ਼ੀ ਸ਼ਰਤਾਂ ਦੀਆਂ ਔਪਸ਼ਨਾਂ। (ਐਜੂਕੇਸ਼ਨ ਕੋਡ 48980)

**ਰਿਹਾਇਸ਼ ਦਾ ਸਬੂਤ(ਪਰੂਫ ਔਫ ਰੈਜ਼ੀਡੈਂਸੀ)**
ਡਿਸਟ੍ਰਿਕ ਸਕੂਲ ਵਿੱਚ ਦਾਖਲਾ ਲੈਣ ਤੋਂ ਪਹਿਲੋਂ ਵਿੱਦਿਆਰਥੀ ਰਿਹਾਇਸ਼ੀ ਸਬੂਤ ਪੇਸ਼ ਕਰਨ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹਰੇਕ ਸਾਲ ਰਿਹਾਇਸ਼ੀ ਪ੍ਰਮਾਣ ਦੀ ਜਾਂਚ-ਪੜਤਾਲ ਕਰੇ, ਅਤੇ ਜੋ ਦਸਤਾਵੇਜ਼ ਰਿਹਾਇਸ਼ੀ ਪ੍ਰਮਾਣ ਦੇ ਤੌਰ ਤੇ ਮਿਲਣ ਉਨ੍ਹਾਂ ਦੀ ਲਿਖਤੀ ਕੌਪੀ ਵਿੱਦਿਆਰਥੀ ਦੇ ਪੱਕੇ ਰਿਕੌਰਡਾਂ ਵਿੱਚ ਰਖੀ ਜਾਵੇ। (5 ਸੀ ਸੀ ਆਰ 432)

ਇੱਕ ਵਿੱਦਿਆਰਥੀ ਜਿਸ ਦੇਖ-ਰੇਖ ਕਰਨ ਵਾਲੇ ਬਾਲਗ ਦੇ ਘਰ ਵਿੱਚ ਰਹਿ ਰਿਹਾ ਹੈ ਉਸਦੀ ਰਿਹਾਇਸ਼ ਡਿਸਟ੍ਰਿਕ ਦੀਆਂ ਹੱਦਬੰਦੀਆਂ ਦੇ ਅੰਦਰ ਹੈ। ਜਦੋਂ ਇਹ ਵਿੱਦਆਰਥੀ ਦਾਖਲਾ ਲੈਂਦਾ ਹੈ ਤਾਂ ਦੇਖ-ਰੇਖ ਕਰਨ ਵਾਲੇ ਫੈਮਲੀ ਕੋਡ(ਪਰਵਾਰਕ ਕੋਡ) (6552)ਵਿੱਚ ਦਸੇ ਹਲਫਨਾਮੇ ਦੇ ਕਨੂੰਨ ਦੀ ਪਾਲਣਾ ਕਰਨ ਅਤੇ ਝੂਠ ਬੋਲਣ ਤੇ ਸਜ਼ਾ ਦੇ ਹੱਕਦਾਰ ਹੋਣਗੇ।

ਰਿਹਾਇਸ਼ੀ ਸਬੂਤ ਕਾਫੀ ਹੱਦ ਤੱਕ ਹੇਠ ਲਿਖੇ ਦਸਤਾਵੇਜ਼ਾਂ ਰਾਹੀਂ ਸਥਾਪਤ ਕੀਤੇ ਜਾ ਸਕਦੇ ਹਨ ਜਿਸ ਵਿੱਚ ਇਹ ਸੱਭ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

1. ਪ੍ਰੌਪਰਟੀ ਟੈਕਸ ਦੇ ਭੁਗਤਾਨ ਦੀਆਂ ਰਸੀਦਾਂ।

2. ਕਿਰਾਏ ਦੇ ਭੁਗਤਾਨ ਦੀਆਂ ਰਸੀਦਾਂ।

3. ਯੁਟਿਲਟੀ ਜਿਸ ਤਰ੍ਹਾਂ ਕਿ ਬਿਜਲੀ, ਪਾਣੀ ਗਾਰਬੇਜ, ਆਦਿ ਦੇ ਭੁਗਤਾਨ ਦੀਆਂ ਰਸੀਦਾਂ।

4. ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨ ਵਲੋਂ ਪੇਸ਼ ਕੀਤੀ ਗਈ ਰਿਹਾਇਸ਼।

ਜੇਕਰ ਡਿਸਟ੍ਰਿਕ ਦੇ ਕਿਸੀ ਵੀ ਕਰਮਚਾਰੀ ਨੂੰ ਲਗੇ ਕਿ ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨ ਨੇ ਅਪਣੀ ਰਿਹਾਇਸ਼ੀ ਸਬੂਤ ਬਾਰੇ ਝੂਠੀ ਜਾਂ ਗਲਤ ਜਾਣਕਾਰੀ ਦਿੱਤੀ ਹੈ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ ਕਿ ਕੀ ਵਿੱਦਿਆਰਥੀ ਰਿਹਾਇਸ਼ੀ ਸ਼ਰਤਾਂ ਪੂਰੀਆਂ ਕਰਦਾ ਹੈ ਜਾਂ ਨਹੀਂ।

**ਸੇਫ ਐਟ ਹੋਮ ਪ੍ਰੋਗਰਾਮ**
ਸੇਫ ਐਟ ਹੋਮ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਾ ਵਿੱਦਆਰਥੀ ਜਾਂ ਮਾਪਾ/ਗਾਰਡੀਅਨ ਜਦੋਂ ਡਿਸਟ੍ਰਿਕ ਨੂੰ ਬਦਲਵਾਂ ਪਤਾ ਜੋ ਸਟੇਟ ਦੇ ਸੈਕਰੇਟਰੀ ਵਲੋਂ ਨਿਸ਼ਚਿਤ ਹੋਇਆ ਹੈ ਇਸਤੇਮਾਲ ਕਰਨ ਲਈ ਬੇਨਤੀ ਕਰਦੇ ਹਨ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਡਿਸਟ੍ਰਿਕ ਦੀ ਹੱਦਬੰਦੀ ਦੇ ਅੰਦਰ ਆਉਣ ਵਾਲੀ ਰਿਹਾਈਸ਼ੀ ਸ਼ਰਤ ਪੂਰੀ ਕਰਨ ਲਈ ਅਸਲੀ ਪਤੇ ਬਾਰੇ ਜਾਣਕਾਰੀ ਹਾਸਲ ਕਰਨ ਦੀ ਬੇਨਤੀ ਕਰ ਸਕਦੇ ਹਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਵਿੱਦਿਆਰਥੀ ਦੀ ਫਾਈਲ ਜਾਂ ਕਿਸੀ ਹੋਰ ਪਬਲਿਕ ਰਿਕੌਰਡ ਵਿੱਚ ਉਸਦਾ ਅਸਲੀ ਪਤਾ ਨਹੀਂ ਰਖਣਗੇ ਬਲਕਿ ਭਵਿਖ ਵਿੱਚ ਚਿੱਠੀਆਂ ਪਾਉਣ ਜਾਂ ਸੂਚਨਾ ਭੇਜਣ ਲਈ ਉਸਦਾ ਬਦਲਵਾਂ ਪਤਾ ਇਸਤੇਮਾਲ ਕਰਨਗੇ। (ਗੌਰਮੈਂਟ ਕੋਡ 6206, 6207)

**ਦਾਖਲੇ ਲਈ ਮਨਾਹੀ ਜਾਂ ਰੱਦ ਕਰਨਾ**
ਜੇਕਰ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਜਾਂਚ-ਪੜਤਾਲ ਤੋਂ ਪਤਾ ਲਗੇ ਕਿ ਦਾਖਲ ਹੋਣ ਵਾਲੇ ਜਾਂ ਦਾਖਲਾ ਲੈਣ ਦੀ ਕੋਸ਼ਿਸ ਕਰਨ ਵਾਲੇ ਵਿੱਦਿਆਰਥੀ ਦਾ ਰਿਹਾਇਸ਼ੀ ਅਧਾਰ ਝੂਠਾ ਹੈ ਤਾਂ ਉਹ ਉਸ ਦਾ ਦਾਖਲਾ ਰੱਦ ਕਰ ਦੇਣਗੇ। ਰੱਦ ਕਰਨ ਤੋਂ ਪਹਿਲਾਂ, ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨ ਨੂੰ ਲਿਖਤੀ ਨੋਟਿਸ ਭੇਜਣਾ ਪਵੇਗਾ ਜਿਸ ਵਿੱਚ ਫੈਸਲਾ ਲੈਣ ਦਾ ਅਧਾਰ ਸਬੂਤਾਂ ਨਾਲ ਦੀਸਆ ਜਾਵੇਗਾ। ਏਸ ਨੋਟਸ ਵਿੱਚ ਮਾਪਿਆਂ/ਗਾਰਡੀਅਨਾਂ ਨੂੰ ਦਸ ਸਕੂਲੀ ਦਿਨਾਂ ਦੇ ਵਿੱਚ-ਵਿੱਚ ਸੁਣਵਾਈ ਅਫਸਰ ਨਾਲ ਮੁਲਾਕਾਤ ਕਰਨ ਦੇ ਹੱਕ ਬਾਰੇ ਵੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੇ, ਜਿਸ ਵਿੱਚ ਇਹ ਵੀ ਲਿਖਿਆ ਜਾਵੇ ਕਿ ਮਾਪੇ ਅਪਣੇ ਬੱਚੇ ਦੇ ਪੱਖ ਲਈ ਸੁਨਵਾਈ ਅਫਸਰ ਨੂੰ ਅਪਣੇ ਪੱਖ ਦੇ ਦਸਤਾਵੇਜ਼ ਵਿਖਾ ਸਕਦੇ ਹਨ, ਡਿਸਟ੍ਰਿਕ ਦੇ ਸਬੂਤਾਂ ਨੂੰ ਗਲਤ ਸਾਬਤ ਕਰ ਸਕਦੇ ਹਨ, ਡਿਸਟ੍ਰਿਕ ਦੇ ਗਵਾਹਾਂ ਨੂੰ ਸਵਾਲ ਕਰ ਸਕਦੇ ਹਨ, ਅਤੇ/ਜਾਂ ਮੂੰਹ ਜ਼ਬਾਨੀ ਜਾਂ ਲਿਖਤੀ ਜਾਂ ਦਸਤਾਵੇਜ਼ੀ ਸਬੂਤ ਪੇਸ਼ ਕਰ ਸਕਦੇ ਹਨ। ਸਹੀ ਵਜਹ ਲਈ, ਸੁਨਵਾਈ ਅਫਸਰ ਮੀਟਿੰਗ ਦੀ ਤਾਰੀਖ ਦਸ ਹੋਰ ਦਿਨ ਅੱਗੇ ਪਾ ਸਕਦਾ/ਸਕਦੀ ਹੈ ਤਾਂਕਿ ਮਾਪਿਆਂ ਨੂੰ ਅਪਣੇ ਪੱਖ ਦੇ ਸਾਰੇ ਲੋੜਵੰਦ ਦਸਤਾਵੇਜ਼ ਪੇਸ਼ ਕਰਨ ਦਾ ਮੌਕਾ ਮਿਲ ਸਕੇ।

ਜੇਕਰ ਮਾਪੇ ਜਾਂ ਵਿੱਦਿਆਰਥੀ ਉਪਰਲੀ ਮੀਟਿੰਗ ਵਿੱਚ ਹਾਜ਼ਰ ਨਹੀਂ ਹੁੰਦੇ ਤਾਂ ਨੋਟਿਸ ਦੀ ਤਾਰੀਖ ਤੋਂ ਬਾਅਦ 11ਵੇਂ ਸਕੂਲੀ ਦਿਨ ਵਿੱਦਿਆਰਥੀ ਦਾ ਦਾਖਲਾ ਰੱਦ ਕੀਤਾ ਜਾਂਦਾ ਹੈ।

ਜੇਕਰ ਉਪਰਲੀ ਮੀਟਿੰਗ ਹੁੰਦੀ ਹੈ, ਸੁਣਵਾਈ ਅਫਸਰ, ਫੈਸਲੇ ਦੀ ਲਿਖਤ ਤਿਆਰ ਕਰਨ ਜਿਸ ਵਿੱਚ ਅਪਣੀ ਜਾਂਚ ਬਾਰੇ ਵੇਰਵਾ ਦੇਣ। ਜੇਕਰ ਸੁਣਵਾਈ ਅਫਸਰ ਦਾ ਫੈਸਲਾ ਬਹਾਲ ਕੀਤਾ ਗਿਆ ਹੈ ਤਾਂ ਗਵਰਨਿੰਗ ਬੋਰਡ ਨੂੰ ਫੈਸਲੇ ਦੇ ਬਰਖਲਾਫ ਅਪੀਲ ਕਰਨ ਦੇ ਹੱਕ ਬਾਰੇ ਮਾਪਿਆਂ ਨੂੰ ਜਾਣਕਾਰੀ ਦਿੱਤੀ ਜਾਵੇ, ਇਹ ਅਪੀਲ ਦਸ ਦਿਨਾਂ ਦੇ ਵਿੱਚ-ਵਿੱਚ ਕੀਤੀ ਜਾਣੀ ਚਾਹੀਦੀ ਹੈ।

ਮਾਪਾ/ਗਾਰਡੀਅਨ ਜੋ ਬੋਰਡ ਨੂੰ ਅਪੀਲ ਕਰਦਾ ਹੈ, ਉਸ ਨੂੰ ਅਪਣੇ ਵਿੱਦਿਆਰਥੀ ਦੇ ਪੱਖ ਵਿੱਚ ਡਿਸਟ੍ਰਿਕ ਦੇ ਸਬੂਤਾਂ ਨੂੰ ਝੁਠਲਾਉਣ, ਅਪਣਾ ਪ੍ਰਤੀਨਿਧੀ ਹਾਜ਼ਰ ਰਖਣ, ਡਿਸਟ੍ਰਿਕ ਦੇ ਗਵਾਹਾਂ ਦੀ ਪੁਛ-ਗਿਛ ਕਰਨ, ਅਤੇ ਅਪਣੇ ਮੌਖਿਕ ਅਤੇ ਦਸਤਾਵੇਜ਼ੀ ਸਬੂਤ ਪੇਸ਼ ਕਰਨ ਦਾ ਹੱਕ ਹੈ, ਇਸ ਹੱਕ ਵਿੱਚ ਗਵਾਹ ਪੇਸ਼ ਕਰਨੇ ਵੀ ਸ਼ਾਮਿਲ ਹਨ। ਸਿਵਾਏ ਇਨ੍ਹਾਂ ਕੇਸਾਂ ਦੇ ਜਦੋਂ ਵਜਹ ਜਾਇਜ਼ ਹੈ, ਬੋਰਡ ਉਨ੍ਹਾਂ ਸਬੂਤਾਂ ਤੇ ਪੁਨਰਵਿਚਾਰ ਅਤੇ ਬੈਹਸ ਕਰਨ ਲਈ ਕੇਸ ਦੁਬਾਰਾ ਨਹੀਂ ਖੋਲਣਗੇ ਜੋ ਸਬੂਤ ਅਤੇ ਗਵਾਹ ਸੁਨਾਵਾਈ ਅਫਸਰ ਨੂੰ ਦਿਤੇ ਨਹੀਂ ਗਏ ਜਾਂ ਪੇਸ਼ ਨਹੀਂ ਕੀਤੇ ਗਏ। ਅਪੀਲ ਦੇ ਦੌਰਾਨ ਵਿੱਦਿਆਰਥੀ ਸਕੂਲ ਵਿੱਚ ਪੜ੍ਹਾਈ ਜਾਰੀ ਰਖ ਸਕਦਾ ਹੈ।

ਬੋਰਡ ਦਾ ਫੈਸਲਾ ਆਖਰੀ ਫੈਸਲਾ ਹੈ।

**ਦੇਖ-ਰੇਖ ਕਰਨ ਵਾਲਿਆਂ ਦੇ ਰਿਹਾਇਸ਼ੀ ਖੇਤਰ ਵਿੱਚ ਦਾਖਲਾ ਲੈਣਾ (ਅਟੈਂਡੈਂਸ ਵੇਅਰ ਕੇਅਰ ਗਿਵਰ ਰਿਜ਼ਾਈਡਜ਼)**

ਜੇਕਰ ਤੁਹਾਡਾ ਬੱਚਾ ਦੇਖ-ਰੇਖ ਕਰਨ ਵਾਲੇ ਬਾਲਗ ਦੇ ਘਰ ਵਿੱਚ ਰਹਿੰਦਾ ਹੈ, ਕਨੂੰਨ ਅਨੁਸਾਰ, ਤੁਹਾਡਾ ਬੱਚਾ ਉਸੀ ਰਿਹਾਇਸ਼ੀ ਖੇਤਰ ਦੇ ਸਕੂਲ ਡਿਸਟ੍ਰਿਕ ਵਿੱਚ ਦਾਖਲਾ ਲੈ ਸਕਦਾ ਹੈ। ਫੈਮਲੀ ਕੋਡ ਤਹਿਤ, ਕਨੂੰਨ ਦੀ ਤਮੀਲ ਕਰਨੀ ਪਵੇਗੀ, ਜਿਸਦੇ ਅਨੁਸਾਰ ਦੇਖ-ਰੇਖ ਕਰਨ ਵਾਲਿਆਂ ਨੂੰ ਹਲਫਨਾਮਾ ਦੇਣਾ ਪਵੇਗਾ ਕਿ ਤੁਹਾਡੇ ਬੱਚੇ ਦੀ ਰਿਹਾਇਸ਼ ਉਨ੍ਹਾਂ ਦੇ ਨਾਲ ਹੈ(ਐਜੂਕੇਸ਼ਨ ਕੋਡ 48200)। ਜੇਕਰ ਡਿਸਟ੍ਰਿਕ ਸਟਾਫ ਇਹ ਨਿਰਧਾਰਿਤ ਕਰਨ ਕਿ ਵਿੱਦਿਆਰਥੀ ਮਾਪਿਆਂ ਦੀ ਬਜਾਏ ਦੇਖਰੇਖ ਵਾਲਿਆਂ ਨਾਲ ਸਿਰਫ ਸਕੂਲ ਡਿਸਟ੍ਰਿਕ ਵਿੱਚ ਦਾਖਲਾ ਲੈਣ ਲਈ ਹੀ ਰਹਿੰਦਾ ਹੈ ਤਾਂ ਉਸਨੂੰ ਦਾਖਲੇ ਲਈ ਇਨਕਾਰ ਕਰ ਸਕਦੇ ਹਨ। ਅਗਰ ਹਲਫਨਾਮਾਂ ਝੂਠਾ ਹੋਵੇਗਾ ਤਾਂ ਫੈਮਲੀ ਕੋਡ ਦੇ ਤਹਿਤ ਆਪ ਜੀ ਦੇ ਬਰਖਲਾਫ ਸਹੁੰ ਦੀ ਉਲੰਘਣਾ ਕਰਨ ਕਾਰਣ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

**ਸਕੂਲ ਵਿੱਚ ਦਾਖਲਾ ਲੈਣ ਸਬੰਧੀ ਹੱਦਾਂ (ਬੋਰਡ ਪੌਲਸੀ 5116 -23 ਜੂਨ, 2009 ਨੂੰ ਰਿਵਾਇਜ਼ ਕੀਤੀ ਗਈ)**

ਗਵਰਨਿੰਗ ਬੋਰਡ ਨੇ ਪ੍ਰਭਾਵਸ਼ਾਲੀ ਡਿਸਟ੍ਰਿਕਟ ਸਹੂਲਤਾਂ ਅਤੇ ਪ੍ਰਭਾਵਸ਼ਾਲੀ ਪ੍ਰਬੰਧ ਲਈ ਅਤੇ ਡਿਸਟ੍ਰਿਕਟ ਦੇ ਸਕੂਲਾਂ ਵਿਚ ਦਾਖਲਾ ਲੈਣ ਸਬੰਧੀ ਹੱਦਾਂ ਨੀਯਤ ਕੀਤੀਆਂ ਹਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ, ਸਮੇਂ-ਸਮੇਂ ਤੇ ਡਿਸਟ੍ਰਿਕਟ ਦੇ ਸਕੂਲਾਂ ਵਿਚ ਦਾਖਲਾ ਲੈਣ ਸਬੰਧੀ ਹੱਦਾਂ ਦਾ ਨਿਰੀਖਣ ਕਰਦਾ ਹੈ ਅਤੇ ਲੋੜ ਅਨੁਸਾਰ ਬੋਰਡ ਨੂੰ ਹੱਦ-ਬੰਦੀ ਵਿੱਚ ਤਬਦੀਲੀ ਕਰਨ ਬਾਰੇ ਸਲਾਹ ਦਿੰਦਾ ਹੈ।

ਡਿਸਟ੍ਰਿਕਟ ਦੇ ਸਕੂਲਾਂ ਵਿਚ ਦਾਖਲਾ ਲੈਣ ਸਬੰਧੀ ਹੱਦਾਂ ਦਾ ਨਿਰੀਖਣ ਕਰਦੇ ਸਮੇਂ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਦੇ ਹਨ:

1) ਸਕੂਲ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਦੀ ਸਮਰਥਾ, ਅਤੇ ਦਾਖਲ ਬੱਚਿਆਂ ਦੀ ਗਿਣਤੀ ਦੇ ਆਂਕੜੇ,

2) ਸਕੂਲੀ ਹਾਜ਼ਰੀ ਦਾ ਡੈਟਾ, ਕਮਰਸ਼ੀਅਲ ਅਤੇ ਰਿਹਾਇਸ਼ੀ ਵਿਕਾਸ ਸਮੇਤ

3) ਸਕੂਲ ਵਿੱਚ ਆਉਣ ਵਾਲੇ ਵਿਦਿਆਰਥੀਆਂ ਦੇ ਅੰਕੜੇ, ਵਿਦਿਆਰਥੀਆਂ ਦੀ ਲਗਾਤਾਰ ਹਾਜ਼ਰੀਣ ਲਗਾਤਾਰ ਸਕੂਲੀ ਹਾਜ਼ਰੀ ਨੂੰ ਬਣਾਈ ਰੱਕਣ ਦੇ ਅੰਕੜੇ

4) ਫੈਡਰੱਲ , ਸਟੇਟ ਅਤੇ ਕੋਰਟ ਵੱਲੋਂ ਦਿੱਤੇ ਆਦੇਸ਼

5) ਕੰਮਿਉਨਿਟੀ ਦੇ ਵਿਚਾਰ

6) ਵਿਦਿਆਰਥੀ ਸੁਰੱਖਿਆ

7) ਟਰਾਂਸਪੋਰਟੇਸ਼ਨ ਦੀ ਸਮਰੱਥਾ

8) ਕੰਮਿਉਨਿਟੀ ਅਤੇ ਗੁਆਂਢ ਦੀ ਪਛਾਣ

9) ਡਿਸਟ੍ਰਿਕਟ ਦੇ ਭੁਗੋਲ ਸਬੰਧੀ ਰੂਪ-ਰੇਖਾ ਅਤੇ ਆਵਾਜਾਈ ਦੇ ਸਾਧਨ

10) ਸਿੱਖਿਅਕ ਪ੍ਰੋਗਰਾਮ ਜਿਸ ਤਰ੍ਹਾਂ ਕਿ ਮੈਗਨਟ ਸਕੂਲ ਅਤੇ ਚਾਰਟਰ ਸਕੂਲ

11) ਮਿਉਨਿੰਸਪਿਲ ਅਤੇ ਹਾਈ ਸਕੂਲਾਂ ਦੀਆਂ ਹੱਦਾਂ ਵਿੱਚ ਇੱਕਸਾਰਤਾ

12) ਹੋਰ ਤੱਥ

ਦਾਖਲਾ ਲੈਣ ਵਾਲੇ ਜਿਹੜੇ ਸਕੂਲਾਂ ਨੂੰ ਕੱਮਯੁਨਿਟੀ ਸੁਵਿਧਾਵਾਂ ਕੋਲੋਂ ਥੋੜਾ ਜਾਂ ਪੂਰਾ ਖਰਚਾ ਮਿਲਦਾ ਹੈ, ਕਾਨੂੰਨ ਅਨੁਸਾਰ, ਕੱਮਯੁਨਿਟੀ ਸੁਵਿਧਾਵਾਂ ਵਾਲੇ ਡਿਸਟ੍ਰਿਕ ਵਿੱਚ ਰਹਿਣ ਵਾਲੇ ਵਿੱਦਿਆਰਥੀਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਦਾਖਲੇ ਲਈ ਪਹਿਲ ਦਿੱਤੀ ਜਾਣੀ ਚਾਹੀਦੀ ਹੈ। (ਗਵਰਮੈਂਟ ਕੋਡ 53312 .7)

ਸਕੂਲ ਵਿੱਚ ਮੁਨਾਸਿਬ ਗਿਣਤੀ ਤੋਂ ਵੱਧ ਗਿਣਤੀ ਵਿੱਚ ਦਾਖਲ ਬੱਚਿਆਂ ਦੀ ਭੀੜ ਨੂੰ ਘੱਟਾਉਣ ਲਈ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ, ਕੁਝ ਵਿੱਦਿਆਰਥੀਆਂ ਨੂੰ ਰਿਹਾਇਸ਼ ਤੋਂ ਬਾਹਰ ਵਾਲੇ ਸਕੂਲ ਵਿੱਚ ਦਾਖਲ ਕਰ ਸਕਦੇ ਹਨ। ਜੇਕਰ ਹੋ ਸਕੇ ਤਾਂ, ਇਨ੍ਹਾਂ ਬੱਚਿਆਂ ਲਈ ਟਰਾਂਸਪੋਰਟੇਸ਼ਨ ਦਾ ਪ੍ਰਬੰਧ ਲਾਜ਼ਮੀ ਹੈ। ਜਿਹੜੇ ਵਿੱਦਿਆਰਥੀਆਂ ਨੂੰ ਰਿਹਾਇਸ਼ ਤੋਂ ਬਾਹਰ ਵਾਲੇ ਸਕੂਲ ਵਿੱਚ ਦਾਖਲਾ ਮਿਲਿਆ ਹੈ, ਉਹਨਾ ਦੇ ਮਾਪਿਆਂ/ਗਾਰਡੀਅਨਾ ਨੂੰ ਛੇਤੀ ਤੋਂ ਛੇਤੀ ਇਸ ਬਾਰੇ ਸੂਚਨਾ ਦਿੱਤੀ ਜਾਵੇਗੀ।

**ਸਕੂਲ ਅਟੈਂਡੈਂਸ ਆਲਟਰਨੇਟਿਵਜ਼ (ਰਿਹਾਇਸ਼ੀ ਸਕੂਲ ਦੀ ਹੱਦ ਵਾਲੇ ਸਕੂਲ ਦੀ ਬਜਾਏ ਦੂਜੇ ਸਕੂਲਾਂ ਵਿੱਚ ਦਾਖਲਾ ਲੈਣਾ)**

ਕੈਲੀਫੋਰਨੀਆ ਕਾਨੂੰਨ[ਈ ਸੀ ਸੈਕਸ਼ਨ48980(ਜੇ)(ਏਚ)] ਦੇ ਮੁਤਾਬਿਕ ਸਾਰੇ ਬੋਰਡ ਵਾਲਿਆਂ ਨੂੰ ਸਕੂਲੀ ਸਾਲ ਦੇ ਸ਼ੁਰੂ ਵਿੱਚ ਵਿੱਦਿਆਰਥੀ ਦੇ ਮਾਪੇ/ਗਾਰਡੀਅਨ ਨੂੰ ਆਪਣੇ ਬੱਚਿਆਂ ਲਈ ਡਿਸਟ੍ਰਿਕਾਂ ਵਲੋਂ ਨਿਰਧਾਰਿਤ ਸਕੂਲਾਂ ਦੀ ਬਜਾਏ ਦੂਜੇ ਸਕੂਲ ਚੁਣਨ ਦੇ ਸਾਰੇ ਤਰੀਕਿਆਂ ਬਾਰੇ ਜਾਣਕਾਰੀ ਦੇਣੀ ਲਾਜ਼ਮੀ ਹੈ। ਜਿਹੜੇ ਵਿੱਦਿਆਰਥੀ ਡਿਸਟ੍ਰਿਕ ਵਲੋਂ ਨਿਰਧਾਰਿਤ ਸਕੂਲਾਂ ਦੀ ਬਜਾਏ ਦੂਜੇ ਸਕੂਲਾਂ ਵਿੱਚ ਜਾਂਦੇ ਹਨ, ਇਸ ਸੂਚਨਾ-ਪੱਤਰ ਵਿੱਚ ਉਨ੍ਹਾਂ ਸਾਰੇ ਵਿੱਦਿਆਰਥੀਆਂ ਨੂੰ "ਟਰਾਂਸਫਰ ਵਿੱਦਿਆਰਥੀ" ਦੇ ਨਾਂ ਨਾਲ ਸੰਬੋਧਿਤ ਕੀਤਾ ਜਾਵੇਗਾ। ਮਾਪਿਆਂ ਦੇ ਰਿਹਾਇਸ਼ੀ ਡਿਸਟ੍ਰਿਕ ਚੋਂ ਸਕੂਲ ਚੁਣਨ ਦਾ ਸਿਰਫ ਇੱਕ ਤਰੀਕਾ ਹੈ, ਜਿਸ ਨੂੰ (ਇੰਟਰਾ ਡਿਸਟ੍ਰਿਕ ਤਬਦੀਲੀ) ਆਖਦੇ ਹਨ, ਅਤੇ ਦੂਜੇ ਡਿਸਟ੍ਰਿਕਾਂ (ਇੰਟਰ ਡਿਸਟ੍ਰਿਕ) ਚੋਂ ਸਕੂਲ ਚੁਣਨ ਦੇ ਵੱਖਰੇ-ਵੱਖਰੇ ਤਿੰਨ ਤਰੀਕੇ ਹਨ। ਹਰ ਤਰੀਕੇ ਦੀਆਂ ਆਮ ਅਤੇ ਸੀਮਿਤ ਲੋੜਾਂ ਹੇਠਾਂ ਲਿਖੀਆਂ ਹੋਈਆਂ ਹਨ। ਦਾਖਲਾ ਲੈਣ ਤੋਂ ਪਹਿਲੋਂ ਹਾਈ ਸਕੂਲ ਦੇ ਅਥਲੀਟ ਸੀ ਆਈ ਐਫ ਖੇਡਾਂ ਸਬੰਧੀ ਯੋਗਤਾ ਦੇ ਨਿਯਮਾਂ ਬਾਰੇ ਜਾਣਕਾਰੀ ਹਾਸਲ ਕਰਨ।

**ਡਿਸਟ੍ਰਿਕਾਂ ਦੀ ਅਪਣੀ ਮਰਜ਼ੀ (ਡਿਸਟ੍ਰਿਕਸ ਔਫ ਚੌਇਸ) (ਐਜੂਕੇਸ਼ਨ ਕੋਡ ਦੇ ਸੈਕਸ਼ਨਾਂ 48300 ਤੋਂ 48315 ਤੱਕ)**

ਲਾਅ (ਐਜੂਕੇਸ਼ਨ ਕੋਡ ਦੇ ਸੈਕਸ਼ਨਾਂ 48300 ਤੋਂ 48315 ਤੱਕ) ਇੱਕ ਸਕੂਲ ਡਿਸਟ੍ਰਿਕ ਨੂੰ "ਡਿਸਟ੍ਰਿਕ ਔਫ ਚੌਇਸ" ਬਣਨ ਦੀ ਇਜਾਜ਼ਤ ਦਿੰਦਾ ਹੈ- ਭਾਵ ਹੈ ਕਿ ਉਹ ਡਿਸਟ੍ਰਿਕ ਜਿਹੜਾ ਨਿਸ਼ਚਿਤ ਸ਼ਰਤਾਂ ਹੇਠ ਦੂਜੇ ਬਾਹਰਲੇ ਡਿਸਟ੍ਰਿਕਾਂ ਤੋਂ ਵਿੱਦਿਆਰਥੀਆਂ ਦੀ ਤਬਦੀਲੀ ਨੂੰ ਮਨਜ਼ੂਰ ਕਰ ਸਕਦਾ ਹੈ। ਇੱਕ ਸਕੂਲ ਬੋਰਡ ਜੋ ਅਪਣੀ ਮਰਜ਼ੀ ਨਾਲ ਚੋਣ ਵਾਲਾ ਡਿਸਟ੍ਰਿਕ ਬਣਨ ਲਈ ਫੈਸਲਾ ਕਰਦਾ ਹੈ ਇਸ ਗਲ ਦਾ ਫੈਸਲਾ ਜ਼ਰੂਰ ਕਰੇ ਕਿ ਉਸਨੇ ਅਪਣੀ ਇੱਛਾ ਨਾਲ ਕਿਨੇਂ ਵਿੱਦਿਆਰਥੀਆਂ ਦੀ ਤਬਦੀਲੀ ਲਈ ਮਨਜ਼ੂਰੀ ਦੇਣੀ ਹੈ ਅਤੇ ਇਸ ਗਲ ਨੂੰ ਯਕੀਨੀ ਬਨਾਵੇ ਕਿ ਵਿੱਦਿਆਰਥੀਆਂ ਦੀ ਚੋਣ " ਰਲੀ-ਮਿਲੀ ਅਤੇ ਨਿਰਪੱਖ" ਹੈ, ਇਸਦਾ ਭਾਵ ਹੈ ਕਿ ਲੌਟਰੀ ਦੇ ਤਰੀਕੇ ਰਾਹੀਂ। ਵਿੱਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਡਿਸਟ੍ਰਿਕ ਵਿੱਚ ਅਪਣੀ ਤਬਦੀਲੀ ਕਰਵਾਉਣ ਲਈ ਬੇਨਤੀ, 1 ਜਨਵਰੀ ਤੋਂ ਪਹਿਲੋਂ ਵਾਲੇ ਸਾਲ ਵਿੱਚ ਕਰਵਾਉਣ। ਇਸ ਸਮੇਂ ਲਾਅ 2008/2008 ਸਕੂਲ ਸਾਲ ਲਈ ਇਨ੍ਹਾਂ ਸ਼ਰਤਾਂ ਤਹਿਤ ਵਿੱਦਿਆਰਥੀਆਂ ਨੂੰ ਤਬਦੀਲੀ ਕਰਨ ਦੇਵੇਗਾ, ਅਤੇ ਦੂਜੀਆਂ ਸ਼ਰਤਾਂ ਭੀ ਸ਼ਾਮਿਲ ਹਨ:

- ਜੇਕਰ ਤਬਦੀਲੀ ਦਾ ਅਸਰ ਡਿਸਟ੍ਰਿਕ ਦੇ ਵਿੱਦਿਆਰਥੀਆਂ ਦੀ ਇਕੋ ਜਾਤਿ ਦੇ ਵਿੱਦਿਆਰਥੀਆਂ ਦੀ ਗਿਣਤੀ ਤੇ ਪੈਂਦਾ ਹੈ, ਜਾਂ ਕੋਰਟ ਵਲੋਂ ਹੁਕੱਮ ਮਿਲਿਆ ਹੋਵੇ, ਜਾਂ ਅਪਣੀ ਮਰਜ਼ੀ ਨਾਲ ਇਕ-ਰੂਪੀਕਰਨ ਕਰਨਾ ਹੋਵੇ ਤਾਂ ਆਪ ਜੀ ਵਲੋਂ ਚੁਣਿਆ ਹੋਇਆ ਡਿਸਟ੍ਰਿਕ ਜਾਂ ਰਿਹਾਇਸ਼ੀ ਡਿਸਟ੍ਰਿਕ ਤਬਦੀਲੀ ਲਈ ਨਾਹ ਕਰ ਸਕਦਾ ਹੈ। ਰਿਹਾਇਸ਼ੀ ਡਿਸਟ੍ਰਿਕ ਅਪਣੇ ਕੁਲ ਦਾਖਲ ਵਿੱਦਿਆਰਥੀਆਂ ਚੋਂ ਤਬਦੀਲੀ ਹੋਕੇ ਬਾਹਰ ਜਾਣ ਵਾਲੇ ਵਿੱਦਿਆਰਥੀਆਂ ਦੀ ਫੀ ਸਦੀ ਗਿਣਤੀ ਨੂੰ ਨਿਸ਼ਚਿਤ ਕਰ ਦੇਣ ਅਤੇ ਅਪਣੇ ਸਾਈਜ਼ ਦੇ ਅਧਾਰ ਕਾਰਣ ਤਬਦੀਲੀ ਕਰਨ ਵਾਸਤੇ ਵਿੱਦਿਆਰਥੀਆਂ ਦੀ ਗਿਣਤੀ ਸੀਮਿਤ ਕਰ ਦੇਣ।
- ਜੋ ਬੱਚਾ ਅਪਣੇ ਰਿਹਾਇਸ਼ੀ ਖੇਤਰ ਦੇ ਸਕੂਲ ਵਿੱਚ ਦਾਖਲ ਹੈ , ਉਪਰ ਦਸੇ ਹੋਏ ਵਿਧਾਨਾਂ ਦੇ ਅਧਾਰ ਤੇ ਦੂਜਾ ਬੱਚਾ ਜੋ ਤਬਦੀਲ ਹੋਕੇ ਉਸ ਸਕੂਲ ਵਿੱਚ ਆ ਰਿਹਾ ਹੈ , ਨਵੇਂ ਬੱਚੇ ਲਈ ਜਗ੍ਹਾ ਬਣਾਉਨ ਵਾਸਤੇ ਪਹਿਲੇ ਬੱਚੇ ਨੂੰ ਉਸਦੇ ਸਕੂਲ ਵਿੱਚੋਂ ਕੱਢਿਆ ਨਹੀਂ ਜਾ ਸਕਦਾ ਹੈ।
- ਜਿਸ ਬੱਚੇ ਦੇ ਭੈਣਾਂ ਅਤੇ ਭਰਾ ਪਹਿਲਾਂ ਤੋਂ ਹੀ ਚੌਇਸ ਵਾਲੇ ਡਿਸਟ੍ਰਿਕ ਦੇ ਸਕੂਲ ਵਿੱਚ ਹਨ ਉਸ ਬੱਚੇ ਦੀ ਤਬਦੀਲੀ ਨੂੰ ਪਹਿਲ ਦਿਤੀ ਜਾਵੇਗੀ।
- ਜੇਕਰ ਡਿਸਟ੍ਰਿਕਟ ਤਬਦੀਲੀਆਂ ਲਈ ਮਨਜ਼ੂਰੀ ਦੇਣ ਬਾਰੇ ਫੈਸਲਾ ਕਰੇ ਤਾਂ 1 ਅਪ੍ਰੈਲ, 2005 ਤੋਂ ਪਹਿਲੋਂ ਸਕੂਲ ਡਿਸਟ੍ਰਿਕ ਦੇ ਗਵਰਨਿੰਗ ਬੋਰਡ ਵਲੋਂ ਸੈਕਸ਼ਨ 48301 ਦੇ ਤਹਿਤ ਅਪਣਾਈ ਗਈ ਪੌਲਸੀ ਦੇ ਅਨੁਸਾਰ ਮਿਲਟਰੀ ਪਰਸਨੱਲ ਦੇ ਬੱਚਿਆਂ ਨੂੰ ਵੀ ਦਾਖਲੇ ਲਈ ਪਹਿਲ ਦੇਣ।
- ਮਾਪੇ/ਗਾਰਡੀਅਨ ਚੋਣ ਵਾਲੇ ਡਿਸਟ੍ਰਿਕ ਦੀ ਹੱਦ ਅੰਦਰ ਟਰਾਂਸਪੋਰਟੇਸ਼ਨ ਦੀਆਂ ਸੇਵਾਵਾਂ ਲਈ ਬੇਨਤੀ ਕਰ ਸਕਦੇ ਹਨ। ਡਿਸਟ੍ਰਿਕ ਵਾਲੇ ਉਥੇ ਤੱਕ ਹੀ ਟਰਾਂਸਪੋਰਟੇਸ਼ਨ ਉਪਲਬਧ ਕਰਵਾਉਣਗੇ ਜਿਥੇ ਤੱਕ ਉਹ ਪਹਿਲਾਂ ਤੋਂ ਹੀ ਉਪਲਬਧ ਕਰਵਾ ਰਹੇ ਸਨ।

ਮਾਪਿਆਂ/ਗਾਰਡੀਅਨਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਦਾਖਲੇ ਦੇ ਆਲਟਰਨੇਟਿਵਜ਼ (ਇਕ ਦੀ ਬਜਾਏ ਦੂਜੀਆਂ ਪਸੰਦਾਂ) ਜਿਨ੍ਹਾਂ ਦਾ ਬਿਉਰਾ ਸੰਖੇਪ ਰੂਪ ਵਿੱਚ ਉਪਰ ਲਿਖਿਆ ਹੋਇਆ ਹੈ ਬਾਰੇ ਜਾਣਕਾਰੀ ਦੇਣ ਦਾ ਭਾਵ ਹੈ ਹਰ ਪਸੰਧ ਤੇ ਲਾਅ ਵਲੋਂ ਲਾਗੂ ਹੋਣ ਵਾਲੀ ਰੂਪਰੇਖਾ ਬਾਰੇ ਜਾਣਕਾਰੀ ਦੇਣਾ। ਜਿਹੜੇ ਮਾਪੇ/ਗਾਰਡੀਅਨ ਇਨ੍ਹਾਂ ਤਬਦੀਲੀਆਂ ਦੀਆਂ ਔਪਸ਼ਨਾਂ, ਡਿਸਟ੍ਰਿਕ ਦੀਆਂ ਪੌਲਸੀਆਂ, ਕਾਰਵਾਈਆਂ, ਅਤੇ ਸਮੇਂ ਦੀ ਰੂਪ ਰੇਖਾ ਬਾਰੇ, ਵਾਧੂ ਜਾਣਕਾਰੀ ਚਾਹੁੰਦੇ ਹਨ, ਅਪਣੇ ਸਕੂਲ ਡਿਸਟ੍ਰਿਕ ਨਾਲ ਸੰਪਰਕ ਕਰਨ।

**ਮਾਪਿਆਂ/ਗਾਰਡੀਅਨ ਦੇ ਰਿਹਾਇਸ਼ੀ ਖੇਤਰ ਦੇ ਡਿਸਟ੍ਰਿਕ ਚੋਂ ਸਕੂਲ ਚੁਣਨਾ (ਬੋਰਡ ਪੌਲਸੀ- 5116.1- 23 ਫਰਵਰੀ, 2010 ਨੂੰ ਰਿਵਾਇਜ਼ ਕੀਤੀ ਗਈ।) (ਇੰਟਰਾ ਡਿਸਟ੍ਰਿਕ ਤਬਦੀਲੀ)**

ਗਵਰਨਿੰਗ ਬੋਰਡ ਨੇ ਡਿਸਟ੍ਰਿਕ ਦੇ ਵਿੱਦਿਆਰਥੀਆਂ ਦੇ ਹਿਤਾਂ ਅਤੇ ਵੱਖ-ਵੱਖ ਜ਼ਰੂਰਤਾਂ ਨੂੰ ਧਿਆਨ ਵਿੱਚ ਰਖਕੇ ਦਾਖਲੇ ਸਬੰਧਿਤ ਔਪਸ਼ਨਾਂ ਬਾਰੇ ਫੈਸਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਾਨੂੰਨ, ਬੋਰਡ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖ਼ਸ਼ੀਅਤ ਡਿਸਟ੍ਰਿਕਟ ਵਿਚਲੇ ਸਕੂਲਾਂ ਦੇ ਵਿਦਿਆਰਥੀਆਂ ਦੀ ਟ੍ਰਾਂਸਫਰ ਅਤੇ ਚੋਣ ਲਈ ਕਾਰਜ-ਪ੍ਰਣਾਲੀ ਬਣਾਉਣਗੇ।

ਜੋ ਮਾਪੇ/ਗਾਰਡੀਅਨ ਸਕੂਲ ਡਿਸਟ੍ਰਿਕਟ ਦੀਆਂ ਹੱਦਾਂ ਦੇ ਅੰਦਰ ਰਹਿੰਦੇ ਹਨ ਉਹ ਆਪਣੇ ਵਿਦਿਆਰਥੀਆਂ ਲਈ ਰਿਹਾਇਸ਼ੀ ਸਕੂਲ ਦੀ ਬਜਾਏ ਡਿਸਟ੍ਰਿਕ ਦੇ ਕਿਸੇ ਵੀ ਸਕੂਲ ਵਿੱਚ ਦਾਖਲੇ ਲਈ ਬੇਨਤੀ ਕਰ ਸਕਦੇ ਹਨ।

ਬੋਰਡ ਨੂੰ ਹੱਕ ਹੈ ਕਿ ਉਹ ਡਿਸਟ੍ਰਿਕ ਦੇ ਸਕੂਲਾਂ ਵਿੱਚਕਾਰ ਜਾਤਿ ਅਤੇ ਐਥਨਿਕ ਬੈਲੈਂਸ ਨੂੰ ਬਰਕਰਾਰ ਰਖਣ ਲਈ ਫੈਸਲਾ ਲੈ ਸਕਦੇ ਹਨ ਜਿਸਦਾ ਅਧਾਰ ਕੋਰਟ ਵਲੋਂ ਮਿਲੇ ਅਦੇਸ਼ ਹਨ ਅਤੇ ਇਹ ਵਿਤਕਰੇ ਤੋਂ ਰਹਿਤ ਰਖਣ ਦੇ ਪਲੈਨ ਅਧਾਰਿਤ ਹੈ। (ਐਜੂਕੇਸ਼ਨ ਕੋਡ 35160 .5)

ਬੋਰਡ ਵਾਲੇ ਹਰ ਸਾਲ ਇਸ ਪੌਲਸੀ ਤੇ ਪੁਨਰਵਿਚਾਰ ਕਰਨਗੇ। (ਐਜੂਕੇਸ਼ਨ ਕੋਡ 35160 .5, 48980)

**ਦਾਖਲੇ ਲਈ ਪਹਿਲ ਦਿਤੀ ਜਾਂਦੀ ਹੈ:**

**ਪਹਿਲੀ ਪਰਾਇਔਰਿਟੀ**: ਡਿਸਟ੍ਰਿਕਟ ਦਾ ਕੋਈ ਸਕੂਲ ਜੇਕਰ ਪ੍ਰੋਗਰਾਮ ਇੰਮਪਰੂਵਮੈਂਟ, ਕ੍ਰਰੈਕਟਿਵ ਐਕਸ਼ਨ (ਸੁਧਾਰਕ ਸਰਗਰਮੀਂ), ਜਾਂ ਰੀਸਟਰੱਕਚਰਿੰਗ (ਨਵਾਂ ਰੂਪ ਦੇਣਾ), ਲਈ ਟਾਈਟਲ 1 ਦੇ ਤਹਿਤ ਫੰਡਿੰਗ ਪ੍ਰਾਪਤ ਕਰਦਾ ਹੈ ਤਾਂ ਉਸ ਸਕੂਲ ਵਿੱਚ ਦਾਖਲ ਸਾਰੇ ਵਿਦਿਆਰਥੀਆਂ ਨੂੰ ਡਿਸਟ੍ਰਿਕਟ ਦੇ ਕਿਸੇ ਹੋਰ ਸਕੂਲ ਜਾਂ ਚਾਰਟਰ ਸਕੂਲ ਵਿੱਚ ਤਬਦੀਲੀ ਲਈ ਆਪਸ਼ਨ (ਆਪਣੀ ਮਰਜ਼ੀ ਅਨੁਸਾਰ ਚੋਣ ਕਰਨਾ) ਦਿੱਤੀ ਜਾਵੇਗੀ। (20 ਯੂ ਐੱਸ ਸੀ 6316)

**ਦੂਜੀ ਪਰਾਇਔਰਿਟੀ**: ਜੇਕਰ ਕੋਈ ਵਿਦਿਆਰਥੀ ਸਕੂਲੀ ਗਰਾਂਉਂਡ ਤੇ ਹਿੰਸਕ ਅਪਰਾਧਕ ਉਲੰਘਣਾ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਨੂੰ ਡਿਸਟ੍ਰਿਕਟ ਦੇ ਕਿਸੇ ਹੋਰ ਸਕੂਲ ਜਾਂ ਚਾਰਟਰ ਸਕੂਲ ਵਿੱਚ ਤਬਦੀਲੀ ਲਈ ਆਪਸ਼ਨ (ਆਪਣੀ ਮਰਜ਼ੀ ਅਨੁਸਾਰ ਚੋਣ ਕਰਨਾ) ਦਿੱਤੀ ਜਾਵੇਗੀ। (20 ਯੂ ਐੱਸ ਸੀ 7912)

**ਤੀਜੀ ਪਰਾਇਔਰਿਟੀ**: ਜਿਸ ਸਕੂਲ ਵਿੱਚ ਵਿਦਿਆਰਥੀ ਦਾਖਲ ਹੈ, ਉਸਦੀ ਪਛਾਣ ਕੈਲੀਫੋਰਨੀਆਂ ਐਜੂਕੇਸ਼ਨ ਬੋਰਡ ਵੱਲੋਂ 'ਸਥਾਈ ਖਤਰਨਾਕ' ਕੀਤੀ ਗਈ ਹੋਵੇ ਤਾਂ ਉਸ ਨੂੰ ਡਿਸਟ੍ਰਿਕਟ ਦੇ ਕਿਸੇ ਹੋਰ ਸਕੂਲ ਜਾਂ ਚਾਰਟਰ ਸਕੂਲ ਵਿੱਚ ਤਬਦੀਲੀ ਲਈ ਆਪਸ਼ਨ (ਆਪਣੀ ਮਰਜ਼ੀ ਅਨੁਸਾਰ ਚੋਣ ਕਰਨਾ) ਦਿੱਤੀ ਜਾਵੇਗੀ। (20 ਯੂ ਐੱਸ ਸੀ 7912; 5 ਸੀ ਸੀ ਆਰ 11992)

**ਚੌਥੀ ਪਰਇਔਰਿਟੀ**: ਵਿਦਿਆਰਥੀ ਦੇ ਰਿਹਾਈਸ਼ੀ ਖੇਤਰ ਵਿੱਚ, ਜਿਸ ਵਿੱਚ ਸ਼ਾਮਲ ਹੈ, ਪਰ ਸੀਮਿਤ ਨਹੀਂ ਹੈ, ਸਰੀਰਕ ਤੌਰ ਤੇ ਸੱਟ-ਚੋਟ ਜਾਂ ਭਾਵਾਤਮਿਕ ਸੰਤੁਲਿਨ ਜਾਂ ਕਿਸੇ ਖਾਸ ਕਾਰਨਾ ਕਰਕੇ ਜੋ ਸ਼ਾਇਦ ਵਿਦਿਆਰਥੀ ਲਈ ਹਾਨੀਕਾਰਕ ਜਾਂ ਖਤਰਨਾਕ ਹੋ ਸਕਦੇ ਹਨ,ਕਿਸੇ ਸਕੂਲ ਦੀ ਵਿਚ ਵਿਦਿਆਰਥੀਆਂ ਦੀ ਗਿਣਤੀ ਲੋੜ ਨਾਲੋਂ ਵੱਧ ਨਾ ਹੋਵੇ ਜਾਂ ਤਬਦੀਲੀਆਂ ਲਈ ਅਰਜੀਆਂ ਬੰਦ ਹੋਣ ਦੇ ਬਾਵਜੂਦ ਵੀ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖ਼ਸੀਅਤ ਤਬਦੀਲੀ ਨੂੰ ਮਨਜ਼ੂਰੀ ਦੇ ਸਕਦਾ/ਦੀ ਹੈ।

ਇਹਨਾ ਹਾਲਾਤਾਂ ਦੇ ਅਧੀਨ ਪਹਿਲ ਦੇਣ ਲਈ, ਸੁਪਰਿੰਨਟੈਂਡੈਂਨਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਕਿਸੇ ਸਖਸ਼ੀਅਤ ਨੂੰ ਹੇਠ ਲਿਖਿਆਂ ਵਿੱਚੋਂ ਕੋਈ ਇੱਕ ਪ੍ਰਾਪਤ ਹੋਣਾ ਜ਼ਰੂਰੀ ਹੈ: (ਐਜੂਕੇਸ਼ਨ ਕੋਡ 35160)

- ਕਿਸੇ ਢੁਕਵੇਂ ਸਟੇਟ ਜਾਂ ਲੋਕਲ ਏਜੰਸੀ ਦੇ ਪ੍ਰਤੀਨਿੱਧ, ਜਿਵੇਂ, ਇੱਕ ਲਾਅ ਇੰਨਫੋਰਸਮੈਂਟ ਅਫਸਰ, ਸੋਸ਼ਲ ਵਰਕਰ, ਜਾਂ ਲਾਈਸੈਂਸ ਪ੍ਰਾਪਤ ਜਾਂ ਰਜਿਸਟਰਡ ਅਧਿਕਾਰੀ, ਜਿਵੇਂ ਸਾਈਕਾਇਟਰਿਸਟ (ਮਾਨਸਿਕ ਰੋਗਾਂ ਦਾ ਮਾਹਿਰ), ਸਾਈਕਾਲੋਜਿਸਟ (ਮਨੋਵਿਗਿਆਨੀ), ਜਾਂ ਵਿਆਹ ਅਤੇ ਪਰਿਵਾਰ ਲਈ ਥੈਰਾਪਿਸਟ ਆਦਿ, ਵੱਲੋਂ ਲਿਖਤੀ ਬਿਆਨ

- ਅਸਥਾਈ ਬੰਦਿਸ਼ ਅਤੇ ਮਨਾਹੀ ਦੇ ਹੁਕਮ ਸਮੇਤ ਕੋਰਟ ਵੱਲੋਂ ਆਦੇਸ਼

**ਪੰਜਵੀਂ ਪਰਇਔਰਿਟੀ**: ਉਸ ਵਿੱਦਿਆਰਥੀ ਨੂੰ ਅਪਣੇ ਹਾਲ ਦੇ ਰਿਹਾਈਸੀ ਖੇਤਰ ਚੋਂ ਬਾਹਰਲੇ  ਰਿਹਾਇਸ਼ੀ ਸਕੂਲ ਵਿੱਚ ਦਾਖਲਾ ਦੇਣ ਲਈ ਪਹਿਲ ਦਿਤੀ ਜਾ ਸਕਦੀ ਹੈ, ਜਦੋਂ ਉਸਦੇ ਭੈਣਾਂ ਜਾਂ ਭਰਾ ਪਹਿਲਾਂ ਹੀ ਉਸ ਸਕੂਲ ਵਿੱਚ ਪੜ੍ਹ ਰਹੇ ਹਨ।

**ਛੇਵੀਂ ਪਰਇਔਰਿਟੀ**: ਉਸ ਵਿੱਦਿਆਰਥੀ ਨੂੰ ਅਪਣੇ ਹਾਲ ਦੇ ਰਿਹਾਈਸੀ ਖੇਤਰ ਚੋਂ ਬਾਹਰਲੇ  ਰਿਹਾਇਸ਼ੀ ਸਕੂਲ ਵਿੱਚ ਦਾਖਲਾ ਦੇਣ ਲਈ ਪਹਿਲ ਦਿਤੀ ਜਾ ਸਕਦੀ ਹੈ, ਜਦੋਂ ਉਸਦੇ  ਮਾਤਾ ਜਾਂ ਪਿਤਾ ਦੀ ਪ੍ਰਮੁਖ ਨੌਕਰੀ ਉਸ ਸਕੂਲ ਵਿੱਚ ਹੈ।

ਸਕੂਲ ਦੇ ਰਿਹਾਇਸ਼ੀ ਖੇਤਰ ਤੋਂ ਬਾਹਰ ਵਾਲੇ ਹੋਰ ਸਾਰੇ ਵਿਦਿਆਰਥੀਆਂ ਦੀਆਂ ਅਰਜੀਆਂ ਲਈ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ  ਦਾਖਲੇ ਲਈ ਹਰੇਕ ਸਕੂਲ ਦੀ ਕਪੈਸਟੀ ਦੇ ਅਧਾਰ ਤੇ ਇਕ ਰਲੇ-ਮਿਲੇ ਅਤੇ ਨਿਰਪੱਖ ਤਰੀਕੇ ਨਾਲ ਚੋਣ ਦਾ ਫੈਸਲਾ ਕਰਨਗੇ ਕਿ ਕਿਸ ਨੂੰ ਦਾਖਲਾ ਮਿਲ ਸਕਦਾ ਹੈ ਅਤੇ ਕਿਸ ਨੂੰ ਨਹੀਂ। ਇੱਕ ਸਕੂਲ ਦੀ ਕਪੈਸਟੀ ਨੂੰ ਮਨਮਰਜੀ ਦੇ ਤਰੀਕੇ ਦੀ ਵਰਤੋਂ ਤੋਂ ਬਿਨਾ ਹਰੇਕ ਸਕੂਲ ਵਿੱਚ ਦਾਖਲ ਹੋਏ ਵਿਦਿਆਰਥੀਆਂ ਅਤੇ ਜਗ੍ਹਾ ਦੀ ਉੱਪਲਭਧੀ ਅਨੁਸਾਰ ਗਿਣਨਾ ਚਾਹੀਦਾ ਹੈ। (ਐਜੂਕੇਸ਼ਨ ਕੋਡ 35160)

ਦਾਖਲੇ ਦੇ ਫੈਸਲੇ ਵਿਦਿਆਰਥੀ ਦੇ ਅਕੈਡਮਿਕ ਅਤੇ ਜਾਂ ਐਥਲੈਟਿਕ ਪ੍ਰਦਰਸ਼ਨ ਦੇ ਅਧਾਰ ਤੇ ਨਹੀਂ ਕੀਤੀ ਜਾਣੀ ਚਾਹੀਦੀ, ਇਸ ਤੋਂ ਬਿਨਾ ਕਿ ਇਸ ਸਮੇਂ ਦੇ ਦਾਖਲੇ ਦੀ ਸ਼ਰੇਣੀ ਵਿਦਿਆਰਥੀ ਦੇ ਪ੍ਰਵਾਨਿਤ ਪ੍ਰੋਗਰਾਮ ਦੇ ਖਾਸ ਮੌਕਿਆਂ ਦੇ ਅਨੁਸਾਰ ਲੋੜ ਪੈਣ ਦੇ ਅਧਾਰ ਤੇ ਸੁਪਰਿੰਨਟੈਂਡੈਂਨਟ ਜਮ ਉਹਨਅ ਵੱਲੋਂ ਨਿਯੁਕਤ ਕੀਤੀ ਕੋਈ ਸਖਸ਼ੀਅਤ ਅਸਾਈਨਮੈਂਟਾਂ ਪੂਰੀਆਂ ਕਰਨ ਦੇ ਸਮੇਂ ਨੂੰ ਲੰਬਾ ਸਮਾਂ ਪ੍ਰਦਾਨ ਕਰ ਸਕਦੇ ਹਨ ਅਤੇ ਸ਼ਅਇਦ ਇਹ ਸਮਾਂ ਪ੍ਰੋਗਰਾਮ ਦੇ ਇਕਰਾਰਨਅਮੇ ਦੀ ਆਖਰੀ ਤਾਰੀਖ ਤੱਕ ਵੀ ਹੋ ਸਕਦਾ ਹੈ।  ਅਕੈਡਮਿਕ ਪ੍ਰਦਰਸ਼ਨ ਨੂੰ ਕਿਸੇ ਪ੍ਰੋਗਰਾਮ ਵਿੱਚ ਦਾਖਲ ਕਰਨ ਜਾਂ ਗਿਫਟਡ ਐਂਡ ਟੇਲੈਨਟਿਡ ਵਿਦਿਆਰਥੀਆਂ ਲਈ ਪ੍ਰੋਗਰਾਂਮ ਵਿੱਚ ਦਾਖਲੇ ਲਈ ਫੈਸਲਾ ਕਰਨ ਲਈ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।(ਐਜੂਕੇਸ਼ਨ ਕੋਡ 35160)

ਜੋ ਬੱਚਾ ਅਪਣੇ ਰਿਹਾਇਸ਼ੀ ਖੇਤਰ ਦੇ ਸਕੂਲ ਵਿੱਚ ਦਾਖਲ ਹੈ , ਦੂਜਾ ਬੱਚਾ ਜੋ ਤਬਦੀਲ ਹੋਕੇ ਉਸ ਸਕੂਲ ਵਿੱਚ ਆ ਰਿਹਾ ਹੈ , ਨਵੇਂ ਬੱਚੇ ਲਈ ਜਗ੍ਹਾ ਬਣਾਉਣ ਵਾਸਤੇ ਪਹਿਲੇ  ਬੱਚੇ ਨੂੰ ਉਸਦੇ ਸਕੂਲ ਵਿੱਚੋਂ ਕੱਢਿਆ ਨਹੀਂ ਜਾ ਸਕਦਾ ਹੈ। (ਐਜੂਕੇਸ਼ਨ ਕੋਡ 35160)

**ਟ੍ਰਾਂਸਪੋਰਟੇਸ਼ਨ**

20 ਯੂ ਐੱਸ ਸੀ 6316 ਦੇ ਅਨੁਸਾਰ ਕੇਵਲ ਟਾਈਟਲ 1 ਪ੍ਰੋਗਰਾਂਮ ਇੰਮਪਰੂਵਮੈਂਟ ਸਕੂਲਾਂ ਵਿੱਚੋਂ ਤਬਦੀਲ ਹੋਣ ਤੋਂ ਬਿਨਾ,  ਜਿਹੜੇ ਵਿਦਿਆਰਥੀਆਂ ਨੇ  ਆਪਣੇ ਰਿਹਾਇਸ਼ੀ ਖੇਤਰ ਤੋਂ ਬਾਹਰਲੇ ਸਕੂਲਾਂ ਵਿੱਚ ਤਬਦੀਲੀ ਕਰਵਾਈ ਹੋਈ ਹੈ, ਉਹਨਾ ਲਈ ਡਿਸਟ੍ਰਿਕਟ ਵਾਲਿਆਂ ਨੂੰ ਟਰਾਂਸਪੋਰਟੇਸ਼ਨ ਦੀ ਸੁਵਿਧਾ ਉਪਲਬਧੀ ਕਰਵਾਉਣੀ ਲਾਜ਼ਮੀਂ ਨਹੀਂ ਹੈ। ਫਿਰ ਵੀ, ਬੇਨਤੀ ਕਰਨ ਉਪਰੰਤ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ,  ਸਬੱਬੀ ਜਗ੍ਹਾ ਅਤੇ ਫੰਡਿੰਗ ਦੀ ਉੱਪਲਭਧੀ ਦੇ ਅਧਾਰ ਤੇ ਟਰਾਂਸਪੋਰਟੇਸ਼ਨ ਦੀ ਸੁਵਿਧਾ ਉਪਲਬਧ ਕਰਵਾ ਸਕਦੇ ਹਨ।

**ਡਿਸਟ੍ਰਿਕਟ ਦੇ ਸਕੂਲਾਂ ਵਿੱਚ ਓਪੱਨ ਇੰਨਰੋਲਮੈਂਟ (ਦਾਖਲਾ) (ਏ ਆਰ 5116.1, 23 ਫਰਵਰੀ, 2010 ਨੂੰ ਰਿਵਾਈਜ਼ ਕੀਤਾ ਗਿਆ)**
ਇੱਕ ਸਖਤ ਅਪਰਾਧਕ ਉਲੰਘਣਾ ਕਰਨ ਵਾਲੇ ਲਈ ਤਬਦੀਲੀ

ਉਚਿੱਤ ਸਮੇਂ ਦੇ ਅੰਦਰ, ਜੋ 14 ਦਿਨਾਂ ਤੋਂ ਜ਼ਿਆਦਾ ਨਹੀਂ ਹੋ ਸਕਦਾ, ਇਹ ਫੈਸਲਾ ਹੋਣ ਤੋਂ ਬਾਅਦ ਕਿ ਇੱਕ ਵਿਦਿਆਰਥੀ ਸਕੂਲੀ ਗਰਾਂਉਡ ਤੇ ਅਪਰਾਧਕ ਉਲੰਘਣਾ ਦਾ ਦੋਸ਼ੀ ਪਾਇਆ ਗਿਆ ਹੈ, ਤਾਂ ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ, ਵਿਦਿਆਰਥੀ ਦੇ ਮਾਤਾ-ਪਿਤਾ/ਗਾਰਡੀਅਨਾ ਨੂੰ ਉਹਨਾ ਦੇ ਬੱਚੇ/ਬੱਚੀ ਦੀ ਕਿਸੇ ਦੂਸਰੇ ਸਕੂਲ ਵਿੱਚ ਤਬਦੀਲੀ ਦੀ ਸਲਾਹ ਦੇਣਗੇ। ਇੱਕ ਵਿਦਿਆਰਥੀ ਸਖਤ ਅਪਰਾਧ ਦਾ ਉਲੰਘਕ ਹੈ, ਇਹ ਫੈਸਲਾ ਕਰਨ ਲਈ ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਕੇਸ ਤੋਂ ਕੇਸ ਦੇ ਅਧਅਰ ਤੇ  ਘਟਨਾ ਦੀਆਂ ਖਾਸ ਪਰਿਸਥਿਤੀਆਂ ਦੀ ਪੜਤਾਲ ਕਰਨਗੇ, ਅਤੇ ਜਿਵੇਂ ਵੀ ਠੀਕ ਹੋਵੇਗਾ, ਲੋਕਲ ਲਾ-ਇੰਨਫੋਰਸਮੈਂਟ ਨਾਲ ਸਲਾਹ ਕਰਨਗੇ। ਸਖਤ ਅਪਰਾਧਕ ਉਲੰਘਣਾ ਵਿੱਚ ਸ਼ਾਮਲ ਹੈ ਪਰ ਸੀਮਿਤ ਨਹੀਂ ਹੈ: ਕਿਸੇ ਨੂੰ ਮਾਰਨ ਦੀ ਕੋਸ਼ਿਸ਼ ਕਰਨੀ, ਭਿਆਨਕ ਸਰੀਰਕ ਸੱਟ-ਚੋਟ, ਕੋਈ ਹਥਿਆਰ ਕਬਜ਼ੇ ਵਿੱਚ ਹੋਣਾ, ਰੇਪ, ਸੈਕਸੂਅਲ ਬੇਟਰੀ, ਚੋਰੀ, ਗੈਰ-ਕਾਨੂੰਨੀ ਖੋਹ-ਖਿੰਝ, ਜਾਂ ਨਫਰਤੀ ਅਪਰਾਧ।

ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਪ੍ਰਭਾਵਿਤ ਵਿਦਿਆਰਥੀ ਦੀਆਂ ਲੋੜਾਂ ਅਤੇ ਪੂਰਵ ਅਧਿਕਾਰਾਂ ਬਾਰੇ ਅਤੇ ਵਿਦਿਆਰਥੀ ਦੇ ਮਾਤਾ-ਪਿਤਾ/ਗਾਰਡੀਅਨਾ ਨੂੰ ਪੇਸ਼ਕਸ਼ ਕਰਨ ਬਾਰੇ ਸੋਚ-ਵਿਚਾਰ ਕਰਨਗੇ। ਜੇਕਰ ਮਾਤਾ-ਪਿਤਾ/ਗਾਰਡੀਅਨ ਉਹਨਾ ਦੇ ਵਿਦਿਆਰਥੀ ਦੀ ਤਬਦੀਲੀ ਦੀ ਚੋਣ ਰੱਦ ਕਰਦੇ ਹਨ, ਤਾਂ ਇਹ ਤਬਦੀਲੀ ਜਿੰਨੀ ਛੇਤੀ ਹੋ ਸਕਦੀ ਹੋਵੇਗੀ, ਕਰਨਗੇ।

**'ਸਥਾਈ ਖਤਰਨਾਕ' ਸਕੂਲ ਵਿੱਚੋਂ ਤਬਦੀਲੀ**
ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ (CDE) ਵੱਲੋਂ ਕਿਸੇ ਸਕੂਲ ਨੂੰ 'ਸਥਾਈ ਖਤਰਨਾਕ ਸਕੂਲ' ਕਰਾਰ ਦੇਣ ਦੇ 10 ਦਿਨਾਂ ਦੇ ਬਾਅਦ ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ, ਸਕੂਲ ਦੇ ਮਾਪਿਆਂ/ਗਾਰਡੀਅਨਾ ਨੂੰ ਨੋਟਿਸ ਭੇਜੇਗਾ। ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਮਾਪੇ/ਗਾਰਡੀਅਨਾ ਨੂੰ ਇਸ ਨੋਟਿਸ ਭੇਜਣ ਦੇ 10 ਸਕੂਲੀ ਦਿਨਾ ਦੇ ਅੰਦਰ ਉਹਨਾ ਦੇ ਆਪਣੇ ਵਿਦਿਆਰਥੀ ਦੀ ਤਬਦੀਲੀ ਦੀ ਚੋਣ ਬਾਰੇ ਨੋਟਿਸ ਭੇਜੇਗਾ।

ਜਿਹੜੇ ਮਾਪੇ/ਗਾਰਡੀਅਨ ਆਪਣੇ ਬੱਚੇ/ਬੱਚੀ ਦੀ 'ਸਥਾਈ ਖਤਰਨਾਕ' ਸਕੂਲ ਵਿੱਚੋਂ ਤਬਦੀਲੀ ਕਰਵਾਉਣਾ ਚਾਹੁੰਦੇ ਹਨ, ਉਹਨਾ ਨੂੰ ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਨੂੰ ਲਿਖਤੀ ਬੇਨਤੀ ਪੱਤਰ ਭੇਜਣਾ ਪਵੇਗਾ, ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਵੱਲੋਂ ਸਾਰੇ ਸਕੂਲਾਂ ਵਿੱਚ ਟ੍ਰਾਂਸਫਰ ਵਿਦਿਆਰਥੀਆਂ ਲਈ ਪ੍ਰਵਾਨਿਤ ਸਕੂਲਾਂ ਵਿੱਚੋਂ, ਮਾਪਿਆਂ ਦੀ ਤਰਜੀਹ ਦੀ ਦਰਜਾਬੰਦੀ ਕਰਨਗੇ। ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਮਾਪਿਆਂ/ਗਾਰਡੀਅਨਾ ਦੁਆਰਾ ਬੇਨਤੀ ਦਰਜ ਕਰਵਾਉਣ ਦੇ 7 ਦਿਨਾਂ ਦੇ ਅੰਦਰ ਢੁਕਵੀਂ ਟਾਈਮਲਾਈਨ ਵੀ ਸਥਾਪਤ ਕਰਨਗੇ।

ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਕੋਈ ਵੀ ਅਸਾਂਈਨਮੈਂਟ ਦੇਣ ਤੋਂ ਪਹਿਲਾਂ ਵਿਦਿਆਰਥੀ ਅਤੇ ਮਾਤਾ-ਪਿਤਾ/ਗਾਰਡੀਅਨਾ ਦੀਆਂ ਲੋੜਾਂ ਤੇ ਵਿਚਾਰ ਕਰਨਗੇ, ਪਰ ਉਹਨਾ ਲਈ ਮਾਪਿਆਂ/ਗਾਰਡੀਅਨਾ ਦੀਆਂ ਪ੍ਰੈਫਰੈਂਸਾਂ ਨੂੰ ਮੰਨਣਾ ਜ਼ਰੂਰੀ ਨਹੀਂ ਹੈ, ਜੇਕਰ ਅਸਾਈਨਮੈਂਟ ਜਗ੍ਹਾਂ ਦੀ ਪਾਬੰਦੀ ਅਤੇ ਹੋਰ ਕਾਰਨਾ ਦੇ ਕਾਰਨ ਸੰਭਵ ਨਹੀਂ ਹੈ। ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ ਵੱਲੋਂ ਸਕੂਲ ਬਾਰੇ ਨੋਟਿਸ ਪ੍ਰਾਪਤ ਕਰਨ ਤੋਂ ਬਾਅਦ, ਜਿਹੜੇ ਵਿਦਿਆਰਥੀ ਪੇਸ਼ਕਸ਼ ਨੂੰ ਪ੍ਰਵਾਨ ਕਰਦੇ ਹਨ, ਉਹਨਾ ਲਈ ਆਮ ਤੌਰ ਤੇ 30 ਸਕੂਲੀ ਦਿਨਾ ਦਮ ਤੌਰ ਤੇ 30 ਸਕੂਲੀ ਦਿਨਾ ਦੇ ਅੰਦਰ ਤਬਦੀਲੀ ਹੋਣੀ ਜ਼ਰੂਰੀ ਹੈ। ਜੇਕਰ ਮਾਪੇ/ਗਾਰਡੀਅਨ ਇਸ ਤਬਦੀਲੀ ਦੀ ਪੇਸ਼ਕਸ਼ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ, ਤਾਂ ਵਿਦਿਆਰਥੀ ਉਸੇ ਸਕੂਲ ਵਿੱਚ ਰਹੇਗਾ।

ਇਹ ਤਬਦੀਲੀ ਉਸ ਸਮੇਂ ਤੱਕ ਲਾਗੂ ਰਹੇਗੀ, ਜਦੋਂ ਤੱਕ ਵਿਦਿਆਰਥੀ ਦਾ ਸਕੂਲ 'ਸਥਾਈ ਖਤਰਨਾਕ' ਸਕੂਲ ਕਰਾਰ ਦਿੱਤਾ ਰਹੇਗਾ। ਸੁਪਰਿੰਨਟੈਂਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ, ਵਿਦਿਆਰਥੀ ਦੀਆਂ ਸਿਖਿਅਕ ਲੋੜਾਂ, ਅਤੇ ਮਾਪੇ/ਗਾਰਡੀਅਨਾ ਦੀ ਪ੍ਰੈਫਰੈਂਸ ਅਤੇ ਹੋਰ ਤੱਥ ਜੋ ਵਿਦਿਆਰਥੀ ਸਫਲਤਾ ਲਈ, ਉਸ ਵੱਲੋਂ ਮੁੜ ਉਸੇ ਸਕੂਲ ਵਿੱਚ ਆਉਣ ਲਈ ਮੁਮਖ ਸਮਝੇ ਜਾਂ ਸਕਦੇ ਹਨਣ ਉਹਨਾ ਦੇ ਅਧਅਰ ਤੇ ਇਹ ਤਬਦਲਿੀ ਹਮੇਸ਼ਮ ਲਈ ਵੀ ਕਰ ਸਕਦੇ ਹਨ।

ਜੇਕਰ ਡਿਸਟ੍ਰਿਕਟ ਦੇ ਸਕੂਲਾਂ ਵਿੱਚ ਜਗ੍ਹਾ ਘੱਟ ਹੋਵੇ ਤਾਂ ਸੁਪਰਿੰਨਟੈਨਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸ਼ੀਅਤ ਨਾਲ ਦੇ ਹੋਰ ਸਕੂਲ ਡਿਸਟ੍ਰਿਕਟਾਂ ਨਾਲ ਮਿਲ ਕੇ ਇੰਟਰਡਿਸਟ੍ਰਿਕਟ ਤਬਦੀਲੀ ਪ੍ਰੋਗਰਾਮ ਤਿਆਰ ਕਰ ਸਕਦੇ ਹਨ।

**ਐਪਲੀਕੇਸ਼ਨ ਪੀਰੀਅਡ:**
ਜਿਹੜੇ ਵਿਦਿਆਰਥੀ ਕਿੰਡਰਗਾਰਟਨ ਤੋਨ 12ਵੀਂ ਗ੍ਰੇਡ ਵਿੱਚ ਅਗਲੇ ਸਕੂਲੀ ਸਾਲ ਦੇ ਸ਼ੁਰੂ ਵਿਮਚ ਦਾਖਲ ਹੋਣਗੇ, ਉਹਨਾ ਲਈ ਸਲਾਨਾ ਓਪੱਨ ਇੰਨਰੋਲਮੈਂਟ ਦੀ ਪੇਸ਼ਕਸ਼ ਕੀਤੀ ਜਾਵੇਗੀ। ਓਪੱਨ ਇੰਨਰੋਲਮੈਂਟ ਲਈ ਤਾਰੀਖਾਂ ਦੀ ਘੋਸ਼ਣਾ ਪਹਿਲਾਂ ਹੀ ਕੀਤੀ ਜਾਵੇਗੀ, ਜੋ ਹਰੇਕ ਸਾਲ 15 ਨਵੰਬਰ ਤੋਂ 30 ਜਨਵਰੀ ਤੱਕ ਹੋਣਗੀਆਂ।

ਓਪੱਨ ਇੰਨਰੋਲਮੈਂਟ ਐਪਲੀਕੇਸ਼ਨ ਪ੍ਰੋਸੈੱਸ ਦੀ ਕਾਰਜ-ਪ੍ਰਣਾਲੀ, ਕਿੰਡਰਗਾਰਟਨ ਤੋਂ 12ਵੀਂ ਗ੍ਰੇਡ:

1) ਡਿਸਟ੍ਰਿਕਟ ਦੇ ਸਕੂਲਾਂ ਦੀ ਹੱਦਬੰਦੀ ਵਿੱਚ ਰਹਿਣ ਵਾਲਿਆਂ ਲਈ ਤਬਦੀਲੀ ਲਈ ਅਰਜੀਆਂ ਸੈਂਟਰਲ ਲੋਕੇਸ਼ਨ ਤੇ ਉੱਪਲਭਧ ਹੋਣਗੀਆਂ।
2) ਇਹ ਅਰਜੀਆਂ ਓਪੱਨ ਇੰਨਰੋਲਮੈਂਟ ਤਾਰੀਖਾਂ ਦੇ ਦੌਰਾਨ ਭਰੀਆਂ ਜਾਣਿਆਂ ਜ਼ਰੂਰੀ ਹਨ।
3) ਮਾਪੇ/ਗਾਰਡੀਅਨ ਦੋ ਸਕੂਲਾਂ ਬਾਰੇ ਅਰਜੀ ਵਿੱਚ ਬੇਨਤੀ ਕਰ ਸਕਦੇ ਹਨ।
4) ਹਰੇਕ ਅਰਜੀ ਭਰਨ ਵਾਲੇ ਨੂੰ ਡਾਕ ਰਾਹੀਂ ਉਸਦੀ ਤਬਦੀਲੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
5) ਵਿਦਿਆਰਥੀਆਂ ਨੂੰ ਉਹਨਾ ਦੀ ਪਸੰਦ ਦੇ ਕੇਵਲ ਪਹਿਲੇ ਸਕੂਲ ਦੀ ਵੇਟਿੰਗ ਲਿਸਟ ਤੇ ਪਾਇਆ ਜਾਵੇਗਾ।

ਕਿਸੇ ਵੀ ਸਕੂਲ ਵਿੱਚ ਉੱਪਲਭਧ ਜਗ੍ਹਾ, ਉਸ ਸਕੂਲ ਦੀ ਫਿਜ਼ਕਿਲ ਅਤੇ ਪ੍ਰੋਗਰਾਂਮ ਦੀ ਸਮਰਮਥਾ ਅਤੇ ਉਸ ਸਕੂਲ ਦੀ ਹੱਦਬਨਦੀ ਵਿਚਲੇ ਵਿਦਿਆਰਥੀ ਦਾਖਲੇ ਉੱਪਰ ਨਿਰਭਰ ਕਰਦੀ ਹੈ।

**ਇੰਟਰਾਡਿਸਟ੍ਰਿਕਟ ਤਬਦੀਲੀ ਦੀਆਂ ਬੇਨਤੀਆਂ ਲਈ ਓਪੱਨ ਇੰਨਰੋਲਮੈਂਟ ਦੀ ਤਰਜੀਹ**

ਜੇਕਰ ਇੱਕ ਸਕੂਲ ਵਿੱਚ ਜਾਂ ਸਕੂਲ ਦੇ ਕਿਸੇ ਗ੍ਰੇਡ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਅਰਜੀਆਂ ਜਿਆਦਾ ਹਨ ਤਾਂ ਲਾਟਰੀ ਸਿਸਟਮ ਨਾਲ ਨਿਰਣਾ ਕੀਤਾ ਜਾਵੇਗਾ ਕਿ ਕਿਹੜੇ ਵਿਦਿਆਰਥੀਆਂ ਦਿਆਂ ਅਰਜੀਆਂ ਕਬੂਲ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਇੱਕ ਵੇਟਿੰਗ ਲਿਸਟ ਵੀ ਤਿਆਰ ਕੀਤੀ ਜਾਵੇਗੀ, ਤਾਂ ਕਿ ਜਿਵੇਂ ਹੀ ਜਗ੍ਹਾ ਉੱਪਲਭਧ ਹੋਵੇ, ਲਿਸਟ ਵਿਚਲੇ ਅਗਲੇ ਵਿਦਿਆਰਥੀ ਨੂੰ ਦਾਖਲਾ ਦਿੱਤਾ ਜਾ ਸਕੇ।

**ਇੰਟਰਾਡਿਸਟ੍ਰਿਕਟ ਤਬਦੀਲੀ ਦੇ ਇਕਰਾਰਨਾਮੇਂ ਨੂੰ ਨਵਿਆਉਣਾ**

2011-2012 ਸਕੂਲੀ ਸਾਲ ਲਈ, ਸਲਾਨਾ ਇੰਟਰਾਡਿਸਟ੍ਰਿਕਟ ਤਬਦੀਲੀਆਂ ਦੇ ਇਕਰਾਰਨਾਮਿਆਂ ਨੂੰ ਨਵਿਆਉਣਾ, ਜਿਹਨਾ ਦੀ ਪਿਛਲੇ ਸਾਲ ਬੇਨਤੀ ਕੀਤੀ ਗਈ ਸੀ। ਇੰਟਰਾਡਿਸਟ੍ਰਿਕਟ ਤਬਦੀਲੀਆਂ ਦੇ ਇਕਰਾਰਨਾਮਿਆਂ ਨੂੰ ਨਵਿਆਉਣਾ ਸਕੂਲੀ ਸਾਲ 2012-2013 ਵਿੱਚ ਵੀ ਜ਼ਰੂਰੀ ਹੋਵੇਗਾ ਅਤੇ ਇਹ ਕਾਰਜ-ਪ੍ਰਣਾਲੀ ਓਪੱਨ ਇੰਨਰੋਲਮੈਂਟ ਦੀਆਂ ਤਾਰੀਖਾਂ 15 ਨਵੰਬਰ ਤੋਂ 30 ਜਨਵਰੀ ਦੌਰਾਨ ਪੂਰੀ ਕਰਨੀ ਜ਼ਰੂਰੀ ਹੋਵੇਗੀ।

**ਨੋਟੀਫਿਕੇਸ਼ਨਾ**

ਮਾਪਿਆਂ/ਗਾਰਡੀਅਨਾ ਲਈ ਹਰੇਕ ਸਕੂਲੀ ਸਾਲ ਦੇ ਸ਼ੁਰੂ ਵਿੱਚ ਸਾਰੀਆਂ ਹੁਣ ਦੀਆਂ ਸਕੂਲੀ ਹਾਜ਼ਰੀ ਦੀਆਂ ਚੋਣਾ ਅਤੇ ਲੋਕਲ ਹਾਜ਼ਰੀ ਦਿਆਂ ਚੋਣਾ ਡਿਸਟ੍ਰਿਕਟ ਵਿੱਚ ਉੱਪਲਭਧ ਹਨ। ਇਸ ਤਰਾਂ ਦੀ ਨੋਟੀਫਿਕੇਸ਼ਨ ਵਿੱਚ ਸ਼ਾਮਿਲ ਹੋਵੇਗਾ: (ਐਜੂਕੇਸ਼ਨ ਕੋਡ 48980)

1) ਸਕੂਲੀ ਹਾਜ਼ਰੀ ਲਈ ਰਿਹਾਇਸ਼ੀ ਜ਼ਰੂਰਤਾਂ ਪੂਰੀਆਂ ਕਰਨ ਲਈ ਸਾਰੀਆਂ ਚੋਣਾ
2) ਲੋਕਲ ਹਾਜ਼ਰੀ ਦੇ ਖੇਤਰ ਅੰਦਰ ਪੇਸ਼ ਕੀਤੇ ਜਾਂਦੇ ਪ੍ਰੋਗਰਾਂਮਾ ਦੀਆਂ ਚੋਣਾ
3) ਇੰਟਰਾਡਿਸਟ੍ਰਿਕਟ ਅਤੇ ਇੰਟਰਡਿਸਟ੍ਰਿਕਟ ਦੇ ਅਧਾਰ ਤੇ ਉੱਪਲਭਧ ਕਿਸੇ ਵੀ ਸਪੈਸ਼ਲ ਪ੍ਰੋਗਰਾਂਮ ਦੀ ਚੋਣ ਦੀ ਵਿਆਖਿਆ
4) ਆਲਟਰਨੇਟਿਵ ਹਾਜ਼ਰੀ ਦੇ ਖੇਤਰਾਂ ਜਾਂ ਪ੍ਰੋਗਰਾਂਮਾ ਅਤੇ ਅਪੀਲਾਂ ਦੀ ਕਾਰਜਵਿਧੀ ਜੋ ਉੱਪਲਭਧ ਹੈ, ਜਾਂ ਜੇਕਰ ਕੋਈ ਹੈ, ਜਾਜ਼ਰੀ ਦੀ ਤਬਦਲਿੀ ਨਾਮਨਜ਼ੂਰ ਹੋਈ ਹੈ, ਦੀ ਕਾਰਜਵਿਧੀ ਦੀ ਵਿਆਖਿਆ
5) ਇੱਕ ਡਿਸਟ੍ਰਿਕਟ ਦਾ ਅਰਜ਼ੀ ਫਾਰਮ ਜੋ ਹਾਜ਼ਰੀ ਦੀ ਤਬਦੀਲੀ ਦੀ ਬੇਨਤੀ ਲਈ ਹੋਵੇ
6) ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ ਵੱਲੋਂ ਪ੍ਰਦਾਨ ਕੀਤੀ ਗਈ ਅਨੁਸਾਰ ਕੈਲੀਫੋਰਨੀਆਂ ਦੇ ਕਾਨੂੰਨ ਅਧੀਨ ਹਾਜ਼ਰੀ ਦੀਆਂ ਆਪਸ਼ਨਾ ਬਾਰੇ ਵਿਆਖਿਆ

**ਮਾਪੇ/ਗਾਰਡੀਅਨ ਦੇ ਰਿਹਾਇਸ਼ੀ ਖੇਤਰ ਦੇ ਸਕੂਲ ਡਿਸਟ੍ਰਿਕ ਦੀ ਹੱਦੋਂ ਬਾਹਰ ਸਕੂਲ ਚੁਣਨਾ**

ਮਾਪੇ/ਗਾਰਡੀਅਨ ਦੇ ਰਿਹਾਇਸ਼ੀ ਖੇਤਰ ਦੇ ਸਕੂਲ ਡਿਸਟ੍ਰਿਕ ਦੀਆਂ ਹੱਦਾਂ ਤੋਂ ਬਾਹਰ ਸਕੂਲ ਚੁਣਨ ਲਈ ਮਾਪਿਆਂ ਜਾਂ ਗਾਰਡੀਅਨ ਕੋਲ ਤਿੰਨ ਵੱਖ-ਵੱਖ ਚੋਣਾਂ ਹਨ। ਇਹ ਚੋਣਾਂ ਹੇਠ ਲਿੱਖੀਆਂ ਹਨ:

**ਇੰਟਰਡਿਸਟ੍ਰਿਕ ਹਾਜ਼ਰੀ (ਬੀ ਪੀ 5117- 23 ਫਰਵਰੀ, 2010 ਨੂੰ ਰਿਵਾਇਜ਼ ਕੀਤੀ ਗਈ)**

ਗਵਰਨਿੰਗ ਬੋਰਡ ਮਨਦਾ ਹੈ ਕਿ ਇੱਕ ਡਿਸਟ੍ਰਿਕ ਵਿੱਚ ਰਿਹਾਇਸ਼ ਕਰ ਰਿਹਾ ਵਿੱਦਿਆਰਥੀ ਦੂਜੇ ਡਿਸਟ੍ਰਿਕ ਦੇ ਸਕੂਲ ਵਿੱਚ ਜਾਣ ਦਾ ਫੈਸਲਾ ਕਰ ਸਕਦਾ ਹੈ ਅਤੇ ਇਹ ਫੈਸਲਾ ਕਈ ਕਾਰਣਾਂ ਕਰਕੇ ਹੋ ਸਕਦਾ ਹੈ। ਡਿਸਟ੍ਰਿਕ ਵਿੱਚ ਜੋ ਸਿਖਿਅਕ ਪ੍ਰੋਗਰਾਮ ਅਤੇ ਸੇਵਾਵਾਂ ਉਪਲਬਧ ਹਨ, ਬੋਰਡ ਵਾਲੇ ਮਾਪਿਆਂ, ਗਾਰਡੀਅਨਾਂ ਅਤੇ ਵਿੱਦਿਆਰਥੀਆਂ ਨਾਲ ਉਨ੍ਹਾਂ ਬਾਰੇ ਵਿੱਚਾਰ ਵਟਾਂਦਰਾ ਕਰਨ ਦੀ ਇੱਛਾ ਰਖਦੇ ਹਨ।

ਵਿਦਿਆਰਥੀ ਦੇ ਮਾਪਿਆਂ/ਗਾਰਡੀਅਨਜ਼ ਦੀ ਬੇਨਤੀ ਤੇ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਇੰਟਰਡਿਸਟ੍ਰਿਕਟ ਹਾਜ਼ਰੀ ਲਈ ਕੇਸ ਬਾਈ ਕੇਸ ਕਿਸੇ ਵਿਦਿਆਰਥੀ ਦੀਆਂ ਲੋੜਾਂ ਅਨੁਸਾਰ ਪ੍ਰਵਾਨਗੀ ਦਿੰਦੇ ਹਨ।

ਇੰਟਰਡਿਸਟ੍ਰਿਕਟ ਤਬਦੀਲੀ ਦਾ ਪਰਮਿਟ 5 ਸਾਲ ਦੀ ਟਰਮ ਤੋਂ ਜਿਆਦਾ ਨਹੀਂ ਹੋ ਸਕਦਾ ਅਤੇ ਇੱਕਰਾਰਨਾਮੇ ਦੀਆਂ ਸ਼ਰਤਾਂ ਅਤੇ ਹਾਲਾਤਾਂ ਅਨੁਸਾਰ ਇੰਟਰਡਿਸਟ੍ਰਿਕਟ ਹਾਜ਼ਰੀ ਅਨੁਸਾਰ ਪ੍ਰਵਾਨ ਅਤੇ ਅਪ੍ਰਵਾਨ ਹੋ ਸਕਦਾ ਹੈ। ( ਐਜੁਕੇਸ਼ਨ ਕੋਡ 46600)

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਲੋੜ ਨਾਲੋਂ ਵੱਧ ਨਾ ਹੋਵੇ ਅਤੇ ਡਿਸਟ੍ਰਿਕਟ ਦੇ ਸਾਧਨਾ ਨੂੰ ਮੁੱਖ ਰੱਖਦੇ ਹੋਏ ਇੰਟਰਡਿਸਟ੍ਰਿਕਟ ਤਬਦੀਲੀ ਤੋਂ ਨਾ ਕਰ ਸਕਦੇ ਹਨ।

ਇੰਟਰਡਿਸਟ੍ਰਿਕ ਤਬਦੀਲੀਆਂ ਸਬੰਧੀ ਲਾਅ (ਕਾਨੂੰਨ) ਹੇਠ ਲਿਖੀਆਂ ਗਲਾਂ ਲਈ ਵੀ ਇਜਾਜ਼ਤ ਦਿੰਦਾ ਹੈ: (ਐਜੂਕੇਸ਼ਨ ਕੋਡ ਦੇ 46600 ਹਿੱਸੇ ਤੋਂ 46607 ਤੱਕ)

- ਜੇਕਰ ਦੋਨਾਂ ਵਿੱਚੋਂ ਇੱਕ ਡਿਸਟ੍ਰਿਕ ਭੀ ਤਬਦੀਲੀ ਲਈ ਮਨਾਹੀ ਕਰੇ, ਤਾਂ ਮਾਪੇ ਉਸ ਫੈਸਲੇ ਦੇ ਬਰਖਲਾਫ ਕਉਂਟੀ ਬੋਰਡ ਆਫ ਐਜੂਕੇਸ਼ਨ ਨੂੰ ਅਪੀਲ ਕਰ ਸਕਦੇ ਹਨ। ਅਪੀਲ ਕਰਨ ਲਈ ਅਤੇ ਕਉਂਟੀ ਬੋਰਡ ਆਫ ਐਜੂਕੇਸ਼ਨ ਨੂੰ ਫੈਸਲਾ ਸੁਣਾਉਨ ਲਈ ਸਮੇਂ ਦੀ ਰੇਖਾ ਮਿਥੀ ਗਈ ਹੈ।

- ਜਿਹੜਾ ਵਿੱਦਿਆਰਥੀ ਡਿਸਟ੍ਰਿਕ ਵਿੱਚ ਤਬਦੀਲ ਹੋਕੇ ਆਵੇ ਉਸ ਲਈ ਡਿਸਟ੍ਰਿਕ ਵਲੋਂ ਟਰਾਂਸਪੋਰਟੇਸ਼ਨ ਦੀ ਉਪਲਬਧੀ ਲਾਜ਼ਮੀ ਨਹੀਂ ਹੈ।

**ਮਾਪਿਆਂ ਦੇ ਰਿਹਾਇਸ਼ੀ ਖੇਤਰ ਦੀ ਬਜਾਏ ਨੌਕਰੀ ਦੇ ਖੇਤਰ ਵਿੱਚ ਤਬਦੀਲੀ ਕਰਵਾਉਣੀ (ਐਜੂਕੇਸ਼ਨ ਕੋਡ ਦੇ 48504 ਹਿੱਸੇ ਅਨੁਸਾਰ)**

(ਐਜੈਕੇਸ਼ਨ ਕੋਡ ਸੈਕਸ਼ਨ 48204(ਬੀ) ਇਜਾਜ਼ਤ ਦਿੰਦਾ ਹੈ ਕਿ ਜਿਸ ਵਿੱਦਿਆਰਥੀ ਦਾ ਇੱਕ ਜਾਂ ਦੋਨੋਂ ਮਾਪੇ ਜਾਂ ਗਾਰਡੀਅਨ ਸਕੂਲ ਡਿਸਟ੍ਰਿਕ ਦੀ ਹੱਦਬੰਦੀ ਵਿੱਚ ਕੰਮ ਕਰਦੇ ਹਨ ਤਾਂ ਸਕੂਲ ਵਿੱਚ ਦਾਖਲਾ ਲੈਣ ਲਈ ਉਸ ਵਿੱਦਿਆਰਥੀ ਦੇ ਮਾਪਿਆਂ ਦੀਆਂ ਰਿਹਾਇਸ਼ ਵਾਲੀਆਂ ਸ਼ਰਤਾਂ ਪੂਰੀਆਂ ਮਨੀਆਂ ਜਾਣ ਗੀਆਂ। ਇਸ ਕੋਡ ਸੈਕਸ਼ਨ ਦੇ ਤਹਿਤ ਵਿੱਦਿਆਰਥੀ ਨੂੰ ਐਸੇ ਸਕੂਲ ਡਿਸਟ੍ਰਿਕ ਵਿੱਚ ਖੁਦਬਖੁਦ ਦਾਖਲਾ ਮਿਲਣਾ ਲਾਜ਼ਮੀ ਨਹੀਂ ਹੈ, ਪਰ ਉਸਨੂੰ ਜਾਤੀ, ਸੈਕਸ, ਮਾਪਿਆਂ ਦੀ ਆਮਦਨ, ਸਿੱਖਿਅਕ ਕਾਮਯਾਬੀ, ਜਾਂ ਕਿਸੇ ਦੂਜੇ ਦੀ "ਆਰਬਿਟਰੇਰੀ" (ਮਰਜ਼ੀ) ਦੇ ਅਧਾਰ ਤੇ ਦਾਖਲੇ ਲਈ ਮਨਾਹੀ ਵੀ ਨਹੀਂ ਕੀਤੀ ਜਾ ਸਕਦੀ ਹੈ।

**ਕੈਲੀਫੋਰਨੀਆ ਇੰਟਰਸਕੌਲਿਸਟਿਕ ਫੈਡਰੇਸ਼ਨ(ਸੀ ਆਈ ਐਫ)**

ਇਕ ਵਿਦਿਆਰਥੀ ਜਦੋਂ ਇਕ ਹਾਈ ਸਕੂਲ ਚੋਂ ਦੂਜੇ ਹਾਈ ਸਕੂਲ ਵਿੱਚ ਤਬਦੀਲ ਹੋਕੇ ਜਾਂਦਾ ਹੈ ਤਾਂ ਹੋ ਸਕਦਾ ਹੈ ਕਿ ਨਵੇਂ ਹਾਈ ਸਕੂਲ ਵਿੱਚ ਉਸਦੀ ਅਥਲੈਟਿਕਸ ਵਿੱਚ ਹਿੱਸਾ ਲੈਣ ਦੀ ਯੋਗਤਾ ਤੇ ਅਸਰ ਪਵੇ। ਅਥਲੈਟਿਕਸ ਵਿੱਚ ਹਿਸਾ ਲੈਣ ਦੀ ਯੋਗਤਾ ਬਾਰੇ ਜਾਣਕਾਰੀ ਕੈਲੀਫੋਰਨੀਆ ਇੰਟਰਸਕੋਲਿਸਟਿਕ ਫੈਡਰੇਸ਼ਨ ਦੀ ਵੈਬਸਾਈਟ ਤੋਂ ਲਈ ਜਾ ਸਕਦੀ ਹੈ: www.cifsjs.com ਜਾਂ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਔਫਿਸ ਨੂੰ 822-7641 ਤੇ ਫੋਨ ਕਰੋ।

**ਦਾਖਲੇ ਸਬੰਧੀ ਤਸਦੀਕ ਅਤੇ ਦਾਖਲੇ ਤੋਂ ਪਹਿਲਾਂ ਬਿਮਾਰੀ ਤੋਂ ਸੁਰੱਖਿਤ ਰਹਿਣ ਲਈ ਟੀਕੇ (ਇਨਰੋਲਮੈਂਟ ਵੈਰੀਫਿਕੇਸ਼ਨ ਅਤੇ ਇਮਯੁਨਾਈਜ਼ੇਸ਼ਨ ਪ੍ਰਾਇਰ ਟੂ ਇਨਰੋਲਮੈਂਟ)**

1 ਦਾਖਲੇ ਦੇ ਸਮੇਂ, ਘਰ ਦੇ ਪਤੇ ਦੀ ਤਸਦੀਕ(ਹੋਮ ਅੱਡਰੈਸ ਵੇਰੀਫੀਕੇਸ਼ਨ): ਮਾਪੇ/ਗਾਰਡੀਅਨ/ਦੇਖਰੇਖ ਕਰਨ ਵਾਲਿਆਂ ਲਈ ਜ਼ਰੂਰੀ ਹੈ ਕੀ ਉਹ ਸਰਕਾਰੀ ਕਾਗਜ਼ਾਤ ਜਾਂ ਕੋਈ ਹੋਰ ਤਸਦੀਕੀ ਕਾਗਜ਼ਾਤ ਲੈਕੇ ਆਉਣ ਜਿਸ ਨਾਲ ਘਰ ਦੇ ਪਤੇ ਦੀ ਤਸਦੀਕ ਹੋ ਸਕੇ । ਕਿਸੇ ਵੀ ਬੇਘਰ ਬੱਚੇ ਨੂੰ ਸਕੂਲ ਵਿੱਚ ਦਾਖਲਾ ਲੈਣ ਦੀ ਮਨਾਹੀ ਨਹੀਂ ਹੈ।

2. ਬਿਮਾਰੀ ਤੋਂ ਸੁਰੱਖਿਤ ਰਹਿਣ ਵਾਲੇ ਟੀਕੇ (ਇਮਯੁਨਾਈਜ਼ੇਸ਼ਨ) (ਏ ਆਰ 5141.31- 27 ਜਨਵਰੀ, 2009 ਵਿੱਚ ਰਿਵਿਉ ਕੀਤਾ ਗਿਆ):

ਦਾਖਲੇ ਸਮੇਂ, ਵਿੱਦਿਆਰਥੀ ਲਾਜ਼ਮੀ ਤੌਰ ਤੇ ਬਿਮਾਰੀ ਤੋਂ ਸੁਰੱਖਿਤ ਰਹਿਣ ਵਾਲੇ ਸਾਰੇ ਟੀਕਿਆਂ ਦਾ ਸਬੂਤ ਪੇਸ਼ ਕਰਨ, ਜਿਨ੍ਹਾਂ ਬਿਮਾਰੀਆਂ ਦੇ ਟੀਕਿਆਂ ਦੇ ਸਬੂਤ ਚਾਹੀਦੇ ਹਨ, ਉਹ ਹਨ: ਡਿਫਥੀਰਿਆ, ਕਾਲੀ ਖਾਂਸੀ, ਟੈਟਨੱਸ, ਪੋਲੀਓਮਾਈਲਾਈਟਸ, ਖਸਰਾ, ਕਨਪੇੜੇ, ਅਤੇ ਰੁਬੈਲਾ। ਇਨ੍ਹਾਂ ਦੇ ਸਬੂਤ ਡੌਕਟਰ, ਨਰਸ ਜਾਂ ਕਲਿਨਿਕ ਨੇ ਸਟੇਟ ਡਿਪਾਰਟਮੈਂਟ ਔਫ ਹੈਲਥ ਸਰਵਿਸਜ਼ ਵਲੋਂ ਮਿਲੇ ਆਦੇਸ਼ਾਂ ਅਨੁਸਾਰ ਫਾਈਲ ਕਰਦੇ ਹਨ।

ਦਾਖਲਾ ਲੈਣ ਸਮੇਂ, ਸਕੂਲ ਵਿੱਚ ਦਾਖਲ ਹੋਣ ਵਾਲੇ ਬੱਚਿਆਂ, ਜਾਂ ਚਾਈਲਡ ਕੇਅਰ ਅਤੇ ਡਵੈਲੱਪਮੈਂਟ ਪ੍ਰੋਗਰਾਮ ਵਿੱਚ ਕਿੰਡਰਗਾਰਟਨ ਜਾਂ ਉਸ ਤੋਂ ਘਟ ਲੈਵਲ ਵਿੱਚ ਦਾਖਲ ਹੋਣ ਵਾਲੇ ਬੱਚਿਆਂ ਲਈ ਹਿਪੇਟਾਈਟਸ(ਪੀਲੀਆ) ਤੋਂ ਸੁਰੱਖਿਤ ਰਹਿਣ ਵਾਲੇ ਟੀਕੇ ਦਾ ਸਬੂਤ ਪੇਸ਼ ਕਰਨਾ ਲਾਜ਼ਮੀ ਹੈ। ਸਾਢੇ ਚਾਰ ਸਾਲ ਦੀ ਉਮਰ ਤੋਂ ਘਟ ਉਮਰ ਦੇ ਬੱਚਿਆਂ ਲਈ ਹੀਮੋਫਿਲਿਸ ਇਨਫਲੂਐਂਜ਼ਾ ਟਾਈਪ ਬੀ ਤੋਂ ਸੁਰੱਖਿਤ ਰਹਿਣ ਵਾਲੇ ਟੀਕੇ ਦਾ ਸਬੂਤ ਪੇਸ਼ ਕਰਨਾ ਲਾਜ਼ਮੀ ਹੈ।(ਹੈਲਥ ਅਤੇ ਸੇਫਟੀ ਕੋਡ 120335)

ਜਿਹੜੇ ਬੱਚਿਆਂ ਨੇ 1ਜੁਲਾਈ, 1999 ਨੂੰ ਜਾਂ ਉਸ ਤੋਂ ਬਾਅਦ ਸਤਵੀਂ ਗ੍ਰੇਡ ਵਿੱਚ ਦਾਖਲਾ ਲੈਣਾ ਹੈ ਜਾਂ ਤਬਦੀਲ ਹੋਕੇ ਸਤਵੀਂ ਵਿੱਚ ਆਣਾ ਹੈ, ਜਾਂ ਪਾਸ ਹੋਕੇ ਸਤਵੀਂ ਵਿੱਚ ਜਾਣਾ ਹੈ, ਜਾਂ ਕਲਾਸ ਦੁਹਰਾਉਣੀ ਹੈ, ਤਾਂ ਦਾਖਲਾ ਲੈਣ ਜਾਣ ਸਮੇਂ ਉਹ ਲਾਜ਼ਮੀ ਤੌਰ ਤੇ ਹਿਪੇਟਾਈਟਸ ਬੀ ਤੋਂ ਸੁਰੱਖਿਤ ਰਹਿਣ ਵਾਲੇ ਟੀਕੇ ਦਾ ਸਬੂਤ ਸਕੂਲ ਲੈਕੇ ਜਾਣ। (ਹੈਲਥ ਅਤੇ ਸੇਫਟੀ ਕੋਡ 120335)

ਜਿਸ ਵਿੱਦਿਆਰਥੀ ਕੋਲ ਬਿਮਾਰੀ ਤੋਂ ਸੁਰੱਖਿਤ ਰਹਿਣ ਵਾਲੇ ਲਾਜ਼ਮੀ ਟੀਕੇ ਲਗਣ ਦਾ ਸਬੂਤ ਨਹੀਂ ਹੈ ਉਸਨੂੰ ਸਕੂਲ ਚੋਂ ਬਾਹਰ ਰਖਿਆ ਜਾਵੇਗਾ ਜਦ ਤੱਕ ਉਹ ਸਾਰੇ ਲਾਜ਼ਮੀ ਟੀਕਿਆਂ ਦਾ ਸਬੂਤ ਪੇਸ਼ ਨਹੀਂ ਕਰੇਗਾ ਜਾਂ ਜਦ ਤੱਕ ਉਹ ਡੌਕਟਰ ਜਾਂ ਆਪਣੇ ਮਾਪੇ/ਗਾਰਡੀਅਨ ਕੋਲੋਂ ਛੋਟ ਦਾ ਲਿਖਤੀ ਸਬੂਤ ਪੇਸ਼ ਨਹੀਂ ਕਰਦਾ। ਇਹ ਛੋਟ ਸਿਰਫ ਇਨ੍ਹਾਂ ਹਾਲਾਤਾਂ ਹੇਠ ਮਿਲ ਸਕਦੀ ਹੈ ਜਦ ਮਾਪੇ/ਗਾਰਡੀਅਨ ਲਿਖਤੀ ਰੂਪ ਵਿੱਚ ਪੇਸ਼ ਕਰਨ ਕਿ ਇਹ ਟੀਕੇ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਦੇ ਬਰਖਲਾਫ ਹਨ। ਇਸ ਤੋਂ ਇਲਾਵਾ ਟੀਕਿਆਂ ਤੋਂ ਛੋਟ ਤੱਦ ਤੱਕ ਮਿਲ ਸਕਦੀ ਹੈ ਜਦੋਂ ਇੱਕ ਡਾਕਟਰ ਲਿਖਕੇ ਕਹੇ ਕਿ ਇਹ ਟੀਕੇ ਬੱਚੇ ਦੇ ਇਲਾਜ ਜਾਂ ਉਸਦੀ ਬਿਮਾਰੀ ਦੀ ਹਾਲਤ ਵਿੱਚ ਨਹੀਂ ਲਗ ਸਕਦੇ ਹਨ। (ਹੈਲਥ ਅਤੇ ਸੇਫਟੀ ਕੋਡ 120365, 120370, 120375)

ਹੋ ਸਕਦਾ ਹੈ ਕਿ ਸਕੂਲ ਵਾਲੇ ਬੱਚੇ ਨੂੰ ਡਾਕਟਰ ਦੀ ਲਿਖਿਤ ਦੇ ਅਧਾਰ ਤੇ ਹੇਠ ਲਿਖੀਆਂ ਸ਼ਰਤਾਂ ਨਾਲ ਸਕੂਲ ਵਿੱਚ ਦਾਖਲ ਕਰ ਲੈਣ: (ਹੈਲਥ ਅਤੇ ਸੇਫਟੀ ਕੋਡ 120340; 17 ਸੀ ਸੀ ਆਰ 6000)

1. ਬੱਚੇ ਨੇ ਅਜੇ ਤੱਕ ਲਾਜ਼ਮੀ ਟੀਕਿਆਂ ਜਾਂ ਵੈਕਸੀਨਾਂ ਦੀਆਂ ਪੂਰੀਆਂ ਖਰਾਕਾਂ ਚੋਂ ਕੁਝ ਲਗਵਾ ਲਈਆਂ ਹਨ ਅਤੇ ਕੁਝ ਖਾ ਲਈਆਂ ਹਨ ਪਰ ਕੁਝ ਬਕਾਇਆ ਰਹਿੰਦੀਆਂ ਹਨ, ਦਾਖਲੇ ਦੇ ਸਮੇਂ ਜਿਹੜੇ ਟੀਕੇ ਜਾਂ ਵੈਕਸੀਨ ਬਕਾਇਆ ਹਨ ਉਨ੍ਹਾਂ ਦੇ ਲਗਣ ਜਾਂ ਖਾਣ ਦਾ ਸਮਾਂ ਅਜੇ ਹੋਇਆ ਨਹੀਂ ਹੈ।

2. ਆਰਜ਼ੀ ਸਮੇਂ ਲਈ ਬੱਚੇ ਨੂੰ ਮੈਡੀਕਲ ਕਾਰਣਾਂ ਕਰਕੇ ਟੀਕਿਆਂ ਤੋਂ ਛੋਟ ਮਿਲੀ ਹੋਈ ਹੈ।

ਹਰੇਕ ਵਿੱਦਿਆਰਥੀ ਜੋ ਸ਼ਰਤਾਂ ਦੇ ਅਧਾਰ ਤੇ ਦਾਖਲ ਹੁੰਦਾ ਹੈ, ਜਦ ਤੱਕ ਉਸਦੇ ਇਮਯੁਨਾਈਜ਼ੇਸਨ ਰਿਕੌਰਡ ਪੂਰੇ ਨਹੀਂ ਹੁੰਦੇ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹਰ 30 ਦਿਨਾਂ ਬਾਅਦ ਵਿੱਦਿਆਰਥੀ ਦੇ ਰਿਕੌਰਡਾਂ ਦਾ ਮੁਆਇਨਾ ਕਰਨਗੇ।(17 ਸੀ ਸੀ ਆਰ 6070)

ਲਾਅ ਦੇ ਅਨੁਸਾਰ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਮਾਪਿਆਂ/ਗਾਰਡੀਅਨਾਂ ਨੂੰ ਵਿੱਦਿਆਰਥੀ ਅਤੇ ਮਾਪਿਆਂ/ਗਾਰਡੀਅਨਾਂ ਦੇ ਬਿਮਾਰੀ ਤੋਂ ਸੁਰੱਖਿਤ ਰਹਿਣ ਵਾਲੇ ਟੀਕਿਆਂ ਸਬੰਧੀ ਹੱਕਾਂ ਬਾਰੇ ਸੂਚਨਾ ਦੇਣ। (ਐਜੂਕੇਸ਼ਨ ਕੋਡ 48216, 48980)

ਜਦ ਬਿਮਾਰੀ ਤੋਂ ਸੁਰੱਖਿਤ ਰਹਿਣ ਵਾਲੇ ਟੀਕਿਆਂ ਜਾਂ ਵੈਕਸੀਨਾਂ ਨਾ ਲਗਵਾਉਣ ਜਾਂ ਖਾਣ ਕਾਰਣ ਦਾਖਲੇ ਲਈ ਮਨਾਹੀ ਕੀਤੀ ਗਈ ਹੋਵੇ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਮਾਪਿਆਂ/ਗਾਰਡੀਅਨ ਨੂੰ ਸੂਚਨਾ ਦੇਣ ਕਿ ਇਮਯੁਨਾਈਜ਼ੇਸ਼ਨ ਜਾਂ ਉਸ ਤੋਂ ਮਿਲੀ ਛੋਟ ਬਾਰੇ ਲਿਖਤੀ ਜਾਣਕਾਰੀ ਦੇਣ ਲਈ ਮਾਪਿਆਂ ਜਾਂ ਗਾਰਡੀਅਨਾਂ ਕੋਲ ਸਿਰਫ 10 ਸਕੂਲ ਦਿਨ ਹਨ। ਇਸ ਨੋਟਿਸ ਰਾਹੀਂ ਮਾਪਿਆਂ/ਗਾਰਡੀਅਨ ਨੂੰ ਬੱਚੇ ਦੇ ਅਪਣੇ ਮੈਡੀਕਲ ਕੇਅਰ ਸੈਂਟਰ ਕੋਲ ਜਾਣ ਲਈ ਮਸ਼ਵਰਾ ਦਿੱਤਾ ਜਾਵੇ।(ਐਜੂਕੇਸ਼ਨ ਕੋਡ 48216; 17 ਸੀ ਸੀ ਆਰ6040)

ਜੇਕਰ ਉਨ੍ਹਾਂ ਕੋਲ ਅਪਣੇ ਮੈਡੀਕਲ ਸੈਂਟਰ ਦਾ ਕੋਈ ਸਾਧਨ ਨਹੀਂ ਹੈ ਤਾਂ ਮਾਪਿਆਂ/ਗਾਰਡੀਅਨਾਂ ਨੂੰ ਕਉਂਟੀ ਦੇ ਹੈਲਥ ਡਿਪਾਰਟਮੈਂਟ ਕੋਲ ਜਾਣ ਦਾ ਮਸ਼ਵਰਾ ਦਿੱਤਾ ਜਾਵੇ। (ਐਜੂਕੇਸ਼ਨ ਕੋਡ 48216)

ਜੇਕਰ ਕੋਈ ਵੀ ਮੈਡੀਕਲ ਫਸਿਲਟੀ ਉਪਲਬਧ ਨਹੀਂ ਹੈ ਤਾਂ ਮਾਪਿਆਂ/ਗਾਰਡੀਅਨ ਨੂੰ ਸੂਚਨਾ ਦਿਉ ਕਿ ਇਮਯੁਨਾਈਏਜ਼ੇਸ਼ਨ ਦੇ ਲਾਜ਼ਮੀ ਟੀਕੇ ਸਕੂਲ ਵਿੱਚ ਲਗਾਏ ਜਾਣਗੇ। (ਐਜੂਕੇਸ਼ਨ ਕੋਡ 48216)

ਜਿਨ੍ਹਾਂ ਵਿੱਦਿਆਰਥੀਆਂ ਦੇ ਮਾਪੇ/ਗਾਰਡੀਅਨ ਇਮਯੁਨਾਈਜ਼ੇਸ਼ਨ ਸਬੰਧੀ ਨੋਟਿਸ ਮਿਲਣ ਤੋਂ ਬਾਅਦ, ਦਸ ਸਕੂਲ ਦਿਨਾਂ ਦੇ ਅੰਦਰ-ਅੰਦਰ ਇਮਯੁਨਾਈਏਜ਼ੇਸ਼ਨ ਦੇ ਰਿਕੌਰਡਾਂ ਦਾ ਸਬੂਤ ਜਾਂ ਛੋਟ ਬਾਰੇ ਲਿਖਤੀ ਸਬੂਤ ਜਾਂ ਧਾਰਮਿਕ ਵਿਸ਼ਵਾਸ ਕਾਰਣ ਛੋਟ ਬਾਰੇ ਲਿਖਤੀ ਸਬੂਤ ਪੇਸ਼ ਨਹੀਂ ਕਰਦੇ ਹਨ ਤਾਂ ਦਸ ਦਿਨਾਂ ਬਾਅਦ ਡਿਸਟ੍ਰਿਕਿ ਵਾਲੇ ਉਸ ਵਿੱਦਿਆਰਥੀ ਨੂੰ ਸਕੂਲ ਵਿੱਚ ਹਾਜ਼ਰ ਹੋਣ ਤੋਂ ਮਨਾਹ ਕਰ ਸਕਦੇ ਹਨ। ਜਦ ਤੱਕ ਵਿੱਦਿਆਰਥੀ ਉਸ ਸਮੇਂ ਤੱਕ ਦੀਆਂ ਲੋੜੀਂਦੀਆਂ ਬਕਾਇਆ ਵੈਕਸੀਨਾਂ ਨਹੀਂ ਲਗਵਾਉਂਦਾ ਉਸ ਨੂੰ ਸਕੂਲ ਵਿੱਚ ਹਾਜ਼ਰ ਨਹੀਂ ਹੋਣ ਦਿਤਾ ਜਾਵੇਗਾ। ਉਸ ਵਿੱਦਿਆਰਥੀ ਦੇ ਬਾਰੇ ਹਾਜ਼ਰੀ ਸਬੰਧਿਤ ਸੁਪਰਵਾਈਜ਼ਰ ਜਾਂ ਪ੍ਰਿੰਸਿਪਿੱਲ ਨੂੰ ਇਤਲਾਹ ਦਿੱਤੀ ਜਾਵੇਗੀ।(17 ਸੀ ਸੀ ਆਰ 6055)

ਇਮਯੁਨਾਈਜ਼ੇਸ਼ਨ ਦੇ ਟੀਕੇ ਜਾਂ ਵੈਕਸੀਨ ਮਾਪਿਆਂ ਦੀ ਇਜਾਜ਼ਤ ਤੋਂ ਬਗੈਰ ਨਹੀਂ ਦਿੱਤੀ ਜਾਵੇਗੀ।(ਐਜੂਕੇਸ਼ਨ ਕੋਡ 49403)

ਹਰੇਕ ਨਵੇਂ ਦਾਖਲ ਬੱਚੇ ਦੇ ਇਮਯੁਨਾਈਜ਼ੇਸ਼ਨ ਟੀਕਿਆਂ ਅਤੇ ਵੈਕਸੀਨ ਦੇ ਸਟੇਟਸ ਜਾਂ ਜਦੋਂ ਲਗਣ ਦੀ ਲੋੜ ਹੈ ਦੇ ਬਾਰੇ ਹਰੇਕ ਸਾਲ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਸਟੇਟ ਅਤੇ ਲੋਕਲ ਹੈਲਥ ਡਿਪਾਰਟਮੈਂਟਾਂ ਨੂੰ ਜਾਣਕਾਰੀ ਦੇਣ।(ਹੈਲਥ ਸੇਫਟੀ ਕੋਡ 120375)

**ਘਰ ਅਤੇ ਹਸਪਤਾਲ (ਬੋਰਡ ਪੌਲਸੀ 6183 -** 10 ਮਾਰਚ, 2009 ਵਿੱਚ ਰਿਵਿਉ ਕੀਤਾ ਗਿਆ**)**

ਇੱਕ ਵਿਦਿਆਰਥੀ ਜੋ ਅਨਮਿੱਥੇ ਸਮੇਂ ਲਈ ਸਕੂਲ ਵਿੱਚ ਹਾਜ਼ਰ ਹੋਣ ਤੋਂ ਅਸਮਰੱਥ ਹੈ, ਉਸ ਵਿਦਿਆਰਥੀ ਨੂੰ ਉਸਦੇ ਘਰ, ਹਸਪਤਾਲ ਜਾਂ ਕਿਸੇ ਵੀ ਹੈਲਥ ਕੇਅਰ ਸੰਸਥਾ (ਸਟੇਟ ਦੇ ਹਸਪਤਾਲ ਨਹੀਂ) ਵਿੱਚ ਵਿਅਕਤਕ ਸਿਖਿਆ ਮਿਲ ਸਕਦੀ ਹੈ। ਇਹ ਸਿਖਿਆ, ਸਰੀਰਕ, ਮਾਨਸਿਕ ਜਾਂ ਭਾਵਾਤਮਕ ਤੌਰ ਤੇ ਡਿਸਏਬਲ ਹੋਏ ਵਿਦਿਆਰਥੀਆਂ ਲਈ ਹੈ ਜੋ ਖਾਸ ਸਹਾਇਤਾ ਤੋਂ ਬਿਨਾ ਰੈਗੂਲਰ ਸਕੂਲ ਜਾਂ ਆਲਟਰਨੇਟਿਵ ਪ੍ਰੋਗਰਾਮ ਵਿੱਚ ਨਹੀਂ ਹਾਜ਼ਰ ਹੋ ਸਕਦੇ। ਇਹ ਉਹਨਾ ਵਿਦਿਆਰਥੀਆਂ ਲਈ ਨਹੀਂ ਹੈ ਜਿਹਨਾ ਦੀ ਪਛਾਣ ਐਜੂਕੇਸ਼ਨ ਕੋਡ 56026 ਦੇ ਅਨੁਸਾਰ ਵਾਧੂ ਲੋੜਾਂ ਵਾਲੇ ਵਿਦਿਆਰਥੀ ਵੱਜੋਂ ਜੋ ਚੁੱਕੀ ਹੈ। (ਐਜੂਕੇਸ਼ਨ ਕੋਡ 46206.3)

ਘਰ ਵਿੱਚ ਜਾਂ ਹਸਪਤਾਲ ਵਿੱਚ ਸ਼ਿਕਸ਼ਾ ਸਿਰਫ ਉਹੀ ਟੀਚਰ ਪ੍ਰਦਾਨ ਕਰ ਸਕਦੇ ਹਨ ਜਿਨ੍ਹਾਂ ਕੋਲ ਕੈਲੀਫੋਰਨੀਆ ਟੀਚਿੰਗ ਕ੍ਰੈਡੈਨਸ਼ੱਲ ਹਨ ਅਤੇ ਜਿਹਨਾ ਨੂੰ ਇਹ ਅਸਾਈਨਮੈਂਟ ਦਿੱਤੀ ਗਈ ਹੈ। (ਐਜੂਕੇਸ਼ਨ ਕੋਡ 44865)।

ਡਿਸਟ੍ਰਿਕਟ ਵੱਲੋਂ ਪ੍ਰਦਾਨ ਕੀਤੇ ਜਾਂਦੇ ਰੈਗੂਲਰ ਐਜੂਕੇਸ਼ਨ ਪ੍ਰੋਗਰਾਮ ਦੇ ਅਧੀਨ ਡਿਸਟ੍ਰਿਕਟ ਘੱਟ ਤੋਂ ਘੱਟ ਇੱਕ ਘੰਟਾ ਸਿਖਿਆ ਪ੍ਰਦਾਨ ਕਰੇਗਾ। ਕਿਸੇ ਵੀ ਵਿਦਿਆਰਥੀ ਨੂੰ ਕਲੰਡਰ ਹਫਤੇ ਦੇ 5 ਹਾਜ਼ਰੀ ਦਿਨਾ ਤੋਂ ਜ਼ਿਆਦਾ ਮਾਨਤਾ ਨਹੀਂ ਦਿੱਤੀ ਜਾਵੇਗੀ ਜਾਂ ਡਿਸਟ੍ਰਿਕਟ ਵੱਲੋਂ ਕਿਸੇ ਵੀ ਫਿਸਕਲ ਸਾਲ ਵਿੱਚ ਪ੍ਰਦਾਨ ਕੀਤੇ ਜਾਂਦੇ ਟੋਟਲ ਕਲੰਡਰ ਦਿਨਾ ਦੇ ਰੈਗੂਲਰ ਕਲਾਸਾਂ ਦੇ ਸਮੇਂ ਤੋਂ ਜ਼ਿਆਦਾ ਮਾਨਤਾ ਨਹੀਂ ਦਿੱਤੀ ਜਾਵੇਗੀ। (ਐਜੂਕੇਸਨ ਕੋਡ 48200, 48206.3)

ਜਿੰਨਾ ਮੁਮਕਿਨ ਹੋ ਸਕਦਾ ਹੈ, ਵਿਦਿਆਰਥੀ ਦੇ ਰੈਗੂਲਰ ਸਕੂਲ ਪ੍ਰੋਗਰਾਮ ਨੂੰ ਬਰਕਰਾਰ ਰੱਖਣ ਲਈ ਘਰ ਜਾ ਕੇ ਪੜਾਉਣ ਵਾਲੇ ਟੀਚਰ ਉਸਦੀ ਕਲਾਸ ਟੀਚਰ ਜਾਂ ਟੀਚਰਾਂ ਤੋਂ ਕੰਮ ਬਾਰੇ ਪੁਛਣਗੇ, ਤਾਂ ਕਿ ਵਿਦਿਆਰਥੀ ਲਗਾਤਾਰ ਆਪਣੇ ਰੈਗੂਲਰ ਸਕੂਲ ਪ੍ਰੋਗਰਾਮ ਨਾਲ ਜੁੜਿਆ ਰਹਿ ਸਕੇ।

ਸੁਪਰਿੰਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੋਈ ਸ਼ਖਸ਼ੀਅਤ, ਕਿਸੇ ਤਰਾਂ ਦੀ ਪੁਛ-ਪੜਤਾਲ ਕਰ ਸਕਦੇ ਹਨ ਕਿ ਕੀ ਵਿਦਿਆਰਥੀ ਲਈ ਘਰ ਰਹਿੰਦੇ ਹੋਏ ਸਿਖਿਆ ਪ੍ਰਾਪਤ ਕਰਨੀ ਜ਼ਰੂਰੀ ਹੈ। ਇਸ ਦੇ ਨਾਲ ਹੀ ਇਸ ਪੜਤਾਲ ਵਿੱਚ ਇਹ ਵੀ ਸ਼ਾਮਲ ਹੋਵੇਗਾ ਕਿ ਵਿਦਿਆਰਥੀ ਦੀ ਡਿਸਏਬਲ ਹਾਲਤ ਨਾਲ ਸਧਾਰਨ ਸੰਪਰਕ ਦੌਰਾਨ ਟੀਚਰ ਨੂੰ ਕਿਸੇ ਤਰਾਂ ਦੀ ਵੀ ਛੂਤ ਦੀ ਬਿਮਾਰੀ ਦਾ ਡਰ ਨਹੀਂ ਹੋਵੇਗਾ। ਹੈਪਿਟਾਈਟਸ ਬੀ, ਹਰਪਸ ਜਾਂ ਐੱਚ ਆਈ ਵੀ/ਏਡਸ ਵਾਲੇ ਵਿਦਿਆਰਥੀ ਨੂੰ ਘਰ ਜਾਂ ਹਸਪਤਾਲ ਵਿੱਚ ਸਿਖਿਆ ਤੋਂ ਮਨਾਹੀ ਨਹੀਂ ਕੀਤੀ ਜਾ ਸਕਦੀ, ਜਦੋਂ ਤੱਕ ਘਰ ਜਾ ਹਸਪਤਾਲ ਵਾਲੇ ਯੂ ਐੱਸ ਸੈਂਟਰ ਫਾਰ ਡੀਸੀਜ਼ ਕੰਟਰੋਲ ਦੇ ਅਨੁਸਾਰ ਬਚਾਓ ਤੱਥਾਂ ਦੀ ਪਾਲਣਾ ਕਰਦੇ ਹਨ।

### ਡਿਸਟ੍ਰਿਕਟ ਤੋਂ ਬਾਹਰਲੇ ਵਿਦਿਆਰਥੀਆਂ ਲਈ

ਇੱਕ ਡਿਸਏਬਲ ਵਿੱਦਿਆਰਥੀ ਜਿਸਦਾ ਇਲਾਜ ਜਿਸ ਹਸਪਤਾਲ ਜਾਂ ਹੈਲਥ ਫਸਿਲਟੀ ਵਿੱਚ ਹੋ ਰਿਹਾ ਹੈ ਉਹ ਇਸ ਡਿਸਟ੍ਰਿਕ ਦਾ ਵਿੱਦਆਰਥੀ ਨਾ ਹੋਕੇ ਬਲਕਿ ਦੂਜੇ ਡਿਸਟ੍ਰਿਕ ਦਾ ਵਿੱਦਿਆਰਥੀ ਹੈ, ਇਨ੍ਹਾਂ ਹਾਲਾਤਾਂ ਵਿੱਚ ਉਸ ਵਿੱਦਿਆਰਥੀ ਲਈ ਵਿਅਕਤਕ ਸ਼ਿਕਸ਼ਾ ਦਾ ਪ੍ਰਬੰਧ ਇਸ ਡਿਸਟ੍ਰਿਕ ਵਿੱਚ ਹੋ ਸਕਦਾ ਹੈ। (ਐਜੂਕੇਸ਼ਨ ਕੋਡ 48207)

ਇਸ ਤਰਾਂ ਦੇ ਹਾਲਾਤਾਂ ਵਿੱਚ ਮਾਪਿਆਂ/ਗਾਰਡੀਅਨਾ ਦਾ ਫਰਜ਼ ਹੈ ਕਿ ਉਹ ਡਿਸਟ੍ਰਿਕਟ ਨੂੰ ਵਿਦਿਆਰਥੀ ਦੇ ਇਸ ਹਸਪਤਾਲ ਵਿੱਚ ਹੋਣ ਬਾਰੇ ਖਬਰ ਕਰਨ। (ਐਜੂਕੇਸ਼ਨ ਕੋਡ 48208)

ਇਸ ਤਰਾਂ ਦਾ ਨੋਟਿਸ ਮਿਲਣ ਉਪਰੰਤ, ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੋਈ ਸ਼ਖਸ਼ੀਅਤ ਹੇਠ ਲਿਖੇ ਅਨੁਸਾਰ ਉਸ ਨੋਟਿਸ ਤੇ ਕੰਮ ਕਰਨਗੇ: (ਐਜੂਕੇਸ਼ਨ ਕੋਡ 48208)

1) ਨੋਟਿਸ ਮਿਲਣ ਦੇ 5 ਸਕੂਲੀ ਦਿਨਾ ਦੇ ਵਿੱਚ ਫੈਸਲਾ ਕੀਤਾ ਜਾਵੇਗਾ ਕਿ ਕੀ ਵਿਦਿਆਰਥੀ ਵਿਅਕਤਕ ਸਿਖਿਆ ਪ੍ਰਾਪਤ ਕਰਨ ਦੇ ਯੋਗ ਹੈ ਅਤੇ, ਜੇਕਰ ਹੈ , ਤਾਂ ਕਦੋਂ ਤੋਂ ਸ਼ੁਰੂ ਹੋ ਸਕਦੀ ਹੈ। ਵਿਦਿਆਰਥੀ ਇਹ ਸਿਖਿਆ ਪ੍ਰਾਪਤ ਕਰਨ ਦੇ ਯੋਗ ਹੈ, ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕਿਸੇ ਸ਼ਖਸ਼ੀਅਤ ਵੱਲੋਂ ਇਹ ਫੈਸਲਾ ਕੀਤੇ ਜਾਣ ਦੇ 5 ਸਕੂਲੀ ਦਿਨਾ ਦੇ ਵਿੱਚ ਇਹ ਸਿਖਿਆ ਪ੍ਰਦਾਨ ਕਰਨੀ ਸ਼ੁਰੂ ਕੀਤੀ ਜਾਵੇਗੀ।

2) ਇਹ ਸਿਖਿਆ ਸ਼ੁਰੂ ਕੀਤੇ ਜਾਣ ਦੇ 5 ਸਕੂਲੀ ਦਿਨਾ ਦੇ ਅੰਦਰ ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੋਈ ਸ਼ਖਸ਼ੀਅਤ, ਉਸ ਡਿਸਟ੍ਰਿਕਟ ਨੂੰ ਇਸ ਬਾਰੇ ਲਿਖਤੀ ਨੋਟਿਸ ਭੇਜਣਗੇ ਜਿਸ ਡਿਸਟ੍ਰਿਕਟ ਵਿੱਚ ਵਿਦਿਆਰਥੀ ਪਹਿਲਾ ਦਾਖਲ ਸੀ, ਤਾਂ ਕਿ ਉਹ ਡਿਸਟ੍ਰਿਕਟ ਉਸ ਵਿਦਿਆਰਥੀ ਨੂੰ ਆਪਣੀ ਰੋਜ਼ਾਨਾ ਹਾਜ਼ਰੀ ਦਾ ਹਿੱਸਾ ਨਾਹ ਗਿਣੇ, ਇਹ ਉਸ ਦਿਨ ਤੋਂ ਸ਼ੁਰੂ ਹੋਵੇਗਾ, ਜਿਸ ਦਿਨ ਤੋਂ ਉਸ ਵਿਦਿਆਰਥੀ ਨੂੰ ਵਿਅਕਤਕ ਸਿਖਿਆ ਪ੍ਰਦਾਨ ਕਰਨੀ ਸ਼ੁਰੂ ਕੀਤੀ ਜਾਵੇ।

ਅਖੀਰ ਵਿੱਚ, ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੋਈ ਸ਼ਖਸ਼ੀਅਤ, ਜਿਸ ਡਿਸਟ੍ਰਿਕਟ ਵਿੱਚ ਉਹ ਵਿਦਿਆਰਥੀ ਪਹਿਲਾਂ ਦਾਖਲ ਹੈ, ਉਸ ਨਾਲ ਇੱਕ ਇੱਕਰਾਰਨਾਮਾਂ ਕਰੇਗਾ ਕਿ ਉਹ ਡਿਸਟ੍ਰਿਕਟ ਉਸ ਵਿਦਿਆਰਥੀ ਨੂੰ ਵਿਅਕਤ ਸਿਖਿਆ ਪ੍ਰਦਾਨ ਕਰੇ।

### ਪੇਰੈਂਟਲ ਨੋਟੀਫਿਕੇਸ਼ਨਜ਼ (ਮਾਪਿਆਂ ਲਈ ਸੂਚਨਾ ਪੱਤਰ)

ਸਕੂਲੀ ਸਾਲ ਦੇ ਸ਼ੁਰੂ ਵਿੱਚ, ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੋਈ ਸ਼ਖਸ਼ੀਅਤ ਮਾਪਿਆਂ/ਗਾਰਡੀਅਨਾ ਨੂੰ ਨੋਟਿਸ ਭੇਜਣਗੇ ਕਿ : (ਐਜੂਕੇਸ਼ਨ ਕੋਡ 48208, 48980)

1) ਵਿਅਕਤਕ ਸਿਖਿਆ ਕੁਝ ਸਮੇਂ ਲਈ ਡਿਸਏਬਲ ਹੋਏ ਵਿਦਿਆਰਥੀਆਂ ਲਈ ਹੈ, ਜਿਵੇਂ ਕਿ ਐਜੂਕੇਸ਼ਨ ਕੋਡ 48206.3 ਵਿੱਚ ਦੱਸਿਆ ਗਿਆ ਹੈ।

2) ਜੇਕਰ ਵਿਦਿਆਰਥੀ ਕੁਝ ਸਮੇਂ ਲਈ ਡਿਸਏਬਲ ਹੈ ਤਾਂ ਮਾਪਿਆਂ/ਗਾਰਡੀਅਨਾ ਦਾ ਫਰਜ਼ ਹੈ ਕਿ ਉਹ ਡਿਸਟ੍ਰਿਕਟ ਨੂੰ ਵਿਦਿਆਰਥੀ ਦੇ ਇਸ ਹਸਪਤਾਲ ਵਿੱਚ ਹੋਣ ਬਾਰੇ ਖਬਰ ਕਰਨ।

### ਇੰਡੀਪੈਂਡੈਂਟ ਸਟੱਡੀ(ਆਪਣੇ ਆਪ ਪੜ੍ਹਾਈ ਕਰਨੀ) (ਬੋਰਡ ਪੌਲਸੀ 6158; 25 ਜਨਵਰੀ, 2011 ਨੂੰ ਅਪਨਾਈ ਗਈ)

ਗਵਰਨਿੰਗ ਬੋਰਡ ਇੰਡੀਪੈਂਡੈਂਟ ਸਟੱਡੀ ਦੀ ਮਨਜ਼ੂਰੀ ਦਿੰਦਾ ਹੈ, ਇਹ ਪਾਤਰ ਵਿਦਿਆਰਥੀਆਂ ਲਈ ਸਿਖਿਆ ਗ੍ਰਹਿਣ ਕਰਨ ਦੀ ਇੱਕ ਆਲਟਰਨੇਟਿਵ ਔਪਸ਼ਨਲ ਸਕਿਲ ਹੈ, ਸਿ ਰਾਹੀਂ ਉਹਨਾ ਦੀਆਂ ਲੋੜਾਂ ਰੈਗੂਲਰ ਕਲਾਸ ਰੂਮ ਦੀ ਸੈਟਿੰਗ ਤੋਂ ਤੋਂ ਬਾਹਰ ਸਟੱਡੀ ਕਰਨ ਨਾਲ ਪੂਰੀਆਂ ਹੋ ਸਕਦੀਆਂ ਹਨ। ਇਸਦੇ ਰਾਹੀਂ ਵਿੱਦਿਆਰਥੀ ਕੱਰੀਕੁਲੱਮ(ਪਾਠਕ੍ਰਮ) ਸਿਖਕੇ ਅਤੇ ਵਿਅਕਤਕ ਐਜੂਕੇਸ਼ਨਲ ਪਲੈਨ ਦੁਆਰਾ ਗ੍ਰੈਜੂਏਟ ਹੋਣ ਸਬੰਧੀ ਲੋੜਾਂ ਪੂਰੀਆਂ ਕਰ ਸਕਦੇ ਹਨ। ਇੰਡੀਪੈਂਡੈਂਟ ਸਟੱਡੀ ਉਨ੍ਹਾਂ ਵਿੱਦਿਆਰਥੀਆਂ ਲਈ ਸਿਖਿਅਕ ਪਲੈਨ ਦਾ ਵਿਅਕਤੀਕਰਨ ਕਰਨ ਦੇ ਜ਼ਰੀਏ ਤਜਵੀਜ਼ ਕਰਦੀ ਹੈ ਜਿਨ੍ਹਾਂ ਵਿੱਦਿਆਰਥੀਆਂ ਦੀਆਂ ਸਿਖਿਅਕ ਲੋੜਾਂ ਰੈਗੂਲਰ ਕਲਾਸ ਰੂਮ ਚੋਂ ਬਾਹਰ ਬੇਹਤਰ ਢੰਗ ਨਾਲ ਪੂਰੀਆਂ ਕੀਤੀ ਜਾ ਸਕਦੀਆਂ ਹਨ। ਵਿਦਿਆਰਥੀਆਂ ਦੀਆਂ ਵਿਅਕਤਕ ਲੋੜਾਂ ਪੂਰੀਆਂ ਕਰਨ ਲਈ ਇੰਡੀਪੈਂਡੈਂਟ ਸਟੱਡੀ ਸਾਰਾ ਸਮਾਂ ਜਾਂ ਥੋੜ੍ਹਾ ਸਮਾਂ ਹੋ ਸਕਦੀ ਹੈ।

ਇੰਡੀਪੈਂਡੈਂਟ ਸਟੱਡੀ ਵਿੱਚ ਵਿਦਿਆਰਥੀ ਦੀ ਸ਼ਮੂਲੀਅਤ ਸਵੈ-ਇੱਛਾ ਅਨੁਸਾਰ ਹੋਵੇਗੀ। ਇੰਡੀਪੈਂਡੈਂਟ ਸਟੱਡੀ ਵਾਲਾ ਵਿੱਦਿਆਰਥੀ ਆਪਣੀ ਮਰਜੀ ਅਨੁਸਾਰ ਜਦੋਂ ਉਸਦਾ ਮਨ ਕਰੇ ਰੈਗੂਲਰ ਪ੍ਰੋਗਰਾਮ ਵਿੱਚ ਵਾਪਸ ਆ ਸਕਦਾ ਹੈ। (ਐਜੂਕੇਸ਼ਨ ਕੋਡ 51747; 5 ਸੀ ਸੀ ਆਰ 11700)

ਜਿਹੜਾ ਵਿਦਿਆਰਥੀ ਇੰਡੀਪੈਂਡੈਂਟ ਸਟੱਡੀ ਵਿੱਚ ਦਿਲਚਸਪੀ ਰੱਖਦਾ ਹੈ, ਉਸਦੇ ਮਾਤਾ-ਪਿਤਾ ਜਾਂ ਗਾਰਡੀਅਨ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਨਾਲ ਸੰਪਰਕ ਕਰਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਨਿਰੀਖਣ ਕਰਨਗੇ ਕਿ ਕੀ ਉਹ ਵਿਦਿਆਰਥੀ ਇੰਡੀਪੈਂਡੈਂਟ ਸਟੱਡੀ ਲਈ ਰੈਗੂਲਰ ਕਲਾਸਰੂਮ ਵਾਂਗ ਜਾਂ ਉਸ ਤੋਂ ਜ਼ਿਆਦਾ ਸਫਲਤਾ ਪੂਰਬਕ ਡਿਸਟ੍ਰਿਕਟ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਤਿਆਰ ਹੈ ਜਾਂ ਨਹੀਂ।

ਇੰਡੀਪੈਂਡੈਂਟ ਸਟੱਡੀ ਦਾ ਘੱਟ ਤੋਂ ਘੱਟ ਸਮਾਂ 5 ਸਕੂਲੀ ਦਿਨਾਂ ਤੋਂ ਗੱਟ ਨਹੀਂ ਹੋ ਸਕਦਾ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਲਾਅ ਅਨੁਸਾਰ ਇੰਡੀਪੈਂਡੈਂਟ ਸਟੱਡੀ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿੱਦਿਆਰਥੀ ਲਈ ਯਕੀਨੀ ਤੌਰ ਤੇ ਇੱਕ ਲਿਖਤੀ ਇਕਰਾਰਨਾਮਾ ਫਾਈਲ ਕਰਨ। (ਐਜੂਕੇਸ਼ਨ ਕੋਡ 51747)

ਇੰਡੀਪੈਂਡੈਂਟ ਸਟੱਡੀ ਵਿੱਚ ਹਰੇਕ ਵਿੱਦਿਆਰਥੀ ਨੂੰ ਕਾਮਯਾਬ ਬਣਾਉਨ ਲਈ, ਬੋਰਡ ਵਾਲੇ ਅਸਾਈਨਮੈਂਟਾਂ ਮਿਲਣ ਅਤੇ ਪੂਰੀਆਂ ਕਰਨ ਵਾਸਤੇ ਹੇਠ ਲਿਖਿਆ ਵੱਧ ਤੋਂ ਵੱਧ ਸਮਾਂ ਨਿਸ਼ਚਿਤ ਕਰਦੇ ਹਨ:

1. ਕਿੰਡਰਗਾਰਟਨ -3 ਗ੍ਰੇਡ ਦੇ ਵਿੱਦਿਆਰਥੀਆਂ ਲਈ: 1 ਹਫਤਾ

2. 4-8 ਗ੍ਰੇਡ ਦੇ ਵਿੱਦਿਆਰਥੀਆਂ ਲਈ: 2 ਹਫਤੇ

3. 9-12 ਗ੍ਰੇਡ ਦੇ ਵਿੱਦਿਆਰਥੀਆਂ ਲਈ: 3 ਹਫਤੇ, ਕਾਨਟੀਨਿਉਏਸ਼ਨ ਅਤੇ ਅਡੱਲਟ ਐਜੂਕੇਸ਼ਨ

ਵਿਦਿਆਰਥੀ ਦੇ ਪ੍ਰਵਾਨਿਤ ਪ੍ਰੋਗਰਾਂਮ ਵਿੱਚ ਜਦੋਂ ਲੋੜ ਪਵੇ ਤਾਂ ਖਾਸ ਹਾਲਾਤਾਂ ਦੇ ਅਧਾਰ ਤੇ ਲਗੇ ਕਿ ਕੰਮ ਕਰਨ ਲਈ ਜ਼ਿਆਦਾ ਸਮੇਂ ਦੀ ਲੋੜ ਹੈ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, ਅਸਾਇਨਮੈਂਟ ਕਰਨ ਦੇ ਸਮੇਂ ਨੂੰ ਵਧਾ ਸਕਦੇ ਹਨ ਅਤੇ ਇਸ ਸਮੇਂ ਦੀ ਅਵਧੀ ਪ੍ਰੋਗਰਾਂਮ ਦੇ ਅੰਤ ਦੀ ਤਾਰੀਖ ਤੱਕ ਹੋ ਸਕਦੀ ਹੈ।

ਜਦ ਕਦੇ ਵੀ ਕੋਈ ਵਿੱਦਿਆਰਥੀ ਇੰਡੀਪੈਂਡੈਂਟ ਸਟੱਡੀ ਦੀਆਂ ਤਿੰਨ ਅਸਾਈਨਮੈਂਟਾਂ 15 ਸਕੂਲੀ ਦਿਨਾ ਵਿੱਚ ਪੂਰੀਆਂ ਨਾ ਕਰੇ, ਜਾਂ ਆਪਣੇ ਟੀਚਰ ਨਾਲ ਹੋਣ ਵਾਲੀਆਂ ਦੋ ਕਾਨਫਰੰਸਾਂ ਵਿੱਚ ਬਿਨਾ ਕਿਸੇ ਵਾਜਬ ਕਾਰਨ ਦੇ ਨਾ ਆਵੇ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, ਇਸ ਗਲ ਦਾ ਫੈਸਲਾ ਕਰਨ ਲਈ ਕਿ ਕੀ ਵਿੱਦਿਆਰਥੀ ਲਈ ਇੰਡੀਪੈਂਡੈਂਟ ਸਟੱਡੀ ਵਿੱਚ ਰਹਿਣਾ ਠੀਕ ਹੈ ਜਾਂ ਨਹੀਂ ਉਸਦਾ ਮੁਲਾਂਕਣ ਕਰਨਗੇ।

ਸੁਪਰਵਾਈਜ਼ ਕਰਨ ਵਾਲਾ ਟੀਚਰ ਇੰਡੀਪੈਂਡੈਂਟ ਸਟੱਡੀ ਅਸਾਈਨਮੈਂਟਾਂ ਪੂਰੀਆਂ ਕਰਨ ਲਈ ਉੱਪਰ ਸਮਾਂ ਨੀਯਤ ਕਰੇਗਾ, ਅਤੇ ਜੋ ਵਿਦਿਆਰਥੀ ਆਪਣੇ ਕੰਮ ਵਿੱਚ ਪਿਛੇ ਰਹਿ ਰਹੇ ਹਨ ਜਾਂ ਉਹਨਾ ਦੇ ਸਕੂਲ ਵਿੱਚੋਂ ਡਰਾਪ ਹੋਣ ਦਾ ਡਰ ਹੈ, ਉਹਨਾ ਵਿਦਿਆਰਥੀਆਂ ਦੀ ਪਛਾਣ ਲਈ ਵਿਦਿਆਰਥੀ/ਟੀਚਰ ਕਾਨਫਰੰਸ ਦਾ ਸਮਾਂ ਨੀਯਤ ਕਰੇਗਾ। ਕਿਸੇ ਖਾਸ ਹਾਲਾਤਾਂ ਕਰਕੇ ਸੁਪਰਵਾਈਜ਼ਿੰਗ ਟੀਚਰ ਵਿਦਿਆਰਥੀ ਦੀ ਪ੍ਰੋਗਰੈੱਸ ਦੇਖਣ ਲਈ ਹਰੇਕ ਹਫਤੇ ਵੀ ਮਿਲਣ ਲਈ ਸਮਾਂ ਨੀਯਤ ਕਰਦਾ ਹੈ।

ਸੁਪਰਵਾਈਜ਼ਿੰਗ ਟੀਚਰ ਨਾਲ ਨੀਯਤ ਕਾਨਫਰੰਸ ਵਿੱਚ ਬਿਨਾ ਕਿਸੇ ਵਾਜਬ ਕਾਰਨ ਤੋਂ ਨਾਹ ਆਉਣ ਦੀ ਹਾਲਤ ਵਿੱਚ , ਨਿਰੀਖਣ ਕਰਨਾ ਜ਼ਰੂਰੀ ਹੈ ਕਿ ਕੀ ਵਿੱਦਿਆਰਥੀ ਲਈ ਇੰਡੀਪੈਂਡੈਂਟ ਸਟੱਡੀ ਵਿੱਚ ਰਹਿਣਾ ਠੀਕ ਹੈ ਜਾਂ ਨਹੀਂ।

ਇੰਡੀਪੈਂਡੈਂਟ ਸਟੱਡੀ ਵਿੱਚ ਦਾਖਲ ਵਿੱਦਿਆਰਥੀਆਂ ਦੀ ਗਿਨਤੀ ਬਾਰੇ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹਰੇਕ ਸਾਲ ਬੋਰਡ ਨੂੰ ਜਾਣਕਾਰੀ ਦੇਣਗੇ, ਇਹ ਏ ਡੀ ਏ ਅਧਾਰਿਤ ਹੋਵੇ, ਜਾਣਕਾਰੀ ਵਿੱਚ ਵਿੱਦਿਆਰਥੀਆਂ ਵਲੋਂ ਕੀਤੇ ਗਏ ਕੰਮ ਦੀ ਕਵਾਲਟੀ, ਜੋ ਸਟੈਂਡਰਡ ਅਧਾਰਿਤ ਹੈ, ਦਾ ਜਾਇਜ਼ਾ ਸ਼ਾਮਿਲ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਬੋਰਡ ਵਾਲਿਆਂ ਨੂੰ ਹਰੇਕ ਸਾਲ ਇੰਡੀਪੈਂਡੈਂਟ ਸਟੱਡੀ ਚੋਂ ਗਰੈਜੁਏਟ ਹੋਣ ਜਾਂ ਪ੍ਰੋਗਰਾਮ ਨੂੰ ਕਾਮਯਾਬੀ ਨਾਲ ਪੂਰਾ ਕਰਨ ਵਾਲੇ ਵਿੱਦਿਆਰਥੀਆਂ ਦੀ ਗਿਨਤੀ ਵੀ ਦਿੱਤੀ ਜਾਣੀ ਚਾਹੀਦੀ ਹੈ।

## ਇੰਡੀਪੈਂਡੈਨਟ ਸਟੱਡੀ ਰਾਹੀਂ ਘਰ ਵਿੱਚ ਪੜ੍ਹਾਈ

ਜਿਹੜੇ ਮਾਪੇ/ਗਾਰਡੀਅਨ ਆਪਣੇ ਬੱਚਿਆਂ ਨੂੰ ਘਰ ਵਿੱਚ ਰਖਕੇ ਪੜ੍ਹਾਉਣਾ ਚਾਹੁੰਦੇ ਹਨ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਉਨ੍ਹਾਂ ਮਾਪਿਆਂ/ ਗਾਰਡੀਅਨਾਂ ਨੂੰ ਆਪਣੇ ਬੱਚੇ ਨੂੰ ਇੰਡੀਪੈਂਡੈਂਟ ਪ੍ਰੋਗਰਾਮ ਵਿੱਚ ਦਾਖਲ ਕਰਵਾਉਣ ਦੀ ਹਿਮਾਇਤ ਕਰਦੇ ਹਨ। ਘਰ ਵਿੱਚ ਰਹਿਕੇ ਪੜ੍ਹਨ ਵਾਲੇ ਵਿੱਦਿਆਰਥੀ ਦਾ ਇਸ ਦੇ ਰਾਹੀਂ ਸਕੂਲ ਸਿਸਟਮ ਨਾਲ ਸੰਪਰਕ ਅਤੇ ਆਪਸੀ ਸਹਿਯੋਗ ਬਣਿਆ ਰਹਿੰਦਾ ਹੈ ਤਾਂ ਕਿ ਡਿਸਟ੍ਰਿਕਟ ਦੇ ਕਲਾਸਰੂਮ ਦੀ ਸਿਖਿਆ ਦੇ ਬਰਾਬਰ ਦੀ ਸਿਖਿਆ ਮਿਲ ਸਕੇ।

## ਥੋੜੇ ਸਮੇਂ ਲਈ ਡਿਸਏਬਲ ਹੋਏ ਬੱਚਿਆਂ ਨੂੰ ਸ਼ਿਕਸ਼ਾ ਦੇਣੀ (ਐਜੂਕੇਸ਼ਨ ਕੋਡ ਸੈਕਸ਼ਨ 48206.3, 48207, 48208)

ਸੈਕਸ਼ਨ 48206 .5 ਦੇ ਅਦੇਸ਼ ਅਨੁਸਾਰ ਜਿਨ੍ਹਾਂ ਵਿੱਦਿਆਰਥੀਆਂ ਨੂੰ ਵਿਅਕਤਕ ਸ਼ਿਕਸ਼ਾ ਮਿਲ ਰਹੀ ਹੈ ਉਨ੍ਹਾਂ ਤੋਂ ਇਲਾਵਾ ਜੇ ਕੋਈ ਦੂਜਾ ਵਿੱਦਿਆਰਥੀ ਥੋੜੇ ਸਮੇਂ ਲਈ ਡਿਸਏਬਲ ਹੋ ਜਾਂਦਾ ਹੈ ਅਤੇ ਉਸ ਲਈ ਦਿਨ ਦੀਆਂ ਕਲਾਸਾਂ ਜਾਂ ਸਿਖਿਆ ਦੇ ਆਲਟਰਨੇਟਿਵ ਪ੍ਰੋਗਰਾਮਾਂ ਵਿੱਚ ਹਾਜ਼ਰ ਹੋਣਾ ਮੁਸ਼ਕਲ ਹੋ ਜਾਂਦਾ ਹੈ ਜਾਂ ਜਿਸ ਪ੍ਰੋਗਰਾਮ ਵਿੱਚ ਦਾਖਲ ਹੈ ਵਿੱਚ ਜਾਣਾ ਨਾਮੁਮਕਿਨ ਹੋ ਜਾਵੇ ਤਾਂ ਜਾਂ ਉਸ ਲਈ ਅਨੁਚਿਤ ਹੋਵੇ ਤਾਂ ਇਨ੍ਹਾਂ ਹਾਲਾਤਾਂ ਹੇਠ ਉਸ ਵਿੱਦਿਆਰਥੀ ਲਈ ਸ਼ਿਕਸ਼ਾ ਦਾ ਪ੍ਰਬੰਧ ਉਸ ਦਾ ਰਿਹਾਇਸ਼ੀ ਡਿਸਟ੍ਰਿਕ ਕਰੇਗਾ।

ਇੱਕ ਵਿੱਦਿਆਰਥੀ ਜੋ ਡਿਸਏਬਲ ਹੋ ਗਿਆ ਹੈ ਅਤੇ ਉਸ ਨੂੰ ਮੈਡੀਕਲ ਜਾਂ ਹੈਲਥ ਕੇਅਰ ਤਾਂ ਮਿਲਣੀ ਸ਼ੁਰੂ ਹੋ ਗਈ ਹੈ ਪਰ ਉਸਦੀ ਪੜ੍ਹਾਈ ਨੂੰ ਜਾਰੀ ਰਖਣ ਲਈ ਉਸਦੇ ਮੈਡੀਕਲ ਜਾਂ ਕੇਅਰ ਸੈਂਟਰ ਜਿਸ ਸਕੂਲ ਡਿਸਟ੍ਰਿਕ ਵਿੱਚ ਸਥਿਤ ਹੈ ਉਹੀ ਡਿਸਟ੍ਰਿਕ ਉਸ ਵਿੱਦਿਆਰਥੀ ਲਈ ਸਪੈਸ਼ਲ ਸਿਖਿਆ ਦਾ ਪ੍ਰਬੰਧ ਕਰੇਗਾ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅਪਣੇ ਬੱਚੇ ਦੇ ਡਿਸਟ੍ਰਿਕ ਸੁਪਰਿਨਟੈਂਡੈਂਟ ਦੇ ਔਫਿਸ ਨੂੰ ਅਪਣੇ ਬੱਚੇ ਦੀ ਮੈਡੀਕਲ ਜਾਂ ਹੈਲਥ ਫਸਿਲਟੀ ਦੀ ਜਗ੍ਹਾ ਦਾ ਪਤਾ ਜ਼ਰੂਰ ਦੇਣ ਤਾਂਕਿ ਡਿਸਟ੍ਰਿਕ ਵਾਲੇ ਉਸਨੂੰ ਸ਼ਿਕਸ਼ਾ ਦੇਣ ਦਾ ਪ੍ਰਬੰਧ ਕਰ ਸਕਣ। ਜੋ ਬੱਚੇ ਆਰਜ਼ੀ ਸਮੇਂ ਲਈ ਡਿਸਏਬਲ ਹੋ ਜਾਂਦੇ ਹਨ ਉਨ੍ਹਾਂ ਲਈ ਵਿਅਕਤਕ ਸ਼ਿਕਸ਼ਾ ਉਪਲਬਧ ਕਰਵਾਈ ਜਾਂਦੀ ਹੈ।

## ਘੱਟ ਤੋਂ ਘੱਟ ਦਿਨ (ਮਿਨੀਮੱਮ ਡੇਜ਼) (ਐਜੂਕੇਸ਼ਨ ਕੋਡ ਸੈਕਸ਼ਨ 48980)

ਰੈਗੁਲਰ ਸਕੂਲ ਟਰਮ ਦੇ ਪਹਿਲੇ ਸਿਮੈਸਟਰ ਜਾਂ ਕੁਆਰਟਰ ਦੇ ਸ਼ੁਰੂ ਵਿੱਚ ਹਰੇਕ ਸਕੂਲ ਡਿਸਟ੍ਰਿਕ ਦੇ ਗਵਰਨਿੰਗ ਬੋਰਡ ਵਾਲੇ ਛੋਟੇ ਬੱਚਿਆਂ ਦੇ ਮਾਪਿਆਂ ਜਾਂ ਗਾਰਡੀਅਨ ਨੂੰ ਇਤਲਾਹ ਦੇਣ। ਐਜੂਕੇਸ਼ਨ ਕੋਡ 48980 (ਸੀ), ਅਨੁਸਾਰ ਜਿਹੜੇ ਸਕੂਲਾਂ ਵਿੱਚ ਉਨ੍ਹਾਂ ਦੇ ਘੱਟ ਤੋਂ ਘੱਟ(ਮਿਨੀਮੱਮ) ਦਿਨ ਹੁੰਦੇ ਹਨ ਅਤੇ ਜਿਨ੍ਹਾਂ ਘਟ ਤੋਂ ਘਟ ਦਿਨਾਂ ਦੌਰਾਨ ਸਟਾਫ ਡਵੈਲੱਪਮੈਂਟ ਹੁੰਦੀ ਹੈ, ਡਿਸਟ੍ਰਿਕ ਉਨ੍ਹਾਂ ਸਕੂਲਾਂ ਦੇ ਬੱਚਿਆਂ ਦੇ ਮਾਪਿਆਂ ਜਾਂ ਗਾਰਡੀਅਨਾਂ ਨੂੰ ਇਸ ਬਾਰੇ ਜਾਣਕਾਰੀ ਦੇਣ, ਅਤੇ ਜਿਨ੍ਹਾਂ ਦਿਨਾਂ ਦੌਰਾਨ ਵਿੱਦਿਆਰਥੀ ਨੇ ਸਕੂਲ ਨਹੀਂ ਆਉਣਾ ਉਨ੍ਹਾਂ ਸਾਰੇ ਦਿਨਾਂ ਬਾਰੇ ਪੂਰੀ ਜਾਣਕਾਰੀ ਸੂਚਨਾਪਤੱਰ ਵਿੱਚ ਮਾਪਿਆਂ/ਗਾਰਡੀਅਨਾਂ ਨੂੰ ਭੇਜੀ ਜਾਵੇ। ਇਸ ਤੋਂ ਇਲਾਵਾ ਸਕੂਲ ਲਗਣ ਦੌਰਾਨ ਜਿਨ੍ਹਾਂ ਦਿਨਾਂ ਵਿੱਚ ਸਟਾਫ ਡਵੈਲੱਪਮੈਂਟ ਪ੍ਰਦਾਨ ਕਰਨੀ ਮਿਥੀ ਗਈ ਹੈ, ਉਨ੍ਹਾਂ ਮਿਥੇ ਦਿਨਾਂ ਬਾਰੇ ਭੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਗਵਰਨਿੰਗ ਬੋਰਡ ਜਿਨਹੀਂ ਜਲਦੀ ਹੋ ਸਕੇ ਮਾਪਿਆਂ/
ਗਾਰਡੀਅਨ ਨੂੰ ਇਤਲਾਹ ਦੇਣ, ਘੱਟ ਤੋਂ ਘੱਟ ਦਿਨਾਂ ਸਬੰਧੀ ਤਾਰੀਖਾਂ ਬਾਰੇ ਇੱਕ ਮਹੀਨਾ ਪਹਿਲਾਂ ਸੂਚਨਾ ਭੇਜਨੀ ਲਾਜ਼ਮੀ ਹੈ।

## ਆਮ ਜਾਣਕਾਰੀ (ਜਨਰਲ ਇਨਫੱਰਮੇਸ਼ਨ)

### ਕੱਸਟੱਡੀ(ਬੱਚੇ ਦੀ ਦੇਖ-ਭਾਲ ਕਰਨ ਵਾਲੀ ਸ਼ਖਸੀਅਤ)ਚਿੰਤਾਵਾਂ ਅਤੇ ਸਕੂਲ

ਕੱਸਟੱਡੀ ਸਬੰਧਿਤ ਜੇਕਰ ਕੋਈ ਝੱਗੜਾ ਹੈ ਤਾਂ ਉਹ ਕੋਰਟ ਵਿੱਚ ਹੋਣਾ ਚਾਹੀਦਾ ਹੈ। ਸਕੂਲ ਕੋਲ ਕਨੂੰਨੀ ਹੱਕ ਨਹੀ ਹੈ ਕਿ ਉਹ ਬੱਚੇ ਦੇ ਅਸਲੀ ਮਾਪੇ ਨੂੰ ਉਸਦੇ ਸਕੂਲ ਰਿਕੌਰਡ ਵੇਖਣ ਜਾਂ ਮਿਲਣ ਤੋਂ ਮਨਾਹ ਕਰ ਸਕੇ, ਸਿਵਾਏ ਅਗੇ ਲਿਖੇ ਹਾਲਾਤਾਂ ਦੇ: ਜਦ ਕੋਰਟ ਨੇ ਮਾਪੇ ਤੇ ਮਿਲਣ ਲਈ ਪਾਬੰਧੀ ਲਾ ਦਿਤੀ ਹੈ ਅਤੇ ਉਸਦੇ ਸਬੰਧ ਵਿੱਚ ਸਕੂਲ ਨੂੰ ਕਨੂੰਨੀ ਲਿਖਤ ਦਿਤੀ ਗਈ ਹੈ, ਜਾਂ ਸਕੂਲ ਨੂੰ ਤਲਾਕ ਦੇ ਕਨੂੰਨੀ ਕਾਗਜ਼ਾਤ ਦਿਤੇ ਗਏ ਹਨ ਜਿਨ੍ਹਾਂ ਵਿੱਚ ਖਾਸ ਤੌਰ ਤੇ ਲਿਖਿਆ ਗਿਆ ਹੈ ਕਿ ਬੱਚੇ ਨੂੰ ਮਿਲਣ ਤੋਂ ਮਨਾਹੀ ਹੈ , ਅਤੇ ਇਸਦੇ ਨਾਲ ਸਬੰਧਿਤ ਸਾਰੇ ਦਸਤਾਵੇਜ਼ ਸਕੂਲ ਔਫਿਸ ਦੇ ਕੋਲ ਹੋਣੇ ਚਾਹੀਦੇ ਹਨ। ਜੇਕਰ ਕਿਸੀ ਬੱਚੇ ਨੂੰ ਉਸਦੇ ਮਾਪੇ ਨੂੰ ਸੌਂਪਣ ਤੇ ਫਸਾਦ ਹੋ ਸਕਦਾ ਹੈ ਅਤੇ ਬੱਚੇ ਨੂੰ ਨੁਕਸਾਨ ਪਹੁੰਚ ਸਕਦਾ ਹੈ ਤਾਂ ਇਨ੍ਹਾਂ ਹਾਲਾਤਾਂ ਨਾਲ ਨਜਿਠਣ ਲਈ ਸਕੂਲ ਦੇ ਪ੍ਰਬੰਧਕ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਅਪਣੀ ਮਰਜ਼ੀ ਅਨੁਸਾਰ ਫੈਸਲਾ ਕਰਨਗੇ। ਜੇਕਰ ਏਸ ਸਥਿਤੀ ਨੂੰ ਲੈਕੇ ਸਕੂਲ ਵਿੱਚ ਐਸੇ ਹਾਲਾਤ ਪੈਦਾ ਹੋ ਜਾਣ ਕਿ ਸਕੂਲ ਦੇ ਕੰਮਕਾਜ ਵਿੱਚ ਵਿਘਨ ਪੈ ਜਾਵੇ ਤਾਂ ਇਸ ਸਮੱਸਿਆ ਨਾਲ ਨਜਿਠਨ ਲਈ ਲਾਅ ਇਨਫੋਰਸਮੈਂਟ ਵਾਲਿਆਂ ਨਾਲ ਸੰਪਰਕ ਕਰਕੇ ਇਕ ਅਫਸਰ ਨੂੰ ਬੁਲਾਇਆ ਜਾ ਸਕਦਾ ਹੈ।

### ਨਾਨ-ਕੱਸਟੋਡੀਅਲ ਮਾਪੇ (ਦੇਖ-ਭਾਲ ਨਾਹ ਕਰਨ ਵਾਲੇ ) (ਬੀ ਪੀ 5021, 27 ਜਨਵਰੀ, 2009 ਨੂੰ ਰਿਵਾਈਜ਼ ਕੀਤਾ ਗਿਆ)

ਨਾਨ-ਕੱਸਟੋਡੀਅਲ ਮਾਪਿਆਂ ਕੋਲ ਵੀ ਕੱਸਟੋਡੀਅਲ ਮਾਪਿਆਂ ਵਾਲੇ ਅਧਿਕਾਰ ਹੁੰਦੇ ਹਨ, ਜਦੋਂ ਤੱਕ ਕੋਰਟ ਵੱਲੋਂ ਇਸ ਤਰਾਂ ਦੀ ਮਨਾਹੀ ਨਾਹ ਹੋਵੇ। ਇਹਨਾ ਅਧਿਕਾਰਾਂ ਵਿੱਚ ਸ਼ਾਮਲ ਹੈ ਪਰ ਸੀਮਤ ਨਹੀਂ ਹੈ: ਆਪਣੇ ਬੱਚੇ/ਬੱਚੀ ਦਾ ਸਕੂਲੀ ਰਿਕਾਰਡ, ਸਕੂਲੀ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਅਤੇ ਸਕੂਲ ਵਿਜ਼ਟਸ। ਜੇਕਰ ਨਾਨ-ਕੱਸਟੋਡੀਅਲ ਮਾਪਿਆਂ ਦੇ ਅਧਿਕਾਰਾਂ ਸਬੰਧੀ ਕੋਰਟ ਵੱਲੋਂ ਕੋਈ ਲੀਗਲ ਐਕਸ਼ਨ ਪੂਰਾ ਕੀਤਾ ਗਿਆ ਹੈ ਜਾਂ ਹਾਲੇ ਕੇਸ ਚੱਲ ਰਿਹਾ ਹੈ, ਤਾਂ ਕੱਸਟੱਡੀ ਵਾਲੇ ਮਾਪੇ/ਗਾਰਡੀਅਨਾ ਨੂੰ ਇਸ ਦਾ ਸਬੂਤ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਦੇਣਾ ਪਵੇਗਾ।

ਜਿਹੜੇ ਨੋਟਿਸ ਜਾਂ ਘੋਸ਼ਣਾਵਾਂ ਕੱਸਟੋਡੀਅਲ ਮਾਪਿਆਂ ਨੂੰ ਭੇਜੀਆਂ ਗਇਆਂ ਹਨ, ਬੇਨਤੀ ਕਰਨ ਉਪਰੰਤ, ਡਿਸਟ੍ਰਿਕਟ ਨਾਨ-ਕੱਸਟੋਡੀਅਲ ਮਾਪਿਆਂ ਨੂੰ ਵੀ ਇਹ ਸਭ ਪ੍ਰਦਾਨ ਕਰੇਗਾ।

ਭਾਂਵੇਂ ਦੋਨੋ ਹੀ ਮਾਪੇ ਬਮਚੇ ਨੂੰ ਸਕੂਲ ਮਿਲਣ ਜਾ ਸਕਦੇ ਹਨ, ਪਰ ਫਿਰ ਵੀ ਕੇਵਲ ਕੱਸਟੋਡੀਅਲ ਮਾਪੇ ਹੀ ਉਸ ਨੂੰ ਸਕੂਲ ਪ੍ਰਾਪਰਟੀ ਤੋਂ ਲਿਜਾ ਸਕਦੇ ਹਨ। ਕੱਸਟੋਡੀਅਲ ਮਾਪਿਆਂ ਵੱਲੋਂ ਲਿਖਿਆ ਨੋਟ (ਪੜਤਾਲ ਕਰਨ ਤੋਂ ਬਾਅਦ) , ਅਤੇ ਜਾਂ ਇੱਕ ਐਮਰਜੈਂਸੀ ਕਾਰਡ ਹੀ ਕੇਵਲ ਇਸ ਸ਼ਰਤ ਨੂੰ ਪੂਰਾ ਕਰ ਸਕਦਾ ਹੈ।

ਵਿਦਿਆਰਥੀ ਨੂੰ ਮਿਲਣ ਲਈ ਕੋਰਟ ਆਰਡਰ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਵਿੱਚ, ਸਟਾਫ ਕੱਸਟੋਡੀਅਲ ਮਾਪਿਆਂ ਅਤੇ ਲਾ-ਇਨਫੋਰਸਮੈਂਟ ਏਜਨਸੀ ਨਾਲ ਸੰਪਰਕ ਕਰੇਗਾ ਅਤੇ ਕੇਵਲ ਇਹਨਾ ਵਿੱਚੋਂ ਇੱਕ ਜਾਂ ਦੋਨਾਂ ਪਾਰਟੀਆਂ ਦੀ ਸਲਾਹ ਨਾਲ ਹੀ ਵਿਦਿਆਰਥੀ ਨਾਲ ਸਨਪਰਕ ਕਰਨ ਦਿੱਤਾ ਜਾਵੇਗਾ।

### ਵਿਤਕਰੇ –ਰਹਿਤ/ਹਰਾਸਮੈਂਟ(ਤੰਗ ਕਰਨਾ)(ਬੀ ਪੀ 0410 – 23 ਜੂਨ, 2009 ਨੂੰ ਰਿਵਾਇਜ਼ਡ ਕੀਤੀ ਗਈ)

ਗਵਰਨਿੰਗ ਬੋਰਡ ਇਸ ਗਲ ਨੂੰ ਯਕੀਨੀ ਬਣਾਉਨਗੇ ਕਿ ਦਾਖਲੇ ਸਮੇਂ ਅਤੇ ਕੋਰਸ ਲੈਣ, ਅਤੇ ਕਉਂਸਲਿੰਗ ਸੇਵਾਵਾਂ ਹਾਸਲ ਕਰਨ, ਅਥਲੈਟਿਕ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਣ, ਟੈਸਟ ਲੈਣ ਦੀ ਕਾਰਜ-ਪ੍ਰਣਾਲੀ ਅਤੇ ਕੰਮ-ਕਾਜ ਸਬੰਧਿਤ ਸਿਖਿਆ ਲਈ ਸਾਰੇ ਵਿੱਦਿਆਰਥੀਆਂ ਨੂੰ ਇਕੋ ਜਿਹੇ ਹੱਕ ਅਤੇ ਮੌਕੇ ਪ੍ਰਦਾਨ ਕਰਨਗੇ। ਡਿਸਟ੍ਰਿਕਟ ਪ੍ਰੋਗਰਾਮਾਂ ਅਤੇ ਕਿਰਿਆਵਾਂ ਸੈਕਸ, ਜਾਤਿ, ਰੰਗ, ਧਰਮ, ਰਾਸ਼ਟਰ, ਐਥਨਿਕ ਗਰੁਪ, ਸ਼ਾਦੀ ਦੇ ਸਟੇਟਸ, ਜਾਂ ਪਰਵਾਰਕ ਸਟੇਟਸ, ਜਾਂ ਮਾਨਸਕ ਅਤੇ ਸ਼ਰੀਰਕ ਡਿਸਅਬਿਲਟੀ ਸਬੰਧੀ ਵਿਤਕਰੇ ਅਤੇ ਹਰਾਸਮੈਂਟ ਤੋਂ ਬਗੈਰ ਹੋਣਗੀਆਂ। ਬੋਰਡ ਯਕੀਨਣ ਅਜਿਹੇ ਪ੍ਰੋਗਰਾਮ ਤਿਆਰ ਕਰੇਗਾ, ਜੋ ਡਿਸਟ੍ਰਿਕਟ ਦੀਆਂ ਗਤੀਵਿਧੀਆਂ ਵਿੱਚੋਂ ਵਿਤਕਰੇ ਨੂੰ ਹਟਾਉਣ। ਡਿਸਟ੍ਰਿਕਟ ਦੇ ਪ੍ਰੋਗਰਾਮ ਅਤੇ ਕਿਰਿਆਂਵਾਂ ਅਮੈਰੀਕਨ ਡਿਸਅਬਿਲਿਟੀਜ਼ ਐਕਟ ਦੇ ਅਨੁਕੂਲ ਹੋਣਗੀਆਂ ਅਤੇ ਉਹਨਾ ਨੂੰ ਸਮੁਚਤਾ ਨਾਲ ਦੇਖਿਆ ਜਾਵੇਗਾ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਯਕੀਨੀ ਬਣਾਉਣਗੇ ਕਿ ਡਿਸਅਬਿਲਿਟੀ ਵਾਲੇ ਵਿਦਿਆਰਥੀਆਂ ਨੂੰ ਉਹਨਾ ਦੀਆਂ ਖਾਸ ਲੋੜਾਂ ਅਨੁਸਾਰ ਪ੍ਰੋਗਰਾਮਾਂ ਜਾਂ ਕਿਰਿਆਵਾਂ ਦੇ ਇਕੋ ਜਿਹੇ ਮੌਕੇ ਪ੍ਰਦਾਨ ਕਰਨ ਲਈ ਅਤੇ ਸੇਵਾਵਾਂ ਦਾ ਲਾਭ ਪ੍ਰਾਪਤ ਕਰਨ ਲਈ ਸਹਾਇਕ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ। ਇਹਨਾ ਸੇਵਾਵਾਂ ਵਿੱਚ ਸ਼ਾਮਿਲ ਹੈ, ਪਰ ਸੀਮਿਤ ਨਹੀਂ ਹੈ, ਕਾਬਲ ਦੁਭਾਸ਼ੀਏ ਜਾਂ ਰੀਡਰ, ਸੁਨਣ ਲਈ ਸਹਾਇਕ ਯੰਤਰ, ਨੋਟ ਲਿਖਣ ਲਈ ਸਹਾਇਤਾ ਕਰਨ ਵਾਲੇ, ਟੇਪ ਕੀਤੇ ਟੈਕਸਟ, ਅਤੇ ਵੱਡੇ ਅੱਖਰਾਂ ਦੀ ਛਪਾਈ।

ਡਿਸਅਬਿਲਿਟੀ ਵਾਲੇ ਵਿਦਿਆਰਥੀਆਂ ਨੂੰ ਸੁਪਰਿਨਟੈਂਡੈਂਟ ਜਾਂ ਪ੍ਰਿੰਸੀਪਲ ਨੂੰ ਆਪਣੇ ਬਾਰੇ ਸੂਚਿਤ ਕਰਨਾ ਚਾਹੀਦਾ ਹੈ ਕਿ ਆਪ ਨੂੰ ਖਾਸ ਸੇਵਾਵਾਂ ਦੀ ਲੋੜ ਹੈ। ਇਹ ਲੋੜੀਂਦਾ ਨੋਟਿਸ ਕਿਸੇ ਵੀ ਪ੍ਰੋਗਰਾਮ, ਸਕੂਲ ਵੱਲੋਂ ਸਪੌਂਸਰ ਫੰਕਸ਼ਨ ਜਾਂ ਮੀਟਿਗ ਤੋਂ ਪਹਿਲਾਂ ਦੇਣਾ ਚਾਹੀਦਾ ਹੈ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸ਼ੀਅਤ ਵਿਦਿਆਰਥੀਆਂ, ਮਾਪਿਆਂ/ਗਾਰਡੀਅਨਾ, ਕ੍ਰਮਚਾਰੀਆਂ, ਕ੍ਰਮਚਾਰੀ ਆਰਗੇਨਾਈਜ਼ੇਸ਼ਨਾ ਅਤੇ ਦਾਖਲਾ ਲੈਣ ਵਾਲਿਆਂ, ਅਤੇ ਕੰਮ ਲਈ, ਅਤੇ ਦਾਖਲਾ ਲੈਣ ਵਾਲਿਆਂ ਲਈ ਰੀਫਰਲ ਦੇ ਸਾਧਨਾ ਲਈ ਡਿਸਟ੍ਰਿਕਟ ਦੀ ਵਿਤਕਰੇ-ਰਹਿਤ ਪਾਲਸੀ ਬਾਰੇ ਸੂਚਨਾ ਦੇਣਗੇ। ਹਰੇਕ ਅਨਾਉਂਸਮੈਂਟ, ਬੁਲਿਟਨ, ਕੇਟਲੋਗ, ਐਪਲੀਕੇਸ਼ਨ ਫਾਰਮ, ਜਾਂ ਹੋਰ ਕਿਸੇ ਤਰਾਂ ਦਾ ਮਟੀਰੀਅਲ ਜੋ ਇਹਨਾ ਗਰੁਪਾਂ ਵਿੱਚ ਵੰਡਿਆ ਜਾਵੇ, ਇਸ ਤਰਾਂ ਦੀ ਸੂਚਨਾ ਸ਼ਾਮਿਲ ਹੋਣੀ ਚਾਹੀਦੀ ਹੈ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ, ਇਸ ਤਰਾਂ ਦੇ ਹੋਰ ਕੰਪਲੇਟ ਪ੍ਰੋਸਜ਼ਿਰਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਨਗੇ।

ਕਾਨੂੰਨ ਦੇ ਅਨੁਸਾਰ ਡਿਸਟ੍ਰਿਕਟ ਦੀ ਵਿਤਕਰੇ-ਰਹਿਤ ਪਾਲਸੀ ਵਿਦਿਆਰਥੀ ਦੀ ਮੁਢਲੀ ਭਾਸ਼ਾ ਵਿੱਚ ਵੀ ਪਬਲਿਸ਼ ਹੋਣੀ ਚਾਹੀਦੀ ਹੈ।

### ਲਾ-ਇਨਫੋਰਸਮੈਂਟ - ਵਿੱਦਿਆਰਥੀ ਨੂੰ ਸਕੂਲ ਤੋਂ ਲੈਕੇ ਜਾਣਾ -ਮਾਈਨਰ(ਅਠ੍ਹਾਰਾਂ ਸਾਲ ਤੋਂ ਘਟ ਉਮਰ ਦੇ ਬੱਚੇ) ਨੂੰ ਪੁਲੀਸ ਅਫਸਰ ਦੇ ਸਪੁਰਦ ਕਰਨਾ(ਐਜੂਕੇਸ਼ਨ ਕੋਡ 48906 ਤਹਿਤ)

ਜਦੋਂ ਸਕੂਲ ਦੇ ਪ੍ਰਿੰਸੀਪੱਲ ਜਾਂ ਦੂਜੇ ਕਰਮਚਾਰੀ ਇਕ ਮਾਈਨਰ ਵਿੱਦਿਆਰਥੀ ਨੂੰ ਸਕੂਲੋਂ ਬਾਹਰ ਭੇਜਣ ਦੇ ਵਿਚਾਰ ਨਾਲ ਉਸਨੂੰ ਪੁਲੀਸ ਅਫਸਰ ਦੇ ਹਵਾਲੇ ਕਰਦੇ ਹਨ ਤਾਂ ਸਕੂਲੀ ਕਰਮਚਾਰੀ ਤੁਰੰਤ ਉਸ ਵਿੱਦਿਆਰਥੀ ਦੇ ਮਾਪਿਆਂ/ਗਾਰਡੀਅਨ ਜਾਂ ਕਿਸੀ ਜ਼ੁੰਮੇਵਾਰ ਰਿਸ਼ਤੇਦਾਰ ਨੂੰ ਇਸਦੇ ਬਾਰੇ ਇਤਲਾਹ ਦੇਣ ਅਤੇ ਇਸ ਤੋਂ ਇਲਾਵਾ ਉਹ ਮਾਪਿਆਂ ਨੂੰ ਇਹ ਵੀ ਦਸਣ ਕਿ ਪੁਲੀਸ ਉਸਨੂੰ ਕਿਹੜੀ ਜਗ੍ਹਾ ਲੈਕੇ ਜਾ ਰਹੀ ਹੈ, ਸਿਵਾਏ ਇਸਦੇ ਕਿ ਜਦ ਬੱਚੇ ਨੂੰ ਉਸਦੇ ਨਾਲ ਹੋਏ ਸੈਕਸ ਅਬਯੂਜ਼ ਦੀ ਸ਼ੁਭਾ ਕਾਰਣ ਸਕੂਲੋਂ ਬਾਹਰ ਭੇਜਿਆ ਜਾ ਰਿਹਾ ਹੈ ਜਿਸਦੀ ਪਰੀਭਾਸ਼ਾ ਪੀਨਲ ਕੋਡ 11165 .6ਵਿੱਚ ਦਿਤੀ ਗਈ ਹੈ, ਜਾਂ ਵੈਲਫੇਅਰ ਅਤੇ ਇਨਸਟੀਚਯੁਸ਼ਨ ਕੋਡ ਦੇ ਸੈਕਸ਼ਨ 305 ਵਿੱਚ ਦੀਸਆ ਗਿਆ ਹੈ। ਇਨ੍ਹਾਂ ਹਾਲਾਤਾਂ ਵਿੱਚ ਸਕੂਲ ਕਰਮਚਾਰੀ ਪੀਸ ਅਫਸਰ ਨੂੰ ਉਸ ਬੱਚੇ ਦੇ ਮਾਪਿਆਂ/ਗਾਰਡੀਅਨ ਦੇ ਘਰ ਦਾ ਪਤਾ ਅਤੇ ਫੋਨ ਨੰਬਰ ਦੇਣ। ਪੀਸ ਅਫਸਰ ਤੁਰੰਤ ਬੱਚੇ ਦੇ ਮਾਪਿਆਂ/ਗਾਰਡੀਅਨ ਜਾਂ ਉਸਦੇ ਜ਼ੁੰਮੇਵਾਰ ਰਿਸ਼ਤੇਦਾਰ ਨੂੰ

ਇਤਲਾਹ ਦੇਣ ਅਤੇ ਉਨ੍ਹਾਂ ਨੇ ਦਸਣ ਕਿ ਬੱਚੇ ਨੂੰ ਕਸਟਡੀ ਵਿੱਚ ਲੈ ਲਿਆ ਗਿਆ ਹੈ ਅਤੇ ਉਸਨੂੰ ਕਿਥੇ ਰਖਿਆ ਗਿਆ ਹੈ। ਜੇਕਰ ਪੀਸ ਅਫਸਰ ਨੂੰ ਲਗੇ ਕਿ ਬੱਚੇ ਦੀ ਕਸਟਡੀ ਅਤੇ ਰਖਣ ਵਾਲੀ ਜਗ੍ਹਾ ਦਾ ਸਰਨਾਵਾ ਦੇਣ ਨਾਲ ਬੱਚੇ ਨੂੰ ਖਤਰਾ ਹੋ ਸਕਦਾ ਹੈ, ਜਾਂ ਉਸਦੀ ਕਸਟਡੀ ਵਿੱਚ ਵਿਘਨ ਪੈ ਸਕਦਾ ਹੈ ਤਾਂ 24 ਘੰਟੇ ਤਕ ਇਸ ਰਾਜ਼ ਨੂੰ ਰਾਜ਼ ਹੀ ਰਖ ਸਕਦੇ ਹਨ ਪਰ ਇਸ ਤੋਂ ਵੱਧ ਸਮੇਂ ਲਈ ਨਹੀਂ। ਪੀਸ ਅਫਸਰ ਮਾਪਿਆਂ/ਗਾਰਡੀਅਨ ਜਾਂ ਜ਼ੁੰਮੇਵਾਰ ਰਿਸ਼ਤੇਦਾਰ ਨੂੰ ਇਹ ਦਸ ਸਕਦੇ ਹਨ ਕਿ ਬੱਚੇ ਦਾ ਇਲਾਜ ਕਰਵਾਇਆ ਜਾ ਰਿਹਾ ਹੈ ਜਾਂ ਬੱਚੇ ਨੂੰ ਇਲਾਜ ਦੀ ਜ਼ਰੂਰਤ ਹੈ। ਇਸ ਤੋਂ ਬਾਅਦ ਡਿਟੈਨਸ਼ਨ ਸੁਨਵਾਈ ਵਾਲੇ ਦਿਨ ਜੁਵੇਨਾਈਲ ਕੋਰਟ ਫੈਸਲਾ ਕਰੇਗਾ ਕਿ ਕੀ ਮਾਇਨਰ ਦੀ ਰਹਿਣ ਵਾਲੀ ਜਗ੍ਹਾ ਬਾਰੇ ਦੀਸਆ ਜਾਵੇ ਜਾਂ ਗੁਪਤ ਰਖਿਆ ਜਾਵੇ।
(ਹੋਰ ਜਾਣਕਾਰੀ ਲਈ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਦੀ ਬੋਰਡ ਪੌਲਸੀ 5145 .11ਅਤੇ ਏ ਆਰ 5145 .11ਵੇਖੋ।

**ਪ੍ਰਸ਼ਨ ਕਰਨੇ ਅਤੇ ਹਿਰਾਸਤ ਵਿੱਚ ਲੈਣਾ(ਬੋਰਡ ਪੌਲਸੀ)5145.11 ਰਿਵਿਊ ਕੀਤੀ ਗਈ: 27 ਜਨਵਰੀ, 2009)**

ਲਾ-ਇਨਫੋਰਸਮੈਂਟ ਅਫਸਰ ਕੋਲ ਵਿਦਿਆਰਥੀ 6 ਸਕੂਲ ਕੈਂਪਸ ਤੇ ਮੁਲਾਕਾਤ ਅਤੇ ਪ੍ਰਸ਼ਨ ਕਰਨ ਦਾ ਹੱਕ ਹੈ। ਜਦੋਂ ਅਜਿਹੀ ਮੁਲਾਕਾਤ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਪ੍ਰਿੰਸੀਪੱਲ ਜਾਂ ਉਹਨਾ ਵੱਲੋਂ ਨਿਯੁਕਤ ਕਰਮਚਾਰੀ ਮੁਲਾਕਾਤ ਕਰਨ ਵਾਲੇ ਅਫਸਰ ਦੀ ਪਛਾਣ, ਰੁਤਬਾ ਅਤੇ ਉਸ ਦੇ ਅਧਿਕਾਰ ਬਾਰੇ ਪੱਕਾ ਪਤਾ ਲਗਾਉਣਗੇ। ਜੇਕਰ ਅਫਸਰ ਨੂੰ ਉਸੇ ਵਕਤ ਵਿਦਿਆਰਥੀ ਨਾਲ ਘੱਲ ਕਰਨ ਦੀ ਜ਼ਰੂਰੀ ਹੈ ਤਾਂ ਪ੍ਰਿੰਸੀਪੱਲ ਜਾਂ ਉਹਨਾ ਵੱਲੋਂ ਨਿਯੁਕਤ ਕਰਮਚਾਰੀ ਇਸ ਤਰੀਕੇ ਨਾਲ ਅਫਸਰ ਦਾ ਸਾਥ ਦੇਣਗੇ ਜਿਸ ਨਾਲ ਸਕੂਲ ਦੀ ਕਿਸੇ ਵੀ ਗਤੀਵਿਧੀ ਵਿੱਚ ਵਿਘਨ ਨਾ ਪਵੇ ਅਤੇ ਵਿਦਿਆਰਥੀ ਦੀ ਪ੍ਰਾਈਵੇਸੀ ਵੀ ਬਰਕਰਾਰ ਰਹੇ, ਅਤੇ ਲਾ-ਇਨਫੋਰਸਮੈਂਟ ਕਾਰਪੋਰੇਸ਼ਨ ਦਾ ਪੂਰਾ ਸਾਥ ਦੇਣਗੇ।

ਚਾਈਲਡ-ਅਬਿਊਜ਼ ਅਤੇ ਲਾਪ੍ਰਵਅਹੀ ਦੇ ਕੇਸਾਂ ਵਿੱਚ, ਜਦੋਂ ਲਾ-ਇਨਫੋਰਸਮੈਂਟ ਅਫਸਰ ਸਕੂਲ ਦੇ ਪ੍ਰਾਈਮਿਸਜ਼ ਵਿੱਚ ਵਿਦਿਆਰਥੀ ਨਾਲ ਮੁਲਾਕਾਤ ਦੀ ਬੇਨਤੀ ਕਰਦੇ ਹਨ ਤਾਂ ਪ੍ਰਿੰਸੀਪੱਲ ਜਾਂ ਉਹਨਾ ਵੱਲੋਂ ਨਿਯੁਕਤ ਕਰਮਚਾਰੀ ਵਿਦਿਆਰਥੀ ਦੇ ਮਾਪਿਆਂ/ਗਾਰਡੀਅਨਾ ਨੂੰ ਸੂਚਨਾ ਦੇਣਗੇ।

ਲਾ-ਇਨਫੋਰਸਮੈਂਟ ਦੀ ਸਾਵਧਾਨੀ ਅਤੇ ਵਿਦਿਆਰਥੀ ਦੀ ਮਰਜ਼ੀ ਨਾਲ ਪ੍ਰਿੰਸੀਪੱਲ ਜਾਂ ਉਹਨਾ ਵੱਲੋਂ ਨਿਯੁਕਤ ਕਰਮਚਾਰੀ ਇਸ ਮੁਲਾਕਾਤ ਵਿੱਚ ਬੈਠ ਸਕਦੇ ਹਨ।

ਜੇਕਰ ਲਾ-ਇਨਫੋਰਸਮੈਂਟ ਅਫਸਰ ਵਿਦਿਆਰਥੀ ਨੂੰ ਸਕੂਲੋਂ ਆਪਣੇ ਨਾਲ ਲਿਜਾਣਾ ਜ਼ਰੂਰੀ ਸਮਝਣ ਤਾਂ ਪ੍ਰਿੰਸੀਪੱਲ ਜਾਂ ਉਹਨਾ ਵੱਲੋਂ ਨਿਯੁਕਤ ਕਰਮਚਾਰੀ ਪਹਿਲਾਂ ਇਸ ਦੀ ਜ਼ਰੂਰਤ ਬਾਰੇ ਪੱਕਾ ਪਤਾ ਲਗਾਉਣਗੇ। ਵਿਦਿਆਰਥੀ ਨੂੰ ਸਕੂਲ ਤੋਂ ਇਸ ਤਰਾਂ ਭੇਜਨ ਤੋ ਛੇਤੀ ਬਾਅਦ ਪ੍ਰਿੰਸੀਪੱਲ ਜਾਂ ਉਹਨਾ ਵੱਲੋਂ ਨਿਯੁਕਤ ਕਰਮਚਾਰੀ ਮਾਪਿਆਂ/ਗਅਰਡੀਅਨਾਂ ਨੂੰ ਸੂਚਿਤ ਕਰਨਗੇ।

ਵਿੱਦਿਆਰਥੀ ਨੂੰ ਸਕੂਲ ਤੋਂ ਭੇਜਣ ਵਾਲਾ ਜ਼ਿੰਮੇਵਾਰ ਵਿਅਕਤੀ, ਵਿੱਦਿਆਰਥੀ ਨੂੰ ਕਿਸੇ ਅਣਅਧਿਕਾਰਤ ਜਾਂ ਕਿਸੇ ਵੀ ਅਣਪਛਾਣੇ ਵਿਅਕਤੀ ਨਾਲ ਨਾ ਜਾਣ ਦੇਣ ਦਾ ਉੱਦਮੀ ਹੋਵੇਗਾ।

**ਸ਼ਫੀਨਾ (ਕੋਰਟ ਵਿੱਚ ਜਾਣ ਦਾ ਆਦੇਸ਼)**

ਭਾਂਵੇ ਸ਼ਫੀਨਾ ਸਕੂਲ ਵਿੱਚ ਵੀ ਭੇਜੇ ਜਾ ਸਕਦੇ ਹਨ, ਪਰ ਬੋਰਡ ਯਕੀਨ ਕਰਦਾ ਹੈ ਕਿ ਸ਼ਫੀਨਾ ਭੇਜਣ ਵਾਲੇ ਵਿਅਕਤੀ ਨੂੰ ਤਾਕੀਦ ਕੀਤੀ ਜਾਂਦੀ ਹੈ ਕਿ ਜੇਕਰ ਹੋ ਸਕੇ ਤਾਂ ਵਿਦਿਆਰਥੀ ਦੇ ਘਰ ਹੀ ਸ਼ਫੀਨਾ ਭੇਜੇ। ਇਹਨਾ ਹਾਲਾਤਾਂ ਵਿੱਚ ਯਕੀਨੀ ਬਣਾਇਆ ਜਾਵੇਗਾ ਕਿ ਵਿਦਿਆਰਥੀ ਦੇ ਕਲਾਸ ਦੇ ਸਮੇਂ ਨੂੰ ਘੱਟ ਖਰਾਬ ਕੀਤਾ ਜਾਵੇ ਅਤੇ ਉਸ ਨੂੰ ਘੱਟ ਸ਼ਰਮਿੰਦਗੀ ਸਹਿਣੀ ਪਵੇ।

**ਤਲਾਸ਼ੀ ਲੈਣੀ (ਬੋਰਡ ਪੌਲਸੀ)5145.12 ਅਪਨਾਈ ਗਈ: 23 ਜੂਨ, 2009)**

ਗਵਰਨਿੰਗ ਬੋਰਡ ਸੁਰੱਖਿਅਤ ਸਿਖਿਅਕ ਵਾਤਾਵਰਣ ਪ੍ਰਦਾਨ ਕਰਨ ਲਈ ਅਤੇ ਜਿਥੇ ਤੱਕ ਮੁਮਕਿਨ ਹੋ ਸਕਦਾ ਹੈ, ਹਥਿਆਰ ਰੱਖਣ ਅਤੇ ਵਰਤਣ, ਗੈਰ-ਕਾਨੂੰਨੀ ਡਰੱਗਾਂ, ਅਤੇ ਹੋਰ ਬੰਦਿਸ਼ ਵਾਲੇ ਪਦਾਰਥਾਂ ਨੂੰ ਵਿਦਿਆਰਥੀਆਂ ਵੱਲੋਂ ਸਕੂਲੀ ਗਰਾਂਊਡ ਅਤੇ ਸਕੂਲੀ ਗਤੀਵਿਧੀਆਂ ਵਿੱਚ ਲਿਆਉਣ ਤੋਂ ਰੋਕ ਲਾਉਣ ਲਈ ਪੂਰੀ ਤਰਾਂ ਵਚਨਬੱਧ ਹੈ। ਜੱਦ ਕਦੇ ਵੀ ਵਿੱਦਿਆਰਥਿਆਂ ਅਤੇ ਸਕੂਲ ਸਟਾਫ ਦੀ ਸਿਹਤ, ਵੈਲਫੇਅਰ ਅਤੇ ਸੁਰੱਖਿਆ ਨੂੰ ਬਚਾਉਣ ਦੀ ਲੋੜ ਸਮਝੀ ਜਾਵੇ, ਸਕੂਲ ਅਫਸਰ, ਵਿੱਦਿਆਰਥੀਆਂ ਅਤੇ ਉਨ੍ਹਾਂ ਦੀ ਸੰਪੱਤੀ ਦੀ ਜਾਂ ਫਿਰ ਸਕੂਲ ਡਿਸਟ੍ਰਿਕਟ ਦੀ ਸੰਪੱਤੀ ਜਿਹੜੀ ਵਿੱਦਿਆਰਥਿਆਂ ਦੇ ਕੋਲ ਹੈ ਦੀ ਤਲਾਸ਼ੀ ਲੈ ਸਕਦੇ ਹਨ, ਅਤੇ ਗੈਰ ਕਨੂੰਨੀ, ਅਸੁਰੱਖਿਅਤ ਜਾਂ ਪਾਬੰਧਿਕ ਚੀਜ਼ਾਂ ਉਨ੍ਹ ਕੋਲੋਂ ਖੋਹ ਸਕਦੇ ਹਨ।

ਗਵਰਨਿੰਗ ਬੋਰਡ ਦਾ ਅਦੇਸ਼ ਹੈ ਕਿ ਕ੍ਰਮਚਾਰੀ ਸਾਵਧਾਨੀ ਅਤੇ ਸਮਝਦਾਰੀ ਦਾ ਪ੍ਰਯੋਗ ਕਰਨ। ਤਲਾਸ਼ੀ ਕਰਨ ਜਾਂ ਖੋਹਣ ਵੇਲੇ, ਕ੍ਰਮਚਾਰੀ, ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਹੋਏ, ਬੋਰਡ ਪਾਲਸੀ ਅਨੁਸਾਰ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਵਿਵਹਾਰ ਕਰਨ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸ਼ੀਅਤ ਯਕੀਨੀ ਬਣਾਉਣਗੇ ਕਿ ਜਿਸ ਕ੍ਰਮਚਾਰੀ ਨੇ ਵਿਦਿਆਰਥੀ ਤਲਾਸ਼ੀ ਲੈਣੀ ਹੈ, ਉਸ ਨੂੰ ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਹੋਏ, ਬੋਰਡ ਪਾਲਸੀ ਅਨੁਸਾਰ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਟ੍ਰੇਨਿੰਗ ਦਿੱਤੀ ਜਾਵੇ।

**ਵਿੱਦਿਆਰਥੀਆਂ ਦੀ ਵਿਅਕਤਕ ਤਲਾਸ਼ੀ (ਇੰਡੀਵਿਜੁਅਲ ਸਰਚੱਜ਼)(ਬੋਰਡ ਪੌਲਸੀ 5145. 12 ਅਪਨਾਈ ਗਈ: 23 ਜੂਨ, 2009)**

ਜੇਕਰ ਸਕੂਲ ਕਰਮਚਾਰੀਆਂ ਨੂੰ ਸ਼ਕ ਹੋ ਜਾਵੇ ਕਿ ਜਦ ਵਿੱਦਿਆਰਥੀ ਦੀ ਤਲਾਸ਼ੀ ਲਈ ਜਾਵੇਗੀ ਅਤੇ ਉਨ੍ਹਾਂ ਦੇ ਹੱਥ ਲਗਣ ਵਾਲਾ ਸਬੂਤ ਗੈਰ ਕਨੂੰਨੀ ਹੈ ਜਾਂ ਬੋਰਡ ਦੀ ਪੌਲਸੀ ਦੇ ਬਰਖਲਾਫ ਹੈ ਜਾਂ ਪ੍ਰਬੰਧਕੀ ਰੈਗੂਲੇਸ਼ਨ ਜਾਂ ਸਕੂਲ ਦੇ ਅਤੇ ਡਿਸਟ੍ਰਿਕ ਦੇ ਨਿਯਮਾਂ ਦੀ ਉਲਘਨਾ ਕਰਦਾ ਹੈ ਤਾਂ ਸਕੂਲ ਕਰਮਚਾਰੀ (ਉਫਿਸ਼ੀਅਲਜ਼) ਵਿੱਦਿਆਰਥੀਆਂ ਦੀ ਵਿਅਕਤਕ ਪ੍ਰੌਪਰਟੀ ਅਤੇ ਡਿਸਟ੍ਰਿਕ ਦੀ ਪ੍ਰੌਪਰਟੀ ਜਿਹੜੀ ਵਿੱਦਿਆਰਥੀਆਂ ਦੇ ਕੰਟਰੋਲ ਵਿੱਚ ਹੈ ਦੀ ਤਲਾਸ਼ੀ ਲੈ ਸਕਦੇ ਹਨ। ਮੁਨਾਸਬ ਸ਼ੱਕ ਖਾਸ ਤੱਥਾਂ ਤੇ ਅਧਾਰਤ ਹੋਣਾ ਜ਼ਰੂਰੀ ਹੈ ਤਾਂ ਕਿ ਤਲਾਸ਼ੀ ਤੋਂ ਇਸ ਕਥਿਤ ਉਲੰਘਣਾ ਨਾਲ ਸਬੰਧਿਤ ਪੱਕੇ ਸਬੂਤ ਪ੍ਰਾਪਤ ਹੋ ਸਕਣ। ਸਕੂਲੀ ਕ੍ਰਮਚਾਰੀਆਂ ਵੱਲੋਂ ਜਿਸ ਵਿਦਿਆਰਥੀ ਪ੍ਰੋਪਰਟੀ ਦੀ ਤਲਾਸ਼ੀ ਲਈ ਜਾ ਸਕਦੀ ਹੈ, ਉਸ ਵਿੱਚ ਸ਼ਾਮਲ ਹੈ ਪਰ ਸੀਮਤ ਨਹੀਂ ਹੈ; ਲਾਕਰ, ਡੈਸਕ, ਪਰਸ, ਬਸਤੇ, ਡਿਸਟ੍ਰਿਕਟ ਦੀ ਪ੍ਰਾਪਰਟੀ ਤੇ ਖੜੀ ਵਿਦਿਆਰਥੀ ਦੀ ਕਾਰ, ਸੈੱਲ ਫੋਨ, ਜਾਂ ਹੋਰ ਇਲੈਕਟਰਿਕ ਯੰਤਰ।

ਕਿਸੇ ਵੀ ਵਿਦਿਆਰਥੀ ਦੀ ਤਲਾਸ਼ੀ, ਉਸਦੀਆਂ ਚੀਜ਼ਾਂ ਦੀ ਤਲਾਸ਼ੀ, ਜਾਂ ਉਸ ਵਿਦਿਆਰਥੀ ਦੇ ਕੰਟਰੋਲ ਵਿੱਚ ਡਿਸਟ੍ਰਿਕਟ ਦੀ ਪ੍ਰਾਪਰਟੀ ਦੀ ਤਲਾਸ਼ੀ ਦਾ ਮਕਸਦ ਸੀਮਾਕਾਰਕ ਅਤੇ ਕਥਿਤ ਉਲੰਘਣਾ ਨਾਲ ਸਬੰਧਿਤ ਸਬੂਤ ਪ੍ਰਾਪਤ ਕਰਨ ਵਾਲਾ ਹੋਣਾ ਚਾਹੀਦਾ ਹੈ। ਤਲਾਸ਼ੀ ਲੈਣ ਸਮੇਂ ਸਕੂਲੀ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਅਤੇ ਸਟਾਫ ਦੀ ਸਿਹਤ ਦੀ ਸੁਰੱਖਿਆ ਤੋਂ ਖਤਰਿਆਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਜਿਵੇਂ; ਕਿਸੇ ਹਥਿਆਰ ਨੂੰ ਕਬਜ਼ੇ ਵਿੱਚ ਰੱਖਣਾ, ਡਰੱਗਾਂ, ਜਾਂ ਹੋਰ ਖਤਰਨਾਕ ਯੰਤਰ, ਅਤੇ ਭਾਂਵੇਂ ਇਹ ਚੀਜ਼ਾਂ ਸਕੂਲੀ ਕ੍ਰਮਚਾਰੀਆਂ ਵੱਲੋਂ ਲੱਭੀਆਂ ਗਈਆਂ ਹਨ ਜੋ ਉਚਿੱਤ ਤੌਰ ਤੇ ਨਜ਼ਾਇਜ਼ ਚੀਜ਼ਾਂ ਨਾਲ ਸਬੰਧਿਤ ਹਨ। ਇਸ ਦੇ ਨਾਲ ਹੀ ਸਕੂਲੀ ਕ੍ਰਮਚਾਰੀ ਤਲਾਸ਼ੀ ਕਰਨ ਸਮੇਂ ਵਿਦਿਆਰਥੀ ਦੀ ਉੱਮਰ, ਜੈਂਡਰ ਅਤੇ ਕਥਿਤ ਉਲੰਘਣਾ ਦੀ ਕਿਸਮ ਨੂੰ ਵੀ ਧਿਆਨ ਵਿੱਚ ਰੱਖਣਗੇ।

ਕਰਮਚਾਰੀ ਵਿੱਦਿਆਰਥੀਆਂ ਦੀ ਕਿਸੇ ਵੀ ਹਲਾਤ ਵਿੱਚ ਸਟ੍ਰਿਪ ਸਰਚ (ਨੰਗਾ ਕਰਕੇ ਤਲਾਸ਼ੀ)ਜਾਂ ਬੌਡੀ ਕੈਵਟੀ ਤਲਾਸ਼ੀ ਨਹੀਂ ਕਰ ਸਕਦੇ। (ਐਜੂਕੇਸ਼ਨ ਕੋਡ 49050)

ਕਿਸੇ ਵੀ ਵਿੱਦਿਆਰਥੀ ਦੀ ਤਲਾਸ਼ੀ ਲੈਣ ਤੋਂ ਪਹਿਲਾਂ ਘੱਟ ਤੋਂ ਘੱਟ ਡਿਸਟ੍ਰਿਕ ਦੇ ਦੋ ਮੁਲਾਜ਼ਮਾਂ ਦਾ ਮੋਜੂਦ ਹੋਣਾ ਜ਼ਰੂਰੀ ਹੈ।

ਇਹ ਜ਼ਰੂਰੀ ਹੈ ਕਿ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਜਿਨੀਂ ਜਲਦੀ ਹੋ ਸਕੇ ਵਿੱਦਿਆਰਥੀ ਦੇ ਮਾਪੇ/ਗਾਰੀਡਅਨ ਨੂੰ ਉਸਦੀ ਤਲਾਸ਼ੀ ਬਾਰੇ ਦਸਣ ਦੀ ਕੋਸ਼ਿਸ਼ ਕਰਨ।

**ਵਿੱਦਿਆਰਥੀਆਂ ਦੇ ਲੌਕਰ ਅਤੇ ਡੈਸਕ (ਸਟੂਡੈਂਟ ਲੌਕਰਜ਼/ਡੈਸਕ) (ਬੋਰਡ ਪੌਲਸੀ 5145.12 ਰਿਵਾਈਜ਼ ਕੀਤੀ ਗਈ: 23 ਜੂਨ, 2009)**

ਵਿਦਿਆਰਥੀਆਂ ਦੇ ਸਾਰੇ ਲਾਕਰ, ਅਤੇ ਡੈਸਕ ਡਿਸਟ੍ਰਿਕਟ ਦੀ ਪ੍ਰਾਪਰਟੀ ਹਨ।ਸਕੂਲ ਦੀ ਸੰਪੱਤੀ ਜਿਸ ਤਰਾਂ ਕਿ ਲੌਕਰ ਜਾਂ ਡੈਸਕ ਜੋ ਵਿੱਦਿਆਰਥਿਆਂ ਦੇ ਕੰਟਰੋਲ ਵਿੱਚ ਹਨ, ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, ਵਿੱਦਿਆਰਥੀਆਂ ਨੰ ਦਸਕੇ ਅਤੇ ਅਪਣੇ ਨਿਯੁਕਤੀ ਡੈਸਕਾਂ ਜਾਂ ਲਾਕਰਾਂ ਦੇ ਕੋਲ ਖੜੇ ਕਰਵਾਕੇ ਉਨ੍ਹਾਂ ਦੀ ਤਲਾਸ਼ੀ ਜਦ ਚਾਹੁਣ, ਸਮੇਂ-ਸਮੇਂ ਅਨੁਸਾਰ, ਲੈ ਸਕਦੇ ਹਨ। ਜਿਸ ਵਿੱਦਿਆਰਥੀ ਦਾ ਉਹ ਲੌਕਰ ਜਾਂ ਡੈਸਕ ਹੈ ਤਾਂ ਉਸ ਲੌਕਰ ਜਾਂ ਡੈਸਕ ਚੋਂ ਲੱਭੇ ਆਈਟਮ ਉਸ ਵਿਦਿਆਰਥੀ ਦੀ ਸੰਪੱਤੀ ਮੰਨੀ ਜਾਏਗੀ।

**ਨਜ਼ਾਇਜ਼ ਚੀਜ਼ਾਂ ਲਭਣ ਲਈ ਕੁਤਿਆਂ ਦੀ ਵਰਤੋਂ(ਬੋਰਡ ਪੌਲਸੀ 5145.12 ਅਪਨਾਈ ਗਈ : 23 ਜੂਨ, 2009)**

ਸਕੂਲਾਂ ਨੂੰ ਡਰਗਾਂ ਤੋਂ ਫਰੀ ਰਖਣ ਲਈ, ਡਿਸਟ੍ਰਿਕ ਖਾਸ ਕਿਸਮ ਦੇ ਅਣਆਕ੍ਰਮਣਸ਼ੀਲ ਟ੍ਰੇਨਿੰਗ ਵਾਲੇ ਕੁਤਿਆਂ ਦੀ ਵਰਤੋਂ ਕਰਦਾ ਹੈ। ਇਹ ਕੁਤੇ ਸਟਾਫ ਨੂੰ ਗੈਰ ਕਨੂੰਨੀ ਜਾਂ ਬੋਰਡ ਪੌਲਸੀ ਦੇ ਅਨੁਰੋਧੀ ਚੀਜ਼ਾਂ ਦੀ ਮੌਜੁਦਗੀ ਬਾਰੇ ਸੁੰਘ ਕੇ ਸਾਵਧਾਨ ਕਰ ਦਿੰਦੇ ਹਨ। ਕੁਤੇ ਲੌਕਰ, ਡੈਸਕ, ਜਾਂ ਫੇਰ ਡਿਸਟ੍ਰਿਕ ਪ੍ਰੌਪਰਟੀ ਜਾਂ ਡਿਸਟ੍ਰਿਕ ਵਲੋਂ ਅਯੋਜਿਤ ਪ੍ਰੋਗਰਾਮਾਂ ਦੌਰਾਨ ਖੜੀਆਂ ਕਾਰਾਂ ਦੇ ਆਲੇ ਦੁਆਲੇ ਵੀ ਸੁੰਘ ਸਕਦੇ ਹਨ। ਇਹ ਕੁਤੇ ਕਦੇ ਵੀ ਵਿੱਦਿਆਰਥੀਆਂ ਜਾਂ ਕਿਸੇ ਹੋਰ ਵਿਅਕਤੀ ਦੇ ਲਾਗੇ ਨਹੀਂ ਆਉਣੇ ਚਾਹੀਦੇ, ਅਤੇ ਨਾ ਹੀ ਕਿਸੇ ਦੀਆਂ ਨਿੱਜੀ ਚੀਜ਼ਾਂ ਨੂੰ ਉਸ ਵਿਅਕਤੀ ਦੀ ਮਰਜ਼ੀ ਤੋਂ ਬਿਨਾ ਸੁੰਘ ਸਕਦੇ ਹਨ।

**ਨਿਗਰਾਨੀ ਕਰਨ ਵਾਲੇ(ਸੱਰਵੇਲੈਂਸ) ਕੈਮਰਿਆਂ ਦੀ ਵਰਤੋਂ((ਬੋਰਡ ਪੌਲਸੀ 5145.12 ਅਪਨਾਈ ਗਈ : 23 ਜੂਨ, 2009)**

ਡਿਸਟ੍ਰਿਕ ਸੁਰੱਖਿਤ ਵਾਤਾਵਰਨ ਦੀ ਉਪਲਬਧੀ ਕਰਵਾਉਣ ਦੇ ਅਪਣੇ ਫਰਜ਼ ਨੂੰ ਹੋਰ ਮਜ਼ਬੂਤ ਕਰਨ ਲਈ, ਅਪਣੇ ਡਿਸਟ੍ਰਿਕਟ ਦੇ ਕੌਮਨ ਏਰੀਆਂ ਦੇ ਵਿੱਚ ਨਿਗਰਾਨੀ ਕਰਨ ਵਾਲੇ ਲਾਈਵ ਜਾਂ ਡਿਜਿਟੱਲ ਕੈਮਰੇ ਲਗਾ ਸਕਦੇ ਹਨ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ ਸਰਵੇਲੈਂਸ ਕੈਮਰਿਆਂ ਦੀ ਦੇਖ-ਰੇਖ ਅਤੇ ਇਸਤੇਮਾਲ ਦਾ ਨਿਰੀਖਨ ਕਰਨ।

ਕੌਮਨ(ਸਾਂਝੇ) ਏਰੀਆਂ ਦੇ ਵਿੱਚ ਕ੍ਰਿਆਵਾਂ ਰਿਕੌਰਡ ਕਰਨ ਲਈ ਜਿਨ੍ਹਾਂ ਸਰਵੇਲੈਂਸ ਕੈਮਰਿਆਂ ਦੀ ਸਥਾਪਨਾ ਕੀਤੀ ਜਾਣੀ ਹੈ, ਉਨ੍ਹਾਂ ਦੀ ਸਥਾਪਨਾ ਕਰਨ ਤੋਂ ਪਹਿਲੋਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਮਾਪਿਆਂ/ਗਾਰਡੀਅਨਾਂ ਨੂੰ ਨੋਟਿਸ ਦੇਣ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਇਹ ਵੀ ਦੀਸਆ ਜਾਵੇ ਕਿ ਇਸ ਦੇ ਰਾਹੀਂ ਪ੍ਰਾਪਤ ਕੀਤੇ ਗਏ ਰਿਕੌਰਡ ਵਿੱਦਿਆਰਥੀ ਦੀ ਡਿਸਿਪਲਿਨ ਸਬੰਧੀ ਕਾਰਵਾਈ ਦੌਰਾਨ ਇਸਤੇਮਾਲ ਕੀਤੇ ਜਾ ਸਕਦੇ ਹਨ। ਜਿਸ ਜਗ੍ਹਾ ਸਰਵੇਲੈਂਸ ਕੈਮਰੇ ਇਸਤੇਮਾਲ ਕੀਤੇ ਜਾਣੇ ਹਨ ਉਥੇ ਸਾਈਨ ਲਗਾਇਆ ਜਾਣਾ ਚਾਹੀਦਾ ਹੈ। ਜਿਨ੍ਹਾਂ ਖੇਤਰ ਵਿੱਚ ਪ੍ਰਾਈਵੇਸੀ ਸਬੰਧੀ ਲੋੜ ਵਾਜਬ ਹੈ ਤਾਂ ਉਥੇ ਸਰਵੇਲੈਂਸ ਕੈਮਰੇ ਨਾ ਲਗਾਏ ਜਾਣ।

ਸੁਰੱਖਿਤ ਸਿਖਿਅਕ ਵਾਤਾਵਰਨ ਨੂੰ ਯਕੀਨੀ ਤੌਰ ਤੇ ਕਾਇਮ ਰਖਣ ਲਈ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ, ਸਰਵੇਲੈਂਸ ਕੈਮਰੇ ਦੀ ਰਿਕੌਰਡਿੰਗ ਦਾ ਨਿਰੀਖਨ ਕਰ ਸਕਦੇ ਹਨ। ਜਿਹੜੀ ਰਿਕੌਰਡਿੰਗ ਵਿੱਦਿਆਰਥੀ ਦੀ ਡਿਸਿਪਲਿਨ ਸਬੰਧੀ ਕਾਰਵਾਈ ਵਿੱਚ ਇਸਤੇਮਾਲ ਕੀਤੀ ਗਈ ਹੈ ਉਸਦੀ ਕੌਪੀ ਰਿਕੌਰਡ ਦੇ ਤੌਰ ਤੇ ਵਿੱਦਿਆਰਥੀ ਦੇ ਬਾਕੀ ਕਾਗਜ਼ਾਂ ਦੇ ਨਾਲ ਉਸਦੇ ਕਿਯੁਮ ਵਿੱਚ ਰਖੀ ਜਾਵੇ। ਜੋ ਰਿਕੌਰਡਿੰਗਾਂ ਫੌਜਦਾਰੀ ਮੁਕਦਮੇ ਵਿੱਚ ਸਬੂਤ ਦੇ ਤੌਰ ਤੇ ਪੇਸ਼ ਕੀਤੀਆਂ ਜਾਣੀਆਂ ਹੋਣ ਉਹ ਰਿਕੌਰਡਿੰਗਾਂ ਲਾਅ ਇਨਫੋਰਸਮੈਂਟ ਨੂੰ ਕੇਸ ਦੀ ਛਾਣ-ਬੀਨ ਕਰਨ ਲਈ ਦਿਤੀਆਂ ਜਾਣੀ ਚਾਹੀਦੀਆਂ ਹਨ।

**ਲਾਜ਼ਮੀ ਤੌਰ ਤੇ ਰਿਪੋਰਟ ਕਰਨਾ**

**ਟੀਚਰ ਨੋਟੀਫਿਕੇਸ਼ਨ(ਸੂਚਨਾ ਦੇਣੀ):** (ਐਜੂਕੇਸ਼ਨ ਕੋਡ 49079) ਪੀਨਲ ਕੋਡ ਦੇ 243 ਸੈਕਸ਼ਨ ਦੇ ਸਬਡਿਵਿਯਨ (E) ਦੇ (5) ਅਤੇ (6) ਪੈਰਿਆਂ ਵਿੱਚ ਲਿਖੀ ਪਰਿਭਾਸ਼ਾ ਅਨੁਸਾਰ ਜੋ ਵਿੱਦਿਆਰਥੀ ਦੂਜੇ ਸ਼ਖਸ ਨੂੰ ਸ਼ਰੀਰਕ ਤੌਰ ਤੇ ਸੰਗੀਨ(ਸੀਰੀਅਸ)ਨੁਕਸਾਨ ਪਹੁੰਚਾਏ ਜਾਂ ਪਹੁੰਚਾਉਣ ਦੀ ਕੋਸ਼ਿਸ਼ ਕਰੇ ਤਾਂ ਸਕੂਲ ਡਿਸਟ੍ਰਿਕ ਵਾਲੇ ਇਸਦੇ ਬਾਰੇ ਉਸ ਵਿੱਦਿਆਰਥੀ ਦੇ ਟੀਚਰ ਨੂੰ ਲਾਜ਼ਮੀ ਤੌਰ ਤੇ ਜਾਣਕਾਰੀ ਦੇਣ। ਇਸ ਸੈਕਸ਼ਨ ਵਿੱਚ ਜਿਸ ਵਿੱਦਿਆਰਥੀ ਬਾਰੇ ਦੀਸਆ ਗਿਆ ਹੈ ਉਸ ਵਿੱਦਿਆਰਥੀ ਸਬੰਧੀ ਜੋ ਜਾਣਕਾਰੀ ਲਿਖਤੀ ਰੂਪ ਵਿੱਚ ਡਿਸਟ੍ਰਿਕ ਨੇ ਆਪਣੇ ਰਿਕੌਰਡਾਂ ਵਿੱਚ ਬਰਕਰਾਰ ਰਖੀ ਹੋਈ ਹੈ ਜਾਂ ਉਨ੍ਹਾਂ ਨੂੰ ਲਾਅ ਇਨਫੋਰਸਮੈਂਟ ਏਜੰਸੀ ਕੋਲੋਂ ਮਿਲੀ ਹੈ, ਤਾਂ ਉਹ ਜਾਣਕਾਰੀ ਉਸਦੇ ਟੀਚਰ ਨੂੰ ਲਾਜ਼ਮੀ ਤੌਰ ਤੇ ਦਿਤੀ ਜਾਣੀ ਚਾਹੀਦੀ ਹੈ।
"ਬੈਟਰੀ"(ਮਾਰ-ਕੁਟਾਈ) ਦਾ ਭਾਵ ਹੈ ਕਿ ਦੂਜੇ ਸ਼ਖਸ ਨੰ ਜਾਨ-ਬੁਝਕੇ ਅਤੇ ਗੈਰ ਕਨੂੰਨੀ ਢੰਗ ਨਾਲ ਮਾਰਨਾ ਜਾਂ ਉਸਦੇ ਨਾਲ ਜ਼ੋਰਅਜ਼ਮਾਈ ਕਰਨਾ ਜਾਂ ਉਸ ਤੇ ਹਿੰਸਕ ਵਾਰ ਕਰਨਾ।
"ਸ਼ਰੀਰ ਬੁਰੀ ਤਰ੍ਹਾਂ ਜ਼ਖਮੀ ਕਰਨਾ" ਦਾ ਭਾਵ ਹੈ ਦੂਜੇ ਸ਼ਖਸ ਦੇ ਸ਼ਰੀਰ ਨੂੰ ਇਸ ਹੱਦ ਤੱਕ ਜ਼ਖਮੀ ਕਰਨਾ ਕਿ ਉਸਦੀ ਸ਼ਰੀਰਕ ਹਾਲਤ ਹੀ ਬਿਘੜ ਜਾਵੇ, ਇਸ ਵਿੱਚ ਇਹ ਸਬ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ: ਜਿਸ ਤਰ੍ਹਾਂ ਕਿ ਬੇਹੋਸ਼ ਹੋਣਾ, ਸਿਰ ਅਤੇ ਦਿਮਾਗੀ ਸੱਟ) ਹੱਡੀ ਟੁਟਨੀ, ਕਿਸੀ ਵੀ ਸ਼ਰੀਰਕ ਅੰਗ ਜਾਂ ਇੰਦਰੀਆਂ ਦੀ ਫੰਕਸ਼ਨ ਨੂੰ ਨੁਕਸਾਨ ਪਹੁੰਚਣਾ, ਵਡ੍ਹਾ ਜ਼ਖਮ ਜਿਸਦੇ ਕਾਰਣ ਸ਼ਕਲੋਂ ਬਦਸ਼ਕਲ ਹੋ ਜਾਣਾ ਅਤੇ ਬਹੁਤ ਜ਼ਿਆਦਾ ਟਾਂਕੇ ਲਗਣੇ। "ਇਨਜਰੀ" (ਸੱਟ ਲਗਣੀ) ਦਾ ਭਾਵ ਹੈ ਹਰ ਐਸੀ ਸ਼ਰੀਰਕ ਸੱਟ ਜਿਸ ਲਈ ਪ੍ਰੋਫੈਸ਼ਨਲ ਮੈਡੀਕਲ ਮਦਦ ਦੀ ਲੋੜ ਪਵੇ। ਡਿਸਟ੍ਰਿਕ ਸਿਵਾਏ ਐਜੂਕੇਸ਼ਨ ਕੋਡ 48900(ਏਚ) ਦੇ, ਵਿੱਦਿਆਰਥੀ ਵਲੋਂ ਐਜੂਕੇਸ਼ਨ ਕੋਡ 48900 ਦੇ ਹਰੇਕ ਸਬਸੈਕਸ਼ਨ ਦੀ ਉਲੰਘਣਾ ਕਰਨ ਬਾਰੇ ਟੀਚਰ ਜਾਂ ਟੀਚਰਾਂ ਨੂੰ ਦਸਣ। ਉਲੰਘਣਾ ਤੋਂ ਬਾਅਦ ਤਿੰਨ ਸਾਲਾਂ ਲਈ ਇਸਦੇ ਬਾਰੇ ਸੂਚਨਾ ਪੱਤਰ ਭੇਜੇ ਜਾਣ।

**ਵਿੱਦਿਆਰਥੀ ਵਲੋਂ ਸਕੂਲ ਕਰਮਚਾਰੀ ਤੇ ਹਮਲਾ ਕਰਨ ਬਾਰੇ ਲਾਅ ਇਨਫੋਰਸਮੈਂਟ ਨੂੰ ਰਿਪੋਰਟ ਕਰਨਾ: ਰਿਪੋਰਟ ਨਾ ਕਰਨਾ ਅਪਰਾਧ ਹੈ: (ਐਜੂਕੇਸ਼ਨ ਕੋਡ 44014) ਅਨੁਸਾਰ**

ਜਦ ਕਦੇ ਵੀ ਕੋਈ ਵਿੱਦਿਆਰਥੀ ਸਕੂਲ ਦੇ ਕਰਮਚਾਰੀ ਤੇ ਵਾਰ ਕਰੇ ਜਾਂ ਹਮਲਾ ਕਰੇ, ਜਾਂ ਉਸਨੂੰ ਡਰਾਏ ਜਾਂ ਧਮਕਾਏ ਤਾਂ ਤੁਰੰਤ ਲਾਅ ਇਨਫੋਰਸਮੈਂਟ ਨੰ ਇਸਦੀ ਖਬਰ ਦਿਤੀ ਜਾਣੀ ਚਾਹੀਦੀ ਹੈ। ਏਸ ਕੋਡ ਤਹਿਤ ਹਾਦਸੇ ਬਾਰੇ ਰਿਪੋਰਟ ਨਾ ਕਰਨ ਨੂੰ ਅਪਰਾਧ ਮਨਿਆ ਜਾਵੇਗਾ। ਰਿਪੋਰਟ ਕਰਨ ਵਿੱਚ ਅੜਚਨ ਪਾਉਣ ਵਾਲੇ ਸਖਸ ਨੂੰ ਦੰਢ ਮਿਲ ਸਕਦਾ ਹੈ।

**ਉਲੰਘਣਾ ਬਾਰੇ ਪ੍ਰੋਬੇਸ਼ਨ ਅਫਸਰ ਨੂੰ ਰਿਪੋਰਟ ਕਰਨਾ : (ਐਜੂਕੇਸ਼ਨ ਕੋਡ 48267)**

ਹਰੇਕ ਵਿੱਦਿਆਰਥੀ ਜਿਸ ਦੇ ਬਾਰੇ ਕਉਂਟੀ ਦੇ ਜੁਵੇਨਾਈਲ ਕੋਰਟ ਵਲੋਂ ਇੱਕ ਵਾਰੀ ਫੈਸਲਾ ਹੋ ਜਾਵੇ ਕਿ ਉਹ ਸਕੂਲ ਵਿੱਚ ਹਮੇਸ਼ਾ ਹੀ ਟਰੁਐਂਟ(ਕਲਾਸ ਵਿੱਚ ਦੇਰ ਨਾਲ ਜਾਣਾ ਜਾਂ ਦੇਰ ਨਾਲ ਸਕੂਲ ਆਉਣਾ) ਹੈ ਜਾਂ ਜਾਣਕੇ ਲਗਾਤਾਰ ਕਹਿਣਾ ਨਹੀਂ ਮਣਦਾ, ਜਾਂ ਹਾਜ਼ਰੀ ਦੌਰਾਨ ਗੜ-ਬੜ ਕਰਦਾ ਹੈ, ਅਤੇ ਉਸਦਾ ਹੁਲਿਆ ਸੈਕਸ਼ਨ 602 ਦੀ ਲਿਖਿਤ ਨਾਲ ਮਿਲਦਾ ਹੈ, ਅਤੇ ਪ੍ਰੋਬੇਸ਼ਨ ਦੀ ਇੱਕ ਸ਼ਰਤ ਤਹਿਤ ਉਸਦੇ ਲਈ ਲਾਜ਼ਮੀ ਹੈ ਕਿ ਉਹ ਪ੍ਰੋਬੇਸ਼ਨ ਅਫਸਰ ਵਲੋਂ ਸਕੂਲ ਦੇ ਮਨਜ਼ੂਰਸ਼ੁਦਾ ਪ੍ਰੋਗਰਾਮਾਂ ਦੇ ਵਿੱਚ ਹਾਜ਼ਰ ਭਰੇ। ਜਿਹੜਾ ਵਿੱਦਿਆਰਥੀ ਇਕੋ ਸਾਲ ਵਿੱਚ ਜਾਂ ਉਸ ਤੋਂ ਬਾਅਦ ਦੇ ਸਾਲ ਦੌਰਾਨ ਬਗੈਰ ਕਿਸੀ ਜਾਇਜ਼ ਕਾਰਣ, ਸਕੂਲੋਂ ਇੱਕ ਜਾ ਦੋ ਦਿਨਾਂ ਲਈ ਟਰੁਐਂਟ ਜਾਂ ਟਾਰਡੀ ਰਿਪੋਰਟ ਹੋਇਆ ਹੈ, ਜਾਂ ਸਕੂਲ ਵਿੱਚ ਹਾਜ਼ਰੀ ਦੌਰਾਨ ਜਾਣਬੁਝਕੇ ਕਹਿਣਾ ਨਹੀਂ ਮਣਿਆ, ਜਾਂ ਗੜ-ਬੜ ਕੀਤੀ ਹੈ ਤਾਂ ਉਲੰਘਕ ਹੋਣ ਦੇ ਦਸ ਦਿਨਾਂ ਦੇ ਵਿੱਚ-ਵਿੱਚ ਵਿੱਦਿਆਰਥੀ ਦੇ ਪ੍ਰੋਬੇਸ਼ਨ ਅਫਸਰ ਜਾਂ ਪਰੋਲ ਅਫਸਰ ਨੂੰ ਸ਼ਿਕਾਇਤ ਲਗਾਈ ਜਾਵੇ ।

**ਲਾਅ ਇਨਫੋਰਸਮੈਂਟ ਨੂੰ ਸੂਚਨਾ ਦੇਣੀ:**

ਐਜੂਕੇਸ਼ਨ ਕੋਡ 48902 ਦੇ ਅਨੁਸਾਰ ਸਕੂਲ ਦਾ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤਾ ਗਿਆ ਸ਼ਖਸ ਢੁੱਕਵੇਂ ਲਾਅ ਇਨਫੋਰਸਮੈਂਟ ਅਧੀਕਾਰੀ ਨੂੰ ਇਤਲਾਹ ਦੇਵੇਗਾ ਜਦੋਂ ਇੱਕ ਵਿਦਿਆਰਥੀ ਕਿਸੇ ਖਾਸ ਪੀਨਲ ਕੋਡ ਸੈਕਸ਼ਨ ਦੀ ਉਲੰਘਣਾ ਕਰਦਾ ਹੈ ਅਤੇ ਜਿਸ ਕਾਰਨ ਉਸਨੂੰ ਸਕੂਲ ਵਿੱਚੋਂ ਸਸਪੈਂਡ ਕੀਤਾ ਜਾਂ ਕੱਢਿਆ ਜਾ ਸਕਦਾ ਹੈ। ਵਿਦਿਆਰਥੀ ਰਹਿਨੁਮਾਈ ਵਿੱਚ ਵਾਧਾ ਕਰਨ ਲਈ ਸੈਕਸ਼ਨ 48902 ਵਿੱਚ ਹੁਣੇ ਹੀ ਸੋਧ ਕੀਤੀ ਗਈ ਹੈ ਜਿਸ ਅਨੁਸਾਰ ਸਕੂਲੀ ਪ੍ਰਬੰਧਕਾਂ ਲਈ ਲਾਅ ਇਨਫੋਰਸਮੈਂਟ ਨੂੰ ਸੂਚਿਤ ਕਰਨਾ ਜ਼ਰੂਰੀ ਕੀਤਾ ਗਿਆ ਹੈ। ਸੈਕਸ਼ਨ 48902 ਦੇ ਅਨੁਸਾਰ ਸਕੂਲ ਦੇ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਕਿਸੇ ਵੀ ਸ਼ਖਸ਼ੀਅਤ ਲਈ ਜ਼ਰੂਰੀ ਹੈ ਕਿ:

- ਇੱਕ ਵਿਦਿਆਰਥੀ ਨੂੰ ਸਕੂਲ ਵਿੱਚੋਂ ਸਸਪੈਂਡ ਕਰਨ ਜਾਂ ਕੱਢਣ ਤੋਂ ਪਹਿਲਾਂ ਕਉਂਟੀ ਜਾਂ ਸਿਟੀ ਦੇ ਢੁੱਕਵੇਂ ਲਾਅ ਇਨਫੋਰਸਮੈਂਟ ਅਧੀਕਾਰੀ ਨੂੰ ਉਨ੍ਹਾਂ ਸਾਰੇ ਵਾਕਿਆਂ ਜੋ ਸੈਕਸ਼ਨ 245 ਅਤੇ ਪੀਨਲ ਕੋਡ ਦੀ ਉਲੰਘਣਾ ਕਰਦੇ ਹਨ ਬਾਰੇ ਇਤਲਾਹ ਦੇਣ, ਜਿਸ ਵਿੱਚ ਕਿਸੇ ਖਤਰਨਾਕ ਹਥਿਆਰ, ਯੰਤਰ ਜਾਂ ਕੋਈ ਹੋਰ ਅਸਲਾ ਸ਼ਾਮਲ ਹੋਵੇ;

- ਸਕੂਲ ਵਿੱਚੋਂ ਸਸਪੈਂਡ ਕੀਤੇ ਜਾਂ ਕੱਢੇ ਜਾਣ ਦੇ ਇੱਕ ਦਿਨ ਦੇ ਅੰਦਰ ਸਕੂਲ ਜਿਸ ਕਉਂਟੀ ਜਾਂ ਸਿਟੀ ਵਿੱਚ ਸਥਿਤ ਹੈ ਉਸ ਕਉਂਟੀ ਜਾਂ ਸਿਟੀ ਦੇ ਢੁੱਕਵੇਂ ਲਾਅ ਇਨਫੋਰਸਮੈਂਟ ਅਧਿਕਾਰੀ ਨੂੰ ਕਿਸੇ ਵੀ ਐਕਸ਼ਨ ਬਾਰੇ ਸੂਚਨਾ ਦੇਵੇ , ਜੋ ਉਲੰਘਣਾ ਕਰਦਾ/ਦੀ ਹੈ:

- ਐਜੂਕੇਸ਼ਨ ਕੋਡ ਸੈਕਸ਼ਨ 48900 (ਸੀ) (ਗੈਰ-ਕਾਨੂੰਨੀ ਚੀਜ਼ਾਂ ਨੂੰ ਕਬਜੇ ਵਿੱਚ ਰੱਖਣਾ, ਵਰਤੋਂ ਕਰਨੀ, ਵੇਚਣੀਆਂ, ਜਾਂ ਕਿਸੇ ਨੂੰ ਲਿਆ ਕੇ ਦੇਣੀਆਂ, ਕਿਸੇ ਵੀ ਗੈਰ ਕਾਨੂੰਨੀ ਨਸ਼ੇ ਹੇਠ ਹੋਣਾ, ਸ਼ਰਾਬ ਜਾਂ ਹੋਰ ਨਸ਼ੀਲੀਆਂ ਵਸਤਾਂ); ਜਾਂ

- ਐਜੂਕੇਸ਼ਨ ਕੋਡ ਸੈਕਸ਼ਨ 48900 (ਡੀ) (ਗੈਰ-ਕਾਨੂੰਨੀ ਢੰਗ ਨਾਲ ਕਿਸੇ ਨੂੰ ਪੇਸ਼ ਕਰਨੀਆਂ, ਪ੍ਰਬੰਧ ਕਰਨਾ, ਗੈਰ-ਕਾਨੂੰਨੀ ਨਸ਼ੀਲੀਆਂ ਵਸਤਾਂ ਵੇਚਣੀਆਂ, ਸ਼ਰਾਬ, ਹੋਰ ਨਸ਼ੀਲੀਆਂ ਵਸਤਾਂ, ਵੇਚਣੀਆਂ ਜਾਂ ਵੰਡਣੀਆਂ, ਕਿਸੇ ਵਿਅਕਤੀ ਨੂੰ ਹੋਰ ਤਰਲ ਪਦਾਰਥ ਦੀ ਹਾਲਤ ਵਿੱਚ ਪੇਸ਼ ਕਰਨੀਆਂ, ਕੋਈ ਮਟੀਰੀਅਲ ਜੋ ਗੈਰ-ਕਾਨੂੰਨੀ ਚੀਜ਼ ਦੀ ਕਿਸਮ ਵਿੱਚ ਹੋਵੇ, ਸ਼ਰਾਬ ਜਾਂ ਹੋਰ ਨਸ਼ੀਲੀਆਂ ਵਸਤਾਂ); ਅਤੇ

- ਇੱਕ ਵਿਦਿਆਰਥੀ ਜੋ ਗੈਰ ਕਨੂੰਨੀ ਨਸ਼ੇ ਦੀਆਂ ਗੋਲੀਆਂ ਨੂੰ ਕਬਜ਼ੇ ਵਿੱਚ ਰੱਖਣ ਜਾਂ ਵੇਚਣ ਦਾ ਉਲੰਘਕ ਹੈ, ਜੋ ਪੀਨਲ ਕੋਡ ਸੈਕਸ਼ਨ 626.9 (ਗਨਨ ਫਰੀ ਸਕੂਲ ਐਕਟ ਜ਼ੋਨ) ਜਾਂ ਸੈਕਸ਼ਨ 626.10 ਅਤੇ ਪੀਨਲ ਕੋਡ ਦੀ ਉਲੰਘਣਾ ਕਰਦੇ ਹਨ ( ਖਾਸ ਤਰਾਂ ਦੇ ਚਾਕੂ ਲਿਆਉਣੇ ਅਤੇ ਕਬਜ਼ੇ ਰਮਖਣੇ, ਬਲੇਡ, ਟੈਸਰਜ਼, ਸਟੰਨ ਗਨਨ, ਅਤੇ ਕੋਈ ਯੰਤਰ ਜੋ ਸਕੂਲੀ ਗਰਾਂਉਡ ਦੇ ਵਿੱਚ ਧਾਤੂ ਖਿਲਾਰਨਾ) ਬਾਰੇ, ਸਕੂਲ ਜਿਸ ਕਉਂਟੀ ਜਾਂ ਸਿਟੀ ਵਿੱਚ ਸਥਿਤ ਹੈ ਉਸ ਕਉਂਟੀ ਜਾਂ ਸਿਟੀ ਦੇ ਢੁੱਕਵੇਂ ਲਾਅ ਇਨਫੋਰਸਮੈਂਟ ਅਧਿਕਾਰੀ ਨੂੰ ਸੂਚਨਾ ਦੇਵੇ।

ਸੈਕਸ਼ਨ 48902 ਦੀ ਹੁਣ ਦੀ ਸੋਧ ਅਨੁਸਾਰ ਸਕੂਲੀ ਪ੍ਰਬੰਧਕਾਂ ਲਈ ਹੋਰ ਜ਼ਰੂਰੀ ਹੈ ਕਿ ਉਹ ਐਜੂਕੇਸ਼ਨ ਕੋਡ ਸੈਕਸ਼ਨ 48915 (ਸੀ) ਦੇ ਅਧੀਨ ਪਹਿਲੇ ਅਤੇ ਪੰਜਵੇਂ ਪੈਰਾਗ੍ਰਾਫ ਵਿੱਚ ਬਿਆਨ ਕੀਤੇ ਕਿਸੇ ਵੀ ਐਕਟ ਨੂੰ ਜ਼ਰੂਰ ਰਿਪੋਰਟ ਕਰਨ, ਆਮ ਕਰਕੇ ਲਾਜ਼ਮੀ ਤੌਰ ਤੇ ਕੱਢਣ ਦੀ ਉਲੰਘਣਾ, ਸਕੂਲੀ ਸਾਈਟ ਤੇ ਵਿਦਿਆਰਥੀ ਜਾਂ ਕਿਸੇ ਬਾਹਰਲੇ ਵੱਲੋਂ ਕੀਤੀ ਜਾਵੇ। ਖਾਸ ਕਰਕੇ , ਇੱਕ ਸਕੂਲੀ ਪ੍ਰਬੰਧਕ ਵਿਦਿਆਰਥੀ ਜਾਂ ਕਿਸੇ ਬਾਹਰਲੇ ਵੱਲੋਂ ਕੀਤੇ ਜ਼ੁਰਮ ਨੂੰ ਜ਼ਰੂਰ ਰੀਪੋਰਟ ਕਰਨ:

- ਕਬਜੇ ਵਿੱਚ ਰੱਖਣ, ਵੇਚਣ, ਜਾਂ ਕਿਸੇ ਨੂੰ ਕੋਈ ਹਥਿਆਰ ਪੇਸ਼ ਕਰਨ; ਅਤੇ
- ਧਮਾਕੇਦਾਰ ਵਸਤੂ ਨੂੰ ਕਬਜ਼ੇ ਵਿੱਚ ਰੱਖਣਾ।

ਸਕੂਲ ਦੇ ਕਾਨੂੰਨੀ ਅਧਿਕਾਰਾਂ ਅਤੇ ਸਕੂਲ ਸਕਿਉਰਿਟੀ ਡੀਪਾਰਟਮੈਂਟ ਜਾਂ ਸਕੂਲ ਪੁਲੀਸ ਡੀਪਾਰਟਮੈਂਟ ਤੇ ਉੱਪਰ ਸਕੂਲ ਦਾ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤਾ ਗਿਆ ਸ਼ਖਸ, ਅਜਿਹੇ ਜ਼ੁਰਮਾਂ ਨੂੰ ਸਿਟੀ ਪੁਲੀਸ ਜਾਂ ਕਾਉਂਟੀ ਸ਼ਰਫ ਨੂੰ ਜ਼ਰੂਰ ਰਿਪੋਰਟ ਕਰੇਗਾ। ਸੈਕਸ਼ਨ 48902 ਦੇ ਅਧੀਨ, ਜਾਣ ਬੁੱਝ ਕੇ ਰੀਪੋਰਟ ਨਾ ਕਰਨ ਦੀ ਹਾਲਤ ਵਿੱਚ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸ਼ੀਅਤ ਨੂੰ, ਜੋ ਇਹ ਰੀਪੋਰਟ ਕਰਨ ਲਈ ਜ਼ਿੰਮੇਵਾਰ ਹੋਣਗੇ, ਨੂੰ 500 ਡਾਲਰ ਜੁਰਮਾਨਾ ਕੀਤਾ ਜਾਂਦਾ ਹੈ। ਸੋ ਸਕੂਲੀ ਪ੍ਰਬੰਧਕਾਂ ਲਈ ਜ਼ਰੂਰੀ ਹੈ ਕਿ ਉਹ ਸੈਕਸ਼ਨ 48902 ਦੀਆਂ ਸ਼ਰਤਾਂ ਤੇ ਪੂਰੇ ਉੱਤਰਨ।

**ਸਕੂਲ ਅਕਉਂਟੇਬਿਲਟੀ ਰਿਪੋਰਟ ਕਾਰਡ:** (ਐਜੂਕੇਸ਼ਨ ਕੋਡ 35256) ਜੇ ਮਾਪੇ ਇਸ ਰਿਪੋਰਟ ਕਾਰਡ ਲਈ ਬੇਨਤੀ ਕਰਨ ਤਾਂ ਉਨ੍ਹਾਂ ਨੂੰ ਇਸ ਦੀ ਕੌਪੀ ਦਿੱਤੀ ਜਾਣੀ ਚਾਹਿਦੀ ਹੈ।

**ਜੋ ਸ਼ਖਸ ਵਿੱਦਿਆਰਥੀ ਨਹੀਂ (ਨੌਨ-ਸਟੂਡੈਂਟ) ਹੈ ਉਸਨੂੰ ਸਕੂਲੋਂ ਬਾਹਰ ਕੱਢਣ ਜਾਂ ਮੁੜ ਦਾਖਲ ਹੋਣ ਸਬੰਧੀ ਆਦੇਸ਼: ਪੀਨਲ ਕੋਡ 626.6)**

ਹਰ ਹੀਲੇ ਵਿੱਚ ਜਦ ਕਦੇ ਵੀ ਕੋਈ ਸ਼ਖਸ ਜੋ ਉਸ ਸਕੂਲ ਦਾ ਵਿੱਦਿਆਰਥੀ ਜਾਂ ਅਫਸਰ ਜਾਂ ਸਕੂਲ ਦਾ ਕਰਮਚਾਰੀ ਨਹੀਂ ਹੈ ਅਤੇ ਉਸਦੀ ਨੌਕਰੀ ਦਾ ਕੈਮਪਸ ਤੇ ਹੋਣ ਨਾਲ ਕੋਈ ਸਬੰਧ ਨਹੀਂ ਹੈ, ਕੈਮਪਸ ਦੇ ਵਿੱਚ ਹੋਵੇ ਜਾਂ ਦਾਖਲ ਹੋਵੇ, ਅਤੇ ਪ੍ਰਬੰਧਕਾਂ ਨੂੰ ਲਗੇ ਕਿ ਉਸਦੀ ਹੋਂਦ ਕੈਮਪਸ ਦੇ ਸ਼ਾਂਤਮਈ ਵਾਤਾਵਰਨ ਵਿੱਚ ਖਲਬਲੀ ਪੈਦਾ ਕਰ ਸਕਦੀ ਹੈ, ਤਾਂ ਪ੍ਰਬੰਧਕ ਉਸ ਸ਼ਖਸ ਨੂੰ ਕੈਮਪਸ ਚੋਂ ਬਾਹਰ ਜਾਣ ਦਾ ਆਦੇਸ਼ ਦੇਣ, ਪਰ ਜੇ ਉਹ ਸ਼ਖਸ ਕੈਮਪਸ ਚੋਂ ਬਾਹਰ ਨਾ ਜਾਵੇ ਜਾਂ ਜਾਨਬੁਝਕੇ 7 ਦਿਨਾਂ ਦੇ ਵਿੱਚ-ਵਿੱਚ ਮੁੜ ਵਾਪਸ ਕੈਮਪਸ ਤੇ ਆ ਜਾਵੇ ਜਦ ਕਿ ਉਸਨੂੰ ਬਾਹਰ ਜਾਣ ਦਾ ਆਦੇਸ਼ ਮਿਲ ਚੁਕਾ ਹੈ ਤਾਂ ਇਹ ਅਪਰਾਧ ਹੈ ਅਤੇ ਇੰਝ ਕਰਨ ਲਈ ਉਸਨੂੰ ਸਜ਼ਾ ਹੋ ਸਕਦੀ ਹੈ।

## ਮੁਲਾਕਾਤੀ(ਵਿਜ਼ੇਟਰ)/ਬਾਹਰਲੀ ਸ਼ਖਸੀਅਤ (ਅਉਟਸਾਈਡਰ)

### ਮੁਲਾਕਾਤੀ(ਵਿਜ਼ੇਟਰ)/ਬਾਹਰਲੀ ਸ਼ਖਸੀਅਤ (ਅਉਟਸਾਈਡਰ) (AR 1250)(ਅਪਨਾਇਆ ਗਿਆ: 25 ਜਨਵਰੀ, 2011)

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤਾ ਸ਼ਖਸ ਹਰੇਕ ਸਕੂਲ ਜਾਂ ਸਕੂਲ ਦੇ ਗਰਉਂਡ ਵਿੱਚ ਦਾਖਲ ਹੋਣ ਵਾਲੇ ਹਰੇਕ ਰਾਹ ਤੇ ਰਜਿਸਟਰੇਸ਼ਨ ਦੀਆਂ ਲੋੜਾਂ ਸਬੰਧੀ ਨੋਟਿਸ ਲਗਾਉਣ, ਜਿਸ ਉਪਰ ਰਜਿਸਟਰੇਸ਼ਨ ਕਰਵਾਉਣ ਸਬੰਧੀ ਸਮਾਂ, ਰਜਿਸਟਰੇਸ਼ਨ ਦੀ ਜਗ੍ਹਾ, ਉਥੇ ਪਹੁੰਚਣ ਦਾ ਰਾਹ ਅਤੇ ਰਜਿਸਟਰੇਸ਼ਨ ਦੇ ਨਿਯਮਾਂ ਦੀ ਉਲੰਘਣਾ ਕਰਨ ਸਬੰਧੀ ਜੁਰਮਾਨੇ ਸਪਸ਼ਟ ਤੌਰ ਤੇ ਲਿਖਣੇ ਲਾਜ਼ਮੀ ਹਨ। (ਐਜੂਕੇਸਨ ਕੋਡ 32211; ਪੀਨਲ ਕੋਡ 627.6)

ਜਦ ਤਕ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹਿਦਾਇਤ ਵਿੱਚ ਤਬਦੀਲੀ ਨਹੀਂ ਕਰਦੇ, ਅਤੇ ਜਦ ਤੱਕ ਮੁਲਾਕਾਤੀ ਸ਼ਖਸ ਸਕੂਲ ਕੈਂਪਸ ਤੇ ਰਹੇਗਾ, ਸਟਾਫ ਦਾ ਮੈਂਬਰ ਉਸ ਦੇ ਨਾਲ ਰਹੇ।

### ਅਪੀਲ ਕਰਨ ਸਬੰਧੀ ਕਾਰਵਾਈ

ਜਿਸ ਵਿਅਕਤੀ ਦੀ ਰਜਿਸਟਰੇਸ਼ਨ ਲਈ ਮਨਾਹੀ ਹੋਈ ਹੈ ਜਾਂ ਉਸਨੂੰ ਰੱਦ ਕੀਤਾ ਗਿਆ ਹੈ, ਤਾਂ ਉਹ ਅਪਨੀ ਬੇਦਖਲੀ ਦੇ ਬਰਖਲਾਫ ਪੰਜ ਦਿਨਾਂ ਦੇ ਵਿੱਚ –ਵਿੱਚ ਸੁਣਵਾਈ ਲਈ ਪ੍ਰਿੰਸੀਪੱਲ ਜਾਂ ਸੁਪਰਿਨਟੈਂਡੈਂਟ ਨੂੰ ਲਿਖਤੀ ਅਪੀਲ ਕਰ ਸਕਦਾ ਹੈ। ਇਸ ਲਿਖਤ ਬੇਨਤੀ ਵਿੱਚ ਉਹ ਸਪਸ਼ਟ ਰੂਪ ਵਿੱਚ ਦਸੇ ਕਿ ਉਹ ਮਨਾਹੀ ਅਤੇ ਰੱਦ ਕਰਨ ਨੂੰ ਗ਼ਲਤ ਸਮਝਦੇ ਹਨ, ਉਨ੍ਹਾਂ ਨੂੰ ਇਹ ਵੀ ਦਸਣਾ ਪਵੇਗਾ ਕਿ ਉਹ ਇਸ ਫੈਸਲੇ ਨੂੰ ਗਲਤ ਕਿਉਂ ਸਮਝਦੇ ਹਨ। ਬੇਨਤੀ ਵਿੱਚ ਘਰ ਦਾ ਪਤਾ ਵੀ ਹੋਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਨੂੰ ਸੁਣਵਾਈ ਸਬੰਧੀ ਨੋਟਿਸ ਭੇਜਿਆ ਜਾ ਸਕੇ। ਨੋਟਿਸ ਮਿਲਣ ਤੇ ਸੁਪਰਿਨਟੈਂਡੈਂਟ ਜਾਂ ਪ੍ਰਿੰਸੀਪੱਲ ਉਸ ਸ਼ਖਸ ਜਿਸ ਨੇ ਸੁਣਵਾਈ ਲਈ ਬੇਨਤੀ ਕੀਤੀ ਹੈ ਨੂੰ ਸੁਣਵਾਈ ਦਾ ਨੋਟਿਸ ਤੁਰੰਤ ਡਾਕ ਰਾਹੀਂ ਭੇਜਣ। ਬੇਨਤੀ ਪਤੱਰ ਮਿਲਣ ਉਪਰੰਤ, ਸੱਤਾਂ ਦਿਨਾਂ ਦੇ ਵਿੱਚ -ਵਿੱਚ ਸੁਪਰਿਨਟੈਂਡੈਂਟ ਜਾਂ ਪ੍ਰਿੰਸੀਪੱਲ ਦੇ ਸਾਹਮਣੇ ਸੁਣਵਾਈ ਹੋਣੀ ਲਾਜ਼ਮੀ ਹੈ।(ਪੀਨਲ ਕੋਡ 627.5)

### ਡਿਸਰੱਪਸ਼ਨਜ਼ (ਵਿਘਨ-ਪਾਉਣਾ) (ਏ ਆਰ 3515.2 ; 9 ਸਤੰਬਰ, 2008 ਨੂੰ ਪ੍ਰਵਾਨਿਤ ਕੀਤਾ ਗਿਆ)

ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ ਕਿਸੇ ਵੀ ਵਿਅਕਤੀ ਨੂੰ ਸਕੂਲੀ ਗਰਾਂਉਂਡ ਤੋਂ ਜਾਣ ਲਈ ਆਦੇਸ਼ ਦੇ ਸਕਦੇ ਹਨ, ਜੇਕਰ ਉਹਨਾ ਨੂੰ ਯਕੀਨ ਹੋਵੇ ਕਿ ਉਹ ਵਿਅਕਤੀ ਕੋਈ ਗਲਤ ਹਰਕਤ ਕਰਨ ਦੇ ਇਰਾਦੇ ਨਾਲ ਕੈਂਪਸ ਵਿੱਚ ਦਾਖਲ ਹੋਇਆ ਹੈ, ਸਕੂਲ ਦੀ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ, ਅਨੁਸ਼ਾਸ਼ਨ ਭੰਗ ਕਰਨ, ਜਾਂ ਫਿਰ ਮੁਲਾਜ਼ਮਾਂ ਦੇ ਕੰਮ ਵਿੱਚ ਰੁਕਾਵਟ ਪਾ ਸਕਦਾ ਹੈ; ਜਾਂ ਉਸਦੀ ਹੋਂਦ ਰਾਹੀਂ ਸੰਪਤੀ ਨੂੰ ਨੁਕਸਾਨ ਪਹੁੰਚ ਸਕਦਾ ਹੈ ਜਾਂ ਪਹੁੰਚਾਇਆ ਜਾ ਸਕਦਾ ਹੈ। ਉਹ ਉਸ ਵਿਅਕਤੀ ਨੂੰ ਵੀ ਸਕੂਲੀ ਗਰਾਂਉਂਡ ਤੋਂ ਜਾਣ ਲਈ ਆਦੇਸ਼ ਦੇ ਸਕਦੇ ਹਨ ਜੋ ਲੜਾਈ ਕਰੇ ਜਾਂ ਕਿਸੇ ਹੋਰ ਵਿਅਕਤੀ ਨੂੰ ਲੜਾਈ ਲਈ ਵੰਗਾਰੇ, ਜਾਣਬੁੱਝ ਕੇ ਉੱਚੀ ਅਵਾਜ਼ ਵਿੱਚ ਕਿਸੇ ਨੂੰ ਤੰਗ ਕਰੇ, ਜਾਂ ਕਿਸੇ ਨੂੰ ਗਾਲਾਂ ਕੱਢੇ, ਜੋ ਲੜਾਈ ਦਾ ਕਾਰਨ ਬਣੇ ਜਾਂ ਜਿਸ ਵਿਅਕਤੀ ਨੂੰ ਸਕੂਲ ਗਰਾਂਉਡਜ਼ ਤੋਂ ਜਾਣ ਲਈ ਕਿਹਾ ਗਿਆ ਹੋਵੇ ਅਤੇ ਉਹ ਵਿਅਕਤੀ ਅਜਿਹਾ ਕਰਨ ਵਿੱਚ ਅਸਫਲ ਰਿਹਾ ਹੋਵੇ। ਇਹ ਸ਼ਰਤਾਂ ਉਸ ਸਕੂਲ ਦੇ ਵਿਦਿਆਰਥੀ ਜਾਂ ਕ੍ਰਮਚਾਰੀ ਲਈ ਲਾਗੂ ਨਹੀਂ ਹੋਣਗੀਆਂ।

ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸ ਕਿਸੇ ਵੀ ਵਿਅਕਤੀ ਨੂੰ ਸਕੂਲੀ ਗਰਾਂਉਂਡ ਤੋਂ ਜਾਣ ਲਈ ਆਦੇਸ਼ ਦੇ ਸਕਦੇ ਹਨ ਜੋ ਗੈਰ ਕਾਨੂੰਨੀ ਚੀਜ਼ ਦੀ ਵੰਡ ( ਡਰੱਗ ਆਦਿ)ਜਾਂ ਉਸ ਦਾ ਪ੍ਰਯੋਗ ਕਰਨ ਦਾ ਅਪਰਾਧੀ ਹੋਵੇ। ਜੇਕਰ ਉਹ ਵਿਅਕਤੀ ਉਸ ਸਕੂਲ ਦਾ ਵਿਦਿਆਰਥੀ ਹੈ, ਜਾਂ ਮਾਪਾ/ਗਾਰਡੀਅਨ ਹੈ ਜਿਸ ਦਾ ਬੱਚਾ/ਬੱਚੀ ਉਸ ਸਕੂਲ ਵਿੱਚ ਪੜ੍ਹਦੇ ਹਨ, ਤਾਂ ਉਹਨਾ ਨੂੰ ਸਕੂਲੀ ਕੈਂਪਸ ਤੇ ਦਾਖਲ ਹੋਣ ਲਈ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸੀਅਤ ਤੋਂ ਲਿਖਤੀ ਇਜ਼ਾਜ਼ਤ ਲੈਣੀ ਪਵੇਗੀ।

ਜਦੋਂ ਕਿਸੇ ਵੀ ਵਿਅਕਤੀ ਨੂੰ ਸਕੂਲੀ ਗਰਾਂਉਂਡ ਤੋਂ ਜਾਣ ਲਈ ਆਦੇਸ਼ ਮਿਲਦਾ ਹੈ, ਤਾਂ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸੀਅਤ ਲਈ ਉਸ ਵਿਅਕਤੀ ਨੂੰ ਉਸਦਾ ਅਪਰਾਧ ਦੱਸਣਾ ਪਵੇਗਾ, ਕਿ ਉਹ:

- ਚਲੇ ਜਾਣ ਦੇ ਆਦੇਸ਼ ਤੋਂ ਬਾਅਦ ਵੀ ਉਹ ਵਿਅਕਤੀ ਸਕੂਲੀ ਗਰਾਂਉਂਡ ਤੇ ਹੀ ਰਿਹਾ; (ਐਜੂਕੇਸ਼ਨ ਕੋਡ 44811; ਪੀਨਲ ਕੋਡ 626. 8)
- ਸਕੂਲ ਵਿੱਚ ਦਾਖਲ ਹੋਣ ਲਈ ਲੱਗੇ ਨੋਟਿਸਾਂ ਦੀਆਂ ਰਿਕੁਆਇਰਮੈਂਟਾਂ ਪੂਰੀਆਂ ਕਰਨ ਤੋਂ ਬਿਨਾ ਸਕਲ੍ਹੀ ਕੈਂਪਸ ਤੇ ਦਾਖਲ ਹੋਵੇ; (ਪੀਨਲ ਕੋਡ 626. 7)
- ਉਥੋਂ ਚਲੇ ਜਾਣ ਲਈ ਕਹਿਣ ਤੋਂ ਬਾਅਦ ਵੀ 7 ਦਿਨਾਂ ਦੇ ਅੰਦਰ-ਅੰਦਰ ਦੁਬਾਰਾ ਦਿਖਾਈ ਦੇਵੇ; ( ਪੀਨਲ ਕੋਡ 626. 8)

ਪ੍ਰਿੰਸੀਪਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸੀਅਤ ਕਿਸੇ ਵਿਅਕਤੀ, ਜਿਸ ਨੂੰ ਸੈਕਸ ਉਫੈਂਡਰ ਦੇ ਤੌਰ ਤੇ ਰਜਿਸਟਰ ਕੀਤਾ ਗਿਆ ਹੋਵੇ, ਨੂੰ ਤੁਰੰਤ ਸਕੂਲ ਚੋਂ ਬਾਹਰ ਜਾਣ ਲਈ ਕਹਿ ਸਕਦੇ ਹਨ। ਜੇਕਰ ਉਹ ਕਿਸੇ ਕਾਨੂੰਨੀ ਕੰਮ ਲਈ ਸਕੂਲੀ ਗਰਾਂਉਂਡ ਤੇ ਆਉਂਦਾ ਹੈ, ਤਾਂ ਉਸਨੂੰ ਪ੍ਰਿੰਸੀਪਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸੀਅਤ ਤੋਂ ਇਜ਼ਾਜ਼ਤ ਲੈਣੀ ਪਵੇਗੀ। ਜੇਕਰ ਅਜਿਹਾ ਵਿਅਕਤੀ ਚਲੇ ਜਾਣ ਦੇ ਆਦੇਸ਼ ਮਿਲਣ ਤੇ ਵੀ ਸਕੂਲੀ ਕੈਂਪਸ ਤੋਂ ਬਾਹਰ ਨਹੀਂ ਜਾਂਦਾ ਤਾਂ ਪ੍ਰਿੰਸੀਪਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸੀਅਤ ਉਸਨੂੰ ਅਪਰਾਧੀ ਕਰਾਰ ਦੇ ਸਕਦੇ ਹਨ।

ਪ੍ਰਿੰਸੀਪਲ ਜਾਂ ਉਨ੍ਹਾਂ ਵਲੋਂ ਨਿਯੁਕਤ ਸ਼ਖਸੀਅਤ ਢੁਕਵੇਂ ਲਾ-ਇੰਨਫੋਰਸਮੈਂਟ ਅਧਿਕਾਰੀ ਨੂੰ ਸੂਚਿਤ ਕਰਨਗੇ।

### ਅਪੀਲ ਕਰਨ ਦੀ ਕਾਰਜ-ਵਿਧੀ

ਕੋਈ ਵਿਅਕਤੀ ਜਿਸ ਨੂੰ ਸਕੂਲੀ ਇਮਾਰਤ ਜਾਂ ਸਕੂਲੀ ਗਰਾਂਉਂਡ ਤੋਂ ਜਾਣ ਲਈ ਕਿਹਾ ਗਿਆ ਹੋਵੇ, ਉਹ ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸੀਅਤ ਕੋਲ ਅਪੀਲ ਕਰ ਸਕਦਾ/ਦੀ ਹੈ। ਇਹ ਅਪੀਲ ਚਲੇ ਜਾਣ ਦੇ ਆਦੇਸ਼ ਮਿਲਣ ਤੋਂ ਦੂਜੇ ਸਕੂਲੀ ਦਿਨ ਹੀ ਕਰਨੀ ਚਾਹੀਦੀ ਹੈ। ਸੁਪਰਿਨਟੈਂਡੈਂਟ, ਸਕੂਲ ਦੇ ਪ੍ਰਿੰਸੀਪਲ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨਾਲ ਅਤੇ ਅਪੀਲ ਕਰਨ ਵਾਲੇ ਵਿਅਕਤੀ ਨਾਲ ਜਾਂਚ-ਪੜਤਾਲ ਕਰਨ ਤੋਂ ਬਾਅਦ, ਅਪੀਲ ਮਿਲਣ ਦੇ 24 ਘੰਟੇ ਦੇ ਅੰਦਰ ਆਪਣਾ ਫੈਸਲਾ ਦੱਸਣਗੇ ਅਤੇ ਇਹ ਫੈਸਲਾ ਬੰਦਿਸ਼ ਵਾਲਾ ਹੋਵੇਗਾ। ( ਐਜੂਕੇਸ਼ਨ ਕੋਡ 32211)

ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸੀਅਤ ਵੱਲੋਂ ਕੀਤੇ ਫੈਸਲੇ ਬਾਰੇ ਗਵਰਨਿੰਗ ਬੋਰਡ ਅੱਗੇ ਅਪੀਲ ਕੀਤੀ ਜਾ ਸਕਦੀ ਹੈ। ਇਹ ਅਪੀਲ ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸੀਅਤ ਵੱਲੋਂ ਫੈਸਲਾ ਸੁਣਾਏ ਜਾਣ ਤੋਂ ਦੂਜੇ ਦਿਨ ਹੀ ਕੀਤੀ ਜਾਣੀ ਚਾਹੀਦੀ ਹੈ। ਬੋਰਡ ਇਸ ਅਪੀਲ ਤੇ ਵਿਚਾਰ ਕਰੇਗਾ ਅਤੇ ਆਉਣ ਵਾਲੀ ਬੋਰਡ ਮੀਟਿੰਗ ਜਾਂ ਪਬਲਿਕ ਮੀਟਿੰਗ ਦੀ ਸਮਾਪਤੀ ਤੋਂ ਬਾਅਦ ਦੇਖੇਗਾ। ਬੋਰਡ ਦਾ ਫੈਸਲਾ ਆਖਰੀ ਫੈਸਲਾ ਹੋਵੇਗਾ। (ਐਜੂਕੇਸਨ ਕੋਡ 32211)

**ਐਜੂਕੇਸ਼ਨ ਇੰਮਪਾਵਰਮੈਂਟ ਐਕਟ ਆਫ 1998; ਪੇਰੈਂਟਲ ਰਿਵਿਊ**
**(ਕੋਰਸ ਪਰਾਸਪੈਕਟਿਵ ਦੀ ਉੱਪਲਭਧੀ)**

ਪਬਲਿਕ ਸਕੂਲਾਂ ਵਿੱਚ ਪ੍ਰਦਾਨ ਕੀਤਾ ਜਾਣ ਵਅਲਾ ਸਾਰਾ ਕੋਰਸ ਕਿਉਰਕਿਲਮਮ ਟਾਈਟਲ, ਵਿਆਖਿਆ, ਸਾਰਿਆਂ ਦਾ ਹੀ ਸਾਲ ਵਿੱਚ ਇੱਕ ਵਾਰੀ ਬਿਓਰਾ-ਪੁਸਤਕ ਹੋਣਾ ਜ਼ਰੂਰੀ ਹੈ। ਹਰੇਕ ਸਕੂਲ ਸਾਈਟ ਬੇਨਤੀ ਉਪਰੰਤ ਬਿਓਰਾ-ਪੁਸਤਕ ਉਪਲਭਧ ਕਰਵਾਏਗੀ। ਜਦੋਂ ਵੀ ਬੇਨਤੀ ਕੀਤੀ ਜਾਵੇ ਪੁਸਤਕ ਬਿਓਰਾ ਦੁਬਾਰਾ ਬਣਾ ਕੇ ਉਪਲਭਧ ਕੀਤਾ ਜਾਵੇਗਾ। ਸਕੂਲੀ ਪ੍ਰਬੰਧਕ ਪੁਸਤਕ ਬਿਓਰੇ ਲਈ ਸ਼ਾਇਦ ਕੁੱਝ ਕੀਮਤ ਲੈ ਸਕਦੇ ਹਨ ਪਰ ਇਹ ਕਾਪੀ ਬਣਾਉਣ ਦੀ ਕੀਮਤ ਤੋਂ ਜ਼ਿਆਦਾ ਨਹੀਂ ਹੋ ਸਕਦਾ।

**ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ**

ਜੇਕਰ ਇਕ ਵਿੱਦਆਰਥੀ ਸ਼ਰੀਰਕ ਤੌਰ ਤੇ ਹੈਂਡੀਕੈਪਡ ਹੈ , ਜਾਂ ਦਿਮਾਗੀ ਸ਼ਕਤੀ ਕਮਜ਼ੋਰ ਹੈ ਜਾਂ ਉਹ ਪੂਰੀ ਤਰ੍ਹਾਂ ਵੱਧਿਆ ਫੁੱਲਿਆ ਨਹੀਂ ਹੈ ਜਾਂ ਉਸਨੂੰ ਇੱਕ ਤੋਂ ਵੱਧ ਡਿਸਅਬਿਲਟੀਆਂ ਹਨ ਤਾਂ ਕੈਲੀਫੋਰਨੀਆ ਲਾਅ ਦੀ ਸ਼ਰਤ ਹੈ ਕਿ ਐਸੇ ਸਾਰੇ ਵਿੱਦਿਆਰਥੀਆਂ ਜਿਨ੍ਹਾਂ ਦੀਆਂ ਜ਼ਰੂਰਤਾਂ ਖਾਸ ਹਨ ਅਤੇ ਉਹ ਸੇਵਾਵਾਂ ਪ੍ਰਾਪਤ ਕਰਨ ਦੀ ਯੋਗਤਾ ਰਖਦੇ ਹਨ ਉਨ੍ਹਾਂ ਨੂੰ ਸਕੂਲ ਡਿਸਟ੍ਰਿਕ ਲੋੜ ਮੁਤਾਬਕ ਸਪੈਸ਼ਲ ਪ੍ਰੋਗਰਾਮ ਉਪਲਬਧ ਕਰਵਾਏ। ਜਿਨ੍ਹਾਂ ਬੱਚਿਆਂ ਨੂੰ ਡਿਸਅਬਿਲਟੀ ਹੋਣ ਦਾ ਸ਼ਕ ਹੈ ਜਾਂ ਉਹ ਜਿਨ੍ਹਾਂ ਬਾਰੇ ਸਪੈਸ਼ਲ ਐਜੂਕੇਸ਼ਨ ਸੇਵਾਵਾਂ ਪ੍ਰਾਪਤ ਕਰਨ ਦੀ ਯੋਗਤਾ ਬਾਰੇ ਫੈਸਲਾ ਹੋ ਚੁਕਾ ਹੈ ਤਾਂ ਉਨ੍ਹਾਂ ਦੇ ਮਾਪਿਆਂ ਨੂੰ ਡਿਸਟ੍ਰਿਕ ਦੇ ਪ੍ਰੋਸੀਜਰਲ ਸੇਫਗਾਰਡਦਜ਼(ਕਾਰਜਪ੍ਰਣਾਲੀ ਸਬੰਧਿਤ ਕਨੂੰਨੀ ਬਚਾਉ) ਦੀ ਲਿਖਤੀ ਕੌਪੀ ਮਿਲਣੀ ਚਾਹੀਦੀ ਹੈ ਕਿਉਂਕਿ ਇਸਦੇ ਰਾਹੀਂ ਮਾਪਿਆਂ ਨੂੰ ਅਪਣੇ ਹੱਕਾਂ ਬਾਰੇ ਜਾਣਕਾਰੀ ਮਿਲੇਗੀ, ਅਤੇ ਇਸਦੇ ਨਾਲ-ਨਾਲ ਮਾਪਿਆਂ ਦੇ ਦਸਤਖਤਾਂ ਦੀ ਭੀ ਲੋੜ ਹੈ ਤਾਂਕਿ ਪਤਾ ਚਲ ਸਕੇ ਕਿ ਉਨ੍ਹਾਂ ਨੂੰ ਅਪਣੇ ਹੱਕਾਂ ਬਾਰੇ ਜਾਣਕਾਰੀ ਮਿਲੀ ਹੈ ਜਾਂ ਨਹੀਂ। ਜੇਕਰ ਫਸਿਲਟੀਆਂ ਜਾਂ ਸੇਵਾਵਾਂ ਉਪਲਬਧ ਨਹੀਂ ਹਨ ਜਾਂ ਚੰਗਾ ਇੰਤਜ਼ਾਮ ਨਹੀਂ ਹੋ ਸਕਦਾ ਹੈ, ਤਾਂ ਸਪੈਸ਼ਲ ਐਜੂਕੇਸ਼ਨ ਦੀਆਂ ਸੇਵਾਵਾਂ ਪ੍ਰਦਾਨ ਕਰਨ ਦਾ ਪ੍ਰਬੰਧ ਕਰਨ ਲਈ ਦੂਜੇ ਡਿਸਟ੍ਰਿਕ ਨਾਲ ਬੰਦੋਬਸਤ ਕੀਤੇ ਜਾ ਸਕਦਾ ਹੈ।

ਜੋ ਵਿੱਦਿਆਰਥੀ ਸ਼ਰੀਰਕ ਤੌਰ ਤੇ ਅਪੰਗ ਹੈ, ਉਸਦਾ ਮਾਨਸਕ ਵਿਕਾਸ ਪੂਰਾ ਨਹੀਂ ਹੈ, ਸੋਚ ਅਪਣੀ ਉਮਰ ਨਾਲੋਂ ਬਹੁਤ ਘਟ ਹੈ, ਇੱਕ ਤੋਂ ਵੱਧ ਅਪੰਗਤਾ ਹੈ, ਜਾਂ ਉਸਦੀਆਂ ਲੋੜਾਂ ਬਹੁਤ ਹੀ ਅਸਾਧਾਰਨ ਹਨ, ਅਤੇ ਡਿਸਟ੍ਰਿਕ ਵਾਲੇ ਉਸਨੂੰ ਪ੍ਰੋਗਰਾਮ ਉਪਲਬਧ ਨਹੀਂ ਕਰਵਾ ਸਕਦੇ ਹਨ ਤਾਂ ਉਸ ਦੀਆਂ ਸਿਖਿਅਕ ਲੋੜਾਂ ਨੂੰ ਪੂਰਾ ਕਰਨ ਲਈ ਫਰੀ ਅਤੇ ਢੁੱਕਵੀਂ ਸ਼ਿਕਸ਼ਾ ਦਾ ਪ੍ਰਬੰਧ ਐਸੇ ਪਬਲਿਕ ਸਕੂਲ, ਜਾਂ ਪ੍ਰਾਈਵੇਟ ਸਕੂਲ ਜਾਂ ਏਜੰਸੀ ਵਿੱਚ ਕਰਵਾਉਣ ਜੋ ਫਿਰਕਾਪਰਸਤ ਨਹੀਂ ਹੈ ਅਤੇ ਉਸ ਕੋਲ ਵਿੱਦਿਆਰਥੀ ਦੀਆਂ ਲੋੜਾਂ ਪੂਰੀਆਂ ਕਰਨ ਦੀਆਂ ਫਸਿਲਟੀਆਂ ਅਤੇ ਸੇਵਾਵਾਂ ਮੌਜੂਦ ਹਨ ਅਤੇ ਇਸਦੇ ਨਾਲ-ਨਾਲ ਉਥੇ ਕੁਝ ਸਿਖਿਅਕ ਲੋੜਾਂ ਭੀ ਪੂਰੀਆਂ ਹੋ ਸਕਦੀਆਂ ਹਨ।

ਸਕੂਲ ਡਿਸਟ੍ਰਿਕ ਦੀ ਜ਼ੁਮੇਵਾਰੀ ਵਿੱਚ ਟਰਾਂਸਪੋਰਟੇਸ਼ਨ ਭੀ ਸ਼ਾਮਿਲ ਹੈ।

ਇਸ ਤੋਂ ਇਲਾਵਾ, ਜਿਸ ਬੱਚੇ ਨੂੰ ਬਹੁਤ ਜ਼ਿਆਦਾ ਮਾਨਸਕ ਜਾਂ ਸ਼ਰੀਰਕ ਘਾਟ ਹੈ ਅਤੇ ਉਹ ਘਾਟ, ਰੋਜ਼ਮਰਾ ਦੇ ਕੰਮ ਕਰਨ ਦੀ ਯੋਗਤਾ ਵਿੱਚ ਮੁਸ਼ਕਲਾਂ ਪੈਦਾ ਕਰਦੀ ਹੈ ਤਾਂ ਉਸਦੇ ਪ੍ਰੋਗਰਾਮ ਵਿੱਚ ਉਸਦੀ ਲੋੜ ਦੇ ਅਧਾਰ ਤੇ ਸੰਸ਼ੋਧਨ (ਮੌਡੀਫਿਕੇਸ਼ਨ)ਕੀਤਾ ਜਾਵੇ।

ਵਾਧੂ ਜਾਣਕਾਰੀ ਵਾਸਤੇ ਸਟੂਡੈਂਟ ਸਪੋਰਟ ਦੇ ਡਰੈਕਟਰ ਸ਼੍ਰੀਮਤੀ ਇਲਿਜ਼ਬੱਥ ਐਂਗਲਕੱਨ ਨਾਲ 822-7655 ਜਾਂ 822-7651 ਤੇ ਸੰਪਰਕ ਕਰੋ।

**ਸੈਕਸ਼ਨ 504 – 29 ਯੂ ਐਸ ਸੀ 794, 34 ਸੀ ਐਫ ਆਰ 104.32**

1973 (ਸੈਕਸ਼ਨ 504) ਦੇ ਰਿਹੈਬਿਲਿਟੇਸ਼ਨ ਐਕਟ ਦੇ ਸੈਕਸ਼ਨ 504 ਵਲੋਂ ਡਿਸਅਬਿਲਟੀ ਲਈ ਮਿਥੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਹਰੇਕ ਵਿੱਦਿਆਰਥੀ ਜੋ ਡਿਸਟ੍ਰਿਕ ਦੀ ਹੱਦਬੰਦੀ ਦੇ ਅੰਦਰ ਹੈ ਨੂੰ ਡਿਸਟ੍ਰਿਕ ਕਾਨੂੰਨੀ ਤੌਰ ਤੇ ਫਰੀ ਅਤੇ ਢੁੱਕਵੀਂ ਪਬਲਿਕ ਸ਼ਿਕਸ਼ਾ ਦੇਣ ਲਈ ਵਚਨਬੱਧ ਹੈ। ਸੈਕਸ਼ਨ 504 ਦੇ ਹੇਠ ਫਰੀ ਅਤੇ ਢੁੱਕਵੀਂ ਪਬਲਿਕ ਸ਼ਿਕਸ਼ਾ ਗ੍ਰਹਿਣ ਕਰਨ ਲਈ ਜਾਂ ਡਿਸਟ੍ਰਿਕ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਨੂੰ ਯਕੀਨੀ ਬਣਾਉਣ ਲਈ ਜਿਨ੍ਹਾਂ ਵਿੱਦਿਆਰਥੀਆਂ ਨੂੰ ਮਦਦ ਦੀ ਲੋੜ ਹੈ ਉਨ੍ਹਾਂ ਦੀ ਘਾਟ ਦੀ ਪਛਾਣ ਅਤੇ ਮੁਲਾਂਕਣ ਕਰਨ ਲਈ ਡਿਸਟ੍ਰਿਕ ਕੋਲ ਉਹ ਲੋੜੀਂਦੀਆਂ ਪੌਲਸੀਆਂ ਅਤੇ ਕਾਰਵਾਈਆਂ ਮੌਜੂਦ ਹੁੰਦੀਆਂ ਹਨ। ਸਰੀਰਕ ਜਾਂ ਮਾਨਸਿਕ ਅਸਮਰੱਥਾ ਵਾਲੇ ਵਿਦਿਆਰਥੀਂ, ਜਿਹਨਾ ਨੂੰ ਉੱਮਰ ਭਰ ਲਈ ਕੋਈ ਇਕ ਜਾਂ ਜਿਆਦਾ ਸੀਮਿਤ ਕਿਰਿਆਵਾਂ ਹਨ, ਜਿਹਨਾ ਵਿੱਚ ਸ਼ਾਮਿਲ ਹੈ, ਦੇਖਣਾ, ਸੁਨਣਾ, ਤੁਰਨਾ, ਸਾਹ ਲੈਣਾ , ਕੰਮ ਕਰਨਾ, ਸਿੱਖਣਾ, ਖਾਣਾ, ਸੌਣਾ, ਖੜੇ ਹੋਣਾ, ਚੁੱਕਣਾ, ਮੁਧੇ ਹੋਣਾ, ਰੀਡਿੰਗ ਕਰਨਾ, ਧਿਆਨ ਦੇਣਾ, ਸੋਚਣਾ, ਬੋਲਣਾ, ਇਹਨਾ ਸੇਵਾਵਾਂ ਦੇ ਹੱਕਦਾਰ ਹੋ ਸਕਦੇ ਹਨ।ਮਾਪਿਆਂ/ਗਾਰਡੀਅਨਾ ਨੂੰ ਹੇਠ ਲਿਖੀ ਜਾਣਕਾਰੀ ਮਿਲਣੀ ਚਾਹੀਦੀ ਹੈ: ਸੈਕਸ਼ਨ 504 ਸੇਵਾਵਾਂ ਲਾਗੂ ਕਰਨ ਵਾਲੇ ਵਿਅਕਤੀ ਦਾ ਨਾ ਅਤੇ ਕੋਨਟੈਕਟ ਜਾਣਕਾਰੀ, ਸਕਰੀਨਿੰਗ ਅਤੇ ਇਵੈਲੁਏਸ਼ਨ ਪ੍ਰੋਸੀਜਰ, ਡਿਸਅਬਿਲਿਟੀ ਵਾਲੇ ਵਿਦਿਆਰਥੀਂ ਲਈ ਲਿਖਤੀ ਅਕਾਮੋਡੇਸ਼ਨ ਪਲੈਨ, ਰੈਗੁਲਰ ਵਿਦਿਆਰਥੀਆਂ ਨਾਲ ਬੈਠ ਕੇ ਸਿਖਣਾ, ਅਤੇ ਨੋਟਿਸ ਆਫ ਪ੍ਰੋਸੀਜ਼ਰਲ ਸੇਫਗਾਰਡ ਕਾਨੂੰਨ। ਨੋਟ: ਏ ਡੀ ਏ 2009 ਦੇ ਅਨੁਸਾਰ "ਮੇਜਰ ਲਾਈਫ ਐਕਟੀਵਿਟੀ" ਦੀ ਪ੍ਰੀਭਾਸ਼ਾ ਵਿੱਚ ਸੋਧ ਦੇ ਕਾਰਨ ਵਾਧਾ ਹੋਇਆ ਹੈ। ਵਿੱਦਿਆਰਥੀਆਂ, ਮਾਪਿਆਂ, ਅਤੇ ਗਾਰਡੀਅਨਾਂ ਜਾਂ ਦੂਜਿਆਂ ਨੇ ਡਿਸਟ੍ਰਿਕ ਦੇ ਸੈਕਸ਼ਨ 504 ਦੀ ਪੋਲਸੀ ਬਾਰੇ ਸਵਾਲ ਪੁਛਣੇ ਹੋਣ ਤਾਂ ਬਰੂਸ ਮੋਰਟਨ ਜੋ ਸਟੂਡੈਂਟ ਵੈਲਫੇਅਰ ਐਂਡ ਅਟੈਂਡੈਂਸ ਦੇ ਡਰੈਕਟਰ ਹਨ ਨਾਲ 822-7641 ਤੇ ਸੰਪਰਕ ਕਰੋ।

**ਦਵਾਈ ਦੇਣੀ**
**(ਬੋਰਡ ਪੌਲਸੀ 51411. 21, 25 ਜਨਵਰੀ, 2011 ਨੂੰ ਅਪਣਾਈ ਗਈ)**

ਗਵਰਨਿੰਗ ਬੋਰਡ ਇਸ ਗਲ ਨੂੰ ਮਾਨਤਾ ਦਿੰਦਾ ਹੈ ਕਿ ਕੁਝ ਬੱਚਿਆਂ ਲਈ ਡਾਕਟਰ ਵਲੋਂ ਦੱਸੀ ਆਪਣੀ ਦਵਾਈ ਖਾਣੀ ਲਾਜ਼ਮੀ ਹੈ ਤਾਂਕਿ ਇਹ ਬੱਚੇ ਅਪਣੀ ਸਕੂਲ ਵਿੱਚ ਸਕੂਲ ਵਿੱਚ ਹਾਜ਼ਰ ਹੋ ਸਕਣ ਅਤੇ ਸ਼ਿਕਸ਼ਾ ਪਾ ਸਕਣ ਦੇ ਕਾਬਲ ਹੋ ਸਕਣ। ਇਹਨਾ ਵਿਦਿਅਰਥੀਆਂ ਨੂੰ ਦਵਾਈਆਂ ਦੇਣ ਲਈ ਸੁਪਰਿੰਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਖਸੀਅਤ ਵੱਲੋਂ ਕਾਰਜਵਿਧੀ ਤਿਆਰ ਕੀਤੀ ਜਾਵੇ। ਕਿਸੇ ਵੀ ਡਿਸਅਬਿਲਿਟੀ ਵਾਲੇ ਵਿਦਿਆਰਥੀ ਲਈ, ਜਿਵੇਂ ਕਿ ਡਿਸਅਬਿਲਿਟੀ ਐਜੂਕੇਸ਼ਨਐਕਟ ਜਾਂ ਸੈਕਸ਼ਨ 504 ਰੀਹੈਬਲੀਟੇਸ਼ਨ ਐਕਟ ਆਫ 1973 ਵਿੱਚ ਬਿਆਨ ਕੀਤਾ ਗਿਆ ਹੈ, ਵਿਦਿਆਰਥੀ ਦੇ ਵਿਅਕਤਕ ਐਜੂਕੇਸ਼ਨਲ ਪ੍ਰੋਗ੍ਰਾਮ ਜਾਂ ਸੈਕਸ਼ਨ 504 ਦੇ ਅਕਾਮੋਡੇਸ਼ਨ ਪਲੈਨ ਦੇ ਅਨੁਸਾਰ ਹੀ ਲੋੜੀਂਦੀਆਂ ਦਵਾਈਆਂ ਦਿੱਤੀਆਂ ਜਾਣਗੀਆਂ।

ਜੇਕਰ ਇੱਕ ਮਾਪਾ/ਗਾਰਡੀਅਨ ਆਪਣੇ ਬੱਚੇ/ਬੱਚੀ ਨੂੰ ਆਪ ਦਵਾਈ ਦੇਣ ਦੀ ਚੋਣ ਕਰਦਾ/ਦੀ ਹੈ, ਤਾਂ ਉਹ ਸਕੂਲ ਜਾ ਕੇ ਦਵਾਈ ਦੇ ਸਕਦਾ/ਦੀ ਹੈ ਜਾਂ ਆਪਣੀ ਜਗ੍ਹਾ ਕਿਸੇ ਹੋਰ ਸ਼ਖਸ ਨੂੰ ਨਿਯੁਕਤ ਕਰ ਸਕਦਾ/ਦੀ ਹੈ, ਜੋ ਸਕੂਲ ਦਾ ਕ੍ਰਮਚਾਰੀ ਨਾਹ ਹੋਵੇ।

ਵਿੱਦਿਆਰਥੀ ਦੇ ਡਾਕਟਰ ਕੋਲੋਂ ਮਨਜ਼ੂਰੀ ਲੈਣ ਤੋਂ ਉਪਰੰਤ ਮਾਪਿਆਂ ਜਾਂ ਗਾਰਡੀਅਨ ਵਲੋਂ ਬੇਨਤੀ ਦੀ ਪ੍ਰਾਪਤੀ ਤੇ ਜਿਸ ਵਿੱਦਿਆਰਥੀ ਦੀ ਮੈਡੀਕਲ ਹਾਲਤ ਕੁਝ ਇਸ ਤਰ੍ਹਾਂ ਹੈ ਕਿ ਉਸ ਲਈ ਅਪਣੇ ਟੈਸਟ ਵਾਰ-ਵਾਰ ਕਰਵਾਉਣੇ ਜ਼ਰੂਰੀ ਹਨ, ਜਾਂ ਨਿਗਰਾਨੀ ਦੀ ਲੋੜ ਹੈ, ਇਲਾਜ ਇਸ ਪ੍ਰਕਾਰ ਦਾ ਹੈ ਕਿ ਵਾਰ-ਵਾਰ ਕਰਨਾ ਪੈਂਦਾ ਹੈ ਤਾਂ ਇਹ ਸੇਵਾਵਾਂ ਉਸਨੂੰ ਖੁਦ ਕਰਨ ਦੀ ਇਜਾਜ਼ਤ ਹੈ। ਅਪਨਾ ਖੂਨ ਅਤੇ ਸ਼ਰੀਰ ਦੇ ਦੂਜੇ ਫਲੂਇਡਾਂ ਲਈ ਯੂਨੀਵਰਸਲ ਇਤਯਾਦ ਵਰਤਨ ਦੀ ਲੋੜ ਹੈ।

**ਸਕੂਲੀ ਅਧਿਕਾਰੀ ਵੱਲੋਂ ਦਵਾਈ ਦਿੱਤੀ ਜਾਣੀ**

ਡਾਕਟਰ ਵੱਲੋਂ ਦਸੀ ਗਈ ਦਵਾਈ ਸਕੂਲ ਨਰਸ ਜਾਂ ਨਿਯੁਕਤ ਕੀਤੇ ਸਕੂਲ ਕ੍ਰਮਚਾਰੀ ਦੁਆਰਾ ਉਦੋਂ ਹੀ ਦਿੱਤੀ ਜਾ ਸਕਦੀ ਹੈ ਜਦੋਂ ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਵਿਅਕਤੀ ਨੂੰ ਮਾਪਿਆਂ/ਗਾਰਡੀਅਨਾ ਅਤੇ ਡਾਕਟਰ ਦੋਨਾਂ ਵੱਲੋਂ ਲਿਖਤੀ ਨੋਟਿਸ ਮਿਲੇ।( ਐਜੂਕੇਸ਼ਨ ਕੋਡ 49423; 5 ਸੀ ਸੀ ਆਰ 600)

ਕਨੂੰਨੀ ਸ਼ਰਤ ਦੇ ਦਾਈਰੇ ਦੇ ਅੰਦਰ ਅਤੇ ਬੋਰਡ ਪਾਲਸੀ ਅਨੁਸਾਰ ਸਕੂਲ ਨਰਸ ਅਤੇ ਹੋਰ ਢੁਕਵੇਂ ਸਕੂਲੀ ਅਧਿਕਾਰੀਆਂ ਨੂੰ ਹੀ ਦਵਾਈ ਦੇਣ ਦਾ ਅਧੀਕਾਰ ਹੋਵੇਗਾ ਅਤੇ ਉਨ੍ਹਾਂ ਨੂੰ ਵਾਰਾ ਖਾਣ ਵਾਲੀ ਢੁੱਕਵੀਂ ਲਾਇਬਿਲਟੀ ਸੁਰੱਖਿਆ ਵੀ ਉਪਲਬਧ ਹੋਵੇਗੀ।

ਕੇਵਲ ਸਕੂਲ ਨਰਸ ਜਾਂ ਸਕੂਲ ਦਾ ਕੋਈ ਢੁਕਵਾਂ ਮੈਡੀਕਲ ਲਾਈਸੈਂਸ ਪ੍ਰਾਪਤ ਕ੍ਰਮਚਾਰੀ ਹੀ ਵਿਦਿਆਰਥੀ ਨੂੰ ਇੰਸੁਲਿਨ ਦਾ ਟੀਕਾ ਲਗਾ ਹੈ। ਇਹਨਾ ਹਾਲਾਤਾਂ ਵਿੱਚ ਜੇਕਰ ਲਾਇਸੈਂਸ ਪ੍ਰਾਪਤ ਕ੍ਰਮਚਾਰੀ ਮੌਜੂਦ ਨਹੀਂ ਹੈ, ਤਾਂ ਡਿਸਟ੍ਰਿਕਟ ਕਿਸੇ ਪਬਲਿਕ ਜਾਂ ਪ੍ਰਾਈਵੇਟ ਏਜੰਸੀ ਤੋਂ ਲਾਈਸੈਂਸ ਪ੍ਰਾਪਤ ਅਧਿਕਾਰੀ ਨਾਲ ਸੰਪਰਕ ਕਰਕੇ, ਉਸਨੂੰ ਬੁਲਾਏਗਾ ਤਾਂ ਕਿ ਉਹ ਵਿਦਿਆਰਥੀ ਨੂੰ ਇੰਨਸੁਲਿਨ ਦਾ ਟੀਕਾ ਲਗਾ ਸਕੇ। ਫਿਰ ਵੀ ਕਿਸੇ ਐਮਰਜੈਂਸੀ ਹਾਲਤ ਵਿੱਚ ਜਿਵੇਂ, ਕੋਈ ਜਨਤਿਕ ਸੰਕਟ ਜਾਂ ਮਹਾਂਮਾਰੀ ਦੀ ਹਾਲਤ ਵਿੱਚ, ਇੱਕ ਟ੍ਰੇਨਡ ਪਰ ਬਿਨਾ ਲਾਈਸੈਂਸ ਤੋਂ ਡਿਸਟ੍ਰਿਕਟ ਕ੍ਰਮਚਾਰੀ ਇੱਕ ਵਿਦਿਆਰਥੀ ਨੂੰ ਇੰਨਸੁਲਿਨ ਦਾ ਟੀਕਾ ਲਗਾ ਸਕਦਾ ਹੈ।

ਕਾਨੂੰਨਣ ਜ਼ਰੂਰੀ ਹੈ ਕਿ ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਵਿਅਕਤੀ ਯਕੀਨੀ ਬਣਾਉਣਗੇ ਕਿ ਕਿਸੇ ਦਵਾਈ ਨੂੰ ਦੇਣ ਦੀ ਪਹੰਚ ਤੱਕ, ਜਿਵੇਂ ਐਪੀਨੀਫਿਰਾਈਨ ਆਟੋ ਇੰਨਜੈਕਟਰ ਜਾਂ ਗਲੁਕਾਗੋਨ ਦਵਾਈਆਂ ਦੇਣ ਤੋਂ ਪਹਿਲਾਂ, ਲਾਇਸੈਂਸ ਤੋਂ ਬਿਨਾ ਕਿਸੇ ਅਧਿਕਾਰੀ ਨੂੰ ਕਿਸੇ ਢੁਕਵੇਂ ਅਧਿਕਾਰੀ ਤੋਂ ਟ੍ਰੇਨਿੰਗ ਮਿਲੀ ਹੋਵੇ। ਵਿਦਿਆਰਥੀ ਨੂੰ ਦਵਾਈ ਦੇਣ ਤੋਂ ਪਹਿਲਾਂ, ਘੱਟ ਤੋਂ ਘੱਟ ਇਹ ਟ੍ਰੇਨਿੰਗ ਇਸ ਤਰਾਂ ਦੀ ਹੋਣੀ ਚਾਹੀਦੀ ਹੈ :ਕਿ ਦਵਾਈ ਕਦੋਂ ਅਤੇ ਕਿਵੇਂ ਦੇਣੀ ਹੈ, ਹਾਲਾਤ ਅਤੇ ਇਲਾਜ਼, ਐਮਰਜੈਂਸੀ ਤੋਂ ਬਾਅਦ ਦੀ ਕਾਰਜਵਿਧੀ, ਅਤੇ ਢੁਕਵਾਂ ਪੇਪਰਵਰਕ ਅਤੇ ਦਵਾਈ ਨੂੰ ਸੁਰੱਖਿਅਤ ਰੱਖਣ ਦੇ ਤਰੀਕੇ। ਇਸ ਤਰਾਂ ਦੀ ਟ੍ਰੇਨਿੰਗ ਲਾਈਸੈਂਸ ਤੋਂ ਬਿਨਾ ਨਿਯੁਕਤ ਕੀਤੇ ਸਕੂਲ ਅਧਿਕਾਰੀ ਨੂੰ, ਸਕੂਲ ਨਰਸ, ਡਾਕਟਰ ਜਾਂ ਹੋਰ ਢੁਕਵੇਂ ਵਿਅਕਤੀ ਵੱਲੋਂ ਸੁਪਰਵਾਈਜ਼ ਅਤੇ ਐਮਰਜੈਂਸੀ ਵੇਲੇ ਕੰਮਿਉਨੀਕੇਸ਼ਨ ਮਿਲਣੀ ਚਾਹੀਦੀ ਹੈ।

ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਵਿਅਕਤੀ ਟ੍ਰੇਨਿੰਗ, ਲਗਾਤਾਰ ਸੁਪਰਵਿਜ਼ਨ ਅਤੇ ਨਾਲ ਹੀ ਨਿਯੁਕਤ ਕੀਤੇ ਢੁਕਵੇਂ ਕ੍ਰਮਚਾਰੀ ਦੀ ਯੋਗਤਾ ਦੀ ਲਿਖਤੀ ਰਿਪੋਰਟ ਬਣਾ ਕੇ ਰੱਖੇਗਾ।

**ਵਿੱਦਿਆਰਥੀ ਦੀ ਸਿਹਤ; ਦਮੇਂ (ਅਸਥਮੇ) ਦੀ ਦਵਾਈ ਆਪਣੇ -ਆਪ ਲੈਣੀ(ਐਜੂਕੇਸ਼ਨ ਕੋਡ 49423.1)**

(ਏ) ਸਕੈਸ਼ਨ 49422 ਦੇ ਬਾਵਜੂਦ, ਹਰੇਕ ਵਿੱਦਿਆਰਥੀ, ਜਿਸ ਨੂੰ ਰੈਗੁਲਰ ਸਕੂਲ ਦਿਨ ਦੌਰਾਨ, ਡੌਕਟਰ ਜਾਂ ਸਰਜਨ ਵਲੋਂ ਦਸੀ ਦਵਾਈ ਲੈਣੀ ਜ਼ਰੂਰੀ ਹੈ, ਉਹ ਦਵਾਈ ਲੈਣ ਲਈ ਮਦਦ ਵਾਸਤੇ ਸਕੂਲ ਨਰਸ ਜਾਂ ਸਕੂਲ ਵਲੋਂ ਨਿਸ਼ਚਿਤ ਕੀਤੇ ਕਿਸੇ ਦੂਜੇ ਕਰਮਚਾਰੀ ਕੋਲੋਂ ਮਦਦ ਲੈ ਸਕਦਾ ਹੈ ਜਾਂ ਅਸਥਮੇ ਦੀ ਦਵਾਈ ਅਪਣੇ ਕੋਲ ਰਖ ਸਕਦਾ ਹੈ ਅਤੇ ਲੋੜ ਪੈਣ ਤੇ ਖੁਦ ਦਵਾਈ ਨੂੰ ਇਨਹੇਲ ਕਰ ਸਕਦਾ ਹੈ ਪਰ ਇਸਦੇ ਲਈ ਉਹ ਲਾਜ਼ਮੀ ਤੌਰ ਤੇ ਸਬਡਿਵਿਯਨ(ਬੀ) ਦੀ ਲਿਖਿਤ ਅਨੁਸਾਰ ਘਰੋਂ ਲਿਖਤੀ ਇਜਾਜ਼ਤ ਲਿਆਕੇ ਸਕੂਲ ਵਾਲਿਆਂ ਨੂੰ ਦੇਵੇ। ਇਸ ਲਿਖਤੀ ਇਜਾਜ਼ਤ ਤੋਂ ਬਾਅਦ ਉਹ ਅਸਥਮੇ ਦੀ ਦਵਾਈ ਅਪਣੇ ਕੋਲ ਰਖ ਸਕਦਾ ਹੈ ਅਤੇ ਲੋੜ ਪੈਣ ਤੇ ਲੈ ਸਕਦਾ ਹੈ।

(ਬੀ)(1) ਸਬਡਿਵਿਯਨ (ਏ) ਦੇ ਅਨੁਸਾਰ ਸਕੂਲ ਨਰਸ ਜਾਂ ਸਕੂਲ ਦੇ ਕਿਸੀ ਦੂਜੇ ਨਿਸ਼ਚਿਤ ਕਰਮਚਾਰੀ ਦੀ ਮਦਦ ਹਾਸਲ ਕਰਨ ਲਈ ਵਿੱਦਆਰਥੀ ਅਤੇ ਡਿਸਟ੍ਰਿਕ, ਦੋਨੋਂ ਸ਼ਖਸ, ਡੌਕਟਰ ਜਾਂ ਸਰਜਨ ਕੋਲੋਂ ਲਿਖਤੀ ਬਿਆਨ ਹਾਸਲ ਕਰਨ ਜਿਸ ਵਿੱਚ ਦਵਾਈ ਦਾ ਨਾਂ, ਦੇਣ ਦਾ ਤਰੀਕਾ, ਦਵਾਈ ਦੀ ਮਾਤਰਾ, ਅਤੇ ਲੈਣ ਦਾ ਸਮਾਂ ਦਰਜ ਹੋਣਾ ਚਾਹੀਦਾ ਹੈ, ਇਸਦੇ ਨਾਲ-ਨਾਲ ਮਾਪਿਆਂ ਜਾਂ ਫੌਸਟਰ ਮਾਪੇ ਜਾਂ ਗਾਰਡੀਅਨ ਕੋਲੋਂ ਲਿਖਤੀ ਬਿਆਨ ਵੀ ਮਿਲਣਾ ਚਾਹੀਦਾ ਹੈ ਜਿਸ ਵਿੱਚ ਲਿਖਿਆ ਹੋਵੇ ਕਿ ਸਕੂਲ ਡਿਸਟ੍ਰਿਕ ਵਾਲੇ ਡੌਕਟਰ ਅਤੇ ਸਰਜਨ ਵਲੋਂ ਦਸੀ ਦਵਾਈ ਬੱਚੇ ਨੂੰ ਉਨ੍ਹਾਂ ਦੇ ਅਦੇਸ਼ਾਂ ਅਨੁਸਾਰ ਦੇਣ ਵਿੱਚ ਉਸਦੀ ਮਦਦ ਕਰ ਸਕਦੇ ਹਨ।

(2) ਸਬਡਿਵਿਯਨ(ਏ) ਅਨੁਸਾਰ ਵਿੱਦਿਆਰਥੀ ਲਈ ਅਸਥਮੇ ਦੀ ਇਨਹੇਲ ਕਰਨ ਵਾਲੀ ਦਵਾਈ ਅਪਣੇ ਆਪ ਲੈਣ ਜਾਂ ਅਪਣੇ ਕੋਲ ਰਖਣ ਲਈ ਡਿਸਟ੍ਰਿਕ ਦੋਨੋਂ ਗਲਾਂ, ਡੌਕਟਰ ਜਾਂ ਸਰਜਨ ਕੋਲੋਂ ਲਿਖਤੀ ਬਿਆਨ ਹਸਲ ਕਰਨ ਜਿਸ ਵਿੱਚ ਦਵਾਈ ਦਾ ਨਾਂ, ਦੇਣ ਦਾ ਤਰੀਕਾ, ਦਵਾਈ ਦੀ ਮਾਤਰਾ, ਅਤੇ ਲੈਣ ਦਾ ਸਮਾਂ ਦਰਜ ਹੋਣਾ ਚਾਹੀਦਾ ਹੈ, ਇਸਦੇ ਨਾਲ-ਨਾਲ ਮਾਪਿਆਂ ਜਾਂ ਫੌਸਟਰ ਮਾਪੇ ਜਾਂ ਗਾਰਡੀਅਨ ਕੋਲੋਂ ਲਿਖਤੀ ਬਿਆਨ ਵੀ ਮਿਲਣਾ ਚਾਹੀਦਾ ਹੈ ਜਿਸ ਵਿੱਚ ਲਿਖਿਆ ਹੋਵੇ ਕਿ ਵਿੱਦਿਆਰਥੀ ਖੁਦ ਅਸਥਮੇ ਦੀ ਦਵਾਈ ਲੈ ਜਾਂ ਇਨਹੇਲ ਕਰ ਸਕਦਾ ਹੈ ਅਤੇ ਇਸਦੇ ਨਾਲ -ਨਾਲ ਸਕੂਲ ਦੇ ਨਿਸ਼ਚਿਤ ਕਰਮਚਾਰੀ ਅਤੇ ਸਕੂਲ ਨਰਸ ਨੂੰ ਹੈਲਥ ਕੇਅਰ ਪ੍ਰੋਵਾਈਡਰ ਕੋਲੋਂ ਵਿੱਦਿਆਰਥੀ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਦੀ ਮਨਜ਼ੂਰੀ ਮਿਲਣੀ ਚਾਹੀਦੀ ਹੈ, ਤਾਂਕਿ ਜੇਕਰ ਸਕੂਲ ਵਿੱਚ ਅਸਥਮੇ ਦੀ ਦਵਾਈ ਖਾਣ ਜਾਂ ਇਨਹੇਲ ਕਰਨ ਕਾਰਣ ਬੱਚੇ ਨੂੰ ਕੋਈ ਅਲਰਜੀ ਹੋ ਜਾਂਦੀ ਹੈ ਤਾਂ ਉਹ ਡੌਕਟਰ ਕੋਲੋਂ ਦਵਾਈ ਬਾਰੇ ਸਵਾਲ ਪੁਛ ਸਕਦੇ ਹਨ। ਇਸ ਤੋਂ ਇਲਾਵਾ ਜਿਨ੍ਹਾਂ ਬੱਚਿਆਂ ਨੂੰ ਸਕੂਲ ਵਿੱਚ ਦਵਾਈ ਖੁਦ ਲੈਣ ਦੀ ਇਜਾਜ਼ਤ ਹੈ, ਅਤੇ ਦਵਾਈ ਲੈਣ ਤੋਂ ਬਾਅਦ ਦਵਾਈ ਦਾ ਅਸਰ ਉਲਟਾ ਹੋ ਜਾਵੇ , ਉਸ ਦੇ ਸਬੰਧ ਵਿੱਚ ਸਿਵਿਲ ਲਾਇਬਿਲਟੀ ਤੋਂ ਮੁਕਤ ਰਹਿਣ ਲਈ ਸਕੂਲ ਡਿਸਟ੍ਰਿਕ ਅਤੇ ਸਕੂਲ ਦੇ ਕਰਮਚਾਰੀ ਮਾਪੇ ਜਾਂ ਫੌਸਟਰ ਮਾਪੇ ਜਾਂ ਗਾਰਡੀਅਨ ਕੋਲੋਂ ਛੋਟ ਬਾਰੇ ਇਜਾਜ਼ਤ ਲੈ ਸਕਦੇ ਹਨ।

(3) ਇਸ ਸਬਡਿਵਿਯਨ ਵਿੱਚ ਲਿਖੀਆਂ ਵਿਆਖਿਆਵਾਂ ਬਾਰੇ, ਘਟ ਤੋਂ ਘਟ ਹਰੇਕ ਸਾਲ ਜਾਂ ਜਿਨੀਂ ਵਾਰ ਜ਼ਰੂਰਤ ਸਮਝੀ ਜਾਵੇ, ਜਾਣਕਾਰੀ ਦਿੱਤੀ ਜਾਵੇ, ਜ਼ਰੂਰਤ ਦਾ ਭਾਵ ਹੈ, ਜਦ ਦਵਾਈ ਦੀ ਮਾਤਰਾ ਵਿੱਚ ਤਬਦੀਲੀ ਹੋਣੀ ਹੈ, ਜਾਂ ਦੇਣ ਦੇ ਸਮੇਂ ਵਿੱਚ ਤਬਦੀਲੀ ਹੋਣੀ ਹੈ ਜਾਂ ਦਵਾਈ ਦੇਣ ਦੀ ਵਜਹ ਤਬਦੀਲ ਹੋ ਗਈ ਹੈ।

(ਸੀ) ਜੇਕਰ ਇੱਕ ਵਿੱਦਿਆਰਥੀ ਡੌਕਟਰ ਵਲੋਂ ਦਸੀ ਆਪਣੀ ਅਸਥਮੇ ਦੀ ਦਵਾਈ ਦਾ ਪ੍ਰਯੋਗ ਕਿਸੀ ਹੋਰ ਮਕਸਦ ਲਈ ਇਸਤੇਮਾਲ ਕਰਦਾ ਹੈ ਤਾਂ ਸੈਕਸ਼ਨ 48900 ਦੇ ਤਹਿਤ ਉਸਦੇ ਬਰਖਲਾਫ ਡਿਸਿਪਲਿਨਰੀ ਕਾਰਵਾਈ ਕੀਤੀ ਜਾਵੇਗੀ।

**ਦਵਾਈ ਦੇਣੀ ਜਾਰੀ ਰਖਣੀ ( ਐਜੂਕੇਸ਼ਨ ਕੋਡ ਸੈਕਸ਼ਨ 49480 ਦੇ ਮੁਤਾਬਕ)**

ਇਕ ਵਿੱਦਿਆਰਥੀ ਜੋ ਸਿਰਫ ਇੱਕ ਘਟਨਾ ਕਾਰਣ ਹੀ ਦਵਾਈ ਨਹੀਂ ਲੈ ਰਿਹਾ ਬਲਕਿ ਉਸ ਵੱਦਆਰਥੀ ਲਈ ਦਵਾਈ ਸਮੇਂ ਸਿਰ ਖਾਣੀ ਜ਼ਰੂਰੀ ਹੈ ਤਾਂ ਉਸ ਵਿੱਦਆਰਥੀ ਦੇ ਮਾਪੇ ਜਾਂ ਗਾਰਡੀਅਨ ਸਕੂਲ ਨਰਸ ਜਾਂ ਕਿਸ਼ੀ ਦੂਜੀ ਸ਼ਖਸੀਅਤ ਨੂੰ ਦਵਾਈ ਦੇਣ ਦੀ ਖੁਰਾਕ, ਅਤੇ ਉਸਦੀ ਦੇਖ-ਰੇਖ ਕਰ ਰਹੇ ਡੌਕਟਰ ਦੇ ਨਾਂ ਬਾਰੇ ਜ਼ਰੂਰ ਦਸਣ। ਮਾਪਿਆਂ ਜਾਂ ਗਾਰਡੀਅਨ ਦੀ ਮਨਜ਼ੂਰੀ ਨਾਲ ਹੀ ਸਕੂਲ ਨਰਸ ਦਵਾਈ ਦੇ ਬੁਰੇ ਅਸਰ ਬਾਰੇ ਬੱਚੇ ਦੇ ਡੌਕਟਰ ਨਾਲ ਗਲਬਾਤ ਕਰ ਸਕਦੀ ਹੈ ਅਤੇ ਸਕੂਲ ਦੇ ਦੂਜੇ ਕਰਮਚਾਰੀਆਂ ਨੂੰ ਸਲਾਹ ਦੇ ਸਕਦੀ ਹੈ।

**ਹੈਲਥ ਇਗਜ਼ਾਮੀਨੇਸ਼ਨ ਅਤੇ ਇਮਯੁਨਾਈਜ਼ੇਸ਼ਨ(ਸਿਹਤ ਸਬੰਧਿਤ ਜਾਂਚ )**
**ਏ ਆਰ 5141.3 (27 ਜਨਵਰੀ, 2009 ਨੂੰ ਰਿਵਿਊ ਕੀਤਾ ਗਿਆ)**

ਹਰੇਕ ਸਕੂਲ ਦਾ ਪ੍ਰਿੰਸੀਪਲ ਸਿਹਤ ਦੀ ਜਾਂਚ ਨਾਲ ਸਬੰਧਿਤ ਵਿੱਦਿਆਰਥੀਆਂ ਅਤੇ ਮਾਪਿਆਂ/ਗਾਰਡੀਅਨਾਂ ਦੇ ਹੱਕਾਂ ਬਾਰੇ ਮਾਪਿਆਂ/ਗਾਰਡੀਅਨਾਂ ਨੂੰ ਨੋਟਿਸ ਭੇਜਣ। (ਐਜੂਕੇਸ਼ਨ ਕੋਡ 48980)

ਜਿਹੜੇ ਮਾਪੇ ਆਪਣੇ ਬੱਚੇ ਦੀ ਸ਼ਰੀਰਕ ਜਾਂਚ ਲਈ ਮਨਾਹੀ ਕਰਨਾ ਚਾਹੁੰਦੇ ਹਨ ਉਹ ਮਾਪੇ/ਗਾਰਡੀਅਨ ਹਰੇਕ ਸਾਲ ਮਨਾਹੀ ਦਾ ਲਿਖਤੀ ਬਿਆਨ ਪ੍ਰਿੰਸੀਪਲ ਨੂੰ ਫਾਈਲ ਕਰਨ ਲਈ ਦੇਣ। ਬੱਚੇ ਨੂੰ ਸ਼ਰੀਰਕ ਜਾਂਚ ਤੋਂ ਛੋਟ ਤਾਂ ਮਿਲ ਜਾਵੇਗੀ ਪਰ ਜੇਕਰ ਉਸਨੂੰ ਕੋਈ ਛੂਤ ਜਾਂ ਲਾਗ ਵਾਲੀ ਬਿਮਾਰੀ ਹੋਣ ਦਾ ਸ਼ੱਕ ਹੋ ਜਾਵੇ ਤਾਂ ਉਸਨੂੰ ਹਾਜ਼ਰ ਹੋਣ ਤੋਂ ਮਨਾਹੀ ਕੀਤੀ ਜਾਵੇਗੀ। (ਐਜੂਕੇਸ਼ਨ ਕੋਡ 49451)

**ਵੇਖਣ ਅਤੇ ਸੁਣਨ ਸਬੰਧੀ ਟੈਸਟ**

ਡਿਸਟ੍ਰਿਕ ਵਲੋਂ ਮਨਜ਼ੂਰਸ਼ੁਦਾ ਕਵਾਲੀਫਾਇਡ ਕਰਮਚਾਰੀ ਵਿੱਦਿਆਰਥੀਆਂ ਦੀਆਂ ਅੱਖਾ ਅਤੇ ਕੰਨ ਟੈਸਟ ਕਰਨਗੇ। (ਐਜੂਕੇਸ਼ਨ ਕੋਡ 49452, 49454)।

ਸਾਰੇ ਵਿੱਦਿਆਰਥੀ ਜਦੋਂ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੁੰਦੇ ਹਨ ਉਨ੍ਹਾਂ ਵਿੱਦਿਆਰਥੀਆਂ ਦੀ ਨਿਗਾਹ ਦਾ ਜਾਇਜ਼ਾ ਲਗਾਉਣ ਲਈ ਉਨ੍ਹਾਂ ਦੀਆਂ ਅੱਖਾਂ ਟੈਸਟ ਕੀਤੀਆਂ ਜਾਂਦੀਆਂ ਹਨ, ਉਸ ਤੋਂ ਬਾਅਦ ਹਰ ਤਿੰਨ ਸਾਲਾਂ ਬਾਅਦ , ਜਦ ਤੱਕ ਵਿੱਦਿਆਰਥੀ ਅੱਠਵੀਂ ਗ੍ਰੇਡ ਪਾਸ ਨਹੀਂ ਕਰ ਲੈਂਦੇ। ਵਿੱਦਿਆਰਥੀ ਦੀਆਂ ਅੱਖਾਂ ਦੀ ਵੇਖਣ ਦੀ ਯੋਗਤਾ ਦਾ ਜਾਇਜ਼ਾ, ਉਪਰੋਂ-ਉਪਰੋਂ, ਅਤੇ ਉਸਦੀ ਨਿਗਾਹ ਬਾਰੇ ਪਤਾ ਉਨ੍ਹਾਂ ਦੇ ਕਲਾਸਰੂਮ ਟੀਚਰ ਅਤੇ ਸਕੂਲਾਂ ਦੀਆਂ ਨਰਸਾਂ ਲਗਾਉਂਦੀਆਂ ਹਨ।(ਐਜੂਕੇਸ਼ਨ ਕੋਡ 49455)

ਲੜਕੇ ਵਿੱਦਿਆਰਥੀਆਂ ਦੀਆਂ ਅੱਖਾਂ ਰੰਗਾਂ ਦੀ ਪਹਿਚਾਨ ਦੇ ਸਬੰਧ ਵਿੱਚ ਇਕ ਵਾਰੀ, 1 ਗ੍ਰੇਡ ਵਿੱਚ ਟੈਸਟ ਕੀਤੀਆਂ ਜਾਂਦੀਆਂ ਹਨ। ਇਸ ਟੈਸਟ ਦੇ ਨਤੀਜੇ ਬੱਚੇ ਦੇ ਸਿਹਤ ਵਾਲੇ ਰਿਕੌਰਡ ਵਿੱਚ ਰਖੇ ਜਾਂਦੇ ਹਨ।(ਐਜੂਕੇਸ਼ਨ ਕੋਡ 49455)

ਮਾਪਿਆਂ/ਗਾਰਡੀਅਨਾਂ ਵਲੋਂ ਬੇਨਤੀ ਕਰਨ ਤੇ ਵਿੱਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਕਰਨ ਤੋਂ ਛੋਟ ਮਿਲ ਸਕਦੀ ਹੈ ਜੇਕਰ ਉਨ੍ਹਾਂ ਦੇ ਮਾਪੇ ਅਗੇ ਲਿਖੇ ਸਬੂਤ ਪੇਸ਼ ਕਰਨ; ਮੈਡੀਕਲ ਡੌਕਟਰ ਜਾਂ ਅੱਖਾਂ ਦੀ ਜਾਂਚ ਕਰਨ ਵਾਲੇ ਡੌਕਟਰ ਕੋਲੋਂ ਵਿੱਦਿਆਰਥੀਆਂ ਦੀਆਂ ਅੱਖਾਂ ਦੀ ਨਿਗਾਹ ਦੀ ਜਾਂਚ ਦੇ ਨਤੀਜੇ ਜਿਸ ਵਿੱਚ ਉਸਦਾ ਵਿਯਨ(ਨਿਗਾਹ)ਠੀਕ ਦਸੀ ਗਈ ਹੈ ਅਤੇ ਇਸ ਤੋਂ ਇਲਾਵਾ ਮੁੰਢਿਆਂ ਦੀਆਂ ਅੱਖਾਂ ਦੇ ਰੰਗ ਸਬੰਧੀ ਨਤੀਜੇ ਵੀ ਸ਼ਾਮਿਲ ਹਨ।(ਐਜੂਕੇਸ਼ਨ ਕੋਡ 49455)

ਜੇਕਰ ਅੱਖਾਂ ਦੀ ਜਾਂਚ-ਪੜਤਾਲ ਦੌਰਾਨ ਵਿੱਦਿਆਰਥੀ ਦੀਆਂ ਅੱਖਾਂ ਦੇ ਨੁਕਸ ਜਾਂ ਕਿਸੀ ਦੂਜੇ ਨੁਕਸ ਬਾਰੇ ਪਤਾ ਲਗਦਾ ਹੈ ਤਾਂ ਉਸਦੇ ਮਾਪਿਆਂ/ਗਾਰਡੀਅਨਾਂ ਨੂੰ ਇਤਲਾਹ ਦਿੱਤੀ ਜਾਵੇ ਜਿਸ ਵਿੱਚ ਉਸਦੇ ਮਾਪਿਆਂ /ਗਾਰਡੀਅਨ ਨੂੰ ਨੁਕਸ ਠੀਕ ਕਰਵਾਉਣ ਅਤੇ ਉਸਦਾ ਇਲਾਜ ਕਰਵਾਉਣ ਲਈ ਬੇਨਤੀ ਕੀਤੀ ਜਾਵੇ। ਜੇਕਰ ਨੁਕਸ ਬਾਰੇ ਲਿਖਕੇ ਭੇਜਣਾ ਪਵੇ ਤਾਂ ਕਿਸੀ ਵੀ ਖਾਸ ਪ੍ਰਾਈਵੇਟ ਡੌਕਟਰ ਦੇ ਨਾਂ ਦਾ ਮਸ਼ਵਰਾ ਨਹੀਂ ਦਿੱਤਾ ਜਾਵੇਗਾ। ਅੱਖਾਂ ਦੇ ਨੁਕਸ ਬਾਰੇ ਸੁਪਰਿਨਟੈਂਡੈਂਟ ਔਫ ਪੱਬਲਿਕ ਇਨਸਟਰੱਕਸ਼ਨ ਵਲੋਂ ਨਿਸ਼ਚਿਤ ਕੀਤੇ ਗਏ ਫੌਰਮ ਤੇ ਅੱਖਾਂ ਦੇ ਨੁਕਸ ਬਾਰੇ ਜਾਣਕਾਰੀ ਭੇਜੀ ਜਾਵੇ। (ਐਜੂਕੇਸ਼ਨ ਕੋਡ 49456)

ਵਿੱਦਿਆਰਥੀ ਨੂੰ ਪਬਲਿਕ ਕਲਿਨਿਕ ਜਾਂ ਡਾਇਗਨੌਸਟਿਕ ਅਤੇ ਇਲਾਜ ਵਾਲੇ ਸੈਂਟਰ ਲਈ ਮਸ਼ਵਰਾ ਦਿੱਤਾ ਜਾ ਸਕਦਾ ਹੈ ਜੋ ਕਿ ਪਬਲਿਕ ਹਸਪਤਾਲ, ਜਾਂ ਸਟੇਟ, ਕਉਂਟੀ, ਜਾਂ ਸਿਟੀ ਡਿਪਾਰਟਮੈਂਟ ਔਫ ਪਬਲਿਕ ਹੈਲਥ ਵਲੋਂ ਚਲਾਏ ਜਾਂਦੇ ਹਨ। (ਐਜੂਕੇਸ਼ਨ ਕੋਡ 49456)

**ਸਕੋਲਿਉਸਿਸ(ਰੀੜ ਦੀ ਹੱਡੀ ਵਿੱਚ ਵਿੰਘ ਪੈਣਾ) ਸਕਰੀਨਿੰਗ(ਮੁਆਇਨਾ ਕਰਨਾ)**

ਸਤਵੀਂ ਗ੍ਰੇਡ ਦੀ ਹਰੇਕ ਲੜਕੀ ਵਿੱਦਿਆਰਥਨ ਅਤੇ ਅੱਠਵੀਂ ਗ੍ਰੇਡ ਦੇ ਹਰੇਕ ਲੜਕੇ ਵਿੱਦਆਰਥੀ ਨੂੰ ਸਕੋਲਿਉਸਿਸ ਲਈ ਸਕਰੀਨ ਕੀਤਾ ਜਾਵੇਗਾ। ਇਹ ਸਕਰੀਨਿੰਗ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਦੇ ਸਟੈਂਡਰਡਾਂ ਦੀ ਆਗਿਆ ਦਾ ਪਾਲਣ ਕਰੇਗੀ ਅਤੇ ਲਾਅ ਦੇ ਅਨੁਸਾਰ ਕਵਾਲੀਫਾਈਡ ਕਰਮਚਾਰੀ ਹੀ ਸਕਰੀਨਿੰਗ ਕਰਨਗੇ। (ਐਜੂਕੇਸ਼ਨ ਕੋਡ 49452.5)

ਜੇਕਰ ਸਕਲੀਰੋਸਿਸ ਜਾਂ ਕਿਸੇ ਹੋਰ ਬਿਮਾਰੀ ਲਈ ਵਿੱਦਿਆਰਥੀ ਦੀ ਸਕਰੀਨਿੰਗ ਕਰਨ ਦੌਰਾਨ ਕਿਸੀ ਬਿਮਾਰੀ ਦਾ ਪਤਾ ਲਗਦਾ ਹੈ ਤਾਂ ਸਕਰੀਨਿੰਗ ਕਰਨ ਵਾਲਾ ਸ਼ਖਸ ਵਿੱਦਿਆਰਥੀ ਨੂੰ ਅਪਣਾ ਇਲਾਜ ਕਰਵਾਉਣ ਲਈ ਨਾ ਤਾਂ ਬੇਨਤੀ ਕਰ ਸਕਦਾ ਹੈ ਅਤੇ ਨਾ ਹੀ ਉਸਨੂੰ ਇਲਾਜ ਬਾਰੇ ਸਲਾਹ ਦੇ ਸਕਦਾ ਹੈ।(ਐਜੂਕੇਸ਼ਨ ਕੋਡ 49452.5)

ਹਰੇਕ ਵਿੱਦਿਆਰਥੀ ਜਿਸਨੂੰ ਸਕਲੀਉਸਿਸ ਹੋਣ ਦਾ ਸ਼ਕ ਹੈ ਦੇ ਮਾਪੇ/ਗਾਰਡੀਅਨ ਨੂੰ ਨੋਟਿਸ ਭੇਜਿਆ ਜਾਵੇ, ਜਿਸ ਵਿੱਚ ਸਕੋਲਿਉਸਿਸ ਬਾਰੇ ਜਾਣਕਾਰੀ ਦਿਤੀ ਜਾਵੇ ਅਤੇ ਇਸ ਤੋਂ ਇਲਾਵਾ ਉਸ ਵਿੱਚ ਛੋਟੀ ਉਮਰ ਵਿੱਚ ਇਲਾਜ ਕਰਵਾਉਣ ਦੀ ਮਹੱਤਤਾ ਬਾਰੇ ਲਿਖਿਆ ਜਾਵੇ। ਏਸ ਨੋਟਿਸ ਵਿੱਚ ਇਲਾਜ ਵਾਸਤੇ ਜੋ ਪਬਲਿਕ ਸੇਵਾਵਾਂ ਉਪਲਬਧ ਹਨ ਉਨ੍ਹਾਂ ਬਾਰੇ ਜਾਣਕਾਰੀ ਵੀ ਸ਼ਾਮਿਲ ਕਰੋ, ਅਤੇ ਬਿਮਾਰੀ ਸਬੰਧੀ ਕੱਮਯੁਨਿਟੀ ਦੇ ਢੁੱਕਵੇਂ ਰਿਸੋਰਸ(ਸਾਧਨ) ਵਾਸਤੇ ਮਸ਼ਵਰਾ ਵੀ ਸ਼ਾਮਿਲ ਕਰੋ।(ਐਜੂਕੇਸ਼ਨ ਕੋਡ 49452.5)

**ਅੱਖਾਂ ਦੀ ਨਿਗਾਹ ਬਾਰੇ ਸਕਰੀਨਿੰਗ(ਐਜੂਕੇਸ਼ਨ ਕੋਡ 49455)**

ਸਾਰੇ ਵਿੱਦਿਆਰਥੀ ਕੈਲੀਫੋਰਨੀਆ ਸਕੂਲ ਡਿਸਟ੍ਰਿਕ ਵਿੱਚ ਜਦੋਂ ਪਹਿਲੀ ਵਾਰ ਕੈਲੀਫੋਰਨੀਆ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੁੰਦੇ ਹਨ ਉਨ੍ਹਾਂ ਵਿੱਦਿਆਰਥੀਆਂ ਦੀ ਨਿਗਾਹ ਦੀ ਤੇਜ਼ੀ ਵੇਖਣ ਲਈ ਉਨ੍ਹਾਂ ਦੀਆਂ ਅੱਖਾਂ ਟੈਸਟ ਕੀਤੀਆਂ ਜਾਂਦੀਆਂ ਹਨ, ਉਸ ਤੋਂ ਬਾਅਦ ਹਰ ਤਿੰਨ ਸਾਲਾਂ ਬਾਅਦ , ਜਦ ਤੱਕ ਕਿ ਵਿੱਦਿਆਰਥੀ ਅੱਠਵੀਂ ਗ੍ਰੇਡ ਪਾਸ ਨਹੀਂ ਕਰ ਲੈਂਦੇ, ਸੈਕਸ਼ਨ 49452 ਤਹਿਤ ਬੱਚਿਆਂ ਦੀਆਂ ਅੱਖਾਂ ਦੀ ਨਿਗਾਹ ਦੀ ਪਰਖ ਮਨਜ਼ੂਰਸ਼ੁਦਾ ਸ਼ਖਸ ਜਾਂ ਸਕੂਲ ਨਰਸ ਹੀ ਕਰੇਗੀ। ਏਸ ਮੁਲਾਂਕਨ ਵਿੱਚ ਨਿਗਾਹ ਦੀ ਤੇਜ਼ੀ, ਅਤੇ ਰੰਗਾਂ ਨੂੰ ਵੇਖਣ ਦੀ ਯੋਗਤਾ ਦੇ ਟੈਸਟ ਵੀ ਸ਼ਾਮਿਲ ਹਨ; ਪਰ ਰੰਗਾਂ ਨੂੰ ਵੇਖਣ ਦੀ ਯੋਗਤਾ ਦਾ ਜਾਇਜ਼ਾ ਸਿਰਫ ਲੜਕਿਆਂ ਦਾ ਹੀ ਲਗਾਇਆ ਜਾਂਦਾ ਹੈ, ਅਤੇ ਇਸ ਪਰਖ ਦੇ ਨਤੀਜੇ ਵਿੱਦਿਆਰਥੀ ਦੇ ਸਿਹਤ ਦੇ ਰਿਕੌਰਡ ਵਿੱਚ ਦਰਜ ਕੀਤੇ ਜਾਣ। ਲੜਕਾ ਜਦ ਤੱਕ ਪਹਿਲੀ ਗ੍ਰੇਡ ਵਿੱਚ ਨਹੀਂ ਹੋ ਜਾਂਦਾ ਉਸਦੀ ਰੰਗ ਵੇਖਣ ਦੀ ਯੋਗਤਾ ਦੀ ਪਰਖ ਨਹੀਂ ਕੀਤੀ ਜਾਂਦੀ। ਸਕੂਲ ਨਰਸ ਅਤੇ ਕਲਾਸ ਰੂਮ ਟੀਚਰ ਬੱਚੇ ਦੀਆਂ ਅੱਖਾਂ ਦਾ ਸਮੂਚਾ ਬਾਹਰੀ ਨਿਰੀਖਨ, ਵੇਖਕੇ ਕੰਮ ਕਰਨ ਦੀ ਯੋਗਤਾ, ਅਤੇ ਸੂਝ ਦੀ ਪਰਖ ਕਰਨਗੇ। ਜੇ ਬੱਚੇ ਦੇ ਮਾਪੇ/ਗਾਰਡੀਅਨ ਚਾਹੁਣ ਤਾਂ ਮੁਲਾਂਕਣ ਲਈ ਛੋਟ ਮਿਲ ਸਕਦੀ ਹੈ ਪਰ ਇਹਦੇ ਲਈ ਉਹ ਡੌਕਟਰ, ਸਰਜਨ ਜਾਂ ਅੱਖਾਂ ਦੇ ਡੌਕਟਰ ਕੋਲੋਂ ਬੱਚੇ ਦੀਆਂ ਅੱਖਾਂ ਦੀ ਨਿਗਾਹ ਅਤੇ ਰੰਗ ਦੀ ਪਛਾਣ ਸਬੰਧੀ ਟੈਸਟਾਂ ਦੇ ਨਤੀਜਿਆਂ ਦਾ ਸਰਟੀਫਿਕੇਟ ਲਿਆਕੇ ਸਕੂਲ ਵਾਲਿਆਂ ਨੂੰ ਦੇ ਦੇਣ।

**ਬਹੁਤ ਹੀ ਗੰਭੀਰ ਜਾਂ ਅੱਤ ਦੇ ਕੇਸਾਂ ਵਿੱਚ ਜਾਂ ਜੇਕਰ ਸਕੂਲ ਦੇ ਅਧਿਕਾਰੀ ਵਿੱਦਿਆਰਥੀ ਨੂੰ ਠੀਕ ਕਰਨ ਦੀ ਕੋਸ਼ਿਸ ਤੋਂ ਬਾਅਦ ਭੀ ਉਸਦੇ ਵਿਵਹਾਰ ਨੂੰ ਠੀਕ ਕਰਨੋਂ ਅਸਮਰਥ ਹੋ ਜਾਣ, ਤਾਂ ਵੱਧ ਦਿਨਾਂ ਲਈ ਮੁਅੱਤਲ ਕਰਨ ਅਤੇ/ਜਾਂ ਕੱਢਣ ਦਾ ਸੁਝਾਓ ਭੀ ਦਿੱਤਾ ਜਾਣਾ ਮੁਮਕਿਨ ਹੈ।**

**ਪਰਿਭਾਸ਼ਾ (ਡੈਫ਼ਿਨਿਸ਼ੱਨਜ਼):**

**ਹਮਲਾ ਕਰਨਾ (ਅਸੌਲਟ):**

ਹਮਲੇ ਦੀ ਸਪਸ਼ਟ ਪ੍ਰੀਭਾਸ਼ਾ ਹੈ, ਦੂਜੇ ਸ਼ਖਸ ਤੇ ਗੈਰ ਕਾਨੂੰਨੀ ਹਮਲਾ ਕਰਨਾ, ਹਮਲਾ ਇਨ੍ਹਾਂ ਪ੍ਰਬਲ ਹੋਣਾ ਕਿ ਦੂਜਾ ਬੁਰੀ ਤਰ੍ਹਾਂ ਫਟੜ ਹੋ ਜਾਵੇ।

**ਮਾਰ-ਕੁਟਾਈ (ਬੈਟਰੀ)**

ਮਾਰ-ਕੁਟਾਈ ਦਾ ਭਾਵ ਹੈ, ਗੈਰ ਕਾਨੂੰਨੀ ਢੰਗ ਨਾਲ ਜਾਣ-ਬੁਝਕੇ ਜ਼ੋਰ ਨਾਲ ਦੂਜੇ ਨੂੰ ਮਾਰਨਾ -ਕੁਟਨਾ।

**ਕੱਮਯੁਨਿਟੀ ਸੇਵਾ (ਕੱਮਯੁਨਿਟੀ ਸੱਰਵਿਸੱਜ਼)**

ਕਾਨੂੰਨ ਦੀ ਲੋੜ ਮੁਤਾਬਕ ਮੁਅੱਤਲ ਜਾਂ ਕੱਢੇ ਜਾਣ ਤੋਂ ਸਿਵਾਏ ਸੁਪਰਿਨਟੈਂਡੈਂਟ, ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਵਿੱਦਿਆਰਥੀ ਨੂੰ ਡਿਸਿਪਲਿਨ ਕਰਨ ਲਈ ਡਿਸਿਪਲਿਨ ਕਰਨ ਦੇ ਕਿਸੀ ਹੋਰ ਤਰੀਕੇ ਦੀ ਬਜਾਏ ਜੇਕਰ ਚਾਹੁਣ ਤਾਂ ਅਪਣੀ ਮਰਜ਼ੀ ਦੇ ਮੁਤਾਬਕ ਸਕੂਲ ਦੀ ਗ੍ਰਾਉਂਡ ਤੇ ਸਕੂਲ ਦੇ ਦੌਰਾਨ ਜਾਂ ਸਕੂਲ ਤੋਂ ਬਾਅਦ ਕੱਮਯੁਨਿਟੀ ਸੇਵਾ ਕਰਨ ਲਈ ਕਹਿ ਸਕਦੇ ਹਨ। ਬਾਹਰ ਨੂੰ ਸਾਫ਼-ਸੁਥਰਾ ਅਤੇ ਸੋਹਨਾ ਬਣਾਉਣਾ, ਕੈਮਪਸ ਠੀਕ ਕਰਨਾ, ਅਤੇ ਟੀਚਰ ਜਾਂ ਪੀਅਰ ਪ੍ਰੋਗਰਾਮਾਂ ਵਿੱਚ ਮਦੱਦ ਕਰਨੀ, ਇਹ ਸੱਬ ਕੁੱਝ ਕੱਮਯੁਨਿਟੀ ਸੇਵਾ ਵਿੱਚ ਸ਼ਾਮਿਲ ਤਾਂ ਹੈ ਪੱਰ ਏਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹੈ। (ਐਜੂਕੇਸ਼ਨ ਕੋਡ 48900.6)

**ਕੱਡੇ ਜਾਣ ਦੀ ਬਜਾਏ ਅਹਿਦਨਾਮਾ**

ਨਿਸ਼ਚਿਤ ਹਾਲਾਤਾਂ ਵਿੱਚ ਸਕੂਲੋਂ ਕੱਢਣ ਦੀ ਬਜਾਏ ਸ਼ਰਤਾਂ ਦੇ ਇੱਕ ਅਹਿਦਨਾਮੇ ਦਾ ਸੁਝਾਉ ਦਿੱਤਾ ਜਾਂਦਾ ਹੈ। ਵਿੱਦਿਆਰਥੀ ਨੂੰ ਸਕੂਲ ਵਿੱਚ ਇੱਕ ਅਹਿਦਨਾਮੇ ਦੀਆਂ ਸ਼ਰਤਾਂ ਨਾਲ ਰਖਿਆ ਜਾਂਦਾ ਹੈ। ਇਸ ਅਹਿਦਨਾਮੇ ਤੇ ਮਾਪਿਆਂ/ਗਾਰਡੀਅਨ/ ਦੇਖ-ਰੇਖ ਕਰਨ ਵਾਲੇ, ਪ੍ਰਬੰਧਕ, ਵਿੱਦਿਆਰਥੀ, ਡਿਸਟ੍ਰਿਕ ਦੇ ਪ੍ਰਬੰਧਕ ਦੇ ਦਸਤਖਤ ਹੁੰਦੇ ਹਨ। ਵਿੱਦਿਆਰਥੀ ਵਲੋਂ ਅਹਿਦਨਾਮੇ ਦੀਆਂ ਸਰਤਾਂ ਦੀ ਉਲੰਘਨਾ ਕਰਨ ਕਾਰਣ ਉਸਨੂੰ ਕੱਢਣ ਦਾ ਸੁਝਾਉ ਦਿੱਤਾ ਜਾਂਦਾ ਹੈ।

**ਸ਼ਰੀਰਕ ਸਜ਼ਾ (ਕਾੱਰਪੋਰੱਲ ਪਨਿਸ਼ਮੈਂਟ)**

ਵਿੱਦਿਆਰਥੀਆਂ ਨੂੰ ਡਿਸਿਪਲਿਨ ਕਰਨ ਲਈ ਸ਼ਰੀਰਕ ਸਜ਼ਾ ਦੇਣ ਵਾਲੇ ਤਰੀਕੇ ਦਾ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਸ਼ਰੀਰਕ ਸਜ਼ਾ ਦਾ ਭਾਵ ਹੈ ਕਿਸੇ ਭੀ ਵਿੱਦਿਆਰਥੀ ਨੂੰ ਜਾਣ-ਬੁਝਕੇ ਸ਼ਰੀਰਕ ਸੱਟ ਮਾਰਨੀ, ਜਾਂ ਜਾਣ-ਬੁਝਕੇ ਸਟ ਮਾਰਨ ਦੀ ਕੋਸ਼ਿਸ਼ ਕਰਨੀ। (ਐਜੂਕੇਸ਼ਨ ਕੋਡ 49000, 49001)

ਇਸ ਪੌਲਸੀ ਦੇ ਮਕਸਦ ਲਈ, ਜੇਕਰ ਕਰਮਚਾਰੀਆਂ ਵਲੋਂ ਵਿੱਦਿਆਰਥੀਆਂ, ਸਟਾਫ, ਅਤੇ ਦੂਜੇ ਕਰਮਚਾਰੀਆਂ ਜਾਂ ਦੂਜੀਆਂ ਸ਼ਖਸੀਅਤਾਂ ਨੂੰ ਬਚਾਉਣ ਲਈ ਜ਼ੋਰ ਲਗਾਇਆ ਜਾਵੇਗਾ ਉਸਨੂੰ ਸ਼ਰੀਰਕ ਸਜ਼ਾ ਨਹੀਂ ਆਖਿਆ ਜਾਵੇਗਾ। (ਐਜੂਕੇਸ਼ਨ ਕੋਡ 489001)

**ਸਕੂਲ ਤੋਂ ਬਾਅਦ ਰਖਿਆ ਜਾਣਾ (ਡਿਟੈਨਸ਼ਨ ਆਫ਼ਟਰ ਸਕੂਲ)**

ਹੇਠ ਲਿਖੇ ਹਾਲਾਤਾਂ ਵਿੱਚ ਵਿੱਦਿਆਰਥੀ ਨੂੰ ਸਕੂਲ ਸਮੇਂ ਤੋਂ ਬਾਅਦ ਵੱਧ ਤੋਂਵੱਧ ਇਕ ਘੰਟੇ ਲਈ ਸਕੂਲ ਤੋਂ ਬਾਅਦ ਰਹਿਣ ਲਈ ਆਖਿਆ ਜਾ ਸਕਦਾ ਹੈ:

1. ਜਿਹੜੇ ਵਿੱਦਿਆਰਥੀ ਬੱਸ ਤੇ ਆਉਂਦੇ-ਜਾਂਦੇ ਹਨ, ਉਨਾਂ ਨੂੰ ਬੱਸ ਤੇ ਘੱਰ ਜਾਣ ਵਾਲੇ ਸਮੇਂ ਤੱਕ ਹੀ ਸਕੂਲ ਵਿੱਚ ਰਖਿਆ ਜਾ ਸਕਦਾ ਹੈ। (ਕੋਡ ਔਫ ਰੈਗੂਲੇਸ਼ਨਜ਼, ਟਾਈਟੱਲ 5, ਸੈਕਸ਼ਨ 307, 353)

2. ਜਿਹੜੇ ਵਿੱਦਿਆਰਥੀ ਬੱਸ ਵਿੱਚ ਨਹੀਂ ਆਉਂਦੇ-ਜਾਂਦੇ ਹਨ, ਉਨ੍ਹਾਂ ਨੂੰ ਸਕੂਲ ਖਤਮ ਹੋਣ ਤੋਂ ਬਾਅਦ ਰੋਕਣ ਵਾਸਤੇ ਉਨ੍ਹਾਂ ਦੇ ਮਾਪਿਆਂ/ਗਾਰਡੀਅਨਾਂ ਨੂੰ ਦਿਨ, ਸਮਾਂ ਅਤੇ ਸਮੇਂ ਦੀ ਮਿਯਾਦ ਬਾਰੇ ਇਤਲਾਹ ਦੇਣ ਤੋਂ ਬਾਅਦ ਹੀ ਸਕੂਲ ਵਿੱਚ ਰੋਕਿਆ ਜਾ ਸਕਦਾ ਹੈ।

3. ਰੋਕੇ ਜਾਣ ਦੇ ਸਮੇਂ ਦੌਰਾਨ ਇਕ ਸਰਟੀਫਾਈਡ ਕਾਰਜਕਰਤਾ ਵਿੱਦਿਆਰਥੀ ਦੀ ਨਿਗਰਾਨੀ ਕਰੇ।

ਜੇਕਰ ਵਿੱਦਿਆਰਥੀ ਸਕੂਲ ਤੋਂ ਬਾਅਦ ਦੀ ਬਜਾਏ ਸਨੀਚਰਵਾਰ ਨੂੰ ਅਪਣੀ ਸਜ਼ਾ ਪੂਰੀ ਕਰਨਾ ਚਾਹੁਣ ਤਾਂ ਉਨ੍ਹਾਂ ਨੂੰ ਏਸ ਚੋਣ ਦਾ ਮੌਕਾ ਮਿਲਨਾ ਚਾਹੀਦਾ ਹੈ।
(ਸੀ ਐਫ. 6176 ਵੀਕਐਂਡ / ਸੈਟੱਰਡੇ ਕਲਾਸਾਂ (ਸ਼ਨੀਚਰਵਾਰ ਨੂੰ ਕਲਾਸਾਂ)

**ਕੱਢੇ ਜਾਣਾ (ਅੱਕਸਪੱਲਸ਼ਨ):**

ਕਿਸੇ ਭੀ ਡਿਸਿਪਲਿਨ ਦੇ ਨਿਯਮ ਦੀ ਉਲੰਘਣਾ ਕਰਨ ਦੀ ਵੱਧ ਤੋਂ ਵੱਧ ਸਜ਼ਾ ਕੱਢੇ ਜਾਣਾ ਹੈ। ਜਿਸ ਵਿੱਦਿਆਰਥੀ ਨੂੰ ਪੂਰੀ ਤਰਾਂ ਕੱਢਿਆ ਗਿਆ ਹੋਵੇ ਉਹ ਕੱਢੇ ਗਏ ਸਮੇਂ ਲਈ ਕਿਸੇ ਸਕੂਲ, ਜਾਂ ਪੜ੍ਹਾਈ ਦੇ ਕਿਸੀ ਦੂਜੇ ਪ੍ਰੋਗਰਾਮ ਵਿੱਚ ਜਿਹੜਾ ਕਿ ਯੂਬਾ ਸਿਟੀ ਯੁਨੀਫ਼ਾਇਡ ਸਕੂਲ ਡਿਸਟ੍ਰਿਕ ਵਿੱਚ ਹੈ ਹਿੱਸਾ ਨਹੀਂ ਲੈ ਸਕਦਾ ਜਾਂ ਸਕਦੀ। ਇੱਕ ਵਿਦਿਆਰਥੀ ਜੋ ਕੱਢੇ ਜਾਣ ਦੀ ਜਗ੍ਹਾ ਇਕਰਾਰਨਾਮੇ ਤੇ ਹੈ, ਸਕੂਲ ਜਾਣਾ ਜਅਰੀ ਰੱਖ ਸਕਦਾ ਹੈ ਜਾਂ ਖਾਸ਼ ਸ਼ਰਤਾਂ ਦੇ ਅਧੀਨ ਸਕੂਲ ਵਿੱਚ ਰਹਿ ਸਕਦਾ ਹੈ। ਇਹਨਾ ਸ਼ਰਤਾਂ ਦੀ ਉਲੰਘਣਾ ਕਰਨ ਦੇ ਨਤੀਜੇ ਵੱਜੋਂ ਉਸਨੂੰ ਪੂਰੀ ਤਰਾਂ ਕੱਢਿਆ ਜਾ ਸਕਦਾ ਹੈ।

**ਲੜ੍ਹਾਈ ਕਰਨਾ (ਫ਼ਾਈਟਿੰਗ)**

ਦੋ ਜਾਂ ਦੋ ਤੋਂ ਵੱਧ ਵਿੱਦਿਆਰਥੀਆਂ ਦੇ ਵਿੱਚਕਾਰ ਲੜ੍ਹਾਈ ਝਗੜਾ ਹੋਣਾ।

**ਹੇਜ਼ਿੰਗ(ਪਰੇਸ਼ਾਨ ਕਰਨਾ)**

ਵਿੱਦਿਆਰਥੀਆਂ ਸਬੰਧਿਤ ਸੰਸਥਾਵਾਂ ਜੋ ਸਿਖਿਅਕ ਸੰਸਥਾਵਾਂ ਨਾਲ ਸਬੰਧਿਤ ਨਹੀਂਹਨ ਜਾਂ ਉਨ੍ਹਾਂ ਨੂੰ ਕਨੂੰਨੀ ਸਮਾਨਤਾ ਨਾ ਮਿਲੀ ਹੋਵੇ ਵਿੱਚ ਜ਼ਬਰਦਸਤੀ ਭਰਤੀ ਕਰਨ ਲਈ ਤੰਗ ਕਰਨਾ ਜਾਂ ਕਰਨ ਦੀ ਕੋਸ਼ਿਸ਼ ਕਰਨੀ ਜਿਸਦੇ ਨਾਲ ਸ਼ਰੀਰਕ ਤੌਰ ਤੇ ਸਟ ਲਗ ਸਕਦੀ ਹੋਵੇ, ਜਾਂ ਸਨਮਾਨ ਵਿੱਚ ਘਾਟ ਮਹਿਸੂਸ਼ ਕਰਵਾਉਣੀ ਜਾਂ ਏਸ ਹੱਦ ਤੱਕ ਬੇਇਜ਼ਤ ਕਰਨਾ ਕਿ ਇਕ ਵਿੱਦਿਆਰਥੀ ਵਲੋਂ ਦੂਜੇ ਵਿੱਦਿਆਰਥੀ ਜੋ ਕਿ ਸਕੂਲ ਵਿੱਚ ਦਾਖਲ ਹੈ ਜਾਂ ਜੋ ਦਾਖਲ ਹੋਣ ਜਾ ਰਿਹਾ ਹੋਵੇ ਨੂੰ ਮਾਨਸਕ ਨੁਕਸਾਨ ਪਹੁੰਚੇ। 48900(ਕਿਊ) ਦੇ ਮਕਸਦ ਲਈ, ਹੇਜ਼ਿੰਗ ਵਿੱਚ ਅਥਲੈਟਿਕ ਖੇਲਾਂ ਜਾਂ ਸਕੂਲ ਵਲੋਂ ਅਯੋਜਿਤ ਖੇਲਾਂ ਸ਼ਾਮਿਲ ਨਹੀਂ ਹਨ।

**ਸਕੂਲ ਵਿੱਚ ਰੋਕ ਰਖਣਾ(ਇਨ-ਸਕੂਲ ਡਿਟੈਨਸ਼ਨ):**

ਸਕੂਲ ਵਿੱਚ ਮੁਅੱਤਲ ਹੋਣ ਕਾਰਨ ਵਿੱਦਿਆਰਥੀ ਦਾ ਜਿਹੜਾ ਕੰਮ ਮਿਸ ਹੋਇਆ ਹੈ, ਉਸ ਨੂੰ ਉਹ ਕੰਮ ਪੂਰਾ ਕਰਨ ਦਾ ਮੌਕਾ ਦਿੱਤਾ ਜਾਵੇ। ਜੇਕਰ ਉਹ ਉਸ ਕੰਮ ਨੂੰ ਪੂਰਾ ਕਰਕੇ ਸਮੇਂ ਤੇ ਸਕੂਲ ਵਾਲਿਆਂ ਨੂੰ ਦੇ ਦੇਵੇ ਤਾਂ ਉਸਨੂੰ ਕੰਮ ਦਾ ਪੂਰਾ ਕਰੈਡਿਟ ਮਿਲੇਗਾ। (ਸੀ ਐਫ਼. 5113 -ਐਬਸੈਂਸਾਂ ਅਤੇ ਅੱਕਸਕਿਊਜ਼ਾਂ)

**ਅਸ਼ਲੀਲ (ਉਬਸੀਨ)**

ਘਿਨਾਉਣਾ ਕੰਮ ਕਰਨਾ, ਜਿਹੜਾ ਕਿ ਨੇਕ-ਚਲਣ, ਸਦਾਚਾਰ, ਜਾਂ ਸੁਸ਼ੀਲਤਾ ਦੇ ਮਿਥੇ ਹੋਏ ਦਰਜਿਆਂ ਤੋਂ ਉਲਟ ਹੈ।

**ਅੱਧੀ ਛੁਟੀ ਲਈ ਬੰਦਸ਼ (ਰਿਸੈਸ ਰਿਸਟ੍ਰਿਕਸ਼ਨ)**

ਡਿਸਟ੍ਰਿਕ ਦੇ ਵਿੱਦਿਆਰਥੀਆਂ ਨੂੰ ਹੇਠ ਲਿਖੇ ਹਾਲਾਤਾਂ ਵਿੱਚ ਅੱਧੀ ਛੁਟੀ ਵੇਲੇ ਅੰਦਰ ਰਹਿਣ ਲਈ ਆਖਿਆ ਜਾ ਸਕਦਾ ਹੈ:

1. ਜੇਕਰ ਲਗੇ ਕਿ ਖਰਾਬ ਮੌਸਮ ਕਾਰਣ ਵਿੱਦਿਆਰਥੀਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ।
2. ਡਿਸਿਪਲਿਨ ਕਰਨ ਦੇ ਮਕਸਦ ਲਈ।

ਟੀਚਰ ਜਿਸ ਵਿੱਦਿਆਰਥੀ ਨੂੰ ਡਿਸਿਪਲਿਨ ਕਰਨ ਦੇ ਵਿਚਾਰ ਨਾਲ ਅੱਧੀ ਛੁਟੀ ਵੇਲੇ ਕਲਾਸ ਵਿੱਚ ਰਹਿਣ ਦਾ ਆਦੇਸ਼ ਦੇਣ ਤਾਂ ਉਸ ਤਾਰੀਖ, ਅਤੇ ਸਮੇਂ ਬਾਰੇ ਰਿਕੌਰਡ ਰੱਖਣ। ਜੇਕਰ ਪ੍ਰਿੰਸੀਪੱਲ ਮੰਗ ਕਰੇ ਤਾਂ ਟੀਚਰ ਨੂੰ ਇਸਦੀ ਜਾਣਕਾਰੀ ਦੇਣੀ ਪਵੇਗੀ। ਜੇਕਰ ਅੱਧੀ ਛੁਟੀ ਲਈ ਬੰਦਸ਼ ਲਗੀ ਹੈ ਤਾਂ ਇਸਦਾ ਭਾਵ ਇਹ ਨਹੀਂ ਹੈ ਕਿ ਵਿੱਦਿਆਰਥੀ ਪਾਣੀ ਪੀਨ ਜਾਂ ਰੈਸਟਰੂਮ ਨਹੀਂ ਜਾ ਸਕਦੇ, ਵਿੱਦਿਆਰਥੀਆਂ ਨੂੰ ਇਨ੍ਹਾਂ ਲਈ ਮਨਾਹੀ ਨਹੀਂ ਹੈ।

**ਮੁਅੱਤਲੀ (ਸੱਸਪੈਨਸ਼ਨ):**

ਮੁਅੱਤਲ ਦਾ ਭਾਵ ਹੈ ਕਿ ਵਿੱਦਿਆਰਥੀ ਨੂੰ ਦਰੁਸਤ ਕਰਨ ਦੇ ਮਕਸਦ ਲਈ ਸਿੱਖਿਆ ਸਿਖਿਣ ਵਾਲੀ ਜਗ੍ਹਾ ਤੋਂ ਹਟਾਇਆ ਜਾ ਰਿਹਾ ਹੈ। ਇਸਦਾ ਭਾਵ ਇਹ ਭੀ ਹੈ ਕਿ ਜਿਨ੍ਹੀਂ ਦੇਰ ਤੱਕ ਵਿੱਦਿਆਰਥੀ ਮੁਅੱਤਲ ਹੈ ਉਹ ਸਕੂਲ ਦੇ ਆਸ-ਪਾਸ ਜਾਂ ਸਕੂਲ ਦੇ ਕੈਮਪੱਸ ਤੇ, ਜਾਂ ਸਕੂਲ ਨਾਲ ਸੰਬੰਧਿਤ ਜਾਂ ਸਕੂਲ ਵਲੋਂ ਅਯੋਜਿਤ ਕੀਤੀ ਗਈ ਕਿਸੀ ਭੀ ਕਾਰਵਾਈ ਵਿੱਚ ਨਜ਼ਰ ਨਹੀਂ ਅਉਣਾ ਚਾਹੀਦਾ ਹੈ।

**ਮੁਅੱਤਲ, ਜਾਂ ਕੱਢੇ ਜਾਣ ਦੀ ਬਜਾਏ ਸ਼ਰਤਾਂ ਵਾਲੇ ਅਹਿਦਨਾਮੇ ਹੇਠ ਸਕੂਲ ਜਾਂ ਡਿਸਟ੍ਰਿਕ ਵਿੱਚ ਰਹਿਣ ਦੇਣਾ**

ਮੁਅੱਤਲ, ਜਾਂ ਕੱਢੇ ਜਾਣ ਦੀ ਬਜਾਏ ਸ਼ਰਤਾਂ ਵਾਲਾ ਅਹਿਦਨਾਮਾ। ਇਹ ਇੱਕ ਅਹਿਦਨਾਮਾ ਕੌਨਟਰੈਕਟ) ਹੈ ਜੋ ਕਿ ਮਾਪਿਆਂ/ਗਾਰਡੀਅਨ, ਵਿੱਦਿਆਰਥੀ ਸਕੂਲ ਦੇ ਪ੍ਰਬੰਧਿਕ, ਅਤੇ ਡਿਸਟ੍ਰਿਕ ਦੇ ਪ੍ਰਬੰਧਕ ਦੇ ਵਿਚਕਾਰ ਲਿਖਿਆ ਜਾਂਦਾ ਹੈ। ਏਸ ਅਹਿਦਨਾਮੇ ਜਾਂ ਇਕਰਾਰਨਾਮੇ ਤੇ ਦਸਤਖਤ ਕਰਕੇ ਵਿੱਦਿਆਰਥੀ ਨੂੰ ਡਿਸਟ੍ਰਿਕ ਦੇ ਗਵਰਨਿੰਗ ਬੋਰਡ ਦੀ ਪੈਨਲ ਦੇ ਸਾਮ੍ਹਣੇ ਪੇਸ਼ ਨਹੀਂ ਹੋਣਾ ਪੈਂਦਾ ਬਲਕਿ ਉਹ ਮੁਅਤੱਲ ਜਾਂ ਕੱਢ ਹੋਣ ਦੀ ਬਜਾਏ ਸ਼ਰਤਾਂ ਹੇਠ ਸਕੂਲ ਵਿੱਚ ਰਹਿ ਸਕਦਾ ਹੈ। ਇਸ ਵਿੱਚ ਸ਼ਾਮਿਲ ਸਾਰੀਆਂ ਪਾਰਟੀਆਂ ਆਪਣੇ ਹੱਕਾਂ ਨੂੰ ਵੇਵ ਕਰਨ ਲਈ ਸਹਿਮਤ ਹੋ ਜਾਂਦੀਆਂ ਹਨ। ਜਿਸ ਵਿੱਚ ਕਨੂੰਨੀ ਸੁਨਵਾਈ ਦਾ ਹੱਕ, ਸਮੇਂ ਦੀ ਰੇਖਾ, ਅਤੇ ਅਪੀਲ ਕਰਨ ਦਾ ਹੱਕ ਸ਼ਾਮਿਲ ਹੈ, ਅਤੇ ਉਹ ਇਸ ਗਲ ਨਾਲ ਸਹਿਮਤ ਹੁੰਦੇ ਹਨ ਕਿ ਇਹ ਘਟਨਾ ਵਾਪਰੀ ਸੀ ਅਤੇ ਵਿੱਦਿਆਰਥੀ ਨੂੰ ਇਹ ਸ਼ਰਤਾਂ ਮਨਜ਼ੂਰ ਹਨ ਅਤੇ ਉਹ ਇਨ੍ਹਾਂ ਨੂੰ ਪੂਰੀਆਂ ਕਰੇਗਾ। ਜੇਕਰ ਇਸ ਮੁਅੱਤਲ, ਜਾਂ ਕੱਢੇ ਜਾਣ ਦੀ ਬਜਾਏ ਸ਼ਰਤਾਂ ਵਾਲਾ ਇਕਰਾਰਨਾਮੇ ਦੀ ਉਲੰਘਣਾ ਕੀਤੀ ਜਾਵੇ ਤਾਂ ਵਿੱਦਿਆਰਥੀ ਪੂਰੀ ਤਰ੍ਹਾਂ ਸਕੂਲ ਜਾਂ ਡਿਸਟ੍ਰਿਕ ਚੋਂ ਕੱਢਿਆ ਜਾਂਦਾ ਹੈ।

**ਓਪਨ(ਸਕੂਲ ਦੀ ਹੱਦ ਖੁਲੀ ਹੈ)/ਕਲੋਜ਼ਡ ਕੈਮਪਸ (ਸਕੂਲ ਦੀ ਹੱਦ ਦੇ ਆਲੇ-ਦੁਆਲੇ ਜੰਗਲਾ ਹੈ) (ਬੋਰਡ ਪੌਲਸੀ 5112.5: 26 ਜੂਨ, 2007 ਨੂੰ ਪ੍ਰਵਾਨਿਤ ਕੀਤੀ ਗਈ: ਰਿਵਾਇਜ਼ਡ ਕੀਤੀ; 27 ਜਨਵਰੀ, 2009)**

ਗਵਰਨਿੰਗ ਬੋਰਡ ਨੇ ਵਿੱਦਿਆਰਥੀਆਂ ਨੂੰ ਨਿਯਮਿਤ ਵਾਤਾਵਰਨ ਵਿੱਚ, ਅਪਨੀ ਨਿਗਰਾਨੀ ਹੇਠ ਸੁਰੱਖਿਤ ਰੱਖਣ ਲਈ ਕਿੰਡਰਗਾਰਟਨ ਤੋਂ ਪੰਜਵੀਂ ਗ੍ਰੇਡ, ਕਿੰਡਰਗਾਰਟਨ ਤੋਂ ਅੱਠਵੀਂ ਗ੍ਰੇਡ, ਛੇਵੀਂ ਤੋਂ ਅੱਠਵੀਂ ਗ੍ਰੇਡ ਦੇ ਸਾਰੇ ਸਕੂਲਾਂ ਅਤੇ ਰਿਵਰ ਵੈਲੀ ਹਾਈ ਸਕੂਲ,ਅਤੇ ਐਲਬਰਟ ਪੌਲ ਹਾਈ ਸਕੂਲਾਂ ਲਈ ਕਲੋਜ਼ਡ ਕੈਮਪਸ ਸਥਾਪਿਤ ਕੀਤਾ ਹੈ।

ਜਿਨ੍ਹਾਂ ਸਕੂਲਾਂ ਦੀਆਂ ਹੱਦਾਂ ਦੇ ਆਲੇ ਦੁਆਲੇ ਜੰਗਲਾ ਹੈ(ਕਲੋਜ਼ਡ ਕੈਮਪਸ) ਉਨ੍ਹਾਂ ਸਕੂਲਾਂ ਦੇ ਬੱਚੇ ਅਪਣੇ ਮਾਪਿਆਂ/ਗਾਰਡੀਅਨਾਂ, ਅਤੇ ਅਪਣੇ ਸਕੂਲ ਦੇ ਅਧੀਕਾਰੀਆਂ ਦੀ ਲਿਖਤੀ ਇਜਾਜ਼ਤ ਤੋਂ ਬਗੈਰ ਕਿਸੀ ਸਮੇਂ ਵੀ ਅਪਣੇ ਸਕੂਲ ਦੀਆਂ ਗਰਉਂਡਾਂ ਚੋਂ ਸਕੂਲੀ ਦਿਨ ਦੌਰਾਨ ਬਾਹਰ ਨਹੀਂ ਜਾ ਸਕਦੇ। ਜਿਹੜੇ ਵਿੱਦਿਆਰਥੀ ਸਕੂਲ ਦੇ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਗੈਰ ਸਕੂਲ ਚੋਂ ਬਾਹਰ ਜਾਣਗੇ ਉਨ੍ਹਾਂ ਨੂੰ ਭਗੌੜੇ ਹੋਣ ਦਾ ਕਰਾਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੇ ਬਰਖਲਾਫ ਡਿਸਿਪਲਿਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਯੂਬਾ ਸਿਟੀ ਹਾਈ ਸਕੂਲ ਅਪਣਾ ਓਪਨ ਕੈਮਪਸ ਬਰਕਰਾਰ ਰਖੇਗਾ। ਵਿੱਦਿਆਰਥੀਆਂ ਨੂੰ ਸਿਰਫ ਲੰਚ ਸਮੇਂ ਕੈਮਪਸ ਤੋਂ ਬਾਹਰ ਜਾਣ ਦੀ ਇਜਾਜ਼ਤ ਹੈ।

ਡਿਸਿਪਲਿਨ ਕਰਨ ਦੇ ਵਿਚਾਰ ਨਾਲ ਕੁਝ ਵਿੱਦਿਆਰਥੀਆਂ ਦਾ ਬਾਹਰ ਜਾਣ ਦਾ ਹੱਕ ਰੱਦ ਕੀਤਾ ਜਾ ਸਕਦਾ ਹੈ।

ਜਿਸ ਦਿਨ ਸਕੂਲ ਲਗਿਆ ਹੋਇਆ ਹੈ ਲੰਚ ਸਮੇਂ ਤੋਂ ਇਲਾਵਾ ਵਿੱਦਿਆਰਥੀ ਮਾਪਿਆਂ/ਗਾਰਡੀਅਨਾਂ, ਸਕੂਲ ਦੇ ਅਧਿਕਾਰੀਆਂ ਦੀ ਲਿਖਤੀ ਇਜਾਜ਼ਤ ਤੋਂ ਬਗੈਰ ਬਾਹਰ ਨਹੀਂ ਰਹਿ ਸਕਦੇ ਹਨ। ਜਿਹੜੇ ਵਿੱਦਿਆਰਥੀ ਲੰਚ ਸਮੇਂ ਸਕੂਲ ਤੋਂ ਬਾਹਰ ਜਾਣਗੇ ਅਤੇ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਗੈਰ ਬਾਹਰ ਰਹਿਣਗੇ ਤਾਂ ਉਨ੍ਹਾਂ ਨੂੰ ਭਗੌੜਾ ਮੰਨਿਆ ਜਾਵੇਗਾ ਅਤੇ ਉਨ੍ਹਾਂਦੇ ਬਰਖਲਾਫ ਡਿਸਿਪਲਿਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਕਲੋਜ਼ਡ ਕੈਂਪਸ ਨੂੰ ਬਰਕਰਾਰ ਰਖਣ ਲਈ ਡਿਸਿਪਲਿਨ ਨਾਲ ਸਬੰਧਿਤ ਜੋ ਕਾਰਵਾਈਆਂ ਹਨ ਉਨ੍ਹਾਂ ਦੇ ਸਾਰੇ ਨਿਯਮਾਂ ਅਤੇ ਰੈਗੂਲੇਸ਼ਨਾਂ ਬਾਰੇ ਵਿੱਦਿਆਰਥੀਆਂ ਦੀ ਹੈਂਡਬੁਕ ਵਿੱਚ ਪੂਰੀ ਤਰ੍ਹਾਂ ਦਸੀਆਂ ਗਿਆ ਹੈ।

**ਓਪਨ(ਸਕੂਲ ਦੀ ਹੱਦ ਖੁਲੀ ਹੈ)/ਕਲੋਜ਼ਡ ਕੈਂਪਸ (ਸਕੂਲ ਦੀ ਹੱਦ ਦੇ ਆਲੇ-ਦੁਆਲੇ ਜੰਗਲਾ ਹੈ) (ਬੋਰਡ ਪੌਲਸੀ 5112.5: 23 ਮਾਰਚ, 2007 ਨੂੰ ਅਪਨਾਈ ਗਈ, ਰਿਵਾਇਜ਼ਡ ਕੀਤੀ; 27 ਜਨਵਰੀ, 2009)**

ਸਕੂਲੀ ਸਾਲ ਦੇ ਸ਼ੁਰੂ ਵਿੱਚ, ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕਨੂੰਨੀ ਸ਼ਰਤ ਦੇ ਅਨੁਸਾਰ ਮਾਪਿਆਂ/ਗਾਰਡੀਅਨਾਂ ਨੂੰ ਓਪਨ ਕੈਂਪਸ ਪੌਲਸੀ ਬਾਰੇ ਸੂਚਨਾ ਦੇਣ। (ਐਜੂਕੇਸ਼ਨ ਕੋਡ 4488 .5)

ਇਸ ਸੈਕਸ਼ਨ ਦੇ ਅਨੁਸਾਰ ਜਦੋਂ ਵਿੱਦਿਆਰਥੀ ਸਕੂਲ ਦੀਆਂ ਗਰਾਉਂਡਾਂ ਚੋਂ ਬਾਹਰ ਚਲਾ ਜਾਂਦਾ ਹੈ ਤਾਂ ਨਾ ਹੀ ਸਕੂਲ ਡਿਸਟ੍ਰਿਕ ਅਤੇ ਨਾ ਹੀ ਗਵਰਨਿੰਗ ਬੋਰਡ ਅਤੇ ਨਾ ਹੀ ਸਕੂਲ ਦਾ ਕੋਈ ਕਰਮਚਾਰੀ ਉਸ ਵਿੱਦਿਆਰਥੀ ਦੀ ਸੁਰੱਖਿਆ ਜਾਂ ਵਿਹਾਰ ਲਈ ਜ਼ੁੰਮੇਵਾਰ ਹੋਵੇਗਾ।(ਐਜੂਕੇਸ਼ਨ ਕੋਡ 4488 .5)

ਇਕ ਜਾਂ ਸਾਰੇ ਵਿੱਦਆਰਥੀਆਂ ਲਈ ਓਪਨ ਕੈਂਪਸ ਦੀ ਜੋ ਰਿਆਇਤ ਹੈ ਸਕੂਲ ਦੇ ਪ੍ਰਿੰਸੀਪੱਲ ਜਦ ਚਾਹੁਣ ਉਸਨੂੰ ਰੱਦ ਕਰ ਸਕਦੇ ਹਨ। ਪ੍ਰਿੰਸੀਪੱਲ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਸਮੱਸਿਆ ਅਤੇ ਉਸਦੀ ਗਮਭੀਰਤਾ ਬਾਰੇ ਜਾਣਕਾਰੀ ਦੇਣ ਅਤੇ ਇਸਦੇ ਨਾਲ-ਨਾਲ ਇਹ ਵੀ ਦਸਣ ਕਿ ਉਸਦੇ ਨਾਲ ਨਜਿਠਣ ਅਤੇ ਉਸਤੇ ਵਿਚਾਰ ਕਰਨ ਤੋਂ ਬਾਅਦ ਕੀ ਕੀਤਾ ਜਾ ਰਿਹਾ ਹੈ।

ਜੇਕਰ ਕੈਂਪਸ ਕਿਸੀ ਵਜਹ ਕਰਕੇ ਬੰਦ ਕਰਨਾ ਪਵੇ ਤਾਂ ਸੁਪਰਿਨਟੈਂਡੈਂਟ ਬੋਰਡ ਨੂੰ ਜਾਣਕਾਰੀ ਜ਼ਰੂਰ ਦੇਵੇ।

**ਓਪਨ ਕੈਂਪਸ(ਐਜੂਕੇਸ਼ਨ ਕੋਡ 44808. 5)**

ਸਕੂਲ ਡਿਸਟ੍ਰਿਕ ਦਾ ਗਵਰਨਿੰਗ ਬੋਰਡ ਹਾਈ ਸਕੂਲ ਵਿੱਚ ਦਾਖਲ ਵਿੱਦਿਆਰਥੀਆਂ ਨੂੰ ਲੰਚ ਪੀਰਿਅਡ ਦੌਰਾਨ ਹਾਈ ਸਕੂਲ ਦੀਆਂ ਗਰਾਉਂਡਾਂ ਚੋਂ ਬਾਹਰ ਜਾਣ ਦੀ ਇਜਾਜ਼ਤ ਦੇ ਸਕਦੇ ਹਨ।

ਇਸ ਸੈਕਸ਼ਨ ਦੇ ਅਨੁਸਾਰ ਜਦੋਂ ਵਿੱਦਿਆਰਥੀ ਸਕੂਲ ਦੀਆਂ ਗਰਾਉਂਡਾਂ ਚੋਂ ਬਾਹਰ ਚਲਾ ਜਾਂਦਾ ਹੈ ਤਾਂ ਨਾ ਹੀ ਸਕੂਲ ਡਿਸਟ੍ਰਿਕ ਅਤੇ ਨਾ ਹੀ ਕੋਈ ਅਫਸਰ ਅਤੇ ਨਾ ਹੀ ਸਕੂਲ ਦਾ ਕੋਈ ਕਰਮਚਾਰੀ ਉਸ ਵਿੱਦਿਆਰਥੀ ਦੀ ਸੁਰੱਖਿਆ ਜਾਂ ਵਿਹਾਰ ਲਈ ਜ਼ੁੰਮੇਵਾਰ ਹੋਵੇਗਾ।

ਜੇਕਰ ਗਵਰਨਿੰਗ ਬੋਰਡ ਇੰਝ ਕਰਨ ਦੀ ਇਜਾਜ਼ਤ ਦਿੰਦਾ ਹੈ ਤਾਂ ਸੈਕਸ਼ਨ 48980 ਦੀ ਸ਼ਰਤ ਤਹਿਤ ਮਾਪਿਆਂ/ਗਾਰਡੀਅਨਾਂ ਨੂੰ ਜਿਹੜਾ ਸੂਚਨਾਪੱਤਰ ਭੇਜਿਆ ਜਾਣਾ ਹੈ ਉਸਦੇ ਨਾਲ ਹੇਠ ਲਿਖਿਆ ਨੋਟਿਸ ਵੀ ਮਾਪਿਆਂ/ਗਾਰਡੀਅਨ ਨੂੰ ਭੇਜਿਆ ਜਾਵੇ।
“*ਯੂਬਾ ਸਿਟੀ ਯੂਨੀਫਾਇਡ ਸਕੂਲ ਡਿਸਟ੍ਰਿਕ* ਦੇ ਗਵਰਨਿੰਗ ਬੋਰਡ ਨੇ, ਐਜੂਕੇਸ਼ਨ ਕੋਡ ਦੇ ਸੈਕਸ਼ਨ 44808.5 ਅਨੁਸਾਰ, *ਯੂਬਾ ਸਿਟੀ ਹਾਈ ਸਕੂਲ ਜਾਂ ਰਿਵਰ ਵੈਲੀ ਹਾਈ ਸਕੂਲ* ਵਿੱਚ ਦਾਖਲ ਵਿੱਦਿਆਰਥੀ ਨੂੰ ਲੰਚ ਪੀਰਿਅਡ ਦੌਰਾਨ ਸਕੂਲ ਦੀਆਂ ਗਰਾਉਂਡਾਂ ਚੋਂ ਬਾਹਰ ਜਾਣ ਦੀ ਇਜਾਜ਼ਤ ਦੇਣ ਦਾ ਫੈਸਲਾ ਕੀਤਾ ਹੈ।”

"ਇਸ ਦੇ ਨਾਲ-ਨਾਲ ਐਜੂਕੇਸ਼ਨ ਕੋਡ ਦਾ ਸੈਕਸ਼ਨ44808.5 ਵਿਆਖਿਆ ਕਰਦਾ ਹੈ:"
“ਇਸ ਸੈਕਸ਼ਨ ਦੇ ਅਨੁਸਾਰ ਜਿਹੜਾ ਵਿੱਦਿਆਰਥੀ ਸਕੂਲ ਦੀਆਂ ਗਰਾਉਂਡਾਂ ਚੋਂ ਬਾਹਰ ਚਲਾ ਜਾਂਦਾ ਹੈ ਉਸ ਵਿੱਦਿਆਰਥੀ ਦੀ ਸੁਰੱਖਿਆ ਜਾਂ ਵਿਹਾਰ ਲਈ ਨਾ ਤਾਂ ਸਕੂਲ ਡਿਸਟ੍ਰਿਕ ਅਤੇ ਨਾ ਹੀ ਸਕੂਲ ਦਾ ਕੋਈ ਅਫਸਰ ਅਤੇ ਨਾ ਹੀ ਸਕੂਲ ਦਾ ਕੋਈ ਕਰਮਚਾਰੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ।”

**ਸਕੂਲ ਕਰਮਚਾਰੀਆਂ ਦੇ ਬਰਖਲਾਫ ਸ਼ਿਕਾਇਤ ਕਰਨੀ: (ਬੋਰਡ ਪੌਲਸੀ 1312.1, 26 ਅਗਸਤ, 2008 ਵਿੱਚ ਰਿਵਿਊ ਕੀਤਾ ਗਿਆ)**

ਇਸ ਪੌਲਸੀ ਦੀ ਧਾਰਾ ਯੂਬਾ ਸਿਟੀ ਯੂਨੀਫਾਈਡ ਐਜੂਕੇਸ਼ਨ ਅਸੌਸੀਏਸ਼ਨ ਅਤੇ ਕੈਲੀਫੋਰਨੀਆ ਸਕੂਲ ਇਮਪਲੌਈਜ਼ ਅਸੌਸੀਏਸ਼ਨ ਚੈਪਟਰ#265 ਨੇ ਮਿਲਕੇ ਇਕ ਅਹਿਦਨਾਮੇ ਹੇਠ ਤਿਆਰ ਕੀਤੀ ਹੈ।

ਬੋਰਡ ਸ਼ਿਕਾਇਤ ਕਰਨ ਵਾਲੇ ਨੂੰ ਹੌਂਸਲਾ ਦਿੰਦਾ ਹੈ ਕਿ ਜਿੰਨੀ ਛੇਤੀ ਹੋ ਸਕੇ, ਇਸ ਪ੍ਰਾਬਲਮ ਦਾ ਹੱਲ ਕੱਢਿਆ ਜਾਵੇਗਾ। ਜੇਕਰ ਕੋਈ ਪ੍ਰਾਬਲਮ ਨਜਿਠਣ ਤੋਂ ਬਿਨਾ ਰਹਿ ਜਾਂਦੀ ਹੈ ਤਾਂ, ਸ਼ਿਕਾਇਤ ਕਰਨ ਵਾਲਾ ਡਿਸਟ੍ਰਿਕਟ ਪ੍ਰੋਸੀਜ਼ਰ ਦੇ ਨਾਲ ਜਿੰਨੀ ਛੇਤੀ ਹੋ ਸਕੇ ਫਾਰਮਲ ਸ਼ਿਕਾਇਤ ਪੱਤਰ ਦੇਵੇਗਾ। ਡਿਸਟ੍ਰਿਕਟ ਪ੍ਰੋਸੀਜ਼ਰ ਆਮ ਪਬਲਿਕ ਲਈ ਪਹੁੰਚ ਯੋਗ ਹੋਣਾ ਚਾਹੀਦਾ ਹੈ।

ਕਿਸੇ ਵੀ ਇਕੱਲੇ ਬੋਰਡ ਮੈਂਬਰ ਨੂੰ ਪ੍ਰਾਬਲਮ ਨਾਲ ਨਜਿਠਣ ਦਾ ਹੱਕ ਨਹੀਂ ਹੈ। ਜੇਕਰ ਕਿਸੇ ਬੋਰਡ ਮੈਂਬਰ ਨੂੰ ਸ਼ਿਕਾਇਤ ਕਰਨ ਵਾਲੇ ਨੇ ਪਹੁੰਚ ਕੀਤੀ ਹੈ ਤਾਂ ਉਹ ਬੋਰਡ ਮੈਂਬਰ ਸ਼ਿਕਾਇਤ ਸੁਣੇਗਾ ਅਤੇ ਸੁਪਰਿੰਨਟੈਂਡੈਨਟ ਜਾਂ ਉਹਨਾ ਵੱਲੋਂ ਨਿਯੁਕਤ ਸ਼ਕਸੀਅਤ ਨੂੰ ਇਸ ਬਾਰੇ ਖਬਰ ਦੇਵੇਗਾ ਤਾਂ ਕਿ ਇਸ ਸ਼ਿਕਾਇਤ ਵੱਲ ਲੋੜੀਨਦਾ ਧਿਆਨ ਦਿੱਤਾ ਜਾ ਸਕੇ।

**ਸੈਕਸ ਸਬੰਧੀ ਤੰਗ ਕਰਨਾ (ਸੈਕਸ਼ੁਅਲ ਹਰਾਸਮੈਂਟ)- ਸਟੂਡੈਂਟਸ (ਬੀ ਪੀ 5145.7 ਅਤੇ ਏ ਆਰ 5145.7: ਅਪਨਾਈ ਗਈ; 13 ਅਪ੍ਰੈਲ, 2010)**

ਗਵਰਨਿੰਗ ਬੋਰਡ ਸਿਖਿਅਕ ਵਾਤਾਵਰਨ ਨੂੰ ਸੈਕਸ਼ੁਅਲ ਹਰਾਸਮੈਂਟ ਤੋਂ ਰਹਿਤ ਵਾਤਾਵਰਨ ਬਰਕਰਾਰ ਰਖਣ ਲਈ ਵਚਨਬੱਧ ਹੈ। ਸਕੂਲ ਵਿੱਚ ਜਾਂ ਸਕੂਲ ਦੀਆਂ ਦੂਜੀਆਂ ਕਾਰਵਾਈਆਂ ਦੌਰਾਨ, ਸਕੂਲ ਦੇ ਕਰਮਚਾਰੀ, ਦੂਜੇ ਵਿੱਦਿਆਰਥੀ, ਜਾਂ ਦੂਜੀਆਂ ਸ਼ਖਸੀਅਤਾਂ ਕਿਸੀ ਭੀ ਵਿੱਦਿਆਰਥੀ ਨੂੰ ਗੈਰ ਕਾਨੂੰਨੀ ਢੰਗ ਨਾਲ ਸੈਕਸ ਨਾਲ ਸਬੰਧਿਤ ਹਰਾਸਮੈਂਟ ਨਹੀਂ ਕਰ ਸਕਦੀਆਂ ਹਨ, ਗਵਰਨਿੰਗ ਬੋਰਡ ਵਲੋਂ ਇਸਦੀ ਮਨਾਹੀ ਹੈ। ਬੋਰਡ ਵਲੋਂ ਸ਼ਿਕਾਇਤ ਕਰਨ ਵਾਲੀ ਕਾਰਵਾਈ ਵਿੱਚ ਹਿੱਸਾ ਲੈਣ ਵਾਲੇ, ਜਾਂ ਸ਼ਿਕਾਇਤ ਕਰਨ ਵਾਲੇ ਦੇ ਬਰਖਲਾਫ ਬਦਲਾ ਲੈਣਾ ਮਨਾਹ ਹੈ।

**ਇੰਨਸਟਰੱਕਸ਼ਨ/ਜਾਣਕਾਰੀ**

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਨੂੰ ਯਕੀਨੀ ਬਣਾਉਂਦੀ ਹੈ ਕਿ ਵਿੱਦਿਆਰਥੀਆਂ ਨੂੰ ਸੈਕਸ਼ੁਅੱਲ ਹਰਾਸਮੈਂਟ ਸਬੰਧਿਤ ਢੁੱਕਵੀਂ ਅਤੇ ਸਹੀ ਜਾਣਕਾਰੀ ਦਿੱਤੀ ਜਾਵੇ। ਇਸ ਜਾਣਕਾਰੀ ਵਿੱਚ ਹੇਠ ਲਿਖਿਆ ਸਭ ਸ਼ਾਮਿਲ ਹੋਵੇਗਾ:

1. ਜੋ ਵਰਤਾਓ ਅਤੇ ਵਿਵਹਾਰ ਸੈਕਸੂਅਲ ਹਰਾਸਮੈਂਟ ਕਾਇਮ ਕਰੇ, ਜਿਸ ਵਿੱਚ ਇੱਕੋ ਜਿਹੇ ਜੈਂਡਰ(ਲਿੰਗ) ਦੇ ਵਿਅਕਤੀਆਂ ਵਿੱਚ ਸੈਕਸੂਅਲ ਹਰਾਸਮੈਂਟ ਵੀ ਸ਼ਾਮਿਲ ਹੈ।

2.. ਇੱਕ ਸਪੱਸ਼ਟ ਸੁਨੇਹਾ ਕਿ ਕਿਸੇ ਵੀ ਵਿਦਿਆਰਥੀ ਨੂੰ ਸੈਕਸੂਅਲ ਹਰਾਸਮੈਂਟ ਨਹੀਂ ਸਹਿਣੀ ਚਾਹੀਦੀ।

3. ਸੈਕਸੂਅਲ ਹਰਾਸਮੈਂਟ ਬਾਰੇ ਰਿਪੋਰਟ ਕਰਨ ਕਈ ਉਤਸ਼ਾਹਿਤ ਕਰਨਾ, ਭਾਂਵੇਂ ਹਰਾਸਮੈਂਟ ਦਾ ਸ਼ਿਕਅਰ ਵਿਅਕਤੀ ਸ਼ਿਕਾਇਤ ਨਾ ਕਰਨਾ ਚਾਹੇ।

4. ਉਸ ਵਿਅਕਤੀ ਬਾਰੇ ਜਾਣਕਾਰੀ, ਜਿਸ ਕੋਲ ਸੈਕਸੂਅਲ ਹਰਾਸਮੈਂਟ ਬਾਰੇ ਸ਼ਿਕਾਇਤ ਦਰਜ ਕਰਵਾ ਸਕਦੇ ਹੋ।

**ਸ਼ਿਕਾਇਤ ਕਰਨ ਲਈ ਕਾਰਜ-ਪ੍ਰਣਾਲੀ (ਪ੍ਰੋਸੈੱਸ)**

ਕਿਸੇ ਵਿੱਦਿਆਰਥੀ ਨੂੰ ਜੇਕਰ ਲਗੇ ਕਿ ਉਨ੍ਹਾਂ ਨੂੰ ਸਕੂਲੀ ਕ੍ਰਮਚਅਰੀ, ਹੋਰ ਵਿਦਿਅਰਥੀ, ਸਕੂਲ ਤੋਂ ਬਾਹਰੀ ਕਿਸੇ ਵਿਅਕਤੀ ਵੱਲੋਂ ਸਕੂਲ ਗਰਾਂਉਡਜ਼ ਜਮ ਕਿਸੇ ਸਕੂਲੀ ਗਤੀਵਿਧੀ ਦੌਰਾਨ (ਜਿਵੇਂ; ਵਿਜ਼ਟ ਕਰਨ ਆਏ ਕੋਚ ਜਾਂ ਖਿਡਾਰੀ) ਵੱਲੋਂ ਹਰਾਸ(ਛੇੜ-ਛਾੜ) ਕੀਤਾ ਜਾ ਰਿਹਾ ਹੈ ਤਾਂ ਉਹ ਉਸਦੇ ਬਾਰੇ ਇਕ ਦੱਮ ਅਪਣੇ ਟਚਿਰ ਜਾਂ ਕਿਸੇ ਸਟਾਫ ਮੈਂਬਰ ਨੂੰ ਸ਼ਿਕਾਇਤ ਲਗਾਉਣ। ਸਟਾਫ ਮੈਂਬਰ ਦੂਜੇ ਪ੍ਰਬੰਧਕ ਨੂੰ ਇਸ ਸੈਕਸ ਸਬੰਧਿਤ ਹਰਾਸਮੈਂਟ ਬਾਰੇ ਇਤਲਾਹ ਦੇਣ।

ਸੁਪਰਿੰਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਵਿੱਦਿਆਰਥੀ ਦੀ ਸੈਕਸ ਸਬੰਧੀ ਸ਼ਿਕਾਇਤ ਬਾਰੇ ਤੁਰੰਤ ਪੂਰੀ ਛਾਣਬੀਨ ਕਰਕੇ ਕਾਰਵਾਈ ਕਰਨਗੇ। ਸਬੂਤ ਮਿਲਣ ਤੇ ਕਿ ਸੈਕਸ ਸਬੰਧੀ ਹਰਾਸਮੈਂਟ ਹੋਈ ਹੈ ਉਹ ਯਕੀਨੀ ਤੌਰ ਤੇ ਢੁੱਕਵੀਂ ਅਤੇ ਸਹੀ ਕਾਰਵਾਈ ਕਰਕੇ ਇਸ ਨੂੰ ਸਮਾਪਤ ਕਰਨ ਤਾਂਕਿ ਵਿੱਦਿਆਰਥੀ ਨੂੰ ਦਬਾਰਾ ਸੈਕਸ ਸਬੰਧੀ ਹਰਾਸਮੈਂਟ ਦਾ ਸਾਮ੍ਹਨਾ ਨਾ ਕਰਨੇ ਪਵੇ।

**ਡਿਸਿਪਲਿਨਰੀ ਐਕਸ਼ਨ**

ਸਕੂਲ ਵਿੱਚ ਜਾਂ ਸਕੂਲ ਨਾਲ ਸਬੰਧਿਤ ਗਤੀਵਿਧੀਆਂ ਦੌਰਾਨ ਜੇਕਰ ਕੋਈ ਭੀ ਵਿੱਦਿਆਰਥੀ ਦੂਜੀਆਂ ਸ਼ਖਸੀਅਤਾਂ ਨੂੰ ਸੈਕਸ਼ੁਅਲੀ ਹਰਾਸ ਕਰੇਗਾ(ਜਿਨਸੀ ਛੇੜ-ਛਾੜ), ਤਾਂ ਉਸਦੇ ਬਰਖਲਾਫ ਡਿਸਿਪਲਿਨ ਕਰਨ ਵਾਲੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਕੱਢੇ ਜਾਣਾ ਭੀ ਸ਼ਾਮਿਲ ਹੈ। ਚੌਥੀ ਤੋਂ ਬਾਹਰਵੀਂ ਗ੍ਰੇਡ ਦੇ ਵਿੱਦਿਆਰਥੀਆਂ ਲਈ ਸਾਰੇ ਵਾਕਿਆ ਤੇ ਵਿਚਾਰ ਕਰਕੇ ਅਤੇ ਸਾਰੇ ਤੱਥਾਂ ਨੂੰ ਦੇਖਦੇ ਹੋਏ, ਮੁਅਤਲੀ ਜਾਂ ਕੱਢੇ ਜਾਣਾ ਭੀ ਮੁਮਕਿਨ ਹੈ।

**ਗੁਪਤਚਾਰੀ ਅਤੇ ਰਿਕੋਰਡ ਰੱਖਣੇ**

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਸੈਕਸੂਅਲ ਹਰਾਸਮੈਂਟ ਦੇ ਸਾਰੇ ਕੇਸਾਂ ਦੀ ਰਿਪੋਰਟ ਰੱਖਣਗੇ ਤਾਂ ਕਿ ਡਿਸਟ੍ਰਿਕਟ ਉਹਨਾ ਦਾ ਨਿਰੀਖਣ ਕਰ ਸਕੇ ਅਤੇ ਅੱਗੋਂ ਤੋਂ ਸਕੂਲਾਂ ਵਿੱਚ ਅਜਿਹੇ ਵਾਕਿਆ ਵਾਪਰਨ ਤੋਂ ਰੋਕ ਸਕੇ।

ਸੈਕਸ ਸਬੰਧੀ ਸ਼ਿਕਾਇਤ ਬਾਰੇ ਜਾਣਕਾਰੀ ਜਿਨ੍ਹੀਂ ਗੁਪਤ ਰਖੀ ਜਾ ਸਕਦੀ ਹੈ ਗੁਪਤ ਰਖੀ ਜਾਵੇ, ਅਤੇ ਜਿਹੜੀਆਂ ਸ਼ਖਸੀਅਤਾਂ ਇਸ ਤਫਤੀਸ਼ ਵਿੱਚ ਹਿੱਸਾ ਲੈ ਰਹੀਆਂ ਹਨ ਇਸ ਨਾਲ ਸਬੰਧਿਤ ਜਾਣਕਾਰੀ , ਤਫਤੀਸ਼ ਦੀ ਕਾਰਵਾਈ ਤੋਂ ਬਾਹਰ ਇਸ ਦੀ ਜਾਣਕਾਰੀ ਨਹੀਂ ਦੇਣ ਗੀਆਂ। ( 5 ਸੀ ਸੀ ਆਰ 4964)

**ਸੈਕਸ ਸਬੰਧੀ ਤੰਗ ਕਰਨਾ (ਸੈਕਸ਼ੁਅਲ ਹਰਾਸਮੈਂਟ)- ਸਟੂਡੈਂਟਸ (ਏ ਆਰ 5145.7: ਪ੍ਰਵਾਣਿਤ ਕੀਤੀ; 13 ਅਪ੍ਰੈਲ, 2010)**

ਕਿਸੇ ਵੀ ਐਜੂਕੇਸ਼ਨਲ ਸੈਟਿੰਗ ਵਿੱਚ, ਸੈਕਸ ਸਬੰਧਿਤ ਹਰਾਸਮੈਂਟ ਜਿਸ ਲਈ ਮਨਾਹੀ ਹੈ ਵਿੱਚ ਇਹ ਸੱਬ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ, ਸੈਕਸ ਰਾਹੀਂ ਅਨਚਾਹੇ ਢੰਗ ਨਾਲ ਕੋਲ ਆਉਣਾ, ਸੈਕਸ਼ੁਅਲ(ਲਿੰਗ ਸਬੰਧੀ) (ਫੇਵਰ)ਨਜ਼ਰਾਂ ਇਨਾਇਤ ਕਰਨ ਲਈ ਬੇਨਤੀ ਕਰਨੀ ਇਸ ਵਿੱਚ ਦੂਜੇ ਤਰੀਕੇ ਵੀ ਸ਼ਾਮਿਲ ਹਨ ਜਿਸ ਤਰ੍ਹਾਂ ਕਿ ਮੂੰਹ ਜ਼ਬਾਨੀ ਅਸ਼ਲੀਲ ਗਲ ਕਰਨੀ, ਅੰਗ ਵਿਖਾਉਣਾ, ਜਾਂ ਸ਼ਰੀਰ ਦਾ ਪ੍ਰਦਰਸ਼ਨ ਕਰਨਾ, ਆਪਣੇ ਜੈਂਡਰ ਜਾਂ ਉੱਲਟ ਜੈਂਡਰ ਦੇ ਕਿਸੇ ਵਿਅਕਤੀ ਨਾਲ ਸਰੀਰਕ ਛੋਹ, ਜਦੋਂ ਕਿਸੇ ਵੀ ਹੇਠ ਲਿਖੇ ਅਨੁਸਾਰ ਹੋਵੇ: (ਐਜੂਕੇਸ਼ਨ ਕੋਡ 212 .5; 5 ਸੀ ਸੀ ਆਰ 4916)

1. ਜੋ ਵਿਵਹਾਰ, ਦੂਜੇ ਨੂੰ ਅਪਣਾ ਆਤਮਸਮਰਪਣ ਕਰਨ ਲਈ ਮਜਬੂਰ ਕਰੇ ਜੋ ਸਪਸ਼ਟ ਰੂਪ ਅਤੇ ਗੁਪਤ ਰੂਪ ਵਿੱਚ ਵਿਅਕਤੀ ਦੇ ਸਿਖਿਅਕ ਸਟੇਟਸ ਜਾਂ ਤਰੱਕੀ ਲਈ ਇੱਕ ਸ਼ਰਤ ਹੋਵੇ, ਮਨਾ ਹੈ।

2. ਵਿਅਕਤੀ ਵਲੋਂ ਵਿਵਹਾਰ ਲਈ ਮਨਜ਼ੂਰੀ ਦੇਣੀ ਜਾਂ ਨਾਮਨਜ਼ੂਰੀ ਦੇਣ ਨੂੰ ਵਿਅਕਤੀ ਦੇ ਸਿਖਿਅਕ ਫੈਸਲੇ ਕਰਨ ਸਮੇਂ ਉਸਨੂੰ ਅਧਾਰ ਦੇ ਤੌਰ ਤੇ ਇਸਤੇਮਾਲ ਕਰਨਾ ਮਨਾਹ ਹੈ।

3. ਧਮਕਾਉਣ ਵਾਲਾ ਜਾਂ ਵਿਰੋਧੀ ਵਿਵਹਾਰ ਜਿਸਦਾ ਮਕਸਦ ਹੈ ਸਿਖਿਅਕ ਵਾਤਾਵਰਨ ਵਿੱਚ ਨੈਗਿਟਿਵ ਤਬਦੀਲੀ ਕਰਨੀ, ਜਾਂ ਜਿਸਦਾ ਅਸਰ ਵਿਅਕਤੀ ਦੇ ਸਿਖਿਅਕ ਕੰਮ ਕਰਨ ਦੀ ਯੋਗਤਾ ਤੇ ਪਵੇ ਮਨਾਹ ਹੈ।

4. ਵਿਅਕਤੀ ਵਲੋਂ ਵਿਵਹਾਰ ਲਈ ਮਨਜ਼ੂਰੀ ਦੇਣੀ ਜਾਂ ਨਾਮਨਜ਼ੂਰੀ ਨੂੰ ਵਿਅਕਤੀ ਵਲੋਂ ਸਕੂਲ ਵਿੱਚ ਉਪਲਬਧ ਜਾਂ ਸਕੂਲ ਦੇ ਰਾਹੀਂ ਮਿਲਣ ਵਾਲੀਆਂ ਕਾਰਵਾਈਆਂ, ਪ੍ਰੋਗਰਾਮਾਂ, ਔਨਰਜ਼, ਸੇਵਾਵਾਂ ਅਤੇ ਬੈਨਿਫਿਟ ਦੀ ਪ੍ਰਾਪਤੀ ਬਾਰੇ ਫੈਸਲਾ ਕਰਨ ਲਈ ਅਧਾਰ ਨਹੀਂ ਇਸਤੇਮਾਲ ਕੀਤਾ ਜਾਵੇ, ਇਸਦੀ ਮਨਾਹੀ ਹੈ।

ਡਿਸਟ੍ਰਿਕ ਵਿੱਚ ਸੈਕਸ ਸਬੰਧੀ ਵਿਵਾਹਾਰਾਂ, ਜਿਨ੍ਹਾਂ ਲਈ ਮਨਾਹੀ ਹੈ ਉਨ੍ਹਾਂ ਵਿੱਚ ਇਹ ਸਾਰੇ ਵਿਵਹਾਰ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ।

1. ਦੂਜੇ ਦੀ ਮਰਜ਼ੀ ਤੋਂ ਬਗੈਰ ਛੇੜ-ਛਾੜ ਕਰਨੀ, ਬੁਰੀ ਨਜ਼ਰ ਨਾਲ ਦੇਖਣਾ, ਸੈਕਸ ਸਬੰਧੀ ਫਲਰਟ ਕਰਨਾ ਜਾਂ ਕਰਨ ਦਾ ਪ੍ਰਸਤਾਵ ਰੱਖਣਾ।

2. ਅਨਚਾਹੀ ਸੈਕਸ ਸਬੰਧੀ ਤੁਹਮਤ ਲਗਾਉਣੀ, ਅੱਲ, ਧਮਕੀ, ਗਾਲਾਂ ਕੱਢਣੀਆਂ, ਨਿਰਾਦਰਪੂਰਣ ਵਿੱਚਾਰ, ਜਾਂ ਸੈਕਸ ਸਬੰਧਿਤ ਮਾਣ-ਹਾਨੀ ਕਰਨ ਵਾਲੇ ਬਿਆਨ ਦੇਣੇ।

3. ਕਿਸੇ ਦੇ ਸ਼ਰੀਰ ਦੇ ਚਿਤਰ ਬਣਾਉਣੇ, ਜਾਂ ਬਹੁਤ ਜ਼ਿਆਦਾ ਅਨਚਾਹੀ ਵਿਅਕਤੀਗਤ ਗੱਲ-ਬਾਤ ਕਰਨੀ।

4. ਸੈਕਸ ਸਬੰਧੀ ਲਤੀਫੇ (ਜੋਕ) ਸੁਣਾਣੇ, ਅਨੁਚਿਤ ਪੋਸਟਰ ਲਗਾਉਣੇ, ਨੋਟ, ਲਿਖਣੇ, ਕਹਾਣੀਆਂ ਸੁਣਾਉਣੀਆਂ, ਕਾਰਟੂਨ ਬਣਾਉਣੇ, ਚਿਤਰਕਾਰੀ ਕਰਨੀ, ਜਾਂ ਇਸ਼ਾਰੇ ਕਰਨੇ ਅਤੇ ਸੈਕਸ ਨਾਲ ਸਬੰਧਿਤ ਤਸਵੀਰਾਂ ਕੰਪਿਊਟਰ ਤੇ ਬਣਾਉਣੀਆਂ।

5. ਸੈਕਸ ਸਬੰਧੀ ਝੂਠੀ ਅਫਵਾਹ ਫਲਾਉਣੀ।

6. ਜਿਸ ਕਲਾਸ ਵਿੱਚ ਇਕ ਸੈਕਸ ਜਿਸਦੀ ਗਿਣਤੀ ਦੂਜੇ ਸੈਕਸ ਨਾਲੋਂ ਵੱਧ ਹੈ, ਉਹ ਘੱਟ ਗਿਣਤੀ ਵਾਲਿਆਂ ਨੂੰ ਤੰਗ ਕਰੇ, ਜਾਂ ਸੈਕਸ ਸਬੰਧੀ ਟਿਪਨੀ ਕਰੇ।

7. ਦੂਜੇ ਨੂੰ ਸੈਕਸੀ ਤਰੀਕੇ ਨਾਲ ਅਪਣੇ ਵੱਲ ਖਿਚੇ, ਫੜੇ, ਸ਼ਰੀਰ ਨੂੰ ਹੱਥ ਲਾਵੇ, ਕੱਪੜੇ ਖਿਚੇ।

8. ਸਿਖਿਅਕ ਚੀਜ਼ਾਂ ਤੱਕ ਵਿੱਦਿਆਰਥੀ ਨੂੰ ਪਹੁੰਚਣ ਨਾ ਦੇਵੇ।

9. ਸਕੂਲੀ ਗਤੀਵਿਧੀਆਂ ਵਿੱਚ ਕਿਸੇ ਵਿਅਕਤੀ ਦੀਆਂ ਨੋਰਮਲ ਹਰਕਤਾਂ ਨੂੰ ਜਾਣ-ਬੁਝਕੇ ਰੋਕੇ ਜਾਂ ਕੋਈ ਵੀ ਸਰੀਰਕ ਟਕਰਾਓ।

10. ਸੈਕਸ ਸਬੰਧੀ ਚੀਜ਼ਾਂ ਦਾ ਪ੍ਰਦਰਸ਼ਨ ਕਰਨਾ।

## ਸਕੂਲ ਲੈਵਲ ਤੇ ਸ਼ਿਕਾਇਤ ਦੀ ਕਾਨੂੰਨੀ ਕਾਰਵਾਈ/ਬਿਪਤਾ ਦੀ ਕਾਰਜ-ਪ੍ਰਣਾਲੀ

1) ਸ਼ਿਕਾਇਤ ਦਾ ਨੋਟਿਸ ਅਤੇ ਰਸੀਦ: ਕੋਈ ਵੀ ਵਿਦਿਆਰਥੀ, ਜਿਸ ਨੂੰ ਵਿਸ਼ਵਾਸ਼ ਹੈ ਕਿ ਉਸ ਨੂੰ ਸੈਕਸੂਅਲੀ ਹੈਰਾਸ ਕੀਤਾ ਗਿਆ ਹੈ, ਜਾਂ ਉਸਨੇ ਸੈਕਸੂਅਲੀ ਹੈਰਾਸਮੈਂਟ ਹੁੰਦੀ ਦੇਖੀ ਹੈ ਤਾਂ ਉਹ ਕਿਸੇ ਵੀ ਸਕੂਲੀ ਕ੍ਰਮਚਾਰੀ ਨੂੰ ਇਸ ਬਾਰੇ ਸ਼ਿਕਾਇਤ ਲਿਖਾ ਸਕਦਾ/ਦੀ ਹੈ। ਜਿੰਨੀ ਛੇਤੀ ਹੋਵੇਗਾ ਇਸ ਸ਼ਿਕਾਇਤ ਮਿਲਣ ਦੇ 24 ਘੰਟੇ ਦੇ ਅੰਦਰ ਉਹ ਸਕੂਲ ਕ੍ਰਮਚਾਰੀ, ਡਿਸਟ੍ਰਿਕਟ ਕੋਆਰਡੀਨੇਟਰ ਨੂੰ ਇਸ ਸ਼ਿਕਾਇਤ ਬਾਰੇ ਰੀਪੋਰਟ ਕਰੇਗਾ। ਨਾਲ ਹੀ, ਜੇਕਰ ਕਿਸੇ ਵੀ ਸਕੂਲੀ ਕ੍ਰਮਚਾਰੀ ਨੇ ਸੈਕਸੂਅਲੀ ਹੈਰਾਸਮੈਂਟ ਹੁੰਦੀ ਦੇਖੀ ਹੈ, ਜਿਸ ਵਿੱਚ ਵਿਦਿਆਰਥੀ ਸ਼ਾਮਲ ਹੈ, ਜਿੰਨੀ ਛੇਤੀ ਹੋਵੇਗਾ, 24 ਘੰਟੇ ਦੇ ਅੰਦਰ ਉਹ ਸਕੂਲ ਕ੍ਰਮਚਾਰੀ, ਕੋਆਰਡੀਨੇਟਰ/ਪ੍ਰਿੰਸੀਪਲ ਨੂੰ ਇਸ ਸ਼ਿਕਾਇਤ ਬਾਰੇ ਰੀਪੋਰਟ ਕਰੇਗਾ, ਭਾਂਵੇਂ ਉਸ ਵਿਦਿਆਰਥੀ ਨੇ ਸ਼ਿਕਾਇਤ ਦਰਜ ਨਾਹ ਕਰਵਾਈ ਹੋਵੇ।

   ਸੈਕਸੂਅਲ ਹੈਰਾਸਮੈਂਟ ਦੇ ਕਿਸੇ ਅਜਿਹੇ ਕੇਸ ਵਿੱਚ, ਜਿਸ ਵਿੱਚ ਕੋਆਰਡੀਨੇਟਰ/ਪਿੰਸੀਪਲ , ਜਿਹਨਾ ਕੋਲ ਰੀਪੋਰਟ ਦਰਜ ਕਰਵਾਈ ਜਾਣੀ ਸੀ, ਸ਼ਾਮਲ ਹਨ, ਤਾਂ ਉਹ ਕ੍ਰਮਚਾਰੀ ਜਿਸ ਕੋਲ ਵਿਦਿਆਰਥੀ ਨੇ ਸ਼ਿਕਾਇਤ ਕੀਤੀ ਹੈ ਜਾਂ ਜਿਸ ਨੇ ਇਹ ਘਟਨਾ ਵਾਪਰਦੀ ਦੇਖੀ ਹੈ ਤਾਂ ਉਹ ਕ੍ਰਮਚਾਰੀ ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਕਿਸੇ ਸ਼ਖਸ਼ੀਅਤ ਨੂੰ ਰੀਪੋਰਟ ਕਰੇਗਾ।

2) ਜਾਂਚ-ਪੜਤਾਲ ਦਾ ਆਰੰਭ: ਕੋਆਰਡੀਨੇਟਰ/ਪ੍ਰਿੰਸੀਪਲ ਸੈਕਸੂਅਲ ਹੈਰਾਸਮੈਂਟ ਦੇ ਇਲਜ਼ਾਮ ਦੇ ਤੰਗ ਕਰਨ ਦੇ ਵਿਵਹਾਰ ਦੇ ਨੋਟਿਸ ਮਿਲਣ ਤੋਂ ਬਾਅਦ 5 ਸਕੂਲੀ ਦਿਨਾ ਦੇ ਅੰਦਰ ਨਿਰਪੱਖ ਜਾਂਚ-ਪੜਤਾਲ ਦੀ ਸ਼ੁਰੂਆਤ ਕਰੇਗਾ, ਭਾਂਵੇਂ ਨਿਸ਼ਚਿਤ ਰੂਪ ਵਿੱਚ ਸ਼ਿਕਾਇਤ ਦਰਜ ਕੀਤੀ ਗਈ ਹੋਵੇ ਜਾਂ ਨਾਹ ਕੀਤੀ ਗਈ ਹੋਵੇ। ਕਿਸੇ ਵੀ ਵਿਦਿਆਰਥੀ ਵੱਲੋਂ ਇਹ ਜਾਣਕਾਰੀ ਮਿਲਣ ਤੇ ਕਿ ਉਸਨੂੰ ਸੈਕਸੂਅਲੀ ਹੈਰਾਸ ਕੀਤਾ ਗਿਆ ਹੈ, ਵਿਦਿਆਰਥੀ ਦੇ ਮਾਪੇ/ਗਾਰਡੀਅਨ, ਜਾਂ ਇੱਕ ਸਕੂਲੀ ਕ੍ਰਮਚਾਰੀ , ਜਿਸ ਕੋਲ ਵਿਦਿਆਰਥੀ ਨੇ ਸ਼ਿਕਾਇਤ ਕੀਤੀ ਹੈ, ਜਾਂ ਕੋਈ ਕੋਈ ਕ੍ਰਮਚਾਰੀ ਅਤੇ ਜਾਂ ਵਿਦਿਆਰਥੀ, ਜਿਸ ਨੇ ਇਹ ਘਟਨਾ ਵਾਪਰਦੀ ਦੇਖੀ ਹੈ, ਡਿਸਟ੍ਰਿਕਟ, ਜਾਂਚ-ਪੜਤਾਲ ਦੇ ਨੋਟਿਸ ਦੀ ਲੋੜ ਨੂੰ ਜ਼ਰੂਰੀ ਸਮਝੇਗਾ।

   ਜੇਕਰ ਕੋਆਰਡੀਨੇਟਰ/ਪ੍ਰਿੰਸੀਪਲ ਨੂੰ ਕੋਈ ਅਗਿਆਤਨਾਮੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਜਾਂ ਮੀਡੀਆ ਦੁਆਰਾ ਕਥਿਤ ਸੈਕਸੂਅਲ ਹੈਰਾਸਮੈਂਟ ਬਾਰੇ ਪਤਾ ਲੱਗਦਾ ਹੈ ਤਾਂ ਉਹ ਇਸ ਜਾਣਕਾਰੀ ਦੀ ਸਚਾਈ ਬਾਰੇ ਪਤਾ ਲਗਾਉਣਗੇ, ਕਥਿਤ ਘਟਨਾ ਦੀ ਗੰਭੀਰਤਾ ਨੂੰ ਦੇਖਣਗੇ, ਅਤੇ ਜਿਸ ਵਿਅਕਤੀ ਨਾਲ ਇਹ ਘਟਨਾ ਵਾਪਰੀ ਹੈ ਉਸ ਦੀ ਸ਼ਨਾਖਤ ਕਰਨਗੇ ਅਤੇ ਇਹ ਫੈਸਲਾ ਕਰਨਗੇ ਕਿ ਕੀ ਜਾਂਚ-ਪੜਤਾਲ ਕਰਨੀ ਚਾਹੀਦੀ ਹੈ।

3) ਵਿਦਿਆਰਥੀ ਨਾਲ ਮੁਢਲੀ ਮੁਲਾਕਾਤ: ਜਦੋਂ ਇੱਕ ਵਿਦਿਆਰਥੀ ਜਾਂ ਮਾਪੇ/ਗਾਰਡੀਅਨ ਸੈਕਸੂਅਲ ਹੈਰਾਸਮੈਂਟ ਬਾਰੇ ਸ਼ਿਕਅਇਤ ਦਰਜ ਕਰਵਾਉਦੇ ਜਾਂ ਜਾਣਕਾਰੀ ਦਿੰਦੇ ਹਨ, ਤਾਂ ਕੋਆਰਡੀਨੇਟਰ/ਪ੍ਰਿੰਸੀਪਲ ਬਿਪਤਾ ਦੀ ਕਾਰਜ-ਪ੍ਰਣਾਲੀ ਬਾਰੇ ਉਹਨਾ ਨੂੰ ਜਾਣਕਾਰੀ ਪ੍ਰਦਾਨ ਕਰਨਗੇ ਅਤੇ ਉਹਨਾ ਨੂੰ ਦੱਸਣਗੇ ਕਿ ਸ਼ਿਕਾਇਤ ਦੇ ਜੁਆਬ ਵਿੱਚ ਵਿਦਿਆਰਥੀ ਨੂੰ ਕੀ ਕਰਨਾ ਚਾਹੀਦਾ ਹੈ। ਜਿਹੜਾ ਵਿਦਿਆਰਥੀ ਸ਼ਿਕਾਇਤ ਦਰਜ ਕਰਵਾਉਦਾ ਹੈ, ਉਸਨੂੰ ਘਟਨਾ ਬਾਰੇ ਬਿਅਨ ਕਰਨ ਦਾ ਮਕਿਾ ਮਿਲਣਾ ਚਾਹੀਦਾ ਹੈ, ਜਿਸ ਨੇ ਘਟਨਾ ਵਅਪਰਦੀ ਦੇਖੀ ਹੈ, ਉਸਦੀ ਪਛਾਣ ਕਰਕੇ ਠੀਕ ਜਾਣਕਾਰੀ ਪ੍ਰਾਪਤ ਕਰਨੀ, ਹੈਰਾਸਮੈਂਟ ਦੇ ਸਬੂਤ ਪੇਸ਼ ਕਰਨੇ, ਅਤੇ ਆਪਣੀ ਸ਼ਿਕਾਇਤ ਲਿਖਤੀ ਰੂਪ ਵਿੱਚ ਪ੍ਰਦਾਨਕਰਨੀ ਚਾਹੀਦੀ ਹੈ। ਜੇਕਰ ਵਿਦਿਆਰਥੀ ਗੁਪਤਚਾਰੀ ਲਈ ਬੇਨਤੀ ਕਰਦਾ ਹੈ ਤਾਂ ਇਸ ਤਰਾਂ ਦੀ ਬੇਨਤੀ ਡਿਸਟ੍ਰਿਕਟ ਦੀ ਜਾਂਚ-ਪੜਤਾਲ ਕਰਨ ਦੀ ਕਾਬਲੀਅਤ ਨੂੰ ਸੀਮਿਤ ਕਰਦੀ ਹੈ।

4) ਜਾਂਚ-ਪੜਤਾਲ ਦੀ ਕਾਨੂੰਨੀ ਕਾਰਵਾਈ: ਲੋੜੀਂਦੀ ਜਾਂਚ-ਪੜਤਾਲ ਜਾਂ ਹੋਰ ਬਾਅਦ ਦੀਆਂ ਜ਼ਰੂਰੀ ਸਰਗਰਮੀਆਂ ਦੀ ਲੋੜ ਤੋਂ ਬਿਨਾ, ਕੋਆਰਡੀਨੇਟਰ/ਪ੍ਰਿੰਸੀਪਲ, ਸ਼ਿਕਾਇਤ ਅਤੇ ਕਥਿਤ ਦੋਸ਼ਾਂ ਨੂੰ ਗੁਪਤ ਰੱਖਣਗੇ।

ਕੋਆਰਡੀਨੇਟਰ/ਪ੍ਰਿੰਸੀਪਲ ਜਾਂਚ-ਪੜਤਾਲ ਨਾਲ ਸਬੰਧਿਤ ਵਿਅਕਤੀਆਂ ਨਾਲ ਮੁਲਾਕਾਤ ਕਰਨਗੇ, ਜਿਸ ਵਿੱਚ ਸ਼ਾਮਲ ਹੈ, ਪਰ ਸੀਮਿਤ ਨਹੀਂ ਹੈ, ਜਿਹੜਾ ਵਿਦਿਆਰਥੀ ਸ਼ਿਕਾਇਤ ਦਰਜ ਕਰਵਾ ਰਿਹਾ ਹੈ, ਹੈਰਾਸਮੈਂਟ ਦਾ ਸ਼ਿਕਾਰ ਵਿਅਕਤੀ, ਕੋਈ ਵੀ ਜਿਸ ਨੇ ਘਟਨਾ ਵਾਪਰਦੀ ਦੇਖੀ ਅਤੇ ਰੀਪੋਰਟ ਕੀਤੀ ਹੋਵੇ, ਜਾਂ ਕੋਈ ਕਹੇ ਕਿ ਉਸ ਕੋਲ ਠੀਕ ਜਾਣਕਾਰੀ ਹੈ। ਕੋਆਰਡੀਨੇਟਰ/ਪ੍ਰਿੰਸੀਪਲ ਹੋਰ ਕਦਮ ਵੀ ਚੁੱਕ ਸਕਦੇ ਹਨ ਜਿਵੇ; ਰੀਕਾਰਡਾਂ, ਨੋਟਾਂ, ਜਾਂ ਹੈਰਾਸਮੈਂਟ ਨਾਲ ਸਬੰਧਿਤ ਸਟੇਟਮੈਂਟ, ਜਾਂ ਘਟਨਾ ਵਾਲੀ ਜਗ੍ਹਾ ਦਾ ਨਿਰੀਖਣ ਕਰਨਾ।

ਜਦੋਂ ਇਸ ਜਾਂਚ-ਪੜਤਾਲ ਨੂੰ ਬਾਹਰ ਲਿਜਾਣ ਦੀ ਲੋੜ ਪਵੇ ਜਾਂ ਵਿਦਿਆਰਥੀ ਸੁਰੱਖਿਆ ਲਈ, ਤਾਂ ਕੋਆਰਡੀਨੇਟਰ/ਪ੍ਰਿੰਸੀਪਲ ਇਸ ਸ਼ਿਕਾਇਤ ਨੂੰ ਸੁਪਰਿਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕਿਸੇ ਸ਼ਖਸ਼ੀਅਤ ਨਾਲ, ਵਿਦਿਆਰਥੀ ਦੇ ਮਾਪੇ/ਗਾਰਡੀਅਨ, ਇੱਕ ਟੀਚਰ ਜਾਂ ਸਟਾਫ ਮੈਂਬਰ ਜੋ ਵਿਦਿਅਰਥੀ ਨੂੰ ਜਾਣਦਾ ਹੋਵੇ ਅਤੇ ਇਹ ਫੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੋਵੇ ਕਿ ਕੋਣ ਸੱਚ ਦੱਸ ਰਿਹਾ ਹੈ, ਲਾਅ-ਇੰਨਫੋਰਸਮੈਂਟ/ ਚਾਈਲਡ ਪ੍ਰੋਟੇਕਟਿਵ ਸਰਵਿਸਜ਼, ਡਿਸਟ੍ਰਿਕਟ ਲੀਗਲ ਕਾਉਂਸਲ ਜਾਂ ਡਿਸਟ੍ਰਿਕਟ ਰਿਸਕ ਮੈਨੇਜਰ ਨਾਲ ਵੀ ਸਾਂਝਾ ਕਰ ਸਕਦੇ ਹਨ।

5) ਅਸਥਾਈ ਮਾਪ-ਦੰਡ: ਕੋਆਰਡੀਨੇਟਰ/ਪ੍ਰਿੰਸੀਪਲ ਇਸ ਗੱਲ ਦਾ ਫੈਸਲਾ ਕਰਨਗੇ ਕਿ ਜਾਂਚ-ਪੜਤਾਲ ਦੇ ਨਤੀਜਿਆਂ ਦੇ ਆਉਣ ਤੋਂ ਪਹਿਲਾਂ ਕੀ ਅਸਥਾਈ ਮਾਪ-ਦੰਡਾਂ ਦੀ ਜਰੂਰਤ ਹੈ ਜਾਂ ਨਹੀਂ ਜਿਵੇਂ; ਵਿਦਿਆਰਥੀ ਨੂੰ ਵੱਖਰੇ ਕਲਾਸਰੂਮ ਵਿੱਚ ਤਬਦੀਲ ਕਰਨਾ ਅਤੇ ਜਾਂ ਕਿਸੇ ਹੋਰ ਟੀਚਰ ਦੀ ਕਲਾਸ ਵਿੱਚ ਤਬਦੀਲ ਕਰਨਾ।

6) ਆਪਸ਼ਨਲ ਮੀਡੀਏਸ਼ਨ (ਮੱਧਿਅਸਥਤਾ): ਵਿਦਿਆਰਥੀ ਤੋਂ ਵਿਦਿਆਰਥੀ ਨੂੰ ਹੈਰਾਸ ਕਰਨ ਦੀ ਹਾਲਤ ਵਿੱਚ, ਜਦੋਂ ਇੱਕ ਵਿਦਿਆਰਥੀ ਸ਼ਿਕਾਇਤ ਕਰਦਾ ਹੈ ਅਤੇ ਕਥਿਤ ਹੈਰਾਸ ਕਰਨ ਵਾਲਾ ਮੰਨਦਾ ਹੈ ਤਾਂ ਕੋਆਰਡੀਨੇਟਰ/ਪ੍ਰਿੰਸੀਪਲ, ਕਾਉਂਸਲਰ, ਟੀਚਰ, ਪ੍ਰਬੰਧਕ, ਜਾਂ ਕਿਸੇ ਟ੍ਰੇਨਡ ਵਿਚੋਲੇ ਦੀ ਮਦਦ ਨਾਲ ਇਸ ਸਮੱਸਿਆ ਦਾ ਹੱਲ ਲੱਭਣਗੇ। ਵਿਦਿਆਰਥੀ ਨੂੰ ਕਦੇ ਵੀ ਕਥਿਤ ਦੋਸ਼ੀ ਨਾਲ ਆਪਣੇ ਆਪ ਸਮੱਸਿਆ ਹੱਲ ਕਰਨ ਲਈ ਨਹੀਂ ਕਿਹਾ ਜਾਵੇਗਾ, ਜਦੋਂ ਤੱਕ ਦੋਨੋ ਪਾਰਟੀਆਂ ਇਸ ਗੱਲ ਲਈ ਰਾਜ਼ੀ ਨਾਹ ਹੋਣ, ਅਤੇ ਕਿਸੇ ਵੀ ਸਮੇਂ ਇਸ ਕਥਿਤ ਕਾਨੂੰਨੀ ਕਾਰਵਾਈ ਦਾ ਅੰਤ ਕਰਨ ਦੇ ਅਧਿਕਾਰਾਂ ਬਾਰੇ ਉਸਨੂੰ ਸਲਾਹ ਦਿੱਤੀ ਜਾਵੇਗੀ।

7) ਸ਼ਿਕਾਇਤ ਬਾਰੇ ਫੈਸਲਾ ਕਰਨ ਸਮੇਂ, ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹੇਠ ਲਿਖੀਆਂ ਗਲਾਂ ਤੇ ਧਿਆਨ ਦੇਣ:

ਏ. ਉਪਰ ਲਿਖੇ ਸ਼ਖਸਾਂ ਵਲੋਂ ਦਿੱਤੇ ਗਏ ਬਿਆਨ।

ਬੀ. ਹਰੇਕ ਸ਼ਖਸ ਦੇ ਬਿਆਨ ਦੇ ਵੇਰਵੇ ਅਤੇ ਨਿਰੰਤਰਤਾ ਤੇ ਗ਼ੌਰ ਕਰਨ।

ਸੀ. ਵਾਕਿਆ ਵਾਪਰਨ ਤੇ ਸ਼ਿਕਾਇਤ ਕਰਨ ਵਾਲੇ ਵਿੱਦਿਆਰਥੀ ਤੇ ਉਸ ਵਾਕਿਏ ਦਾ ਜੋ ਅਸਰ ਪਿਆ ਹੈ ਉਸ ਤੇ ਧਿਆਨ ਦੇਣ।

ਡੀ. ਦੋਸ਼ੀ ਸ਼ਖਸ ਜਿਸਦੇ ਬਰਖਲਾਫ ਸ਼ਿਕਾਇਤ ਕੀਤੀ ਗਈ ਹੈ ਵਲੋਂ ਭੂਤਕਾਲ ਵਿੱਚ ਹਰਾਸ ਕਰਨ ਵਾਲੇ ਵਾਕਿਆਂ ਬਾਰੇ ਸਬੂਤਾਂ ਤੇ ਧਿਆਨ ਦੇਣ।

ਈ. ਦੋਸ਼ੀ ਸ਼ਖਸ ਜਿਸਦੇ ਬਰਖਲਾਫ ਸ਼ਿਕਾਇਤ ਕੀਤੀ ਗਈ ਹੈ ਵਲੋਂ ਭੂਤਕਾਲ ਵਿੱਚ ਹਰਾਸ ਕਰਨ ਵਾਲੇ ਵਾਕਿਆਂ ਦੇ ਸਬੂਤ ਝੂਠੇ ਨਿਕਲਣੇ।

ਹਰਾਸਮੈਂਟ ਰਾਹੀਂ ਕੀਤੇ ਗਏ ਜ਼ੁਲਮ ਬਾਰੇ ਫੈਸਲਾ ਕਰਨ ਸਮੇਂ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹੇਠ ਲਿਖੀਆਂ ਗਲਾਂ ਤੇ ਧਿਆਨ ਦੇਵੇ:

ਏ. ਇੱਕ ਜਾਂ ਇੱਕ ਤੋਂ ਵੱਧ ਵਿੱਦਿਆਰਥੀਆਂ ਦੀ ਪੜ੍ਹਾਈ ਤੇ ਕਿਸ ਕਿਸਮ ਦਾ ਅਸਰ ਪਿਆ ਹੈ।

ਬੀ. ਬੁਰੇ ਵਿਵਹਾਰ ਦੀ ਕਿਸਮ, ਸਮੇਂ ਦੀ ਮਿਆਦ, ਅਤੇ ਬਾਰੰਬਾਰਤਾ।

ਸੀ. ਸ਼ਿਕਾਇਤ ਕਰਨ ਵਾਲੇ ਅਤੇ ਹਰਾਸ ਕਰਨ ਵਾਲੇ ਦੀ ਪਛਾਣ, ਉੱਮਰ, ਅਤੇ ਲਿੰਗ ਅਤੇ ਉਹਨਾ ਵਿੱਚਕਾਰ ਸਬੰਧ।

ਡੀ. ਹਰਾਸ ਹੋਣ ਵਾਲੇ ਜਾਂ ਵਾਲਿਆਂ ਦੀ ਗਿਣਤੀ।

ਈ. ਵਾਕਿਆ ਵਾਪਰਣ ਵਾਲੇ ਸਕੂਲ ਦਾ ਸਾਈਜ਼ਣ ਜਗ੍ਹਾ, ਅਤੇ ਹਾਲਾਤ।

ਐਫ. ਸਕੂਲ ਵਿੱਚ ਦੂਜੀਆਂ ਘਟਨਾਵਾਂ, ਜਿਸ ਵਿੱਚ ਹੋਰ ਵਿਦਿਆਰਥੀ ਸ਼ਾਮਲ ਹਨ।

8) ਜੋ ਕੁੱਝ ਵੀ ਪਤਾ ਲੱਗਿਆ ਹੈ, ਉਸ ਬਾਰੇ ਲਿਖਤੀ ਰਿਪੋਰਟ: ਸ਼ਿਕਾਇਤ ਮਿਲਣ ਦੇ 30 ਦਿਨਾ ਦੇ ਅੰਦਰ, ਕੋਆਰਡੀਨੇਟਰ/ਪ੍ਰਿੰਸੀਪਲ ਜਾਂਚ-ਪੜਤਾਲ ਦੀ ਰੀਪੋਰਟ ਦਾ ਸਾਰ ਅੰਸ਼ ਦੱਸਣਗੇ ਅਤੇ ਪ੍ਰਾਪਤ ਕੀਤੀ ਜਾਣਕਾਰੀ ਦੀ ਲਿਖਤੀ ਰੀਪੋਰਟ ਦੇਣਗੇ। ਇਹ ਟਾਈਮ ਲਾਈਨ ਕਿਸੇ ਖਾਸ ਕਾਰਨ ਕਰਕੇ ਵਧਾਈ ਜਾ ਸਕਦੀ ਹੈ। ਜੇਕਰ ਇਸ ਟਾਈਮ ਲਾਈਨ ਵਿੱਚ ਵਾਧਾ ਕਰਨਾ ਪਵੇ ਤਾਂ ਕੋਆਰਡੀਨੇਟਰ/ਪ੍ਰਿੰਸੀਪਲ, ਸ਼ਿਕਾਇਤ ਕਰਨ ਵਾਲੇ ਵਿਦਿਆਰਥੀ ਨੂੰ ਇਸ ਬਾਰੇ ਸੂਚਨਾ ਦੇਣਗੇ ਅਤੇ ਇਸ ਟਾਈਮ ਲਾਈਨ ਦੇ ਵਧਾਉਣ ਦੇ ਕਾਰਨਾ ਬਾਰੇ ਦੱਸਣਗੇ।

ਇਸ ਰੀਪੋਰਟ ਵਿੱਚ ਫੈਸਲਾ ਅਤੇ ਫੈਸਲੇ ਦੇ ਕਾਰਨਾ ਦੇ ਅਧਾਰ ਅਤੇ ਜਾਂਚ-ਪੜਤਾਲ ਦੌਰਾਨ ਚੁੱਕੇ ਕਦਮਾਂ ਦੀ ਸਮਰੀ ਸ਼ਾਮਲ ਹੋਵੇਗੀ। ਜੇਕਰ ਸੈਕਸ ਸਬੰਧੀ ਹਰਾਸਮੈਂਟ ਵਾਪਰੀ ਹੈ ਤਾਂ ਇਸ ਰਿਪੋਰਟ ਵਿੱਚ ਇਹ ਵੀ ਦਸਣ ਕਿ ਉਨ੍ਹਾਂ ਨੇ ਇਸ ਹਰਾਸਮੈਂਟ ਦਾ ਅੰਤ ਕਰਨ ਲਈ ਕਿਹੜੇ ਕਦਮ ਚੁਕੇ ਹਨ, ਅਤੇ ਇਸਦੇ ਨਾਲ-ਨਾਲ ਉਹ ਇਹ ਭੀ ਦਸਣ ਕਿ ਜਿਸ ਸ਼ਖਸੀਅਤ ਦੇ ਨਾਲ ਇਹ ਵਾਕਿਆ ਵਾਪਰਿਆ ਹੈ ਉਸਤੇ ਪਏ ਅਸਰ ਨੂੰ ਹਟਾਉਣ ਲਈ ਕੀ ਕੀਤਾ ਗਿਆ ਹੈ, ਅਤੇ ਅਗੇ ਤੋਂ ਹਰਾਸਮੈਂਟ ਅਤੇ ਬਦਲੇ ਨੂੰ ਰੋਕਣ ਲਈ ਉਨ੍ਹਾਂ ਨੇ ਕੀ ਕਰਨਾ ਹੈ।

ਇਹ ਰੀਪੋਰਟ ਸ਼ਿਕਾਇਤ ਕਰਨ ਵਾਲੇ ਵਿਦਿਆਰਥੀ, ਜਿਸ ਵਿਅਕਤੀ ਤੇ ਦੋਸ਼ ਲਾਇਆ ਗਿਆ ਹੈ ਉਸਨੂੰ, ਸ਼ਿਕਾਇਤ ਕਰਨ ਵਾਲੇ ਵਿਦਿਆਰਥੀ ਦੇ ਮਾਪੇ/ਗਾਰਡੀਅਨਾ ਨੂੰ, ਅਤੇ ਸੁਪਰਿੰਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕਿਸੇ ਸ਼ਖਸ਼ੀਅਤ ਨੂੰ ਵੀ ਪ੍ਰਦਾਨ ਕੀਤੀ ਜਾਵੇਗੀ। ਇਸ ਦੇ ਨਾਲ ਹੀ, ਕੋਆਰਡੀਨੇਟਰ/ਪ੍ਰਿੰਸੀਪਲ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਹੈਰਾਸਮੈਂਟ ਦਾ ਸ਼ਿਕਾਰ ਵਿਦਿਆਰਥੀ ਅਤੇ ਉਸਦੇ ਮਾਪੇ/ਗਾਰਡੀਅਨਾਂ ਨੂੰ ਕਿਸੇ ਵੀ ਬਾਅਦ ਦੀ ਮੁਸ਼ਕਿਲ ਨੂੰ ਰੀਪੋਰਟ ਕਰਨ ਦੀ ਕਾਨੂੰਨੀ ਕਾਰਵਾਈ ਬਾਰੇ ਜਾਣੂ ਕਰਵਾਇਆ ਜਾਵੇ। ਕੋਆਰਡੀਨੇਟਰ/ਪ੍ਰਿੰਸੀਪਲ ਸਮੇਂ-ਸਮੇਂ ਤੇ ਨਿਰੀਖਣ ਕਰਨਗੇ, ਕਿ ਇਹੋ ਜਿਹੇ ਨਵੇਂ ਵਾਕਿਆ ਤਾਂ ਨਹੀਂ ਹੋਏ ਜਾਂ ਕਿਸੇ ਨੇ ਬਦਲੇ ਦੀ ਭਾਵਨਾ ਵਿੱਚ ਆਕੇ ਕੋਈ ਪ੍ਰਾਬਲਮ ਤਾਂ ਨਹੀਂ ਕੀਤੀ ਅਤੇ ਇਸ ਸਭ ਦਾ ਰੀਕਾਰਡ ਵੀ ਰੱਖਣਗੇ।

## ਡਿਸਟ੍ਰਿਕ ਦੀ ਇਨਫੋਰਸਮੈਂਟ(ਲਾਗੂ ਕਰਨਾ) ਪਾਲਸੀ

ਡਿਸਟ੍ਰਿਕ ਦੀ ਸੈਕਸ ਸਬੰਧੀ ਹਰਾਸਮੈਂਟ ਪੌਲਸੀ ਨੂੰ ਲਾਗੂ ਕਰਨ ਲਈ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਢੁੱਕਵੇਂ ਕਦਮ ਚੁਕਣਗੇ। ਲੋੜ ਦੇ ਅਧਾਰ ਤੇ ਹੇਠ ਲਿਖੇ ਕਦਮ ਭੀ ਚੁਕੇ ਜਾ ਸਕਦੇ ਹਨ:

1. ਅਸ਼ਲੀਲ ਜਾਂ ਅਪਮਾਨਜਨਕ ਗ੍ਰੈਫਿਟੀ ਹਟਾਉਣੀ।

2. ਵਿਦਿਆਰਥੀ, ਸਟਾਫ, ਅਤੇ ਮਾਪੇ/ਗਾਰਡੀਅਨਾ ਨੂੰ ਹੈਰਾਸਮੈਂਟ ਨੂੰ ਪਛਾਨਣ ਅਤੇ ਪ੍ਰਤੀਕਿਰਿਆ ਬਾਰੇ ਟੇਨਿੰਗ ਪ੍ਰਦਾਨ ਕਰਨੀ ।

3. ਸੈਕਸੂਅਲ ਹੈਰਾਸਮੈਂਟ ਬਾਰੇ ਡਿਸਟ੍ਰਿਕਟ ਦੀ ਪਾਲਸੀ ਅਤੇ ਰੈਗੁਲੇਸ਼ਨ ਬਾਰੇ ਜਾਣਕਾਰੀ ਪ੍ਰਦਾਨ ਕਰਨੀ।

4. ਵਿਦਿਆਰਥੀ ਦੇ ਨਿੱਜੀ ਰੀਕਾਰਡਾਂ ਨੂੰ ਗੁਪਤ ਰੱਖਣ ਸਬੰਧੀ ਕਾਨੂੰਨ ਦੇ ਦਾਈਰੇ ਵਿੱਚ ਰਹਿਣਾ, ਮਾਪੇ/ਗਾਰਡੀਅਨ ਅਤੇ ਕੰਮਿਉਨਿਟੀ ਨਾਲ ਸਕੂਲੀ ਪ੍ਰਤੀਕਿਰਿਆ ਬਾਰੇ ਕੰਮਿਉਨੀਕੇਸ਼ਨ।

5. ਡਿਸਪਿਲਿਨ ਕਰਨ ਦੀ ਢੁੱਕਵੀਂ ਕਾਰਵਾਈ ਕਰਨੀ।

ਇਸ ਤੋਂ ਇਲਾਵਾ, ਜੇਕਰ ਸੈਕਸ ਸਬੰਧੀ ਹਰਾਸਮੈਂਟ ਦੇ ਬਰਖਲਾਫ ਸ਼ਿਕਾਇਤ ਕਰਨ ਵਾਲੇ ਵਲੋਂ ਲਗਾਇਆ ਗਿਆ ਦੋਸ਼ ਗ਼ਲਤ ਸਾਬਤ ਹੈ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਉਸਦੇ ਬਰਖਲਾਫ ਡਿਸਿਪਲਿਨ ਕਰਨ ਦੀ ਕਾਰਵਾਈ ਕਰਨ ਦੇ ਕਦਮ ਚੁਕਣ।

## ਸੂਚਨਾਪਤੱਰ (ਨੋਟਿਫ਼ਿਕੇਸ਼ਨ)

ਡਿਸਟ੍ਰਿਕ ਦੀ ਸੈਕਸ਼ੁਅਲ ਹਰਾਸਮੈਂਟ ਦੀਆਂ ਪੌਲਸੀਆਂ ਅਤੇ ਰੈਗੁਲੇਸ਼ਨਾਂ ਦੀ ਕੌਪੀ ਵਿੱਚ ਹੇਠ ਲਿਖੇ ਸ਼ਾਮਿਲ ਹਨ:

1. ਸਕੂਲ ਸਾਲ ਦੇ ਸ਼ੁਰੂ ਵਿੱਚ ਜਿਹੜਾ ਸੂਚਣਾ-ਪਤੱਰ ਮਾਪਿਆਂ/ਗਾਰਡੀਅਨਾਂ ਨੂੰ ਭੇਜਿਆ ਜਾਵੇ ਇਹ ਕਾਪੀ ਉਸ ਵਿੱਚ ਸ਼ਾਮਿਲ ਹੋਵੇ।
(ਐਜੂਕੇਸ਼ਨ ਕੋਡ 48980) (ਸੀ ਸੀ ਆਰ.- 4917)

2. ਹਰੇਕ ਸਕੂਲ ਸਾਈਟ ਦੀ ਸਿਰਕੱਢਵੀਂ ਥਾਂ ਤੇ ਲਗਾਈ ਜਾਵੇ। (ਐਜੂਕੇਸ਼ਨ ਕੋਡ 231.5)

3. ਹਰੇਕ ਕਵਾਰਟਰ , ਸਿਮੈਸਟਰ, ਦੇ ਸ਼ੁਰੂ ਵਿੱਚ ਜਾਂ ਸਮਰ ਸੈਸ਼ਨ ਦੌਰਾਨ ਨਵੇਂ ਵਿੱਦਿਆਰਥੀਆਂ ਲਈ ਜਿਹੜੀ ਵੀ ਓਰੀਐਂਟੇਸ਼ਨ ਅਯੋਜਿਤ ਕੀਤੀ ਜਾਵੇ ਉਸਦਾ ਇੱਕ ਹਿੱਸਾ ਇਸਦੇ ਬਾਰੇ ਹੋਣਾ ਚਾਹੀਦਾ ਹੈ।(ਐਜੂਕੇਸ਼ਨ ਕੋਡ 231.5)

4. ਜਦੋਂ ਕਦੇ ਭੀ ਸਕੂਲ ਜਾਂ ਡਿਸਟ੍ਰਿਕ ਵਾਲੇ ਸਕੂਲ ਜਾਂ ਡਿਸਟ੍ਰਿਕ ਦੇ ਆਚਰਣ (ਕੰਡੱਕਟ)ਦੇ ਨਿਯਮ (ਨਿਯਮਜ਼)ਅਤੇ ਕਾਨੂੰਨ (ਰੈਗੁਲੇਸ਼ਨ), ਕਾਰਵਾਈਆਂ (ਪ੍ਰੋਸੀਜੱਰਜ਼) ਅਤੇ ਸਟੈਂਡਰਡ ਵਿਸਥਾਰਪੂਰਬਕ ਪ੍ਰਕਾਸ਼ਿਤ ਕਰਨ ਤਾਂ ਉਨ੍ਹਾਂ ਵਿੱਚ ਇਹ ਵੀ ਛਾਪੇ ਜਾਣੇ ਚਾਹੀਦੇ ਹਨ। (ਐਜੂਕੇਸ਼ਨ ਕੋਡ 231.5)

5. ਵਿਦਿਆਰਥੀ ਪਾਲਸੀ ਹੈਂਡਬੁੱਕ ਵਿੱਚ ਸ਼ਾਮਲ ਹੋਵੇ।

6. ਕਰਮਚਾਰੀਆਂ ਨੂੰ ਅਤੇ ਕਰਮਚਾਰੀਆਂ ਦੀਆਂ ਸੰਸਥਾਵਾਂ ਨੂੰ ਵੀ ਇਸਦੇ ਬਾਰੇ ਜਾਣਕਾਰੀ ਦਿਤੀ ਜਾਵੇ।

## ਪ੍ਰਬੰਧਕ ਏਜੰਸੀਆਂ (ਐਡਮਿਨਿਸਟ੍ਰੇਟਿਵ ਏਜੰਸੀਜ਼)

ਵਿੱਦਿਆਰਥੀ ਹੇਠ ਲਿਖੀਆਂ ਪ੍ਰਬੰਧਕੀ ਏਜੰਸੀਆਂ ਨਾਲ ਸੰਪਰਕ ਕਰਕੇ ਸੈਕਸ਼ੁਅਲ ਹਰਾਸਮੈਂਟ ਦੀ ਰਿਪੋਰਟ ਦਰਜ ਕਰਨ ਦੇ ਨਿਸ਼ਚਿਤ ਨਿਯਮਾਂ ਅਤੇ ਰੈਗੁਲੇਸ਼ਨਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ:

ਯੁਨਾਇਟਡ ਸਟੇਟਸ ਡਿਪਾਰਟਮੈਂਟ ਔਫ ਐਜੂਕੇਸ਼ਨ
ਆਫ਼ਿਸ ਫੋਰ ਸਿਵਿਲ ਰਾਈਟਸ-ਰੀਜਨ 9
ਓਲਡ ਫੈਡਰਲ ਬਿਲਡਿੰਗ
50 ਯੁਨਾਈਟਡ ਨੇਸ਼ਨਜ਼ ਪਲਾਜ਼ਾ, ਰੂਮ 239
ਸੈਨ ਫਰਾਂਸਿਸਕੋ, ਕੈਲਿਫੋਰਨੀਆ 94102
(415) 556-4275

ਕੈਲਿਫੋਰਨੀਆ ਸਟੇਟ ਡਿਪਾਰਟਮੈਂਟ ਔਫ ਐਜੂਕੇਸ਼ਨ
ਆਫ਼ਿਸ ਔਫ ਈਕੁਅਲ ਔਪਰਚੁਨਿਟੀ
1430 "ਐਨ" ਸਟ੍ਰੀਟ
ਸੈਕਰਾਮੈਂਟੋ, ਕੈਲਿਫੋਰਨੀਆ, 95814
(916) 445-9174

**ਸ਼ਿਕਾਇਤ ਸਬੰਧੀ ਕਾਰਵਾਈ ਕਰਨ ਦੇ ਇੱਕਸਾਰ ਤੱਰੀਕੇ (ਬੋਰਡ ਪਾਲਸੀ[ਬੀ. ਪੀ.] 1312.3) 26 ਅਗਸਤ, 2008 ਵਿੱਚ ਰਿਵਾਈਜ਼ ਕੀਤੇ ਗਏ।)**

ਗਵਰਨਿੰਗ ਬੋਰਡ ਮਨਦਾ ਹੈ ਕਿ ਸਾਰੇ ਸਿਖਿਅਕ ਪ੍ਰੋਗਰਾਮਾਂ ਲਈ ਸਟੇਟ ਅਤੇ ਫੈਡਰਲ ਦੇ ਜੋ ਕਨੂੰਨ ਅਤੇ ਰੈਗੁਲੇਸ਼ਨਾਂ ਲਾਗੂ ਹੁੰਦੀਆਂ ਹਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਪ੍ਰਮੁਖ ਜ਼ਿੰਮੇਵਾਰੀ ਡਿਸਟ੍ਰਿਕ ਦੀ ਹੈ। ਜੇ ਇਹ ਕਨੂੰਨ ਅਤੇ ਰੈਗੁਲੇਸ਼ਨਾਂ ਲਾਗੂ ਨਾ ਹੋਣ ਉਤੇ ਉਨ੍ਹਾਂ ਦੇ ਬਰਖਲਾਫ ਅਤੇ /ਜਾਂ ਵਿਤਕਰੇ ਦੇ ਬਰਖਲਾਫ ਸ਼ਿਕਾਇਤਾਂ ਦਰਜ ਕੀਤੀਆਂ ਜਾਣੀਆਂ ਹਨ ਤਾਂ ਇਨ੍ਹਾਂ ਸ਼ਿਕਾਇਤਾਂ ਨਾਲ ਨਜਿਠਨ ਲਈ ਡਿਸਟ੍ਰਿਕ ਅਪਣੇ ਡਿਸਟ੍ਰਿਕ ਦੀ ਸ਼ਿਕਾਇਤ ਸਬੰਧੀ ਕਾਰਵਾਈ ਕਰਨ ਦੇ ਇਕਸਾਰ ਤਰੀਕੇ ਵਰਤੇਗਾ। (5 ਸੀ ਸੀ ਆਰ 4620)

ਜਿਸ ਸ਼ਿਕਾਇਤ ਦਾ ਸੰਬੰਧ ਗੈਰ ਕਨੂੰਨੀ ਵਿਤਕਰੇ ਨਾਲ ਹੈ ਅਤੇ ਸ਼ਿਕਾਇਤ ਕਰਨ ਵਾਲਾ ਗਰੁਪ ਉਹ ਹੈ ਜੋ ਐਜੂਕੇਸ਼ਨ ਕੋਡ 200 ਅਤੇ 220 ਅਤੇ ਗੌਰਮੈਨਟ ਕੋਡ 11135 ਦੀ ਛਤਰ-ਛਾਇਆ ਹੇਠ ਹੈ, ਅਤੇ ਇਸ ਵਿੱਚ ਸੈਕਸ, ਲਿੰਗ ਸਬੰਧੀ ਨਿਰਧਾਰਤਾ, ਜੈਂਡਰ, ਜਾਤਿ, ਇਕ ਜਾਤਿ ਦਾ ਗਰੁਪ, ਰੇਸ, ਪਿਛੋਕੜ, ਰਾਸ਼ਟਰ, ਧਰਮ, ਰੰਗ, ਜਾਂ ਦਿਮਾਗੀ ਹਾਲਤ, ਜਾਂ ਸ਼ਰੀਰਕ ਡਿਸਅਬਿਲਟੀ, ਜਾਂ ਉਮਰ, ਜਾਂ ਇਕ ਗਰੁਪ ਨਾਲ ਮੇਲਜੋਲ ਰਖਣ ਵਾਲੇ ਸ਼ਖਸ ਵੀ ਸ਼ਾਮਿਲ ਹਨ , ਇਨ੍ਹਾਂ ਖੂਬੀਆਂ ਵਾਲਿਆਂ ਦੇ ਬਰਖਲਾਫ ਵਿਤਕਰਾ ਅਸਲ ਵਿੱਚ ਵਾਪਰਿਆ ਜਾਂ ਵੇਖਿਆ ਗਿਆ ਅਤੇ ਜਿਨ੍ਹਾਂ ਪ੍ਰੋਗਰਾਮਾਂ ਜਾਂ ਕਾਰਵਾਈਆਂ ਵਿੱਚ ਹੋਇਆ ਉਨ੍ਹਾਂ ਨੂੰ ਸਟੇਟ ਕੋਲੋਂ ਪੈਸੇ ਮਿਲਦੇ ਹਨ ਤਾਂ ਇਸ ਗੈਰ ਕਨੂੰਨੀ ਹਰਕਤ ਦੇ ਬਰਖਲਾਫ ਕੀਤੀ ਗਈ ਸ਼ਿਕਾਇਤ ਦੀ ਪੈਰਵੀ ਕਰਨ ਸਮੇਂ ਡਿਸਟ੍ਰਿਕ ਵਾਲੇ ਸ਼ਿਕਾਇਤ ਸਬੰਧੀ ਕਾਰਵਾਈ ਕਰਨ ਦੇ ਇਕਸਾਰ ਤਰੀਕੇ ਅਪਣਾਉਣ।(5 ਸੀ ਸੀ ਆਰ 4610)

ਬਾਲਗ ਸਿਖਿਆ ਦੇ ਪ੍ਰੋਗਰਾਮਾਂ, ਕੰਨਸੌਲੀਡੇਟਡ ਮਦਦਗਾਰੀ ਪ੍ਰੋਗਰਾਮਾਂ, ਮਾਈਗ੍ਰੈਂਟ ਐਜੂਕੇਸ਼ਨ, ਕਰੀਅਰ(ਨੌਕਰੀ ਸਬੰਧੀ) ਟਕਨੀਕੀ ਐਜੂਕੇਸ਼ਨ ਅਤੇ ਟੈਕਨੀਕਲ ਐਜੂਕੇਸ਼ਨ, ਅਤੇ ਟੈਕਨੀਕਲ ਟਰੇਨਿੰਗ ਪ੍ਰੋਗਰਾਮਾਂ, ਚਾਈਲਡ ਕੇਅਰ ਅਤੇ ਡਵੈਲਪਮੈਂਟਲ(ਵਿਕਾਸੀ) ਪ੍ਰੋਗਰਾਮਾਂ, ਚਾਈਲਡ ਕੇਅਰ ਅਤੇ ਵਧੱਨ-ਫੁਲਣ ਸਬੰਧੀ ਪ੍ਰੋਗਰਾਮਾਂ, ਚਾਈਲਡ ਨਿਯੂਟਰੀਸ਼ਨ ਪ੍ਰੋਗਰਾਮਾਂ ਅਤੇ ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮਾਂ ਵਿੱਚ ਜੇਕਰ ਸਟੇਟ ਅਤੇ ਫੈਡਰਲ ਲਾਅਜ਼ ਦੀ ਉਲੰਘਣਾ ਕੀਤੀ ਗਈ ਹੋਵੇ ਅਤੇ ਇਸਦੇ ਬਰਖਲਾਫ ਸ਼ਿਕਾਇਤ ਦਰਜ ਕੀਤੀ ਗਈ ਹੈ ਤਾਂ ਇਸ ਨੂੰ ਸੰਬੋਧਨ ਕਰਨ ਲਈ ਸ਼ਿਕਾਇਤ ਸਬੰਧੀ ਕਾਰਵਾਈ ਕਰਨ ਲਈ ਇੱਕਸੂਰਤਾ ਵਾਲੀ ਕਾਰਜ-ਪ੍ਰਨਾਲੀ ਇਸਤੇਮਾਲ ਕੀਤੇ ਜਾਵੇ। (5 ਸੀ ਸੀ ਆਰ 4610)

ਜਿਨ੍ਹਾਂ ਸ਼ਿਕਾਇਤਾਂ ਦਾ ਸਬੰਧ ਟੈਕਸਟ ਕਿਤਾਬ, ਜਾਂ ਪੜ੍ਹਾਈ ਸਬੰਧੀ ਸਾਮਾਨ ਦੀ ਘਾਟ ਨਾਲ ਹੈ , ਜਾਂ ਉਸਦਾ ਸਬੰਧ ਫਸਿਲਟੀਆਂ ਦੀ ਹਾਲਤ ਨਾਲ ਹੈ ਜੋ ਕਿ ਖਰਾਬ ਹੋਣ ਕਾਰਣ ਵਿੱਦਿਆਰਥੀਆਂ ਅਤੇ ਸਟਾਫ ਦੀ ਸਿਹਤ ਜਾਂ ਸੁਰੱਖਿਆ ਲਈ ਖਤਰਾ ਪੈਦਾ ਕਰ ਰਹੀਆਂ ਹਨ, ਜਾਂ ਟੀਚਰਾਂ ਨੂੰ ਗਲਤ ਪੁਜ਼ੀਸ਼ਨਾਂ ਦਿਤੀਆਂ ਹੋਈਆਂ ਹਨ, ਜਾਂ ਟੀਚਰਾਂ ਨੂੰ ਉਹ ਵਿਸ਼ੇ ਪੜ੍ਹਾਉਨ ਲਈ ਲਗਾਇਆ ਹੋਇਆ ਹੈ ਜਿਸਦੇ ਲਈ ਉਹ ਟ੍ਰੇਨਡ ਨਹੀਂ ਹਨ ਤਾਂ ਇਨ੍ਹਾਂ ਦੇ ਬਰਖਲਾਫ ਮਿਲੀਆਂ ਸ਼ਿਕਾਇਤਾਂ ਨਾਲ ਨਜਿਠਨ ਲਈ ਨਿਜਿਠਨ ਵਾਲੀ ਡਿਸਟ੍ਰਿਕ ਦੀ ਵਿਲਿਅਮਜ਼ ਵਾਲੀ ਇਕਸੂਰਤਾ ਦੀ ਕਾਰਜ-ਪ੍ਰਨਾਲੀ ਇਸਤੇਮਾਲ ਕੀਤੀ ਜਾਵੇ। (ਏ ਆਰ1312 .4)

ਜਦ ਕਦੇ ਵੀ ਮੁਮਕਿਨ ਹੋ ਸਕਦਾ ਹੈ ਬੋਰਡ ਵਾਲੇ ਚਾਹੁੰਦੇ ਹਨ ਕਿ ਸਕੂਲਾਂ ਨਾਲ ਸਬੰਧਿਤ ਸ਼ਿਕਾਇਤਾਂ ਦਾ ਹੱਲ ਲੱਭਣ ਲਈ ਪਹਿਲਾਂ ਸਕੂਲ ਖੁਦ ਹੀ ਗੈਰ ਰਸਮੀ ਢੰਗ ਨਾਲ ਨਜਿਠਣ ਦੀ ਕੋਸ਼ਿਸ਼ ਕਰੇ।

ਬੋਰਡ ਹਰੇਕ ਦੀ ਪ੍ਰਾਈਵੇਸੀ(ਗੁਪਤ ਰਖਣ) ਦੇ ਨਿਜੀ ਹੱਕ ਦਾ ਆਦਰ ਕਰਨ ਵਿੱਚ ਵਿਸ਼ਵਾਸ ਰਖਦਾ ਅਤੇ ਪ੍ਰਵਾਨ ਕਰਦਾ ਹੈ। ਵਿਤਕਰੇ ਸਬੰਧਿਤ ਸ਼ਿਕਾਇਤਾਂ ਦੀ ਜਾਂਚ ਇਸ ਢੰਗ ਨਾਲ ਹੋਵੇ ਕਿ ਦੋਨਾਂ ਪਾਰਟੀਆਂ ਦੇ ਭਰੋਸੇ ਨੂੰ ਠੇਸ ਨਾ ਲਗੇ ਅਤੇ ਕਾਰਵਾਈ ਵੀ ਨਿਰਪਖ ਹੋਣੀ ਚਾਹੀਦੀ ਹੈ। ਇਸ ਕਾਰਣ ਸ਼ਿਕਾਇਤ ਕਰਨ ਵਾਲੇ ਦੀ ਪਛਾਣ ਗੁਪਤ ਰਖੀ ਜਾਵੇ, ਸਿਵਾਏ ਏਸ ਦੇ ਕਿ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਵੱਖ-ਵੱਖ ਕੇਸ ਦੇ ਹਾਲਾਤਾਂ ਅਨੁਸਾਰ ਜੋ ਉਸ ਕੇਸ ਦੀ ਛਾਣ-ਬੀਣ ਜਾਂ ਕਾਰਵਾਈ ਲਈ ਸਹੀ ਅਤੇ ਜਾਇਜ਼ ਸਮਝਣ ਤਾਂ ਉਹ ਉਸਦੇ ਮੁਤਾਬਕ ਸ਼ਿਕਾਇਤ ਕਰਨ ਵਾਲੇ ਦੀ ਪਛਾਣ ਨੂੰ ਗੁਪਤ ਰਖਣ ਜਾਂ ਨਾ ਰਖਣ ਬਾਰੇ ਫੈਸਲਾ ਕਰ ਸਕਦੇ ਹਨ।

ਸ਼ਿਕਾਇਤ ਨਾਲ ਨਜਿਠਣ ਲਈ ਜੋ ਕਾਰਵਾਈ ਕੀਤੀ ਜਾ ਰਹੀ ਹੈ ਤਾਂ ਬੋਰਡ ਵਾਲਿਆਂ ਦੇ ਅਦੇਸ਼ਾਂ ਅਨੁਸਾਰ ਸ਼ਿਕਾਇਤ ਕਰਨ ਵਾਲੇ ਤੋਂ ਬਦਲਾ ਲੈਣਾ ਮਨਾਹ ਹੈ, ਜਿਸ ਵਿੱਚ ਇਹ ਸੱਭ ਸ਼ਾਮਿਲ ਤਾਂ ਹਨ ਪਰ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ ਸ਼ਿਕਾਇਤ ਦਰਜ ਕਰਵਾਉਣ ਵਾਲੇ ਵਲੋਂ ਸ਼ਿਕਾਇਤ ਦਰਜ ਕਰਵਾਉਣੀ, ਜਾਂ ਵਿਤਕਰੇ ਦੇ ਹਾਦਸੇ ਬਾਰੇ ਰਿਪੋਰਟ ਕਰਨਾ। ਇੰਝ ਹਿੱਸਾ ਲੈਣ ਕਾਰਣ ਸ਼ਿਕਾਇਤ ਕਰਨ ਵਾਲੇ ਦੇ ਗ੍ਰੇਡਾਂ, ਔਹਦੇ, ਅਤੇ ਜਾਂ ਕੰਮ ਦੀਆਂ ਅਸਾਈਨਮੈਂਟਾਂ ਤੇ ਕੋਈ ਅਸਰ ਨਹੀਂ ਪਵੇਗਾ।

ਬੋਰਡ ਵਾਲੇ ਮਹਿਸੂਸ ਕਰਦੇ ਹਨ ਕਿ ਆਮ ਤੌਰ ਤੇ ਝੱਗੜੇ ਨਾਲ ਨਜਠਿਨ ਲਈ ਕਈ ਵਾਰੀ ਇਕ ਨਿਯੂਟਰਲ ਸਾਲਸੀ ਸਮਝੌਤੇ ਦਾ ਸੁਝਾਉ ਦੇ ਸਕਦਾ ਹੈ ਜੋ ਝਗੜੇ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਪਾਰਟੀਆਂ ਨੂੰ ਮਨਜ਼ੂਰ ਹੁੰਦਾ ਹੈ। ਇਕਸੂਰਤਾ ਨਾਲ ਸ਼ਿਕਾਇਤਾਂ ਨਾਲ ਨਜਿਠਣ ਦੀ ਕਾਰਜ-ਪ੍ਰਨਾਲੀ ਅਨੁਸਾਰ, ਜਦ ਕਦੇ ਵੀ ਸਾਰੀਆਂ ਪਾਰਟੀਆਂ ਸਾਲਸੀ ਰਾਹੀਂ ਸਮੱਸਿਆ ਦਾ ਨਿਪਟਾਰਾ ਕਰਨ ਲਈ ਸਹਿਮਤ ਹੋ ਜਾਂਦੀਆਂ ਹਨ ਤਾਂ ਕਾਰਵਾਈ ਦੀ ਸ਼ੁਰੂਆਤ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕਰਵਾਏਗੀ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਨੂੰ ਯਕੀਨੀ ਬਣਾਉਨਗੇ ਕਿ ਇਸਦੇ ਨਤੀਜੇ ਸਟੇਟ ਅਤੇ ਫੈਡਰਲ ਲਾਅਜ਼ ਅਤੇ ਰੈਗੁਲੇਸ਼ਨਾਂ ਦੇ ਨਾਲ ਮੇਲ ਖਾਂਦੇ ਹੋਣ।

**ਸ਼ਿਕਾਇਤ ਸਬੰਧੀ ਕਾਰਵਾਈ ਕਰਨ ਦੇ ਇੱਕਸਾਰ ਤੱਰੀਕੇ (ਯੁਨੀਫੌਰਮ ਕੱਮਪਲੇਂਟ ਪ੍ਰੋਸੀਜਰਜ਼) - ਏ ਆਰ 1312 .3 (26 ਅਗਸਤ, 2008 ਨੂੰ ਪ੍ਰਵਾਣਿਤ ਕੀਤੀ ਗਈ)**

**ਕੱਮਪਲਾਇੰਸ ਅਫਸਰ**

ਗਵਰਨਿੰਗ ਬੋਰਡ ਹੇਠ ਲਿਖਿਆਂ ਨੂੰ ਕੱਮਪਲਾਇੰਸ ਅਫਸਰ ਨਿਸ਼ਚਿਤ ਕਰਦੇ ਹਨ ਤਾਂਕਿ ਉਹ ਸ਼ਿਕਾਇਤਾਂ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਸ਼ਿਕਾਇਤਾਂ ਦੀ ਜਾਂਚ-ਪੜਤਾਲ ਕਰ ਸਕਣ ਅਤੇ ਉਹ ਇਸ ਗਲ ਨੂੰ ਯਕੀਨੀ ਬਣਾਉਂਦੇ ਹਨ ਕਿ ਡਿਸਟ੍ਰਿਕ ਵਲੋਂ ਕਾਰਵਾਈ ਕਨੂੰਨੀ ਦਾਇਰੇ ਦੇ ਅੰਦਰ ਕੀਤੀ ਜਾਵੇ।

ਅਸਿਟੈਂਟ ਸੁਪਰਿਨਟੈਂਡੈਂਟ ਔਫ ਹਿਉਮਨ ਰਿਸੋਰਜ਼
750 ਪਲੋਰਾ ਐਵਿਨਿਉ, ਯੂਬਾ ਸਿਟੀ, ਕੈਲੀਫੋਰਨੀਆ 95991
(530) 822-7630

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਨੂੰ ਯਕੀਨੀ ਬਣਾਉਂਦੀ ਹੈ ਕਿ ਜਿਨ੍ਹਾਂ ਕਰਮਚਾਰੀਆਂ ਨੂੰ ਸ਼ਿਕਾਇਤਾਂ ਦੀ ਜਾਂਚ-ਪੜਤਾਲ ਕਰਨ ਲਈ ਨਿਸ਼ਚਿਤ ਕੀਤਾ ਹੈ ਅਤੇ ਜਿਸ ਕੰਮ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ ਉਹ ਕਰਮਚਾਰੀ ਉਸਦੇ ਪ੍ਰੋਗਰਾਮਾਂ ਅਤੇ ਲਾਅਜ਼ ਬਾਰੇ ਪੂਰੀ ਤਰ੍ਹਾਂ ਗਿਆਨਵਾਨ ਹੈ। ਨਿਯੁਕਤ ਕੀਤੀਆਂ ਗਈਆਂ ਸ਼ਖਸੀਅਤਾਂ ਨੂੰ ਲੀਗਲ ਕਉਂਸਲ ਨਾਲ ਸੰਪਰਕ ਕਰਨ ਦੀ ਇਜਾਜ਼ਤ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਤੇ ਨਿਰਭਰ ਹੈ।

**ਨੋਟੀਫਿਕੇਸ਼ਨਾਂ(ਸੂਚਨਾਪੱਤਰ ਭੇਜਣੇ)**

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹਰੇਕ ਸਾਲ ਵਿੱਦਿਆਰਥੀਆਂ, ਕਰਮਚਾਰੀਆਂ, ਮਾਪਿਆਂ/ਗਾਰਡੀਅਨਾਂ, ਡਿਸਟ੍ਰਿਕ ਦੀ ਸਲਾਹਕਾਰ ਕਮੇਟੀ, ਸਕੂਲ ਦੀ ਸਲਾਹਕਾਰ ਕਮੇਟੀ, ਸਕੂਲ ਦੇ ਢੁੱਕਵੇਂ ਕਰਮਚਾਰੀਆਂ ਜਾਂ ਉਨ੍ਹਾਂ ਦੇ ਪ੍ਰਤੀਨਿਧੀਆਂ, ਅਤੇ ਦੂਜੀਆਂ ਦਿਲਚਸਪੀ ਰਖਣ ਵਾਲੀਆਂ ਪਾਰਟੀਆਂ ਨੂੰ ਸ਼ਿਕਾਇਤ ਸਬੰਧੀ ਡਿਸਟ੍ਰਿਕ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਸਬੰਧਿਤ ਇਕਸਾਰ ਕਾਰਜਪ੍ਰਣਾਲੀ ਬਾਰੇ ਲਿਖਤੀ ਸੂਚਨਾਪੱਤਰ ਭੇਜਣ।(5 ਸੀ ਸੀ ਆਰ 4622)

ਸ਼ਿਕਾਇਤ ਸਬੰਧੀ ਡਿਸਟ੍ਰਿਕ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਸਬੰਧਿਤ ਇਕਸਾਰ ਕਾਰਜਪ੍ਰਣਾਲੀ ਦੀਆਂ ਫਰੀ ਕੌਪੀਆਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਉਪਲਬਧ ਕਰਵਾਉਂਦੀ ਹੈ।(5 ਸੀ ਸੀ ਆਰ 4622)

ਨੋਟਿਸ ਵਿੱਚ ਹੇਠ ਲਿਖੀਆਂ ਗਲਾਂ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ:

1. ਸ਼ਿਕਾਇਤ ਪ੍ਰਾਪਤ ਕਰਨ ਵਾਲੀਆਂ ਸ਼ਖਸੀਅਤਾਂ, ਪੁਜ਼ੀਸ਼ਨ, ਜਾਂ ਯੂਨਿਟਾਂ ਦੀ ਪਛਾਣ ਕੀਤੀ ਜਾਵੇ।

2. ਜੇ ਲਾਗੂ ਹੁੰਦਾ ਹੈ ਤਾਂ ਸ਼ਿਕਾਇਤ ਕਰਨ ਵਾਲੇ ਨੂੰ ਸਟੇਟ ਜਾਂ ਫੈਡਰਲ ਦੇ ਵਿਤਕਰੇ ਸਬੰਧੀ ਕਨੂੰਨ ਤਹਿਤ ਸਿਵਿਲ ਲਾਅ ਉਪਾ ਜੋ ਉਸ ਲਈ ਉਪਲਬਧ ਹਨ ਬਾਰੇ ਸਲਾਹ ਦਿੱਤੀ ਜਾਵੇ।

3. ਐਜੂਕੇਸ਼ਨ ਕੋਡ 262.3 ਅਨੁਸਾਰ ਸ਼ਿਕਾਇਤ ਕਰਨ ਵਾਲੇ ਨੂੰ ਅਪੀਲ ਕਰਨ ਦੀ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਜਾਵੇ, ਇਸਤੋਂ ਇਲਾਵਾ ਸ਼ਿਕਾਇਤ ਕਰਨ ਵਾਲੇ ਨੂੰ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੰ ਸਿਧੀ ਸ਼ਿਕਾਇਤ ਕਰਨ ਦੇ ਹੱਕ ਬਾਰੇ ਵੀ ਦਸਿਆ ਜਾਵੇ, ਜਾਂ ਸਿਵਿਲ ਕੋਰਟ ਜਾਂ ਦੂਜੀਆਂ ਪਬਲਿਕ ਏਜੰਸੀਆਂ ਰਾਹੀਂ ਉਪਾ ਲਭਣ ਦੇ ਹੱਕ ਬਾਰੇ ਦਸਿਆ ਜਾਵੇ।

4. ਉਸ ਵਿੱਚ ਇਹ ਬਿਆਨ ਸ਼ਾਮਿਲ ਕਰੋ ਜਿਨ੍ਹਾਂ ਵਿੱਚ ਲਿਖੋ:

   ਏ. ਸਟੇਟ ਅਤੇ ਫੈਡਰਲ ਦੇ ਲਾਜ਼ ਅਤੇ ਕਾਰਜਪ੍ਰਣਾਲੀ ਦੀ ਆਗਿਆ ਦੀ ਤਮੀਲ ਕਰਨ ਦੀ ਪ੍ਰਮੁਖ ਜ਼ਿੰਮੇਵਾਰੀ ਡਿਸਟ੍ਰਿਕ ਦੀ ਹੈ।

   ਬੀ. ਸ਼ਿਕਾਇਤ ਦੀ ਪ੍ਰਾਪਤੀ ਦੇ 60 ਕਲੰਡਰ ਦਿਨਾਂ ਦੇ ਅੰਦਰ-ਅੰਦਰ ਸ਼ਿਕਾਇਤ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਸਿਵਾਏ ਇਸਦੇ ਕਿ ਸ਼ਿਕਾਇਤ ਕਰਨ ਵਾਲੇ ਸਮੇਂ ਰੇਖਾ ਵਿੱਚ ਵ੍ਰਿਧੀ ਕਰਨ ਲਈ ਲਿਖਤੀ ਸਹਿਮਤੀ ਦਿਤੀ ਹੈ।

   ਸੀ. ਜਿਸ ਸ਼ਿਕਾਇਤ ਦਾ ਸਬੰਧ ਗੈਰ ਕਨੂੰਨੀ ਵਿਤਕਰੇ ਨਾਲ ਹੈ ਤਾਂ ਵਿਤਕਰਾ ਕੀਤੇ ਜਾਣ ਦੇ ਛੇ ਮਹੀਨਿਆਂ ਦੇ ਵਿੱਚ -ਵਿੱਚ ਹੀ ਉਸਦੇ ਬਰਖਲਾਫ ਸ਼ਿਕਾਇਤ ਦਰਜ ਕੀਤੀ ਜਾਣੀ ਚਾਹੀਦੀ ਹੈ ਜਾਂ ਸ਼ਿਕਾਇਤ ਕਰਨ ਵਾਲੇ ਨੂੰ ਜਦੋਂ ਪਹਿਲੀ ਵਾਰ ਵਿਤਕਰੇ ਦੇ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਉਸ ਤਰੀਖ ਤੋਂ ਛੇ ਮਹੀਨਿਆਂ ਦੇ ਵਿੱਚ-ਵਿੱਚ ਵਿਤਕਰੇ ਦੇ ਬਰਖਲਾਫ ਸ਼ਿਕਾਇਤ ਕਰੇ।

   ਡੀ. ਸ਼ਿਕਾਇਤ ਕਰਨ ਵਾਲੇ ਨੂੰ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਡਿਸਟ੍ਰਿਕ ਦੇ ਫੈਸਲੇ ਦੇ ਬਰਖਲਾਫ ਅਪੀਲ ਕਰਨ ਦਾ ਹੱਕ ਹੈ, ਇਹ ਅਪੀਲ ਫੈਸਲੇ ਦੀ ਪ੍ਰਾਪਤੀ ਤੋਂ ਪੰਦਰਾਂ ਦਿਨਾਂ ਦੇ ਵਿੱਚ-ਵਿੱਚ ਲਿਖਤੀ ਰੂਪ ਵਿੱਚ ਕੀਤੀ ਜਾਣੀ ਚਾਹੀਦੀ ਹੈ।

   ਈ. ਕੈਲੀਫੋਰਨੀਆ ਡਿਪਾਰਟਮੈਨਟ ਔਫ ਐਜੂਕੇਸ਼ਨ ਨੂੰ ਕੀਤੀ ਗਈ ਅਪੀਲ ਵਿੱਚ ਡਿਸਟ੍ਰਿਕ ਨੂੰ ਕੀਤੀ ਗਈ ਸ਼ਿਕਾਇਤ ਦੀ ਕੌਪੀ ਅਤੇ ਉਨ੍ਹਾਂ ਵਲੋਂ ਦਿੱਤੇ ਗਏ ਫੈਸਲੇ ਦੀ ਕੌਪੀ ਵੀ ਸ਼ਾਮਿਲ ਕਰੋ।

**ਪ੍ਰੋਸੀਜਰਜ਼(ਕਾਰਵਾਈ ਕਰਨ ਦੇ ਤਰੀਕੇ)**

ਸਾਰੀਆਂ ਸ਼ਿਕਾਇਤਾਂ, ਜੋ ਆਰੋਪ ਲਗਾਉਂਦੀਆਂ ਹਨ ਕਿ ਡਿਸਟ੍ਰਿਕ ਨੇ ਫੈਡਰੱਲ ਜਾਂ ਸਟੇਟ, ਜਾਂ ਸਿਖਿਅਕ ਪ੍ਰੋਗਰਾਮਾਂ ਨੂੰ ਚਲਾਉਣ ਵਾਲੀਆਂ ਰੈਗੁਲੇਸ਼ਨਾਂ ਅਤੇ ਕਨੂੰਨਾਂ ਦੀ ਉਲੰਘਣਾ ਕੀਤੀ ਹੈ, ਉਨ੍ਹਾਂ ਸ਼ਿਕਾਇਤਾਂ ਨੂੰ ਸੰਬੋਧਨ ਕਰਨ ਲਈ ਹੇਠ ਲਿਖੀਆਂ ਕਾਰਵਾਈਆਂ ਕੀਤੀਆਂ ਜਾਣ ਗੀਆਂ। ਸੰਮਤੀ (ਕੰਮਪਲਾਇੰਸ) ਅਫਸਰ ਹਰ ਸ਼ਿਕਾਇਤ ਅਤੇ ਉਸ ਨਾਲ ਸੰਬੰਧਿਤ ਕਾਰਵਾਈਆਂ ਦੇ ਰਿਕੌਰਡ ਰੱਖਣਗੇ, ਇਸ ਵਿੱਚ ਉਹ ਸਾਰੀ ਜਾਣਕਾਰੀ ਭੀ ਸ਼ਾਮਿਲ ਹੋਣੀ ਚਾਹੀਦੀ ਹੈ ਜੋ ਕੋਡ ਔਫ ਰੈਗੁਲੇਸ਼ਨਜ਼, ਟਾਈਟੱਲ 5 ਸੀ ਸੀ ਆਰ ਸੈਕਸ਼ਨ 4631 ਅਤੇ 4633 ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

ਜਦੋਂ ਸ਼ਿਕਾਇਤ ਦਰਜ ਕੀਤੀ ਜਾਂਦੀ ਹੈ, ਸ਼ਿਕਾਇਤ ਸੰਬੰਧੀ ਮੀਟਿੰਗ ਜਾਂ ਸੁਨਵਾਈ ਮਿਥੀ ਜਾਂਦੀ ਹੈ, ਅਤੇ ਜਦੋਂ ਫੈਸਲਾ ਜਾਂ ਦੰਡ ਅਦੇਸ਼ ਦਿੱਤਾ ਜਾਂਦਾ ਹੈ ਤਾਂ ਆਰੋਪ ਨਾਲ ਸੰਬੰਧਿਤ ਸਾਰੀਆਂ ਪਾਰਟੀਆਂ ਨੂੰ ਸੂਚਨਾ ਭੇਜੀ ਜਾਣੀ ਚਾਹੀਦੀ ਹੈ।

**ਸ਼ਿਕਾਇਤ ਦਰਜ ਕਰਨੀ: ਪਹਿਲੀ ਪੌੜੀ (ਸਟੈਪ 1)**

ਡਿਸਟ੍ਰਿਕ ਦੀ ਨਾਫਰਮਾਬਰਦਾਰੀ ਦੇ ਆਰੋਪ ਦੇ ਸੰਬੰਧ ਵਿੱਚ ਹਰੇਕ ਵਿਅਕਤੀ, ਪਬਲਿਕ ਏਜੰਸੀ ਜਾਂ ਸੰਸਥਾ ਲਿਖਤੀ ਸ਼ਿਕਾਇਤ ਦਰਜ ਕਰ ਸਕਦੀ ਹੈ। (5 ਸੀ ਸੀ ਆਰ 4630)

ਸ਼ਿਕਾਇਤਾਂ ਜਿਨ੍ਹਾਂ ਦਾ ਸੰਬੰਧ ਗੈਰ ਕਨੂੰਨੀ ਵਿਤਕਰੇ ਨਾਲ ਹੈ, ਦਰਜ ਕੀਤੀਆਂ ਜਾ ਸਕਦੀਆਂ ਹਨ, ਸ਼ਿਕਾਇਤਾਂ ਅਗੇ ਲਿਖਿਆਂ ਵਲੋਂ ਦਰਜ ਕੀਤੀਆਂ ਜਾ ਸਕਦੀਆਂ ਹਨ: ਉਸ ਸ਼ਖਸ ਵਲੋਂ ਜਿਹੜਾ ਤੋਹਮਤ ਲਾਉਂਦਾ ਹੈ ਕਿ ਉਸਨੇ ਨਿਜੀ ਤੌਰ ਤੇ ਗੈਰ ਕਨੂੰਨੀ ਵਿਤਕਰਾ ਝੱਲਿਆ ਹੈ, ਜਾਂ ਉਹ ਸ਼ਖਸ ਜਿਸ ਨੂੰ ਵਿਸ਼ਵਾਸ਼ ਹੈ ਕਿ ਦੂਜੇ ਵਿਅਕਤੀ ਜਾਂ ਕਿਸੀ ਖਾਸ ਸ਼ਰੇਣੀ ਦੇ ਵਿਅਕਤੀਆਂ ਨੂੰ ਯਕੀਨੀ ਤੌਰ ਤੇ ਗੈਰਕਨੂੰਨੀ ਵਿਤਕਰੇ ਦਾ ਸਾਮ੍ਹਣਾ ਕਰਨਾ ਪਿਆ ਹੈ। ਜਿਸ ਤਾਰੀਖ ਨੂੰ ਵਿਤਕਰਾ ਕੀਤਾ ਗਿਆ ਉਸ ਤਾਰੀਖ ਤੋਂ ਛੇ ਮਹੀਨਿਆਂ ਦੇ ਵਿੱਚ-ਵਿੱਚ ਸ਼ਿਕਾਇਤ ਦਰਜ ਕਰਵਾਉਣੀ ਲਾਜ਼ਮੀ ਹੈ, ਜਾਂ ਸ਼ਿਕਾਇਤ ਦਰਜ ਕਰਨ ਵਾਲੇ ਨੂੰ ਜਿਸ ਤਾਰੀਖ ਨੂੰ ਪਹਿਲੀ ਵਾਰ ਇਸ ਵਿਤਕਰੇ ਦੇ ਸਬੰਧ ਵਿੱਚ ਜਾਣਕਾਰੀ ਮਿਲੀ ਉਹਦੇ ਛੇ ਮਹੀਨੇ ਦੇ ਵਿੱਚ –ਵਿੱਚ ਸ਼ਿਕਾਇਤ ਦਰਜ ਕੀਤੀ ਜਾਵੇ। (5 ਸੀ ਸੀ ਆਰ 4630)

ਸ਼ਿਕਾਇਤ ਕਰਨ ਵਾਲੇ ਨੂੰ ਕੰਮਪਲਾਇੰਸ ਅਫਸਰ ਨਾਲ ਮਿਲਾਇਆ ਜਾਵੇਗਾ, ਜਿਹੜੇ ਸ਼ਿਕਾਇਤਾਂ ਦਾ ਬਿਉਰਾ ਲੌਗ ਵਿੱਚ ਰੱਖਣਗੇ। ਹਰੇਕ ਸ਼ਿਕਾਇਤ ਨੂੰ ਇੱਕ ਕੋਡ ਨੰਬਰ ਦਿੱਤਾ ਜਾਵੇਗਾ ਅਤੇ ਪ੍ਰਾਪਤੀ ਦੀ ਤਾਰੀਖ ਦੀ ਮੋਹਰ ਲਗਾਈ ਜਾਵੇਗੀ।

ਜੇਕਰ ਸ਼ਿਕਾਇਤ ਕਰਨ ਵਾਲਾ, ਅਨਪੜਤਾ, ਜਾਂ ਦੂਜੀਆਂ ਡਿਸਅਬਿਲਟੀਆਂ ਕਾਰਣ ਲਿਖਤੀ ਰੂਪ ਵਿੱਚ ਸ਼ਿਕਾਇਤ ਦਰਜ ਨਾ ਕਰ ਸਕੇ ਤਾਂ ਡਿਸਟ੍ਰਿਕ ਸਟਾਫ ਸ਼ਿਕਾਇਤ ਦਰਜ ਕਰਨ ਵਿੱਚ ਉਸਦੀ ਮਦਦ ਕਰਨਗੇ।(5 ਸੀ ਸੀ ਆਰ 4600)

**ਦੂਜੀ ਪੌੜੀ (ਸਟੈਪ 2): ਸਮਝੌਤਾ ਕਰਾਉਣਾ (ਮੀਡੀਏਸ਼ਨ)**

ਸ਼ਿਕਾਇਤ ਪ੍ਰਾਪਤੀ ਦੇ ਤਿਨ ਦਿਨਾਂ ਵਿੱਚ, ਕੰਮਪਲਾਇੰਸ ਅਫਸਰ ਗੈਰਰਸਮੀ ਤਰੀਕੇ ਨਾਲ ਸ਼ਿਕਾਇਤ ਕਰਨ ਵਾਲੇ ਨਾਲ ਮੀਡੀਏਸ਼ਨ ਦੇ ਸੰਬੰਧ ਵਿੱਚ ਵਿਚਾਰ ਵਟਾਂਦਰਾ ਕਰਨਗੇ। ਜੇਕਰ ਸ਼ਿਕਾਇਤ ਕਰਨ ਵਾਲੇ ਮੀਡੀਏਸ਼ਨ ਲਈ ਸਹਿਮਤ ਹੋਣ ਤਾਂ ਕੰਮਪਲਾਇੰਸ ਅਫਸਰ ਇਸ ਕਾਰਵਾਈ ਲਈ ਸਾਰੇ ਪ੍ਰਬੰਧ ਕਰਨਗੇ।

ਵਿਤਕਰੇ ਸੰਬੰਧੀ ਸ਼ਿਕਾਇਤ ਲਈ ਮੀਡੀਏਸ਼ਨ ਸ਼ੁਰੂ ਕਰਨ ਤੋਂ ਪਹਿਲਾਂ, ਕੰਮਪਲਾਇੰਸ ਅਫਸਰ ਇਸ ਗਲ ਨੂੰ ਯਕੀਨੀ ਬਣਾਉਂਦੇ ਹਨ ਕਿ ਸਾਰੀਆਂ ਪਾਰਟੀਆਂ ਮੀਡੀਏਟਰ ਨੂੰਪਾਰਟੀ ਮਨਣ ਲਈ ਸਹਿਮਤ ਹਨ ਅਤੇ ਸਾਰੀਆਂ ਪਾਰਟੀਆਂ ਦੀ ਸਹਿਮਤੀ ਨਾਲ ਮੀਡੀਏਟਰ ਨਾਲ ਗੁਪਤ ਜਾਣਕਾਰੀ ਸਾਂਝੀ ਕੀਤੀ ਜਾਵੇ।

ਜੇਕਰ ਮੀਡੀਏਸ਼ਨ ਦੀ ਕਾਰਵਾਈ ਸਮੱਸਿਆ ਦਾ ਨਿਪਟਾਰਾ ਕਨੂੰਨ ਦੇ ਦਾਇਰੇ ਅੰਦਰ ਰਹਿਕੇ ਨਾ ਕਰ ਸਕੇ, ਤਾਂ ਕੰਮਪਲਾਇੰਸ ਅਫਸਰ ਉਨ੍ਹਾਂ ਦੀ ਸ਼ਿਕਾਇਤ ਦੀ ਛਾਣਬੀਨ ਸ਼ੁਰੂ ਕਰ ਦੇਣਗੇ।

ਮੀਡੀਏਸ਼ਨ ਕਰਨ ਦਾ ਸਮਾਂ, ਡਿਸਟ੍ਰਿਕ ਵਲੋਂ ਸ਼ਿਕਾਇਤ ਸੰਬੰਧੀ ਛਾਣਬੀਨ ਅਤੇ ਨਿਪਟਾਰੇ ਲਈ ਮਿਥੇ ਸਮੇਂ ਦੀ ਰੂਪ-ਰੇਖਾ ਤੋਂ ਵੱਧ ਨਹੀਂ ਹੋ ਸਕਦਾ, ਸਿਵਾਏ ਇਸ ਦੇ ਕਿ ਸ਼ਿਕਾਇਤ ਕਰਨ ਵਾਲੇ ਇਸ ਵਾਧੂ ਸਮੇਂ ਲਈ ਸਹਿਮਤ ਹੋ ਜਾਣ। (5ਸੀ ਸੀ ਆਰ 4631)

**ਤੀਜੀ ਪੌੜੀ (ਸਟੈਪ 3): ਸ਼ਿਕਾਇਤ ਸੰਬੰਧੀ ਛਾਣਬੀਨ ਕਰਨੀ**

ਸ਼ਿਕਾਇਤ ਪ੍ਰਾਪਤੀ ਜਾਂ ਮੀਡੀਏਟ ਕਰਨ ਦੀ ਨਾਕਾਮਯਾਬ ਕੋਸ਼ਿਸ਼ ਦੇ ਪੰਜ ਦਿਨਾਂ ਵਿੱਚ , ਕੰਮਪਲਾਇੰਸ ਅਫਸਰ ਛਾਣਬੀਨ ਕਰਨ ਸੰਬੰਧੀ ਮੀਟਿੰਗ ਕਰਨਗੇ। ਇਹ ਮੀਟਿੰਗ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਜਾਂ ਉਨ੍ਹਾਂ ਦੇ ਪ੍ਰਤੀਨਿਧ ਨੂੰ ਮੂੰਹ ਜ਼ਬਾਨੀ ਅਪਣੀ ਸ਼ਿਕਾਇਤ ਦੁਬਾਰਾ ਦਸਣ ਦਾ ਮੌਕਾ ਪ੍ਰਦਾਨ ਕਰੇਗੀ।

ਸ਼ਿਕਾਇਤ ਕਰਨ ਵਾਲੀ ਸ਼ਖਸੀਅਤ, ਉਨ੍ਹਾਂ ਦੇ ਪ੍ਰਤੀਨਿਧ ਅਤੇ ਡਿਸਟ੍ਰਿਕ ਦੇ ਪ੍ਰਤੀਨਿਧੀਆਂ ਨੂੰ ਸ਼ਿਕਾਇਤ ਸੰਬੰਧੀ ਜਾਣਕਰੀ ਪੇਸ਼ ਕਰਨ ਦਾ ਮੌਕਾ ਮਿਲੇਗਾ। ਝੱਗੜੇ ਸੰਬੰਧੀ ਪਾਰਟੀਆਂ ਸ਼ਿਕਾਇਤ ਬਾਰੇ ਵਿਚਾਰ ਵਟਾਂਦਰਾ, ਅਤੇ ਉਸ ਨਾਲ ਜੁੜੇ ਸਵਾਲ ਜਵਾਬ ਇਕ ਦੂਜੇ ਜਾਂ ਉਨ੍ਹਾਂ ਦੇ ਗਵਾਹਾਂ ਤੋਂ ਪੁਛਣ ਦਾ ਮੌਕਾ ਦਿੱਤਾ ਜਾਂਦਾ ਹੈ। (5ਸੀ ਸੀ ਆਰ 4631)

ਜੇਕਰ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਜਾਂ ਉਸ ਦੇ ਪ੍ਰਤੀਨਿਧੀ ਸ਼ਿਕਾਇਤ ਸਬੰਧੀ ਕਾਗਜ਼ਾਤ ਜਾਂ ਦੂਜੇ ਸਬੂਤ ਡਿਸਟ੍ਰਿਕ ਵਲੋਂ ਛਾਣ-ਬੀਣ ਕਰਨ ਵਾਲਿਆਂ ਨੂੰ ਨਾ ਦੇਵੇ ਜਾਂ ਛਾਣ ਬੀਣ ਦੌਰਾਨ ਕੋਈ ਰੁਕਾਵਟ ਪਾਵੇ ਜਾਂ ਪਾਉਣ ਦੀ ਕੋਸ਼ਿਸ਼ ਕਰੇ ਜਾਂ ਉਨ੍ਹਾਂ ਵਲੋਂ ਹਿੱਸਾ ਲੈਣ ਕਾਰਣ ਕੋਈ ਰੁਕਾਵਟ ਪਵੇ ਤਾਂ ਪੂਰੇ ਸਬੂਤ ਨਾ ਹੋਣ ਕਾਰਣ ਸ਼ਿਕਾਇਤ ਖਾਰਜ ਵੀ ਕੀਤੀ ਜਾ ਸਕਦੀ ਹੈ।(5ਸੀ ਸੀ ਆਰ 4631)

ਜਿਸ ਇਲਜ਼ਾਮ ਲਈ ਸ਼ਿਕਾਇਤ ਦਰਜ ਕੀਤੀ ਗਈ ਹੈ ਜੇਕਰ ਡਿਸਟ੍ਰਿਕ ਵਲੋਂ ਉਸ ਸ਼ਿਕਾਇਤ ਦੀ ਛਾਣ-ਬੀਨ ਕਰਨ ਵਾਲੀ ਸ਼ਖਸੀਅਤ ਨੂੰ ਇਲਜ਼ਾਮ ਸਬੰਧੀ ਰਿਕੌਰਡਾਂ ਦੇ ਕਾਗਜ਼ਾਤ ਜਾਂ ਜਾਣਕਾਰੀ ਉਪਲਬਧ ਕਰਵਾਉਣ ਲਈ ਮਨਾਹੀ ਕੀਤੀ ਜਾਂਦੀ ਹੈ, ਜਾਂ ਛਾਣ-ਬੀਨ ਦੌਰਾਨ ਸਹਿਯੋਗ ਨਾ ਦੇਣ, ਜਾਂ ਰੁਕਾਵਟ ਪਾਉਣ, ਅਤੇ ਉਲੰਘਣਾ ਦਾ ਸਬੂਤ ਮਿਲੇ ਤਾਂ ਉਸ ਸਬੂਤ ਦੇ ਅਧਾਰ ਤੇ ਉਸ ਨੂੰ ਸੁਧਾਰਣ ਲਈ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਦੇ ਪੱਖ ਵਿੱਚ ਫੈਸਲਾ ਕੀਤਾ ਜਾ ਸਕਦਾ ਹੈ।(5ਸੀ ਸੀ ਆਰ 4631)

**ਚੌਥੀ ਪੌੜੀ (ਸਟੈਪ 4): ਜਵਾਬ (ਰਿਸਪੌਂਸ)**

ਸ਼ਿਕਾਇਤ ਪ੍ਰਾਪਤੀ ਦੇ ਸੱਠ ਦਿਨਾਂ ਦੇ ਵਿੱਚ-ਵਿੱਚ, ਕੰਮਪਲਾਇੰਸ ਅਫਸਰ, ਹੇਠ ਲਿਖੇ ਸਟੈਪ 5 ਵਿੱਚ ਦਸੀ ਵਿਧੀ ਅਨੁਸਾਰ, ਡਿਸਟ੍ਰਿਕ ਦੇ ਫੈਸਲੇ ਅਤੇ ਛਾਣਬੀਨ ਦੀ ਲਿਖਤੀ ਰਿਪੋਰਟ ਤਿਆਰ ਕਰਕੇ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਨੂੰ ਭੇਜਣਗੇ। ਜੇਕਰ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਕੰਮਪਲਾਇੰਸ ਅਫਸਰ ਦੇ ਫੈਸਲੇ ਨਾਲ ਖੁਸ਼ ਨਹੀਂ ਹੈ ਤਾਂ ਉਹ ਪੰਜ ਦਿਨਾਂ ਦੇ ਵਿੱਚ-ਵਿੱਚ ਬੋਰਡ ਨੂੰ ਲਿਖਤੀ ਸ਼ਿਕਾਇਤ ਦਰਜ ਕਰ ਸਕਦੀ ਹੈ।(5ਸੀ ਸੀ ਆਰ 4631)

ਹੋ ਸਕਦਾ ਹੈ ਕਿ ਬੋਰਡ ਵਾਲੇ ਅਪਣੀ ਅਗਲੀ ਰੈਗੂਲਰ ਮੀਟਿੰਗ ਵਿੱਚ ਮਸਲੇ ਤੇ ਵਿਚਾਰ ਕਰਨ ਜਾਂ 60 ਦਿਨਾਂ ਦੀ ਸੀਮਾਰੇਖਾ ਪੂਰੀ ਕਰਨ ਲਈ ਇੱਕ ਖਾਸ ਮੀਟਿੰਗ ਅਯੋਜਿਤ ਕਰਨ ਕਿਉਂਕਿ 60 ਦਿਨਾਂ ਤੱਕ ਇਸ ਸ਼ਿਕਾਇਤ ਦਾ ਜਵਾਬ ਮਿਲਣਾ ਲਾਜ਼ਮੀ ਹੈ। ਹੋ ਸਕਦਾ ਹੈ ਕਿ ਬੋਰਡ ਵਾਲੇ ਸ਼ਿਕਾਇਤ ਨਾ ਸੁਣਨ, ਇਸ ਹਾਲਤ ਵਿੱਚ ਕੰਮਪਲਾਇੰਸ ਅਫਸਰ ਦਾ ਫੈਸਲਾ ਆਖਰੀ ਫੈਸਲਾ ਹੋਵੇਗਾ।

ਜੇਕਰ ਬੋਰਡ ਵਾਲੇ ਸ਼ਿਕਾਇਤ ਸੁਣਦੇ ਹਨ, ਤਾਂ ਕੰਮਪਲਾਇੰਸ ਅਫਸਰ ਬੋਰਡ ਦੇ ਫੈਸਲੇ ਬਾਰੇ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਨੂੰ ਬੋਰਡ ਵਲੋਂ ਸ਼ਿਕਾਇਤ ਪ੍ਰਾਪਤੀ ਦੇ 60 ਦਿਨਾਂ ਦੇ ਵਿੱਚ-ਵਿੱਚ ਬੋਰਡ ਦੇ ਫੈਸਲੇ ਬਾਰੇ ਦਸਣਗੇ, ਜਾਂ ਜਿਹੜਾ ਸਮਾਂ ਲਿਖਤੀ ਇਕਰਾਰਨਾਮੇ ਵਿੱਚ ਦਿੱਤਾ ਗਿਆ ਹੈ ਉਸ ਨਿਸ਼ਚਿਤ ਸਮੇਂ ਦੇ ਵਿੱਚ-ਵਿੱਚ ਜਾਣਕਾਰੀ ਦੇਣਗੇ।
(5 ਸੀ ਸੀ ਆਰ, ਸੈਕਸ਼ਨ 4631)

**ਪੰਜਵੀਂ ਪੌੜੀ (ਸਟੈਪ 5): ਆਖਰੀ ਲਿਖਤੀ ਫੈਸਲਾ**

ਡਿਸਟ੍ਰਿਕ ਦੇ ਫੈਸਲੇ ਦੀ ਰਿਪੋਰਟ ਅੰਗਰੇਜ਼ੀ ਵਿੱਚ ਲਿਖਕੇ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਨੂੰ ਭੇਜੀ ਜਾਵੇ।(5ਸੀ ਸੀ ਆਰ 4631)।

ਡਿਸਟ੍ਰਿਕ ਦਾ ਫੈਸਲਾ ਅੰਗਰੇਜ਼ੀ ਵਿੱਚ ਲਿਖਿਆ ਜਾਵੇ ਅਤੇ ਜਦ ਕਦੇ ਮੁਮਕਿਨ ਹੋ ਸਕੇ ਜਾਂ ਕਨੂੰਨੀ ਸ਼ਰਤ ਹੈ ਤਾਂ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਦੀ ਭਾਸ਼ਾ ਵਿੱਚ ਭੀ ਲਿਖਿਆ ਜਾਵੇ।

ਫੈਸਲੇ ਵਿੱਚ ਇਹ ਸਬ ਕੁਝ ਸ਼ਾਮਿਲ ਹੋਵੇਗਾ:

1. ਇਕੱਠੇ ਕੀਤੇ ਗਏ ਸਬੂਤਾਂ ਦੇ ਅਧਾਰ ਤੇ ਲੱਭੀ ਸਚਾਈ।(5ਸੀ ਸੀ ਆਰ 4631)

2. ਕਾਨੂੰਨੀ ਨਤੀਜੇ (5ਸੀ ਸੀ ਆਰ 4631)

3. ਸ਼ਿਕਾਇਤ ਦਾ ਨਿਪਟਾਰਾ।(5ਸੀ ਸੀ ਆਰ 4631)

4. ਇਸ ਨਿਪਟਾਰੇ ਦੀ ਤਰਕਪੂਰਨ ਵਿਆਖਿਆ।(5ਸੀ ਸੀ ਆਰ 4631)

5. ਠੀਕ ਕਰਨ ਸਬੰਧੀ ਜੋ ਕੁਝ ਕੀਤਾ ਗਿਆ, ਜੇਕਰ ਕਰਨ ਦੀ ਲੋੜ ਸੀ।(5ਸੀ ਸੀ ਆਰ 4631)

6. ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਨੂੰ ਜਾਣਕਾਰੀ ਦਿਤੀ ਜਾਵੇ ਕਿ ਉਹ ਫੈਸਲੇ ਦੇ ਬਰਖਲਾਫ 15 ਦਿਨਾਂ ਦੇ ਵਿੱਚ-ਵਿੱਚ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੁਕੇਸ਼ਨ ਨੂੰ ਅਪੀਲ ਕਰ ਸਕਦਾ/ਸਕਦੀ ਹੈ ਕਿਉਂਕਿ ਇਹ ਉਨ੍ਹਾਂ ਦਾ ਹੱਕ ਹੈ ਇਸ ਤੋਂ ਇਲਾਵਾ ਉਸ ਨੂੰ ਅਪੀਲ ਸ਼ੁਰੂ ਕਰਨ ਅਤੇ ਉਸ ਤੋ ਬਾਅਦ ਦੀ ਕਾਰਜਪ੍ਰਣਾਲੀ ਬਾਰੇ ਵੀ ਜਾਣਕਾਰੀ ਦਿਤੀ ਜਾਵੇ। (5 ਸੀ ਸੀ ਆਰ 4631)

7. ਜੇਕਰ ਸ਼ਿਕਾਇਤ ਦਾ ਸਬੰਧ ਵਿਤਕਰੇ ਨਾਲ ਹੈ, ਤਾਂ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਨੂੰ ਦੀਸਆ ਜਾਵੇ ਕਿ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਅਪੀਲ ਕਰਨ ਤੋਂ ਬਾਅਦ 60 ਦਿਨ ਇੰਤਜ਼ਾਰ ਕਰਨ ਅਤੇ ਉਸ ਤੋਂ ਬਾਅਦ ਸਿਵਿਲ ਲਾਅ ਦੀਆਂ ਕਾਰਵਾਈਆਂ ਸ਼ੁਰੂ ਕਰਨ। (ਐਜੂਕੇਸ਼ਨ ਕੋਡ 262.3)

ਜੇਕਰ ਸ਼ਿਕਾਇਤ ਕਾਰਣ ਕਰਮਚਾਰੀ ਦੇ ਬਰਖਲਾਫ ਡਿਸਿਪਲਿਨ ਸੰਬੰਧੀ ਕਾਰਵਾਈ ਕੀਤੀ ਜਾ ਰਹੀ ਹੈ, ਤਾਂ ਰਿਪੋਰਟ ਵਿੱਚ ਸਿਰਫ ਇਹ ਬਿਆਨ ਕੀਤਾ ਜਾਵੇ ਕਿ ਢੁੱਕਵੀਂ ਕਾਰਵਾਈ ਕੀਤੀ ਗਈ ਅਤੇ ਕਰਮਚਾਰੀ ਨੂੰ ਡਿਸਟ੍ਰਿਕ ਦੇ ਅਦੇਸ਼ਾਂ ਬਾਰੇ ਦੱਸਿਆ ਗਿਆ। ਰਿਪੋਰਟ ਵਿੱਚ ਡਿਸਿਪਲਿਨ ਸੰਬੰਧੀ ਕਾਰਵਾਈ ਦੀ ਤਰਤੀਬ ਬਾਰੇ ਵਾਧੂ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ।

**ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਅਪੀਲ ਕਰਨੀ**

ਡਿਸਟ੍ਰਿਕ ਦੇ ਫੈਸਲੇ ਤੋਂ ਨਾਖੁਸ਼ ਹੋਣ ਕਾਰਣ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਡਿਸਟ੍ਰਿਕ ਦੇ ਫੈਸਲੇ ਦੀ ਪ੍ਰਾਪਤੀ ਦੇ 15 ਦਿਨਾਂ ਦੇ ਵਿੱਚ-ਵਿੱਚ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਫੈਸਲੇ ਦੇ ਬਰਖਲਾਫ ਲਿਖਕੇ ਅਪੀਲ ਕਰ ਸਕਦੀ ਹੈ। ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਅਪੀਲ ਕਰਨ ਵੇਲੇ, ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਫੈਸਲੇ

ਦੇ ਬਰਖਲਾਫ ਅਪੀਲ ਕਰਨ ਦਾ ਕਾਰਣ ਦਸਣ, ਅਤੇ ਦਸਣ ਕਿ ਆਧਾਰ ਤੱਤ ਗਲਤ ਹਨ ਅਤੇ/ਜਾਂ ਗਲਤ ਕਨੂੰਨ ਲਾਗੂ ਕੀਤਾ ਗਿਆ। ਅਪੀਲ ਦੇ ਨਾਲ ਲੋਕਲੀ(ਸਥਾਨਿਕ) ਫਾਈਲ ਕੀਤੇ ਗਏ ਕਾਗਜ਼ਾਤ ਦੀ ਕੌਪੀ ਅਤੇ ਡਿਸਟ੍ਰਿਕ ਦੇ ਫੈਸਲੇ ਦੀ ਕੌਪੀ ਵੀ ਸ਼ਾਮਿਲ ਹੋਣੀ ਚਾਹੀਦੀ ਹੈ। (5 ਸੀ ਸੀ ਆਰ 4632)

ਜਦੋਂ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੋਟੀਫਿਕੇਸ਼ਨ(ਸੂਚਨਾਪੱਤਰ) ਭੇਜਦਾ ਹੈ ਡਿਸਟ੍ਰਿਕ ਦੇ ਫੈਸਲੇ ਦੇ ਬਰਖਲਾਫ ਸ਼ਿਕਾਇਤ ਕਰਨ ਵਾਲੀ ਸ਼ਖਸਿਅਤ ਨੇ ਉਨ੍ਹਾਂ ਕੋਲ ਅਪੀਲ ਦਰਜ ਕੀਤੀ ਹੈ ਤਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਹੇਠ ਲਿਖੇ ਦਸਤਾਵੇਜ਼ ਭੇਜਣ:(5 ਸੀ ਸੀ ਆਰ 4633)

1. ਸ਼ਿਕਾਇਤ ਦੀ ਅਸਲ ਕੌਪੀ।

2. ਫੈਸਲੇ ਦੀ ਕੌਪੀ।

3. ਡਿਸਟ੍ਰਿਕ ਵਲੋਂ ਕੀਤੀ ਗਈ ਛਾਣ-ਬੀਣ ਅਤੇ ਜਿਸ ਹਦ ਤੱਕ ਕੀਤੀ ਗਈ ਹੈ, ਉਸਦੇ ਦੇ ਬਾਰੇ ਸੰਖੇਪ ਬਿਉਰਾ, ਅਤੇ ਜਿਸਦਾ ਬਿਉਰਾ ਫੈਸਲੇ ਵਿੱਚ ਨਹੀਂ ਦਿਤਾ ਗਿਆ।

4. ਛਾਣ- ਬੀਣ ਵਾਲੀ ਫਾਈਲ ਦੀ ਕੌਪੀ, ਜਿਸ ਵਿੱਚ ਨੋਟਸ, ਇੰਟਰਵਿਊਆਂ, ਅਤੇ ਪਾਰਟੀਆਂ ਵਲੋਂ ਮਿਲੇ ਅਤੇ ਛਾਣ-ਬੀਣ ਕਰਨ ਵਾਲਿਆਂ ਦੇ ਦਸਤਾਵੇਜ਼ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹੈ ।

5. ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਜੋ ਕਾਰਵਾਈ ਕੀਤੀ ਗਈ ਸੀ ਉਸਦੀ ਰਿਪੋਰਟ।

6. ਸ਼ਿਕਾਇਤ ਦਾ ਨਿਪਟਾਰਾ ਕਰਨ ਸਬੰਧੀ ਡਿਸਟ੍ਰਿਕ ਦੀ ਕਾਰਜਪ੍ਰਣਾਲੀ ਦੀ ਕੌਪੀ।

7. ਕੇਸ ਨਾਲ ਢੁੱਕਦੀ ਵਾਧੂ ਜਾਣਕਾਰੀ ਜਿਸ ਦੀ ਮੰਗ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੇ ਕੀਤੀ ਹੈ।

ਜੇਕਰ 5 ਸੀ ਸੀ ਆਰ 4650 ਵਿੱਚ ਦਸੇ ਹਾਲਾਤਾਂ ਵਿਚੋਂ ਇੱਕ ਵੀ ਹਾਲਤ ਮੌਜੂਦ ਹੋਵੇ ਤਾਂ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਡਿਸਟ੍ਰਿਕ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਲਈ ਇੰਤਜ਼ਾਰ ਨਹੀਂ ਕਰਦਾ ਬਲਕਿ ਸਿਧੀ ਦਖਲਅੰਦਾਜ਼ੀ ਕਰਦਾ ਹੈ, ਜਿਸ ਵਿੱਚ ਇਹ ਕੇਸ ਵੀ ਸ਼ਾਮਿਲ ਹਨ, ਜਦ ਡਿਸਟ੍ਰਿਕ ਨੇ ਸ਼ਿਕਾਇਤ ਦਰਜ ਹੋ ਜਾਣ ਤੋਂ ਬਾਅਦ 60 ਦਿਨਾਂ ਦੇ ਵਿੱਚ-ਵਿੱਚ ਉਸ ਨਾਲ ਨਜਿਠਣ ਲਈ ਕੋਈ ਕਾਰਵਾਈ ਨਹੀਂ ਕੀਤੀ।

**ਸਿਵਿਲ ਲਾਅ ਸਮਾਧਾਨ**

ਸ਼ਿਕਾਇਤ ਕਰਨ ਵਾਲੀ ਸ਼ਖਸੀਅਤ, ਸ਼ਿਕਾਇਤ ਦਾ ਨਿਪਟਾਰਾ ਕਰਨ ਵਾਲੀ ਡਿਸਟ੍ਰਿਕ ਦੀ ਕਾਰਜਪ੍ਰਣਾਲੀ ਦੇ ਬਾਹਰਵਾਰ ਵੀ ਸਿਵਿਲ ਲਾਅ ਦੇ ਜੋ ਸਮਾਧਾਨ ਉਪਲਬਧ ਹਨ ਵਲੋਂ ਪੈਰਵੀ ਕਰਵਾ ਸਕਦੀ ਹੈ। ਸ਼ਿਕਾਇਤ ਕਰਨ ਵਾਲੇ ਮੀਡੀਏਸ਼ਨ ਸੈਂਟਰਾਂ ਜਾਂ ਦਿਲਚਸਪੀ ਰਖਣ ਵਾਲੇ ਪਬਲਿਕ/ਪ੍ਰਾਈਵੇਟ ਅਟਰਨੀਆਂ ਤੋਂ ਮਦਦ ਲੈ ਸਕਦੇ ਹਨ। ਕੋਰਟ ਵਲੋਂ ਸਿਵਿਲ ਲਾਅ ਦੇ ਜੋ ਸਮਾਧਾਨ ਲਾਗੂ ਕੀਤੇ ਜਾ ਸਕਦੇ ਹਨ, ਉਨ੍ਹਾਂ ਵਿੱਚ ਇਹ ਸੱਬ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ, ਜਿਸ ਤਰ੍ਹਾਂ ਕਿ ਤਾੜਨਾ, ਜਾਂ ਰੋਕ ਲਗਾਉਣੀ। ਪਰ ਜੇਕਰ ਸ਼ਿਕਾਇਤ ਦਾ ਸਬੰਧ ਵਿਤਕਰੇ ਨਾਲ ਹੈ, ਤਾਂ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਲਈ ਲਾਜ਼ਮੀ ਤੌਰ ਤੇ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਅਪੀਲ ਕਰਨ ਤੋਂ ਬਾਅਦ 60 ਦਿਨ ਇੰਤਜ਼ਾਰ ਕਰਨਾ ਪਵੇਗਾ ਅਤੇ ਉਸ ਤੋਂ ਬਾਅਦ ਸਿਵਿਲ ਲਾਅ ਦੀਆਂ ਕਾਰਵਾਈਆਂ ਸ਼ੁਰੂ ਕੀਤੀਆਂ ਜਾਣ। ਕਨੂੰਨੀ ਹੁਕੱਮ ਤੇ ਬੰਦਸ਼ ਨਹੀਂ ਲਗਾਈ ਜਾਂਦੀ ਸਿਵਾਏ ਇਸ ਦੇ ਕਿ ਜੇ ਡਿਸਟ੍ਰਿਕ ਨੇ ਸਮੇਂ ਸਿਰ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਨੂੰ 5 ਸੀ ਸੀ ਆਰ 4622 ਅਨੁਸਾਰ ਸ਼ਿਕਾਇਤ ਦਰਜ ਕਰਨ ਵਾਸਤੇ ਉਸਦੇ ਹੱਕਾਂ ਬਾਰੇ ਜਾਣਕਾਰੀ ਦੇ ਦਿਤੀ ਸੀ।

**ਵਿਲੀਅੱਮਜ਼ ਯੂਨੀਫੌਰਮ ਕੱਮਪਲੇਂਟ ਪ੍ਰੋਸੀਜਰਜ਼ (ਵਿਲਿਅਮ ਦੇ ਸ਼ਿਕਾਇਤ ਕਰਨ ਦੇ ਇਕਸਾਰ ਤਰੀਕੇ)ਏ ਆਰ1312.4 (26 ਅਗਸਤ, 2008 ਨੂੰ ਅਪਨਾਇਆ ਗਿਆ)**

**ਸ਼ਿਕਾਇਤਾਂ ਦੀਆਂ ਕਿਸਮਾਂ**

ਜਦੋਂ ਸ਼ਿਕਾਇਤ ਕਰਨ ਵਾਲਾ ਇਹ ਕਹੇ ਕਿ ਹੇਠ ਲਿਖਿਆਂ ਚੋਂ ਸਾਰੇ ਹੀ ਜਾਂ ਸਿਰਫ ਇੱਕ ਵਾਕਿਆ ਵਾਪਰਿਆ ਹੈ ਤਾਂ ਡਿਸਟ੍ਰਿਕ ਵਾਲੇ ਸ਼ਿਕਾਇਤ ਦੀ ਛਾਣ-ਬੀਨ ਕਰਨ ਅਤੇ ਨਜਿਠਣ ਲਈ ਹੇਠ ਲਿਖੇ ਤਰੀਕੇ ਇਸਤੇਮਾਲ ਕਰਨ: (ਐਜੂਕੇਸ਼ਨ ਕੋਡ 35186, 5 ਸੀ ਸੀ ਆਰ 4681, 4682, 4683)

1. ਟੈਕਸਟ ਕਿਤਾਬਾਂ, ਅਤੇ ਸਿਖਿਆ ਦੇਣ ਸਬੰਧਿਤ ਸਾਮਾਨ

   ਏ. ਵਿੱਦਿਆਰਥੀ, ਜਿਸ ਵਿੱਚ ਇੰਗਲਿਸ਼ ਸਿਖਣ ਵਾਲਾ ਭੀ ਸ਼ਾਮਿਲ ਹੈ, ਕੋਲ ਸਟੈਂਡਰਡ ਅਧਾਰਿਤ ਟੈਕਸਟ ਕਿਤਾਬਾਂ, ਸਿਖਲਾਈ ਦਾ ਸਾਮਾਨ, ਜਾਂ ਸਟੇਟ ਜਾਂ ਡਿਸਟ੍ਰਿਕ ਵਲੋਂ ਅਪਣਾਈਆਂ ਟੈਕਸਟ ਕਿਤਾਬਾਂ, ਜਾਂ ਕਲਾਸ ਵਿੱਚ ਲਾਜ਼ਮੀ ਤੌਰ ਤੇ ਇਸਤੇਮਾਲ ਹੋਣ ਵਾਲਾ ਸਾਮਾਨ ਨਾ ਹੋਣਾ।

   ਬੀ. ਘਰ ਵਿੱਚ ਜਾਂ ਸਕੂਲ ਤੋਂ ਬਾਅਦ ਹੋਮਵਰਕ ਲਈ ਮਿਲੀਆਂ ਅਸਾਈਨਮੈਂਟਾਂ ਨੂੰ ਪੂਰਾ ਕਰਨ ਲਈ ਵਿੱਦਿਆਰਥੀ ਕੋਲ ਸਿਖਿਅਕ ਸਾਮਾਨ ਨਾ ਹੋਣਾ।

   ਸੀ. ਟੈਕਸਟ ਕਿਤਾਬਾਂ ਅਤੇ ਸਿਖਿਅਕ ਸਾਮਾਨ ਦੀ ਹਾਲਤ ਬਹੁਤ ਖਰਾਬ ਹੋਣੀ, ਜਿਸ ਤਰ੍ਹਾਂ ਕਿ ਫਟੇ ਹੋਏ ਸਫੇ, ਜਾਂ ਕਿਤਾਬ ਜਾਂ ਚੀਜ਼ਾਂ ਦੀ ਹਾਲਤ ਇਸ ਹੱਦ ਤੱਕ ਖਰਾਬ ਹੋ ਗਈ ਹੈ ਕਿ ਵਿੱਦਿਆਰਥੀਆਂ ਲਈ ਇਸਤੇਮਾਲ ਕਰਨੀਆਂ ਹੀ ਨਾਮੁਮਕਿਨ ਹੋ ਗਈਆਂ ਹਨ।

2. ਸ਼ਿਕਸ਼ਾ ਦੇਣ ਵਾਲੇ ਟੀਚਰ ਦੀ ਜਗ੍ਹਾ ਖਾਲੀ ਹੋਣੀ, ਜਾਂ ਗਲਤ ਟੀਚਰ ਵਲੋਂ ਪੜ੍ਹਾਇਆ ਜਾਣਾ(ਟੀਚਰ ਵੇਕੈਂਸੀ ਐਂਰ ਮਿਸਅਸਾਈਨਮੈਂਟ)

   ਏ. ਸਿਮੈਸਟਰ ਤਾਂ ਸ਼ੁਰੂ ਹੋ ਗਿਆ ਹੈ ਪਰ ਕਲਾਸ ਨੂੰ ਪੜ੍ਹਾਉਣ ਵਾਲਾ ਸਰਟੀਫਿਕੇਟਡ ਟੀਚਰ ਨਹੀਂ ਹੈ।

   ਬੀ. ਇੱਕ ਟੀਚਰ ਜਿਸ ਕੋਲ ਅੰਗਰੇਜ਼ੀ ਸਿਖੱਣ ਵਾਲੇ ਵਿੱਦਿਆਰਥੀਆਂ ਨੂੰ ਸ਼ਿਖਸ਼ਾ ਪ੍ਰਦਾਨ ਕਰਨ ਵਾਲੇ ਪੂਰੇ ਕਰੈਡੈਨਸ਼ਿਅੱਲ ਜਾਂ ਟ੍ਰੇਨਿੰਗ ਨਾ ਹੋਵੇ ਅਤੇ ਉਸਨੂੰ ਐਸੀ ਕਲਾਸ ਨੂੰ ਪੜ੍ਹਾਉਨ ਲਈ ਰਖਿਆ ਜਾਵੇ ਜਿਸ ਵਿੱਚ 20 ਫੀ ਸਦੀ ਵਿੱਦਿਆਰਥੀ ਅੰਗਰੇਜ਼ੀ ਸਿਖਣ ਵਾਲੇ ਹਨ।

   ਸੀ. ਇੱਕ ਕਲਾਸ ਨੂੰ ਵਿਸ਼ਾ ਪੜ੍ਹਾਉਣ ਲਈ ਐਸੀ ਟੀਚਰ ਰਖਣੀ ਜਿਸ ਕੋਲ ਉਸ ਵਿਸ਼ੇ ਨੂੰ ਪੜ੍ਹਾਉਨ ਦੀ ਕਾਬਲੀਅਤ ਨਹੀਂ ਹੈ।

*ਟੀਚਰ ਵੇਕੈਂਸੀ*(ਟੀਚਰ ਦੀ ਪੁਜ਼ੀਸ਼ਨ ਖਾਲੀ ਹੈ) ਦਾ ਭਾਵ ਹੈ, ਕਿ ਇੱਕ ਪੋਈਸ਼ਨ ਜਿਸ ਲਈ ਇੱਕ ਨਿਸ਼ਚਿਤ (ਡੈਜ਼ੀਗਨੇਟਡ) ਸਰਟੀਫਿਕੇਟ ਵਾਲੇ ਕਰਮਚਾਰੀ ਦੀ ਜ਼ਰੂਰਤ ਹੈ, ਪਰ ਉਹ ਪੁਜ਼ੀਸ਼ਨ ਪੂਰੀ ਕਰਨ ਦੀ ਬਜਾਏ ਪੂਰੇ ਸਾਲ ਲਈ ਸਾਲ ਦੇ ਸ਼ੁਰੂ ਤੋਂ ਖਾਲੀ ਰਖੀ ਗਈ ਹੈ। ਜਾਂ ਜੇਕਰ ਉਹ ਪੋਜ਼ੀਸ਼ਨ ਸਿਰਫ ਇੱਕ ਸਿਮੈਸਟਰ ਕੋਰਸ ਲਈ ਹੈ, ਅਤੇ ਉਸਨੂੰ ਇੱਕ ਨਿਸ਼ਚਿਤ (ਡੈਜ਼ੀਗਨੇਟਡ) ਸਰਟੀਫਿਕੇਟ ਵਾਲੇ ਕਰਮਚਾਰੀ ਦੀ ਜ਼ਰੂਰਤ ਹੈ ਅਤੇ ਸਾਲ ਦੇ ਸਿਮੈਸਟਰ ਦੇ ਸ਼ੁਰੂ ਤੋਂ ਹੀ ਪੂਰੇ ਸਿਮੈਸਟਰ ਲਈ ਉਹ ਪੁਜ਼ੀਸ਼ਨ ਖਾਲੀ ਹੈ। (ਐਜੂਕੇਸ਼ਨ ਕੋਡ 35186; 5 ਸੀ ਸੀ ਆਰ 4600)

*ਸਾਲ ਜਾਂ ਸਿਮੈਸਟਰ ਦੇ ਸ਼ੁਰੂ*ਦਾ ਭਾਵ ਹੈ ਕਲਾਸਾਂ ਦਾ ਪਹਿਲਾ ਦਿਨ, ਕਲਾਸਾਂ ਜੋ ਸਾਰੇ ਦਾਖਲ ਵਿੱਦਿਆਰਥੀਆਂ ਨੂੰ ਸ਼ਿਕਸ਼ਾ ਪ੍ਰਦਾਨ ਕਰਨ ਲਈ ਸਥਾਪਿਤ ਕੀਤੀਆਂ ਗਈਆਂ ਹਨ, ਉਨ੍ਹਾਂ ਕਲਾਸਾਂ ਨੂੰ ਪੜ੍ਹਾਉਨ ਲਈ ਕਲਾਸ ਦੀ ਅਵਧੀ ਲਈ ਸਿਰਫ ਇੱਕ ਸਰਟੀਫਿਕੇਟ ਵਾਲਾ ਟੀਚਰ ਨਿਰਧਾਰਿਤ ਕਰਨਾ, ਪਰ ਉਸ ਸਿਮੈਸਟਰ ਲਈ ਜਦ ਵਿੱਦਿਆਰਥੀ ਪਹਿਲੇ ਦਿਨ ਕਲਾਸ ਵਿੱਚ ਪੜ੍ਹਨ ਆਉਂਦੇ ਹਨ ਤਾਂ ਕੰਮ ਦੇ 20 ਦਿਨਾਂ ਦੇ ਵਿੱਚ-ਵਿੱਚ ਟੀਚਰ ਰਖਿਆ ਜਾਣਾ ਚਾਹੀਦਾ ਹੈ।(5 ਸੀ ਸੀ ਆਰ 4600)

*ਮਿਸਅਸਾਇਨਮੈਂਟ (ਇੱਕ ਟੀਚਰ ਰਖਣਾ ਜਿਸ ਕੋਲ ਵਿਸ਼ਾ ਪੜ੍ਹਾਉਨ ਸਬੰਧੀ ਜਾਣਕਾਰੀ ਨਹੀਂ ਹੈ)* ਦਾ ਭਾਵ ਹੈ ਕਿ ਸਰਟੀਫਿਕੇਟ ਵਾਲੇ ਕਰਮਚਾਰੀ ਨੂੰ ਪੜ੍ਹਾਉਣ ਜਾਂ ਸਰਵਿਸ ਕਰਨ ਲਈ ਐਸੀ ਪੱਦਵੀ ਦੇਣੀ ਜਿਸ ਦੇ ਲਈ ਕਰਮਚਾਰੀ ਕੋਲ ਕਾਨੂੰਨੀ ਮਨਜ਼ੂਰਸ਼ੁਦਾ ਸਰਟੀਫਿਕੇਟ ਜਾਂ ਕਰੈਡੈਨਸ਼ੱਲ ਨਹੀਂ ਹਨ, ਜਾਂ ਸਰਟੀਫਿਕੇਟ ਵਾਲੇ ਕਰਮਚਾਰੀ ਨੂੰ ਪੜ੍ਹਾਉਣ ਜਾਂ ਸਰਵਿਸ ਕਰਨ ਲਈ ਐਸੀ ਪੱਦਵੀ ਦੇਣੀ ਜਿਸ ਪੱਦਵੀ ਲਈ ਕਰਮਚਾਰੀ ਨੂੰ ਲਿਖਤੀ ਕਾਨੂੰਨ ਅਨੁਸਾਰ ਅਧਿਕਾਰ ਨਹੀਂ ਹੈ। (ਐਜੂਕੇਸ਼ਨ ਕੋਡ 35186; 5 ਸੀ ਸੀ ਆਰ 4600)

3. ਫਸਿਲਟੀਆਂ

ਏ. ਹਾਲਾਤ ਜੋ ਵਿੱਦਿਆਰਥੀਆਂ ਜਾਂ ਸਟਾਫ ਦੀ ਸਿਹਤ ਜਾਂ ਸੁਰੱਖਿਆ ਲਈ ਸੰਕਟਮਈ(ਇਮੱਰਜੈਂਸੀ)ਜਾਂ ਖਤਰਾ ਪੈਦਾ ਕਰਨ ਵਾਲੇ(ਅਰਜੈਂਟ ਥਰੈਟ) ਹਨ।

*ਸੰਕਟਮਈ ਜਾਂ ਖਤਰਾ ਪੈਦਾ ਕਰਨ ਵਾਲੇ* ਹਾਲਾਤ ਦਾ ਭਾਵ ਹੈ ਕਿ ਫਸਿਲਟੀ ਦੀ ਬਿਲਡਿੰਗ ਦਾ ਢਾਂਚਾ ਜਾਂ ਉਸਦੇ ਸਿਸਟਮਾਂ ਦੀ ਹਾਲਤ ਐਸੀ ਹੈ ਕਿ ਜਦ ਤੱਕ ਵਿੱਦਿਆਰਥੀ ਜਾਂ ਸਟਾਫ ਸਕੂਲ ਵਿੱਚ ਹਨ ਇਹ ਹਾਲਾਤ ਉਨ੍ਹਾਂ ਦੀ ਸਿਹਤ ਜਾਂ ਸੁਰੱਖਿਆ ਲਈ ਸੰਕਟਮਈ (ਇਮੱਰਜੈਂਸੀ)ਜਾਂ ਖਤਰਾ ਪੈਦਾ ਕਰ(ਅਰਜੈਂਟ ਥਰੈਟ) ਸਕਦੇ ਹਨ। ਇਸ ਵਿੱਚ ਇਹ ਸਾਰੇ ਹਾਲਾਤ ਸ਼ਾਮਿਲ ਤਾਂ ਹਨ ਪਰ ਇਹ ਸਿਰਫ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ: ਗੈਸ ਲੀਕ ਹੋਣੀ, ਜਦੋਂ ਗਰਮਾਇਸ਼ ਦੇਣ ਵਾਲਾ ਸਿਸਟਮ ਕੰਮ ਨਾ ਕਰੇ, ਵੈਂਟੀਲੇਸ਼ਨ, ਅੱਗ ਬੁਝਾਉਣ ਵਾਲੇ ਸਪਰਿੰਕਲਰਜ਼, ਏਅਰਕੰਡੀਸ਼ਨ ਕਰਨ ਵਾਲਾ ਸਿਸਟਮ, ਬਿਜਲੀ ਬੰਦ ਹੋ ਜਾਣੀ, ਗੰਦੇ ਨਾਲੇ ਬੰਦ ਹੋ ਜਾਣੇ, ਕੀੜੇ ਮਕੌੜਿਆਂ ਦੀ ਭਰਮਾਰ; ਟੁਟੇ ਹੋਏ ਬਾਹਰਲੇ ਦਰਵਾਜੇ, ਗੇਟ, ਜਾਂ ਖਿੜਕੀਆਂ, ਜਿਨ੍ਹਾਂ ਨੂੰ ਤਾਲਾ ਨਾ ਲਗ ਸਕੇ ਅਤੇ ਉਨ੍ਹਾਂ ਕਾਰਣ ਸੁਰੱਖਿਆ ਨੂੰ ਖਤਰਾ ਪੈਦਾ ਹੋ ਜਾਵੇ; ਨੁਕਸਾਨ ਪਹੁੰਚਾਉਣ ਵਾਲਾ ਖਤਰਨਾਕ ਸਾਮਾਨ ਜਾਂ ਚੀਜ਼ਾਂ ਜਿਹੜੀਆਂ ਪਹਿਲਾ ਲੱਭੀਆਂ ਨਹੀਂ ਗਈਆਂ ਸਨ ਪਰ ਉਨ੍ਹਾਂ ਦੀ ਸਮਾਪਤੀ ਤੋਂ ਬਾਅਦ ਵਿੱਦਿਆਰਥੀਆਂ ਜਾਂ ਸਟਾਫ ਨੂੰ ਉਨ੍ਹਾਂ ਤੋਂ ਖਤਰਾ ਹੈ, ਜਾਂ ਬਿਲਡਿੰਗ ਦਾ ਕੋਈ ਐਸਾ ਹਿੱਸਾ ਜਿਸਦੀ ਬਨਤਰ ਤੋਂ ਖਤਰਾ ਹੋ ਸਕਦਾ ਹੈ, ਜਾਂ ਐਸੇ ਹਾਲਾਤ ਪੈਦਾ ਹੁੰਦੇ ਹਨ ਜਿਨ੍ਹਾਂ ਕਾਰਣ ਉਸ ਵਿੱਚ ਰਹਿਣਾ ਖਤਰਨਾਕ ਹੈ।(ਐਜੂਕੇਸ਼ਨ ਕੋਡ 17592. 72)

ਬੀ. ਸਕੂਲ ਰੈਸਟਰੂਮ ਜਿਸ ਦੀ ਐਜੂਕੇਸ਼ਨ ਕੋਡ 352925 ਦੀ ਸ਼ਰਤ ਅਨੁਸਾਰ ਸਫਾਈ ਨਹੀਂ ਕੀਤੀ ਗਈ, ਨਾ ਹੀ ਉਸਨੂੰ ਚਾਲੂ ਰਖਿਆ ਗਿਆ ਜਾਂ ਖੁਲਾ ਰਖਿਆ ਗਿਆ।

*ਸਕੂਲ ਦੇ ਸਾਫ ਜਾਂ ਚਾਲੂ ਰੈਸਟਰੂਮ* ਦਾ ਭਾਵ ਹੈ ਕਿ ਸਕੂਲ ਦੇ ਰੈਸਟਰੂਮ ਨੂੰ ਲਗਾਤਾਰ ਸਾਫ ਅਤੇ ਚਲਦਾ ਰਖਿਆ ਗਿਆ ਹੈ, ਅਤੇ ਪੂਰੀ ਤਰਾਂ੍ਹ ਕੰਮ ਕਰਦਾ ਹੈ, ਜਾਂ ਉਸ ਵਿੱਚ ਟੌਇਲਟ ਪੇਪਰ, ਸਾਬੁਨ, ਅਤੇ ਪੇਪਰ ਟਾਵਲ ਜਾਂ ਹਥ ਸੁਖਾਉਣ ਵਾਲੀ ਮਸ਼ੀਨ ਹਮੇਸ਼ਾ ਹੁੰਦੇ ਹਨ।(ਐਜੂਕੇਸ਼ਨ ਕੋਡ 35292 .5)

*ਖੁਲੇ(ਓਪਨ) ਰੈਸਟਰੂਮ* ਦਾ ਭਾਵ ਹੈ ਕਿ ਸਿਵਾਏ ਵਿੱਦਿਆਰਥੀਆਂ ਦੀ ਸੁਰੱਖਿਆ ਦੇ ਜਾਂ ਰੈਸਟ ਰੂਮ ਦੀਆਂ ਮੁਰੰਮਤਾਂ ਦੇ, ਸਕੂਲ ਵਾਲੇ ਸਕੂਲ ਦੇ ਸਮੇਂ ਦੌਰਾਨ ਜਦੋਂ ਵਿੱਦਿਆਰਥੀ ਅਪਣੀਆਂ ਕਲਾਸਾਂ ਵਿੱਚ ਨਹੀਂ ਹੁੰਦੇ ਅਪਣੇ ਸਾਰੇ ਰੈਸਟ ਰੂਮ ਖੁਲੇ ਰਖਦੇ ਹਨ ਅਤੇ ਸਕੂਲ ਲਗੇ ਦੌਰਾਨ ਜਦੋਂ ਵਿੱਦਿਆਰਥੀ ਅਪਣੀਆਂ ਕਲਾਸਾਂ ਵਿੱਚ ਪੜ੍ਹਦੇ ਹਨ ਤਾਂ ਸਕੂਲ ਵਾਲੇ ਅਪਣੇ ਕਾਫੀ ਰੈਸਟਰੂਮ ਖੁਲੇ ਰਖਦੇ ਹਨ।(ਐਜੂਕੇਸ਼ਨ ਕੋਡ 35292 .5)

4. **ਹਾਈ ਸਕੂਲ ਐਗਜ਼ਿਟ ਇਮਤਿਹਾਨ ਲਈ ਕੇਂਦ੍ਰਿਤ(ਇਨਟੈਨਸਿਵ) ਸਿਖਲਾਈ ਅਤੇ ਸੇਵਾਵਾਂ**

ਵਿੱਦਿਆਰਥੀਆਂ, ਇਨ੍ਹਾਂ ਵਿੱਚ ਅੰਗਰੇਜ਼ੀ ਸਿਖਣ ਵਾਲੇ ਵੀ ਸ਼ਾਮਿਲ ਹਨ, ਜਿਨ੍ਹਾਂ ਨੇ 12 ਗ੍ਰੇਡ ਦੇ ਅਖੀਰ ਤੱਕ ਹਾਈ ਸਕੂਲ ਐਗਜ਼ਿਟ ਇਮਤਿਹਾਨ ਪਾਸ ਨਹੀਂ ਕੀਤਾ ਹੈ, ਅਤੇ 12 ਗ੍ਰੇਡ ਪੂਰੀ ਕਰਨ ਤੋਂ ਬਾਅਦ ਲਗਾਤਾਰ ਦੋ ਸਿਖਿਅਕ ਸਾਲਾਂ ਲਈ ਉਨ੍ਹਾਂ ਨੂੰ ਐਜੂਕੇਸ਼ਨ ਕੋਡ 37254(ਡੀ) (4) ਅਤੇ (5) ਦੇ ਅਨੁਸਾਰ ਕੇਂਦ੍ਰਿਤ ਸ਼ਿਕਸ਼ਾ ਅਤੇ ਸੇਵਾਵਾਂ ਹਾਸਲ ਕਰਨ ਦੇ ਮੌਕੇ ਨਹੀਂ ਮਿਲੇ ਜਾਂ ਜਦ ਤੱਕ ਉਨ੍ਹਾਂ ਨੇ ਇਮਤਿਹਾਨ ਦੇ ਦੋਨੋਂ ਹਿੱਸੇ ਪਾਸ ਨਹੀਂ ਕੀਤੇ, ਜਾਂ ਇਨ੍ਹਾਂ ਦੋਨੋਂ ਵਿਚੋਂ ਜਿਹੜਾ ਪਹਿਲਾ ਹੋ ਜਾਵੇ। (ਐਜੂਕੇਸ਼ਨ ਕੋਡ35186)

## ਸ਼ਿਕਾਇਤ ਦਰਜ ਕਰਨੀ

ਉਪਰ 1-3 ਨੰਬਰ ਤੱਕ ਦਸੇ ਹਾਲਾਤ ਬਾਰੇ ਸ਼ਿਕਾਇਤ ਕਰਨ ਲਈ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕੋਲ ਸ਼ਿਕਾਇਤ ਦਰਜ ਕਰੋ। ਜਿਨ੍ਹਾਂ ਮੁਸ਼ਕਲਾਂ ਦਾ ਹੱਲ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਦੇ ਬਸੋਂ ਬਾਹਰ ਹੋਵੇਗਾ, ਉਹ ਕੰਮ ਕਰਨ ਵਾਲੇ ਦਸ ਦਿਨਾਂ ਦੇ ਅੰਦਰ-ਅੰਦਰ ਸਮੱਸਿਆ ਅਤੇ ਉਸ ਨਾਲ ਸਬੰਧਿਤ ਸ਼ਿਕਾਇਤ ਨੂੰ ਅਗੇ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਕੋਲ ਭੇਜ ਦੇਣਗੇ। (ਐਜੂਕੇਸ਼ਨ ਕੋਡ 35186; 5 ਸੀ ਸੀ ਆਰ 4680)

ਜਿਸ ਸ਼ਿਕਾਇਤ ਦਾ ਸਬੰਧ 4 ਨੰਬਰ ਦੀ ਘਾਟ ਨਾਲ ਹੈ ਉਹ ਸ਼ਿਕਾਇਤ ਸੁਪਰਿਨਟੈਂਡੈਨਟ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਕੀਤੀ ਜਾਵੇ। ਇਹ ਸ਼ਿਕਾਇਤ ਡਿਸਟ੍ਰਿਕ ਔਫਿਸ ਵਿੱਚ ਜਾਂ ਅਪਣੇ ਸਕੂਲ ਨੂੰ ਕੀਤੀ ਜਾ ਸਕਦੀ ਹੈ , ਉਹ ਤੁਰੰਤ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਭੇਜ ਦੇਣਗੇ। (ਐਜੂਕੇਸ਼ਨ ਕੋਡ 35186)

## ਛਾਣ-ਬੀਣ ਅਤੇ ਜਵਾਬ

ਜੋ ਕੁਝ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਦੇ ਬਸ ਵਿੱਚ ਹੈ ਉਹ ਉਸਦੇ ਮੁਤਾਬਕ ਸਮੱਸਿਆ ਬਾਰੇ ਪੂਰੀ ਤਰ੍ਹਾਂ ਛਾਣ-ਬੀਣ ਕਰਨਗੇ। ਜਾਇਜ਼ ਸ਼ਿਕਾਇਤ ਦਾ ਹੱਲ ਲੱਭਣ ਲਈ ਉਹ ਵਾਜਬ ਸਮੇਂ ਦੇ ਅੰਦਰ ਹੀ ਉਸਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨਗੇ ਅਤੇ ਇਹ ਸਮਾਂ ਸ਼ਿਕਾਇਤ ਮਿਲਣ ਵਾਲੀ ਤਾਰੀਖ ਤੋਂ ਕੰਮ ਦੇ 30 ਦਿਨਾਂ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ। (ਐਜੂਕੇਸ਼ਨ ਕੋਡ 35186; 5 ਸੀ ਸੀ ਆਰ 4685)

ਸ਼ਿਕਾਇਤ ਗੁਮਨਾਮੀ ਵਿੱਚ ਕੀਤੀ ਜਾ ਸਕਦੀ ਹੈ। ਜੇਕਰ ਸ਼ਿਕਾਇਤ ਕਰਨ ਵਾਲੇ ਨੇ ਅਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਉਸਨੂੰ ਜਵਾਬ ਚਾਹੀਦਾ ਹੈ ਤਾਂ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਲਈ ਸ਼ਿਕਾਇਤ ਮਿਲਣ ਵਾਲੀ ਤਾਰੀਖ ਤੋਂ ਕੰਮ ਕਰਨ ਦੇ 45 ਦਿਨਾਂ ਦੇ ਅੰਦਰ ਉਸਨੂੰ ਹਲ ਬਾਰੇ ਜਵਾਬ ਦੇਣਾ ਲਾਜ਼ਮੀ ਹੈ। ਜੇਕਰ ਜਵਾਬ ਵਾਸਤੇ ਮੰਗ ਕੀਤੀ ਗਈ ਹੈ, ਤਾਂ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਨੇ ਸ਼ਿਕਾਇਤੀ ਫੌਰਮ ਤੇ ਜੋ ਪਤਾ ਭਰਿਆ ਹੈ ਉਸ ਪਤੇ ਤੇ ਲਾਜ਼ਮੀ ਤੌਰ ਤੇ ਲਿਖਤੀ ਜਵਾਬ ਭੇਜਿਆ ਜਾਵੇ। ਉਸੀ ਸਮੇਂ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਹ ਜਾਣਕਾਰੀ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਵੀ ਭੇਜਣ। (ਐਜੂਕੇਸ਼ਨ ਕੋਡ 35186; 5 ਸੀ ਸੀ ਆਰ4680, 5 ਸੀ ਸੀ ਆਰ4685)

ਜਦੋਂ ਐਜੈਕੂਸ਼ੇਨ ਕੋਡ 48985 ਲਾਗੂ ਹੁੰਦਾ ਹੈ ਅਤੇ ਸ਼ਿਕਾਤ ਕਰਨ ਵਾਲੇ ਜਵਾਬ ਲਈ ਮੰਗ ਕੀਤੀ ਹੈ ਤਾਂ ਜਵਾਬ ਅੰਗਰੇਜ਼ੀ ਵਿੱਚ ਅਤੇ ਜਿਸ ਭਾਸ਼ਾ ਵਿੱਚ ਸ਼ਿਕਾਇਤ ਕੀਤੀ ਗਈ ਹੈ ਉਸ ਭਾਸ਼ਾ ਵਿੱਚ ਲਿਖਕੇ ਦਿਤਾ ਜਾਵੇ।

ਜੇਕਰ ਸ਼ਿਕਾਇਤ ਕਰਨ ਵਾਲੇ ਸ਼ਿਕਾਇਤ ਦੇ ਨਿਪਟਾਰੇ ਨਾਲ ਸੰਤੁਸ਼ਟ ਨਾ ਹੋਣ ਤਾਂ ਉਹ ਗਵਰਨਿੰਗ ਬੋਰਡ ਦੀ ਆਮ ਤੌਰ ਤੇ ਹੋਣ ਵਾਲੀ ਮੀਟਿੰਗ ਦੀ ਸੁਨਵਾਈ ਦੌਰਾਨ ਅਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। (ਐਜੂਕੇਸ਼ਨ ਕੋਡ 35186; 5ਸੀ ਸੀ ਆਰ 4686)

ਜਿਨ੍ਹਾਂ ਸ਼ਿਕਾਇਤਾਂ ਦਾ ਸਬੰਧ ਫਸਿਲਟੀਆਂ ਦੀ ਐਸੀ ਹਾਲਤ ਨਾਲ ਜਿਸਦੇ ਕਾਰਣ ਸਟਾਫ ਜਾਂ ਵਿੱਦਿਆਰਥੀਆਂ ਦੀ ਸਿਹਤ ਜਾਂ ਸੁਰੱਖਿਆ ਨੂੰ ਖਤਰਾ ਹੈ ਅਤੇ ਉਸਦੇ ਬਾਰੇ ਉਪਰ 3 ਨੰਬਰ ਵਿੱਚ ਲਿਖਿਆ ਗਿਆ ਹੈ ਅਤੇ ਸ਼ਿਕਾਇਤ ਕਰਨ ਵਾਲੇ ਪ੍ਰਿੰਸੀਪੱਲ, ਜਾਂ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀਆਂ ਗਈਆਂ ਸ਼ਖਸੀਅਤਾਂ ਵਲੋਂ ਨਿਪਟਾਰੇ ਲਈ ਪੇਸ਼ ਕੀਤੀਆਂ ਦਲੀਲਾਂ ਨਾਲ ਸੰਤੁਸ਼ਟ ਨਹੀਂ ਹਨ ਤਾਂ ਉਹ ਡਿਸਟ੍ਰਿਕ ਦੇ ਜਵਾਬ ਦੀ ਪ੍ਰਾਪਤੀ ਦੇ 15 ਦਿਨਾਂ ਦੇ ਵਿੱਚ-ਵਿੱਚ ਪਬਲਿਕ ਇਨਸਟਰੱਕਸ਼ਨ ਦੇ ਸੁਪਰਿਨਟੈਂਡੈਂਟ ਨੂੰ ਸ਼ਿਕਾਇਤ ਲਗਾ ਅਤੇ ਦਰਜ ਕਰ ਸਕਦੇ ਹਨ। ਅਪੀਲ ਕਰਨ ਦੀਆਂ ਜਿਹੜੀਆਂ ਲੋੜਾਂ ਬਾਰੇ 5 ਸੀ ਸੀ ਆਰ 4632 ਵਿੱਚ ਜ਼ਿਕਰ ਕੀਤਾ ਗਿਆ ਹੈ ਸ਼ਿਕਾਇਤ ਕਰਨ ਵਾਲੀ ਸ਼ਖਸੀਅਤ ਉਨ੍ਹਾਂ ਦੇ ਅਧਾਰ ਤੇ ਅਪੀਲ ਕਰੇ।(ਐਜੂਕੇਸ਼ਨ ਕੋਡ 35186; 5 ਸੀ ਸੀ ਆਰ 4687) ।

ਸਾਰੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨਾਲ ਸਬੰਧਿਤ ਲਿਖਤੀ ਜਵਾਬ ਪਬਲਿਕ ਦੇ ਰਿਕੌਰਡ ਹੋਣਗੇ।(ਐਜੂਕੇਸ਼ਨ ਕੋਡ 35186; 5ਸੀ ਸੀ ਆਰ 4686)

## ਰਿਪੋਰਟਾਂ

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਹਰੇਕ ਤਿਮਾਹੀ ਸਾਰੀਆਂ ਸ਼ਿਕਾਇਤਾਂ ਦੀ ਕਿਸਮ ਅਤੇ ਉਨ੍ਹਾਂ ਦੇ ਨਿਪਾਟਰੇ ਦੇ ਸੰਖੇਪ ਆਂਕੜਿਆਂ ਦੀ ਰਿਪੋਰਟ ਬੋਰਡ ਅਤੇ ਕਉਂਟੀ ਸਕੂਲਾਂ ਦੇ ਸੁਪਰਿਨਟੈਂਡੈਂਟ ਨੂੰ ਦੇਣਗੇ। ਉਸ ਰਿਪੋਰਟ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ, ਆਮ ਵਿਸ਼ੇ ਸਬੰਧੀ ਕੀਤੀਆਂ ਗਈਆਂ ਸ਼ਿਕਾਇਤਾਂ ਦੀ ਗਿਨਤੀ, ਜਿਨ੍ਹਾਂ ਦਾ ਨਿਪਾਟਰਾ ਹੋ ਗਿਆ ਹੈ ਉਨ੍ਹਾਂ ਦੀ ਗਿਨਤੀ ਅਤੇ ਜਿਨ੍ਹਾਂ ਦਾ ਨਿਪਟਾਰਾ ਅਜੇ ਤੱਕ ਨਹੀਂ ਹੋਇਆ ਹੈ ਉਨ੍ਹਾਂ ਦੀ ਗਿਨਤੀ। ਬੋਰਡ ਦੀਆਂ ਮੀਟਿੰਗਾਂ ਵਿੱਚ ਹਰ ਤਿਮਾਹੀ ਇਹ ਸੰਖੇਪ ਬਿਉਰੇ ਪਬਲਿਕ ਦੇ ਸਾਮ੍ਹਣੇ ਬੋਰਡ ਨੂੰ ਦਿੱਤਾ ਜਾਣਾ ਚਾਹੀਦਾ ਹੈ।(ਐਜੂਕੇਸ਼ਨ ਕੋਡ 35186; ਸੀ ਸੀ ਆਰ 4686)

## ਫੌਰਮ ਅਤੇ ਨੋਟਿਸ

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਨੂੰ ਯਕੀਨੀ ਬਣਾਉਣਗੇ ਕਿ ਸਕੂਲ ਡਿਸਟ੍ਰਿਕ ਦੇ ਸ਼ਿਕਾਇਤੀ ਫੌਰਮ ਵਿੱਚ ਜਗ੍ਹਾ ਰਖਣ ਜਿਸ ਤੋਂ ਪਤਾ ਚਲੇ ਕਿ ਕੀ ਸ਼ਿਕਾਇਤ ਕਰਨ ਵਾਲੇ ਅਪਣੀ ਸ਼ਿਕਾਇਤ ਦਾ ਜਵਾਬ ਮੰਗਦੇ ਹਨ ਜਾਂ ਨਹੀਂ ਅਤੇ ਉਸ ਵਿੱਚ ਸ਼ਿਕਾਇਤ ਕਰਨ ਵਾਲੀ ਜਗ੍ਹਾ ਬਾਰੇ ਭੀ ਜਾਣਕਾਰੀ ਹੋਣੀ ਚਾਹੀਦੀ ਹੈ। ਸ਼ਿਕਾਇਤ ਕਰਨ ਵਾਲੇ ਅਪਣੀ ਮਰਜ਼ੀ ਅਨੁਸਾਰ ਅਪਣੀ ਸ਼ਿਕਾਇਤ ਦੇ ਬਾਰੇ ਜਿਨਹੀਂ ਜਾਣਕਾਰੀ ਦੇਣਾ ਚਾਹੁੰਦੇ ਹੋਣ ਲਿਖ ਸਕਦੇ ਹਨ। (ਐਜੂਕੇਸ਼ਨ ਕੋਡ 35186)

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਸ ਗਲ ਨੂੰ ਯਕੀਨੀ ਬਣਾਉਣ ਕਿ ਹਰੇਕ ਕਲਾਸਰੂਮ ਵਿੱਚ ਇੱਕ ਨੋਟਿਸ ਚਿਪਕਾਇਆ ਜਾਵੇ ਜਿਸ ਵਿੱਚ ਐਜੂਕੇਸ਼ਨ ਕੋਡ 35186 ਦੇ ਅਨੁਸਾਰ ਆਦੇਸ਼ ਲਿਖੇ ਹੋਣੇ ਚਾਹੀਦੇ ਹਨ।(ਐਜੂਕੇਸ਼ਨ ਕੋਡ 35186)

## ਵਿਲੀਅੱਮਜ਼ ਯੁਨੀਫੌਰਮ ਕੰਮਪਲੇਂਟ ਪ੍ਰੋਸੀਜਰਜ਼(ਵਿਲਿਅਮ ਦੇ ਸ਼ਿਕਾਇਤ ਕਰਨ ਦੇ ਇਕਸਾਰ ਤਰੀਕੇ) -ਮਾਪਿਆਂ/ਗਾਰਡੀਅਨਾਂ, ਵਿੱਦਿਆਰਥੀਆਂ, ਅਤੇ ਟੀਚਰਾਂ ਨੂੰ ਨੋਟਿਸ: ਸ਼ਿਕਾਇਤੀ ਹੱਕ (ਸ਼ਿਕਾਇਤ ਕਰਨ ਦੇ ਅਧਿਕਾਰ ਈ-1312 .4 , 26 ਅਗਸਤ, 2008 ਨੂੰ ਅਪਨਾਈ ਗਈ)

ਮਾਪਿਆਂ/ਗਾਰਡੀਅਨਾਂ, ਵਿੱਦਿਆਰਥੀਆਂ ਅਤੇ ਟੀਚਰ: ਐਜੂਕੇਸ਼ਨ ਕੋਡ 35186 ਦੇ ਅਨੁਸਾਰ ਹੇਠ ਲਿਖੇ ਨੋਟਿਸ ਹਰੇਕ ਕਲਾਸਰੂਮ ਵਿੱਚ ਚਿਪਕਾਏ ਜਾਣੇ ਚਾਹੀਦੇ ਹਨ।

1. ਟੈਕਸਟ ਕਿਤਾਬਾਂ ਅਤੇ ਸਿਖਿਆ ਪ੍ਰਾਪਤੀ ਸਬੰਧਿਤ ਸਾਮਾਨ ਪੂਰਾ ਹੋਣਾ ਚਾਹੀਦਾ ਹੈ। ਟੈਕਸਟ ਕਿਤਾਬਾ ਅਤੇ ਸਿਖਿਅਕ ਸਾਮਾਨ ਪੂਰੇ ਹੋਣ ਦਾ ਭਾਵ ਹੈ ਕਿ ਕਲਾਸ ਦੇ ਹਰੇਕ ਵਿੱਦਿਆਰਥੀ ਜਿਸ ਵਿੱਚ ਅੰਗਰੇਜ਼ੀ ਸਿਖਣ ਵਾਲੇ ਸ਼ਾਮਿਲ ਹਨ ਕੋਲ ਕਲਾਸ ਵਿੱਚ ਪੜ੍ਹਨ ਲਈ ਅਤੇ ਹੋਮ ਵਰਕ ਕਰਨ ਵਾਸਤੇ ਘਰ ਲਿਜਾਣ ਲਈ ਟੈਕਸਟ ਕਿਤਾਬ ਜਾਂ ਸਿਖਿਆ ਸਬੰਧਿਤ ਸਾਮਾਨ ਜ਼ਰੂਰ ਹੋਣਾ ਚਾਹੀਦਾ ਹੈ।

2. ਸਕੂਲ ਫਸਿਲਟੀਆਂ ਸਾਫ, ਸੁਰੱਖਿਤ, ਅਤੇ ਲਗਾਤਾਰ ਮੁਰੰਮਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

3. ਟੀਚਰਾਂ ਦੀਆਂ ਜਗ੍ਹਾਂ ਨਾ ਤਾਂ ਖਾਲੀ ਰਹਿਣੀਆਂ ਚਾਹੀਦੀਆਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਗਲਤ ਕਲਾਸ ਵਿੱਚ ਪੜ੍ਹਾਉਣ ਲਈ ਰਖਿਆ ਜਾਣਾ ਚਾਹੀਦੀ ਹੈ। ਹਰੇਕ ਕਲਾਸ ਲਈ ਬਹੁਤ ਸਾਰੀਆਂ ਸਬਸਟੀਚਯੁਟਾਂ, ਜਾਂ ਆਰਜ਼ੀ ਸਮੇਂ ਵਾਲੀਆਂ ਟੀਚਰਾਂ ਨਹੀਂ ਬਲਕਿ ਪੱਕੀ ਟੀਚਰ ਨਿਸ਼ਚਿਤ ਹੋਣੀ ਚਾਹੀਦੀ ਹੈ। ਟੀਚਰ ਕੋਲ ਕਲਾਸ ਨੂੰ ਪੜ੍ਹਾਉਣ ਲਈ ਸਹੀ ਕ੍ਰੈਡੈਨਸ਼ੀਅਲ ਹੋਣੇ ਚਾਹੀਦੇ ਹਨ, ਅਤੇ ਜੇਕਰ ਉਸ ਕਲਾਸ ਵਿੱਚ ਅੰਗਰੇਜ਼ੀ ਸਿਖਣ ਵਾਲੇ ਹਨ ਤਾਂ ਟੀਚਰ ਕੋਲ ਅੰਗਰੇਜ਼ੀ ਸਿਖਣ ਵਾਲਿਆਂ ਨੂੰ ਪੜ੍ਹਾਉਣ ਦੀ ਸਰਟੀਫਿਕੇਸ਼ਨ ਵੀ ਹੋਣੀ ਚਾਹੀਦੀ ਹੈ।

   *ਟੀਚਰ ਦੀ ਖਾਲੀ ਜਗ੍ਹਾ (ਵੇਕੈਂਸੀ)* ਦਾ ਭਾਵ ਹੈ, ਇੱਕ ਪੋਈਸ਼ਨ ਜਿਸ ਲਈ ਇੱਕ ਨਿਸ਼ਚਿਤ (ਡੈਜ਼ੀਗਨੇਟਡ) ਸਰਟੀਫਿਕੇਟ ਵਾਲੇ ਕਰਮਚਾਰੀ ਦੀ ਲੋੜ ਹੈ, ਪਰ ਉਸ ਨੂੰ ਪੂਰਾ ਕਰਨ ਦੀ ਬਜਾਏ ਉਹ ਜਗ੍ਹਾ ਪੂਰੇ ਸਾਲ ਲਈ ਸਾਲ ਦੇ ਸ਼ੁਰੂ ਤੋਂ ਖਾਲੀ ਰਹਿਣੀ। ਜਾਂ ਜੇਕਰ ਉਹ ਪੋਜ਼ੀਸ਼ਨ ਇੱਕ ਸਿਮੈਸਟਰ ਕੋਰਸ ਲਈ ਹੈ, ਅਤੇ ਉਸਨੂੰ ਇੱਕ ਨਿਸ਼ਚਿਤ (ਡੈਜ਼ੀਗਨੇਟਡ) ਸਰਟੀਫਿਕੇਟ ਵਾਲੇ ਕਰਮਚਾਰੀ ਦੀ ਲੋੜ ਹੈ ਅਤੇ ਸਾਲ ਦੇ ਸਿਮੈਸਟਰ ਦੇ ਸ਼ੁਰੂ ਵਿੱਚ ਹੀ ਪੂਰੇ ਸਿਮੈਸਟਰ ਲਈ ਉਸ ਜਗ੍ਹਾ ਨੂੰ ਖਾਲੀ ਰਖਿਆ ਜਾਣਾ।

   *ਮਿਸਅਸਾਇਨਮੈਂਟ (ਇੱਕ ਟੀਚਰ ਰਖਣਾ ਜਿਸ ਕੋਲ ਵਿਸ਼ਾ ਪੜ੍ਹਾਉਣ ਸਬੰਧੀ ਜਾਣਕਾਰੀ ਨਹੀਂ ਹੈ)* ਦਾ ਭਾਵ ਹੈ ਕਿ ਸਰਟੀਫਿਕੇਟ ਵਾਲੇ ਕਰਮਚਾਰੀ ਨੂੰ ਪੜ੍ਹਾਉਣ ਜਾਂ ਸਰਵਿਸ ਕਰਨ ਲਈ ਐਸੀ ਪੱਦਵੀ ਦੇਣੀ ਜਿਸ ਦੇ ਲਈ ਕਰਮਚਾਰੀ ਕੋਲ ਕਾਨੂੰਨੀ ਮਨਜ਼ੂਰਸ਼ੁਦਾ ਸਰਟੀਫਿਕੇਟ ਜਾਂ ਕਰੈਡੈਨਸ਼ੱਲ ਨਹੀਂ ਹਨ, ਜਾਂ ਸਰਟੀਫਿਕੇਟ ਵਾਲੇ ਕਰਮਚਾਰੀ ਨੂੰ ਪੜ੍ਹਾਉਣ ਜਾਂ ਸਰਵਿਸ ਕਰਨ ਲਈ ਐਸੀ ਪੱਦਵੀ ਦੇਣੀ ਜਿਸ ਪੱਦਵੀ ਲਈ ਕਰਮਚਾਰੀ ਨੂੰ ਲਿਖਤੀ ਕਾਨੂੰਨ ਅਨੁਸਾਰ ਅਧਿਕਾਰ ਨਹੀਂ ਹੈ।

4. ਵਿੱਦਿਆਰਥੀਆਂ, ਇਨ੍ਹਾਂ ਵਿੱਚ ਅੰਗਰੇਜ਼ੀ ਸਿਖਣ ਵਾਲੇ ਵੀ ਸ਼ਾਮਿਲ ਹਨ, ਜਿਨ੍ਹਾਂ ਨੇ 12 ਗ੍ਰੇਡ ਦੇ ਅਖੀਰ ਤੱਕ ਹਾਈ ਸਕੂਲ ਐਗਜ਼ਿਟ ਇਮਤਿਹਾਨ ਦਾ ਇਕ ਜਾਂ ਦੋਨੋਂ ਹਿੱਸੇ ਪਾਸ ਨਹੀਂ ਕੀਤੇ ਹਨ, ਉਨ੍ਹਾਂ ਨੂੰ 12 ਗ੍ਰੇਡ ਪੂਰੀ ਕਰਨ ਤੋਂ ਬਾਅਦ ਲਗਾਤਾਰ ਦੋ ਸਿਖਿਅਕ ਸਾਲਾਂ ਲਈ ਹਾਈ ਸਕੂਲ ਐਗਜ਼ਿਟ ਰਇਮਤਿਹਾਨ ਪਾਸ ਕਰਨ ਲਈ ਕੇਂਦ੍ਰਿਤ ਸ਼ਿਕਸ਼ਾ ਅਤੇ ਸੇਵਾਵਾਂ ਹਾਸਲ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ।

5. ਉਪਰ ਲਿਖਤ ਹਰੇਕ ਵਿਸ਼ੇ ਬਾਰੇ ਸ਼ਿਕਾਇਤ ਕਰਨ ਲਈ ਸਕੂਲ ਔਫਿਸ ਜਾਂ ਡਿਸਟ੍ਰਿਕ ਔਫਿਸ ਤੋਂ ਸ਼ਿਕਾਇਤੀ ਫੌਰਮ ਲੈ ਸਕਦੇ ਹੋ ਜਾਂ ਇਹ ਫੌਰਮ ਆਪ ਜੀ ਸਕੂਲ ਜਾਂ ਡਿਸਟ੍ਰਿਕ ਦੀ ਵੈਬ ਸਾਈਟ ਤੋਂ ਡਉਨਲੋਡ ਕਰ ਸਕਦੇ ਹੋ। ਇਸ ਫੌਰਮ ਦੀ ਕੌਪੀ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਦੀ ਵੈਬਸਾਈਟ ਤੋਂ ਵੀ ਡਉਨਲੋਡ ਕਰ ਸਕਦੇ ਹਨ: **http://www.cde.ca.gov/re/cp/uc**

**ਸਟੂਡੈਂਟ ਡਾਇਰੈਕਟਰੀ ਸਬੰਧੀ ਜਾਣਕਰੀ ਪ੍ਰਕਾਸ਼ਿਤ**

ਜਿਸ ਵਿੱਦਿਆਰਥੀ ਦੇ ਮਾਪੇ/ਗਾਰਡੀਅਨ ਡਿਸਟ੍ਰਿਕ ਨੂੰ ਮਨਾਹੀ ਦਾ ਪੱਤਰ ਲਿਖਕੇ ਦਿੰਦੇ ਹਨ ਉਨ੍ਹਾਂ ਦੇ ਬੱਚਿਆਂ ਦੀ ਡਾਇਰੈਕਟਰੀ ਦੀ ਜਾਣਕਾਰੀ ਕਿਸੇ ਨੂੰ ਨਹੀਂ ਦਿੱਤੀ ਜਾਂਦੀ ਹੈ। (ਐਜੂਕੇਸ਼ਨ ਕੋਡ 49073)

ਵਿੱਦਿਆਰਥੀ ਦੇ ਹਿਤ ਨੂੰ ਮਦੇਨਜ਼ਰ ਰਖਕੇ ਡਿਸਟ੍ਰਿਕ ਵਾਲੇ ਪੱਬਲਿਕ ਜਾਂ ਮੁਨਾਫੇ ਤੋਂ ਰਹਿਤ ਪ੍ਰਾਈਵੇਟ ਸੰਸਥਾਵਾਂ ਨੂੰ ਡਾਇਰੈਕਟਰੀ ਦੀ ਨਿਸ਼ਚਿਤ ਜਾਣਕਾਰੀ ਪੂਰੇ ਤੌਰ ਤੇ ਜਾਂ ਥੋੜੀ ਬਹੁਤ ਦੇਣ ਤੋਂ ਮਨਾਹੀ ਕਰ ਸਕਦੇ ਹਨ। (ਐਜੂਕੇਸ਼ਨ ਕੋਡ 49073)

ਮਾਲਕਾਂ, ਸੰਭਾਵੀ ਮਾਲਕਾਂ, ਖਬਰਾਂ ਦੇਣ ਵਾਲਿਆਂ ਦੇ ਪ੍ਰਤੀਨਿਧੀਆਂ, ਵੈਂਡਰਾਂ ਨੂੰ ਜਿਸ ਤਰ੍ਹਾਂ ਕਿ ਡਿਸਟ੍ਰਿਕ ਨਾਲ ਗ੍ਰੈਜੁਏਸ਼ਨ, ਪਰੋਮੋਸ਼ਨ, ਪਿਕਚਰਾਂ, ਸਲਾਨਾ ਬੁਕ ਕਰਨ ਵਾਲੇ ਆਦੀ ਦੇ ਸਿਵਾਏ ਕਿਸੀ ਭੀ ਦੂਜੀਆਂ ਮੁਨਾਫਾ ਕਮਾਉਣ ਵਾਲੀਆਂ ਪ੍ਰਾਈਵੇਟ ਕੰਪਨੀਆਂ ਨੂੰ ਕਿਸੀ ਭੀ ਹਾਲਤ ਵਿੱਚ ਜਾਣਕਾਰੀ ਨਹੀਂ ਦਿੱਤੀ ਜਾਵੇਗੀ। ਜੇਕਰ ਪ੍ਰਾਈਵੇਟ ਸਕੂਲਾਂ ਅਤੇ ਕੌਲਜਾਂ ਨੇ ਵਿੱਦਿਆਰਥੀ ਬਾਰੇ ਜਾਣਕਾਰੀ ਸਿਰਫ਼ ਉਸਦੇ ਸਿੱਖਿਆ ਦੇ ਉਦੇਸ਼ਾਂ ਲਈ ਪ੍ਰਯੋਗ ਕਰਨੀ ਹੈ ਤਾਂ 12 ਵੀਂ ਗ੍ਰੇਡ ਵਿੱਚ ਪੜ੍ਹ ਰਹੇ ਜਾਂ ਪੜ੍ਹ ਚੁਕੇ ਵਿੱਦਿਆਰਥੀਆਂ ਦੇ ਨਾਂ, ਅਤੇ ਪਤੇ ਦਿਤੇ ਜਾਣਗੇ। (ਐਜੂਕੇਸ਼ਨ ਕੋਡ 49073)

ਕਾਨੂੰਨ ਦੀਆਂ ਦੂਜੀਆਂ ਧਾਰਾਂ ਦੇ ਮੁਤਾਬਕ ਵਿੱਦਿਆਰਥੀ ਦੇ ਰਿਕੌਰਡਾਂ ਵਿੱਚੋਂ ਮਾਪਿਆਂ ਦੀ ਸਹਿਮਤੀ ਤੋਂ ਬਗੈਰ ਭੀ ਨੌਨ ਡਾਇਰੈਕਟਰੀ ਜਾਣਕਾਰੀ ਹੇਠ ਲਿਖੀਆਂ ਏਜੰਸੀਆਂ ਨੂੰ ਦਿੱਤੀ ਜਾ ਸਕਦੀ ਹੈ:

--ਜਿਸ ਤਰ੍ਹਾਂ ਕਿ ਡਿਸਟ੍ਰਿਕ ਪਾੱਲਸੀ ਵਿੱਚ ਲਿਖਿਆ ਹੋਇਆ ਹੈ ਕਿ ਜੇਕਰ ਪ੍ਰਮਾਣਕ ਤੌਰ ਤੇ ਸਕੂਲ ਜਾਂ ਡਿਸਟ੍ਰਿਕ ਦੇ ਕਰਮਚਾਰੀਆਂ ਨੂੰ ਸਿੱਖਿਆ ਸਬੰਧੀ ਲੋੜ ਹੈ ਤਾਂ ਜਾਣਕਾਰੀ ਦਿੱਤੀ ਜਾਵੇਗੀ।

--ਜਦੋਂ ਵਿੱਦਿਆਰਥੀ ਇਕ ਡਿਸਟ੍ਰਿਕ ਤੋਂ ਦੂਜੇ ਡਿਸਟ੍ਰਿਕ ਵਿੱਚ ਜਾਵੇ ਤਾਂ ਜਾਣਕਾਰੀ ਦਿੱਤੀ ਜਾਵੇਗੀ।

--ਸਟੇਟ ਅਤੇ ਫੈਡਰੱਲ ਦੇ ਨਿਸ਼ਚਿਤ ਸਿੱਖਿਆ ਦੇ ਪ੍ਰਬੰਧਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

--ਇਮਰਜੰਸੀ ਵੇਲੇ ਵਿੱਦਿਆਰਥੀ ਦੀ ਸਿਹਤ ਅਤੇ ਸੁਰੱਖਿਆ ਲਈ ਨਿਸ਼ਚਿਤ ਕੀਤੇ ਗਏ ਸ਼ਖਸਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

--ਸਕੂਲ ਦੀ ਹਾਜ਼ਰੀ ਦੇ ਬੋਰਡ ਵਾਲਿਆਂ ਨੂੰ ਪੁਨਰਵਿੱਚਾਰ ਕਰਨ ਲਈ ਜਾਣਕਾਰੀ ਦਿੱਤੀ ਜਾਵੇਗੀ।

ਲਾਅ ਵਾਲਿਆਂ ਨੇ ਵਿਸ਼ੇਸ਼ ਤੌਰ ਤੇ ਵੇਰਵਾ ਦਿੱਤਾ ਹੈ ਕਿ ਜਿਹੜੀਆਂ ਭੀ ਏਜੰਸੀਆਂ, ਅਤੇ ਸ਼ਖਸੀਅਤਾਂ ਵਿੱਦਿਆਰਥੀ ਦੇ ਰਿਕੌਰਡਾਂ ਵਿੱਚ ਦਿੱਤੀ ਹੋਈ ਜਾਣਕਾਰੀ ਤੇ ਪੁਨਰਵਿੱਚਾਰ ਕਰਨ ਲਈ ਮੰਗ ਕਰਦੇ ਹਨ, ਤਾਂ ਉਹ ਅਪਣੇ ਕੋਲ ਅਪਨੀ ਫਾਈਲ ਵਿੱਚ ਵਿੱਦਿਆਰਥੀ ਦੇ ਰਿਕੌਰਡ ਬਰਕਰਾਰ ਰੱਖਣਗੇ।

ਜੱਦ ਤੱਕ ਮਾਪੇ ਜਾਂ ਗਾਰਡੀਅਨ, ਲਿਖਤੀ ਇਜਾਜ਼ਤ ਨਾ ਦੇਣ, ਦੂਜੀਆਂ ਏਜੰਸੀਆਂ, ਸ਼ਖਸਾਂ, ਜਾਂ ਸੰਸਥਾਵਾਂ ਵਲੋਂ ਮੰਗ ਕਰਨ ਦੇ ਬਾਵਜੂਦ ਭੀ ਵਿੱਦਿਆਰਥੀ ਬਾਰੇ ਜਾਣਕਾਰੀ ਉਨ੍ਹਾਂ ਨੂੰ ਨਹੀਂ ਦਿੱਤੀ ਜਾਵੇਗੀ। ਮਾਪੇ, ਗਾਰਡੀਅਨ ਜਾਂ 18 ਸਾਲ ਤੋਂ ਵੱਧ ਉਮਰ ਵਾਲੇ ਵਿੱਦਿਆਰਥੀ ਹਰੇਕ ਸਫ਼ੇ ਲਈ.10 ਸੈਂਟ ਦੇਕੇ ਵਿੱਦਿਆਰਥੀ ਦੇ ਰਿਕੌਰਡਾਂ ਦੀ ਕਾਪੀ ਬਣਵਾ ਸਕਦੇ ਹਨ।

ਮੀਡੀਏ ਨੂੰ ਮਾਪੇ ਜਾਂ ਵਿੱਦਿਆਰਥੀ ਜੋ ਕੁਝ ਭੀ ਆਖਦੇ ਹਨ, ਯੂਬਾ ਸਿਟੀ ਯੂਨੀਫਾਇਡ ਸਕੂਲ ਡਿਸਟ੍ਰਿਕ ਵਾਲੇ ਉਸ ਲਈ ਜ਼ੁੰਮੇਵਾਰ ਨਹੀਂ ਹਨ।

**ਡਾਇਰੈਕਟਰੀ ਸਬੰਧੀ ਜਾਣਕਰੀ ਪ੍ਰਕਾਸ਼ਿਤ ( ਬੀ ਪੀ 5125.1, 27 ਜਨਵਰੀ, 2009 ਨੂੰ ਰਿਵਾਈਜ਼ ਕੀਤਾ ਗਿਆ)**

ਗਵਰਨਿੰਗ ਬੋਰਡ ਡਾਇਰੈਕਟਰੀ ਸਬੰਧੀ ਜਾਣਕਾਰੀ ਨੂੰ ਗੁਪਤ ਰੱਖਣ ਦੀ ਮਹੱਤਤਾ ਨੂੰ ਸਮਝਦੇ ਹਨ, ਅਤੇ ਕਨੂੰਨ, ਬੋਰਡ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਹੀ ਕੇਵਲ ਇਸ ਤਰਾਂ ਦੀ ਜਾਣਕਾਰੀ ਪ੍ਰਦਾਨ ਕਰਦੇ ਹਨ।

ਬੋਰਡ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਕਸੀਅਤ ਨਿਉਜ਼ ਮੀਡੀਆ ਜਾਂ ਨਨ ਪ੍ਰੌਫਿਟ ਆਰਗੇਨਾਈਜ਼ੇਸ਼ਨ ਦੇ ਪ੍ਰਤੀਨਿਧ ਨੂੰ ਸਟੂਡੈਂਟ ਡਾਇਰੈਕਟਰੀ ਸਬੰਧੀ ਜਾਣਕਾਰੀ ਪਰਦਾਨ ਕਰਦੇ ਹਨ।

ਸੁਪਰਿੰਨਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਕਸੀਅਤ ਵਿੱਦਿਆਰਥੀ ਦੇ ਹਿਤ ਨੂੰ ਮਦੇਨਜ਼ਰ ਰਖਕੇ ਪੱਬਲਿਕ ਜਾਂ ਮੁਨਾਫੇ ਤੋਂ ਰਹਿਤ ਪ੍ਰਾਈਵੇਟ ਸੰਸਥਾਵਾਂ ਨੂੰ ਡਾਇਰੈਕਟਰੀ ਦੀ ਨਿਸ਼ਚਿਤ ਜਾਣਕਾਰੀ ਪੂਰੇ ਤੌਰ ਤੇ ਜਾਂ ਥੋੜੀ ਬਹੁਤ ਦੇਣ ਤੋਂ ਮਨਾਹੀ ਕਰ ਸਕਦੇ ਹਨ। (ਐਜੂਕੇਸ਼ਨ ਕੋਡ 49073)

ਕਾਲਜ ਅਤੇ ਭਵਿਖ ਵਿੱਚ ਨੌਕਰੀ ਦੇਣ ਵਾਲੇ, ਜਿਹਨਾ ਵਿੱਚ ਸ਼ਾਮਿਲ ਹਨ; ਮਿਲਟਰੀ ਰਿਕਰੁਟਰਜ਼ , ਡਾਇਰੈਕਟਰੀ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਮਿਲਟਰੀ ਰਿਕਰੂਟਰਜ਼ ਵਿਦਿਆਰਥੀ ਦਾ ਨਾਮ, ਪਤਾ, ਟੈਲੀਫੋਨ ਨੰਬਰ, ਲੈ ਸਕਦੇ ਹਨ ਜਦੋਂ ਤੱਕ ਬੋਰਡ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਮਾਪਿਆਂ/ਗਾਰਡੀਅਨਾ ਵੱਲੋਂ ਇਹ ਸਾਰੀ ਜਾਣਕਾਰੀ ਕਿਸੇ ਨੂੰ ਵੀ ਨਾ ਦੇਣ ਲਈ ਲਿਖਤੀ ਨੋਟਿਸ ਨਾ ਦਿੱਤਾ ਗਿਆ ਹੋਵੇ। ( 20 ਯੂ ਐਸ ਸੀ 7908; 10 ਯੂ ਐਸ ਸੀ 503; ਐਜੂਕੇਸ਼ਨ ਕੋਡ 49603)

ਬੋਰਡ ਪਾਲਸੀ ਅਤੇ ਪ੍ਰਬੰਧਕੀ ਰੈਗੂਲੇਸ਼ਨ ਦੇ ਅਨੁਸਾਰ ਸਿਰਫ ਨਿਉਜ਼ ਮੀਡੀਆ ਅਤੇ ਭਵਿਖ ਵਿੱਚ ਨੌਕਰੀ ਦੇਣ ਵਾਲਿਆਂ ਨੂੰ ਛੱਡ ਕੇ ਕਿਸੇ ਵੀ ਹਾਲਾਤਾਂ ਵਿੱਚ ਡਾਇਰੈਕਟਰੀ ਸਬੰਧੀ ਜਾਣਕਾਰੀ, ਪਾਈਵੇਟ, ਪ੍ਰੌਫਿਟ-ਬਣਾਉਣ ਵਾਲੀ ਕੰਪਨੀ ਨੂੰ ਨਹੀਂ ਦਿੱਤੀ ਜਾਵੇਗੀ। ਪ੍ਰਾਈਵੇਟ ਸਕੂਲਾਂ ਅਤੇ ਕੌਲਜਾਂ ਨੇ ਵਿੱਦਿਆਰਥੀ ਬਾਰੇ ਜਾਣਕਾਰੀ ਸਿਰਫ਼ ਉਸਦੇ ਸਿੱਖਿਆ ਦੇ ਉਦੇਸ਼ਾਂ ਲਈ ਪ੍ਰਯੋਗ ਕਰਨੀ ਹੈ ਤਾਂ 12 ਵੀਂ ਗ੍ਰੇਡ ਵਿੱਚ ਪੜ੍ਹ ਰਹੇ ਜਾਂ ਪੜ੍ਹ ਚੁਕੇ ਵਿੱਦਿਆਰਥੀਆਂ ਦੇ ਨਾਂ, ਅਤੇ ਪਤੇ ਦਿਤੇ ਜਾਣਗੇ। (ਐਜੂਕੇਸ਼ਨ ਕੋਡ 49073)

**ਡਾਇਰੈਕਟਰੀ ਸਬੰਧੀ ਜਾਣਕਰੀ ਪ੍ਰਕਾਸ਼ਿਤ ( ਬੀ ਪੀ 5125.1 13 ਅਪ੍ਰੈਲ, 2010 ਨੂੰ ਪ੍ਰਵਾਨਿਤ ਕੀਤਾ ਗਿਆ)**

**ਪ੍ਰੀਭਾਸ਼ਾ**

ਡਾਇਰੈਕਟਰੀ ਸਬੰਧੀ ਜਾਣਕਾਰੀ ਦਾ ਅਰਥ ਹੈ, ਜਿਸ ਵਿੱਚ ਵਿਦਿਆਰਥੀ ਦੀ ਸਿਖਿਆ ਸਬੰਧੀ ਸਾਰੇ ਰਿਕਾਰਡ ਜਿਹਨਾ ਨੂੰ ਆਮ ਕਰਕੇ ਨੁਕਸਾਨ ਕਰਨ ਵਾਲੇ ਨਹੀਂ ਸਮਝਿਆ ਜਾਂਦਾ ਜਾਂ ਪ੍ਰਕਾਸ਼ਿਤ ਕੀਤੇ ਜਾਣ ਤੇ ਕਿਸੇ ਦੀ ਪ੍ਰਾਈਵੇਸੀ ਤੇ ਹਮਲਾ ਨਹੀਂ ਸਮਝਿਆ ਜਾਂਦਾ। ਅਜਿਹੀ ਵਿਦਿਆਰਥੀ ਸਬੰਧੀ ਜਾਣਕਾਰੀ ਵਿੱਚ ਹੇਠ ਲਿਖੀਆਂ ਗੱਲਾਂ ਹੋ ਸਕਦੀਆਂ ਹਨ: ( 34 ਸੀ ਐਫ ਆਰ 99 .3; ਐਜੂਕੇਸ਼ਨ ਕੋਡ 49061)

1) ਨਾਮ

2) ਚਿੱਠੀ ਪਾਉਣ ਦਾ ਪਤਾ

3) ਟੈਲੀਫੋਨ ਨੰਬਰ

4) ਈ-ਮੇਲ ਦਾ ਪਤਾ

5) ਜਨਮ ਦੀ ਤਾਰੀਖ ਅਤੇ ਜਗ੍ਹਾ

6) ਪੜ੍ਹਾਈ ਦਾ ਖੇਤਰ

7) ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਸ਼ਮੂਲੀਅਤ

8) ਐਥਲੈਟਿਕ ਟੀਮ ਮੈਂਬਰਾਂ ਦੇ ਭਾਰ ਅਤੇ ਉੱਚਾਈ

9) ਹਾਜ਼ਰੀ ਦੀਆਂ ਤਾਰੀਖਾਂ

10) ਪ੍ਰਾਪਤ ਕੀਤੇ ਇਨਾਮ ਅਤੇ ਡਿਗਰੀਆਂ

11) ਹਾਲ ਵਿੱਚ ਹੀ ਕਿਹੜੇ ਸਕੂਲ ਵਿੱਚ ਹਾਜ਼ਰੀ ਭਰੀ ਹੈ।

**ਮਾਪਿਆਂ/ਗਾਰਡੀਅਨਾ ਨੂੰ ਨੋਟੀਫਿਕੇਸ਼ਨ**

ਹਰੇਕ ਸਕੂਲੀ ਸਾਲ ਦੇ ਸ਼ੁਰੂ ਵਿੱਚ, ਸਾਰੇ ਮਾਪਿਆਂ/ਗਾਰਡੀਅਨਾ ਨੂੰ ਸਕੂਲ ਅਤੇ ਡਿਸਟ੍ਰਿਕਟ ਦੀਆਂ ਡਾਇਰੈਕਟਰੀ ਦੀਆਂ ਸ਼੍ਰੇਣੀਆਂ ਸਬੰਧੀ ਜਾਣਕਾਰੀ, ਪ੍ਰਕਾਸ਼ਿਤ ਕੀਤੇ ਜਾਣ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਇਸ ਨੋਟੀਫਿਕੇਸ਼ਨ ਵਿੱਚ ਮਾਪਿਆਂ/ਗਾਰਡੀਅਨਾ ਦੇ ਉਸ ਹੱਕ ਬਾਰੇ ਵੀ ਜਾਣਕਾਰੀ ਹੋਵੇਗੀ, ਜਿਸ ਵਿੱਚ ਉਹ ਡਿਸਟ੍ਰਿਕਟ ਨੂੰ ਡਾਇਰੈਕਟਰੀ ਸਬੰਧੀ ਥੋੜੀ ਜਾਂ ਸਾਰੀ ਜਾਣਕਾਰੀ ਕਿਸੇ ਨੂੰ ਦੇਣ ਤੋਂ ਮਨਾਂ ਕਰ ਸਕਦੇ ਹਨ। ਇਸ ਨੋਟਿਸ ਵਿੱਚ ਉਸ ਸਮੇਂ ਬਾਰੇ ਵੀ ਜਾਣਕਾਰੀ ਹੋਵੇਗੀ ਜਿਸ ਵਿੱਚ ਮਾਪਿਆਂ/ਗਾਰਡੀਅਨਾ ਨੂੰ ਲਿਖਤੀ ਨੋਟਿਸ ਦੇਣਗੇ ਕਿ ਉਹ ਆਪਣੇ ਵਿਦਿਆਰਥੀ ਬਾਰੇ ਡਾਇਰੈਕਟਰੀ ਨਾਲ ਸਬੰਧਿਤ ਥੋੜੀ ਜਾਂ ਸਾਰੀ ਜਾਣਕਾਰੀ ਕਿਸੇ ਨੂੰ ਨਹੀਂ ਦੇਣਾ ਚਾਹੁੰਦੇ।

ਸੁਪਰਿੰਟੈਂਡੈਂਟ ਜਾਂ ਉਹਨਾ ਵੱਲੋਂ ਨਿਯੁਕਤ ਕੀਤੀ ਸ਼ਕਸੀਅਤ ਮਾਪਿਆਂ/ਗਾਰਡੀਅਨਾ ਨੂੰ ਸੂਚਿਤ ਕਰਨਗੇ ਕਿ ਡਿਸਟ੍ਰਿਕਟ ਉਹਨਾ ਵੱਲੋਂ ਲਿਖਤੀ ਨੋਟਿਸ ਮਿਲਣ ਤੋਂ ਪਹਿਲਾਂ ਉਹਨਾ ਦੇ ਬੱਚੇ/ਬੱਚੀ ਦਾ ਨਾਮ, ਪਤਾ, ਟੈਲਫਿਨ ਨੰਬਰ ਮਿਲਟਰੀ ਰਿਕਰੁਟਰਜ਼, ਜਾਂ ਭਵਿਖ ਵਿੱਚ ਨੌਕਰੀ ਦੇਣ ਵਾਲਿਆਂ ਨੂੰ ਨਹੀਂ ਦੇਣਗੇ। (20 ਯੂ ਐਸ ਸੀ 7908)

**ਮਾਪਿਆਂ/ਗਾਰਡੀਅਨਾ ਦੀ ਸਹਿਮਤੀ**

ਜਿਸ ਵਿਦਿਆਰਥੀ ਦੇ ਮਾਪਿਆਂ/ਗਾਰਡੀਅਨਾ ਨੇ ਡਿਸਟ੍ਰਿਕਟ ਨੂੰ ਡਾਇਰੈਕਟਰੀ ਸਬੰਧੀ ਜਾਣਕਾਰੀ ਨਾ ਪ੍ਰਕਾਸ਼ਿਤ ਕੀਤੇ ਜਾਣ ਬਾਰੇ ਲਿਖਤੀ ਨੋਟਿਸ ਦਿੱਤਾ ਹੈ , ਉਸ ਵਿਦਿਆਰਥੀ ਦੇ ਮਾਪਿਆਂ/ਗਾਰਡੀਅਨਾ ਦੀ ਸਹਿਮਤੀ ਤੋਂ ਬਿਨਾ ਕੋਈ ਵੀ ਜਾਣਕਾਰੀ ਪ੍ਰਕਾਸ਼ਿਤ ਨਹੀਂ ਕੀਤੀ ਜਾਵੇਗੀ। (ਐਜੂਕੇਸ਼ਨ ਕੋਡ 49073; 20 ਯੂ ਐਸ ਸੀ 1232 ਜੀ; 20 ਯੂ ਐਸ ਸੀ 7908)

ਪਹਿਲਾ ਰਹਿ ਚੁੱਕੇ ਵਿਦਿਆਰਥੀ ਲਈ, ਡਿਸਟ੍ਰਿਕਟ ਲਗਾਤਾਰ ਕਿਸੇ ਵੀ ਉਚਿੱਤ ਬੇਨਤੀ ਦਾ ਮਾਣ ਰੱਖੇਗਾ, ਜਿਸ ਡਾਇਰੈਕਟਰੀ ਸਬੰਧੀ ਜਾਣਕਾਰੀ ਨਾ ਪ੍ਰਕਾਸ਼ਿਤ ਕੀਤੇ ਜਾਣ ਬਾਰੇ ਲਿਖਤੀ ਨੋਟਿਸ ਵਿਦਿਆਰਥੀ ਵੱਲੋਂ ਡਿਸਟਿਕਟ ਵਿੱਚ ਹਾਜ਼ਰੀ ਸਮੇਂ ਦਿੱਤਾ ਗਿਆ ਸੀ, ਜਦੋਂ ਤੱਕ ਇਹ ਬੇਨਤੀ ਰੱਦ ਨਾ ਕੀਤੀ ਗਈ ਹੋਵੇ।

**ਮਿਲਟਰੀ ਵਿੱਚ ਰਿਕਰੁਟ ਕਰਨ ਵਾਲੇ ਬਾਰੇ ਸੂਚਨਾ ਦੇਣੀ**

2001 ਦੇ ਐਕਟ "ਕੋਈ ਵੀ ਬੱਚਾ ਪਿਛੇ ਨਾ ਰਹੇ" ਦੀ ਸ਼ਰਤ ਅਨੁਸਾਰ ਸਕੂਲ ਡਿਸਟ੍ਰਿਕਟ ਅਪਣੇ ਹਾਈ ਸਕੂਲ ਜਾਂ ਸਕੂਲਾਂ ਦੇ ਵਿੱਦਿਆਰਥੀਆਂ ਦੇ ਨਾਂ, ਪਤੇ, ਅਤੇ ਟੈਲੀਫੋਨ ਨੰਬਰ ਮਿਲਟਰੀ ਕਿਰੁਟਰ ਵਲੋਂ ਬੇਨਤੀ ਕਰਨ ਤੇ ਉਸ ਨੂੰ ਦੇਣਗੇ ਸਿਵਾਏ ਇਸਦੇ ਕਿ ਮਾਪਿਆਂ ਨੇ ਪਹਿਲਾਂ ਹੀ ਲਿਖਕੇ ਦਿਤਾ ਹੋਇਆ ਹੈ ਕਿ ਉਨ੍ਹਾਂ ਦੀ ਲਿਖਤੀ ਸਹਿਮਤੀ ਤੋਂ ਬਗੈਰ ਜਾਣਕਾਰੀ ਨਹੀਂ ਦਿਤੀ ਜਾਵੇਗੀ। ਮਾਪਿਆਂ ਕੋਲ ਇੰਝ ਬੇਨਤੀ ਕਰਨ ਦੀ ਚੋਇਸ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਸਬੰਧੀ ਜਾਣਕਾਰੀ ਮਿਲਟਰੀ ਰਿਕਰੁਟਰ ਨਾ ਦਿਤੀ ਜਾਵੇ ਤੁਸੀਂ ਇਸਦੇ ਬਾਰੇ ਸੂਚਨਾ ਅਪਣੇ ਬੱਚੇ ਦੇ ਸਕੂਲ ਵਾਲਿਆਂ ਨੂੰ ਲ਼ਿਖਕੇ ਦੇ ਦਿਉ। ਜੇਕਰ ਤੁਹਾਡਾ ਬੱਚਾ ਯੂਬਾ ਸਿਟੀ ਹਾਈ ਸਕੂਲ ਵਿੱਚ ਪੜ੍ਹਦਾ ਹੈ ਤਾਂ ਅਗਲੇ ਪਤੇ ਵਾਲਿਆਂ ਨੂੰ ਲਿਖ ਸਕਦੇ ਹੋ: ਯੂਬਾ ਸਿਟੀ ਹਾਈ ਸਕੂਲ, ਅਟੈਨਸ਼ਨ: ਪ੍ਰਿੰਸੀਪਲ, 850 ਬੀ ਸਟ੍ਰੀਟ, ਯੁਬਾ ਸਿਟੀ, ਕੈਲੀਫਰਨੀਆ 95991. ਅਤੇ ਜੇਕਰ ਤੁਹਾਡਾ ਬੱਚਾ ਰਿਵਰ ਵੈਲੀ ਹਾਈ ਸਕੂਲ ਵਿੱਚ ਪੜ੍ਹਦਾ ਹੈ ਤਾਂ ਪਤਾ ਹੈ: ਰਿਵਰ ਵੈਲੀ ਹਾਈ ਸਕੂਲ, ਅਟੈਨਸ਼ਨ: ਪ੍ਰਿੰਸੀਪਲ, 801 ਐਲ ਮਾਰਗਰੀਟਾ ਰੋਡ, ਯੂਬਾ ਸਿਟੀ, ਕੈਲੀਫੋਰਨੀਆ 95993. ਜੇਕਰ ਆਪ ਜੀ ਦਾ ਬੱਚਾ ਐਲਬਰਟ ਪੋਲ ਹਾਈ ਸਕੂਲ ਆਲਟਰਨੇਟ ਹਾਈ ਸਕੂਲ ਵਿੱਚ ਪੜ੍ਹਦਾ ਹੈ ਤਾਂ ਪਤਾ ਹੈ: ਐਲਬਰਟ ਪੋਲ ਹਾਈ ਸਕੂਲ, 1875 ਕਲਾਰਕ ਐਵਿਨਿਉ, ਯੂਬਾ ਸਿਟੀ, ਕੈਲੀਫੋਰਨੀਆ, 85991

**ਸਟੂਡੈਂਟ ਰਿਕਾਰਡਜ਼ (ਬੋਰਡ ਪੌਲਸੀ 5125 – 13 ਅਪ੍ਰੈਲ, 2010 ਨੂੰ ਅਪਣਾਈ ਗਈ)**

(ਵਿੱਦਿਆਰਥੀ ਦੇ ਰਿਕੌਰਡਾਂ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਵਾਸਤੇ ਏ ਆਰ 5125 ਵੇਖੋ)

ਗਵਰਨਿੰਗ ਬੋਰਡ ਵਾਲੇ ਕਾਨੂੰਨੀ ਸ਼ਰਤ ਅਨੁਸਾਰ ਵਿੱਦਿਆਰਥੀ ਦੇ ਰਿਕੌਰਡਾਂ ਨੂੰ ਸਹੀ, ਅਤੇ ਸਰਬਪੱਖੀ ਰਖਣ ਦੀ ਮਹਤੱਤਾ ਨੂੰ ਸਮਝਦੇ ਹਨ। ਵਿੱਦਿਆਰਥੀਆਂ ਦੇ ਰਿਕੌਰਡ ਗੁਪਤ ਰਖਣ ਦੀ ਕਿਰਿਆ ਸਟੇਟ ਅਤੇ ਫੈਡਰਲ ਲਾਅ ਦੇ ਅਨੁਸਾਰ ਹੋਵੇਗੀ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਯਕੀਨੀ ਬਣਾਉਣਗੇ ਕਿ ਡਿਸਟ੍ਰਿਕਟ ਦਾ ਪ੍ਰਬੰਧਕੀ ਰੈਗੂਲੇਸ਼ਨ ਅਤੇ ਸਕੂਲ ਸਾਈਟ ਦੀ ਕਾਨੂੰਨੀ ਕਾਰਵਾਈ ਅਤੇ ਵਿੱਦਿਆਰਥੀਆਂ ਦੇ ਰਿਕੌਰਡ ਗੁਪਤ ਰਖਣ ਦੀ ਕਿਰਿਆ ਸਟੇਟ ਅਤੇ ਫੈਡਰਲ ਲਾਅ ਦੇ ਅਨੁਸਾਰ ਹੋਵੇਗੀ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਵਿੱਦਿਆਰਥੀ ਦੇ ਰਿਕੌਰਡਾਂ ਦੀ ਪਛਾਣ, ਹੁਲੀਆ, ਅਤੇ ਸੁਰੱਖਿਆ ਸਬੰਧੀ ਕਾਰਜ-ਪ੍ਰਣਾਲੀ ਸਥਾਪਿਤ ਕਰਨ ਇਸਦੇ ਲਈ ਉਹ ਬੋਰਡ ਕੋਲੋਂ ਮਨਜ਼ੂਰੀ ਲੈਣ ਅਤੇ ਇਸਦੇ ਨਾਲ-ਨਾਲ ਮਨਜ਼ੂਰਸ਼ੁਦਾ ਸ਼ਖਸੀਅਤਾਂ ਨੂੰ ਸਮੇਂ ਸਿਰ ਰਿਕੌਰਡਾਂ ਤੱਕ ਪਹੁੰਚਣ ਦੀ ਜਾਣਕਾਰੀ ਵੀ ਸ਼ਾਮਿਲ ਹੈ। ਮਾਪਿਆਂ ਵਲੋਂ ਵਿੱਦਿਆਰਥੀ ਦੇ ਰਿਕੌਰਡਾਂ ਤੇ ਪੁਨਰ-ਵਿਚਾਰ, ਨਿਰੀਖਣ, ਅਤੇ ਫੋਟੋਕੌਪੀ ਕਰਨ ਵਾਲੇ ਅਧੀਕਾਰ ਨੂੰ ਇਹ ਕਾਰਜ-ਪ੍ਰਣਾਲੀ ਯਕੀਨੀ ਬਣਾਵੇਗੀ, ਅਤੇ ਵਿੱਦਿਆਰਥੀ ਅਤੇ ਉਸਦੇ ਪਰਵਾਰ ਦੇ ਪ੍ਰਾਈਵੇਸੀ ਸਬੰਧੀ ਹੱਕ ਨੂੰ ਬਰਕਰਾਰ ਰਖੇਗੀ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਇਕ ਸਰਟੀਫਿਕੇਟ ਵਾਲੇ ਕਰਮਚਾਰੀ ਨੂੰ ਰਿਕੌਰਡਾਂ ਦੇ ਕਸਟੋਡੀਅਨ ਦੇ ਤੌਰ ਤੇ ਨਿਯੁਕਤ ਕਰਨਗੇ ਜਿਸਦੀ ਜ਼ੁਮੇਵਾਰੀ ਹੋਵੇਗੀ ਡਿਸਟ੍ਰਿਕ ਪੱਧਰ ਤੇ ਵਿੱਦਿਆਰਥੀ ਦੇ ਰਿਕੌਰਡਾਂ ਦੀ ਦੇਖ-ਰੇਖ ਕਰਨੀ। ਹਰੇਕ ਸਕੂਲ ਵਿੱਚ, ਪ੍ਰਿੰਸੀਪੱਲ ਜਾਂ ਸਰਟੀਫਿਕੇਟ ਵਾਲੇ ਸ਼ਖਸ ਦਾਖਲ ਵਿੱਦਿਆਰਥੀਆਂ ਦੇ ਰਿਕੌਰਡਾਂ ਦੇ ਬਤੌਰ ਕਸਟੋਡੀਅਨ ਕੰਮ ਕਰਨਗੇ। ਵਿੱਦਿਆਰਥੀ ਦੇ ਰਿਕੌਰਡਾਂ ਸਬੰਧੀ ਬੋਰਡ ਪੌਲਸੀ ਅਤੇ ਪ੍ਰਬੰਧਕੀ ਕਾਰਜ-ਪ੍ਰਣਾਲੀ ਲਾਗੂ ਕਰਨ ਦੀ ਜ਼ੁਮੇਵਾਰੀ ਰਿਕੌਰਡਾਂ ਦੇ ਕਸਟੋਡੀਅਨ ਦੀ ਹੋਵੇਗੀ। (5 ਸੀ ਸੀ ਆਰ 431)

**ਨੋਟੀਫਿਕੇਸ਼ਨ ਔਫ ਰਾਈਟਸ ਅੰਡਰ ਦਾ ਪ੍ਰੋਟੈਕਸ਼ਨ ਔਫ ਪਿਊਪੱਲ ਰਾਈਟਸ (ਵਿੱਦਿਆਰਥੀ ਦੇ ਹੱਕਾਂ ਦੀ ਰੱਖਿਆ ਤਹਿਤ ਹੱਕਾਂ ਬਾਰੇ ਸੂਚਨਾਪੱਤਰ ਭੇਜਣਾ) (PPRA)**

ਪੀ ਪੀ ਆਰ ਏ ਮਾਪਿਆਂ ਅਤੇ ਵਿੱਦਿਆਰਥੀਆਂ ਜੋ ਅਠ੍ਹਾਰਾਂ ਸਾਲ ਦੇ ਹਨ ਜਾਂ ਸੁਤੰਤਰ ਹਨ ("ਪਾਤਰਤਾ ਦੇ ਹਕਦਾਰ ਵਿੱਦਿਆਰਥੀ") ਨੂੰ ਕੁਝ ਹੱਕ ਪ੍ਰਦਾਨ ਕਰਦਾ ਹੈ, ਇਨ੍ਹਾਂ ਹੱਕਾਂ ਦਾ ਸੰਬੰਧ ਸਰਵੇਖਨ ਕਰਨ ਦੇ ਤਰੀਕਿਆਂ, ਮਾਰਕਟ ਕਰਨ ਦੇ ਮਕਸਦ ਨਾਲ ਇਕੱਠੀ ਅਤੇ ਵਰਤੀ ਜਾਣ ਵਾਲੀ ਜਾਣਕਾਰੀ ਅਤੇ ਨਿਸ਼ਚਿਤ ਸ਼ਰੀਰਕ ਮੁਆਇਨੇ ਨਾਲ ਹੈ। ਇਨ੍ਹਾਂ ਵਿੱਚ ਸ਼ਾਮਿਲ ਹਨ ਇਹ ਹੱਕ:

- ਜੇਕਰ ਪੂਰੇ ਜਾਂ ਅੱਧੇ ਸਰਵੇਖਨ ਲਈ ਯੁਨਾਈਟੱਡ ਸਟੇਟਸ ਡਿਪਾਰਟਮੈਂਟ ਔਫ ਐਜੂਕੇਸ਼ਨ ਦੇ ਪ੍ਰੋਗਰਾਮ ਵਲੋਂ ਪੈਸੇ ਮਿਲੇ ਹਨ ਤਾਂ ਸਰਵੇਖਨ ਜਿਸ ਦਾ ਸੰਬੰਧ ਹੇਠ ਲਿਖੇ ਇੱਕ ਜਾਂ ਉਸ ਤੋਂ ਵੱਧ ਰੱਖਿਤ ਖੇਤਰਾਂ ( "ਪ੍ਰੋਟੈਕਟੱਡ ਇਨਫੱਰਮੇਸ਼ਨ ਸੱਰਵੇ"( ਸਰਵੇਖਨ ਦੀ ਜਾਣਕਾਰੀ ਸੁਰੱਖਿਤ ਰਖਣ) ਨਾਲ ਹੈ ਤਾਂ ਵਿੱਦਿਆਰਥੀਆਂ ਦਾ ਸਰਵੇਖਨ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਉਸ ਲਈ ਸਹਿਮਤੀ ਦੇਣ ਦਾ ਹੱਕ ਹੈ।

    1. ਵਿੱਦਿਆਰਥੀ ਜਾਂ ਉਸਦੇ ਮਾਪਿਆਂ ਦੇ ਰਾਜਨਿਤਕ ਸੰਬੰਧ ਜਾਂ ਵਿੱਚਾਰ;
    2. ਵਿੱਦਿਆਰਥੀ ਜਾਂ ਉਸਦੇ ਪਰਵਾਰ ਦੀ ਮਾਨਸਿਕ ਸਥਿਤੀ ਜਾਂ ਮਨੋ ਵਿਗਿਆਨਕ ਸਮੱਸਿਆਵਾਂ;
    3. ਸੈਕਸ ਰਵੱਈਆ ਜਾਂ ਮਨੋਬਿਰਤੀ;
    4. ਗੈਰਕਾਨੂੰਨੀ, ਸਮਾਜ ਦੇ ਵਿਪਰੀਤ, ਅਪਣੇ-ਆਪ ਨੂੰ ਦੋਸ਼ੀ ਠਹਿਰਾਉਣਾ, ਜਾਂ ਅਪਮਾਨਜਨਕ ਵਤੀਰਾ;
    5. ਦੂਜਿਆਂ ਦੀ ਸਮਾਲੋਚਕ ਜਾਂਚ ਕਰਨੀ ਜਿਨ੍ਹਾਂ ਨਾਲ ਉੱਤਰਦਾਤਾ ਦੇ ਗੂੜ੍ਹੇ ਪਰਵਾਰਕ ਸੰਬੰਧ ਹਨ
    6. ਵਿਸ਼ੇਸ਼ ਅਧਿਕਰਿਤ ਸੰਬੰਧਾ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੋਣੀ;
    7. ਵਿੱਦਿਆਰਥੀ ਜਾਂ ਉਸਦੇ ਮਾਪਿਆਂ ਦੇ ਧਾਰਮਿਕ, ਸੰਬੰਧ, ਜਾਂ ਵਿੱਚਾਰ;
    8. ਕਨੂੰਨੀ ਲੋੜ ਅਨੁਸਾਰ ਪ੍ਰੋਗਰਾਮ ਸਬੰਧੀ ਯੋਗਤਾ ਤੋਂ ਇਲਾਵਾ ਆਮਦਨ।

- ਨੋਟਿਸ ਪ੍ਰਾਪਤ ਕਰਨ ਅਤੇ ਮੌਕਾ ਮਿਲਣ ਲਈ ਤਾਂਕਿ ਅਗੇ ਲਿਖਿਆਂ ਚੋਂ ਵਿੱਦਿਆਰਥੀ ਨੂੰ ਕੱਢ ਸਕਣ --

    1. ਫੰਡਿੰਗ ਤੇ ਧਿਆਨ ਦਿੱਤੇ ਬਗੈਰ, ਦੂਜੇ ਰੱਖਿਤ ਜਾਣਕਾਰੀ ਸਰਵੇਖਣ(ਪ੍ਰੋਟੈਕਟੱਡ ਇਨਫੱਰਮੇਸ਼ਨ ਸੱਰਵੇ),;
    2. ਹਰੇਕ ਅਣ-ਇਮਰਜੈਂਸੀ, ਆਕ੍ਰਮਣਕਾਰੀ ਸ਼ਰੀਰਕ ਮੁਆਇਨਾ ਜਾਂ ਐਕਸਰੇ ਜੋ ਕਿ ਦਾਖਲੇ ਦੀ ਸ਼ਰਤ ਹੈ, ਸਕੂਲ ਜਾਂ ਉਸ ਦੇ ਏਜੰਟ ਵਲੋਂ ਕੀਤੀ ਜਾਵੇ, ਅਤੇ ਉਹ ਵਿੱਦਿਆਰਥੀ ਦੀ ਸਿਹਤ ਅਤੇ ਸੁਰੱਖਿਆ ਨੂੰ ਬਚਾਉਣ ਦੀ ਤਤਕਾਲੀ ਲੋੜ ਨਹੀਂ ਹੈ, ਸਿਵਾਏ ਸੁਣਨ, ਵੇਖਣ ਜਾਂ ਸਕੋਲਿਓਸਿਸ ਐਕਸਰੇ ਦੇ, ਜਾਂ ਹਰੇਕ ਸ਼ਰੀਰਕ ਮੁਆਇਨਾ ਜਾਂ ਐਕਸਰੇ ਜਿਸ ਲਈ ਸਟੇਟ ਵਲੋਂ ਇਜਾਜ਼ਤ ਹੈ ਜਾਂ ਸਟੇਟ ਨੂੰ ਉਸਦੀ ਲੋੜ ਹੈ;ਅਤੇ
    3. ਕਾਰਵਾਈਆਂ ਜਿਨਾਂ ਦਾ ਸੰਬੰਧ ਜਾਣਕਾਰੀ ਇਕੱਠਾ ਕਰਨ , ਪ੍ਰਗਟ, ਜਾਂ ਮਾਰਕਟ ਕਰਨ ਲਈ ਵਿੱਦਿਆਰਥੀਆਂ ਦੀ ਵਿਅਕਤੀਗਤ ਜਾਣਕਾਰੀ ਪ੍ਰਯੋਗ ਕਰਨ, ਜਾਂ ਵੇਚਨ, ਜਾਂ ਦੂਜਿਆਂ ਨੂੰ ਦੇਣ ਨਾਲ ਹੈ।

• ਜਾਂਚ ਕਰਨੀ, ਬੇਨਤੀ ਕਰਨ ਅਤੇ ਪ੍ਰਦਾਨ ਕਰਨ ਜਾਂ ਇਸਤੇਮਾਲ ਕਰਨ ਤੋਂ ਪਹਿਲਾਂ

1. ਵਿੱਦਿਆਰਥੀਆਂ **ਦੀ** ਰੱਖਿਤ ਜਾਣਕਾਰੀ ਸਰਵੇਖਣ(ਪ੍ਰੋਟੈਕਟੱਡ ਇਨਫੱਰਮੇਸ਼ਨ ਸੱਰਵੇ)

2. ਉਪਰ ਲਿਖੀਆਂ, ਮਾਰਕਟ ਕਰਨ, ਜਾਂ ਵਿਕਰੀ, ਜਾਂ ਦੂਜਿਆਂ ਨੂੰ ਦੇਣ ਚੋਂ ਕਿਸੇ ਇੱਕ ਮਕਸਦ ਲਈ ਵਿੱਦਿਆਰਥੀਆਂ ਕੋਲੋਂ ਵਿਅਕਤੀਗਤ, ਜਾਣਕਾਰੀ ਪ੍ਰਾਪਤ ਕਰਨ ਲਈ ਜਿਹੜੇ ਇਨਸਟਰੂਮੈਂਟ ਪ੍ਰਯੋਗ ਕੀਤੇ ਜਾਂਦੇ ਹਨ;ਅਤੇ

3. ਸਿੱਖਿਆ ਦੇਣ ਲਈ ਸਿੱਖਿਆ ਸੰਬਧੀ ਜਿਹੜਾ ਸਮਾਨ ਪ੍ਰਯੋਗ ਕੀਤਾ ਜਾਂਦਾ ਹੈ।

ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਵਾਲੇ, ਇਨ੍ਹਾਂ ਹੱਕਾਂ ਦੇ ਸੰਬੰਧ ਵਿੱਚ, ਮਾਪਿਆਂ ਨਾਲ ਸਲਾਹ ਕਰਕੇ, ਪੌਲਸੀਆਂ ਵਿਕਸਤ ਕਰਦੇ ਹਨ ਅਤੇ ਅਪਣਾਉਂਦੇ ਹਨ, ਇਸਦੇ ਨਾਲ-ਨਾਲ ਉਹ ਰੱਖਿਤ ਸਰਵੇਖਣ ਪ੍ਰਦਾਨ ਅਤੇ ਇਕੱਤ੍ਰਿਤ ਕਰਨ ਵੇਲੇ, ਪਰਗਟ ਕਰਨ ਸਮੇਂ, ਜਾਂ ਵਿਅਕਤੀਗਤ ਜਾਣਕਾਰੀ ਮਾਰਕਟਿੰਗ, ਵਿਕਰੀ, ਜਾਂ ਵੰਡਣ ਸਬੰਧੀ ਹੋਰ ਮਕਸਦਾਂ ਲਈ ਪ੍ਰਯੋਗ ਕਰਨ ਸਮੇਂ, ਵਿੱਦਿਆਰਥੀ ਦੀ ਪ੍ਰਾਈਵੇਸੀ ਨੂੰ ਸੁਰੱਖਿਤ ਰਖਣ ਦਾ ਪ੍ਰਬੰਧ ਕਰਦੇ ਹਨ। ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਵਾਲੇ, ਸਕੂਲ ਸ਼ੁਰੂ ਹੋਣ ਸਮੇਂ ਮਾਪਿਆਂ ਅਤੇ ਪਾਤਰਤਾ ਦੇ ਹਕਦਾਰ ਵਿੱਦਿਆਰਥੀਆਂ ਨੂੰ ਇਨ੍ਹਾਂ ਪੌਲਸੀਆਂ ਅਤੇ ਉਸ ਤੋਂ ਬਾਅਦ ਇਨ੍ਹਾਂ ਵਿੱਚ ਕੀਤੀਆਂ ਗਈਆਂ ਤਬਦਲੀਆਂ ਬਾਰੇ ਸਿੱਧਾ ਨੋਟਿਸ ਭੇਜਦੇ ਹਨ। ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਵਾਲੇ ਯੂ ਐਸ ਡਾਕ ਰਾਹੀਂ, ਜਾਂ ਈ ਮੇਲ ਰਾਹੀਂ, ਉਨ੍ਹਾਂ ਵਿੱਦਿਆਰਥੀਆਂ ਦੇ ਮਾਪਿਆਂ ਨੂੰ ਸਿੱਧੀ ਸੂਚਨਾ ਭੇਜਣਗੇ ਜਿਨ੍ਹਾਂ ਨੇ ਨਿਸ਼ਚਤ ਕਿਰਿਆਵਾਂ ਜਾਂ ਸਰਵੇਖਣਾਂ ਜਿਨ੍ਹਾਂ ਦੇ ਬਾਰੇ ਹੇਠਾਂ ਲਿਖਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਇਹ ਵੀ ਦਸਿਆ ਜਾਵੇ ਕਿ ਮਾਪੇ ਅਪਣੇ ਬੱਚੇ ਨੂੰ ਉਨ੍ਹਾਂ ਨਿਸ਼ਚਤ ਕਿਰਿਆਵਾਂ ਅਤੇ ਸਰਵੇਖਣਾਂ ਵਿੱਚ ਹਿੱਸਾ ਲੈਣ ਤੋਂ ਮਨਾਹੀ ਵੀ ਕਰ ਸਕਦੇ ਹਨ। ਜੇਕਰ ਯੂਬਾ ਸਿਟੀ ਯੂਨਫਿਾਈਡ ਸਕੂਲ ਡਿਸਟ੍ਰਿਕਟ ਨੂੰ ਸਕੂਲੀ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਨਿਸ਼ਚਿਤ ਕਿਰਿਆਵਾਂ ਜਾਂ ਸਰਵੇਖਣਾਂ ਦੇ ਬਾਰੇ ਪਤਾ ਲਗ ਜਾਂਦਾ ਹੈ ਤਾਂ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਵਾਲੇ ਕਿਰਿਆਵਾਂ ਅਤੇ ਸਰਵੇਖਣਾਂ ਦੀ ਸੰਭਾਵੀ ਤਾਰੀਖਾਂ ਅਤੇ ਸਮੇਂ ਬਾਰੇ ਹਿੱਸਾ ਲੈਣ ਵਿੱਦਿਆਰਥੀਆਂ ਦੇ ਮਾਪਿਆਂ ਨੂੰ ਵੀ ਸੂਚਨਾ ਦੇਣ। ਹੇਠਾਂ ਲਿਸਟ ਕੀਤੀਆਂ ਗਈਆਂ ਕਿਰਿਆਵਾਂ ਅਤੇ ਸਰਵੇਖਣ ਜੋ ਸਕੂਲ ਸ਼ੁਰੂ ਹੋਣ ਤੋਂ ਬਾਅਦ ਅਯੋਜਿਤ ਕੀਤੇ ਜਾਣੇ ਹਨ ਉਨ੍ਹਾਂ ਬਾਰੇ ਵਿੱਦਿਆਰਥੀਆਂ ਦੇ ਮਾਪਿਆਂ ਜਾਂ ਗਾਰਡੀਅਨਾਂ ਨੂੰ ਸਮੇਂ ਤੇ ਜਾਣਕਾਰੀ ਜ਼ਰੂਰ ਦਿਤੀ ਜਾਵੇ ਤਾਂਕਿ ਜੇ ਉਹ ਅਪਣੇ ਬੱਚੇ ਨੂੰ ਉਨ੍ਹਾਂਕਿਰਿਆਵਾਂ ਅਤੇ ਸਰਵੇਖਣਾਂ ਚੋਂ ਛੋਟ ਲੈਣਾ ਚਾਹੁੰਦੇ ਹੋਣ ਤਾਂ ਉਹ ਛੋਟ ਲੈ ਸਕਣ। ਮਾਪਿਆਂ ਨੂੰ ਹੋਰ ਇਹੋ ਜਹੀਆਂ ਵਿਚਾਰ ਕਰਨ ਵਾਲੀਆਂ ਦੂਜੀਆਂ ਕਿਰਿਆਂ ਅਤੇ ਸਰਵੇਖਣਾਂ ਦੇ ਬਾਰੇ ਵੀ ਸੂਚਨਾ ਦੇਣੀ ਲਾਜ਼ਮੀ ਹੈ।

- ਇਕੱਤ੍ਰਿਤ ਕਰਨੀ, ਪਰਗਟ ਕਰਨੀ, ਜਾਂ ਵਿਅਕਤੀਗਤ ਜਾਣਕਾਰੀ ਮਾਰਕਟਿੰਗ, ਵਿਕਰੀ, ਜਾਂ ਵੰਡਣ ਲਈ ਪ੍ਰਯੋਗ ਕਰਨੀ।

- ਬਗੈਰ ਬਚਾਉ ਜਾਣਕਾਰੀ ਸਰਵੇਖਣ (ਅਨਪ੍ਰੋਟੈਕਟੱਡ ਇਨਫੱਰਮੇਸ਼ਨ ਸਰਵੇ) ਕਰਨਾ, ਜਿਸ ਨੂੰ ਪੂਰੀ ਤਰ੍ਹਾਂ ਜਾਂ ਕੁਝ ਹਿਸਿਆਂ ਲਈ ਡਿਪਾਰਟਮੈਂਟ ਔਫ ਐਜੂਕੇਸ਼ਨ ਨਾ ਪੈਸੇ ਦਿੱਤੇ ਹੋਣ।

- ਉਪਰ ਲਿਖਿਤ ਹਰੇਕ ਅਣ-ਇਮਰਜੈਂਸੀ, ਆਕ੍ਰਮਣਕਾਰੀ ਸ਼ਰੀਰਕ ਮੁਆਇਨਾ ਜਾਂ ਐਕਸਰੇ।

ਜੇਕਰ ਮਾਪੇ/ਪਾਤਰਤਾ ਦੇ ਯੋਗ ਵਿੱਦਿਆਰਥੀ ਯਕੀਨੀ ਤੌਰ ਤੇ ਸਮਝਣ ਕਿ ਉਨ੍ਹਾਂ ਦੇ ਹੱਕਾਂ ਦੀ ਉਲੰਘਣਾ ਹੋਈ ਹੈ ਤਾਂ ਉਹ ਹੇਠ ਲਿਖਿਆਂ ਕੋਲ ਸ਼ਿਕਾਇਤ ਦਰਜ ਕਰ ਸਕਦੇ ਹਨ:

ਫੈਮਲੀ ਪੌਲਸੀ ਕਮਪਲਾਇੰਸ ਔਫਿਸ
ਯੂ. ਐਸ. ਡਿਪਾਰਟਮੈਂਟ ਔਫ ਐਜੂਕੇਸ਼ਨ
400 ਮੈਰੀਲੈਂਡ ਐਵਿਨਿਉ, ਐਸ ਡਬਲਯੂ
ਵਾਸ਼ਿੰਗਟੱਨ, ਡੀ ਸੀ 20202-4605

**ਨਿਸ਼ਚਤ ਕਿਰਿਆਵਾਂ ਵਿੱਚ ਹਿੱਸਾ ਲੈਣ ਲਈ (PPRA)ਸਹਿਮਤੀ/ਹਿੱਸਾ ਨਾ ਲੈਣ ਦੀ ਛੋਟ**

ਪੀ ਪੀ ਆਰ ਐਮ ਦਾ ਮਤਲਬ ਹੈ ਪ੍ਰੋਟੈਕਸ਼ਨ(ਗੁਪਤ ਰਖਣਾ) ਔਫ(ਦੀ) ਪਿਉਪਲ(ਵਿੱਦਿਆਂਰਥੀ) ਰਾਈਟਸ(ਹੱਕ) ਅਮੈਂਡਮੈਂਟ(ਸੰਸ਼ੋਧਨ) , 20 ਯੂ ਐਸ ਸੀ, ਸੈਕਸ਼ਨ 1232 ਏਚ, ਦੀ ਸ਼ਰਤ ਹੈ ਕਿ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਵਾਲੇ ਸਕੂਲ ਦੀਆਂ ਉਨ੍ਹਾਂ ਸਾਰੀਆਂ ਸਪੈਸ਼ਲ ਕਿਰਿਆਵਾਂ ਬਾਰੇ ਸਮੇਂ ਸਿਰ ਸੂਚਨਾ ਦੇਣ ਜਿਨ੍ਹਾਂ ਬਾਰੇ ਮਾਪਿਆਂ ਨੇ ਅਪਣੇ ਬੱਚੇ ਵਲੋਂ ਹਿਸਾ ਲੈਣ ਬਾਰੇ ਸਹਿਮਤੀ ਦੇਣ ਜਾਂ ਛੋਟ ਬਾਰੇ ਫੈਸਲਾ ਲੈਣਾ ਹੋਵੇ। ਇਨ੍ਹਾਂ ਕਿਰਿਆਵਾਂ ਵਿੱਚ ਇਹ ਸੱਬ ਸ਼ਾਮਿਲ ਹਨ, ਸਟੂਡੈਂਟ ਸਰਵੇਖਣ, ਵਿਸ਼ਲੇਸ਼ਨ, ਜਾਂ ਉਹ ਸਾਰੇ ਮੁਲਾਂਕਣ ਜਿਨ੍ਹਾਂ ਦਾ ਸਬੰਧ ਹੇਠ ਲਿਖੇ (ਪ੍ਰੋਟੈਕਟਡ ਜਾਣਕਾਰੀ ਸਬੰਧਿਤ ਸਰਵੇਖਣ) ਅੱਠ ਖੇਤਰਾਂ ਨਾਲ ਹੈ:

1. ਵਿੱਦਿਆਰਥੀ ਦੇ ਨਿਜੀ ਜਾਂ ਉਸਦੇ ਮਅਪਿਆਂ ਦੇ ਸਿਆਸਤੀ ਵਿਚਾਰ ਅਤੇ ਉਨ੍ਹਾਂ ਦਾ ਸਿਆਸਤੀ ਝੁਕਾਉ।

2. ਵਿੱਦਿਆਰਥੀ ਜਾਂ ਉਸਦੇ ਮਅਪਿਆਂ ਦੀ ਮਾਨਸਿਕ ਜਾਂ ਮਨੋਵਿਗਿਆਨਕ ਸਮੱਸਿਆਵਾਂ।

3. ਲਿੰਗ(ਸੈਕਸ) ਵਿਹਾ, ਜਾਂ ਰਵਈਆ।

4. ਗੈਰ ਕਨੂੰਨੀ, ਸਮਾਜ-ਵਿਰੋਧੀ, ਆਤਮ-ਦੋਸ਼ ਅਰੋਪੀ ਜਾਂ ਘਾਟ ਮਹਿਸੂਸ ਕਰਨ ਸਬੰਧੀ ਵਿਹਾਰ।

5. ਦੂਜੇ ਦਾ ਅਲੋਚਨਾਤਮਕ ਢੰਗ ਨਾਲ ਮੁਲਾਂਕਣ ਕਰਨਾ ਜਦਕਿ ਉਸ ਉੱਤਰਦਾਤਾ ਦੇ ਉਹਦੇ ਨਾਲ ਬਹੁਤ ਨਜ਼ਦੀਕੀ ਪਰਵਾਰਕ ਸਬੰਧ ਹਨ।

6. ਕਨੂੰਨੀ ਤੌਰ ਤੇ ਵਿਸ਼ੇਸ਼ ਅਧਿਕਾਰ ਹਾਸਲ ਕਰਨ ਵਾਲੇ ਰਿਸ਼ਤੇਦਾਰ, ਜਿਸ ਤਰ੍ਹਾਂ ਕਿ ਵਕੀਲ, ਡੌਕਟਰ ਜਾਂ ਮਿਨਿਸਟਰ।

7. ਧਾਰਮਕ ਕਾਰਵਾਈ, ਵਿੱਦਿਆਰਥੀ ਜਾਂ ਉਸਦੇ ਮਾਪਿਆਂ ਦੇ ਨਿਜੀ ਵਿਚਾਰ ਜਾਂ ਝੁਕਾਉ ਜਾਂ

8. ਆਮਦਨ, ਪ੍ਰੋਗਰਾਮ ਵਿੱਚ ਹਿੱਸਾ ਲੈਣ ਦੀ ਯੋਗਤਾ ਬਾਰੇ ਫੈਸਲਾ ਕਰਨ ਲਈ ਦੂਜੀਆਂ ਸ਼ਰਤਾਂ ਜੋ ਕਿ ਕਨੂੰਨੀ ਸ਼ਰਤ ਹਨ।

ਇਸ ਸ਼ਰਤ ਵਿੱਚ ਇਹ ਵੀ ਸ਼ਾਮਿਲ ਹੈ, ਵਿੱਦਿਆਰਥੀ ਸਬੰਧਿਤ ਜਾਣਕਾਰੀ ਇਕੱਠੀ ਕਰਨੀ ਜਾਂ "ਮਾਰਕਟ ਸਰਵੇਖਣ" ਦੇ ਮਕਸਦ ਲਈ ਦਸਣੀ ਜਾਂ ਇਸਤੇਮਾਲ ਕਰਨੀ ਅਤੇ ਕੁਝ ਨਿਸ਼ਚਿਤ ਸ਼ਰੀਰਕ ਜਾਂਚਾਂ, ਜਾਂ ਐਕਸ ਰੇ ਵੀ ਸ਼ਾਮਿਲ ਹੈ।

ਜੋ ਕਿਰਿਆਵਾਂ ਅਤੇ ਸਰਵੇਖਣਾਂ ਸਕੂਲੀ ਸਾਲ ਸ਼ੁਰੂ ਹੋਣ ਤੋਂ ਬਾਅਦ ਹੋਣੀਆਂ ਨਿਸ਼ਚਤ ਹੋਈਆਂ ਹਨ, ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ, ਉਨ੍ਹਾਂ ਕਿਰਿਆਵਾਂ ਅਤੇ ਸਰਵੇਖਣਾਂ ਦੇ ਸ਼ੁਰੂ ਹੋਣ ਤੋਂ ਕਾਫੀ ਸਮਾਂ ਪਹਿਲਾਂ ਜਾ ਜਾਇਜ਼ ਸਮੇਂ ਦੇ ਅੰਦਰ-ਅੰਦਰ ਮਾਪਿਆਂ ਨੂੰ ਸੂਚਨਾ ਦੇਣਗੇ ਤਾਂਕਿ ਅਪਣੇ ਬੱਚੇ ਵਲੋਂ ਉਨ੍ਹਮ ਵਿੱਚ ਹਿੱਸਾ ਲੇਣ ਲਈ ਸਹਿਮਤੀ ਜਾਂ ਉਨ੍ਹਾਂ ਲਈ ਛੋਟ ਵਾਸਤੇ ਫੈਸਲਾ ਕਰਨ ਦਾ ਮੌਕਾ ਮਿਲ ਸਕੇ।

**ਫੈਮਲੀ ਐਜੁਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ(FERPA) ਦੇ ਤਹਿਤ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਲਈ ਹੱਕਾਂ ਬਾਰੇ ਸੂਚਨਪੱਤਰ**

ਫੈਮਲੀ ਐਜੁਕੇਸ਼ਨੱਲ ਰਾਈਟਸ ਐਂਡ ਪਰਾਇਵੇਸੀ ਐਕਟ (FERPA) [ਪਰਵਾਰਕ ਸਿਖਿਅਕ ਹੱਕ ਅਤੇ ਗੁਪਤ ਰਖਣ ਸੰਬਧੀ ਕਾਨੂੰਨ] ਅਠ੍ਹਾਰਾਂ ਸਾਲ ਤੋਂ ਵੱਧ ਊਮਰ ਦੇ ਵਿੱਦਿਆਰਥੀਆਂ ਅਤੇ ਮਾਪਿਆਂ ਨੂੰ ਵਿੱਦਿਆਰਥੀ ਦੇ ਸਿਖਿਅਕ ਰਿਕੌਰਡਾਂ ਦੇ ਸਬੰਧ ਵਿੱਚ ਕੁਝ ਹੱਕ ਪ੍ਰਦਾਨ ਕਰਦਾ ਹੈ। ਇਹ ਹੱਕ ਹਨ:

1. ਵਿੱਦਿਆਰਥੀ ਦੇ ਸਿਖਿਆ ਸਬੰਧੀ ਰਿਕੌਰਡਾਂ ਤੇ ਪੁਨਰਵਿੱਚਾਰ ਅਤੇ ਉਨ੍ਹਾਂ ਦਾ ਨਿਰੀਖਨ ਕਰਨ ਦਾ ਹੱਕ, ਸਕੂਲ ਨੂੰ ਬੇਨਤੀ ਪੱਤਰ ਮਿਲਣ ਵਾਲੇ ਦਿਨ ਤੋਂ ਬਾਅਦ 45 ਦਿਨਾਂ ਦੇ ਵਿੱਚ-ਵਿੱਚ ਉਨ੍ਹਾਂ ਤੱਕ ਪਹੁੰਚ। ਮਾਪੇ ਅਤੇ ਪਾਤਰ ਵਿੱਦਿਆਰਥੀ, ਜਿਹੜੇ ਰ੍ਰਿਕੌਰਡਾਂ ਦਾ ਨਿਰੀਖਣ ਕਰਨਾ ਚਾਹੁੰਦੇ ਹਨ ਉਨ੍ਹਾਂ ਬਾਰੇ ਸਕੂਲ ਪ੍ਰਿੰਸੀਪੱਲ (ਜਾਂ ਢੁੱਕਵੇਂ ਸਕੂਲ ਕਰਮਚਾਰੀ) ਨੂੰ ਲਿਖਤੀ ਬੇਨਤੀ ਕਰੇ। ਸਕੂਲ ਕਰਮਚਾਰੀ ਰਿਕੌਰਡਾਂ ਦੀ ਉਪਲਬਧੀ ਦਾ ਪ੍ਰਬੰਧ ਕਰਨ, ਅਤੇ ਮਾਪਿਆਂ ਜਾਂ ਪਾਤਰ ਵਿੱਦਿਆਰਥੀ ਨੂੰ ਰਿਕੌਰਡ ਨਿਰੀਖਣ ਕਰਨ ਵਾਲੀ ਜਗ੍ਹਾ ਅਤੇ ਸਮੇਂ ਬਾਰੇ ਸੂਚਨਾ ਦੇਣ।

2. ਵਿੱਦਿਆਰਥੀ ਦੇ ਸਿਖਿਆ ਸਬੰਧੀ ਜਿਨ੍ਹਾਂ ਰਿਕੌਰਡਾਂ ਨੂੰ ਮਾਪੇ ਅਤੇ ਪਾਤਰ ਵਿੱਦਿਆਰਥੀ ਗ਼ਲਤ ਸਮਝਦੇ ਹਨ, ਉਨ੍ਹਾਂ ਰਿਕੌਰਡਾਂ ਵਿੱਚ ਸੰਸ਼ੋਧਨ ਕਰਨ ਲਈ ਬੇਨਤੀ ਕਰਨ ਦਾ ਹੱਕ। ਮਾਪੇ ਅਤੇ ਪਾਤਰ ਵਿੱਦਿਆਰਥੀ ਜਿਹੜੇ ਰਿਕੌਰਡਾਂ ਨੂੰ ਗ਼ਲਤ ਸਮਝਦੇ ਹਨ, ਉਹ ਉਨ੍ਹਾਂ ਰਿਕੌਰਡਾਂ ਵਿੱਚ ਸੰਸ਼ੋਧਨ ਕਰਨ ਲਈ ਸਕੂਲ ਵਾਲਿਆਂ ਨੂੰ ਸੰਸ਼ੋਧਨ ਕਰਨ ਲਈ ਕਹਿ ਸਕਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਰਿਕੌਰਡ ਦੇ ਜਿਸ ਹਿੱਸੇ ਵਿੱਚ ਸੰਸ਼ੋਧਨ ਕਰਵਾਉਣਾ ਚਾਹੁੰਦੇ ਹਨ ਉਸ ਬਾਰੇ ਸਕੂਲ ਪ੍ਰਿੰਸੀਪੱਲ (ਜਾਂ ਢੁੱਕਵੇਂ ਸਕੂਲ ਕਰਮਚਾਰੀ) ਨੂੰ ਲਿਖਣ, ਅਤੇ ਇਹ ਭੀ ਲਿਖਣ ਕਿ ਉਸ ਵਿੱਚ ਕੀ ਗ਼ਲਤ ਹੈ ਅਤੇ ਉਹ ਕਿਉਂ ਕਰ ਗ਼ਲਤ ਹੈ। ਜੇਕਰ ਸਕੂਲ ਵਾਲੇ ਮਾਪੇ ਅਤੇ ਪਾਤਰ ਵਿੱਦਿਆਰਥੀ ਵਲੋਂ ਬੇਨਤੀ ਕੀਤੇ ਗਏ ਰਿਕੌਰਡ ਸੰਬੱਧੀ ਫੈਸਲਾ ਕਰਦੇ ਹਨ ਕਿ ਉਸ ਵਿੱਚ ਸੰਸ਼ੋਧਨ ਨਹੀਂ ਕੀਤਾ ਜਾਵੇਗਾ ਤਾਂ ਉਹ ਮਾਪੇ ਅਤੇ ਪਾਤਰ ਵਿੱਦਿਆਰਥੀ ਨੂੰ ਅਪਣੇ ਫੈਸਲੇ ਬਾਰੇ ਸੂਚਨਾ ਦੇਣ ਅਤੇ ਉਨ੍ਹਾਂ ਨੂੰ ਰਿਕੌਰਡ ਵਿੱਚ ਸੰਸ਼ੋਧਨ ਕਰਵਾਉਣ ਸਬੰਧੀ ਸੁਣਵਾਈ ਦੇ ਹੱਕ ਬਾਰੇ ਜਾਣਕਾਰੀ ਦੇਣ। ਮਾਪੇ ਅਤੇ ਪਾਤਰ ਵਿੱਦਿਆਰਥੀ ਨੂੰ ਜਦੋਂ ਸੁਣਵਾਈ ਦੇ ਹੱਕ ਬਾਰੇ ਜਾਣਕਾਰੀ ਭੇਜੀ ਜਾਵੇ ਤਾਂ ਊਨ੍ਹਾਂ ਨੂੰ ਸੁਣਵਾਈ ਦੇ ਸਾਰੇ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ।

3. ਵਿੱਦਿਆਰਥੀ ਦੇ ਸਿੱਖਿਅਕ ਰਿਕੌਰਡਾਂ ਵਿੱਚ ਜਿਸ ਜਾਣਕਾਰੀ ਦਾ ਸੰਬੰਧ ਉਸਦੇ ਵਿਅਕਤੀਤਵ ਨਾਲ ਹੈ ਉਸਨੂੰ ਉਸ ਜਾਣਕਾਰੀ ਦਾ ਪਰਗਟਾ ਕਰਨ ਲਈ ਅਪਣੀ ਸਹਿਮਤੀ ਦੇਣ ਦਾ ਹੱਕ ਹੈ, ਸਿਵਾਏ ਸਕੂਲ ਕਰਮਚਾਰੀਆਂ ਦੇ, ਜਿਨ੍ਹਾਂ ਦੀ ਸਿੱਖਿਅਕ ਰਿਕੌਰਡਾਂ ਵਿੱਚ ਸੀਮਿਤ ਅਤੇ ਜਾਇਜ਼ ਦਿਲਚਸਪੀ ਹੈ ਤਾਂ ਫੈਮਲੀ ਐਜੁਕੇਸ਼ਨੱਲ ਰਾਈਟਸ ਐਂਡ ਪਰਾਇਵੇਸੀ ਐਕਟ (FERPA)ਦੇ ਤਹਿਤ ਸਿਰਫ ਦਿਲਚਸਪੀ ਵਾਲੇ ਰਿਕੌਰਡਾਂ ਦਾ ਪਰਗਟਾ ਹੀ ਕਰ ਸਕਦੇ ਹਨ। ਸਕੂਲ ਕਰਮਚਾਰੀ, ਉਹ ਸ਼ਖਸ ਹੈ ਜਿਸਨੂੰ ਸਕੂਲ ਨੇ ਇੱਕ ਪ੍ਰਬੰਧਕ, ਸੁਪਰਵਾਈਜ਼ਰ, ਇਨਸਟਰੱਕਟਰ, ਜਾਂ ਸਪੋਰਟ ਸਟਾਫ ਮੈਂਬਰ ( ਜਿਸ ਵਿੱਚ ਹੈਲਥ ਜਾਂ ਮੈਡੀਕਲ ਸਟਾਫ ਅਤੇ ਲਾਅ ਇਨਫੋਰਸਮੈਂਟ ਯੁਨਿਟ ਵਾਲੇ ਭੀ ਸ਼ਾਮਿਲ ਹਨ) ਨੂੰ ਨੌਕਰੀ ਦਿੱਤੀ ਹੈ, ਸਕੂਲ ਬੋਰਡ ਤੇ ਸਰਵੇ ਕਰਨ ਵਾਲੇ ਸ਼ਖਸ ਭੀ ਇਸ ਵਿੱਚ ਹਨ, ਇੱਕ ਸ਼ਖਸ ਜਾਂ ਕੰਪਨੀ ਜਿਸ ਨੂੰ ਸਕੂਲ ਨੇ ਨਿਸ਼ਚਿਤ ਕੰਮ ਕਰਨ ਦਾ ਠੇਕਾ ਦਿੱਤਾ ਹੈ, (ਜਿਸ ਤਰ੍ਹਾਂ ਕਿ ਅਟੱਰਨੀ, ਔਡਿਟੱਰ, ਮੈਡੀਕਲ ਸਲਾਹਕਾਰ, ਜਾਂ ਥੈਰਾਪਿਸਟ) ਜਾਂ ਇੱਕ ਮਾਪਾ ਜਾਂ ਵਿੱਦਿਆਰਥੀ ਜਿਹੜਾ ਕਿ ਕਿਸੀ ਉਫਿਸ਼ਿਅਲ ਕਮੇਟੀ ਤੇ ਸੱਰਵ ਕਰੇ, ਜਿਸ ਤਰ੍ਹਾਂ ਕਿ ਡਿਸਿਪਲਿਨ ਸਬੰਧੀ, ਗ੍ਰੀਵੈਂਸ ਕਮੇਟੀ(ਸ਼ਿਕਾਇਤ ਸੁਣਨ ਵਾਲੀ), ਜਾਂ ਸਕੂਲ ਵਿੱਚ ਦੂਜੇ ਸਕੂਲ ਕਰਮਚਾਰੀ ਦੇ ਕੰਮ ਵਿੱਚ ਉਸਦੀ ਮਦੱਦ ਕਰੇ। ਸਕੂਲ ਕਰਮਚਾਰੀ ਦੀ ਸਿਖਿੱਅਕ ਦਿਲਚਸਪੀ ਨੂੰ ਜਾਇਜ਼ ਸਮਝਿਆ ਜਾਂਦਾ ਹੈ ਜਦੋਂ ਕਰਮਚਾਰੀ ਨੂੰ ਅਪਣੀ ਸਿਖਿਅਕ ਜ਼ੁੰਮੇਵਾਰੀ ਦੀ ਲੋੜ ਦੇ ਸੰਬੰਧ ਵਿੱਚ ਰਿਕੌਰਡਾਂ ਤੇ ਪੁਨਰਵਿੱਚਾਰ ਕਰਨ ਦੀ ਲੋੜ ਹੋਵੇ। (ਸਵੈਇੱਛਾ) ਮੰਗ ਕਰਨ ਤੇ, ਸਕੂਲ ਵਾਲੇ ਬਗੈਰ ਸਹਿਮਤੀ ਦੇ ਦੂਜੇ ਸਕੂਲ ਡਿਸਟ੍ਰਿਕ, ਜਿਸ ਵਿੱਚ ਵਿੱਦਿਆਰਥੀ ਦਾਖਲ ਹੈ ਜਾਂ ਦਾਖਲਾ ਲੈਣ ਦੀ ਇੱਛਾ ਕਰ ਰਿਹਾ ਹੈ, ਦੇ ਕਰਮਚਾਰੀਆਂ ਨੂੰ ਸਕੂਲ ਰਿਕੌਰਡ ਦੇ ਸਕਦੇ ਹਨ। (ਨੋਟ ਕਰੋ: FERPA ਦੀ ਲੋੜ ਅਨੁਸਾਰ ਮਾਪਿਆਂ ਜਾਂ ਵਿੱਦਿਆਰਥੀ ਨੂੰ ਰਿਕੌਰਡਾਂ ਦੀ ਬੇਨਤੀ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ, ਸਿਵਾਏ ਇਸ ਦੇ ਕਿ ਉਸਦੇ ਸਲਾਨਾ ਸੂਚਨਾਪੱਤਰ ਵਿੱਚ ਇਹ ਲਿਖਿਆ ਹੋਇਆ ਹੈ ਕਿ ਮੰਗ ਕਰਨ ਤੇ ਉਸਦੇ ਰਿਕੌਰਡ ਅਗਾਂਹ ਭੇਜੇ ਜਾਣਗੇ)। ਯੂਬਾ ਸਿਟੀ ਯੁਨੀਫਾਈਡ ਸਕੂਲ ਡਿਸਟ੍ਰਿਕ ਵਾਲੇ ਵਿੱਦਿਆਰਥੀ ਦੇ ਰਿਕੌਰਡ ਸਿਰਫ ਉਦੋਂ ਵਿਕਸਤ ਕਰਦੇ ਹਨ ਜਦੋਂ ਵਿੱਦਿਆਰਥੀ ਦੂਜੇ ਸਕੂਲ ਵਿੱਚ ਦਾਖਲਾ ਲਵੇ ਅਤੇ ਦੂਜੇ ਸਕੂਲ ਵਾਲੇ ਉਸ ਵਿੱਦਿਆਰਥੀ ਦੇ ਰਿਕੌਰਡਾਂ ਲਈ ਮੰਗ ਕਰਨ।

4. ਜੇ ਸਕੂਲ ਡਿਸਟ੍ਰਿਕ FERPA ਦੀਆਂ ਲੋੜਾਂ ਪੂਰੀਆਂ ਨਾ ਕਰੇ ਤਾਂ ਤੁਹਾਨੂੰ ਅਯੂ ਐਸ ਡਿਪਾਰਟਮੈਂਟ ਔਫ ਐਜੁਕੇਸ਼ਨ ਨੂੰ ਸ਼ਿਕਾਇਤ ਕਰਨ ਦਾ ਹੱਕ ਹੈ: ਜਿਹੜਾ ਔਫਿਸ FERPA ਅਯੋਜਿਤ ਕਰਦੇ ਹਨ ਅਤੇ ਪ੍ਰਬੰਧਕਾਂ ਦੇ ਨਾਂ ਹੇਠਾਂ ਲਿਖੇ ਹਨ:

ਫੈਮਲੀ ਪੋਲੀਸ ਕੱਮਪਲਾਇੰਸ ਔਫਿਸ
ਯੂ ਐਸ ਡਿਪਾਰਟਮੈਂਟ ਔਫ ਐਜੁਕੇਸ਼ਨ
400 ਮੈਰੀਲੈਂਡ ਐਵਿਨਿਉ, ਐਸ ਡਬਲਯੂ
ਵਸ਼ਿੰਗਟੱਨ , ਡੀ ਸੀ 20202-4605

## ਇੰਟਰਨੈਟ

**ਇੰਟਰਨੈਟ – ਸਟੂਡੈਂਟ ਯੂਜ਼ ਆਫ ਟੈਕਨੋਲੋਜੀ (ਬੋਰਡ ਪੌਲਸੀ 6163.4 , 13 ਅਪ੍ਰੈਲ, 2010 ਨੂੰ ਅਪਨਾਈ ਗਈ)**
ਗਵਰਨਿੰਗ ਬੋਰਡ ਮਨਦਾ ਹੈ ਕਿ ਡਿਸਟਿਰਕਟ ਵੱਲੋਂ ਪ੍ਰਦਾਨ ਕੀਤੇ ਜਾਂਦੇ ਟਕਨੌਲੋਜੀ ਦੇ ਸਾਧਨਾਂ ਦਾ ਸੁਰੱਖਿਅਕ, ਜ਼ਿੰਮੇਵਾਰੀ ਅਤੇ ਠੀਕ ਢੰਗ ਨਾਲ ਪਰਯੋਗ ਹੋਵੇ ਅਤੇ ਵਿਦਿਆਰਥੀਆਂ ਦੇ ਸਿਖਿਅਕ ਪ੍ਰੋਗਰਾਂਮਾ ਨੂੰ ਮਦਦ ਮਿਲੇ ਅਤੇ ਵਿੱਦਿਆਰਥੀਆਂ ਦੀ ਸਿਖਲਾਈ ਵਿੱਚ ਵਾਧਾ ਹੋ ਸਕੇ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਵਿਦਿਆਰਥੀ ਦੇ ਮਾਪਿਆਂ/ਗਾਰਡੀਅਨਾ ਨੂੰ ਡਿਸਟ੍ਰਿਕਟ ਦੇ ਕੰਪਿਊਟਰਾਂ ਦੀ ਵਰਤੋਂ ਦੇ ਅਧਿਕਾਰ ਬਾਰੇ , ਵਰਤੋਂ ਕਰਨ ਵਾਲੇ ਲਈ ਸ਼ਰਤਾਂ ਅਤੇ ਜ਼ਿੰਮੇਵਾਰੀਆਂ, ਅਤੇ ਅਪ੍ਰਮਾਣਿਤ ਵਰਤੋਂ ਕਰਨ ਦੇ ਨਤੀਜੇ ਅਤੇ/ ਜਾਂ ਡਿਸਟ੍ਰਿਕਟ ਰੈਗੂਲੇਸ਼ਨਾ ਅਤੇ ਯੂਜ਼ ਐਗਰੀਮੈਂਟ(ਇਸਤੇਮਾਲ ਕਰਨ ਲਈ ਮਨਜ਼ੂਰਸ਼ੁਦਾ ਅਹਿਦਨਾਮਾ)ਦੀ ਉਲੰਘਣਾ ਦੇ ਨਤੀਜਿਆਂ ਬਾਰੇ ਸੂਚਨਾ ਦੇਣਗੇ।

ਡਿਸਟ੍ਰਿਕਟ ਦੇ ਕੰਪਿਊਟਰਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਵਿਦਿਆਰਥੀ, ਮਾਪੇ/ਗਾਰਡੀਅਨ ਡਿਸਟ੍ਰਿਕਟ ਰੈਗੂਲੇਸ਼ਨਾ ਅਤੇ ਯੂਜ਼ ਐਗਰੀਮੈਂਟ(ਇਸਤੇਮਾਲ ਕਰਨ ਲਈ ਮਨਜ਼ੂਰਸ਼ੁਦਾ ਅਹਿਦਨਾਮਾ) ਅਤੇ ਜ਼ਿੰਮੇਵਾਰੀਆਂ ਤੇ ਦਸਤਖਤ ਕਰਨਗੇ। ਇਸ ਅਹਿਦਨਾਮੇਂ ਦੇ ਅਧੀਨ, ਵਿਦਿਆਰਥੀ, ਮਾਪੇ/ਗਾਰਡੀਅਨ ਇਸ ਗੱਲ ਲਈ ਰਾਜ਼ੀ ਹੋਣਗੇ ਕਿ, ਡਿਸਟ੍ਰਿਕਟ ਜਾਂ ਡਿਸਟ੍ਰਿਕਟ ਦਾ ਕੋਈ ਵੀ ਸਟਾਫ ਇਹਨਾ ਗੱਲਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ; ਟੈੱਕਨੋਲੋਜੀ ਪ੍ਰੋਟੈੱਕਸ਼ਨ ਦੇ ਮਾਪਦੰਡ, ਕਾਪੀਰਾਈਟ ਦੀਆਂ ਬੰਦਿਸ਼ਾਂ ਦੀ ਉਲੰਘਣਾ, ਗਲਤੀ ਜਾਂ ਅਣਗਹਿਲੀ ਨਾਲ ਵਰਤੋਂ ਵਿੱਚ ਲਿਆਉਣਾ। ਉਹ ਇਸ ਗੱਲ ਲਈ ਵੀ ਰਾਜ਼ੀ ਹੋਣਗੇ ਕਿ ਕਿਸੇ ਤਰਾਂ ਦੀ ਵੀ ਤੋੜ-ਭੰਨ ਜਾਂ ਉਸ ਚੀਜ਼ ਨੂੰ ਬਦਲਣ ਜਾਂ ਠੀਕ ਕਰਵਾਉਣ ਦੀ ਕੀਮਤ ਲਈ ਡਿਸਟ੍ਰਿਕਟ ਜਾਂ ਡਿਸਟ੍ਰਿਕਟ ਦੇ ਅਧਿਕਾਰੀ ਜ਼ਿੰਮੇਵਾਰ ਨਹੀਂ ਹੋਣਗੇ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਉੱਮਰ ਦੇ ਅਨੁਕੂਲ ਡਿਸਟ੍ਰਿਕਟ ਵੱਲੋਂ ਪ੍ਰਮਾਣਿਤ ਯੂਜ਼ ਐਗਰੀਮੈਂਟ(ਇਸਤੇਮਾਲ ਕਰਨ ਲਈ ਮਨਜ਼ੂਰਸ਼ੁਦਾ ਅਹਿਦਨਾਮਾ)ਬਾਰੇ ਜਾਣਕਾਰੀ ਦੇਣਗੇ, ਜਿਸ ਵਿੱਚ ਸੋਸ਼ਲ ਨੈੱਟਵਰਕਿੰਗ ਸਾਈਟਾਂ ਦੀ ਸੁਰੱਖਿਅਕ ਵਰਤੋਂ ਅਤੇ ਹੋਤ ਇੰਟਰਨੈੱਟ ਸੇਵਾਵਾਂ ਸ਼ਾਮਿਲ ਹਨ, ਪਰ ਇਥੇ ਹੀ ਸੀਮਿਤ ਨਹੀਂ ਹਨ, ਆਪਣੀ ਜਾਣਕਾਰੀ ਨੂੰ ਇੰਟਰਨੈੱਟ ਤੇ ਪ੍ਰਕਾਸ਼ਿਤ ਕਰਨ ਦਾ ਖਤਰਾ, ਔਨ ਲਾਈਨ ਸ਼ਿਕਾਰੀਆਂ ਵੱਲੋਂ ਗਲਤ ਪ੍ਰਤੀਨਿੱਧਤਾ, ਅਤੇ ਇਸ ਤਰਾਂ ਦੀਆਂ ਧਮਕੀਆਂ ਦੀ ਕਿਵੇਂ ਰਿਪੋਰਟ ਕਰਨੀ ਹੈ।

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ, ਵਿਦਿਆਰਥੀਆਂ ਅਤੇ ਸਟਾਫ ਦੀ ਮਦਦ ਨਾਲ , ਇਸ ਪਾਲਸੀ ਦਾ ਰੈਗੂਲਰ ਨਿਰੀਖਣ ਕਰਦੇ ਹਨ, ਪ੍ਰਬੰਧਕੀ ਰੈਗੂਲੇਸ਼ਨ ਅਤੇ ਹੋਰ ਢੁਕਵੀਂ ਕਾਰਜ ਪ੍ਰਣਾਲੀ ਦੀ ਮਦਦ ਨਾਲ ਡਿਸਟ੍ਰਿਕਟ ਸਮੇਂ ਦੇ ਨਾਲ ਬਦਲਦੀ ਹੋਈ ਟੈਕਨੋਲੋਜੀ ਨੂੰ ਅਪਨਾਉਂਦਾ ਹੈ।

**ਔਨ-ਲਾਈਨ / ਇਟਰਨੈੱਟ ਸੇਵਾਵਾਂ ਲਈ ਡਿਸਟ੍ਰਿਕਟ ਦੇ ਕੰਪਿਊਟਰਾਂ ਦੀ ਵਰਤੋਂ**

ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਯਕੀਨੀ ਬਣਾਉਣਗੇ ਕਿ ਡਿਸਟ੍ਰਿਕਟ ਦੇ ਇੰਟਰਨੈੱਟ ਵਾਲੇ ਸਾਰੇ ਕੰਪਿਊਟਰਾਂ ਤੇ ਟੈਕਨੋਲੋਜੀ ਪ੍ਰੋਟੈਕਸ਼ਨ ਮਾਪ ਹੋਵੇ ਜੋ ਇੰਟਰਨੈੱਟ ਦੀਆਂ ਅਢੁਕਵੀਆਂ ਚੀਜ਼ਾਂ ਨੂੰ ਬਲਾਕ ਕਰੇ ਜਾਂ ਫਿਲਟਰ ਕਰੇ, ਸਾਰੇ ਅਸ਼ਲੀਲਤਾ ਜਾਂ ਪੋਰਨੋਗਰਾਫੀ, ਡਿਸਟ੍ਰਿਕ ਉਨ੍ਹਾਂ ਤੱਕ ਪਹੁੰਚ ਤੇ ਰੋਕ ਲਗਾਉਣਗੇ ਅਤੇ ਇਸ ਤੋਂ ਇਲਾਵਾ ਸਿਸਟਮ ਦੇ ਦੁਰਉਪਯੋਗ ਤੇ ਰੋਕ ਲਗਾਉਣਗੇ। ਇਨ੍ਹਾਂ ਤੋਂ ਇਲਾਵਾ, ਡਿਸਟ੍ਰਿਕਟ ਸਟਾਫ ਨੂੰ ਮੌਨਿਟਰ ਕਰਨ ਅਤੇ ਦੁਰਉਪਯੋਗ ਨੂੰ ਰੋਕਣ ਲਈ ਐਸੀ ਕਾਰਜਪ੍ਰਣਾਲੀ ਤਿਆਰ ਕਰਨ ਜੋ ਗੁਪਤ ਨਹੀਂ ਹੋਵੇਗੀ ਅਤੇ ਸਿਸਟਮ ਦੇ ਸਹੀ ਉਪਯੋਗ ਦਾ ਜਾਇਜ਼ਾ ਲਗਾਉਣ ਅਤੇ ਉਸ ਨੂੰ ਯਕੀਨੀ ਬਣਾਉਨ ਲਈ ਉਹ ਨਿਰੀਖਨ ਕਰਨਗੇ।

ਬੋਰਡ ਇੱਛਾ ਕਰਦਾ ਹੈ ਕਿ ਵਿਦਿਆਰਥੀ ਸੁਰੱਖਿਆ ਲਈ ਇੰਟਰਨੈੱਟ ਦੀਆਂ ਅਢੁਕਵੀਆਂ ਚੀਜ਼ਾਂ ਨੂੰ ਬਲਾਕ ਕੀਤਾ ਜਾਵੇ। ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਅਜਿਹੇ ਰੂਲ ਅਤੇ ਰੈਗੂਲੇਸ਼ਨ ਬਣਾਉਣਗੇ ਜੋ ਵਿਦਿਆਰਥੀਆਂ ਨੂੰ ਅਢੁਕਵੀਆਂ ਚੀਜ਼ਾਂ ਨੂੰ ਬਲਾਕ ਕਰਨ। ਉਹ ਵਿਦਿਆਰਥੀਆਂ ਦੀ ਸੁਰੱਖਿਆ ਲਈ ਅਤੇ ਵਿਦਿਆਰਥੀ ਜਾਣਕਾਰੀ ਲਈ ਈ-ਮੇਲ, ਚੈਟ-ਰੂਮ ਅਤੇ ਇਲੈਕਟਰੋਨਿਕ ਕੰਮਿਉਨੀਕੇਸ਼ਨ ਲਈ ਵੀ ਨਿਯਮ ਬਣਾਉਣ। ਡਿਸਟ੍ਰਿਕਟ ਦੇ ਕੰਪਿਊਟਰਾਂ ਤੇ ਸੋਸ਼ਲ ਨੈੱਟਵਰਕਿੰਗ ਦੀ ਮਨਾਹੀ ਹੈ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਸੁਪਰਿਨਟੈਂਡੈਂਟ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਕਸੀਅਤ ਅਜਿਹੀਆਂ ਸਾਈਟਾਂ ਤੇ ਬੰਦਿਸ਼ ਲਗਾਉਣ। ਟੀਚਰ ਏਡਜ਼ ਅਤੇ ਹੋਰ ਕ੍ਰਮਚਾਰੀਆਂ ਦੀ ਸਹਾਇਤਾ ਨਾਲ ਸਟਾਫ ਵਿਦਿਆਰਥੀਆਂ ਨੂੰ ਸੁਪਰਵਾਈਜ਼ ਕਰਨ।

**ਔਨ ਲਾਈਨ/ਇੰਟਰਨੈਟ ਸੇਵਾਵਾਂ: ਇਸਤੇਮਾਲ ਕਰਨ ਸਬੰਧੀ ਬੰਦਸ਼ਾਂ ਅਤੇ ਜ਼ਿੰਮੇਵਾਰੀਆਂ -**

ਵਿੱਦਿਆਰਥੀਆਂ ਨੂੰ ਡਿਸਟ੍ਰਿਕ ਦੀਆਂ ਔਨ-ਲਾਇਨ ਸੇਵਾਵਾਂ ਇਸਤੇਮਾਲ ਕਰਨ ਦੀ ਇਜਾਜ਼ਤ ਤਾਂ ਹੈ ਪਰ ਇਸਤੇਮਾਲ ਕਰਨ ਸਬੰਧੀ ਬੰਦਸ਼ਾਂ ਅਤੇ ਜ਼ਿੰਮੇਵਾਰੀਆਂ ਦੇ ਨਾਲ ਜਿਨ੍ਹਾਂ ਬਾਰੇ ਹੇਠਾਂ ਲਿਖਿਆ ਹੋਇਆ ਹੈ, ਇਹ ਬੰਦਸ਼ਾਂ ਅਤੇ ਜ਼ਿੰਮੇਵਾਰੀਆਂ ਡਿਸਟ੍ਰਿਕ ਦੀ ਇਸਤੇਮਾਲ ਕਰਨ ਵਾਲੀ ਬੋਰਡ ਪੌਲਸੀ ਅਤੇ ਕੌਨਟਰੈਕਟ ਦੇ ਅਨੁਸਾਰ ਹਨ।

1. ਔਨ ਲਾਇਨ ਸਰਵਿਸ ਅਕਾਊਂਟ ਜਿਸ ਵਿੱਦਿਆਰਥੀ ਦੇ ਨਾਂ ਹੇਠ ਹੈ ਉਸਦੇ ਸਹੀ ਇਸਤੇਮਾਲ ਦੀ ਜ਼ਿੰਮੇਵਾਰੀ ਹਰ ਵੇਲੇ ਉਸੇ ਵਿੱਦਿਆਰਥੀ ਦੀ ਹੈ। ਇਸਤੇਮਾਲ ਕਰਨ ਸਬੰਧੀ ਅਕਾਂਉਂਟ ਨੰਬਰ, ਘਰ ਦਾ ਪਤਾ, ਅਤੇ ਫੋਨ ਨੰਬਰ ਪ੍ਰਾਈਵੇਟ ਰਖੇ ਜਾਣਗੇ। ਸਿਸਟਮ ਇਸਤੇਮਾਲ ਕਰਨ ਲਈ ਉਹ ਸਿਰਫ ਅਪਣਾ ਅਕੂਉਂਟ ਨੰਬਰ ਇਸਤੇਮਾਲ ਕਰਨਗੇ।

2. ਵਿਦਿਆਰਥੀ ਡਿਸਟ੍ਰਿਕਟ ਦੇ ਸਿਸਟਮ ਨੂੰ ਸੁਰੱਖਿਅਕ ਢੰਗ ਨਾਲ, ਜ਼ਿੰਮੇਵਾਰੀ ਨਾਲ ਅਤੇ ਸਿਰਫ ਸਿਖਿਆ ਨਾਲ ਸਬੰਧਿਤ ਹੀ ਵਰਤੇਗਾ।

3. ਵਿੱਦਿਆਰਥੀਆਂ ਲਈ ਜੋ ਦਸਤਾਵੇਜ਼ ਨੁਕਸਾਨਦੇਹੀ ਹਨ ਜਿਸ ਤਰ੍ਹਾਂ ਕਿ ਧਮਕਾਉਣ ਵਾਲੇ, ਅਸ਼ਲੀਲ, ਗੜ-ਬੜ ਕਰਨ ਸਬੰਧੀ, ਜਾਂ ਉਹ ਲਿੰਗ ਦਾ ਪ੍ਰਦਰਸ਼ਨ ਸਪਸ਼ਟ ਰੂਪ ਵਿੱਚ ਕਰਦੇ ਹੋਣ, ਜਾਂ ਉਹ ਹਰਾਸਮੈਂਟ ਦੇ ਤੌਰ ਤੇ ਇਸਤੇਮਾਲ ਹੋ ਸਕਦੇ ਹੋਣ, ਜਾਂ ਦੂਜੀ ਜਾਤਿ, ਰਾਸ਼ਟਰ, ਜਾਂ ਸੈਕਸ, ਉਮਰ, ਧਰਮ, ਜਾਂ ਰਾਜਨੀਤੀ ਦੀ ਬੇਜ਼ਤੀ ਕਰਨ ਨਾਲ ਸਬੰਧਿਤ ਹੋਣ ਜਾਂ ਬੁਰਾਈ ਨਾਲ ਸਬੰਧਿਤ ਹੋਣ, ਤਾਂ ਉਨ੍ਹਾਂ ਨੂੰ ਪ੍ਰਕਾਸ਼ਿਤ ਕਰਨ, ਜਾਂ ਦੂਜੇ ਨੂੰ ਦੇਣ, ਜਾਂ ਚਿਪਕਾਉਣ ਦੀ ਸਖਤ ਮਨਾਹੀ ਹੈ।

   ਨੁਕਸਾਨਦੇਹ ਦਸਤਾਵੇਜ਼ ਵਿੱਚ ਸ਼ਾਮਿਲ ਹਨ ਉਹ ਦਸਤਾਵੇਜ਼ ਜੋ ਕਿ ਸਮੂਚੇ ਤੌਰ ਤੇ, ਆਮ ਸ਼ਖਸ ਲਈ, ਸਾਰੀ ਸਟੇਟ ਦੇ ਆਧੁਨਿਕ ਸਟੈਂਡਰਡਾਂ ਤੇ ਲਾਗੂ ਕਰਨ ਤੇ ਕਾਮ-ਉਕਸਾਊ ਦਿਲਚਸਪੀ ਪੈਦਾ ਕਰਦੇ ਹਨ ਅਤੇ ਇਹ ਉਹ ਦਸਤਾਵੇਜ਼ ਹਨ ਜੋ ਦਰਸ਼ਾਉਂਦੇ ਹਨ ਜਾਂ ਵਿਆਖਿਆ ਕਰਦੇ ਹਨ ਸੈਕਸ਼ੁਅਲ ਤਰੀਕੇ ਰਾਹੀਂ ਅਤੇ ਛੋਟੇ ਬੱਚਿਆਂ ਲਈ ਉਨ੍ਹਾਂ ਵਿੱਚ ਲਿਟਰੱਰੀ, ਆਰਟਿਸਟਿਕ, ਅਤੇ ਪੁਲਿਟਿਕੱਲ ਜਾਂ ਸੈਂਟਿਫਿਕ ਮੁਲ ਬਿਲਕੁਲ ਨਹੀਂ ਹੈ।(ਪੀਨਲ ਕੋਡ 313)

4. ਜਦੋਂ ਤੱਕ ਸਕੂਲਦੇ ਪ੍ਰਬੰਧਕਾਂ ਵੱਲੋਂ ਹਿਦਾਇਤਾਂ ਨਾ ਹੋਣ ਉਦੋਂ ਤੱਕ ਵਿਦਿਆਰਥੀ ਈ-ਮੇਲ ਦੀ ਵਰਤੋਂ ਕਰਦੇ ਸਮੇਂ ਜਾਂ ਚੈਟ-ਰੂਮ ਤੇ ਜਾਂ ਹੋਰ ਕਿਸੇ ਤਰਾਂ ਦੀ ਸਿੱਧੀ ਇਲੇਕਟਰੋਨਕ ਕੰਮਿਉਨੀਕੇਸ਼ਨ ਕਰਦੇ ਸਮੇਂ ਆਪਣੀ ਜਾਂ ਕਿਸੇ ਹੋਰ ਦੀ ਪਛਾਣ ਬਾਰੇ ਜਾਣਕਾਰੀ ਨਹੀਂ ਦੇਣਗੇ। ਵਿਦਿਆਰਥੀ ਆਪਣੇ ਮਾਪਿਆਂ/ਗਾਰਡੀਅਨਾ ਦੀ ਆਗਿਆ ਤੋਂ ਬਿਨਾ ਇੰਟਰਨੈੱਟ ਤੇ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਜਾਣਕਾਰੀ ਨਹੀਂ ਦੇਣਗੇ।

   ਪਰਸਨਲ ਜਾਣਕਾਰੀ ਵਿਚ ਸ਼ਾਮਿਲ ਹੈ: ਵਿਦਿਆਰਥੀ ਦਾ ਨਾਮ, ਪਤਾ, ਟੇਲੀਫੋਨ ਨੰਬਰ, ਸੋਸ਼ਲ ਸਕਿਉਰਿਟੀ ਨੰਬਰ, ਜਮ ਹੋਰ ਵਿਅਕਤਕ ਪਛਾਣ ਬਾਰੇ ਜਾਣਕਾਰੀ।

5. ਇਸਤੇਮਾਲ ਕਰਨ ਵਾਲੇ ਗੈਰ ਕਾਨੂੰਨੀ ਡਰਗਾਂ, ਸ਼ਰਾਬ ਜਾਂ ਤਮਾਖੂ ਦੇ ਇਸੇਮਾਲ ਨੂੰ ਬੜ੍ਹਾਵਾ ਦੇਣ ਲਈ ਸਿਸਟਮ ਇਸਤੇਮਾਲ ਨਹੀਂ ਕਰ ਸਕਦੇ ਹਨ, ਇਨ੍ਹਾਂ ਤੋਂ ਜਿਨ੍ਹਾਂ ਗਲਾਂ ਲਈ ਡਿਸਟ੍ਰਿਕ ਜਾਂ ਕਨੂੰਨ ਵਲੋਂ ਸਖਤ ਮਨਾਹੀ ਹੈ ਉਨ੍ਹਾਂ ਲਈ ਵੀ ਸਿਸਟਮ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਹੈ।

6. ਵਿਦਿਆਰਥੀ ਇਸ ਸਿਸਟਮ ਦੀ ਵਰਤੋਂ ਕਿਸੇ ਤਰਾਂ ਦੀ ਵੀ ਕਮਰਸ਼ੀਅਲ ਜਾਂ ਹੋਰ ਪ੍ਰੋਫਿਟ ਬਣਾਉਣ ਵਾਲੀਆਂ ਗਤੀਵਿਧੀਆਂ ਲਈ ਨਹੀਂ ਕਰਨਗੇ।

7. ਵਿਦਿਆਰਥੀ ਇਸ ਸਿਸਟਮ ਦੀ ਵਰਤੋਂ ਡਰਾਉਣ-ਧਮਕਾਉਣ, ਹਰਾਸ ਕਰਨ, ਅਤੇ ਕਿਸੇ ਵਿਦਿਆਰਥੀ ਜਾਂ ਸਟਾਫ ਮੈਂਬਰ ਦਾ ਮਜ਼ਾਕ ਬਣਾਉਣ ਲਈ ਨਹੀਂ ਕਰਨਗੇ।

8. ਜਿਹੜੇ ਦਸਤਾਵੇਜ਼ ਨੰ ਕੌਪੀ ਕਰਨ ਦੀ ਮਨਾਹੀ ਹੈ, ਉਨ੍ਹਾਂ ਨੂੰ ਲਿਖਣ ਵਾਲੇ ਦੀ ਇਜਾਜ਼ਤ ਤੋਂ ਬਗੈਰ ਸਿਸਟਮ ਵਿੱਚ ਨਾ ਰਖਿਆ ਜਾਵੇ। ਇਸਤੇਮਾਲ ਕਰਨ ਵਾਲੇ ਸਿਰਫ ਆਪਣੇ ਇਸਤੇਮਾਲ ਲਈ ਕੌਪੀ ਰਾਇਟ ਵਾਲੇ ਦਸਤਾਵੇਜ਼ ਇਸਤੇਮਾਲ ਕਰ ਸਕਦੇ ਹਨ।

9. ਵਿਦਿਆਰਥੀ ਜਾਣਬੁਝ ਕੇ ਅੱਪ-ਲੋਡ, ਡਾਉਨ-ਲੋਡ ਜਾਂ ਕੰਪਿਉਟਰ ਵਾਇਰਸ ਤਿਆਰ ਕਰਨੇ ਅਤੇ/ਜਾਂ ਡਿਸਟ੍ਰਿਕਟ ਦੇ ਸਮਾਂਨ ਨੂੰ ਕਿਸੇ ਤਰਾਂ ਦਾ ਨੁਕਸਾਨ ਪਹੁੰਚਾਉਣਾ, ਅਤੇ ਕਿਸੇ ਹੋਰ ਦੇ ਡੈਟੇ ਨੂੰ ਦੇਖਣ ਦੀ ਕੋਸ਼ਿਸ਼ ਕਰਨੀ ਜਿਸ ਨੂੰ ਹੈਕਿੰਗ ਵੀ ਕਿਹਾ ਜਾਂਦਾ ਹੈ, ਅਜਿਹਾ ਕੁਝ ਨਹੀਂ ਕਰਨਗੇ।

10. ਜੋ ਸ਼ਖਸੀਅਤ ਇਸਤੇਮਾਲ ਕਰਦੀ ਹੈ ਉਹ ਦੂਜਿਆਂ ਦੀ ਈ ਮੇਲ ਜਾਂ ਸੁਨੇਹੇ ਪੜ੍ਹ ਨਹੀਂ ਸਕਦੀ ਹੈ, ਦੂਜਿਆਂ ਦੀ ਇਸਤੇਮਾਲ ਕਰਨ ਦੀ ਯੋਗਤਾ ਵਿੱਚ ਵਿਘਨ ਨਹੀਂ ਪਾ ਸਕਦੀ ਹੈ, ਅਤੇ ਨਾ ਹੀ ਈ ਮੇਲ ਭੇਜ ਜਾਂ ਪ੍ਰਾਪਤ ਕਰ ਸਕਦੀ ਹੈ, ਇਸ ਤੋਂ ਇਲਾਵਾ ਉਹ ਦੂਜੇ ਦੇ ਦਸਤਾਵੇਜ਼ ਨੂੰ ਨਾ ਤਾਂ ਕੌਪੀ ਜਾਂ ਮੇਟ ਜਾਂ ਨਕਲ, ਜਾਂ ਉਨ੍ਹਾਂ ਵਿੱਚ ਸੰਸ਼ੋਧਨ ਕਰ ਸਕਦੇ ਹਨ ਅਤੇ ਨਾ ਹੀ ਦੂਜੇ ਦੀ ਈ ਮੇਲ ਨਾਲ ਜਾਲਸਾਜ਼ੀ ਕਰ ਸਕਦੇ ਹਨ।

11. ਇਸਤੇਮਾਲ ਕਰਨ ਵਾਲੀ ਸ਼ਖਸੀਅਤ ਸਿਕਯੁਰਟੀ ਸਬੰਧੀ ਸਮੱਸਿਆ ਜਾਂ ਗਲਤ ਇਸਤੇਮਾਲ ਬਾਰੇ ਆਪਣੇ ਟੀਚਰ ਜਾਂ ਪ੍ਰਿੰਸੀਪੱਲ ਨੂੰ ਦਸਣ।

ਡਿਸਟ੍ਰਿਕ ਨੂੰ ਔਨ -ਲਾਈਨ ਤੇ ਹਰ ਪ੍ਰਕਾਰ ਦੇ ਗਲਤ ਕੰਮ ਨੂੰ ਰੋਕਣ ਲਈ ਜਾਂ ਇਸਤੇਮਾਲ ਦਾ ਪਤਾ ਲਗਾਉਣ ਲਈ ਬਿਨਾ ਕਿਸੇ ਐਡਵਾਂਸ ਨੋਟਿਸ ਦੇ ਮੌਨੀਟਰ ਕਰਨ ਦਾ ਹੱਕ ਹੈ। ਵਿਦਿਆਰਥੀ ਨੂੰ ਜਾਣਕਾਰੀ ਦਿੱਤੀ ਜਾਵੇਗੀ ਕਿ ਕੰਪਿਊਟਰ ਫਾਈਲਾਂ, ਕੰਪਿਊਟਰ ਕੰਮਿਉਨੀਕੇਸ਼ਨ ਅਤੇ ਈ-ਮੇਲ ਪ੍ਰਾਈਵੇਟ ਨਹੀਂ ਹਨ ਅਤੇ ਕੰਪਿਊਟਰ ਦੀ ਠਕਿ ਵਰਤੋਂ ਨੂੰ ਯਕਨਿੀ ਬਣਾਉਣ ਲਈ ਡਿਸਟ੍ਰਿਕਟ ਨੂੰ ਇਹ ਸਭ ਚੈੱਕ ਕਰਨ ਦਾ ਅਧਿਕਾਰ ਹੈ।

ਟੈਕਨੋਲੋਜੀ ਦਾ ਠੀਕ ਢੰਗ ਨਾਲ ਵਰਤੋਂ ਨਾ ਕਰਨ ਵਾਲੇ ਦੇ ਖਿਲਾਫ ਡਿਸਿਪਲਿਨਰੀ ਐਕਸ਼ਨ/ਜਾਂ ਬੋਰਡ ਪਾਲਸੀ ਅਤੇ ਕਾਨੂੰਨ ਦੇ ਅਨੁਸਾਰ ਲੀਗਲ ਐਕਸ਼ਨ ਲਿਆ ਜਾਵੇਗਾ। ਇਸਤੇਮਾਲ ਕਰਨ ਵਾਲੇ ਵਲੋਂ ਦੁਰ ਉਪਯੋਗ ਕਰਨ ਜਾਂ ਕਾਰਜਪ੍ਰਣਾਲੀ ਦੀ ਉਲੰਘਣਾ ਕਰਨ ਬਾਰੇ ਫੈਸਲਾ ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਸ਼ਖਸੀਅਤ ਕਰੇਗੀ, ਉਸਨੂੰ ਇਸਤੇਮਾਲ ਕਰਨ ਦਾ ਹੱਕ ਦੇਣ ਜਾਂ ਰੱਦ ਕਰਨ ਜਾਂ ਮੁਅਤਲ ਕਰਨ ਬਾਰੇ ਉਹ ਦਸਣਗੇ।

**ਲਾਜ਼ਮੀ ਸਲਾਨਾ ਸੂਚਨਾਪੱਤਰ (ਮੈਂਡੇਟੱਰੀ ਐਨੂਅੱਲ ਨੋਟੀਫਿਕੇਸ਼ੱਨ)**
**ਹਰੇਕ ਸਾਲ, ਖਾਸ ਹਾਲਾਤਾਂ ਹੇਠ, ਅਤੇ /ਜਾਂ ਵਿੱਦਿਆਰਥੀ ਦੇ ਸਿਖਿਅਕ ਕਰਿਅਰ ਦੌਰਾਨ ਖਾਸ ਸਮੇਂ ਦੌਰਾਨ**
**ਲਾਅ ਇਨਫੋਰਸਮੈਂਟ ਕਰਮਚਾਰੀਆਂ ਅਤੇ ਦੂਜਿਆਂ ਨੂੰ ਸੂਚਨਾਪੱਤਰ ਭੇਜਣੇ**

| ਵਿਸ਼ਾ | ਕਾਨੂੰਨੀ ਸਾਧਨ (ਲੀਗਲ ਰਿਸੋਰਸ) |
|---|---|
| ਜਾਇਜ ਨਿੱਜੀ ਕਾਰਣਾਂ ਕਰਕੇ ਗੈਰਹਾਜ਼ਰ ਹੋਣਾ। | ਐਜੂਕੇਸ਼ਨ ਕੋਡ ਸੈਕਸ਼ਨ:48205, 48980<br>ਬੋਰਡ ਪੌਲਸੀ 5113,  ਏ ਆਰ 5113 |
| ਧਰਮ ਸਬੰਧੀ ਕਾਰਣਾਂ ਕਰਕੇ ਗੈਰਹਾਜ਼ਰੀ- ਇਸ ਦਾ ਭਾਵ ਹੈ ਕਿ ਧਰਮ ਸਬੰਧੀ ਸਿੱਖਿਆ ਲਈ ਸਕੂਲੋਂ ਲੈਕੇ ਜਾਣ ਸਬੰਧੀ ਡਿਸਟ੍ਰਿਕ ਵਲੋਂ ਸਮੇਂ, ਅਤੇ ਹੱਦਬੰਦੀ ਲਈ ਅਯੋਜਿਤ ਲਾਜ਼ਮੀ ਕਾਇਦੇ-ਕਾਨੂੰਨ ਬਾਰੇ ਮਾਪਿਆਂ ਨੂੰ ਜਾਣਕਾਰੀ ਪ੍ਰਦਾਨ ਕਰਨੀ।   ਵਿੱਦਿਆਰਥੀ ਨੂੰ ਧੱਰਮ ਸਬੰਧੀ ਐਕਸਰਸਾਈਜ਼ਾਂ ਵਿੱਚ ਹਿੱਸਾ ਲੈਣ ਜਾਂ ਮੌਰਲ ਜਾਂ ਧਾਰਮਿਕ ਸਿੱਖਿਆ ਗ੍ਰਹਿਣ ਕਰਨ ਵਾਸਤੇ ਸਕੂਲ ਤੋਂ ਗੈਰਹਾਜ਼ਰ ਰਹਿਣ ਲਈ ਇਜਾਜ਼ਤ ਦੇਣ ਵਾਸਤੇ ਇਹ ਐਜੂਕੇਸ਼ਨ ਕੋਡ ਡਿਸਟ੍ਰਿਕਟ ਨੂੰ ਸਮਾਧਾਨ ਅਤੇ ਕਾਇਦੇ-ਕਨੂੰਨ ਅਪਨਾਉਣ ਦਾ ਅਧਿਕਾਰ ਦਿੰਦਾ ਹੈ ਇਜਾਜ਼ਤ ਦੇਣ ਤੋਂ ਪਹਿਲਾਂ ਮਾਪਿਆਂ ਕੋਲੋਂ ਲਿਖਤੀ ਸਹਿਮਤੀ ਮਿਲਨੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:46014, 48980<br>ਬੋਰਡ ਪੌਲਸੀ 5113,  ਏ ਆਰ 5113 |
| ਸਿਖਿਅਕ ਨਾਕਾਮਯਾਬੀ- ਨੰਬਰ ਦੇਣ ਵਾਲੇ ਸਮੇਂ ਹਰੇਕ ਵਾਰੀ ਗਵਰਨਿੰਗ ਬੋਰਡ ਹਰੇਕ ਵਿੱਦਿਆਰਥੀ ਵਲੋਂ ਪ੍ਰਾਪਤ ਕੀਤੀ ਕਾਮਯਾਬੀ ਦਾ ਮੁਲਾਂਕਣ ਕਰਨ ਲਈ ਰੈਗੁਲੇਸ਼ਨ ਤਿਆਰ ਕਰਨ।  ਜਦੋਂ ਇੱਕ ਵਿੱਦਿਆਰਥੀ ਨੂੰ ਕਲਾਸ ਵਿੱਚ ਫੇਲ ਹੋਣ ਦਾ ਡਰ ਹੋਵੇ ਤਾਂ ਉਸ ਦੇ ਮਾਪਿਆਂ ਨੂੰ ਲਿਖਤੀ ਸੂਚਨਾ ਦੇਣੀ ਅਤੇ ਉਨ੍ਹਾਂ ਨਾਲ ਸੰਪਰਕਕਰਨੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ 49067<br>ਏ ਆਰ 5121 |
| ਇੰਟਰਨੈਟ ਅਤੇ ਓਨ ਲਾਇਨ ਸਾਈਟਾਂ ਲਈ ਅਨੁਮਤੀ- ਸੂਚਨਾ-ਪੱਤਰ ਵਿੱਚ ਵਿੱਦਿਆਰਥੀਆਂ ਲਈ ਇੰਟਰਨੈਟ ਅਤੇ ਓਨ ਲਾਇਨ ਸਾਈਟਾਂ ਪ੍ਰਯੋਗ ਕਰਨ ਲਈ ਅਨੁਮਤੀ ਦੀ ਐਜੂਕੇਸ਼ਨ. ਕੋਡ 51870.5 ਤੇ ਅਧਾਰਿਤ ਸਕੂਲ ਡਿਸਟ੍ਰਿਕ ਦੀ ਲਿਖਤੀ ਪੌਲਸੀ ਜ਼ਰੂਰ ਭੇਜੋ। | ਐਜੂਕੇਸ਼ਨ ਕੋਡ ਸੈਕਸ਼ਨ:48980 (ਏਚ)<br>ਬੋਰਡ ਪੌਲਸੀ 6163.4 ਏ ਆਰ 6163.4 |
| ਵਿੱਦਿਆਰਥੀ ਦੇ ਰਿਕੌਰਡਾਂ ਤੱਕ ਪਹੁੰਚ, ਉਹ ਕਿਥੇ ਰਖੇ ਗਏ ਹਨ, ਉਨ੍ਹਾਂ ਲਈ ਕੌਣ ਜ਼ੁੰਮੇਵਾਰ ਹੈ, ਲੌਗ ਦੀ ਜਗ੍ਹਾ, ਕਿਸ ਕਿਸਮ ਦੇ ਸ਼ਖਸ ਉਨ੍ਹਾਂ ਤੱਕ ਪਹੁੰਚ ਸਕਦੇ ਹਨ, ਕਾਪੀਆਂ ਦਾ ਮੁਲ-  ਵਿੱਦਿਆਰਥੀ ਦੇ ਦਾਖਲੇ ਵੇਲੇ ਸਕੂਲ ਡਿਸਟ੍ਰਿਕ ਨੂੰ ਚਾਹੀਦਾ ਹੈ ਕਿ ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਦੇ ਰਿਕੌਰਡਾਂ ਦੇ ਹੱਕਾਂ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ ਦੇਣ ਅਤੇ ਉਸ ਤੋਂ ਬਾਅਦ ਉਹ ਜਾਣਾਕਾਰੀ ਹੱਰ ਸਾਲ ਉਨ੍ਹਾਂ ਨੂੰ ਭੇਜਣ।  ਨੋਟਿਸ ਵਿੱਚ ਇਹ ਸਬ ਕੁਝ ਸ਼ਾਮਿਲ ਹੋਣਾ ਲਾਜ਼ਮੀ ਹੈ, ਪਹੁੰਚ ਸਬੰਧੀ ਨਿਯਮ, ਰਿਕੌਰਡਾਂ ਦੀ ਕਿਸਮ, ਰਖਣ ਵਾਲੀ ਜਗ੍ਹਾ ਦਾ ਪਤਾ, ਜ਼ੁੰਮੇਵਾਰ ਸ਼ਖਸ,  ਪਹੁੰਚਣ ਵਾਲੇ ਸ਼ਖਸਾਂ ਦਾ ਮਿਯਾਰ, ਕੌਪੀਆਂ ਦਾ ਮੁਲ, ਪੁਨਰ ਵਿੱਚਾਰ ਜਾਂ ਚੁਨੌਤੀ ਅਤੇ ਨਿਯਮ ਰੱਦ ਕਰਨੇ। | ਐਜੂਕੇਸ਼ਨ ਕੋਡ ਸੈਕਸ਼ਨ:49063, 49068, 49069, 49076 ਅਤੇ 1974 ਦੇ ਫੈਮਲੀ ਐਜੂਕੇਸ਼ਨ ਰਾਇਟਸ ਅਤੇ ਪਰਾਇਵੇਸੀ ਐਕਟ ਅਨੁਸਾਰ<br>20 ਯੂ ਐਸ ਸੀ 1232 ਜੀ; 34 ਸੀ ਐਫ ਆਰ 99.7<br>ਬੋਰਡ ਪੌਲਸੀ 5125, ਏ ਆਰ 5125, ਏ ਆਰ 5125.3 |
| ਵਿੱਦਿਆਰਥੀ ਨੂੰ ਨੁਸਖੇ ਵਾਲੀ ਦਵਾਈ ਖਵਾਉਣੀ- ਇਹ ਸੈਕਸ਼ਨ ਬਿਆਨ ਕਰਦਾ ਹੈ ਕਿ ਸਕੂਲ ਵਿੱਚ ਜਿਸ ਬੱਚੇ ਨੇ ਦਵਾਈ ਖਾਣੀ ਜਾਂ ਪੀਣੀ ਹੈ ਉਸ ਬੱਚੇ ਦੀ ਦਵਾਈ ਲੈਣ ਵਿੱਚ ਸਕੂਲ ਦੇ ਕਰਮਚਾਰੀ ਕਿੰਝ ਮਦਦ ਕਰ ਸਕਦੇ ਹਨ ਜਾਂ ਸਕੂਲ ਵਿੱਚ ਬੱਚਾ ਖੁਦ ਅਪਣੇ ਆਪ ਨੂੰ ਕਿੰਝ ਐਪਨਫਰੀਨ ਦਾ ਟੀਕਾ ਲਗਾ ਸਕਦਾ ਹੈ।  ਐਜੂਕੇਸ਼ਨ ਕੋਡ 48980(ਏ) ਦੇ ਤਹਿਤ ਸਲਾਨਾ ਸੂਚਨਾਪੱਤਰ ਭੇਜਣਾ ਲਾਜ਼ਮੀ ਹੈ।  (2004 ਦੇ ਲਿਖਤੀ ਕਾਨੂੰਨ ਤਹਿਤ ਐਸ ਬੀ 1912 , ਚੈਪਟਰ 846 ਰਾਹੀਂ ਸੰਸ਼ੋਧਨ) | ਐਜੂਕੇਸ਼ਨ ਕੋਡ ਸੈਕਸ਼ਨ:49423<br>ਬੋਰਡ ਪੌਲਸੀ 5141 .21, ਬੋਰਡ ਪੌਲਸੀ 5141.31,<br>ਏ ਆਰ 5141.31<br>ਏ ਆਰ 5141 .21, |
| ਅਡਵਾਂਸਡ ਪਲੇਸਮੈਂਟ ਇਮਤਿਹਾਨ ਲਈ ਫੀਸ ਦੇ ਪੈਸੇ - ਐਜੂਕੇਸ਼ਨ ਕੋਡ-52244 ਦੇ ਤਹਿਤ ਮਾਪਿਆਂ /ਗਾਰਡੀਅਨ ਨੂੰ ਹਰ ਸਾਲ ਅਡਵਾਂਸਡ ਪਲੇਸਮੈਂਟ ਇਮਤਿਹਾਨ ਲਈ ਸਟੇਟ ਵਲੋਂ ਉਪਲਬਧੀ ਫੀਸ ਦੇ ਪੈਸੇ ਬਾਰੇ ਜਾਣਕਾਰੀ  ਦੇਣੀ ਲਾਜ਼ਮੀ ਹੈ।  ਸਾਰੇ ਵਿੱਦਿਆਰਥੀਆਂ ਲਈ ਅਡਵਾਂਸਡ ਪਲੇਸਮੈਂਟ ਇਮਤਿਹਾਨ ਫੀਸ ਦਾ ਖਰਚਾ ਪੂਰਾ ਕਰਨ ਲਈ ਸਟੇਟ ਵਲੋਂ ਪੈਸੇ ਉਪਲਬਧ ਹਨ। | ਐਜੂਕੇਸ਼ਨ ਕੋਡ ਸੈਕਸ਼ਨ:48980(ਕੇ)), 52244 |
| ਆਲਟੱਰਨੇਟਿਵ ਸਕੂਲ- ਦੂਜੇ ਆਲਟੱਰਨੇਟਿਵ ਪ੍ਰੋਗਰਾਮਾਂ ਬਾਰੇ ਨੋਟਿਸ ਭੇਜਣ ਵੇਲੇ ਐਜੂਕੇਸ਼ਨ ਕੋਡ ਸੈਕਸ਼ਨ 48980 ਦੇ ਸਾਰੇ ਨੋਟਿਸ ਭੇਜਣ ਦੀ ਲੋੜ ਹੈ।  ਮਾਰਚ ਮਹੀਨੇ ਵਿੱਚ ਡਿਸਟ੍ਰਿਕ ਦੇ ਹਰੇਕ ਸਕੂਲ ਵਿੱਚ ਨੋਟਿਸ ਲਗਾਇਆ ਜਾਵੇ ਜਿਸ ਵਿੱਚ ਨੋਟਿਸ ਦੇ ਵਿਸ਼ੇ ਬਾਰੇ ਜਾਣਕਾਰੀ  ਦਿੱਤੀ ਜਾਵੇ। | ਐਜੂਕੇਸ਼ਨ ਕੋਡ ਸੈਕਸ਼ਨ: 58501<br>ਬੋਰਡ ਪੌਲਸੀ 6181 |
| ਐਨਾਬੋਲਿਕ ਸਟੀਰਾਇਡਜ਼ ਸਬੰਧੀ ਚੇਤਾਵਨੀ ਪੋਸਟ (ਚਿਪਕਾਈ)ਕੀਤੀ ਜਾਣੀ - ਜਦੋਂ ਭੀ ਅਥਲੇਟਿਕ ਖੇਡਾਂ ਲਈ ਕਿਸੇ ਨੇ ਫਸਿਲਟੀ ਨੂੰ ਲੀਜ਼ ਕਰਨਾ ਪਵੇ, ਉਸ ਫਸਿਲਟੀ ਵਿੱਚ ਅਥਲੀਟਾਂ ਲਈ ਐਨਾਬੋਲਿਕ ਸਟੀਰਾਇਡਜ਼ ਖਾਣ ਦੇ ਬਰਖਲਾਫ ਚੇਤਾਵਨੀ ਪੋਸਟ ਕੀਤੀ ਜਾਣੀ ਚਾਹੀਦੀ ਹੈ ਜਿਸ ਵਿੱਚ ਇਸਦੇ ਖਾਣ ਨਾਲ ਜੁੜੇ ਨੁਕਸਾਨਾਂ ਬਾਰੇ ਦੀਸਆ ਜਾਵੇ।  ਇਸ ਤੋਂ ਇਲਾਵਾ ਹਰੇਕ ਲੌਕਰ ਰੂਮ ਵਿੱਚ ਭੀ ਇਹ ਨੋਟਿਸ ਲਗਣਾ ਚਾਹੀਦਾ ਹੈ।  ਅਖਰਾਂ ਦਾ ਸਾਈਜ਼, ਅਤੇ ਸ਼ਬਦਾਵਲੀ ਅਤੇ ਫੌਂਟ ਮਿਥਿਆਂ ਦੇ ਅਨੁਸਾਰ ਹੋਣੇ ਚਾਹੀਦੇ ਹਨ। | ਸਿਵਿਲ ਕੋਡ (ਸੀ ਸੀ ) ਸੈਕਸ਼ਨ1812.97 |

| ਵਿਸ਼ਾ | ਕਾਨੂੰਨੀ ਸਾਧਨ (ਲੀਗਲ ਰਿਸੋਰਸ) |
|---|---|
| ਸਲਾਨਾ ਸੂਚਨਾਪੱਤਰ (ਸੂਚਨਾਪੱਤਰ) ਦੀ ਲੋੜਾਂ- ਸਪਸ਼ਟ ਰੂਪ ਵਿੱਚ ਬਿਆਨ ਕੀਤਾ ਗਿਆ ਹੈ ਕਿ ਐਜੂਕੇਸ਼ਨ ਕੋਡ ਦੇ ਜਿਹੜੇ ਹਿੱਸੇ ਨਿਸ਼ਚਿਤ ਹਨਉਨ੍ਹਾਂਬਾਰੇ ਸਲਾਨਾ ਸੂਚਨਾਪੱਤਰ ਭੇਜਣਾ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48980 (ਏ)<br>ਬੋਰਡ ਪੌਲਸੀ 5145 .6 ਈ 5145 .6 |
| ਵਿੱਦਿਆਰਥੀ ਵਲੋਂ ਸਕੂਲ ਕਰਮਚਾਰੀ ਤੇ ਹਮਲਾ; ਰਿਪੋਰਟ ਕਰਨ ਦਾ ਹੁਕਮ ਹੈ- ਜੇਕਰ ਕਿਸੇ ਭੀ ਕਰਮਚਾਰੀ ਤੇ ਵਿੱਦਿਆਰਥੀ ਵਲੋਂ ਹਮਲਾ ਹੋਵੇ, ਜਾਂ ਉਸਨੂੰ ਸ਼ਰੀਰਕ ਚੋਟ ਪਹੁੰਚੇ, ਜਾਂ ਖਤਰਾ ਹੋਵੇ ਤਾਂ ਲਾਜ਼ਮੀ ਤੌਰ ਤੇ ਲਾਅ ਇਨਫੋਰਸਮੈਂਟ ਨੂੰ ਇਤਲਾਹ ਦਿੱਤੀ ਜਾਵੇ। ਇਸਦੇ ਬਾਰੇ ਰਿਪੋਰਟ ਨਾ ਕਰਨਾ ਇੱਕ ਕਾਨੂੰਨੀ ਉਲੰਘਣਾ ਹੈ। ਰਿਪੋਰਟ ਕਰਨ ਤੇ ਰੋਕ ਲਗਾਉਣ ਵਾਲੇ ਸ਼ਖਸਾਂ ਦੇ ਬਰਖਲਾਫ ਅਧਿਕਾਰ ਪ੍ਰਦਾਨ ਕਰਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ: 44014 |
| ਮੁਅੱਤਲ ਬੱਚੇ ਦੇ ਮਾਪਿਆਂ ਜਾਂ ਗਾਰਡੀਅਨ ਨੂੰ ਸਕੂਲ ਸਮੇਂ ਦੌਰਾਨ ਥੋੜੇ ਸਮੇਂ ਲਈ ਰਹਿਣ ਦੀ ਲੋੜ- ਡਿਸਟ੍ਰਿਕ ਬੋਰਡ ਇੱਕ ਪੌਲਸੀ ਅਪਨਾ ਸਕਦਾ ਹੈ ਜਿਸਦੇ ਅਨੁਸਾਰ ਟੀਚਰ ਕੋਲ ਅਧੀਕਾਰ ਹੋਵੇਗਾ ਕਿ ਉਹ ਐਜੂਕੇਸ਼ਨ ਕੋਡ ਸੈਕਸ਼ਨ 48900(i) ਜਾਂ (k) ਦੀ ਉਲੰਘਣਾ ਕਰਨ ਵਾਲੇ ਵਿੱਦਿਆਰਥੀ ਨੂੰ ਅਪਣੀ ਕਲਾਸ ਚੋਂ ਮੁਅਤਲ ਕਰ ਸਕੇ ਅਤੇ ਉਸ ਬੱਚੇ ਦੇ ਮਾਪਿਆਂ ਜਾਂ ਗਾਰਡੀਅਨ ਨੂੰ ਸਕੂਲ ਦਿਨ ਦੇ ਕੁਝ ਸਮੇਂ ਲਈ ਅਪਣੀ ਕਲਾਸ ਵਿੱਚ ਰਹਿਣ ਲਈ ਕਹਿ ਸਕੇ। ਇਸ ਪੌਲਸੀ ਨੂੰ ਲਾਗੂ ਕਰਨ ਤੋਂ ਪਹਿਲਾਂ ਮਾਪਿਆਂ ਨੂੰ ਸੂਚਨਾਪੱਤਰ ਭੇਜਣਾ ਲਾਜ਼ਮੀ ਹੈ। ਨੋਟ ਕਰੋ:ਜੇਕਰ ਡਿਸਟ੍ਰਿਕ ਐਜੂਕੇਸ਼ਨ ਕੋਡ 35291 ਦੇ ਤਹਿਤ ਪੌਲਸੀ ਅਪਣਅਉਂਦੇ ਹਨ ਤਾਂ ਐਜੂਕੇਸ਼ਨ ਕੋਡ ਸੈਕਸ਼ਨ 48980(ਏ) ਅਨੁਸਾਰ ਮਾਪਿਆਂ ਨੂੰ ਸਲਾਨਾ ਸੂਚਨਾਪੱਤਰ ਭੇਜਣਾ ਲਾਜ਼ਮੀ ਹੈ। ਜੇਕਰ ਐਜੂਕੇਸ਼ਨ ਕੋਡ ਸੈਕਸ਼ਨ 48900.1 (ਸੀ) ਦੇ ਅਨੁਸਾਰ ਅਪਣਾਇਆ ਗਿਆ ਹੈ ਤਾਂ ਪ੍ਰਿੰਸੀਪੱਲ ਲਾਜ਼ਮੀ ਤੌਰ ਤੇ ਮਾਪਿਆਂ ਨੂੰ ਵੱਖਰਾ ਸੂਚਨਾਪੱਤਰ ਭੇਜਣਗੇ।(2004 ਦੇ ਲਿਖਤੀ ਕਾਨੂੰਨ ਦੇ ਅਨੁਸਾਰ ਸੰਸ਼ੋਧਨ ਕੀਤਾ ਗਿਆ ਏ ਬੀ 2855, ਚੈਪਟਰ 895) | ਐਜੂਕੇਸ਼ਨ ਕੋਡ ਸੈਕਸ਼ਨ:48900.1 35291, 48980 |
| ਅਟੈਂਡੈਂਸ (ਦਾਖਲਾ ਲੈਣ)ਦੀਆਂ ਔਪਸਨਾਂ (ਚੋਣਾਂ)- ਹਰੇਕ ਸਾਲ ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਡਿਸਟ੍ਰਿਕ ਵਿੱਚ ਦਾਖਲੇ ਬਾਰੇ ਮੌਜੂਦਾ ਕਾਨੂੰਨੀ ਅਤੇ ਸਥਾਨਿਕ ਔਪਸ਼ਨਾਂ ਜਿਨੀਆਂ ਭੀ ਹਣ ਉਨ੍ਹਾਂ ਸਾਰੀਆਂ ਔਪਸ਼ਨਾਂ ਬਾਰੇ ਮਾਪਿਆਂ ਨੂੰ ਜਾਣਕਾਰੀ ਦੇਣ। ਇਸ ਵਿੱਚ ਸ਼ਾਮਿਲ ਹਨ, ਸਕੂਲ ਵਿੱਚ ਦਾਖਲਾ ਲੈਣ ਵਾਲੀਆਂ ਰਿਹਾਇਸ਼ ਸਬੰਧੀ ਸਾਰੀਆਂ ਲੋੜਾਂ, ਦਾਖਲੇ ਲਈ ਲੋਕਲ ਖੇਤਰ ਵਿੱਚ ਜੋ ਪ੍ਰੋਗਰਾਮ ਔਪਸ਼ਨਾਂ ਉਪਲਬਧ ਹਨ ਬਾਰੇ ਜਾਣਕਾਰੀ , ਇੰਟਰਡਿਸਟ੍ਰਿਕ ਜਾਂ ਇੰਟਰਾਡਿਸਟ੍ਰਿਕ ਅਧਾਰਿਤ ਸਪੈਸ਼ਲ ਪ੍ਰੋਗਰਾਮ ਦੀਆਂ ਉਪਲਬਧ ਔਪਸ਼ਨਾਂ ਬਾਰੇ ਜਾਣਕਾਰੀ । ਜਿਨ੍ਹਾਂ ਮਾਪਿਆਂ ਨੂੰ ਦਾਖਲੇ ਦੀ ਤਬਦੀਲੀ ਲਈ ਮਨਾਹੀ ਹੋਈ ਹੈ ਉਨ੍ਹਾਂ ਨੂੰ ਇੱਕ ਸੂਚਨਾਪੱਤਰ ਜ਼ਰੂਰ ਭੇਜਿਆ ਜਾਵੇ ਉਸ ਵਿੱਚ ਉਸ ਏਰੀਏ ਦੇ ਆਲਟਰਨੇਟਿਵ ਦਾਖਲੇ ਅਤੇ ਪ੍ਰੋਗਰਾਮਾਂ ਦੀਆਂ ਸਾਰੀਆਂ ਔਪਸ਼ਨਾਂ, ਦਾਖਲਾ ਲੈਣ ਦੇ ਤਰੀਕੇ, ਡਿਸਟ੍ਰਿਕ ਦਾ ਦਾਖਲੇ ਵਾਲਾ ਐਪਲੀਕੇਸ਼ਨ ਫੌਰਮ ਅਤੇ ਫੈਸਲੇ ਦੇ ਬਰਖਲਾਫ ਅਪੀਲ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਭੀ ਹੋਣੀ ਚਾਹੀਦੀ ਹੈ। ਨੋਟ:ਇਹ ਸੈਕਸ਼ਨ ਇਸ ਤੋਂ ਇਲਾਵਾ ਇਹ ਭੀ ਚਾਹੁੰਦਾ ਹੈ ਕਿ ਸਟੇਟ ਮੌਜੂਦਾ ਦਾਖਲੇ ਸਬੰਧੀ ਔਪਸ਼ਨਾਂ ਬਾਰੇ ਭੀ ਜਾਣਕਾਰੀ ਦੇਵੇ, ਜਿਸ ਵਿੱਚ ਸ਼ਾਮਿਲ ਹਨ ਐਜੂਕੇਸ਼ਨ ਕੋਡ ਸੈਕਸ਼ਨ 35160.5, 46600, et.Seq. 48204 (ਬੀ) ਅਤੇ 48300, et.Seq.<br>ਹਾਈ ਸਕੂਲ ਦੇ ਅਥਲੀਟਾਂ ਦੇ ਮਾਪੇ ਅਪਣੇ ਬੱਚੇ ਨੂੰ ਹਾਈ ਸਕੂਲ ਵਿੱਚ ਓਪਨ ਦਾਖਲੇ ਤੋਂ ਪਹਿਲਾਂ ਸੀ ਆਈ ਐਫ ਦੀ ਖੇਡਾਂ ਸਬੰਧੀ ਪਾਤਰਤਾ ਦੇ ਨਿਯਮਾਂ ਬਾਰੇ ਜਾਣਕਾਰੀ ਜ਼ਰੂਰ ਹਾਸਲ ਕਰਨ। | ਐਜੂਕੇਸ਼ਨ ਕੋਡ ਸੈਕਸ਼ਨ: 48980 (ਏਚ)<br>ਏ ਆਰ 5116.1<br>ਏ ਆਰ 5111 .1 |
| ਬਾਈਸਕਲ ਹੈਲਮਟ ਕਨੂੰਨ- ਇਸ ਦੇ ਅਨੁਸਾਰ 18 ਸਾਲ ਤੋਂ ਘਟ ਉਮਰ ਦਾ ਕੋਈ ਭੀ ਬੱਚਾ ਸਾਇਕਲ, ਮੋਟਰ ਤੋਂ ਬਗੈਰ ਵਾਲੀ ਸਕੂਟਰ, ਜਾਂ ਸਕੇਟਬੋਰਡ, ਜਾਂ ਇਕ ਸਵਾਰੀ ਦੀ ਤੌਰ ਤੇ ਸਵਾਰੀ ਨਹੀਂ ਕਰ ਸਕਦੇ ਹਨ ਜਦ ਤੱਕ ਚਲਾਉਣ ਵਾਲੇ ਨੇ ਸਟੈਂਡਰਡ ਅਧਾਰਿਤ ਹੈਲਮਟ ਅਪਣੇ ਸਿਰ ਤੇ ਪਾਈ ਹੋਈ ਅਤੇ ਚੰਗੀ ਤਰ੍ਹਾਂ ਬੁੰਣੀ ਹੋਈ ਹੈ, ਹੈਲਮਟ ਤੋਂ ਬਗੈਰ ਇਨ੍ਹਾਂ ਦੀ ਸਵਾਰੀ ਕਰਨਾ ਮਨਾਹ ਹੈ। ਨੋਟ ਕਰੋ: ਭਾਵੇਂ ਇਹ ਲੋੜ ਤਾਂ ਨਹੀਂ ਹੈ, ਪਰ ਸਕੂਲਾਂ ਨੂੰ ਅਦੇਸ਼ ਦਿੱਤਾ ਜਾਂਦਾ ਹੈ ਕਿ ਸਾਲ ਵਿੱਚ ਇੱਕ ਵਾਰੀ ਬੱਚਿਆਂ ਨੂੰ ਇਸ ਲੋੜ ਬਾਰ ਦੱਸਿਆ ਜਾਵੇ। | ਵੀ. ਸੀ. 21212 |
| ਬਹੁਭਾਸ਼ਾ/ ਬਹੁਸੰਭਿਆਚਾਰਕ ਸ਼ਿਖਸਾ- ਅੰਗਰੇਜ਼ੀ ਭਾਸ਼ਾ ਸਿਖਣ ਵਾਲੇ-ਬਹੁਭਾਸ਼ਾ ਪ੍ਰੋਗਰਾਮਾਂ ਚੋਂ ਹਟਾਉਣ ਅਤੇ ਸਥਾਪਤ ਕਰਨ(ਪਲੇਸਮੈਂਟ), ਮਸ਼ਵਰਾਦੇਣ, ਸੂਚਨਾਪੱਤਰ ਭੇਜਣ, ਦੇ ਤਰੀਕੇ ਸਥਾਪਤ ਕਰਦੇ ਹਨ। ਮਾਪਿਆਂ ਨੂੰ ਚਿੱਠੀ ਰਾਹੀਂ ਜਾਂ ਵਿਕਤੀਤਵ ਤੌਰ ਤੇ ਸੰਪਰਕ ਕਰਕੇ ਦਸਣਾ ਚਾਹੀਦਾ ਹੈ , ਕਿੰਨਾ ਕਾਰਨਾ ਕਰਕੇ, ਪ੍ਰੋਗਰਾਮ ਦਾ ਕੋਨਟੈਕਟ, ਅਤੇ ਮਾਪੇ ਇਹਨਾ ਕਲਾਸਾਂ ਵਿੱਚ ਆਕੇ ਦੇਖ ਸਕਦੇ ਹਨ ਅਤੇ ਇਸ ਦੇ ਅਨੁਸਾਰ ਮਾਪਿਆਂ ਨੂੰ ਅਪਣੇ ਬੱਚੇ ਨੂੰ ਬਹੁਭਾਸ਼ਾ ਸ਼ਿਕਸ਼ਾ ਦੇ ਪ੍ਰੋਗਰਾਮ ਵਿੱਚ ਰੱਖਣ ਤੋਂ ਮਨਾਹੀ ਕਰਨ ਦਾ ਹੱਕ ਹੈ। ਪ੍ਰੋਗਰਾਮ ਵਿੱਚ ਹਿੱਸਾ ਲੈਣ ਜਾਂ ਨਾ ਲੈਣ ਲਈ ਮਾਪਿਆਂ ਨੂੰ ਅਪਣੇ ਬੱਚੇ ਲਈ ਬਹੁਭਾਸ਼ਾ ਸ਼ਿਕਸ਼ਾ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਜਾਂ ਨਾ ਲੈਣ ਲਈ ਸਹਿਮਤੀ ਦੇਣ ਦਾ ਹੱਕ ਹੈ। ਲਿਖਤੀ ਨੋਟਿਸ ਅੰਗਰੇਜ਼ੀ ਅਤੇ ਵਿਦਿਆਰਥੀ ਦੀ ਮੁਢਲੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ:521641.1, 52164.3 52173;<br>ਸੀ ਸੀ ਆਰ ਸੈਕਸ਼ਨ 11303, 4306<br>20 ਯੂ ਐਸ ਸੀ 6312<br>ਬੋਰਡ ਪੌਲਸੀ 6174, ਏ ਆਰ 6174 |
| ਕੈਲੀਫੋਰਨੀਆ ਸਿਖਿਅਕ ਕਾਮਯਾਬੀ ਦਾ ਮੁਲਾਂਕਣ- ਇਸ ਦੇ ਅਨੁਸਾਰ ਡਿਸਟ੍ਰਿਕ ਵਾਲੇ ਵਿੱਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਜਾਂ ਗਾਰਡੀਅਨਾਂ ਅਤੇ ਟੀਚਰਾਂ ਨੂੰ ਸਮੇਂ ਅਨੁਸਾਰ ਵਿੱਦਿਆਰਥੀ ਦੇ ਸਿਖਿਅਕ ਸਟੇਟੱਸ (ਪਧੱਰ)ਅਤੇ ਤਰੱਕੀ ਬਾਰੇ ਜਾਣਕਰੀ ਦੇਣ। ਮਾਪਿਆਂ ਨੂੰ ਛੋਟ ਦੀ ਉਪਲਬਧੀ ਬਾਰੇ ਜਾਣਕਾਰੀ ਦੇਣ ਲਈ, ਐਜੂਕੇਸ਼ਨ ਕੋਡ ਸੈਕਸ਼ਨ 60615 ਡਿਸਟ੍ਰਿਕ ਨੂੰ ਇਜਾਜ਼ਤ ਦਿੰਦਾ ਹੈ ਪਰ ਛੋਟ ਲਈ ਵਕਾਲਤ ਕਰਨ ਤੋਂ ਮਨਾਹ ਕਰਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ:60602<br>5 ਸੀ ਸੀ ਆਰ ਸੈਕਸ਼ਨ 852 |

| ਵਿਸ਼ਾ | ਕਾਨੂੰਨੀ ਸਾਧਨ(ਲੀਗਲ ਰਿਸੋਰਸ) |
|---|---|
| ਕੈਲੀਫੋਰਨੀਆਂ-ਕੋਨਸੋਲੀਡੇਟਿਡ ਟੈਸਟਿੰਗ ਪ੍ਰੋਗਰਾਮ-ਕਾਨੂੰਨ ਦੇ ਅਨੁਸਾਰ ਡਿਸਟ੍ਰਿਕਟ ਨੂੰ ਵਿਦਿਆਰਥੀ ਦੀ ਅਸੈਸਮੈਂਟ ਬਾਰੇ ਵਿਦਿਆਰਥੀ, ਮਾਪਿਆਂ ਸਮੇਂ- ਸਮੇਂ ਤੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ 60602 |
| ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਗਜ਼ਾਮ (CAHSEE)- ਹਰੇਕ ਸਾਲ ਮਾਪਿਆਂ ਨੂੰ ਸੂਚਨਾ ਭੇਜੀ ਜਾਵੇ ਕਿ 2005-2006 ਸਕੂਲ ਸਾਲ ਤੋਂ ਸ਼ੁਰੂ ਹੋਕੇ, ਹਰੇਕ ਵਿੱਦਿਆਰਥੀ ਜੋ ਬਾਹਰਵੀਂ ਗ੍ਰੇਡ ਪਾਸ ਕਰਨਾ ਚਾਹੁੰਦਾ ਹੈ ਉਸ ਲਈ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਜੋ ਕਿ ਐਜੂਕੇਸ਼ਨ ਕੋਡ ਦੇ ਸੈਕਸ਼ਨਾਂ 60850 et. Seq. ਤਹਿਤ ਗ੍ਰੈਜੁਏਸ਼ਨ ਦੀ ਇੱਕ ਸ਼ਰਤ ਹੈ, ਕਾਮਯਾਬੀ ਨਾਲ ਪਾਸ ਕਰਨਾ ਲਾਜ਼ਮੀ ਹੋਵੇਗਾ। ਸੂਚਨਾਪੱਤਰ ਵਿੱਚ ਘਟ ਤੋਂ ਘਟ, ਇਮਤਿਹਾਨ ਦੀ ਤਾਰੀਖ ਅਤੇ ਇਮਤਿਹਾਨ ਪਾਸ ਨਾ ਕਰਨ ਦਾ ਨਤੀਜਾ ਜ਼ਰੂਰ ਸ਼ਾਮਿਲ ਹੋਣਾ ਚਾਹੀਦਾ ਹੈ। ਜਿਸ ਵਿੱਦਿਆਰਥੀ ਨੂੰ ਐਗਜ਼ਿਟ ਇਮਤਿਹਾਨ ਬਾਰੇ ਉਪਯੁਕਤ ਰੂਪ ਵਿੱਚ ਨੋਟਿਸ ਨਾ ਮਿਲੇ ਡਿਸਟ੍ਰਿਕ ਉਸਦਾ ਇਮਤਿਹਾਨ ਨਹੀਂ ਲੈ ਸਕਦਾ ਹੈ। ਉਪਯੁਕਤ ਰੂਪ ਵਿੱਚ ਨੋਟਿਸ ਮਿਲਣ ਦਾ ਭਾਵ ਹੈ ਕਿ ਵਿੱਦਿਆਰਥੀ ਨੂੰ ਨੌਂਵੀਂ ਗ੍ਰੇਡ ਦੇ ਸ਼ੁਰੂ ਵਿੱਚ ਲਿਖਤੀ ਨੋਟਿਸ ਦੇਣਾ, ਅਤੇ ਐਜੂਕੇਸ਼ਨ ਕੋਡ ਸੈਕਸ਼ਨ 48980 ਅਨੁਸਾਰ ਉਸ ਤੋਂ ਬਾਅਦ ਹਰੇਕ ਸਾਲ ਭੇਜਣਾ, ਜਾਂ ਜੇਕਰ ਵਿੱਦਿਆਰਥੀ ਤਬਦੀਲ ਹੋਕੇ ਆਉਂਦਾ ਹੈ ਤਾਂ ਤਬਦੀਲੀ ਸਮੇਂ ਦਿਤਾ ਜਾਵੇ। ਇਸਦੇ ਅਨੁਸਾਰ ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਇਸ ਗਲ ਦਾ ਰਿਕੌਰਡ ਰਖਣ ਕਿ ਮਾਪਿਆਂ ਨੂੰ ਨੋਟਿਸ ਮਿਲਿਆ ਹੈ। ਇਸ ਤੋਂ ਇਲਾਵਾ ਵਿੱਦਿਆਰਥੀ ਨੂੰ ਇਮਤਿਹਾਨ ਤੋਂ ਪਹਿਲਾਂ ਇਹ ਦਸਣਾ ਲਾਜ਼ਮੀ ਹੈ ਕਿ ਜੇਕਰ ਵਿੱਦਿਆਰਥੀ ਇਮਤਿਹਾਨ ਦੌਰਾਨ ਚੀਟ ਕਰਦਾ ਫੜਿਆ ਜਾਵੇਗਾ ਜਾਂ ਟੈਸਟ ਦੀ ਸੁਰਿਖਆ ਭੰਗ ਕਰੇਗਾ ਤਾਂ ਉਸਦਾ ਟੈਸਟ ਰੱਦ ਕੀਤਾ ਜਾਵੇਗਾ। ਨਵਾਂ ਲਾਅ (ਐਸ ਬੀ 267) ਡਿਸਅਬਿਲਟੀਆਂ ਵਾਲੇ ਵਿੱਦਿਆਰਥੀਆਂ ਨੂੰ 2007 ਦਸੰਬਰ ਤੱਕ ਇਮਤਿਹਾਨ ਲੈਣ ਤੋਂ ਚੌਟ ਦਿੰਦਾ ਹੈ। ਇਹ ਰੈਗੁਲੇਸ਼ਨ ਦੁਬਾਰਾ ਰਿਵਾਈਜ਼ ਕੀਤੀ ਗਈ ਸੀ ਤਾਂਕਿ ਨਿਊ ਟਾਈਟਲ 5 ਦੀਆਂ ਰੈਗੁਲੇਸ਼ਨਾਂ ਦਰਸ਼ਾਈਆਂ ਜਾ ਸਕਣ, ਉਨ੍ਹਾਂ ਦੇ ਤਹਿਤ ਬਾਲਗ ਵਿੱਦਿਆਰਥੀ ਨੂੰ ਸਾਲ ਵਿੱਚ ਤਿਨ ਮੌਕੇ ਮਿਲਦੇ ਹਨ ਅਤੇ ਉਸ ਤੋਂ ਬਾਅਦ ਜਿਨੀਂ ਵਾਰੀ ਇਹ ਇਮਤਿਹਾਨ ਦਿਤਾ ਜਾਂਦਾ ਹੈ ਵਿੱਦਿਆਰਥੀ ਇਹ ਇਮਤਿਹਾਨ ਲੈ ਸਕਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ:48980 (ਈ), 60850<br>5 ਸੀ ਸੀ ਆਰ ਸੈਕਸ਼ਨ 1220<br>ਏ ਆਰ 6146.1, ਬੋਰਡ ਪੌਲਸੀ 6162.52,<br>ਏ ਆਰ 6162.52 |
| ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ- ਮਦਦ ਕਰਨ ਦੇ ਵਿਚਾਰ ਨਾਲ ਬਹੁਤ ਜ਼ਿਆਦਾ ਸਿਖਿਅਕ ਮੇਹਨਤ ਕਰਵਾਉਣੀ (ਇਨਟੈਨਸਿਵ ਇਨਸਟਰੱਕਸ਼ਨ) ਅਤੇ ਸੂਚਨਾ ਦੇਣੀ- ਸਕੂਲ ਡਿਸਟ੍ਰਿਕਿਟ ਜਿਨ੍ਹਾਂ ਨੂੰ ਇਨਟੈਨਸਿਵ ਪੜ੍ਹਾਈ ਕਰਵਾਉਣ ਲਈ ਪੈਸੇ ਮਿਲਦੇ ਹਨ, ਐਜੂਕੇਸ਼ਨ ਕੋਡ 37254 ਦੇ ਤਹਿਤ ਬਾਹਰਵੀਂ ਗ੍ਰੇਡ ਦੇ ਵਿੱਦਿਆਰਥੀਆਂ ਜਿਨ੍ਹਾਂ ਨੇ ਗ੍ਰੇਡ ਦੇ ਅਖੀਰ ਤੱਕ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦਾ ਇਕ ਜਾਂ ਦੋਨੋਂ ਹਿੱਸੇ ਪਾਸ ਨਹੀ ਕੀਤੇ ਹਨ ਸਕੂਲ ਟਰਮ ਖਤਮ ਹੋਣ ਤੋਂ ਪਹਿਲੋਂ ਵਿੱਦਿਆਰਥੀ ਦੇ ਅਖੀਰਲੇ ਜਾਣੂ ਪਤੇ ਤੇ ਇਨਟੈਨਸਿਵ ਇਨਸਟਰੱਕਸ਼ਨ ਦੀ ਉਪਲਬਧੀ ਬਾਰੇ ਕਾਫੀ ਸਮਾਂ ਪਹਿਲਾਂ ਲਿਖਕੇ ਜਾਣਕਾਰੀ ਦੇਣਤਾਂਕਿ ਉਸ ਵਿੱਦਿਆਰਥੀ ਦੇ ਮਾਪੇ ਅਪਣੇ ਬੱਚੇ ਨੂੰ ਉਸ ਪ੍ਰੋਗਰਾਮ ਵਿੱਚ ਰਜਿਸਟਰ ਕਰਵਾ ਸਕਣ ਜਾਂ ਉਹ ਲਗਾਤਾਰ ਹਰੇਕ ਟਰਮ ਲਈ ਦੋ ਸਿਖਿਅਕ ਸਾਲਾਂ ਲਈ ਇਨ੍ਹਾਂ ਸੇਵਾਵਾਂ ਦੀ ਪ੍ਰਾਪਤੀ ਕਰ ਸਕੇ। ਵਿੱਦਿਆਰਥੀਆਂ ਨੂੰ ਉਨ੍ਹਾਂ ਦੇ ਹੱਕ ਬਾਰੇ ਵੀ ਲਿਖਤੀ ਰੂਪ ਵਿੱਚ ਸੂਚਨਾ ਦਿਤੀ ਜਾਵੇ, ਉਸਦਾ ਸਬੰਧ ਸ਼ਿਕਾਇਤ ਕਰਨ ਦੀ ਡਿਸਟ੍ਰਕਿਟ ਦੀ ਇਕਸੂਰਤਾ ਵਾਲੀ ਕਾਰਜ-ਪ੍ਰਣਾਲੀ ਨਾਲ ਹੋਵੇਗਾ। ਇਹ ਨੋਟਿਸ ਹਰੇਕ ਸਕੂਲ ਅਤੇ ਡਿਸਟ੍ਰਿਕਟ 4ਫਿਸ ਵਿੱਚ ਲਗਾ ਹੋਣਾ ਚਾਹੀਦਾ ਹੈ ਅਤੇ ਇਸਦੇ ਨਾਲ-ਨਾਲ ਵੈਬਸਾਈਟ ਤੇ ਵੀ ਹੋਣਾ ਚਾਹੀਦਾ ਹੈ। ਇਹ ਨੋਟਿਸ ਐਜੈਕੇਸ਼ਨ ਕੋਡ 48985 ਦੀ ਅਨੁਵਾਦਕ ਸ਼ਰਤ ਵੀ ਪੂਰੀ ਕਰੇ। | ਐਜੂਕੇਸ਼ਨ ਕੋਡ: 37254 |
| ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ- ਮਦਦ ਕਰਨ ਦੇ ਵਿਚਾਰ ਨਾਲ ਬਹੁਤ ਜ਼ਿਆਦਾ ਸਿਖਿਅਕ ਮੇਹਨਤ ਕਰਵਾਉਣੀ (ਇਨਟੈਨਸਿਵ ਇਨਸਟਰੱਕਸ਼ਨ), ਕਲਾਸਰੂਮ ਵਿੱਚ ਪੋਸਟ ਕਰਨਾ- ਸਕੂਲ ਡਿਸਟ੍ਰਿਕਟ ਜਿਨ੍ਹਾਂ ਨੂੰ ਨਿਟੈਨਸਿਵ ਇਨਸਟਰੱਕਸ਼ਨ ਲਈ ਪੈਸੇ ਮਿਲਦੇ ਹਨ ਦਸਵੀਂ ਤੋਂ ਲੈਕੇ ਬਾਹਰਵੀਂ ਗ੍ਰੇਡਾਂ ਦੇ ਸਾਰੇ ਕਲਾਸਰੂਮਾਂ ਵਿੱਚ ਇਸਦੀ ਉਪਲਬਧੀ ਬਾਰੇ ਜਾਣਕਾਰੀ ਪੋਸਟ ਕਰਨਗੇ, ਜਿਸ ਵਿੱਚ 12ਵੀਂ ਗ੍ਰੇਡ ਦੇ ਉਨ੍ਹਾਂ ਵਿੱਦਿਆਰਥੀਆਂ ਦੇ ਹੱਕ ਵੀ ਸ਼ਾਮਿਲ ਹੋਣਗੇ ਜਿਨ੍ਹਾਂ ਨੇ ਅਪਣੇ ਗ੍ਰੇਣ ਦੇ ਅਖੀਰ ਤੱਕ ਕੈਲੀਫੋਰਨੀਆ ਹਾਈ ਸਕੂਲ ਐਗਜ਼ਿਟ ਇਮਤਿਹਾਨ ਦਾ ਇੱਕ ਹਿਸਾ ਜਾਂ ਦੋਨੋਂ ਹਿਸੇ ਪਾਸ ਨਹੀਂ ਕੀਤੇ ਹਨ। ਉਸ ਨੋਟਿਸ ਵਿੱਚ ਇਹ ਵੀ ਸ਼ਾਮਿਲ ਹੋਵੇ, ਇਨਟੈਨਸਿਵ ਇਨਸਟਰੱਕਸ਼ਨ(ਸਿਖਿਅਕ ਮੇਹਨਤ) ਦੀ ਉਪਲਬਧੀ ਬਾਰੇ ਜਾਣਕਾਰੀ ਤਾਂਕਿ ਉਹ ਵਿੱਦਿਆਰਥੀ ਉਸ ਪ੍ਰੋਗਰਾਮ ਵਿੱਚ ਅਪਣੇ ਆਪ ਨੂੰ ਰਜਿਸਟਰ ਕਰਵਾ ਸਕੇ ਜਾਂ ਲਗਾਤਾਰ ਹਰੇਕ ਟਰਮ ਲਈ ਦੋ ਸਿਖਿਅਕ ਸਾਲਾਂ ਲਈ ਇਨ੍ਹਾਂ ਸੇਵਾਵਾਂ ਦੀ ਪ੍ਰਾਪਤੀ ਕਰ ਸਕੇ। ਇਨ੍ਹਾਂ ਦੋਨਾਂ ਵਿਚੋਂ ਜਿਹੜੀ ਸ਼ਰਤ ਪਹਿਲਾਂ ਪੂਰੀ ਹੋ ਜਾਵੇ। | ਏ ਬੀ 347, ਚੈਪਟਰ 526, 2007 ਦਾ ਵਿਧਾਨਕ ਕਨੂੰਨ, ਐਜੂਕੇਸ਼ਨ ਕੋਡ ਸੈਕਸ਼ਨ 35816 |
| ਕੈਲੀਫੋਰਨੀਆਂ ਹਾਈ ਸਕੂਲ ਪ੍ਰੋਫੀਸ਼ੈਂਸੀ ਇਮਤਿਹਾਨ -ਈ ਸੀ 48412 ਦੇ ਅਨੁਸਾਰ ਸਕੂਲ ਪ੍ਰਿੰਸੀਪਲ 11ਵੀਂ ਅਤੇ 12ਵੀਂ ਦੇ ਗ੍ਰੇਡ ਬਣਾਈ ਰੱਖਣ ਵਾਲਿਆਂ ਲਈ ਕੈਲੀਫੋਰਨੀਆਂ ਹਾਈ ਸਕੂਲ ਪ੍ਰੋਫੀਸ਼ੈਂਸੀ ਇਮਤਿਹਾਨ ਬਾਰੇ ਘੋਸ਼ਨਾ ਕਰਨਗੇ। ਇਸ ਲਇ ਫਾਲ (ਪਤਝੜ) ਸਮੇਂ ਦੇ ਟੇਸਟ ਲਈ ਰਜਿਸਟਰ ਹੋਣ ਲਇ ਵਿਦਿਆਰਥੀਆਂ ਕੋਲ ਢੁਕਵਾਂ ਸਮਾਂ ਹੋਣਾ ਜ਼ਰੂਰੀ ਹੈ। ਕੈਲੀਫੋਰਨੀਆਂ ਹਾਈ ਸਕੂਲ ਪ੍ਰੋਫੀਸ਼ੈਂਸੀ ਇਮਤਿਹਾਨ (ਛ੍ਹਸ਼ਓਈ) ਸਵੈ-ਇਛਾ ਨਾਲ ਕਰਨ ਵਾਲਾ ਇਮਤਿਹਾਨ ਹੈ ਜੋ ਪਬਲਿਕ ਸਕੂਲਾਂ ਵਿੱਚ ਪੜ੍ਹਨ ਵਾਲਿਆਂ ਲਈ ਰੀਡਿੰਗ, ਰਾਈਟਿੰਗ ਅਤੇ ਮੈਥ ਦੀਆਂ ਸਕਿਲਜ਼ ਦਾ ਮੁਲਾਂਕਣ ਕਰਦਾ ਹੈ। ਜੋ ਵਿਦਿਆਰਥੀ ਇਸ ਨੂੰ ਪਾਸ ਕਰ ਲੈਂਦੇ ਹਨ ਉਹਨਾ ਨੂੰ ਸਰਟੀਫਿਕੇਟ ਦਿੱਤਾ ਜਾਂਦਾ ਹੈ, ਪਰ ਇਹ ਹਾਈ ਸਕੂਲ ਤੋਂ ਗਰੈਜੂਏਟ ਹੋਣ ਲਈ ਸਾਰਾ ਕੋਰਸ ਪੂਰਾ ਕਰਨ ਦੇ ਬਰਾਬਰ ਨਹੀਂ ਹੈ। ਇਸ ਬਅਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਹੇਟ ਲਿਖੀ ਵੈੱਬ ਸਾਈਟ ਤੇ ਜਾ ਸਕਦੇ ਹੋ; http://www.chspe.net | 5 ਸੀ ਸੀ ਆਰ 11523 |

| ਵਿਸ਼ਾ | ਕਾਨੂੰਨੀ ਸਾਧਨ(ਲੀਗਲ ਰਿਸੋਰਸ) |
|---|---|
| ਕੱਰਿਅਰ ਪਲੈਨਿੰਗ- ਸੱਤਵੀਂ ਗ੍ਰੇਡ ਲਈ ਮਾਪਿਆਂ ਨੂੰ ਕੱਰਿਅਰ ਕਉਂਸਲਿੰਗ ਸਬੰਧੀ ਸੈਕਸ ਨਿਰਪੱਖਤਾ ਅਤੇ ਕੋਰਸ ਚੁਣਨ ਤੋਂ ਸ਼ੁਰੂ ਕਰਕੇ ਕੋਰਸ ਚੁਣਨ ਦੇ ਮੌਕਿਆਂ ਬਾਰੇ ਜਾਣਕਾਰੀ  ਦੇਣੀ ਲਾਜ਼ਮੀ ਹੈ।  ਇਸ ਤੋਂ ਇਲਾਵਾ ਮਾਪਿਆਂ ਨੂੰ ਕਉਂਸਲਿੰਗ ਦੇ ਸੈਸ਼ਨਾਂ ਦੌਰਾਨ ਹਿੱਸਾ ਲੈਣ ਦੇ ਹੱਕ ਬਾਰੇ ਭੀ ਜਾਣਕਾਰੀ  ਦਿੱਤੀ ਜਾਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:221.5<br>ਬੋਰਡ ਪੌਲਸੀ6164.2, ਏ ਆਰ 6164.2 |
| ਰਿਕੌਰਡਾਂ ਦੇ ਬਰਖਲਾਫ ਚੁਨੌਤੀ, ਪੁਨਰਵਿੱਚਾਰ ਅਤੇ ਰੱਦ ਕਰਨਾ- ਸਕੂਲ ਡਿਸਟ੍ਰਿਕ ਦੇ ਮੌਜੂਦਾ ਜਾਂ ਪਹਿਲਾਂ ਪੜ੍ਹ ਚੁਕੇ ਵਿੱਦਿਆਰਥੀ ਦੇ ਰਿਕੌਰਡ ਇਨਸਪੈਕਸ਼ਨ ਅਤੇ ਰਿਵਿਊ ਕਰਨ ਤੋਂ ਬਾਅਦ ਉਸਦੇ ਮਾਪੇ ਜਾਂ ਗਾਰਡੀਅਨ ਰਿਕੌਰਡ ਵਿੱਚ ਲਿਖੀਆਂ ਗਲਾਂ ਨੂੰ ਚੈਲੰਜ (ਇਤਰਾਜ਼ ਕਰਨਾ) ਕਰ ਸਕਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ:49063, 49070<br>ਬੋਰਡ ਪੌਲਸੀ 5125, ਏ ਆਰ 5125,<br>ਬੋਰਡ ਪੌਲਸੀ 5125.3 |
| ਚੈਪਟਰ 1/ਟਾਈਟਲ 1 ਪ੍ਰੋਗਰਾਮ ਵਿੱਚ ਹਿੱਸਾ ਲੈਣਾ- ਜਦੋਂ ਬੱਚੇ ਨੂੰ ਚੈਪਟਰ 1/ਟਾਈਟਲ 1 ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਚੁਣਿਆ ਜਾਵੇ ਤਾਂ ਮਾਪਿਆਂ ਨੂੰ ਲਾਜ਼ਮੀ ਤੌਰ ਤੇ ਪ੍ਰੋਗਰਾਮ ਡਿਜ਼ਾਇਨ ਅਤੇ ਲਾਗੂ ਕਰਨ ਵਿੱਚ ਮੱਦਦ ਕਰਨ ਦੇ ਹੱਕ ਬਾਰੇ ਜਾਣਕਾਰੀ  ਦਿੱਤੀ ਜਾਵੇ।  ਮਾਪੇ ਪੌਲਸੀ ਬਣਾਉਣ ਵਿੱਚ ਹਿੱਸਾ ਲੈ ਸਕਦੇ ਹਨ ਉਨ੍ਹਾਂ ਦੇ ਏਸ ਹੱਕ ਬਾਰੇ ਉਨ੍ਹਾਂ ਨੂੰ ਨੋਟਿਸ ਭੇਜਿਆ ਜਾਵੇ। | ਕੋਡ ਔਫ ਫੈਡਰੱਲ ਰੈਗੁਲੇਸ਼ਨ, ਟਾਇਟੱਲ 34 (34 ਸੀ ਐਫ ਆਰ)ਸੈਕਸ਼ਨ 200.34;  1981ਕੱਨਸੌਲੀਡੇਸ਼ੱਨ ਅਤੇ ਇਮਪਰੂਵਮੈਂਟ ਐਕਟ  20 ਯੂ ਐਸ ਸੀ 6319<br>ਬੋਰਡ ਪੌਲਸੀ 6171, ਏ ਆਰ 6171<br>20 ਯੂ ਐਸ ਸੀ 6318 |
| ਬੱਚੇ ਨਾਲ ਦੁਰਵਿਹਾਰ (ਚਾਇਲਡ ਅਬਯੂਜ਼)ਹੋਣ ਤੇ ਸ਼ਿਕਾਇਤ ਕਰਨ ਦੇ ਤਰੀਕੇ ਸਬੰਧੀ ਜਾਣਕਾਰੀ  ਦੀ ਰੂਪ-ਰੇਖਾ- ਕੈਲਿਫੋਰਨੀਆ ਐਜੂਕੇਸ਼ਨ ਡਿਪਾਰਟਮੈਂਟ ਨੂੰ ਚਾਹੀਦਾ ਹੈ ਕਿ ਉਹ ਚਾਇਲਡ ਅਬਯੂਜ਼ ਦੇ ਬਰਖਲਾਫ ਸ਼ਿਕਾਇਤ ਕਰਨ ਦੇ ਤਰੀਕੇ ਦੀ ਰੂਪ ਰੇਖਾ ਤਿਆਰ ਕਰਨ, ਅਤੇ ਮਾਪਿਆਂ/ਗਾਰਡੀਅਨਾਂ ਨੂੰ ਉਸਦੇ ਬਾਰੇ ਦਸਣ।  ਜੇਕਰ ਸਕੂਲ ਦਾ ਕਰਮਚਾਰੀ ਬੱਚੇ ਨਾਲ ਦੁਰਵਿਵਹਾਰ ਕਰੇ ਤਾਂ ਮਾਪਿਆਂ/ਗਾਰਡੀਅਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਸਕੂਲ ਕਰਮਚਾਰੀ ਦੇ ਬਰਖਲਾਫ ਸ਼ਿਕਾਇਤ ਕਿੰਝ ਦਰਜ ਕਰ ਸਕਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ:33308.1 ਐਜੂਕੇਸ਼ਨ ਕੋਡ 48987<br>ਬੋਰਡ ਪੌਲਸੀ 1312.1 ਏ ਆਰ 1312.1 |
| ਬੱਚੇ ਨਾਲ ਦੁਰਵਿਹਾਰ (ਚਾਇਲਡ ਅਬਯੂਜ਼)ਰੋਕਣ ਸਬੰਧੀ ਪ੍ਰੋਗਰਾਮ-ਬੱਚੇ ਵਲੋਂ ਪ੍ਰੋਗਰਾਮ ਵਿੱਚ ਹਿੱਸਾ ਲੈਣ ਤੋਂ ਪਹਿਲੋਂ ਮਾਪਿਆਂ ਨੂੰ ਪ੍ਰੋਗਰਾਮ ਬਾਰੇ ਸੂਚਨਾ ਦਿਉ। ਜਦੋਂ ਵੀ ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਸਟਾਫ ਨੂੰ ਕਿਸੇ ਬੱਚੇ ਨਾਲ ਦਰਵਿਵਹਾਰ ਦਾ ਸ਼ੱਕ ਪੈਂਦਾ ਹੈ ਤਾਂ ਅਜਿਹੀ ਹਾਲਾਤ ਵਿੱਚ ਕਾਨੂੰਨ ਜ਼ਰੂਰੀ ਹੈ ਕਿਉਹ ਇਸ ਦੀ ਰਿਪੋਰਟ ਕਰਨ। ਸਟਾਫ ਆਪਣੇ ਸ਼ੱਕ ਨੂੰ ਪ੍ਰਮਾਣਤ ਕਰਨ ਲਈ ਛਾਣਬੀਣ ਨਹੀਂ ਕਰ ਸਕਦਾ। ਸਟਾਫ ਮੈਂਬਰ ਦਾ ਨਾਮ ਅਤੇ ਉਹਨਾ ਵੱਲੋਂ ਕੀਤੀ ਗਈ ਰਿਪੋਰਟ ਦੋਨਾ ਨੂੰ ਹੀ ਗੁਪਤ ਰੱਖਿਆ ਜਾਵੇਗਾ। | ਐਜੂਕੇਸ਼ਨ ਕੋਡ 51550; ਵੈਲਫੇਅਰ ਅਤੇ ਇਨਸਟੀਚਯੁਸ਼ਨਜ਼ ਕੋਡ 18976.5<br>ਪੀਨਲ ਕੋਡ 11164 ਈ ਟੀ  ਸੀਕੁਐਂਸ |
| ਬੱਚੇ ਦੀ ਸਿਹਤ ਅਤੇ ਡਿਸਅਬਿਲਟੀ ਦੀ ਰੋਕ -ਥਾਮ ਦਾ ਪ੍ਰੋਗਰਾਮ; ਹੈਲਥ ਸਕਰੀਨਿੰਗ- ਪਹਿਲੀ ਗ੍ਰੇਡ ਵਿੱਚ ਦਾਖਲ ਹੋਣ ਲਈ ਸ਼ਰੀਰਕ ਜਾਂਚ ਅਤੇ ਲੋਕੱਲ ਹੈਲਥ ਡਿਪਾਰਟਮੈਂਟ ਵਲੋਂ ਫਰੀ ਹੈਲਥ ਸਕਰੀਨਿੰਗ ਦੀ ਸੇਵਾ ਦੀ ਉਪਲਬਧੀ ਬਾਰੇ ਜਾਣਕਾਰੀ  ਕਿੰਡਰਗਾਰਟਨ ਅਤੇ ਪਹਿਲੀ ਗ੍ਰੇਡ ਦੇ ਵਿੱਦਿਆਰਥੀਆਂ ਦੇ ਮਾਪਿਆਂ ਨੂੰ ਨੋਟਿਸ ਰਾਹੀਂ ਦੇਣ ਦੀ ਲੋੜ ਹੈ।  ਆਗਿਆ ਦਾ ਪਾਲਣ ਨਾ ਕਰਨ ਤੇ ਪੰਜ ਦਿਨ ਲਈ ਸਕੂਲੋਂ ਬਾਹਰ ਰਹਿਣਾ ਪਵੇਗਾ, ਜਾਂ ਛੋਟ ਤੇ ਦਸਤਖਤ ਕਰਵਾਉ। | ਹੈਲਥ ਅਤੇ ਸੇਫਟੀ ਕੋਡ ਸੈਕਸ਼ਨ 124100 ਅਤੇ 124105, 124085, 120475<br>ਏ ਆਰ 5111. 2 |
| ਵਿਤਕਰੇ ਸਬੰਧੀ ਸ਼ਿਕਾਇਤ- ਸ਼ਿਕਾਇਤ ਕਰਨ ਵਾਲਿਆਂ ਲਈ ਕਾਨੂੰਨੀ (ਸਿਵਿਲ ਲਾਅ)ਕਾਰਵਾਈਆਂ ਦੀ ਉਪਲਬਧੀ ਹੈ | ਐਜੂਕੇਸ਼ਨ ਕੋਡ ਸੈਕਸ਼ਨ: 262.3<br>ਏ ਆਰ 1312.3 |
| ਕਮਪੱਲਸਰੀ (ਲਾਜ਼ਮੀ) ਸ਼ਿਕਸ਼ਾ- ਜੋ ਬੱਚਾ 6-18 ਸਾਲ ਦੀ ਉਮਰ ਦਾ ਹੈ, ਉਸਨੂੰ ਲਾਜ਼ਮੀ ਤੌਰ ਤੇ ਸ਼ਿਕਸ਼ਾ ਹਾਸਲ ਕਰਨੀ ਪਵੇਗੀ, ਸਿਵਾਏ ਇਸਦੇ ਕਿ ਉਸ ਨੂੰ ਛੋਟ ਮਿਲ ਚੁਕੀ ਹੈ।  ਉਹ ਲਾਜ਼ਮੀ ਤੌਰ ਤੇ ਅਪਣੇ  ਮਾਪਿਆਂ ਜਾਂ ਗਾਰਡੀਅਨ ਦੇਰਿਹਾਇਸ਼ੀ ਸਕੂਲ ਡਿਸਟ੍ਰਿਕਿਟ ਦੇ ਸਕੂਲ ਵਿੱਚ ਦਾਖਲਾ ਲਵੇ। | ਐਜੂਕੇਸ਼ਨ ਕੋਡ ਸੈਕਸ਼ਨ:48200 |
| ਮੈਡੀਕਲ ਰਿਕੌਰਡਾਂ ਦੀ ਭੇਤਦਾਰੀ - ਪੀਨੱਲ ਕੋਡ ਸੈਕਸ਼ਨ 290 ਦੀ ਲੋੜ ਅਨੁਸਾਰ ਕਿੰਡਰਗਾਰਟਨ ਤੋਂ ਬਾਰ੍ਹਵੀਂ ਗ੍ਰੇਡ ਤੱਕ ਦੇ ਨਾਬਾਲਗ ਬੱਚੇ ਜਦੋਂ ਸਕੂਲ ਵਿੱਚ ਦਾਖਲ ਹੁੰਦੇ ਹਨ ਲੈਣ ਅਤੇ ਉਹ ਅਗੇ ਦਸੇ ਅਪਰਾਧਾਂ ਚੋਂ ਕਿਸੇ ਇੱਕ ਘੋਰ ਅਪਰਾਧ, ਜਾਂ ਕਰਫਿਊ ਦੌਰਾਨ ਬਦਤਮੀਜ਼ੀ ਕਰਨ, ਜੂਆ ਖੇਲਣ, ਤਮਾਖੂ ਨਾਲ ਸਬੰਧਿਤ ਚੀਜ਼ਾਂ ਦਾ ਪ੍ਰਯੋਗ ਕਰਨ, ਹਥਿਆਰ ਰੱਖਣ, ਸੈਕਸ ਸਬੰਧੀ ਕੁਕਰਮ ਕਰਨ, ਮਾਰ-ਕੁਟਾਈ, ਚੋਰੀ, ਤੋੜ-ਭਣ ਜਾਂ ਕੰਧਾਂ ਤੇ ਗੈਂਗ ਸਬੰਧੀ ਚਿਤਰਕਾਰੀ ਦਾ ਪ੍ਰਦਰਸ਼ਨ ਕਰਨ ਨਾਲ ਸੰਬੰਧ ਰਖਦੇ ਸਣ  ਤਾਂ ਕੋਰਟ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਸੱਤ ਦਿਨਾਂ ਦੇ ਵਿੱਚ-ਵਿੱਚ ਸਕੂਲ ਡਿਸਟ੍ਰਿਕ ਸੁਪਰਿਨਟੈਂਡੈਂਟ ਨੂੰ ਉਸ ਬਾਰੇ ਇਤਲਾਹ ਦੇਣ।ਇਹ ਨਾਬਾਲਗ ਜਿਨ੍ਹਾਂ ਕਉਂਸਲਰ ਦੀ ਸਿੱਧੀ ਨਿਗਰਾਨੀ ਹੇਠ ਹੈ ਜਦੋਂ ਉਹ ਇਸਦੇ ਵਿਹਾਰ ਜਾਂ ਤਰੱਕੀ ਬਾਰੇ ਰਿਪੋਰਟ ਕਰਨ ਤਾਂ ਪ੍ਰਿੰਸੀਪੱਲ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਉਸ ਬੱਚੇ ਬਾਰੇ ਜਾਣਕਾਰੀ  ਦੇਵੇ। | ਵੈਲਫੇਅਰ ਐਂਡ ਇਨਸਟੀਚਯੁਸ਼ਨ ਕੋਡ (ਜੀਛ)<br>ਸੈਕਸ਼ਨ 827 |

| ਵਿਸ਼ਾ | ਕਾਨੂੰਨੀ ਸਾਧਨ(ਲੀਗਲ ਰਿਸੋਰਸ) |
|---|---|
| ਗੁਪਤ ਮੈਡਿਕੱਲ ਸੇਵਾ ਪ੍ਰਾਪਤ ਕਰਨ ਸਬੰਧੀ ਗੈਰਹਾਜ਼ਰੀ - ਸੱਤਵੀਂ ਤੋਂ ਲੈਕੇ ਬਾਰ੍ਹਵੀਂ ਗ੍ਰੇਡ ਦੇ ਸਾਰੇ ਵਿੱਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਡਿਸਟ੍ਰਿਕ ਸੂਚਨਾਪੱਤਰ ਰਾਹੀਂ ਲਾਜ਼ਮੀ ਤੌਰ ਤੇ ਜਾਣਕਾਰੀ ਦੇਵੇ ਕਿ ਵਿੱਦਿਆਰਥੀ ਵਲੋਂ ਗੁਪਤ ਮੈਡਿਕੱਲ ਸੇਵਾਵਾਂ ਪ੍ਰਾਪਤ ਕਰਨ ਲਈ ਸਕੂਲ ਵਾਲੇ ਉਸਨੂੰ ਕਾਨੂੰਨੀ ਇਜਾਜ਼ਤ ਨਾਲ ਮਾਪਿਆਂ ਜਾਂ ਗਾਰਡੀਅਨ ਦੀ ਸਹਿਮਤੀ ਤੋਂ ਬਗੈਰ ਸਕੂਲ ਚੋਂ ਗੈਰ ਹਾਜ਼ਰ ਹੋਣ ਦੀ ਇਜਾਜ਼ਤ ਦੇ ਸਕਦੇ ਹਨ। ਨੋਟ ਕਰੋ: ਨਵੰਬਰ 2004 ਵਿੱਚ ਕੈਲੀਫੋਰਨੀਆ ਅਟਰਨੀ ਜਨਰਲ ਉਪਿਨਿਅਨ ਨੇ ਜਾਰੀ ਕੀਤਾ ਸੀ ਕਿ ਜੇਕਰ ਡਿਸਟ੍ਰਿਕ ਮਾਪਿਆਂ ਨੂੰ ਸੂਚਿਤ ਕਰਨ ਵਾਲੀ ਪੌਲਸੀ ਨਹੀਂ ਅਪਨਾਉਣੀ ਚਾਹੁੰਦੇ ਹਨ ਤਾਂ ਉਹ ਇੰਝ ਕਰ ਸਕਦੇ ਹਨ ਅਗਰ ਡਿਸਟ੍ਰਿਕ ਮਾਪਿਆਂ ਜਾਂ ਗਾਰਡੀਅਨ ਦੀ ਸਹਿਮਤੀ ਤੋਂ ਬਗੈਰ ਵਿੱਦਿਆਰਥੀ ਨੂੰ ਗੁਪਤ ਮੈਡਿਕੱਲ ਸੇਵਾਵਾਂ ਪ੍ਰਾਪਤ ਕਰਨ ਲਈ ਸਕੂਲੋਂ ਮਾਪਿਆਂ ਦੀ ਇਜਾਜ਼ਤ ਤੋਂ ਬਗੈਰ ਗੈਰਹਾਜ਼ਰ ਹੋਣ ਦੀ ਇਜਾਜ਼ਤ ਦੇਣਾ ਚਾਹੁੰਦਾ ਹੈ ਤਾਂ ਦੇ ਸਕਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ:46010. 0, 46010.1<br>ਬੋਰਡ ਪੌਲਸੀ 5113 |
| ਲਗਾਤਾਰ ਦਵਾਈ ਦੇਣਾ –ਡੌਕਟਰ ਵਲੋਂ ਦਸੀ ਗਈ ਦਵਾਈ ਦੇਣੀ- ਇਸਦੇ ਅਨੁਸਾਰ ਡਿਸਟ੍ਰਕਿਟ ਲਈ ਜ਼ਰੂਰੀ ਹੈ ਕਿ ਉਹ ਮਾਪਿਆਂ ਨੂੰ ਇਤਲਾਹ ਦੇਣ ਕਿ ਬੱਚੇ ਵਲੋਂ ਲਗਾਤਾਰ ਹਰ ਰੋਜ਼ ਖਾਣ ਵਾਲੀ ਦਵਾਈ ਦੇ ਬਾਰੇ ਮਾਪੇ ਲਾਜ਼ਮੀ ਤੌਰ ਤੇ ਸਕੂਲ ਵਾਲਿਆਂ ਨੂੰ ਜਾਣਕਾਰੀ ਦੇਣ। ਸਕੂਲ ਵਾਲਿਆਂ ਨੂੰ ਦਵਾਈ ਦੇਣ ਦਾ ਸਮਾਂ, ਖੁਰਾਕ, ਅਤੇ ਨਿਰੀਖਨ ਕਰਨ ਵਾਲੇ ਡੌਕਟਰ ਦਾ ਨਾਂ ਦਸਣਾ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:49480 |
| ਸਾਰਾ ਸਾਲ ਚਲਣ ਵਾਲੇ ਸਕੂਲ ਪ੍ਰੋਗਰਾਮ (ਕੰਟੀਨਯੁੱਸ ਸਕੂਲ ਪ੍ਰੋਗਰਾਮ)- ਇਸ ਦੇ ਅਨੁਸਾਰ ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਸਕੂਲ ਸਾਲ ਤੋਂ ਪਹਿਲੇ ਨਵੰਬਰ ਵਿੱਚ ਸਾਰਾ ਸਾਲ ਚਲਣ ਵਾਲੇ ਸਕਲੂ ਦੇ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ ਬਾਰੇ ਜਾਣਕਾਰੀ ਦੇਣ। ਇਸ ਤੋਂ ਇਲਾਵਾ ਪਬਲਿਕ ਸੁਣਵਾਈ ਹੋਣ ਤੋਂ ਕਾਫੀ ਪਹਿਲਾਂ ਅਸਰ ਪੈਣ ਵਾਲੇ ਕਰਮਚਾਰੀਆਂ ਅਤੇ ਮਾਪਿਆਂ ਨੂੰ ਲਾਜ਼ਮੀ ਤੌਰ ਤੇ ਸੁਣਵਾਈ ਸਬੰਧੀ ਜਾਣਕਾਰੀ ਦਾ ਨੋਟਿਸ ਭੀ ਭੇਜਣ। | ਐਜੂਕੇਸ਼ਨ ਕੋਡ ਸੈਕਸ਼ਨ:37611, 37616<br>ਬੋਰਡ ਪੌਲਸੀ 6117 |
| ਜਾਨਵਰਾਂ ਦੇ ਸ਼ਰੀਰਕ ਹਿਸਿਆਂ ਦਾ ਪ੍ਰਯੋਗ ਕਰਨ ਵਾਲੇ ਕੋਰਸ; ਜਾਨਵਰਾਂ ਦੇ ਪ੍ਰਯੋਗ ਤੋਂ ਖਤਰੇ ਜਾਂ ਮਾਰਨ ਦੇ ਪ੍ਰਯੋਗ ਤੋਂ ਮਨਾਹੀ ਕਰਨ ਦੇ ਹੱਕਾਂ ਬਾਰੇ ਮਾਪਿਆਂ ਅਤੇ ਵਿੱਦਿਆਰਥੀਆਂ ਨੂੰ ਲਾਜ਼ਮੀ ਤੌਰ ਤੇ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਡਿਸਟ੍ਰਿਕ ਦੀ ਹੈ। ਕੰਪੈਨਿਅਨ ਸੈਕਸ਼ਨ (ਈਛ੍ਰ 32255 ਇਤ ਸ਼ਇਟਡ) ਦੇ ਅਨੁਸਾਰ ਵਿੱਦਿਆਰਥੀ ਨੂੰ ਭੀ ਚਾਹੀਦਾ ਹੈ ਕਿ ਉਹ ਅਪਣੀ ਮਨਾਹੀ ਬਾਰੇ ਟੀਚਰ ਨੂੰ ਪਹਿਲਾਂ ਇਤਲਾਹ ਦੇਣ। ਉਸ ਮਨਾਹੀ ਦੇ ਨਾਲ ਮਾਪਿਆਂ ਦੀ ਚਿੱਠੀ ਹੋਣੀ ਭੀ ਲਾਜ਼ਮੀ ਹੈ। ਇਤਲਾਹ ਮਿਲਨ ਤੋਂ ਬਾਅਦ, ਟੀਚਰ ਨੂੰ ਇਜਾਜ਼ਤ ਹੈ ਕਿ ਉਹ ਵਿੱਦਿਆਰਥੀ ਨੂੰ ਦੂਜੇ ਪ੍ਰੋਗਰਾਮ ਵਿੱਚ ਜਾਣ ਵਿੱਚ ਉਸਦੀ ਮਦੱਦ ਕਰਨ। ਟੀਚਰਾਂ ਨੂੰ ਧੱਕੇਸ਼ਾਹੀ ਕਰਨਾ ਜਾਂ ਸਨਕੀ ਹੋਣਾ ਮਨ੍ਹਾ ਹੈ। ਵਿੱਦਿਆਰਥੀ ਨੂੰ ਰੋਸ ਪ੍ਰਗਟ ਕਰਨ ਦੇ ਮੌਜੂਦਾ ਲਾਅ ਦੇ ਤਰੀਕਿਆਂ ਰਾਹੀਂ ਰੋਸ ਪ੍ਰਗਟ ਕਰਨ ਦੀ ਇਜਾਜ਼ਤ ਹੈ। | ਐਜੂਕੇਸ਼ਨ ਕੋਡ ਸੈਕਸ਼ਨ:32255 ਇਤ ਸ਼ਇਟਡ |
| ਰਿਕੌਰਡਾਂ ਲਈ ਕੋਰਟ ਔਡਰ- ਰਿਕੌਰਡਾਂ ਲਈ ਕੋਰਟ ਔਡਰ ਦੀ ਆਗਿਆ ਅਨੁਸਾਰ ਮਾਪਿਆਂ ਨੂੰ ਕਾਫੀ ਪਹਿਲਾਂ ਸੂਚਨਾ ਦੇਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ:49077 |
| ਪਾਠਕ੍ਰਮ ਕੋਰਸ ਦਾ ਬਿਓਰਾ (ਪ੍ਰੌਸਪੈਕਟੱਸ) - ਹਰੇਕ ਸਕੂਲ ਲਈ ਲਾਜ਼ਮੀ ਹੈ ਕਿ ਉਹ ਹਰੇਕ ਸਾਲ ਪਾਠਕ੍ਰਮ ਜਿਸ ਵਿੱਚ ਟਾਈਟਲ, ਵਿਆਖਿਆ, ਅਤੇ ਸਕੂਲ ਵਿੱਚ ਸ਼ਿਕਸ਼ਾ ਪ੍ਰਦਾਨ ਕਰਨ ਲਈ ਜੋ ਟੀਚੇ ਮਿਥੇ ਗਏ ਹਨ ਸ਼ਾਮਿਲ ਕਰਕੇ ਇੱਕ ਬਿਓਰਾ ਸੰਗ੍ਰਹਿ ਕਰਨ। ਮੰਗ ਕਰਨ ਤੇ ਇਸ ਬਿਓਰੇ ਦੀ ਨਕਲ ਉਪਲਬਧ ਹੋਣੀ ਚਾਹੀਦੀ ਹੈ। ਸਲਾਨਾ ਸੂਚਨਾ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕਾਪੀ ਪ੍ਰਾਪਤ ਕਰਨ ਲਈ ਵਿਦਿਆਰਥੀ ਦੇ ਸਕੂਲ ਨਾਲ ਕੋਨਟੈਕਟ ਕਰੋ। | ਐਜੂਕੇਸ਼ਨ ਕੋਡ ਸੈਕਸ਼ਨ:49063, 49091.14<br>ਏ ਆਰ 5125 |
| ਵਿੱਦਿਆਰਥੀ ਅੰਗਰੇਜ਼ੀ ਵਿੱਚ ਸੀਮਿਤ ਹੈ (ਲਿਮਿਟਡ ਇੰਗਲਿਸ਼ ਪ੍ਰੌਫੀਸ਼ੈਂਟ)ਜਾਂ (ਫਲ਼ੁਐਂਟ ਇੰਗਲਿਸ਼ ਪ੍ਰੌਫੀਸ਼ੈਂਟ)ਮਾਹਰ ਹੈ ਦਾ ਜਾਇਜ਼ਾ ਲਗਾਕੇ ਨਿਯੁਕਤੀ ਕਰਨੀ- ਜਿਸ ਵਿੱਦਿਆਰਥੀ ਦੀ ਪ੍ਰਮੁਖ ਭਾਸ਼ਾ ਅੰਗਰੇਜ਼ੀ ਭਾਸ਼ਾ ਦੀ ਬਜਾਏ ਕੋਈ ਹੋਰ ਹੈ ਤਾਂ ਉਸਦੇ ਮਾਪੇ , ਟੀਚਰ, ਜਾਂ ਸਕੂਲ ਦੇ ਪ੍ਰਬੰਧਕ ਵਲੋਂ ਕਹਿਣ ਤੇ ਕਿ<br>ਵਿੱਦਿਆਰਥੀ ਦੀ ਅੰਗਰੇਜ਼ੀ ਵਿੱਚ ਮਹਾਰਤ ਸਬੰਧੀ ਨਿਯੁਕਤੀ ਦੀ ਸ਼ੁਧਤਾ ਨਾਲ ਉਹ ਸਹਿਮਤ ਨਹੀਂ ਹਨ ਤਾਂ ਉਸਦਾ ਜਾਇਜ਼ਾ ਦੁਬਾਰਾ ਲਗਾਇਆ ਜਾਵੇ। ਇਸ ਤੋਂ ਇਲਾਵਾ ਦੁਬਾਰਾ ਜਾਇਜ਼ਾ ਲਗਾਉਣ ਤੋਂ ਬਾਅਦ ਉਸਦੇ ਮਾਪਿਆਂ ਨੂੰ ਨਤੀਜੇ ਦੀ ਜਾਣਕਾਰੀ ਦਿੱਤੀ ਜਾਵੇ, ਜਦ ਸਟਾਫ ਨੂੰ ਲਗੇ ਕਿ ਮਾਪੇ ਜਾਣਕਾਰੀ ਲਿਖਤੀ ਨੋਟਿਸ ਰਾਹੀਂ ਸਮਝ ਨਹੀਂ ਸਕਦੇ ਹਨ ਤਾਂ ਉਨ੍ਹਾਂ ਨੂੰ ਇਹ ਜਾਣਕਾਰੀ ਮੂੰਹ ਜ਼ਬਾਨੀ ਦਿੱਤੀ ਜਾਣੀ ਚਾਹੀਦੀ ਹੈ। ਸਲਾਨਾ ਸੂਚਨਾ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:52164.3 |
| ਡਰੈਕਟ੍ਰੀ ਬਾਰੇ ਜਾਣਕਾਰੀ - ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਡਰੈਕਟ੍ਰੀ ਲਈ ਪੌਲਸੀ ਬਣਾਉਨ, ਜਾਣਕਾਰੀ ਕਿਸ ਨੂੰ ਦਿੱਤੀ ਜਾ ਸਕਦੀ ਹੈ ਅਤੇ ਕਿਸ ਨੂੰ ਨਹੀਂ ਬਾਰੇ ਫੈਸਲਾ ਕਰਨ। | ਐਜੂਕੇਸ਼ਨ ਕੋਡ ਸੈਕਸ਼ਨ:49063, 49073<br>ਬੋਰਡ ਪੌਲਸੀ 5125.1, ਏ ਆਰ 5125.1 |
| ਡੀਜ਼ਾਸਟਰ ਪ੍ਰੀਪੇਅਰਡਨੈਸ ਐਜੂਕੇਸ਼ਨਲ ਮਟੀਰੀਅਲ- ਈ ਸੀ 32282 .5 ਦੇ ਅਨੁਸਾਰ ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ ਸੰਕਟ ਦੇ ਸਮੇਂ ਵਿੱਚ ਤਿਆਰ ਰਹਿਣ ਲਈ ਸਕੂਲ ਡਿਸਟ੍ਰਿਕਟਾਂ ਅਤੇ ਕਾਂਉਟੀ ਦੇ ਦਫਤਰਾਂ ਨੂੰ ਕੈਲੀਫੋਰਨੀਆਂ ਵਿੱਚ ਅੰਗਰੇਜ਼ੀ ਸਿੱਖਣ ਵਾਲਿਆਂ ਵਿੱਚ ਜਿਆਦਾ ਬੋਲੀਆਂ ਜਾਣ ਵਾਲੀਆਂ ਤਿੰਨ ਭਾਸ਼ਾਵਾਂ ਵਿੱਚ ਇਲੈਕਟਰੋਨੀਕਲੀ ਸਮਾਨ ਭੇਜੇਗਾ। ਇਕ ਡਾਕੂਮੈਂਟ ਸੀ ਡੀ ਈ ਦੀ ਵੈਬ ਸਾਈਟ ਤੇ ਦੇਖੇ ਜਾ ਸਕਦੇ ਹਨ: Htt://cde.ca.gov/ls/ss/cp/pupilsafetyeducmat.asp. | ਐਜੂਕੇਸ਼ਨ ਕੋਡ ਸੈਕਸ਼ਨ:32282 .5 |

| ਵਿਸ਼ਾ | ਕਾਨੂੰਨੀ ਸਾਧਨ(ਲੀਗਲ ਰਿਸੋਰਸਜ਼) |
|---|---|
| ਛੂਤ ਰੋਗਾਂ ਤੋਂ ਸੁਰੱਖਿਤ ਰਹਿਣ ਦੇ ਟੀਕਿਆਂ(ਇਮਯੁਨਾਈਜ਼ੇਸ਼ਨ) ਬਾਰੇ ਜਾਣਕਾਰੀ , ਛੂਤ ਰੋਗਾਂ ਤੋਂ ਸੁਰੱਖਿਤ ਰਹਿਣ ਦੇ ਟੀਕਿਆਂ ਬਾਰੇ ਜਾਣਕਾਰੀ ਰਖਣ ਵਾਲਾ ਸਿਸਟਮ- ਹੈਲਥ ਸੇਫਟੀ ਕੋਡ ਪ੍ਰਦਾਨ ਕਰਦਾ ਹੈ ਕਿ ਐਜੁਕੇਸ਼ਨ ਕੋਡ ਸੈਕਸ਼ਨ 49075 ਅਤੇ 49076 (ਵਿੱਦਿਆਰਥੀ ਦੇ ਰਿਕੌਰਡਾਂ ਨਾਲ ਸਬੰਧਿਤ) ਦੇ ਹੁੰਦਿਆਂ ਹੋਇਆਂ ਭੀ ਸਕੂਲ ਵਾਲੇ ਵਿੱਦਿਆਰਥੀ ਦੇ ਮੈਡੀਕਲ ਰਿਕੌਰਡਾਂ ਬਾਰੇ ਜਾਣਕਾਰੀ ਦੇ ਸਕਦੇ ਹਨ। ਸ਼ਰਤ ਇਹ ਹੈ ਕਿ ਜਿਸ ਡਿਸਟ੍ਰਿਕ ਨੇ ਵਿੱਦਿਆਰਥੀ ਦੇ ਮੈਡੀਕਲ ਜਾਂ ਇਮਯੁਨਾਈਜ਼ੇਸ਼ਨ ਰਿਕੌਰਡਾਂ ਚੋਂ ਜਾਣਕਾਰੀ ਦੇਣ ਬਾਰੇ ਸੋਚਿਆ ਹੈ ਉਹ ਡਿਸਟ੍ਰਿਕ ਵਿੱਦਿਆਰਥੀ, ਜਾਂ ਵਿੱਦਿਆਰਥੀ ਦੇ ਮਾਪਿਆਂ ਜਾਂ ਗਾਰਡੀਅਨਾਂ ਨੂੰ ਅਗੇ ਲਿਖੀ ਜਾਣਕਾਰੀ ਦੇ ਸਕਦੇ ਹਨ। 1.ਮੈਡੀਕਲ ਜਾਣਕਾਰੀ ਲੋਕਲ ਹੈਲਥ ਡਿਪਾਰਟਮੈਂਟ ਅਤੇ ਸਟੇਟ ਡਿਪਾਰਟਮੈਂਟ ਔਫ ਹੈਲਥ ਸਰਵਿਸਜ਼ ਨਾਲ ਜਣਾਕਾਰੀ ਸਾਂਝੀ ਕੀਤੀ ਜਾ ਸਕਦੀ ਹੈ। 2. ਸਕੂਲ ਵਾਲੇ ਜਿਸ ਸਟੇਟ ਡਿਪਾਰਟਮੈਂਟ ਔਫ ਹੈਲਥ ਸਰਵਿਸਜ ਅਤੇ ਇਮਯੁਨਾਈਜ਼ੇਸ਼ਨ ਰਜਿਸਟਰੀ ਨਾਲ ਜਾਣਕਾਰੀ ਸਾਂਝੀ ਕਰਨਾ ਚਾਹੁੰਦੇ ਹਨ ਉਸ ਦਾ ਨਾਂ ਅਤੇ ਪਤਾ ਦਸਣ। 3.ਜੋ ਜਾਣਕਾਰੀ ਲੋਕਲ ਹੈਲਥ ਡਿਪਾਰਟਮੈਂਟਾਂ ਅਤੇ ਸਟੇਟ ਡਿਪਾਰਟਮੈਂਟ ਔਫ ਹੈਲਥ ਸਰਵਿਸਾਂ ਨਾਲ ਸਾਂਝੀ ਕੀਤੀ ਗਈ ਹੈ ਗੁਪਤ ਰਖੀ ਜਾਵੇ, ਰਿਕੌਰਡਾਂ ਬਾਰੇ ਸਾਂਝੀ ਕੀਤੀ ਗਈ ਜਾਣਕਾਰੀ ਵਿਭਾਗਾਂ ਵਾਲੇ ਅਗੇ ਲਿਖਿਆਂ ਨਾਲ ਹੀ ਸਾਂਝੀ ਕਰ ਸਕਦੇ ਹਨ, ਹੈਲਥ ਕੇਅਰ ਪ੍ਰਦਾਨ ਕਰਨ ਵਾਲਿਆਂ ਏਜੰਸੀਆਂ, ਸਕੂਲ, ਬੱਚਿਆਂ ਦੀ ਦੇ-ਰੇਖ ਕਰਨ ਵਾਲੀਆਂ ਫਸਿਲਟੀਆਂ, ਘਰ ਵਿੱਚ ਬੱਚਿਆਂ ਦੀ ਦਖੇ-ਰੇਖ ਕਰਨ ਵਾਲੇ, WIC ਸੇਵਾ ਪ੍ਰਦਾਨ ਕਰਨ ਵਾਲੇ, ਕਉਂਟੀ ਵੈਲਫੇਅਰ ਡਿਪਾਰਟਮੈਂਟਾਂ, ਫੌਸਟਰ ਕੇਅਰ ਏਜੰਸੀਆਂ, ਅਤੇ ਹੈਲਥ ਕੇਅਰ ਪਲੈਨਾਂ ਵਾਲਿਆਂ ਵਲੋਂ ਬੇਨਤੀ ਕਰਨ ਤੇ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ। 4. ਪ੍ਰਦਾਨ ਕਰਨ ਵਾਲੇ, ਏਜੰਸੀਆਂ ਅਤੇ ਇਨਸਟੀਚਯੁ ਸ਼ਨਾਂ ਜਿਨ੍ਹਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਹੇ ਅਪਣੇ ਤੌਰ ਤੇ ਇਹ ਜਾਕਾਰੀ ਗੁਪਤ ਰਖਣਗੇ ਅਤੇ ਸਿਰਫ ਨਿਸ਼ਚਤ ਰੂਪ ਵਿੱਚ ਹੀ ਇਸਤੇਮਾਲ ਕਰਨਗੇ। 5. ਇਮਯੁਨਾਈਜ਼ੇਸ਼ਨ ਸਬੰਧਿਤ ਜੋ ਜਾਣਕਾਰੀ ਸਾਂਝੀ ਕੀਤੀ ਗਈ ਹੈ ਵਿੱਦਿਆਰਥੀ ਜਾਂ ਉਸਦੇ ਮਾਪਿਆਂ ਨੂੰ ਉਸ ਜਾਣਕਾਰੀ ਦੀ ਜਾਂਚ ਕਰਨ ਦਾ ਹੱਕ ਹੈ ਤਾਂਕਿ ਗਲਤ ਜਾਣਕਾਰੀ ਠੀਕ ਕੀਤੀ ਜਾ ਸਕੇ। 6. ਮਾਪੇ ਅਤੇ ਵਿੱਦਿਆਰਥੀ ਜਾਣਕਾਰੀ ਜਿਉਂ ਦੀ ਤਿਉਂ ਸਾਂਝੀ ਕਰਨ ਤੋਂ ਮਨਾਹੀ ਕਰ ਸਕਦੇ ਹਨ, ਇਹ ਉਨ੍ਹਾਂ ਦਾ ਹੱਕ ਹੈ। 7 ਮਨਾਹੀ ਤੋਂ ਬਾਅਦ, ਮਰੀਜ਼ ਦੇ ਇਲਾਜ ਜਾਂ ਪਬਲਿਕ ਦੀ ਹੈਲਥ ਦੀ ਸੁਰਖਿਆ ਲਈ ਡੌਕਟਰ ਜਾਣਕਾਰੀ ਹਾਸਲ ਕਰਨ ਦੇ ਮਕਸਦ ਲਈ ਇਨ੍ਹਾਂ ਰਿਕੌਰਡਾਂ ਤੌਕ ਪਹੁੰਚ ਸਕਦਾ ਹੈ। ਮਨਾਹੀ ਤੋਂ ਬਾਅਦ ਪਬਲਿਕ ਦੀ ਹੈਲਥ ਦੀ ਸੁਰਖਿਆ ਲਈ ਲੋਕਲ ਹੈਲਥ ਡਿਪਾਰਟਮੈਂਟ ਜਾਂ ਸਟੇਟ ਡਿਪਾਰਟਮੈਂਟ ਔਫ ਹੈਲਥ ਸਰਵਿਸਜ਼ ਵਾਲੇ ਜਾਣਕਾਰੀ ਹਾਸਲ ਕਰਨ ਦੇ ਮਕਸਦ ਲਈ ਇਨ੍ਹਾਂ ਰਿਕੌਰਡਾਂ ਤੌਕ ਪਹੁੰਚ ਸਕਦੇ ਹਨ।<br>ਨੋਟ ਕਰੋ: ਮਾਪੇ ਜਾਂ ਗਾਰਡੀਅਨ ਜਾਣਕਾਰੀ ਸਾਂਝੀ ਕਰਨ ਤੋਂ ਮਨਾਹ ਕਰ ਸਕਦੇ ਹਨ। ਜਿਹੜੇ ਮਾਪੇ ਮਨਾਹ ਕਰਦੇ ਹਨ ਆਮ ਡਾਕ ਰਾਹੀ ਇਕ ਚਿੱਠੀ ਭੇਜਣ ਜਿਸ ਵਿੱਚ ਅਪਣਾ ਸੰਪਰਕ ਕਰਨ ਦਾ ਟੈਲੀਫੋਨ ਨੰਬਰ , ਵਾਪਸੀ ਪਤਾ ਅਤੇ ਮਨਾਹੀ ਦੇ ਕਾਰਣ ਵੀ ਸ਼ਾਮਿਲ ਕਰਨ। | ਹੈਲਥ ਅਤੇ ਸੇਫਟੀ ਕੋਡ 120440 |
| ਮਾਰਕਿਟਇੰਗ ਲਈ ਵਿਦਿਆਰਥੀ ਬਾਰੇ ਜਾਣਕਾਰੀ ਦੇਣੀ- ਹਰੇਕ ਸਕੂਲੀ ਸਾਲ ਦੇ ਸ਼ੁਰੂ ਵਿੱਚ ਵਿਦਿਆਰਥੀ ਦੀ ਵਿਅਕਤ ਜਾਣਕਾਰੀ ਦੀ ਮਾਰਕਿਟਇੰਗ ਜਾਂ ਵਿਕਰੀ ਲਈ ਜਿਹੜੀਆਂ ਲੱਗਭੱਗ ਜਾਂ ਮਿਥੀਆਂ ਤਾਰੀਖਾਂ ਹਨ, ਬਾਰੇ ਮਾਪਿਆਂ ਨੂੰ ਜਾਣਕਾਰੀ ਦੇਣੀ ਜ਼ਰੂਰੀ ਹੈ। ਅਜਿਹੀਆਂ ਗਤੀਵਿਧੀਆਂ ਵਿੱਚੋਂ ਮਾਪਿਆਂ ਨੂੰ ਆਪਣੇ ਵਿਦਿਆਰਥੀਆਂ ਨੂੰ ਬਾਹਰ ਰੱਖਣ ਦਾ ਪੂਰਾ ਹੱਕ ਹੈ।<br>ਸਕੂਲ ਡਿਸਟ੍ਰਿਕਟ ਇੱਕ ਪਾਲਸੀ ਬਣਾਏਗਾ ਜਿਸ ਵਿੱਚ ਵਿਦਿਆਰਥੀ ਦੀ ਵਿਅਕਤਕ ਜਾਣਕਾਰੀ ਦੀ ਮਾਰਕਿਟਇੰਗ, ਵੇਚਣ, ਜਾਂ ਕਿਸੇ ਨੂੰ ਉਸ ਬਾਰੇ ਜਾਣਕਾਰੀ ਦੇਣ ਲਈ ਮਾਪਿਆਂ ਨਾਲ ਸਲਾਹ ਕੀਤੀ ਜਾਵੇਗੀ। ਡਿਸਟ੍ਰਿਕਟ ਦੇ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਜਿਹੀਆਂ ਪਾਲਸੀਆਂ ਦੀ ਲਗਾਤਾਰ ਵਰਤੋਂ ਅਤੇ ਅਪਨਾਉਣ ਬਾਰੇ ਜਾਣਕਾਰੀ ਦਿੱਤੀ ਜਾਵੇਗੀ। | 20 ਯੂ ਐਸ ਸੀ 1232 ਐਚ |
| ਵਿਤਕਰਾ- ਅੰਗਤਾ (ਹੈਂਡੀਕੈਪਡ), ਸੈਕਸ(ਲਿੰਗ ਸਬੰਧੀ), ਦੂਜੇ ਦੇਸ਼ ਵਿੱਚ ਜਨਮ ਲੈਣ, ਰੰਗ, ਜਾਂ ਕੌਮ ਜਾਂ ਉਮਰ, ਜਾਂ ਸੈਕਸ ਨਿਰਧਾਰਤਾ, ਐਥਨਿਕ ਗਰੁਪ, ਪਿਛੋਕੜ, ਜੈਂਡਰ, ਧਰਮ ਮਾਨਸਕ ਜਾਂ ਸ਼ਰੀਰਕ ਅੰਗਤਾ ਦੇ ਅਧਾਰ ਤੇ ਸਕੂਲ ਡਿਸਟ੍ਰਿਕ ਵਾਲੇ ਵਿਤਕਰਾ ਨਹੀਂ ਕਰਦੇ ਹਨ ਅਤੇ ਡਿਸਟ੍ਰਿਕ ਨੂੰ ਚਾਹੀਦਾ ਹੈ ਕਿ ਉਹ ਇਸ ਪੌਲਸੀ ਬਾਰੇ ਅਤੇ ਜੋ ਨਿਸ਼ਚਤ ਕਦਮ ਉਹ ਲਗਾਤਾਰ ਚੁਕਦੇ ਹਨ ਅਤੇ ਲਾਗੂ ਕਰਦੇ ਹਨ ਉਨ੍ਹਾਂ ਦੇ ਬਾਰੇ ਮਾਪਿਆਂ ਨੂੰ ਲਾਜ਼ਮੀ ਤੌਰ ਤੇ ਸੂਚਿਤ ਕਰਨ। ਜੇਕਰ ਸੱਰਵਿਸ ਏਰੀਏ ਵਿੱਚ ਘੱਟ ਇੰਗਲਿਸ਼ ਜਾਣਨ ਵਾਲੀ ਕੱਮਯੁਨਿਟੀ ਹੈ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਇਤਲਾਹ ਦੇਣ ਦੀ ਲੋੜ ਹੈ। ਸੂਚਨਾ ਪੱਤਰ ਵਿੱਚ ਇਹ ਭੀ ਲਿਖਿਆ ਜਾਵੇ ਕਿ ਡਿਸਟ੍ਰਿਕ ਵਾਲੇ ਐਸੇ ਕਦਮ ਚੁਕਣਗੇ ਜਿਨ੍ਹਾਂ ਕਾਰਣ ਇੰਗਲਿਸ਼ ਭਾਸ਼ਾ ਦੀ ਘਾਟ ਡਿਸਟ੍ਰਿਕ ਦੇ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਅਤੇ ਹਿੱਸਾ ਲੈਣ ਵਿੱਚ ਰੁਕਾਵਟ ਨਹੀਂ ਬਣ ਸਕੇਗੀ। | ਕੋਡ: 504 ਸੈਕਸ਼ਨ; 1973 ਦੇ ਰਿਹੈਬਿਲਿਟੇਸ਼ਨ ਐਕਟ, 1964 ਦਾ ਟਾਇਟੱਲ VI ਸਿਵਿਲ ਰਾਇਟਸ ਐਕਟ; 1972 ਦੇ ਟਾਇਟੱਲ IX ਦੀ ਐਜੂਕੇਸ਼ਨ ਅਮੈਂਡਮੈਂਟ; ਸੀ ਐਫ ਆਰ 106.9 |
| ਮੌਜੂਦਗੀ ਕਾਰਣ ਸਕੂਲ ਦੀਆਂ ਗਤੀਵਿਧੀਆਂ ਵਿੱਚ ਵਿਘਨ ਪਵੇ- ਪਰਬੰਧ ਕਰਤਾ ਨੂੰ ਇਜਾਜ਼ਤ ਹੈ ਕਿ ਉਹ ਸਕੂਲ ਦੀਆਂ ਕਾਰਵਾਈਆਂ ਵਿੱਚ ਵਿਘਨ ਪਾਉਣ ਵਾਲੇ ਸ਼ਖਸ ਨੂੰ ਕੈਮਪੱਸ ਚੋਂ ਕੱਢ ਦੇਣ। ਸਿਵਾਏ ਇਸ ਦੇ ਕਿ ਉਹ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਬੱਚੇ ਦੇ ਮਾਪੇ ਹੋਣ, ਉਸ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹੋਣ, ਜਾਂ ਜਿਨਾਂ ਨੇ ਸਕੂਲ ਦੇ ਪ੍ਰਬੰਧਕਾਂ ਤੋਂ ਪਹਿਲੋਂ ਇਜਾਜ਼ਤ ਲਈ ਹੋਵੇ। ਕੋਈ ਵੀ ਵਿਅਕਤੀ ਜੋ ਜਾਣਬੁਝ ਕੇ ਸਕੂਲ ਅਤੇ ਸਕੂਲੀ ਕੰਮਾਂ ਵਿੱਚ ਵਿਘਨ ਪਾਵੇਗਾ, ਉਹ ਅਪਰਾਧੀ ਹੋਵੇਗਾ, ਅਤੇ ਉਸਨੂੰ 500 ਡਾਲਰ ਤੱਕ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। | ਪੀ ਸੀ ਸੈਕਸ਼ਨ 626.8<br>ਈ ਸੀ ਸੈਕਸ਼ਨ 32210 |

| ਵਿਸ਼ਾ | ਕਾਨੂੰਨੀ ਸਾਧਨ(ਲੀਗਲ ਰਿਸੋਰਸਜ਼) |
|---|---|
| ਡਿਸਟ੍ਰਿਕ ਅਤੇ ਸਾਈਟ (ਸਕੂਲ)ਦੇ ਡਿਸਿਪਲਿਨ ਦੇ ਨਿਯਮ- ਸਕੂਲ ਸਾਈਟਾਂ ਸਕੂਲ ਡਿਸਿਪਲਿਨ ਲਈ ਨਿਯਮ ਅਤੇ ਕਾਰਜ-ਪ੍ਰਣਾਲੀ ਅਪਣਾ ਸਕਦੇ ਹਨ। ਹਰੇਕ ਸਕੂਲ ਡਿਸਟ੍ਰਿਕ ਵਿੱਦਿਆਰਥੀਆਂ ਅਤੇ ਮਾਪਿਆਂ ਨੂੰ ਸਕੂਲ ਡਿਸਿਪਲਿਨ ਨਿਯਮਾਂ ਅਤੇ ਕਾਰਜ-ਪ੍ਰਣਾਲੀ ਦੇ ਸੰਬੰਧ ਵਿੱਚ ਲਿਖਤੀ ਨੋਟਿਸ ਭੇਜਣ ਦੇ ਤਰੀਕੇ ਖੁਦ ਅਯੋਜਿਤ ਕਰ ਸਕਦੇ ਹਨ। ਸਕੂਲ ਡਿਸਿਪਲਿਨ ਦੇ ਨਿਯਮ ਅਤੇ ਕਾਰਜਪ੍ਰਣਾਲੀ ਗਰਵਨਿੰਗ ਬੋਰਡ ਵਲੋਂ ਅਪਨਾਈਆਂ ਅਤੇ ਲਾਗੂ ਕੀਤੀਆਂ ਪੌਲਸੀਆਂ ਦੇ ਅਨੁਕੂਲ ਹੋਣੀਆਂ ਚਾਹੀਦੀਆਂ ਹਨ। ਸਕੂਲ ਦੇ ਡਿਸਿਪਲਿਨ ਦੇ ਨਿਯਮ ਸਕੂਲ ਕਮੇਟੀ ਦੇ ਨਿਸ਼ਚਤ ਮੈਂਬਰਾਂ ਵਲੋਂ ਅਯੋਜਿਤ ਕੀਤੇ ਜਾਣ, ਅਤੇ ਪ੍ਰਬੰਧਕੀ ਬੋਰਡ ਕੋਲ ਲਾਜ਼ਮੀ ਤੌਰ ਤੇ ਫਾਈਲ ਕੀਤੇ ਜਾਣ। ਅਤੇ ਗਵਰਨਿੰਗ ਬੋਰਡ ਗੌਰਮੈਂਟ ਲਈ , ਅਤੇ ਅਪਣੇ ਹਲਕੇ ਦੇ ਸਕੂਲਾਂ ਦੇ ਡਿਸਿਪਲਿਨ ਲਈ ਨਿਯਮ ਲਾਜ਼ਮੀ ਤੌਰ ਤੇ ਤਜਵੀਜ਼ ਕਰਨ। ਡਿਸਟ੍ਰਿਕ ਵਾਸਤੇ ਲਾਜ਼ਮੀ ਹੈ ਕਿ ਉਹ ਡਿਸਟ੍ਰਿਕ ਦੇ ਡਿਸਿਪਲਿਨ ਸਬੰਧੀ ਨਿਯਮਾਂ ਦੀ ਉਪਲਬਧੀ ਬਾਰੇ ਮਾਪਿਆਂ ਨੂੰ ਸੂਚਿਤ ਕਰਨ। | ਐਜੂਕੇਸ਼ਨ ਕੋਡ ਸੈਕਸ਼ਨ:35291, 35291.5,<br>ਬੋਰਡ ਪੌਲਸੀ 5131, 5144, 5144.1<br>ਏ ਆਰ 5144, 5144.1 |
| ਡਰੈਸ ਕੋਡ; ਸਕੂਲ ਯੂਨੀਫੌਰਮ; ਅਤੇ ਗੈਂਗ ਨਾਲ ਸਬੰਧਿਤ ਕਪੜੇ, ਸੂਰਜ ਦੀਆਂ ਕਿਰਨਾਂ ਤੋਂ ਬੱਚਣ ਵਾਲੇ ਕਪੜੇ- ਸਕੂਲ ਡਿਸਟ੍ਰਿਕਾਂ ਨੂੰ ਹੱਕ ਹੈ ਕਿ ਉਹ ਡਰੈਸ ਕੋਡ ਅਪਣਾਉਣ, ਜਿਸ ਦੇ ਅਧਾਰ ਤੇ "ਗੈਂਗ਼ ਨਾਲ ਸਬੰਧਿਤ ਕਪੜੇ" ਪਾਉਣ ਦੀ ਮਨਾਹੀ ਹੈ। ਇਸ ਤੋਂ ਇਲਾਵਾ ਸਕੂਲ ਡਿਸਟ੍ਰਿਕਾਂ ਨੂੰ ਹੱਕ ਹੈ ਕਿ ਉਹ ਡਰੈਸ ਕੋਡ ਦੀ ਪੌਲਸੀ ਤਿਆਰ ਕਰ ਸਕਦੇ ਹਨ ਜਿਸ ਦੇ ਤਹਿਤ ਵਿੱਦਿਆਰਥੀਆਂ ਨੂੰ ਸਕੂਲ ਵਾਇਡ ਯੂਨੀਫਾਰਮ ਪਾਉਣ ਦੀ ਲੋੜ ਹੈ। ਜੇਕਰ ਡਿਸਟ੍ਰਿਕ ਵਾਲੇ ਇਹ ਪੌਲਸੀ ਅਪਨਾਉਂਦੇ ਹਨ ਤਾਂ ਐਜੂਕੇਸ਼ਨ ਕੋਡ 35291 ਦੇ ਅਨੁਸਾਰ ਮਾਪਿਆਂ ਨੂੰ ਸੂਚਨਾ ਪੱਤਰ ਭੇਜਣਾ ਲਾਜ਼ਮੀ ਹੈ। ਸੂਰਜ ਦੀਆਂ ਕਿਰਨਾਂ ਤੋਂ ਬੱਚਣ ਵਾਲੇ ਕਪੜੇ ਅਤੇ ਸਨਸਕ੍ਰੀਨ - ਐਜੂਕੇਸ਼ਨ ਕੋਡ ਦੇ 35183 . 5 ਅਨੁਸਾਰ ਡਿਸਟ੍ਰਿਕ ਲਈ ਸਕੂਲ ਦਿਨ ਦੌਰਾਨ ਡੌਕਟਰ ਦੀ ਇਜਾਜ਼ਤ ਤੋਂ ਬਗੈਰ ਬਾਹਰ ਧੁਪ ਵਿੱਚ ਖੇਡਣ ਵੇਲੇ ਸੂਰਜ ਦੀਆਂ ਕਿਰਨਾਂ ਤੋਂ ਬੱਚਣ ਵਾਲੇ ਕਪੜਿਆਂ ਅਤੇ ਸਨਸਕ੍ਰੀਨ ਦੀ ਇਜਾਜ਼ਤ ਦੇਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਪਾਉਣ ਵਾਲੇ ਕਪੜਿਆਂ ਦੀਆਂ ਕਿਸਮਾਂ ਤੇ ਪਾਬੰਧੀ ਲਗਾਉਣ ਦਾ ਅਧਿਕਾਰ ਭੀ ਦਿੱਤਾ ਗਿਆ ਹੈ। | ਐਜੂਕੇਸ਼ਨ ਕੋਡ ਸੈਕਸ਼ਨ:35183, 35183 .5<br>ਏ ਆਰ 5132 |
| ਡਰਾਈਵਰ ਟਰੇਨਿੰਗ- ਜਿਨ੍ਹਾਂ ਡਿਸਟ੍ਰਿਕਾਂ ਵਿੱਚ ਡਰਾਈਵਰ ਟਰੇਨਿੰਗ ਦੇ ਕੋਰਸ ਹਨ ਉਹ ਡਿਸਟ੍ਰਿਕ ਅਪਣੇ ਡਿਸਟ੍ਰਿਕ ਦੇ ਮਾਪਿਆਂ ਨੂੰ ਉਨ੍ਹਾਂ ਦੀ ਸਿਵਿਲ ਜ਼ੁੰਮੇਵਾਰੀ ਅਤੇ ਇਨਸ਼ੁਰੈਂਸ ਹੋਣ ਬਾਰੇ ਮਸ਼ਵਰਾ ਦੇਣ। | ਐਜੂਕੇਸ਼ਨ ਕੋਡ 35211 |
| ਵਿੱਦਿਆਰਥੀ ਦੇ ਵਿਹਾਰ ਸਬੰਧੀ ਡਿਯੂਟੀ- ਪਬਲਿਕ ਸਕੂਲਾਂ ਵਿੱਚ ਪਲੇਗਰਉਂਡਾਂ ਤੇ, ਸਕੂਲ ਨੂੰ ਜਾਣ ਅਤੇ ਆਉਣ ਵੇਲੇ ਜਾਂ ਰਿਸੈਸ ਦੌਰਾਨ ਵਿੱਦਿਆਰਥੀ ਦਾ ਜੋ ਵਿਵਹਾਰ ਹੋਵੇਗਾ ਉਸ ਵਿਵਹਾਰ ਲਈ ਹਰੇਕ ਟੀਚਰ ਵਿਦਿਆਰਥੀ ਨੂੰ ਹੀ ਅਪਣੇ ਵਿਹਾਰ ਲਈ ਜ਼ੁੰਮੇਵਾਰ ਠਹਿਰਾਉਣਗੇ। ਇਸਦੇ ਅਨੁਸਾਰ ਵਿੱਦਿਆਰਥੀ ਲਈ ਸਕੂਲ ਦੇ ਨਿਯਮਾਂ ਦੀ ਪਾਲਣਾ, ਟੀਚਰਾਂ ਦੀਆਂ ਹਿਦਾਇਤਾਂ ਦਾ ਪਾਲਣ ਕਰਨਾ ਅਤੇ ਮੇਹਨਤ ਨਾਲ ਪੜ੍ਹਣਾ, ਅਤੇ ਦੂਜਿਆਂ ਦਾ ਆਦਰ ਕਰਨਾ ਲਾਜ਼ਮੀ ਹੈ; ਇਸ ਤੋਂ ਇਲਾਵਾ ਗਾਲਾਂ ਕੱਢਨੀਆਂ ਅਤੇ ਅਸ਼ਲੀਲ ਭਾਸ਼ਾ ਦੀ ਵਰਤੋਂ ਲਈ ਮਨਾਹੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:44807<br>ਕੈਲੀਫੋਰਨੀਆ ਕੋਡ ਔਫ ਰੈਗੂਲੇਸ਼ਨਾਂ ਟਾਈਟੱਲ 5 (5 ਸੀ ਸੀ ਆਰ) ਸੈਕਸ਼ਨ 300 |
| ਸਿਗਨਲ ਕਰਨ ਵਾਲੇ ਇਲੈਕਟਰੌਨਿਕ ਯੰਤਰ ਕੋਲ ਹੋਣੇ ਜਾਂ ਇਸਤੇਮਾਲ ਕਰਨੇ- ਇਹ ਡਿਸਟ੍ਰਿਕ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਸਿਗਨਲ ਕਰਨ ਵਾਲੇ ਇਲੈਕਟਰੌਨਿਕ ਯੰਤਰ ਕੋਲ ਹੋਣ ਜਾਂ ਇਸਤੇਮਾਲ ਕਰਨ ਬਾਰੇ ਨਿਯਮ ਬਣਾ ਸਕਦੇ ਹਨ ਜਿਸ ਵਿੱਚ ਸੈਲ ਫੋਨ, ਪੇਜਰ ਸ਼ਾਮਿਲ ਹਨ। ਵਿਹਾਰ ਸਬੰਧੀ ਸਟੈਂਡਰਡਾਂ ਦੇ ਹੇਠ ਸਲਾਨਾ ਸੂਚਨਾਪੱਤਰ ਭੇਜਣ ਦਾ ਮਸ਼ਵਰਾ ਦਿੱਤਾ ਗਿਆ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48901.5 |
| ਮਾਪਿਆਂ ਜਾਂ ਗਾਰਡੀਅਨ ਦੀ ਮੁਲਾਜ਼ਮਤ ਤੇ ਨਿਰਧਾਰਿਤ ਰਿਹਾਇਸ਼ ਦੀਆਂ ਔਪਸ਼ਨਾਂ- ਇਹ ਕੋਡ ਡਿਸਟ੍ਰਿਕ ਨੂੰ ਉਨ੍ਹਾਂ ਵਿੱਦਿਆਰਥੀਆਂ ਨੂੰ ਦਾਖਲੇ ਲਈ ਹਾਂ ਕਰਨ ਦਾ ਅਧੀਕਾਰ ਦਿੰਦਾ ਹੈ ਜਿਨ੍ਹਾਂ ਵਿੱਦਿਆਰਥੀਆਂ ਦੇ ਮਾਪਿਆਂ ਚੋਂ ਇੱਕ ਜਾਂ ਦੋਨੋਂ ਮਾਪੇ ਜਾਂ ਗਾਰਡੀਅਨ ਦੀ ਮੁਲਾਜ਼ਮਤ ਡਿਸਟ੍ਰਿਕ ਦੀਆਂ ਹਦਾਂ ਦੇ ਅੰਦਰ ਹੈ, ਕਿਉਂਕਿ ਇਸ ਤਰ੍ਹਾਂ ਸਕੂਲ ਵਿੱਚ ਦਾਖਲਾ ਲੈਣ ਵਾਲੀ ਰਿਹਾਇਸ਼ੀ ਨਿਰਧਾਰਤਾ ਦੀ ਲੋੜ ਪੂਰੀ ਹੋ ਜਾਂਦੀ ਹੈ। ਇਹ ਤਬਦੀਲੀ ਕਿੰਡਰਗਾਰਟਨ ਤੋਂ ਬਾਹਰਵੀਂ ਗ੍ਰੇਡ ਤੱਕ ਹੋ ਸਕਦੀ ਹੈ। ਐਜੂਕੇਸ਼ਨ ਕੋਡ ਸੈਕਸ਼ਨ 48980 (ਆਈ) ਅਨੁਸਾਰ ਹਰੇਕ ਸਾਲ ਮਾਪਿਆਂ ਜਾਂ ਗਾਰਡੀਅਨਾਂ ਨੂੰ ਇਨ੍ਹਾਂ ਔਪਸ਼ਨਾਂ ਬਾਰੇ ਸੂਚਨਾ ਦੇਣ ਦਾ ਮਸ਼ਵਰਾ ਦਿੱਤਾ ਜਾਂਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48204(ਬੀ)<br>ਏ ਆਰ 5111.1 |
| ਇੰਗਲਿਸ਼ ਲੈਂਗਵਿਜ ਡਵੈਲੱਪਮੈਂਟ ਟੈਸਟ; ਮਾਪਿਆਂ ਨੂੰ ਇਤਲਾਹ ਦੇਣੀ- ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਹਰੇਕ ਵਿੱਦਿਆਰਥੀ ਜਿਸਦਾ ਮੁਲਾਂਕਣ ਕੈਲੀਫੋਰਨੀਆ ਇੰਗਲਿਸ਼ ਲੈਂਗਵਿਜ ਡਵੈਲੱਪਮੈਂਟ ਟੈਸਟ ਰਾਹੀਂ ਕਰਦੇ ਹਨ,ਤਾਂ ਡਿਸਟ੍ਰਿਕ ਵਲੋਂ ਨਤੀਜਿਆਂ ਦੀ ਪ੍ਰਾਪਤੀ ਦੇ 30 ਕਲੰਡਰ ਦਿਨਾਂ ਦੇ ਵਿੱਚ-ਵਿੱਚ ਉਸਦੇ ਮਾਪਿਆਂ ਨੂੰ ਨਤੀਜੇ ਸਬੰਧੀ ਜਾਣਕਾਰੀ ਦੇਣ। ਨੋਟਿਸ ਐਜੂਕੇਸ਼ਨ ਕੋਡ ਸੈਕਸ਼ਨ 48985 ਦੀਆਂ ਲੋੜਾਂ ਅਨੁਸਾਰ ਹੋਣਾ ਚਾਹੀਦਾ ਹੈ। | 5 ਸੀ ਸੀ ਆਰ ਸੈਕਸ਼ਨ 11511.5<br>ਏ ਆਰ 6174 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਫਿੰਗਰ ਪ੍ਰਿੰਟਿੰਗ- ਜਿਹੜੇ ਡਿਸਟ੍ਰਿਕ ਵਿੱਚ ਐਜੂਕੇਸ਼ਨ ਕੋਡ 32390 ਦੇ ਅਨੁਸਾਰ ਫਿੰਗਰ ਪ੍ਰਿੰਟਿੰਗ ਕੀਤੀ ਜਾਂਦੀ ਹੈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਪ੍ਰੋਗਰਾਮ ਵਿੱਚ ਦਿੱਤੀ ਹੋਈ ਜਾਣਕਾਰੀ ਮਾਪਿਆਂ ਨੂੰ ਦੇਣ। | ਐਜੂਕੇਸ਼ਨ ਕੋਡ ਸੈਕਸ਼ਨ:48980 (ਐਫ) |
| ਫਿੰਗਰ ਪ੍ਰਿੰਟਿੰਗ ਪ੍ਰੋਗਰਾਮ; ਕਿੰਡਰਗਾਰਟਨ ਜਾਂ ਨਵੇਂ ਦਾਖਲੇ  ਇਸਦੇ ਅਨੁਸਾਰ ਡਿਸਟ੍ਰਿਕ ਨੂੰ ਕਿੰਡਰਗਾਰਟਨ ਵਿੱਚ ਦਾਖਲ ਜਾਂ ਨਵਾਂ ਦਾਖਲਾ ਲੈਣ ਵਾਲੇ ਵਿੱਦਿਆਰਥੀਆਂ ਲਈ ਫਿੰਗਰ ਪ੍ਰਿੰਟਿੰਗ ਪ੍ਰੋਗਰਾਮ ਤਜਵੀਜ਼ ਕਰਨ ਦਾ ਹੱਕ ਹੈ। ਜਿਹੜੇ ਡਿਸਟ੍ਰਿਕ ਫਿੰਗਰ ਪ੍ਰਿੰਟਿੰਗ ਪ੍ਰੋਗਰਾਮ ਤਜਵੀਜ਼ ਕਰਦੇ ਹਨ ਉਨ੍ਹਾਂ ਲਈ ਮਾਪਿਆਂ ਨੂੰ ਫਿੰਗਰ ਪ੍ਰਿੰਟਿੰਗ ਬਾਰੇ ਲਿਖਤੀ ਜਾਣਕਾਰੀ ਅਤੇ ਹਿੱਸਾ ਲੈਣ ਦੇ ਹੱਕਾਂ ਬਾਰੇ ਜਾਣਕਾਰੀ ਦੇਣੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ:32390 |
| ਫਾਇਰ(ਹਥਿਆਰ)ਆਰਮਜ਼: ਸਕੂਲ - ਸਿਵਾਏ ਪੀਸ ਅਫਸਰਾਂ ਦੇ, ਬਗੈਰ ਕਿਸੀ ਸਕੂਲ ਅਧੀਕਾਰੀ ਦੀ ਲਿਖਤੀ ਇਜਾਜ਼ਤ ਜੋ ਕਿ ਪਹਿਲੋਂ ਮਿਲਣੀ ਚਾਹੀਦੀ ਹੈ ਦੇ ਕੋਈ ਭੀ ਸ਼ਖਸ ਸਕੂਲ ਵਿੱਚ ਹੱਥਿਆਰ ਨਾ ਤਾਂ ਅਪਣੇ ਕੋਲ ਰਖ ਸਕਦੇ ਹਨ ਜਾਂ ਸਕੂਲ ਨੂੰ ਲਿਆ ਸਕਦੇ ਹਨ। | ਪੀਨਲ ਕੋਡ ਸੈਕਸ਼ਨ :626.9 |
| ਫੌਸਟਰ ਬੱਚੇ- ਜਿਹੜੇ ਬੱਚੇ ਫੌਸਟਰ ਕੇਅਰ ਵਿੱਚ ਹਨ, ਡਿਸਟ੍ਰਿਕ ਵਾਲੇ ਸਿਖਿਅਕ ਲੇਜ਼ਨ ਦੇ ਰਾਹੀਂ ਲਾਜ਼ਮੀ ਤੌਰ ਤੇ ਉਨ੍ਹਾਂ ਫੌਸਟਰ ਬੱਚਿਆਂ ਨੂੰ ਸਥਿਰ ਸਕੂਲ ਵਿੱਚ ਦਾਖਲਾ ਉਪਲਬਧ ਕਰਵਾਉਣ ਜੋ ਉਸ ਬੱਚੇ ਦੇ ਹਿਤਾਂ ਲਈ ਸਹੀ ਹੈ। ਜਿਸਦਾ ਭਾਵ ਹੈ ਕਿ ਬੱਚੇ ਨੂੰ ਘਟ ਬੰਦਸ਼ਾਂ ਵਾਲੇ ਸਿਖਿਅਕ ਪ੍ਰੋਗਰਾਮ, ਸਿਖਿਅਕ ਸਾਧਨਾਂ, ਸੇਵਾਵਾਂ ਤੱਕ ਪਹੁੰਚ, ਐਕਸਟਰਕੱਰੀਕੁਲੱਮ ਅਤੇ ਇਨਰਿਚਮੈਂਟ ਗਤੀਵਿਧੀਆਂ ਜੋ ਬਾਕੀ ਦੇ ਸਾਰੇ ਵਿੱਦਿਆਰਥੀਆਂ ਨੂੰ ਉਪਲਬਧ ਹਨ ਇਨ੍ਹਾਂ ਨੂੰ ਵੀ ਉਪਲਬਧ ਕਰਵਾਈਆਂ ਜਾਣ। ਕੋਰਸ ਦੇ ਕੰਮ ਲਈ ਪੂਰੇ ਜਾਂ ਕੁਝ ਘਟ ਕ੍ਰੈਡਿਟ ਮਿਲਣ ਅਤੇ ਸਟੇਟ ਸਟੈਂਡਰਡਾਂ ਵਿੱਚ ਕਾਮਯਾਬੀ ਹਾਸਲ ਕਰਨ ਵਿੱਚ ਮਦਦ ਮਿਲੇ। | ਐਜੂਕੇਸ਼ਨ ਕੋਡ 48850 et seq. |
| ਫਰੀ ਜਾਂ ਘਟ ਕੀਮਤ ਵਾਲਾ ਖਾਣਾ- ਐਜੂਕੇਸ਼ਨ ਕੋਡ ਸੈਕਸ਼ਨ 49510(ਈ) et seq. ਅਨੁਸਾਰ ਡਿਸਟ੍ਰਿਕ ਵਾਲਿਆਂ ਲਈ ਲੋੜਮੰਦ ਬੱਚਿਆਂ ਦੇ ਮਾਪਿਆਂ ਨੂੰ ਪੌਸ਼ਟਿਕ ਖਾਣੇ, ਜਾਂ ਫਰੀ ਜਾਂ ਘਟ ਕੀਮਤ ਵਾਲੇ ਖਾਣੇ ਦੀ ਉਪਲਬਧੀ ਬਾਰੇ ਜਾਣਕਾਰੀ ਦੇਣੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:49510-49520<br>ਬੋਰਡ ਪੌਲਸੀ 3553, ਏ ਆਰ 3553 |
| ਗਿਫਟੱਡ ਐਂਡ ਟੱਲੈਂਟਿਡ ਐਜੂਕੇਸ਼ਨ ਪ੍ਰੋਗਰਾਮ(GATE)- ਡਿਸਟ੍ਰਿਕ ਪੌਲਸੀ ਵਿੱਚ ਵਿੱਦਿਆਰਥੀ ਵਲੋਂ ਗੇਟ ਪ੍ਰੋਗਰਾਮ ਵਿੱਚ ਹਿੱਸਾ ਲੈਣ ਜਾਂ ਨਾ ਲੈਣ ਦੇ ਸੰਬੰਧ ਵਿੱਚ ਮਾਪਿਆਂ ਕੋਲੋਂ ਸੂਚਨਾ ਪ੍ਰਾਪਤ ਕਰਨ ਦੀ ਕਾਰਜ-ਪ੍ਰਣਾਲੀ ਸ਼ਾਮਿਲ ਹੋਣੀ ਚਾਹੀਦੇ ਹੈ। ਪਲੈਨ ਵਿੱਚ ਡਿਸਟ੍ਰਿਕ ਵਲੋਂ ਗਿਫਟਡ ਅਤੇ ਟਲੰਟਡ ਬੱਚੇ ਦੀ ਪਛਾਣ ਕਰਨ ਦਾ ਅਧਾਰ ਵੀ ਸ਼ਾਮਿਲ ਹੋਣਾ ਚਾਹੀਦਾ ਹੈ, ਇਸਦੇ ਨਾਲ -ਨਾਲ ਉਸ ਵਿੱਚ ਮਾਪਿਆਂ ਵਲੋਂ ਯਕੀਨੀ ਤੌਰ ਤੇ ਹਿੱਸਾ ਲੈਣ ਨਾਲ ਜੁੜੀ ਕਾਰਵਾਈ ਅਤੇ ਪਲੈਨਿੰਗ, ਮੁਲਾਂਕਣ, ਅਤੇ ਗੇਟ ਪ੍ਰਗਰਾਮ ਨੂੰ ਲਾਗੂ ਕਰਨਦੇ ਸੁਝਾਵਾਂ ਸਬੰਧੀ ਕਾਰਜਪ੍ਰਣਾਲੀ ਵੀ ਹੋਣੀ ਚਾਹੀਦੀ ਹੈ। ਬੱਚੇ ਵਲੋਂ ਗਿਫਟਡ ਪ੍ਰੋਗਰਾਮ ਵਿੱਚ ਹਿੱਸਾ ਲੈਣ ਜਾਂ ਨਾ ਲੈਣ ਬਾਰੇ ਮਾਪਿਆਂ ਨੂੰ ਇਤਲਾਹ ਦੇਣ ਸਬੰਧੀ ਕਾਰਵਾਈ ਵੀ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਇਹ ਲਿਖਤੀ ਪਲੈਨ ਪਬਲਿਕ ਵਲੋਂ ਨਿਰੀਖਣ ਵਾਸਤੇ ਉਪਲਬਧ ਕਰਵਾਉਣੀ ਵੀ ਲਾਜ਼ਮੀ ਹੈ। | ਕੈਲਿਫੋਰਨੀਆ ਕੋਡ ਔਫ ਰੈਗੁਲੇਸ਼ਨਜ਼, ਟਾਇਟੱਲ 5<br>5ਸੀ ਸੀ ਆਰ ਸੈਕਸ਼ਨ 3831<br>ਬੋਰਡ ਪੌਲਸੀ 6172, ਏ ਆਰ 6172 |
| ਗੋਲਡੱਨ ਸਟੇਟ ਇਗਜ਼ਾਮੀਨੇਸ਼ਨ ਪ੍ਰੋਗਰਾਮ- ਸਾਰੀ ਸਟੇਟ ਦੇ ਪਧਰ ਤੇ ਵਿੱਦਿਅਕ ਵਿਸ਼ਿਆਂ ਲਈ ਯੋਗਤਾ ਦੇ ਸਟੈਂਡਰ ਮਿਥੇ ਗਏ ਹਨ, ਵਿੱਦਿਆਰਥੀਆਂ ਦੀ ਕਾਮਯਾਬੀ ਦਾ ਅਨੁਮਾਨ ਇਨ੍ਹਾਂ ਸਟੈਂਡਰਡਾਂ ਦੇ ਅਨੁਸਾਰ ਕਰਕੇ ਹਾਈ ਸਕੂਲ ਡਿਪਲੋਮੇ ਲਈ ਜਿਹੜੇ ਵਿੱਦਿਆਰਥੀ ਸਮਰੱਥ ਹੋਣਗੇ ਉਨ੍ਹਾਂ ਨੂੰ ਸਪੈਸ਼ਲ ਆਨਰ ਅਤੇ ਤਮਗਾ ਦਿੱਤਾ ਜਾਵੇਗਾ। | ਐਜੂਕੇਸ਼ਨ ਕੋਡ ਸੈਕਸ਼ਨ:60650 |
| ਗ੍ਰੇਡ ਵਿੱਚ ਤਬਦੀਲੀ ਜਾਂ ਪੜ੍ਹਾਈ ਦੇ ਕਰੈਡਿਟ ਵਿੱਚ ਕਟੌਤੀ- ਮਾਪਿਆਂ ਨੂੰ ਹਰ ਸਾਲ ਸੂਚਨਾ ਦਿੱਤੀ ਜਾਵੇਗੀ ਕਿ ਸੈਕਸ਼ਨ ਦੇ ਅਨੁਸਾਰ ਗੈਰਹਾਜ਼ਿਰ ਹੋਣ ਤੇ ਵਿੱਦਿਆਰਥੀ ਦੇ ਗ੍ਰੇਡਾਂ ਜਾਂ ਕਰੈਡਿਟਾਂ ਵਿੱਚ ਕਟੌਤੀ ਨਹੀਂ ਕੀਤੀ ਜਾਵੇਗੀ; ਇਸਦਾ ਭਾਵ ਹੈ ਕਿ ਗੈਰਹਾਜ਼ਰੀ ਦੌਰਾਨ ਮਿਸ ਕੀਤੀਆਂ ਅਸਾਇਨਮੈਂਟਾਂ ਸਮੇਂ ਅਨੁਸਾਰ ਪੂਰੇ ਕੀਤੀਆਂ ਜਾ ਸਕਦੀਆਂ ਹਨ। | ਐਜੂਕੇਸ਼ਨ ਕੋਡ ਸੈਕਸ਼ਨ: 48205, 48980 (j)<br>ਬੋਰਡ ਪੌਲਸੀ 6154 |
| ਅਪੰਗ (ਹੈਂਡੀਕੈਪਡ) ਵਿੱਦਿਆਰਥੀ- ਮਾਪਿਆਂ ਨੂੰ ਲਾਜ਼ਮੀ ਤੌਰ ਤੇ ਸੂਚਨਾਪੱਤਰ ਭੇਜਿਆ ਜਾਵੇ ਜਿਸ ਵਿੱਚ ਲਿਖੋ ਕਿ ਅਪੰਗ (ਹੈਂਡੀਕੈਪਡ)ਹੋਣ ਕਾਰਣ, ਸੈਕਸ(ਲਿੰਗ ਸਬੰਧੀ), ਦੂਜੇ ਦੇਸ਼ ਵਿੱਚ ਜਨਮ ਲੈਣ ਕਾਰਣ, ਰੰਗ, ਕੌਮ ਜਾਂ ਅੰਗਰੇਜ਼ੀ ਘਟ ਆਉਣ ਕਾਰਣ ਵਿਤਕਰਾ ਨਹੀਂ ਕੀਤਾ ਜਾਂਦਾ ਹੈ। ਨੋਟਿਸ ਵਿੱਚ ਅਪੰਗ ਵਿੱਦਿਆਰਥੀਆਂ ਦੀ ਰਿਹਾਇਸ਼ ਦੀ ਉਪਲਬਧੀ ਬਾਰੇ ਜਾਣਕਾਰੀ ਭੀ ਹੋਣੀ ਚਾਹੀਦੀ ਹੈ। ਡਿਸਟ੍ਰਿਕ ਲਈ ਸੈਕਸ਼ਨ 504 ਤਹਿਤ ਅਪਣੀ ਡਿਯੂਟੀ ਦੇ ਸੰਬੰਧ ਵਿੱਚ ਅਪੰਗ ਵਿੱਦਿਆਰਥੀਆਂ ਅਤੇ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਜਾਣਕਾਰੀ ਦੇਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਡਿਸਟ੍ਰਿਕ ਲਈ ਕਾਰਵਾਈ ਸਬੰਧੀ ਸੇਫਗਾਰਡਾਂ ਨੂੰ ਸਥਾਪਿਤ ਕਰਨ ਦੀ ਲੋੜ ਹੈ, ਜਿਸ ਵਿੱਚ ਢੁੱਕਵੇਂ ਰਿਕੌਰਡਾਂ ਦਾ ਨਿਰੀਖਨ ਕਰਨ, ਨਿਰਪਖ ਸੁਣਵਾਈ ਵਿੱਚ ਹਿੱਸਾ ਲੈਣ, ਇਸ ਤੋਂ ਇਲਾਵਾ ਕਉਂਸਲ ਵਲੋਂ ਨੁਮਾਇੰਦਗੀ ਅਤੁ ਪੁਨਰ ਵਿੱਚਾਰ ਕਰਨ ਦੇ ਮੌਕਿਆਂ ਸਬੰਧੀ ਨੋਟਿਸ ਸ਼ਾਮਿਲ ਕੀਤਾ ਜਾਵੇ। | 1973 ਦਾ ਰਿਹੈਬਿਲੀਟੇਸ਼ਨ ਐਕਟ,<br>ਸੈਕਸ਼ਨ 504 |
| ਤੰਗ ਕਰਨਾ (ਹੇਜ਼ਿੰਗ)- ਪੱਬਲਿਕ ਜਾਂ ਪ੍ਰਾਇਵੇਟ ਵਿੱਦਿਅਕ ਇਨਸਟੀਚਯੁਸ਼ਨ ਵਿੱਚ ਦਾਖਲ ਵਿੱਦਿਆਰਥੀ ਜਾਂ ਦੂਜੇ ਸ਼ਖਸਾਂ ਜਾਂ ਦੂਜੇ ਹਾਜ਼ਰ ਸ਼ਖਸਾਂ ਨੂੰ ਨਾ ਤਾਂ ਤੰਗ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਤੰਗ ਕਰਨ ਦੀ ਸਾਜ਼ਸ਼ ਵਿੱਚ ਹਿੱਸਾ ਲਿਆ ਜਾ ਸਕਦਾ ਹੈ। ਸੈਕਸ਼ਨ 32501 ਦੀ ਉਲੰਘਣਾ ਕਰਨਾ ਇੱਕ ਅਪਰਾਧ ਹੈ। | ਐਜੂਕੇਸ਼ਨ ਕੋਡ ਸੈਕਸ਼ਨ:32051; 48900 (q) |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਸਿਹਤ ਸਬੰਧੀ ਸਿੱਖਿਆ (ਹੈਲਥ ਐਜੂਕੇਸ਼ਨ) ਫੈਮਲੀ ਲਾਈਫ (ਪਰਵਾਰਕ ਜੀਵਨ) ਅਤੇ ਸੈਕਸ ਐਜੂਕੇਸ਼ਨ: ਸਿਖਲਾਈ ਤੋਂ ਖਿਮਾ, ਧਾਰਮਿਕ ਵਿਸ਼ਵਾਸ ਦੇ ਵਿਰੁਧ ਹੋਣ ਕਾਰਨ-ਜੇਕਰ ਸੰਤਾਨ ਦੀ ਉਤਪਤੀ ਨਾਲ ਸਬੰਧਿਤ ਅੰਗਾਂ, ਪਰੋਸੈਸਾਂ (ਤਰੀਕਿਆਂ), ਅਤੇ ਫੰਕਸ਼ਨਾਂ (ਕ੍ਰਿਆ)ਜਾਂ ਉਸ ਨਾਲ ਸਬੰਧਿਤ ਪ੍ਰਕਾਸ਼ਿਤ ਜਾਣਕਾਰੀ ਕਲਾਸ ਜਾਂ ਉਨ੍ਹਾਂ ਬਾਰੇ ਜਾਣਕਾਰੀ ਦੇਣੀ ਹੋਵੇ , ਤਾਂ ਡਿਸਟ੍ਰਿਕ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਮਾਪਿਆਂ ਨੂੰ ਜਾਣਕਾਰੀ ਭੇਜ ਦੇਣ। | ਐਜੂਕੇਸ਼ਨ ਕੋਡ 51240, 48980<br>ਬੋਰਡ ਪੌਲਸੀ 6141.2, ਏ ਆਰ 6141.2<br>ਬੋਰਡ ਪੌਲਸੀ 6142.1., ਏ ਆਰ 6142.1<br>ਏ ਆਰ 6142.1, ਬੋਰਡ ਪੌਲਸੀ 6142.8 |
| ਹੈਲਥ ਸਕਰੀਨਿੰਗ- ਸਟੇਟ ਲਾਅ ਅਨੁਸਾਰ ਹਰੇਕ ਵਿਦਿਆਰਥੀ ਦੇ ਮਾਪਿਆਂ ਅਤੇ ਗਾਰਡੀਅਨਾ ਲਈ ਹਰੇਕ ਵਿਦਿਆਰਥੀ ਦੇ ਸਿਹਤ ਸਬੰਧੀ ਮੁਆਇਨੇ ਦੀ ਲਿਖਤੀ ਕਾਪੀ ਵਿਦਿਆਰਥੀ ਦੇ ਪਹਿਲੀ ਗ੍ਰੇਡ ਵਿੱਚ ਦਾਖਲ ਹੋਣ ਤੋਂ 90 ਦਿਨਾਂ ਵਿੱਚ ਦੇਣਾ ਜ਼ਰੂਰੀ ਹੈ। ਇਹ ਪੇਪਰ ਸਕੂਲ ਨੂੰ ਨਾ ਮਿਲਣ ਦੀ ਹਾਲਤ ਵਿੱਚ ਵਿਦਿਆਰਥੀ ਨੂੰ 5 ਦਿਨਾਂ ਲਈ ਸਕੂਲ ਤੋਂ ਕੱਢਿਆ ਜਾ ਸਕਦਾ ਹੈ। ਲੋਕਲ ਸਿਹਤ ਵਿਭਾਗ ਵੱਲੋਂ ਮੁਫ਼ਤ ਸਿਹਤ ਸਕਰੀਨਿੰਗ ਕੀਤੀ ਜਾਂਦੀ ਹੈ। | ਏ ਆਰ 5112 .2<br>ਐਚ ਐਸ ਸੀ 124085, 124100, 124105, 120475 |
| ਜਿਸ ਵੇਲੇ ਕਿਸੀ ਸ਼ਖਸ ਨੂੰ ਵਿਜ਼ਟਰ ਦੇ ਤੌਰ ਤੇ ਰਜਿਸਟਰ ਕਰਨ ਤੋਂ ਮਨ੍ਹਾਂ ਕੀਤਾ ਜਾਵੇ, ਤਾਂ ਉਸ ਬਾਰੇ ਸੁਣਵਾਈ- ਇਹ ਲਾਅ ਦੇ ਅਨੁਸਾਰ ਸਪਸ਼ਟ ਰੂਪ ਵਿੱਚ ਦੀਸਆ ਗਿਆ ਹੈ ਕਿ ਜਿਸ ਸ਼ਖਸ ਨੂੰ ਸਕੂਲ ਵਿੱਚ ਜਾਣ ਲਈ ਰਜਿਸਟਰ ਕਰਨ ਤੋਂ ਮਨ੍ਹਾ ਕੀਤਾ ਗਿਆ ਹੋਵੇ ਉਹ ਲਿਖਕੇ ਸੁਣਵਾਈ ਲਈ ਮੰਗ ਕਰ ਸਕਦੇ ਹਨ। ਇਸਦੇ ਅਨੁਸਾਰ ਪ੍ਰਿੰਸੀਪੱਲ ਜਾਂ ਸੁਪਰਿਨਟੈਂਡੈਂਟ ਨੂੰ ਤੁਰੰਤ ਸੁਣਵਾਈ ਲਈ ਜਗ੍ਹਾ, ਸਮੇਂ, ਤਾਰੀਖ ਬਾਰੇ ਲਿਖਕੇ ਸੂਚਨਾ ਭੇਜਣ ਦੀ ਲੋੜ ਹੈ। ਸਮੇਂ ਦੀ ਬੰਦਿਸ਼ (ਟਾਇਮ ਲਾਇਨ) ਬਾਰੇ ਭੀ ਦੀਸਆ ਗਿਆ ਹੈ। | ਪੀ ਸੀ ਸੈਕਸ਼ਨ 627.5<br>ਏ ਆਰ 3515.2 |
| ਏਚ ਆਈ ਵੀ/ ਏਡਜ਼ ਦੀ ਰੋਕ-ਥਾਮ ਲਈ ਸਿੱਖਿਆ ਅਤੇ ਸੈਕਸ ਸਬੰਧੀ ਸ਼ਿਕਸ਼ਾ- ਐਜੂਕੇਸ਼ਨ ਕੋਡ ਦੀ ਲੋੜ ਹੈ ਕਿ ਸੈਕਸ ਸਬੰਧੀ ਸ਼ਿਕਸ਼ਾ, ਏਚ ਆਈ ਵੀ /ਏਡਜ਼ ਦੀ ਰੋਕਥਾਮ ਜਾਂ ਉਸ ਨਾਲ ਸਬੰਧਿਤ ਮੁਲਾਂਕਣ ਕਰਨ ਤੋਂ ਪਹਿਲੋਂ ਸੂਚਨਾ ਭੇਜਣੀ ਲਾਜ਼ਮੀ ਹੈ। ਇਸ ਸੂਚਨਾਪੱਤਰ ਵਿੱਚ ਲਿਖਤੀ ਅਤੇ ਔਡੀਓ/ਵੀਡੀਓ ਸਾਮਾਨ ਦੀ ਉਪਲਬਧੀ ਅਤੇ ਉਨ੍ਹਾਂ ਦੇ ਨਿਰੀਖਨ ਬਾਰੇ ਜਾਣਕਾਰੀ ਦਿਉ, ਐਜੂਕੇਸ਼ਨ ਕੋਡ ਸੈਕਸ਼ਨਾਂ 51930 et.Seq. ਦੀ ਕੌਪੀ ਦੀ ਪ੍ਰਾਪਤੀ ਦੇ ਹੱਕ ਬਾਰੇ ਭੀ ਦਸੋ, ਅਤੇ ਇਸਦੇ ਨਾਲ-ਨਾਲ ਉਨ੍ਹਾਂ ਨੂੰ ਇਸ ਸ਼ਿਕਸ਼ਾ ਲਈ ਮਨਾਹੀ ਕਰਨ ਸਬੰਧੀ ਬੇਨਤੀ ਦੇ ਹੱਕ ਬਾਰੇ ਜਾਣਕਾਰੀ ਦਿਉ। ਜੇਕਰ ਡਿਸਟ੍ਰਿਕ ਚਾਹੇ ਕਿ ਉਹ ਕੈਲੀਫੋਰਨੀਆ ਕੌਮਪਰੀਹੈਨਸਿਵ ਸੈਕਸ਼ੁਅਲ ਹੈਲਥ ਐਜੂਕੇਸ਼ਨ ਅਤੇ ਏਚ ਆਈ ਵੀ/ਏਡਜ਼ ਦੀ ਰੋਕਥਾਮ ਬਾਰੇ ਗਲਬਾਤ ਕਰਨ ਲਈ ਬਾਹਰੀ ਸ਼ਖਸੀਅਤਾਂ ਜਿਸ ਤਰ੍ਹਾਂ ਕਨਸੱਲਟੈਂਟਾਂ ਜਾਂ ਗੈਸਟ ਸਪੀਕਰਾਂ ਨੂੰ ਬੁਲਾਉਣਾ ਚਾਹੁੰਣ ਤਾਂ ਨੋਟਿਸ ਵਿੱਚ ਸ਼ਿਕਸ਼ਾ ਦੇਣ ਵਾਲੇ ਦਿਨ ਦੀ ਤਾਰੀਖ, ਸੰਸਥਾ ਦਾ ਨਾਂ ਜਾਂ ਹਰੇਕ ਸਪੀਕਰ ਜਿਸ ਸੰਸਥਾ ਨਾਲ ਜੁੜੇ ਹਨ ਉਸਦੇ ਬਾਰੇ ਜਾਣਕਾਰੀ ਅਤੇ ਐਜੂਕੇਸ਼ਨ ਕੋਡ ਸੈਕਸ਼ਨਾਂ 51933, 51934, ਅਤੇ 51938 ਦੀਆਂ ਕੌਪੀਆਂ ਪ੍ਰਾਪਤ ਕਰਨ ਵਾਲੇ ਮਾਪਿਆਂ ਦੇ ਹੱਕ ਬਾਰੇ ਭੀ ਲਿਖੋ। ਜੇਕਰ ਇਸਦ ਬੰਦੋਬਸਤ ਸਕੂਲ ਸਾਲ ਦੇ ਸ਼ੁਰੂ ਵਿੱਚ ਹੀ ਕੀਤਾ ਜਾ ਰਿਹਾ ਹੈ ਤਾਂ ਡਾਕ ਰਾਹੀਂ ਜਾਂ ਜਿਸ ਤਰ੍ਹਾਂ ਆਮ ਤੌਰ ਤੇ ਸੂਚਨਾ ਘਰ ਭੇਜੀ ਜਾਂਦੀ ਹੈ ਦੇ ਰਾਹੀਂ ਸ਼ਿਕਸ਼ਾ ਦੇਣ ਵਾਲੀ ਤਾਰੀਖ ਤੋਂ ਘਟ ਤੋਂ ਘਟ 14 ਦਿਨ ਪਹਿਲੋਂ ਸੁਚਨਾ ਭੇਜੀ ਜਾਣੀ ਚਾਹੀਦੀ ਹੈ। (2004 ਦੇ ਲਿਖਤੀ ਕਾਨੂੰਨ ਅਨੁਸਾਰ ਸੰਸ਼ੋਧਨ ਏ ਬੀ 1925, ਚੈਪਟਰ 323 ) | ਐਜੂਕੇਸ਼ਨ ਕੋਡ:51938<br>ਬੋਰਡ ਪੌਲਸੀ 6142..1, ਏ ਆਰ 6142.1<br>ਬੋਰਡ ਪੌਲਸੀ 6142.2, ਏ ਆਰ 6142.2 |
| ਘਰ/ਹਸਪਤਾਲ: ਥੋੜੇ ਸਮੇਂ ਲਈ ਡਿਸਏਬਲ ਵਿੱਦਿਆਰਥੀਆਂ ਲਈ ਘਰ/ਹਸਪਤਾਲ ਵਿੱਚ ਸ਼ਿਕਸ਼ਾ ਦੀ ਉਪਲਬਧੀ ਬਾਰੇ ਜਾਣਕਾਰੀ । ਜਿਹੜੇ ਵਿੱਦਿਆਰਥੀ ਸਪੈਸ਼ਲ ਐਜੂਖੇਸ਼ਨ ਵਿੱਚ ਨਹੀਂ ਹਨ ਅਤੇ ਥੋੜੇ ਸਮੇਂ ਲਈ ਡਿਸਏਬਲ ਹੋਣ ਕਾਰਣ ਸਕੂਲ ਵਿੱਚ ਹਾਜ਼ਰ ਨਹੀਂ ਹੋ ਸਕਦੇ ਹਨ, ਡਿਸਟ੍ਰਿਕ ਲਈ ਉਨ੍ਹਾਂ ਦੇ ਮਾਪਿਆਂ ਨੂੰ ਘਰ ਜਾਂ ਹਸਪਤਾਲ ਵਿੱਚ ਵਿਅਕਤਕ ਸ਼ਿਕਸ਼ਾ ਪ੍ਰਾਪਤੀ ਬਾਰੇ ਜਾਣਕਾਰੀ ਦੇਣੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48206.3, 48207, 48208, 48980<br>ਬੋਰਡ ਪੌਲਸੀ 6183 |
| ਬੇਘਰ ਵਿੱਦਿਆਰਥੀ- ਇਸਦੇ ਤਹਿਤ ਬੇਘਰ ਵਿੱਦਿਆਰਥੀਆਂ ਨਾਲ ਸੰਪਰਕ ਕਰਨ ਦੀ ਜ਼ੁੰਮੇਵਾਰੀ ਡਿਸਟ੍ਰਿਕ ਦੀ ਹੈ, ਬੱਚਿਆਂ ਲਈ ਸਿਖਿਆ ਅਤੇ ਉਸ ਨਾਲ ਸਬੰਧਿਤ ਮੌਕਿਆਂ ਦੀ ਉਪਲਬਧੀ ਬਾਰੇ ਡਿਸਟ੍ਰਿਕ ਮਾਪਿਆਂ ਨੂੰ ਯਕੀਨੀ ਤੌਰ ਤੇ ਜਾਣਕਾਰੀ ਦੇਵੇ ਅਤੇ ਇਸਦੇ ਨਾਲ-ਨਾਲ ਉਹ ਮਾਪਿਆਂ ਵਲੋਂ ਬੱਚਿਆਂ ਦੀ ਸ਼ਿਕਸ਼ਾ ਵਿੱਚ ਹਿੱਸਾ ਲੈਣ ਸਬੰਧੀ ਮੌਕਿਆਂ ਬਾਰੇ ਭੀ ਜਾਣਕਾਰੀ ਦੇਣ। ਬੇਘਰ ਬੱਚਿਆਂ ਦੇ ਸਿਖਿਅਕ ਹੱਕਾਂ ਬਾਰੇ ਨੋਟਿਸ ਐਸੀਆਂ ਜਗ੍ਹਾਂ ਤੇ ਲਗਾਇਆ ਜਾਵੇਗਾ ਜਿਥੇ ਉਨ੍ਹਾਂ ਨੂੰ ਸੇਵਾਵਾਂ ਮਿਲਦੀਆਂ ਹਨ, ਜਿਸ ਤਰ੍ਹਾਂ ਕਿ ਸਕੂਲਾਂ, ਸ਼ੈਲਟਰਾਂ, ਅਤੇ ਸੂਪ ਕਿਚਨਾਂ ਵਿੱਚ, ਅਤੇ ਮਾਪਿਆਂ ਨੂੰ ਟਰਾਂਸਪੋਰਟੇਸ਼ਨ ਬਾਰੇ ਭੀ ਜਾਣਕਾਰੀ ਦਿੱਤੀ ਜਾਂਦੀ ਹੈ। | 42 USC ਸੈਕਸ਼ਨ 11432 |
| ਹਸਪਤਾਲ ਵਿੱਚ ਰਹਿਣਾ- ਥੋੜੇ ਸਮੇਂ ਦੀ ਡਿਸਅਬਿਲਟੀ ਕਾਰਣ ਵਿੱਦਿਆਰਥੀ ਹਸਪਤਾਲ ਵਿੱਚ ਹੈ; ਮਾਪਿਆਂ ਵਲੋਂ ਨੋਟਿਸ- ਡਿਸਟ੍ਰਿਕ ਵਾਲੇ ਮਾਪਿਆਂ ਨੂੰ ਦਸਣ ਕਿ ਟੈਮਪਰੇਰੀ ਡਿਸਏਬਲ ਬੱਚੇ ਦੇ ਹਸਪਤਾਲ ਦੀ ਲੋਕੇਸ਼ਨ ਬਾਰੇ ਡਿਸਟ੍ਰਿਕ ਨੂੰ ਇਤਲਾਹ ਦੇਣ ਦੀ ਜ਼ੁੰਮੇਵਾਰੀ ਮਾਪਿਆਂ ਦੀ ਹੈ। ਮਾਪਿਆਂ ਵਲੋਂ ਜਾਣਕਾਰੀ ਮਿਲਣ ਤੇ ਡਿਸਟ੍ਰਿਕ ਲਈ ਸ਼ਿਕਸ਼ਾ ਦੇਣੀ ਲਾਜ਼ਮੀ ਹੈ। ਇਸਦਾ ਭਾਵ ਹੈ ਕਿ ਜਿਸ ਹਸਪਤਾਲ ਵਿੱਚ ਵਿੱਦਿਆਰਥੀ ਦਾਖਲ ਹੈ ਅਤੇ ਉਸ ਹਸਪਤਾਲ ਦੀ ਸਥਿਤੀ ਜਿਸ ਡਿਸਟ੍ਰਿਕ ਵਿੱਚ ਹੈ, ਵਿੱਦਿਆਰਥੀ ਨੂੰ ਸ਼ਿਕਸ਼ਾ ਦੇਣ ਦੀ ਜ਼ੁੰਮੇਵਾਰੀ ਉਸ ਡਿਸਟ੍ਰਿਕ ਦੀ ਹੋਵੇਗੀ। | ਐਜੂਕੇਸ਼ਨ ਕੋਡ:48207, 48208 |
| ਆਈ ਈ ਪੀ/ ਮੈਨੀਫੈਸਟੇਸ਼ਨ(ਡਿਸਅਬਿਲਟੀ ਦੇ ਪ੍ਰਗਟਾਵ) ਦੇ ਫੈਸਲੇ ਬਾਰੇ ਸੂਚਨਾ ਦੇਣੀ- ਲਈ ਸੂਚਨਾਪੱਤਰ ਭੇਜਣਾ: ਸਪੈਸ਼ਲ ਐਜੂਕੇਸ਼ਨ ਦੇ ਵਿੱਦਿਆਰਥੀ ਨੂੰ ਕੱਢਣ ਲਈ ਮੰਗ ਕਰਨੀ- ਇਸਦੇ ਅਨੁਸਾਰ ਆਈ ਈ ਪੀ ਮੀਟਿੰਗ ਤੋਂ ਅਠਤਾਲੀ ਘੰਟੇ ਪਹਿਲਾਂ ਨੋਟਿਸ ਜਾਣਾ ਚਾਹੀਦਾ ਹੈ ਜਾਂ ਮੀਟਿੰਗ ਮਾਪਿਆਂ ਤੋਂ ਬਗੈਰ ਹੀ ਕੀਤੀ ਜਾਵੇ ਸਿਵਾਏ ਇਸਦੇ ਕਿ ਜੇ ਮਾਪਿਆਂ ਨੇ ਤਿੰਨ ਦਿਨਾਂ ਲਈ ਮੁਲਤਵੀ ਕਰਨ ਲਈ ਮੰਗ ਕੀਤੀ ਹੈ। ਇੱਕ ਸ਼ਰਤ ਇਹ ਭੀ ਹੈ ਕਿ ਕੱਢਣ ਤੋਂ ਪਹਿਲਾਂ ਜਿਹੜਾ ਮੁਲਾਂਕਣ ਕੀਤਾ ਜਾਣਾ ਹੈ ਉਸ ਦਾ ਲਿਖਤੀ ਨੋਟਿਸ ਮਾਪਿਆਂ ਨੂੰ ਜ਼ਰੂਰ ਮਿਲਨਾ ਚਾਹੀਦਾ ਹੈ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚੇ ਨੂੰ ਤੁਰੰਤ ਪੇਸ਼ ਕਰਨ। | ਐਜੂਕੇਸ਼ਨ ਕੋਡ ਸੈਕਸ਼ਨ:48915.5<br>34 ਸੀ ਐਫ ਆਰ 300.505<br>ਏ ਆਰ 5144.2 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਨਕਲੀ ਹਥਿਆਰ- ਪੀਨਲ ਕੋਡ ਦੇ ਨਾਲ12550 ਸੈਕਸ਼ਨ ਜੋੜਿਆ ਗਿਆ ਹੈ ਤਾਂਕਿ ਨਕਲੀ ਹਥਿਆਰ ਦੀ ਪ੍ਰੀਭਾਸ਼ਾ ਦੇ ਅਨੁਸਾਰ ਬੀ ਬੀ ਯੰਤਰ ਸ਼ਾਮਿਲ ਕੀਤਾ ਜਾ ਸਕੇ। 12556 ਸੈਕਸ਼ਨ ਜੋੜਿਆ ਗਿਆ ਹੈ ਤਾਂਕਿ ਨਕਲੀ ਹਥਿਆਰ ਦਾ ਖੁਲੇ ਆਮ ਪਬਲਿਕ ਵਿੱਚ ਪ੍ਰਦਰਸ਼ਨ ਜਾਂ ਦਿਖਾਵਾ ਗੈਰ ਕਾਨੂੰਨੀ ਅਪਰਾਧ ਹੋ ਜਾਵੇ। ਇਹ ਤਬਦੀਲੀਆਂ 2004 ਸਤੰਬਰ ਤੋਂ ਲਾਗੂ ਹੋ ਗਈਆਂ ਹਨ (2004 ਦੇ ਲਿਖਤੀ ਕਾਨੂੰਨ, ਐਸ ਬੀ 1858 ਜੁੜਿਆ ਹੈ ਅਤੇ ਚੈਪਟਰ 607)। ਵਿਵਹਾਰ ਦੇ ਸਟੈਂਡਰਡਾਂ ਹੇਠ ਹਰੇਕ ਸਾਲ ਨੋਟਿਸ ਭੇਜਣ ਦਾ ਮਸ਼ਵਰਾ ਦਿੱਤਾ ਗਿਆ ਹੈ। | ਪੀਨਲ ਕੋਡ12550, 12556 |
| ਇਮਯੁਨਾਈਜ਼ੇਸ਼ਨ(ਬਿਮਾਰੀ ਤੋਂ ਸੁਰੱਖਿਤ ਰਹਣਿ ਵਾਲੇ ਟੀਕੇ ਜਾਂ ਦਵਾਈ) ਜਾਣਕਾਰੀ - ਜਦੋਂ ਵਿੱਦਿਆਰਥੀ ਦੀ ਇਮਯੁਨਾਈਜ਼ੇਸ਼ਨ ਜਾਣਕਾਰੀ ਦੂਜੇ ਇਮਯੁਨਾਈਜ਼ੇਸ਼ਨ ਸਿਸਟਮ ਨਾਲ ਸਾਂਝੀ ਕੀਤੀ ਜਾਵੇ ਤਾਂ ਨਾਂ, ਪਤਾ, ਜਾਣਕਾਰੀ ਦਾ ਮਨਜ਼ੂਰਸ਼ੁਦਾ ਇਸਤੇਮਾਲ, ਅਤੇ ਨਿਰੀਖਨ ਕਰਨ ਦੇ ਹੱਕ, ਅਤੇ ਸਾਂਝਾ ਕਰਨ ਦੇ ਹੱਕ ਬਾਰੇ ਜ਼ਰੂਰ ਦਸੋ। | ਹੈਲਥ ਅਤੇ ਸੇਫਟੀ ਕੋਡ 120440 |
| ਇਮਯੁਨਾਇਜ਼ੇਸ਼ਨ (ਬਿਮਾਰੀ ਤੋਂ ਸੁਰੱਖਿਤ ਰਹਿਣ ਲਈ ਟੀਕਾ ਲਗਣਾ ਜਾਂ ਮੂੰਹ ਰਾਹੀਂ ਦਵਾਈ ਦਿੱਤੀ ਜਾਣੀ) ਸਬੰਧੀ ਲੋੜਾਂ;ਅਤੇ ਵਿੱਦਿਆਰਥੀ ਨੂੰ ਵੱਖਰਿਆ ਕਰਨ ਦੀ ਕ੍ਰਿਆ- ਜਿਸ ਵਿੱਦਿਆਰਥੀ ਦੀਆਂ ਇਮਯੁਨਾਇਜ਼ੇਸ਼ਨ ਲੋੜਾਂ ਪੂਰੀਆਂ ਨਾ ਹੋਣ, ਡਿਸਟ੍ਰਿਕ ਉਸ ਵਿੱਦਿਆਰਥੀ ਨੂੰ ਲਾਜ਼ਮੀ ਤੌਰ ਤੇ ਸਕੂਲ ਵਿੱਚ ਦਾਖਲ ਨਹੀਂ ਦੇਵੇਗਾ। ਡਿਸਟ੍ਰਿਕ ਵਾਲਿਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਿੱਦਿਆਰਥੀਆਂ ਦੇ ਮਾਪਿਆਂ ਜਾਂ ਗਾਰਡੀਅਨਾਂ ਨੂੰ ਇਮਯੁਨਾਇਜ਼ੇਸ਼ਨ ਕਰਨ ਵਾਲੇ ਮੈਡੀਕਲ ਸੈਂਟਰਾਂ ਬਾਰੇ ਮਸ਼ਵਰਾ ਦੇਣ ਅਤੇ ਉਥੇ ਭੇਜਣ। ਹੈਲਥ ਡਿਪਾਰਟਮੈਂਟ ਵਲੋਂ ਸਥਾਪਿਤ ਕੀਤੇ ਗਏ ਆਦੇਸ਼ਾਂ ਅਨੁਸਾਰ ਮਾਪਿਆਂ ਨੂੰ ਇਨ੍ਹਾਂ ਲੋੜਾਂ ਬਾਰੇ ਸੂਚਨਾਪੱਤਰ ਭੇਜਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਦਾਖਲੇ ਸਮੇਂ ਮਾਪਿਆਂ/ਗਾਰਡੀਅਨ ਨੂੰ ਇਮਯੁਨਾਈਜ਼ੇਸ਼ਨ ਸਬੰਧੀ ਲੋੜਾਂ ਬਾਰੇ ਦਸਣਾ ਲਾਜ਼ਮੀ ਹੈ। | ਐਜੂਕੇਸ਼ਨ ਕੋਡ:48216, 49403; ਹੈਲਥ ਅਤੇ ਸੇਫਟੀ ਕੋਡ 120365, 120370, 120375 ਬੋਰਡ ਪੌਲਸੀ 5141.31, ਏ ਆਰ 5141.31 |
| ਛੂਤ ਰੋਗਾਂ ਆਦਿ ਤੋਂ ਸੁਰੱਖਿਤ ਰਖਣ ਵਾਲੇ ਟੀਕੇ- ਮਾਪਿਆਂ ਦੀ ਸਹਿਮਤੀ ਹੋਣ ਤੇ, ਵਿੱਦਿਆਰਥੀਆਂ ਨੂੰ ਛੂਤ ਦੇ ਰੋਗਾਂ ਤੋਂ ਸੁਰੱਖਿਤ ਰੱਖਣ ਲਈ ਡਿਸਟ੍ਰਿਕ ਨੂੰ ਟੀਕੇ ਲਗਾਉਣ ਦੀ ਇਜਾਜ਼ਤ ਹੈ। | ਐਜੂਕੇਸ਼ਨ ਕੋਡ ਸੈਕਸ਼ਨ:49403 |
| ਵਿਅਕਤਕ ਰੂਪ ਵਿੱਚ ਸਿਖਲਾਈ - ਉਪਲਬਧੀ- ਐਜੂਕੇਸ਼ਨ ਕੋਡ ਸੈਕਸ਼ਨ 48206.3 ਵਿੱਚ ਦਸੀ ਗਈ ਵਿਅਕਤਕ ਰੂਪ ਵਿੱਚ ਸਿਖਲਾਈ ਦੀ ਉਪਲਬਧੀ ਬਾਰੇ ਮਾਪਿਆਂ ਨੂੰ ਜਾਣਕਾਰੀ ਹਰੇਕ ਸਾਲ ਭੇਜੀ ਜਾਣੀ ਚਾਹੀਦੀ ਹੈ। ਇਸਦੀ ਸ਼ਰਤ ਅਨੁਸਾਰ ਈ ਟੀ ਐਸ ਈ ਕਿਯੁ ਦੇ ਸੈਕਸ਼ਨਾਂ 48206.3 ਵਿੱਚ ਦਸੀਆਂ ਸ਼ਰਤਾਂ ਤਹਿਤ ਮਾਪਿਆਂ ਨੂੰ ਵਿਅਕਤਕ ਸਿਖਿਆ ਦੀ ਉਪਲਬਧੀ ਬਾਰੇ ਇਤਲਾਹ ਦੇਣੀ ਜ਼ਰੂਰੀ ਹੈ। ਸੈਕਸ਼ਨ 48206.3 ਵਿੱਚਿ ਦਸਿਆ ਗਿਆ ਹੈ ਕਿ ਇਕ ਵਿੱਦਿਆਰਥੀ ਜੋ ਆਰਜ਼ੀ ਸਮੇਂ ਲਈ ਡਿਸਏਬਲ ਹੋ ਗਿਆ ਹੈ, ਅਤੇ ਉਹਦੇ ਲਈ ਅਪਣੀ ਕਲਾਸ ਜਾਂ ਸਕੂਲ ਵਿੱਚ ਜਾਂ ਕਿਸੀ ਦੂਜੇ ਆਲਟਰਨੇਟਿਵ ਪ੍ਰੋਗਰਾਮ ਵਿੱਚ ਸ਼ਰੀਰਕ ਤੌਰ ਤੇ ਹਾਜ਼ਰ ਹੋਣਾ ਅਸਮਰਥ ਹੈ, ਜਾਂ ਉਸਨੂੰ<br>ਗੈਰਹਾਜ਼ਰ ਰਹਿਣ ਦਾ ਮਸ਼ਵਰਾ ਮਿਲਿਆ ਹੈ, ਤਾਂ ਉਸ ਵਿੱਦਿਆਰਥੀ ਨੂੰ ਅਪਣੇ ਘਰ ਵਿੱਚ ਵਿਅਕਤਕ ਤੌਰ ਤੇ ਦਿਨ ਵਿੱਚ ਇਕ ਘੰਟੇ ਲਈ ਸ਼ਿਕਸ਼ਾ ਮਿਲ ਸਕਦੀ ਹੈ। ਇਹਦੇ ਲਈ ਜਾਣਕਾਰੀ ਹਾਸਲ ਕਰਨ ਵਾਸਤੇ (530) 822-7642 ਨੂੰ ਫੋਨ ਕਰੋ। | ਐਜੂਕੇਸ਼ਨ ਕੋਡ ਸੈਕਸ਼ਨ:48206.3<br>48980 (ਬੀ) |
| ਸਿਖਿਅਕ ਪ੍ਰੋਗਰਾਮਾਂ ਨਾਲ ਸਬੰਧਿਤ ਜਾਣਕਾਰੀ ਬਾਰੇ ਵਿੱਚਾਰ ਵਟਾਂਦਰਾ ਕਰਨਾ- ਇਹ ਐਜੂਕੇਸ਼ਨ ਕੋਡ ਡਿਸਟ੍ਰਿਕ ਨੂੰ ਹਿਦਾਇਤ ਕਰਦਾ ਹੈ ਕਿ ਡਿਸਟ੍ਰਿਕ ਨੇ ਸਿਖਿਆ ਦੇ ਜੋ ਪ੍ਰਚਲਤ ਪ੍ਰੋਗਰਾਮ ਪੇਸ਼ ਕਰਨੇ ਹਨ, ਉਨ੍ਹਾਂ ਬਾਰੇ ਮਾਪਿਆਂ ਨਾਲ ਵਿੱਚਾਰ ਵਟਾਂਦਰਾ ਕਰੇ ਤਾਂਕਿ ਉਸ ਵਿੱਚ ਸੁਧਾਰ ਲਿਆਉਣ ਜਾਂ ਸਿਖਿਅਕ ਫੈਸਲੇ ਕਰਨ ਲਈ ਮਾਪੇ ਅਪਣੇ ਵਿੱਚਾਰ ਦਸ ਸਕਣ। ਹਰੇਕ ਸਾਲ ਸੂਚਨਾ ਦੇਣ ਦਾ ਮਸ਼ਵਰਾ ਦਿੱਤਾ ਗਿਆ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48302 |
| ਅਸਥਮੇ ਦੀ ਦਵਾਈ ਸਾਹ ਰਾਹੀਂ ਲੈਣੀ - ਵਿਆਖਿਆ ਕਰਦਾ ਹੈ ਕਿ ਸਕੂਲ ਵਿੱ ਬੱਚੇ ਅਸਥਮੇ ਦੀ ਦਵਾਈ ਆਪਣੇ ਆਪ ਜਾਂ ਸਕੂਲ ਦੇ ਕਰਮਚਾਰੀ ਦਵਾਈ ਲੈਣ ਵਿੱਚ ਬੱਚੇ ਦੀ ਕਿੰਝ ਮਦਦ ਕਰ ਸਕਦੇ ਹਨ।(2004 ਦੇ ਲਿਖਤੀ ਕਾਨੂੰਨ ਵਿੱਚ ਐਸ ਬੀ 2132 ਜੋੜਿਆ ਗਿਆ ਹੈ ਅਤੇ ਚੈਪਟਰ 832) | ਐਜੂਕੇਸ਼ਨ ਕੋਡ ਸੈਕਸ਼ਨ:49423.1 |
| ਵਿੱਦਿਆਰਥੀ ਕੋਲੋਂ ਹਾਨੀਕਾਰਕ ਚੀਜ਼ ਲੈ ਲੈਣੀ- ਜਿਸ ਸਕੂਲ ਵਾਲੇ ਨੇ ਵਿੱਦਿਆਰਥੀ ਕੋਲੋਂ ਹਾਨੀਕਾਰਕ ਚੀਜ਼ ਲਈ ਹੈ ਉਸ ਨੂੰ ਚਾਹੀਦਾ ਹੈ ਕਿ ਉਹ ਵਿੱਦਿਆਰਥੀ ਦੇ ਮਾਪਿਆਂ ਜਾਂ ਗਾਰਡੀਆਨ ਨੂੰ ਸੂਚਨਾ ਦੇਣ। | ਐਜੂਕੇਸ਼ਨ ਕੋਡ ਸੈਕਸ਼ਨ:49332 |
| ਇਨ- ਸਕੂਲ ਸੱਸਪੈਨਸ਼ਨ (ਸਕੂਲ ਦੇ ਵਿੱਚ ਮੁਅੱਤਲੀ)- ਵਿੱਦਿਆਰਥੀ ਨੂੰ ਮੁਅੱਤਲ ਕਰਨ ਤੋਂ ਬਾਅਦ ਕਿਸੇ ਵਿਅਕਤੀ ਦੀ ਦੇਖ-ਰੇਖ ਹੇਠ ਰਖਿਆ ਜਾਣਾ ਚਾਹੀਦਾ ਹੈ, ਸਕੂਲ ਦੇ ਕਰਮਚਾਰੀ ਨੂੰ ਚਾਹੀਦਾ ਹੈ ਕਿ ਉਹ ਮਾਪਿਆਂ ਨੂੰ ਫੋਨ ਕਰਕੇ ਜਾਂ ਖੁਦ ਇਸ ਬਾਰੇ ਇਤਲਾਹ ਦੇਣ। ਜੇਕਰ ਵਿੱਦਿਆਰਥੀ ਨੂੰ ਇੱਕ ਕਲਾਸ ਪੀਰਿਅਡ ਤੋਂ ਵੱਧ ਸਮੇਂ ਲਈ ਮੁਅੱਤਲ ਕਰਨਾ ਹੈ ਤਾਂ ਸਕੂਲ ਦੇ ਕਰਮਚਾਰੀ ਨੂੰ ਚਾਹੀਦਾ ਹੈ ਕਿ ਉਹ ਮਾਪਿਆਂ ਨੂੰ ਲਿਖਕੇ ਇਸ ਬਾਰੇ ਇਤਲਾਹ ਦੇਵੇ। | ਐਜੂਕੇਸ਼ਨ ਕੋਡ ਸੈਕਸ਼ਨ:48911.1 (ਡੀ) |
| ਸੈਕਸ ਰਾਹੀਂ ਸੰਚਾਰਕ ਬਿਮਾਰੀਆਂ ਬਾਰੇ ਸਿੱਖਿਆ/ਏਡਜ਼, ਮਨੁਖੀ ਕਾਮਵਾਸਨਾ ਜਾਂ ਪਰਵਾਰਕ ਜੀਵਨ, ਕਿੰਡਰਗਾਰਟਨ, ਪਹਿਲੀ ਤੋਂ ਛੇਵੀਂ ਗ੍ਰੇਡ, ਸ਼ਾਮਿਲ ਹਨ- ਏਡਜ਼, ਮਨੁਖੀ ਕਾਮਵਾਸਨਾ ਆਦੀ ਬਾਰੇ ਸਿੱਖਿਆ ਦੇਣ ਤੋਂ ਪਹਿਲਾਂ ਮਾਪਿਆਂ ਨੂੰ ਸੂਚਨਾਪੱਤਰ ਭੇਜਣ ਦੀ ਲੋੜ ਹੈ। ਇਸ ਨੋਟਿਸ ਵਿੱਚ ਸੈਕਸ਼ਨ 51201.5 ਅਤੇ 51553, ਜੋ ਕਿ ਏਡਜ਼ ਦੀ ਰੋਕਥਾਮ ਦੀ ਸਿੱਖਿਆ ਨਾਲ ਸਬੰਧਿਤ ਹਨ ਦੀਆਂ ਕਾਪੀਆਂ ਲਈ ਨਿਵੇਦਨ ਕਰਨ ਦੇ ਹੱਕ ਬਾਰੇ ਜਾਣਕਾਰੀ ਵੀ ਹੋਣੀ ਚਾਹੀਦੀ ਹੈ। ਕਿੰਡਰਗਾਰਟਨ ਅਤੇ ਪਹਿਲੀ ਤੋਂ ਛੇਵੀਂ ਗ੍ਰੇਡ ਤੇ ਲਾਗੂ ਹੁੰਦਾ ਹੈ। ਇਨਸਟਰੱਕਸ਼ਨ, ਨਿਸ਼ਚਿਤ ਐਜੂਕੇਸ਼ਨ ਕੋਡ ਸੈਕਸ਼ਨਾਂ ਲਈ ਬੇਨਤੀ ਕਰਨ ਦੇ ਹੱਕ ਬਾਰੇ ਜਾਣਕਾਰੀ । | ਐਜੂਕੇਸ਼ਨ ਕੋਡ ਸੈਕਸ਼ਨ:51555; 51201.5<br>ਬੋਰਡ ਪੌਲਸੀ 6142.1, ਏ ਆਰ 6142.1<br>ਬੋਰਡ ਪੌਲਸੀ 6142.1, ਏ ਆਰ 6142.1 |
| ਇਨਸ਼ੁਰੈਂਸ - ਇਨਸ਼ੁਰੈਂਸ ਉਪਲਬਧੀ। ਡਿਸਟ੍ਰਿਕ ਵਾਲੇ ਵਿੱਦਿਆਰਥੀਆਂ ਦੀ ਇਨਸ਼ੁਰੈਂਸ ਨਹੀਂ ਕਰਵਾਉਂਦੇ ਜੇ ਸਕੂਲ ਵਿੱਚ ਵਿੱਦਿਆਰਥੀ ਨੂੰ ਸਟ ਲਗਦੀ ਹੈ ਉਸਦੀ ਇਨਸ਼ੁਰੈਂਸ ਲਈ ਸਕੂਲ ਜ਼ੁੰਮੇਵਾਰ ਨਹੀਂ ਹੈ। ਡਿਸਟ੍ਰਿਕ ਅਪਣੀ ਇੱਛਾ ਅਨੁਸਾਰ ਵਿੱਦਿਆਰਥੀਆਂ ਲਈ ਇਨਸ਼ੋਰੈਂਸ ਕਰਵਾਉਣ ਦੀਆਂ ਅਰਜ਼ੀਆਂ ਉਪਲਬਧ ਕਰਵਾਉਂਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ : 49472, 48980<br>ਬੋਰੰਡ ਪੌਲਸੀ 5143, ਏ ਆਰ 5143 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਇਨਸ਼ੁਰੈਂਸ- ਇੰਟਰਸਕੌਲਿਸਟਕ ਅਥਲੈਟਿਕ ਟੀਮਾਂ- ਜੇਕਰ ਵਿੱਦਿਆਰਥੀ (7-12 ਗ੍ਰੇਡਾਂ ) ਅਥਲੈਟਿਕਸ ਵਿੱਚ ਹਿੱਸਾ ਲੈਣਾ ਚਾਹੁਣ ਤਾਂ ਸਬੂਤ ਦੇ ਤੌਰ ਤੇ ਅਪਨੀ ਮੈਡੀਕਲ ਇਨਸ਼ੁਰੈਂਸ ਵਿਖਾਉਣ, ਅਤੇ ਇਸਦੇ ਨਾਲ- ਨਾਲ ਅਪਣੇ ਫਿਜ਼ੀਕਲ ਚੈਕਅਪ ਜੋ ਉਨ੍ਹਾਂ ਨੇ ਪਿਛਲੇ ਬਾਹਰਾਂ ਮਹੀਨਿਆਂ ਦੇ ਵਿੱਚ-ਵਿੱਚ ਕਰਵਾਇਆ ਹੈ ਦਾ ਸਬੂਤ ਵੀ ਪੇਸ਼ ਕਰਨ। ਜਿਨ੍ਹਾਂ ਡਿਸਟ੍ਰਿਕਾਂ ਵਿੱਚ ਇੰਟਰਸਕੌਲਿਸਟਕ ਟੀਮਾਂ ਹਨ, ਅਪਣੀਆਂ ਟੀਮਾਂ ਨੂੰ ਭੇਜਣ ਸਮੇਂ, ਅਥਲੈਟਿਕ ਟੀਮ ਮੈਂਬਰਾਂ ਨੂੰ ਫਰੀ ਜਾਂ ਘਟ ਕੀਮਤ ਵਾਲੀ ਹੈਲਥ ਇਨਸੂਰੈਂਸ ਜੋ ਵੀ ਇਨਸ਼ੁਰੈਂਸ ਕਵਰੇਜ ਉਹ ਪੇਸ਼ ਕਰਦੇ ਹਨ ਬਾਰੇ ਜਾਣਕਾਰੀ ਦੇਣ। ਮੁਮਕਿਨ ਹੈ ਕਿ ਕੁਝ ਵਿੱਦਿਆਰਥੀ ਲੋਕਲ, ਸਟੇਟ ਜਾਂ ਫੈਡਰਲ ਵਲੋਂ ਸਪੌਂਸਰ ਕੀਤੇ ਜਾ ਰਹੇ ਫਰੀ ਜਾਂ ਬਹੁਤ ਘਟ ਕੀਮਤ ਵਾਲੇ ਹੈਲਥ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਦੇ ਯੋਗ ਹੋਣ। ਇਨ੍ਹਾਂ ਪ੍ਰੋਗਰਾਮਾਂ ਬਾਰੇ 1-800- 880-5305 ਨੂੰ ਫੋਨ ਕਰਕੇ ਹੈਲਥੀ ਫੈਮਿਲੀਜ਼ ਪ੍ਰੋਗਰਾਮ ਤੋਂ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। | ਐਜੂਕੇਸ਼ਨ ਕੋਡ 32221 .5<br>ਬੋਰਡ ਪੌਲਸੀ 5143;<br>ਏ ਆਰ 5143 |
| ਇੰਟਰਡਿਸਟ੍ਰਿਕ ਅਟੈਂਡੈਂਸ (ਹਾਜ਼ਰੀ)- ਇਸ ਦੇ ਅਨੁਸਾਰ ਇੱਕ ਜਾਂ ਇੱਕ ਤੋਂ ਵੱਧ ਵਿੱਦਿਆਰਥੀਆਂ ਦੀ ਪੰਜ ਸਾਲਾਂ ਲਈ ਇੰਟਰ-ਡਿਸਟ੍ਰਿਕ ਤਬਦੀਲੀ ਕਰਨ ਲਈ ਦੋ ਜਾਂ ਵੱਧ ਡਿਸਟ੍ਰਿਕਾਂ ਨੂੰ ਆਪਸ ਵਿੱਚ ਅਹਿਦਨਾਮਾ ਕਰਨ ਦੀ ਇਜਾਜ਼ਤ ਹੈ। ਜਿਹੜੇ ਨਿਵੇਦਕ ਨੂੰ ਇੰਟਰਡਿਸਟ੍ਰਿਕ ਲਈ ਨਾਂਹ ਕੀਤੀ ਗਈ ਹੋਵੇ, ਉਸਨੂੰ ਸੂਚਨਾਪੱਤਰ ਰਾਹੀਂ ਕਉਂਟੀ ਦੇ ਬੋਰਡ ਨੂੰ ਅਪੀਲ ਕਰਨ ਦੇ ਤਰੀਕੇ ਬਾਰੇ ਇਤਲਾਹ ਦੇਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:46600, 46601<br>ਬੋਰਡ ਪੌਲਸੀ 5117 |
| ਇੰਟਰਡਿਸਟ੍ਰਿਕ ਚੌਇਸ (ਪਸੰਦ): ਮਨਜ਼ੂਰੀ ਜਾਂ ਇਨਕਾਰ ਦਾ ਸੂਚਨਾਪੱਤਰ- ਸਕੂਲ ਡਿਸਟ੍ਰਿਕਾਂ ਨੂੰ ਇਜਾਜ਼ਤ ਹੈ ਪਰ ਉਨ੍ਹਾਂ ਲਈ ਜ਼ਰੂਰੀ ਨਹੀਂ ਕਿ ਉਹ ਇੰਟਰਡਿਸਟ੍ਰਿਕ ਚੌਇਸ ਲਈ ਮਤਾ ਅਪਣਾਕੇ ਸਥਾਪਤ ਕਰਨ। ਮਨਜ਼ੂਰੀ ਜਾਂ ਇਨਕਾਰ ਦਾ ਸੂਚਨਾਪੱਤਰ ਭੇਜਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਹਿਸੱਾ ਲੈ ਰਹੇ ਡਿਸਟ੍ਰਿਕਾਂ ਲਈ ਲਾਜ਼ਮੀ ਹੈ ਕਿ ਉਹ ਮਨਜ਼ੂਰੀ ਜਾਂ ਮਨਾਹੀ ਦਾ ਲਿਖਤੀ ਨੋਟਿਸ ਦੇਣ। | ਐਜੂਕੇਸ਼ਨ ਕੋਡ ਸੈਕਸ਼ਨ:48209.9 |
| ਇੰਟਰਾਡਿਸਟ੍ਰਿਕ ਚੌਇਸ ਪੌਲਸੀ - ਡਿਸਟ੍ਰਿਕ ਵਿੱਚ ਰਹਿਣ ਵਾਲਿਆਂ ਲਈ ਡਿਸਟ੍ਰਿਕ ਵਲੋਂ ਡਿਸਟ੍ਰਿਕ ਵਿੱਚ ਉਪਨ ਇਨਰੋਲਮੈਂਟ ਪੌਲਸੀ ਸਥਾਪਿਤ ਕਰਨ ਸਬੰਧੀ ਨਿਯਮ ਬਣਾਉਨ ਦੀ ਲੋੜ ਹੈ। | ਐਜੂਕੇਸ਼ਨ ਕੋਡ:35160.5 (ਬੀ) |
| ਭਵਿਖ ਵਿੱਚ ਸਿਖਿਆ ਲਈ ਪੈਸਾ ਲਗਾਉਣਾ(ਇਨਵੈਸਟ ਕਰਨਾ): ਮਾਪਿਆਂ ਨੂੰ ਸਲਾਨਾ ਨੋਟਿਸ ਭੇਜਿਆ ਜਾਵੇ ਅਤੇ ਉਸ ਵਿੱਚ ਬੱਚੇ ਦੀ ਭਵਿਖ ਵਿੱਚ ਕੌਲਿਜ ਯੂਨੀਵਰਸਟੀ ਵਿੱਚ ਪੜ੍ਹਾਈ ਵਾਸਤੇ ਲੋੜੀਂਦੇ ਪੈਸੇ ਦੀ ਮਹਤੱਤਾ ਅਤੇ ਪੈਸੇ ਇਨਵੈਸਟ ਕਰਨ ਬਾਰੇ ਸਲਾਹ ਦਿੱਤੀ ਜਾਵੇ। | ਐਜੂਕੇਸ਼ਨ ਕੋਡ 48980 (ਡੀ) |
| ਮਜਬੂਰਨ(ਇਨਵੌਲੰਟਰੀ) ਤਬਦੀਲੀ: ਲਗਾਤਾਰ ਸਿੱਖਿਆ ਦਿੱਤੀ ਜਾਣੀ- ਪ੍ਰਬੰਧਕੀ ਬੋਰਡ ਨੂੰ ਵਿੱਦਿਆਰਥੀ ਦੀ ਲਗਾਤਾਰ ਸਿੱਖਿਆ ਦੇ ਸਕੂਲ ਵਿੱਚ ਮਨਮਰਜ਼ੀ ਨਾਲ ਤਬਦੀਲੀ ਕਰਨ ਲਈ ਕਾਨੂੰਨ ਅਤੇ ਨਿਯਮ ਅਪਣਾਉਣ ਦੀ ਲੋੜ ਹੈ। ਤਬਦੀਲੀ ਤੋਂ ਪਹਿਲਾਂ ਵਿੱਦਿਆਰਥੀ ਅਤੇ ਉਸਦੇ ਮਾਪਿਆਂ ਨੂੰ ਲਿਖਤੀ ਸੂਚਨਾਪੱਤਰ ਭੇਜਿਆ ਜਾਣਾ ਚਾਹੀਦਾ ਜਿਸ ਵਿੱਚ ਉਨ੍ਹਾਂ ਨੂੰ ਸੁਪਰਿਨਟੈਂਡੈਂਟ ਵਲੋਂ ਨਿਯੁਕਤ ਕੀਤੇ ਸ਼ਖਸ ਨਾਲ ਮੀਟਿੰਗ ਕਰਨ ਦੀ ਮੰਗ ਦੇ ਹੱਕ ਬਾਰੇ ਦੀਸਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਤਬਦੀਲੀ ਸਬੰਧੀ ਫੈਸਲੇ ਬਾਰੇ ਮਾਪਿਆਂ ਅਤੇ ਵਿੱਦਆਰਥੀ ਨੂੰ ਲਿਖਤੀ ਚਿੱਠੀ ਭੇਜੀ ਜਾਵੇ। | ਐਜੂਕੇਸ਼ਨ ਕੋਡ:48432.5<br>ਏ ਆਰ 6184 |
| ਜੁਵੇਨਾਈਲ ਕੋਰਟ ਅਤੇ ਪ੍ਰੋਬੇਸ਼ਨ ਅਫਸਰ- ਵਿਵਹਾਰ ਸਬੰਧਿਤ ਉਲੰਘਣਾ ਬਾਰੇ ਨਟਿਸ ਭੇਜਣੇ -ਵੈਲਫੇਅਰ ਐਂਡ ਇਨਸਟੀਚਯੁਸ਼ਨਜ਼ ਕੋਡ (WIC) ਦੇ ਸੈਕਸ਼ਨ 602 ਦੇ ਤਹਿਤ ਜੇਕਰ ਕੋਰਟ ਦੀ ਨਿਗਰਾਨੀ ਵਾਲਾ ਵਿੱਦਿਆਰਥੀ ਸਕੂਲ ਵਿੱਚ ਹਾਜ਼ਰੀ ਭਰਦਾ ਹੈ ਤਾਂ ਉਸਦੀ ਹਾਜ਼ਰੀ ਅਤੇ ਉਸ ਵਲੋਂ ਕੋਈ ਭੀ ਵਿਵਹਾਰਿਕ ਉਲੰਘਣਾ ਕਰਨ ਤੇ ਸਕੂਲ ਹਾਜ਼ਰੀ ਦੇ ਦਸ ਦਿਨਾਂ ਦੇ ਵਿੱਚ-ਵਿੱਚ ਉਸਦੀ ਰਿਪੋਰਟ ਲਾਜ਼ਮੀ ਤੌਰ ਤੇ ਜਾਂਚ ਅਫਸਰ(ਪ੍ਰੋਬੇਸ਼ਨ ਅਫਸਰ) ਨੂੰ ਕੀਤੀ ਜਾਵੇ। | ਐਜੂਕੇਸ਼ਨ ਕੋਡ ਸੈਕਸ਼ਨ:48267 |
| ਕਿੰਡਰਗਾਰਟਨ ਵਿੱਚ ਦਾਖਲਾ; ਜਦੋਂ ਪੰਜ ਸਾਲਾਂ ਦੇ ਹੋਣ ਤਾਂ- ਦਰਖਾਸਤ ਕਰਨ ਵਾਲੇ ਮਾਪਿਆਂ ਨੂੰ ਕਿੰਡਰਗਾਰਟਨ ਵਿੱਚ ਅਗੇਤੇ ਦਾਖਲੇ ਦੇ ਫਾਇਦੇ ਨੁਕਸਾਨ ਅਤੇ ਅਸਰ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48000<br>ਬੋਰਡ ਪੌਲਸੀ 5111 |
| ਲੇਜ਼ਰ ਪੁਆਇੰਟਰ: ਵੇਚਨੇ, ਕੋਲ ਰੱਖਣੇ, ਅਤੇ ਪ੍ਰਯੋਗ ਕਰਨੇ ਮਨ੍ਹਾ ਹਨ- ਐਲੀਮੈਂਟਰੀ ਜਾਂ ਸੈਕੰਡਰੀ ਸਕੂਲ ਦੇ ਸਾਰੇ ਵਿੱਦਿਆਰਥੀਆਂ ਲਈ ਲੇਜ਼ਰ ਪੁਆਇੰਟਰ ਅਪਣੇ ਕੋਲ ਰੱਖਣੇ ਮਨ੍ਹਾ ਹਨ, ਸਿਵਾਏ ਇਸ ਦੇ ਕਿ ਸਕੂਲ ਦੀ ਕਿਸੀ ਗਤੀਵਿਧੀ ਜਾਂ ਪੜ੍ਹਾਈ ਲਈ ਉਸਦੀ ਲੋੜ ਹੈ। ਇਸ ਤੋਂ ਇਲਾਵਾ ਉਸਦੀ ਬੀਮ ਗਾਈਡ ਕਰਨ ਵਾਲੇ ਕੁਤੇ ਦੀਆਂ ਅੱਖਾਂ ਵਿੱਚ ਮਾਰਨੀ ਮਨ੍ਹਾ ਹੈ ਅਤੇ ਦੂਜੇ ਸ਼ਖਸਾਂ ਵਲ ਕਰਨਾ ਜਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਬੀਮ ਮਾਰਨ ਦੀ ਭੀ ਮਨਾਹੀ ਹੈ। | ਪੀਨਲ ਕੋਡ: 417. 27 |
| ਲੈਡ(ਸਿਕੇ) ਦੀ ਜ਼ਹਰ ਬਾਰੇ ਸੂਚਨਾ ਦੇਣੀ: ਸਕੂਲ ਵਿੱਚ ਸਿਕੇ ਦੀ ਮੌਜੂਦਗੀ ਦਾ ਪਤਾ ਲਗਣ ਤੇ ਉਸ ਨਾਲ ਸਬੰਧਿਤ ਖਤਰੇ ਬਾਰੇ ਮਾਪਿਆਂ ਨੂੰ 45 ਦਿਨਾਂ ਦੇ ਵਿੱਚ-ਵਿੱਚ ਸਿਕੇ ਦੇ ਖਤਰਿਆਂ ਬਾਰੇ ਜਾਣਕਾਰੀ ਦਿਤੀ ਜਾਵੇ। ਸੂਚਨਾਪੱਤਰ ਚਾਈਲਡਹੁਡ ਲੈਡ ਪੁਆਇਜ਼ਨਿੰਗ ਪਰਵੈਨਸ਼ਨ ਐਕਟ ਅਨੁਸਾਰ ਭੇਜਿਆ ਜਾਵੇ। | ਐਜੂਕੇਸ਼ਨ ਕੋਡ ਸੈਕਸ਼ਨ 32243 |
| ਬੱਚਿਆਂ ਲਈ ਲਾਇਸੈਂਸਡ ਦੇਖ-ਰੇਖ ਜਾਂ ਡਵੈਲੱਪਮੈਂਟ ਪ੍ਰੋਗਰਾਮ - ਮਾਪਿਆਂ ਨੂੰ ਉਸ ਵਿੱਚ ਹਿੱਸਾ ਲੈਣ ਦੇ ਹੱਕ ਬਾਰੇ ਜਾਣਕਾਰੀ ਦਿਉ, ਬਗੈਰ ਵਜਹ ਗੈਰਹਾਜ਼ਰੀਆਂ ਸਬੰਧੀ ਪੌਲਸੀਆਂ ਬਾਰੇ ਜਾਣਕਾਰੀ ਦਿਉ। ਮਾਪਿਆਂ ਨੂੰ ਹਾਜ਼ਰੀ ਸਬੰਧਿਤ ਰਿਕੌਰਡਾਂ ਦੀਆਂ ਪੌਲਸੀਆਂ ਬਾਰੇ ਜਾਣਕਾਰੀ ਹਾਸਲਕਰਨ ਦਾ ਹੱਕ ਹੈ। | ਹੈਲਥ 7 ਸੇਫਟੀ 1596.857<br>5 ਸੀ ਸੀ ਆਰ 18066<br>ਬੋਰਡ ਪੌਲਸੀ 5148,<br>ਏ ਆਰ 5148 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਵਿਤਕਰੇ ਤੋਂ ਰਹਿਤ- ਸੈਕਸ, ਡਿਸਅਬਿਲਟੀ, ਐਥਨਿਸੀਟੀ, ਜਾਂ ਅੰਗਰੇਜ਼ੀ ਦੀਆਂ ਨਿਪੁੰਨਤਾਵਾਂ ਨਾ ਹੋਣ ਕਾਰਨ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ। ਸਟੇਟ ਅਤੇ ਫੈਡਰਲ ਕਾਨੂੰਨ ਸਿਖਿਅਕ ਪਰੋਗਰਾਮਾਂ, ਅਤੇ ਗਤੀਵਿਧੀਆਂ ਵਿੱਚ ਵਿਤਕਰਾ ਕਰਨ ਦੀ ਮਨਾਹੀ ਕਰਦਾ ਹੈ। ਸਟੇਟ ਲਾਅ, ਐਜੂਕੇਸ਼ਨ ਕੋਡ 200 ਇਤਡ ਸ਼ਇਟਡ, ਦੀ ਲੋੜ ਹੈ ਕਿ ਲਿੰਗ, ਸੈਕਸ, ਜਾਤਿ, ਰੰਗ, ਧਰਮ ਪਿਛੋਕੜ, ਵੰਸ਼ ਦੀ ਰਾਸ਼ਟਰੀਅਤਾ, ਐਥਨਿਕ ਗਰੁਪ, ਪਛਾਣ, ਵਿਵਾਹਿਕ, ਜਾਂ ਪੇਰੈਂਟਲ ਸਟੇਟਸ, ਮਾਨਸਿਕ ਜਾਂ ਸ਼ਰੀਰਕ ਡਿਸਅਬਿਲਟੀ, ਸੈਕਸ਼ੁਅਲ ਓਰੀਐਂਟੇਸ਼ਨ, ਜਾਂ ਇਨ੍ਹਾਂ ਚੋਂ ਇੱਕ ਜਾਂ ਇੱਕ ਤੋਂ ਵੱਧ ਪ੍ਰਵਰਤੀ ਹੋਣ ਦੇ ਬਾਵਜੂਦ ਡਿਸਟ੍ਰਿਕ ਹਰੇਕ ਨੂੰ ਬਰਾਬਰ ਦੇ ਹੱਕ ਅਤੇ ਸ਼ਿਕਸ਼ਾ ਦੇ ਮੌਕੇ ਪ੍ਰਦਾਨ ਕਰੇ। ਸਿਵਿਲ ਰਾਈਟਸ ਦਾ 1964 ਦਾ ਐਕਟ ਦਾ ਟਾਇਟਲ੍ਹ, ਜਾਤਿ, ਰੰਗ, ਅਤੇ ਵੰਸ਼ ਦੀ ਰਾਸਰੀਅਤਾ ਦੇ ਅਧਾਰ ਤੇ ਵਿਤਕਰਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਹੈ। ਟਾਇਟਲ ਇਏਣ 1972 ਦਾ ਸਿਖਿਅਕ ਅਮੈਂਡਮੈਂਟ ਐਕਟ, ਸੈਕਸ ਦੇ ਅਧਾਰ ਤੇ ਵਿਤਕਰੇ ਦੀ ਇਜਾਜ਼ਤ ਨਹੀਂ ਦਿੰਦਾ ਹੈ। 1972 ਦਾ ਅਮਰੀਕਨ ਵਿਧ ਡਿਸਅਬਿਲਿਟੀਜ਼ ਐਕਟ ਅਤੇ ਸੈਕਸ਼ਨ 504 ਡਿਸਅਬਿਲਟੀ ਦੇ ਅਧਾਰ ਤੇ ਵਿਤਕਰੇ ਦੀ ਇਜਾਜ਼ਤ ਨਹੀਂ ਦਿੰਦਾ ਹੈ। ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਵਿਤਕਰੇ ਸਬੰਧੀ ਸ਼ਿਕਾਇਤਾਂ ਬਾਰੇ ਛਾਣ-ਬੀਨ ਕਰਨ ਲਈ ਸ਼ਿਕਾਇਤ ਦੀ ਇਕਸੁਰਤਾ ਵਾਲੀ ਕਾਰਵਾਈ(ਯੂਨੀਫੌਰਮ ਕੰਮਪਲੇਂਟ ਪ੍ਰੋਸੀਜਰਜ਼) ਰਾਹੀਂ ਕਰ ਸਕਦੇ ਹਨ। ਜਿਨ੍ਹਾਂ ਪ੍ਰੋਗਰਾਮਾਂ ਲਈ ਫੈਡਰੱਲ ਤੋਂ ਪੈਸੇ ਮਿਲਦੇ ਹਨ ਉਨ੍ਹਾਂ ਪ੍ਰੋਗਰਾਮਾਂ ਤੇ ਫੈਡਰਲ ਕਾਨੂੰਨ ਲਾਗੂ ਕਰਨ ਲਈ ਸਿਵਿਲ ਰਾਇਟਸ ਦੇ ਔਫਿਸ ਕੋਲ ਪੂਰਾ ਇਖਤਿਆਰ ਹੈ। | ਐਜੂਕੇਸ਼ਨ ਕੋਡ ਸੈਕਸ਼ਨ:200 ਇਤਡ ਸ਼ਇਟਡ, 5 ਸੀ ਸੀ ਆਰ ਸੈਕਸ਼ਨ 4900 ਇਤਡ ਸ਼ਇਟਡ, 20 ਯੂ ਐਸ ਸੀ 1681 1681-1688<br>42 ਯੂ ਐਸ ਸੀ ਸੈਕਸ਼ਨ 2000ਡੀ □ 2000ਡੀ-7<br>34 ਸੀ ਐਫ ਆਰ 106.9<br>ਬੋਰਡ ਪੋਲਸੀ 0410,<br>ਏ ਆਰ 6178 |
| ਵਿੱਦਿਆਰਥੀ ਨਾ ਹੋਣਾ: ਕੈਂਮਪਸ ਤੋਂ ਜਾਣ ਲਈ ਕਹਿਣਾ; ਦੁਬਾਰਾ ਦਾਖਲ ਹੋਣਾ- ਕੋਈ ਭੀ ਸ਼ਖਸ ਜੇ ਉਹ ਵਿੱਦਿਆਰਥੀ ਨਹੀਂ ਹੈ ਤਾਂ ਸਕੂਲ ਦੇ ਪ੍ਰਬੰਧਕਾਂ ਨੂੰ ਹੱਕ ਹੈ ਕਿ ਉਹ ਉਸ ਨੂੰ ਕੈਂਮਪਸ ਚੋਂ ਬਾਹਰ ਜਾਣ ਲਈ ਆਖ ਸਕਦੇ ਹਨ, ਅਤੇ ਉਹ ਉਸਨੂੰ ਦਸਣ ਕਿ ਜੇ ਉਹ ਸ਼ਖਸ ਸਤ ਦਿਨਾਂ ਦੇ ਵਿੱਚ-ਵਿੱਚ ਫਿਰ ਵਾਪਿਸ ਸਕੂਲ ਕੈਂਮਪਸ ਤੇ ਆਵੇ ਤਾਂ ਇਹ ਕਨੂੰਨ ਦੇ ਵਿਰੁਧ (ਕਰਾਈਮ) ਹੋਣ ਕਾਰਣ ਉਸਨੂ ਅਪਰਾਧੀ ਮਨਿਆ ਜਾਵੇਗਾ। | ਪੀਨੱਲ ਕੋਡ ਓਛ (ਪੀ ਸੀ) ਸੈਕਸ਼ਨ 626.6 |
| ਪਰੌਫੀਸ਼ੈਂਸੀ ਇਮਤਿਹਾਨ ਦਾ ਨੋਟਿਸ( ਮਹਾਰਤ ਦਾ ਜਾਇਜ਼ਾ ਲਗਾਉਣ ਵਾਲਾ ਇਮਤਿਹਾਨ)- ਕੈਲਿਫੋਰਨੀਆ ਹਾਈ ਸਕੂਲ ਪਰੌਫੀਸ਼ੈਂਸੀ ਇਮਤਿਹਾਨ(ਛ਼ਸ਼ਓਈ) ਬਾਰੇ ਇਸ਼ਤਹਾਰ ਵੰਡਿਆ ਜਾਣਾ ਚਾਹੀਦ ਹੈ ਅਤੇ ਉਸ ਵਿੱਚ ਇਸਦਾ ਵੇਰਵਾ ਹੋਣਾ ਚਾਹੀਦਾ ਹੈ। ਗਿਆ੍ਰਵੀਂ ਅਤੇ ਬਾ੍ਰਵੀਂ ਦੇ ਵਿੱਦਿਆਰਥੀਆਂ ਨੂੰ ਕਾਫੀ ਪਹਿਲਾਂ ਇਸ ਬਾਰੇ ਨੋਟਿਸ ਭੀ ਦਿੱਤਾ ਜਾਣਾ ਚਾਹੀਦਾ ਹੈ, ਤਾਂਕਿ ਵਿੱਦਆਰਥੀ ਉਸ ਸਾਲ ਦੀ ਫਾਲ ਵਿੱਚ ਹੋਣ ਵਾਲੇ ਇਮਤਿਹਾਨ ਲਈ ਰਜਿਸਟਰ ਕਰਨ ਵਾਲੀਆਂ ਲੋੜਾਂ ਪੂਰੀਆਂ ਕਰ ਸਕਣ। | 5 ਸੀ ਸੀ ਆਰ ਸੈਕਸ਼ਨ 11523<br>ਏ ਆਰ 6146.2 |
| ਲਾਅ ਇਨਫੋਰਚਮੈਂਟ ਨੂੰ ਸੂਚਨਾਪੱਤਰ-ਘਾਤਕ ਹਥਿਆਰ ਨਾਲ ਹਮਲਾ ਕਰਨਾ, ਮਨਾਹੀ ਵਾਲੀਆਂ ਚੀਜ਼ਾਂ ਪ੍ਰਯੋਗ ਕਰਨ ਕਾਰਣ ਕਾਨੂੰਨੀ ਉਲੰਘਣਾ ਕਰਨੀ- ਪ੍ਰਿੰਸੀਪੱਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੇ ਗਏ ਸ਼ਖਸ ਨੂੰ ਚਾਹੀਦਾ ਹੈ ਕਿ ਵਿੱਦਿਆਰਥੀ ਵਲੋਂ 626.10 ਜਾਂ ਪੀਨਲ ਕੋਡ ਸੈਕਸ਼ਨ 245, 0626.9 ਦੀ ਉਲੰਘਣਾ ਕਰਨ ਕਾਰਣ ਉਸ ਨੂੰ ਮੁਅਤੱਲ ਜਾਂ ਕੱਢਣ ਤੋਂ ਪਹਿਲਾਂ ਲਾਅ ਇਨਫੋਰਸਮੈਂਟ ਨੂੰ ਰਿਪੋਰਟ ਕਰਨ। ਪੀਨਲ ਕੋਡ 48900 (ਚ) ਜਾਂ (ਦ) ਦੀ ਉਲੰਘਣਾ ਕਰਨ ਕਾਰਣ, ਮੁਅਤੱਲ ਜਾਂ ਕੱਢੇ ਜਾਣ ਤੇ ਇੱਕ ਦਿਨ ਦੇ ਅੰਦਰ ਹੀ ਲਾਅ ਇਨਫੋਰਸਮੈਂਟ ਨੂੰ ਇਤਲਾਹ ਦੇਣੀ ਲਾਜ਼ਮੀ ਹੈ। ਇਹ1994 ਦੇ ਗਨ ਫਰੀ ਸਕੂਲ ਐਕਟ ਦੀ ਰਿਪੋਰਟ ਕਰਨ ਵਾਲੀ ਲੋੜ ਨੂੰ ਪੂਰਾ ਕਰਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48902 |
| ਵਿਅਕਤਿਕ ਵਿੱਚਾਰ ਪਤਾ ਕਰਨ ਦੇ ਸਾਧਨ- ਵਿੱਦਿਰਥੀ ਦੇ ਵਿਅਕਤਕ ਵਿੱਚਾਰ ਜਾਣਨ ਵਾਲੇ ਟੈਸਟਾਂ ਦਾ ਪ੍ਰਯੋਗ ਕਰਨਾ ਮਨ੍ਹਾਂ ਹੈ, ਸਿਵਾਏ ਇਸਦੇ ਕਿ ਟੈਸਟ ਕਰਨ ਤੋਂ ਪਹਿਲਾਂ ਮਾਪਿਆਂ ਨੂੰ ਲਿਖਕੇ ਟੈਸਟ ਬਾਰੇ ਸੂਚਨਾ ਭੇਜਣੀ ਲਾਜ਼ਮੀ ਹੈ ਅਤੇ ਉਨ੍ਹਾਂ ਵਲੋਂ ਟੈਸਟ ਕਰਨ ਲਈ ਲਿਖਤੀ ਮਨਜ਼ੂਰੀ ਦਿੱਤੀ ਗਈ ਹੋਵੇ। | ਐਜੂਕੇਸ਼ਨ ਕੋਡ:51513,<br>20 ਯੂ ਐਸ ਸੀ ਸੈਕਸ਼ਨ 132 ਏਚ |
| ਵਿੱਦਿਆਰਥੀਆਂ ਲਈ ਮੈਡੀਕੱਲ ਅਤੇ ਹਸਪਤਾਲ ਸੇਵਾਵਾਂ ਦਾ ਪ੍ਰਬੰਧ ਹੋਣਾ- ਸਕੂਲ ਨਾਲ ਸਬੰਧਿਤ ਸਟਾਂ ਦੇ ਇਲਾਜ ਲਈ ਡਿਸਟ੍ਰਿਕ ਨੂੰ ਇਜਾਜ਼ਤ ਹੈ ਕਿ ਉਹ ਵਿੱਦਿਆਰਥੀ ਨੂੰ ਨੌਨਪ੍ਰੌਫਟ ਸੰਸਥਾਵਾਂ ਜਾਂ ਇਨਸ਼ੁਰੈਂਸ ਪੌਲਸੀਆਂ ਰਾਹੀਂ ਮੈਡੀਕਲ ਜਾਂ ਹਸਪਤਾਲ ਦੀ ਸੇਵਾ ਉਪਲਬਧ ਕਰਵਾਉਣ। | ਐਜੂਕੇਸ਼ਨ ਕੋਡ ਸੈਕਸ਼ਨ:49472 |
| ਮੈਡੀਕੱਲ ਅਤੇ ਹਸਪਤਾਲ ਦੀਆਂ ਸੇਵਾਵਾਂ ਦਾ ਪ੍ਰਬੰਧ ਨਾ ਹੋਣਾ- ਜਿਹੜੇ ਡਿਸਟ੍ਰਿਕ ਵਿੱਚ ਜੂਨਿਅਰ ਹਾਈ ਸਕੂਲ ਜਾਂ ਹਾਈ ਸਕੂਲ ਹੈ ਅਤੇ ਉਸ ਡਿਸਟ੍ਰਿਕ ਵਿੱਚ ਵਿੱਦਿਆਰਥੀਆਂ ਲਈ ਖੇਡਨ ਵੇਲੇ ਸਟ ਲਗ ਜਾਣ ਤੇ ਮੈਡੀਕੱਲ ਅਤੇ ਹਸਪਤਾਲ ਦੀਆਂ ਸੇਵਾਵਾਂ ਉਪਲਬਧ ਨਹੀਂ ਹਨ ਤਾਂ ਉਸ ਡਿਸਟ੍ਰਿਕ ਦੇ ਪ੍ਰਬੰਧਕ ਬੋਰਡ ਨੂੰ ਚਾਹੀਦਾ ਹੈ ਕਿ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਵਿੱਦਿਆਰਥੀਆਂ ਦੇ ਮਾਪਿਆਂ ਨੂੰ ਇਸ ਬਾਰੇ ਜਾਣਕਾਰੀ ਜ਼ਰੂਰ ਦਿੱਤੀ ਜਾਵੇ। | ਐਜੂਕੇਸ਼ਨ ਕੋਡ ਸੈਕਸ਼ਨ:49471 |
| ਮੇਗਨ ਦੇ ਲਾਅ ਅਨੁਸਾਰ ਸੈਕਸ ਸਬੰਧੀ ਦੋਸ਼ੀ ਬਾਰੇ ਸੂਚਨਾਪੱਤਰ- ਪੀਨਲ ਕੋਡ 290 .4 ਦੀ ਲੋੜ ਹੈ ਕਿ ਡਿਪਾਰਟਮੈਂਟ ਔਫ ਜਸਟਿਸ ਇੱਕ ਐਸੀ ਸੇਵਾ ਚਲਾਉਣ ਜਿਸ ਵਿੱਚ ਪਬਲਿਕ ਦੇ ਮੈਂਬਰ ਛੇ ਐਸੀਆਂ ਸ਼ਖਸੀਅਤਾਂ ਦੀ ਲਿਸਟ ਮਜ਼ੂਰਸ਼ੁਦਾ ਫੌਰਮ ਤੇ ਦੇਣ ਅਤੇ ਪਤਾ ਲਗਾਵਾਉਣ ਕਿ ਇਨ੍ਹਾਂ ਵਿਚੋਂ ਕੋਈ ਸੈਕਸ ਉਫੈਂਡਰ (ਲਿੰਗ ਸਬੰਧਿਤ ਅਪਰਾਧੀ) ਤਾਂ ਨਹੀਂ ਜਿਸ ਨੂੰ ਰਜਿਸਟਰ ਕਰਵਾਉਣ ਦੀ ਲੋੜ ਹੈ, ਅਤੇ ਉਸਦੇ ਸਬੰਧ ਵਿੱਚ ਪਬਲਿਕ ਨੂੰ ਨੋਟਿਸ ਦਿਤਾ ਜਾਵੇ। ਸੈਕਸ਼ਨ 290.46 ਦੇ ਤਹਿਤ ਡਿਪਾਰਟਮੈਂਟ ਵਾਲੇ ਇੰਟਰਨੈਟ ਤੇ ਪਬਲਿਕ ਲਈ ਸੈਕਸ ਉਫੈਂਡਰਾਂ ਦੇ ਨਾਮ ਉਪਲਬਧ ਕਰਵਾਉਣ। ਕੈਲੀਫੋਰਨੀਆ ਵਿੱਚ ਰਜਿਸਟਰ ਹੋਏ ਸੈਕਸ ਸਬੰਧੀ ਦੋਸ਼ੀਆਂ ਬਾਰੇ ਜਾਣਕਾਰੀ ਜਸਟਿਸ ਡਿਪਾਰਟਮੈਨਟ ਦੀ ਇੰਟਰਨੈਟ ਵੈਬਸਾਈਟ ਹਤਤਪ:ੜੜ ਮੲਗਅਨਸਲਅਯਡਚਅਡਗੋਵੜ ਤੋਂ ਲਈ ਜਾ ਸਕਦੀ ਹੈ। ਏਸ ਵੈਬ ਸਾਈਟ ਤੋਂ ਆਪਣੇ ਆਪ ਅਤੇ ਅਪਣੇ ਪਰਵਾਰ ਨੂੰ ਬਚਾਉਣ ਬਾਰੇ, ਸੈਕਸ ਉਫੈਂਡਰਾਂ(ਸੈਕਸ ਸਬੰਧੀ ਦੋਸ਼ੀ) ਬਾਰੇ ਸਹੀ ਜਾਣਕਾਰੀ , ਆਮ ਤੌਰ ਤੇ ਪੁਛੇ ਜਾਣ ਵਾਲੇ ਸਵਾਲਾਂ ਦੇ ਜਵਾਬਾਂ ਬਾਰੇ, ਅਤੇ ਕੈਲੀਫੋਰਨੀਆ ਵਿੱਚ ਸੈਕਸ ਉਫੈਂਡਰ ਦੀ ਰਜਿਸਟਰੇਸ਼ਨ ਕਰਵਾਉਣ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹੋ। | ਪਨਿੱਲ ਕੋਡ(ਓਛ) ਸੈਕਸ਼ਨ 290 ਇਤ ਸ਼ਇਟਡ |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਮਾਇਗ੍ਰੇਂਟ ਐਜੂਕੇਸ਼ਨ ਪ੍ਰੋਗਰਾਮ- ਜਿਨ੍ਹਾਂ ਡਿਸਟ੍ਰਿਕਾਂ ਨੂੰ ਮਾਈਗ੍ਰੇਂਟ ਐਜੂਕੇਸ਼ਨ ਫੰਡ ਜਾਂ ਸੇਵਾਵਾਂ ਮਿਲ ਦੀਆਂ ਹਨ, ਉਹ ਲਾਜ਼ਮੀ ਤੌਰ ਤੇ ਮਾਪਿਆਂ ਦੀ ਸਲਾਹਕਾਰ ਕਉਂਸਲ ਦੀ ਸਥਾਪਤੀ ਕਰਕੇ ਉਸਦੇ ਰਾਹੀਂ ਅਪਣੇ ਪ੍ਰੋਗਰਾਮਾਂ ਨੂੰ ਚਲਾਉਣ ਉਨ੍ਹਾਂ ਦਾ ਮੁਲਾਂਕਣ ਕਰਨ ਅਤੇ ਬਣਾਉਣ ਵਿੱਚ ਮਾਪਿਆਂ ਦਾ ਯੋਗਦਾਨ ਪ੍ਰਾਪਤ ਕਰਨ। ਮਾਪਿਆਂ ਨੂੰ ਜਿਹੜਾ ਨੋਟਿਸ ਭੇਜਣਾ ਹੈ, ਉਨ੍ਹਾਂ ਨੂੰ ਸਮਝ ਆਉਣ ਵਾਲੀ ਬੋਲੀ ਵਿੱਚ ਹੋਣਾ ਚਾਹੀਦੀ ਹੈ, ਕਉਂਸਲ ਦੀ ਬਨਤਰ ਲਈ ਸਿਰਫ ਮਾਪਿਆਂ ਨੂੰ ਅਧਿਕਾਰ ਹੋਵੇਗ। | ਐਜੂਕੇਸ਼ਨ ਕੋਡ ਸੈਕਸ਼ਨ:54444.2<br>ਬੋਰਡ ਪੌਲਸੀ 6175, ਏ ਆਰ 6175 |
| ਸਕੂਲ ਦੇ ਘੱਟ ਤੋਂ ਘੱਟ ਦਿਨ- ਘੱਟ ਤੋਂ ਘੱਟ ਦਿਨਾਂ ਦੀ ਸਮਾਂ ਸੂਚੀ: ਘੱਟ ਤੋਂ ਘੱਟ ਦਿਨਾਂ ਦੀ ਸਮਾਂ ਸੂਚੀ ਅਤੇ ਜਿਨ੍ਹਾਂ ਦਿਨਾਂ ਦੌਰਾਨ ਵਿੱਦਿਆਰਥੀ ਸਕੂਲ ਨਹੀਂ ਜਾਣੇ ਅਤੇ ਸਟਾਫ ਦੀ ਟਰੇਨਿੰਗ ਹੋਣੀ ਹੈ, ਬਾਰੇ ਮਾਪਿਆਂ ਨੂੰ ਪਹਿਲਾਂ ਹੀ ਜਾਣਕਾਰੀ ਦਿੱਤੀ ਜਾਵੇ। ਪਰ ਜੇਕਰ ਕਿਸੀ ਕਾਰਣ ਕਰਕੇ ਬਾਅਦ ਵਿੱਚ ਸਮਾਂ ਸੂਚੀ ਵਿੱਚ ਤਬਦੀਲੀ ਹੋ ਜਾਵੇ ਤਾਂ ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਘੱਟ ਤੋਂ ਘੱਟ ਇੱਕ ਮਹੀਨਾ ਪਹਿਲੋਂ ਇਤਲਾਹ ਦਿੱਤੀ ਜਾਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ: 48980, 48980(ਸੀ)<br>ਬੋਰਡ ਪੌਲਸੀ 6111 |
| ਨੋ ਚਾਇਲਡ ਲੈਫਟ ਬਿਹਾਇੰਡ ਐਕਟ(ਕੋਈ ਭੀ ਬੱਚਾ ਪਿੱਛੇ ਨਾ ਰਹੇ)/ਮਾਪਿਆਂ ਨੂੰ ਸੂਚਨਾ ਦੇਣੀ – ਇਸਦੇ ਅਨੁਸਾਰ, ਸਕੂਲਾਂ ਦੇ ਜਿਹੜੇ ਬੱਚੇ, ਐਕਟ ਵਿੱਚ ਦਸੀਆਂ ਲੋੜਾਂ ਪੂਰੀਆ ਨਹੀਂ ਕਰਦੇ ਉਨ੍ਹਾਂ ਦੇ ਮਾਪਿਆਂ ਨੂੰ ਨੋਟਿਸ ਭੇਜਣ ਦੀ ਜ਼ੁਮੇਵਾਰੀ ਉਨ੍ਹਾਂ ਸਕੂਲ ਡਿਸਟ੍ਰਿਕਾਂ ਦੀ ਹੈ ਜਿਨ੍ਹਾਂ ਨੂੰ ਟਾਈਟੱਲ1 ਫੰਡ ਮਿਲਦਾ ਹੈ। **ਪ੍ਰੋਗਰਾਮ ਇਮਪਰੂਵਮੈਂਟ**– ਜਦੋਂ ਬੱਚੇ ਦੇ ਸਕੂਲ ਨੂੰ ਇੱਕ "ਪ੍ਰੋਗਰਾਮ ਇਮਪਰੂਵਮੈਂਟ" (ਭਾਵ ਹੈ ਕਿ ਸਕੂਲ ਦੇ ਵਿੱਦਿਆਰਥੀਆਂ ਦਾ ਸਿਖਿਅਕ ਪੱਧਰ ਬਹੁਤ ਘੱਟ ਸੀ) ਮਿਥਿਆ ਜਾਵੇ, ਤਾਂ ਉਸਦੇ ਮਾਪਿਆਂ/ਗਾਰਡੀਅਨ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਦੂਜਾ ਸਕੂਲ ਚੁਣਨ ਦੇ ਮੌਕਿਆਂ ਅਤੇ /ਜਾਂ ਥੋੜ ਪੂਰੀ ਕਰਨ ਵਾਲੀ ਮਦਦ ਦੀ ਉਪਲਬਧੀ ਬਾਰੇ ਭੀ ਜਾਣਕਾਰੀ ਦਿੱਤੀ ਜਾਵੇ; **ਟੀਚਰ ਦੀਆਂ ਪੜ੍ਹਾਈ ਦੀਆਂ ਕਵਾਲੀਫਿਕੇਸ਼ਨਾਂ** -ਮਾਪਿਆਂ/ਗਾਰਡੀਅਨ ਨੂੰ ਦਸੋ ਕਿ ਉਹ ਅਪਣੇ ਬੱਚੇ ਦੀ ਕਲਾਸਰੂਮ ਟੀਚਰ ਅਤੇ ਕਲਾਸ ਵਿੱਚ ਉਸ ਦੀ ਮਦਦ ਕਰਨ ਵਾਲੀਆਂ ਦੂਜੀਆਂ ਸ਼ਖਸੀਅਤਾਂ ਦੀਆਂ ਪ੍ਰੋਫੈਸ਼ਨੱਲ ਕਵਾਲੀਫਿਕੇਸ਼ਨਾਂ ਬਾਰੇ ਪੁਛ ਸਕਦੇ ਹਨ; **ਹੋਮਲੈਸ ਬੱਚੇ** (ਬੇਘਰ ਬੱਚੇ)- ਹਰੇਕ ਸਥਾਨਿਕ ਏਜੰਸੀ ਜਿਸਦਾ ਸੰਬੰਧ ਹੋਮਲੈਸ ਬੱਚਿਆਂ ਨਾਲ ਹੈ ਹੋਮਲੈਸ ਬੱਚਿਆਂ ਦੇ ਸਿਖਿਅਕ ਹੱਕਾਂ ਬਾਰੇ ਹੋਮਲੈਸ ਸਥਿਤੀਆਂ ਵਿੱਚ ਪਬਲਿਕ ਨੋਟਿਸ ਪ੍ਰਕਾਸ਼ਤ ਕਰਨ **ਮਿਲਟਰੀ ਰਿਕਰੂਟਰਜ਼ (ਭਰਤੀ ਕਰਨ ਵਾਲੇ) ਡੱਰੈਕਟ੍ਰੀ ਸਬੰਧੀ ਜਾਣਕਾਰੀ ਦੇਣੀ-** ਮਿਲਟਰੀ ਵਿੱਚ ਭਰਤੀ ਹੋਣ ਵਾਲੇ ਬੱਚਿਆਂ ਸਬੰਧੀ ਜਾਣਕਾਰੀ ਮਿਲਟਰੀ ਰਿਕਰੂਟਰਾਂ ਨੂੰ ਦੇਣ ਦੇ ਸੰਬੰਧ ਵਿੱਚ ਮਾਪਿਆਂ/ਗਾਰਡੀਅਨ ਨੂੰ ਇਤਲਾਹ ਦੇਣੀ ਲਾਜ਼ਮੀ ਹੈ। ਸੂਚਨਾ ਪੱਤਰਾਂ ਵਿੱਚ "ਔਪਟ ਅਉਟ" ਜਿਸ ਸ਼ਰਤ ਦਾ ਸੰਬੰਧ ਵਿੱਦਿਆਰਥੀ ਦੇ ਨਾਂ, ਪਤੇ, ਅਤੇ ਟੇਲੀਫੋਨ ਨੰਬਰ ਨਾਲ ਹੈ ਭੀ ਸ਼ਾਮਿਲ ਹੋਣੀ ਚਾਹੀਦੀ ਹੈ; **ਸਥਾਈ ਤੌਰ ਤੇ ਖਤਰਨਾਕ ਸਕੂਲ:** –ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਦੀਆਂ ਰੂਪਰੇਖਾਂ ਦੇ ਤਹਿਤ ਜਿਹੜੇ ਐਲੀਮੈਂਟਰੀ/ਸੈਕੰਡਰੀ ਸਕੂਲ ਨੂੰ ਸਥਾਈ ਤੌਰ ਤੇ ਖਤਰਨਾਕ ਸਕੂਲ ਦਾ ਦਰਜਾ ਮਿਲਿਆ ਹੈ ਉਨ੍ਹਾਂ ਸਕੂਲਾਂ ਬਾਰੇ ਅਤੇ ਚੋਣ ਕਰਨ ਵਾਲੇ ਦੂਜੇ ਸਕੂਲਾਂ ਦੀ ਉਪਲਬਧੀ ਬਾਰੇ ਮਾਪਿਆਂ/ਗਾਰਡੀਅਨ ਨੂੰ ਜਾਣਕਾਰੀ ਦੇਣੀ ਲਾਜ਼ਮੀ ਹੈ। | ਟਾਈਟੱਲ 1: ਰੀਔਥਰਾਈਜ਼ੇਸ਼ਨ ਔਫ ਐਲੀਮੈਂਟਰੀ ਸੈਕੰਡਰੀ ਐਜੂਕੇਸ਼ਨ ਐਕਟ, HRI, ਨੋ ਚਾਇਲਡ ਲੈਫਟ ਬਿਹਾਇੰਡ (ਕੋਈ ਭੀ ਬੱਚਾ ਪਿੱਛੇ ਨਾ ਰਹੇ) ਐਕਟ ਔਫ 2001<br><br>ਏ ਆਰ 5125.1 |
| ਸਕੂਲ ਜਿਸ ਵਿੱਚ ਲਗਾਤਾਰ ਖਤਰੇ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਸ਼ਖਸੀਅਤ ਜਿਸ ਨੂੰ ਲਗਾਤਾਰ ਹਿੰਸਕ ਅਪਰਾਧੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਤਬਦੀਲੀ ਦੀ ਔਪਸ਼ਨ- ਨੋ ਚਾਈਲਡ ਲੈਫਟ ਬਿਹਾਈਂਡ( ਕੋਈ ਭੀ ਬੱਚਾ ਪਿੱਛੇ ਨਾ ਰਹੇ ) ਦੀ ਲੋੜ ਅਨੁਸਾਰ ਡਿਸਟ੍ਰਿਕ ਜਿਸ ਵਿੱਚ ਇੱਕ ਸਕੂਲ ਲਗਾਤਾਰ ਖਤਰਨਾਕ ਨਿਸ਼ਚਿਤ ਕੀਤਾ ਗਿਆ ਹੈ ਦੇ ਬਾਰੇ ਉਸ ਸਕੂਲ ਵਿੱਚ ਪੜ੍ਹਨ ਵਾਲੇ ਸਾਰੇ ਬੱਚਿਆਂ ਦੇ ਮਾਪਿਆਂ ਨੂੰ ਸੂਚਿਤ ਕੀਤਾ ਜਾਵੇ ਅਤੇ ਇਸਦੇ ਨਾਲ-ਨਾਲ ਉਨ੍ਹਾਂ ਨੂੰ ਡਿਸਟ੍ਰਿਕ ਦੇ ਵਿੱਚ ਹੀ ਦੂਜੇ ਸੁਰੱਖਿਤ ਸਕੂਲ ਵਿੱਚ ਤਬਦੀਲੀ ਕਰਵਾਉਣ ਬਾਰੇ ਜਾਣਕਾਰੀ ਦਿਤੀ ਜਾਵੇ। ਸਕੂਲ ਦੇ ਸਟੇਟਸ ਅਤੇ ਦੂਜੇ ਸਕੂਲ ਵਿੱਚ ਤਬਦੀਲੀ ਕਰਵਾਉਣ ਦੀ ਔਫਰ ਬਾਰੇ ਨਾਲ-ਨਾਲ ਵੀ ਦੀਸਆ ਜਾ ਸਕਦਾ ਹੈ। ਸੂਚਨਾ ਸਮੇਂ ਸਿਰ ਦਿੱਤੀ ਜਾਣੀ ਚਾਹਦਿੀ ਹੈ, ਉਧਾਰਣ ਦੇ ਤੌਰ ਤੇ, ਜਿਸ ਦਿਨ ਡਿਸਟ੍ਰਿਕ ਨੂੰ ਸਕੂਲ ਦੇ ਲਗਾਰਤ ਖਤਰਨਾਕ ਹੋਣ ਬਾਰੇ ਪਤਾ ਚਲੇ ਉਸ ਤਰੀਖ ਤੋਂ ਦਸ ਸਕੂਲ ਦਿਨਾਂ ਦੇ ਅੰਦਰ। 5 ਸੀ ਸੀ ਆਰ ਸੈਕਸ਼ਨ 11992 ਦੇ ਤਹਿਤ, ਲਗਾਤਾਰ ਖਤਰਨਾਕ ਜਿਸਦਾ ਅਰਥ ਹੈ ਨੌਨ- ਪਿਉਪਲਜ਼(ਸਕੂਲੋਂ ਬਾਹਰ ਦੇ ਬੱਚੇ) ਸਕੂਲ ਵਲੋਂ ਅਯੋਜਿਤ ਕਾਰਵਾਈਆਂ ਦੌਰਾਨ ਸਕੂਲ ਦੀਆਂ ਗਰਉਂਡਾਂ ਤੇ ਫਾਇਰਆਰਮਜ ਲਿਆਉਣ ਅਤੇ ਇਸਦੇ ਨਾਲ-ਨਾਲ ਉਹ ਬੱਚੇ ਵੀ ਜੋ ਐਜੂਕੇਸ਼ਨ ਕੋਡ ਸੈਕਸ਼ਨਾਂ 48915(ਏ) ਅਤੇ (ਸੀ) ਅਤੇ ਸੈਕਸ਼ਨ 48900 ਦੀ ਉਲੰਘਣਾਂ ਕਾਰਣ ਤਿੰਨ ਸਾਲਾਂ ਲਈ ਕੱਢੇ ਹੋਏ ਹਨ। ਡਿਸਟ੍ਰਿਕ ਦੇ ਵਿੱਚ ਹੀ ਦੂਜੇ ਸੁਰੱਖਿਤ ਸਕੂਲ ਵਿੱਚ ਤਬਦੀਲੀ ਕਰਨ ਦੀ ਔਪਸ਼ਨ ਉਨ੍ਹਾਂ ਬੱਚਿਆਂ ਨੂੰ ਵੀ ਮਿਲਣੀ ਚਾਹੀਦੀ ਹੈ ਜੋ ਕਿ ਅਪਣੇ ਹੀ ਹਾਜ਼ਰੀ ਭਰਣ ਵਾਲੇ ਸਕੂਲ ਵਿੱਚ ਹਿੰਸਾ ਦੇ ਸ਼ਿਕਾਰ ਬਣ ਗਏ ਹਨ। ਤਬਦੀਲੀ ਦੀ ਔਫਰ 14 ਕਲੰਡਰ ਦਿਨਾਂ ਦੇ ਵਿੱਚ-ਵਿੱਚ ਹੋਣੀ ਚਾਹੀਦੀ ਹੈ। | 20 ਯੂ ਐਸ ਸੀ ਸੈਕਸ਼ਨ 7912 |
| ਕੀੜੇਮਾਰ ਦਵਾਈਆਂ ਬਾਰੇ ਸੂਚਨਾਪੱਤਰ; ਉਨ੍ਹਾਂ ਵਿੱਚ ਜੋ ਦਵਾਈਆਂ ਸ਼ਾਮਿਲ ਹਨ ਉਨ੍ਹਾਂ ਦੇ ਨਾਂ; ਜਾਣਕਾਰੀ ਪ੍ਰਾਪਤ ਕਰਨ ਲਈ ਇੰਟਰਨੈਟ ਦਾ ਪਤਾ - ਹਰਕੇ ਸਾਲ ਸਟਾਫ ਅਤੇ ਸਾਰੇ ਮਾਪਿਆਂ ਨੂੰ ਸੂਚਨਾਪੱਤਰ ਰਾਹੀਂ ਸਕੂਲ ਸਾਲ ਦੌਰਾਨ ਜਿਹੜੀਆਂ ਭੀ ਕੀੜੇਮਾਰ ਦਵਾਈਆਂ ਪ੍ਰਯੋਗ ਕੀਤੀਆਂ ਜਾਣੀਆਂ ਹਨ ਉਨ੍ਹਾਂ ਬਾਰੇ ਸਾਰੀ ਜਾਣਕਾਰੀ ਅਤੇ ਇੰਟਰਨੈਟ ਦਾ ਪਤਾ ਦਿਉ। ਹਰੇਕ ਕੀੜੇਮਾਰ ਦਵਾਈ, ਜਿਨਾਂ ਕੈਮੀਕਲਾਂ ਨਾਲ ਬਣਾਈ ਗਈ ਹੈ ਉਨ੍ਹਾਂ ਕੈਮੀਕਲਾਂ ਦੇ ਨਾਂ, ਫੂਡ ਅਤੇ ਐਗਰੀਕੱਲਚਰ ਕੋਡ ਦੇ ਸੈਕਸ਼ਨ 13184 ਦੇ ਦਸੇ ਅਨੁਸਾਰ ਇਸਤੇਮਾਲ ਕੀਤੀ ਜਾਣ ਵਾਲੀ ਕੀੜੇਮਾਰ ਦਵਾਈ ਦੀ ਮਾਤਰਾ ਅਤੇ ਘਾਟ, ਅਤੇ ਕੀੜੇਮਾਰ ਦਵਾਈ ਦੀ ਵਰਤੋਂ ਸਬੰਧੀ ਸੂਚਨਾਪੱਤਰ ਦੀ ਪ੍ਰਾਪਤੀ ਲਈ ਮਾਪਿਆਂ ਨੂੰ ਡਿਸਟ੍ਰਿਕ ਨਾਲ ਰਜਿਸਟਰ ਹੋਣ ਸਬੰਧੀ ਐਪਲੀਕੇਸ਼ਨ ਦਰਜ ਕਰਵਾਉਣ ਦੇ ਮੌਕੇ ਬਾਰੇ ਜਾਣਕਾਰੀ ਸੂਚਨਾਪੱਤਰ ਵਿੱਚ ਦਿਉ। ਇਸ ਦੇ ਨਾਲ-ਨਾਲ ਲੋੜ ਅਨੁਸਾਰ ਸਲਾਨਾ ਸੂਚਨਾਪੱਤਰ ਤੋਂ ਇਲਾਵਾ ਇੱਕ ਵਾਰੀ ਫੇਰ ਕੀੜੇਮਾਰ ਦਵਾਈਆਂ ਦੀ ਵਰਤੋਂ ਦੇ ਪਹਿਲੋਂ ਅਤੇ ਪਿੱਛੋਂ ਉਸ ਤੋਂ ਖਤਰੇ ਬਾਰੇ ਸਾਈਨ ਲਗਾਉ ਅਤੇ ਸੂਚਨਾਪੱਤਰ ਭੇਜੋ। | ਐਜੂਕੇਸ਼ਨ ਕੋਡ ਸੈਕਸ਼ਨ:17612<br>ਏ ਆਰ 3514 .2 |
| ਸ਼ਰੀਰਕ ਜਾਂਚ- ਸ਼ਰੀਰਕ ਜਾਂਚ ਕਰਵਾਉਣ ਤੋਂ ਮਨਾਹੀ- ਇਹ ਮਾਪਿਆਂ ਨੂੰ ਹੱਕ ਦਿੰਦਾ ਹੈ ਕਿ ਉਹ ਸ਼ਰੀਰਕ ਜਾਂਚ ਲਈ ਮਨਾਹੀ ਕਰਨ ਵਾਸਤੇ ਲਿਖਕੇ ਬੇਨਤੀ ਕਰ ਸਕਦੇ ਹਨ। ਇਸ ਤੋਂ ਇਲਾਵਾ ਇਹ ਡਿਸਟ੍ਰਿਕ ਨੂੰ ਵੀ ਇਜਾਜ਼ਤ ਦਿੰਦਾ ਹੈ ਕਿ ਜੇਕਰ ਉਨ੍ਹਾਂ ਨੂੰ ਯਕੀਨ ਹੋਵੇ ਕਿ ਵਿੱਦਿਆਰਥੀ ਨੂੰ ਛੂਤ ਦੀ ਬਿਮਾਰੀ ਹੈ ਤਾਂ ਉਹ ਸ਼ਰੀਰਕ ਜਾਂਚ ਲਈ ਮਨਾਹੀ ਕਰ ਸਕਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ:49451<br>ਬੋਰਡ ਪੌਲਸੀ 5141.3, ਏ ਆਰ 5141.3 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਫਿਜ਼ੀਕਲ ਪਰਫੱਰਮੈਂਸ ਟੈਸਟ - ਸਕੂਲ ਦੀ ਅਕਾਉਂਟਿਬਿਲਟੀ ਦੇ ਸਲਾਨਾ ਰਿਪੋਰਟ ਕਾਰਡ ਵਿੱਚ ਸਕੂਲ ਡਿਸਟ੍ਰਿਕ ਦੇ ਗਵਰਨਿੰਗ ਬੋਰਡ ਵਾਲੇ ਲਾਜ਼ਮੀ ਤੌਰ ਤੇ 5ਵੀਂ, 7ਵੀਂ ਅਤੇ ਨੌਵੀਂ ਗ੍ਰੇਡ ਦੇ ਵਿੱਦਿਆਰਥੀਆਂ ਦੇ ਫਿਜ਼ੀਕਲ ਫਿਟਨੈਸ ਟੈਸਟਾਂ ਦੇ ਨਤੀਜਿਆਂ ਦੇ ਨੰਬਰਾਂ ਦਾ ਜੋੜ ਘਰ ਭੇਜਣਗੇ। | ਐਜੂਕੇਸ਼ਨ ਕੋਡ ਸੈਕਸ਼ਨ:60800<br>5 ਸੀ ਸੀ ਆਰ ਸੈਕਸ਼ਨ 863 |
| ਪਰਾਇਮਰੀ ਚਾਇਲਡ ਅਬਯੂਜ਼ ਪਰਿਵੈਨਸ਼ਨ ਪ੍ਰੋਗਰਾਮ (ਬੱਚਿਆਂ ਨਾਲ ਕੀਤੀ ਜਾਂਦੀ ਅਸ਼ਲੀਲਤਾ ਨੂੰ ਰੋਕਣ ਦਾ ਮੁੱਢਲਾ ਪ੍ਰੋਗਰਾਮ)- ਇਸਦੇ ਅਨੁਸਾਰ ਮਾਪਿਆਂ ਨੂੰ ਲਾਜ਼ਮੀਤਰ ਤੇ ਚਾਇਲਡ ਅਬਯੂਜ਼ ਪਰਿਵੈਨਸ਼ਨ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ ਅਤੇ ਮਾਪਿਆਂ ਨੂੰ ਹੱਕ ਹੈ ਕਿ ਉਹ ਅਪਣੇ ਬੱਚਿਆਂ ਲਈ ਇਸ ਪ੍ਰੋਗਰਾਮ ਵਿੱਚ ਹਿਸੱਾ ਲੈਣ ਤੋਂ ਇਨਕਾਰ ਕਰ ਦੇਣ। | ਵੈਲਫੇਅਰ ਅਤੇ<br>ਇਨਸਟੀਚਯੂਸ਼ਨਜ਼ ਕੋਡ (ਜੀਡ)<br>ਸੈਕਸ਼ਨ18976.5, 51550 |
| ਟੀਚਰਾਂ ਦੀਆਂ ਕਵਾਲੀਫਿਕੇਸ਼ਨਾਂ; ਮਾਪਿਆਂ ਨੂੰ ਜਾਣਨ ਦਾ ਹੱਕ - ਜਿਨ੍ਹਾਂ ਸਕੂਲਾਂ ਨੂੰ ਟਾਇਟਲ1 ਦੇ ਪੈਸੇ ਮਿਲਦੇ ਹਨ ਉਨ੍ਹਾਂ ਡਿਸਟ੍ਰਿਕਾਂ ਲਈ ਲਾਜ਼ਮੀ ਹੈ ਕਿ ਉਹ ਸਕੂਲ ਸਾਲ ਦੇ ਸ਼ੁਰੂ ਵਿੱਚ ਉਨ੍ਹਾਂ ਸਕੂਲਾਂ ਦੇ ਬੱਚਿਆਂ ਦੇ ਹਰੇਕ ਮਾਪੇ ਨੂੰ ਸੂਚਨਾਪੱਤਰ ਭੇਜਣ ਜਿਸ ਵਿੱਚ ਦਸਣ ਕਿ ਮਾਪੇ ਅਪਣੇ ਬੱਚੇ ਦੀ ਕਲਾਸ ਰੂਮ ਟੀਚਰਾਂ ਦੀਆਂ ਕਵਾਲੀਫਿਕੇਸ਼ਨਾਂ ਬਾਰੇ ਪੁਛ ਸਕਦੇ ਹਨ। ਇਸ ਤੋਂ ਇਲਾਵਾ ਜਦ ਬੱਚਾ ਚਾਰ ਜਾਂ ਚਾਰ ਤੋਂ ਵੱਧ ਹਫਤਿਆਂ ਲਈ ਲਗਾਤਾਰ ਇੱਕ ਕਲਾਸ ਵਿੱਚ ਜਾਂਦਾ ਰਿਹਾ ਹੈ ਜਾਂ ਉਸਨੂੰ ਇੱਕ ਟੀਚਰ ਕੋਲੋਂ ਇੱਕ ਕੋਰ(ਕੇਂਦਰੀ ਵਿਸ਼ਾ)ਵਿਸ਼ੇ ਵਿੱਚ ਸ਼ਿਕਸ਼ਾ ਮਿਲਦੀ ਰਹੀ ਹੈ ਅਤੇ ਉਸ ਟੀਚਰ ਕੋਲ ਨੋ ਚਾਈਲਡ ਲੈਫਟ ਬਿਹਾਇੰਡ ਵਲੋਂ ਪੜ੍ਹਾਉਨ ਲਈ ਮਿਥੀ ਕਵਾਲੀਫਿਕੇਸ਼ਨ ਨਹੀਂ ਹੈ ਤਾਂ ਸਮੇਂ ਤੇ ਮਾਪਿਆਂ ਨੂੰ ਇਸਦੀ ਸੂਚਨਾ ਸੂਚਨਾਪੱਤਰ ਰਾਹੀਂ ਭੇਜੀ ਜਾਣੀ ਚਾਹੀਦੀ ਹੈ। ਸੂਚਨਾਪੱਤਰ ਇਸ ਤਰੀਕੇ ਨਾਲ ਭੇਜਿਆ ਜਾਵੇ ਕਿ ਮਾਪਿਆਂ ਨੂੰ ਸਮਝ ਆਵੇ, ਕੋਸ਼ਿਸ਼ਿ ਤਾਂ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਹੀ ਭੇਜਿਆ ਜਾਵੇਜਾਂ ਜਿਸ ਤਰੀਕੇ ਰਾਹੀਂ ਉਹ ਸਮਝ ਸਕਦੇ ਹਨ। | 20 ਯੂ ਐਸ ਸੀ ਸੈਕਸ਼ਨ 6311,<br>34 ਸੀ ਐਫ ਆਰ ਸੈਕਸ਼ਨ<br>200.61<br>ਬੋਰਡ ਪੌਲਸੀ 4112.4,<br>ਏ ਆਰ 4112.4<br>ਏ ਅਅਰ 4222 |
| ਗ੍ਰੇਡਾਂ ਨੂੰ ਪਾਰਸਪਰਕ (ਰੈਸੀਪਰੋਕੱਲ) ਰੋਕਣਾ(ਵਿਧਹੋਲਡ), ਆਦਿ- ਜਿਹੜਾ ਵਿੱਦਆਰਥੀ ਐਜੂਕੇਸ਼ਨ ਕੋਡ 48904 ਦੇ ਅਨੁਸਾਰ ਨਵੇਂ ਡਿਸਟ੍ਰਿਕ ਵਿੱਚ ਤਬਦੀਲ ਹੋਕੇ ਆਇਆ ਹੈ, ਨਵੇਂ ਡਿਸਟ੍ਰਿਕ ਨੂੰ ਚਾਹੀਦਾ ਹੈ ਕਿ ਉਸਦੇ ਪੁਰਾਣੇ ਡਿਸਟ੍ਰਿਕ ਤੋਂ ਨੋਟਿਸ ਆਉਣ ਤੇ ਵਿੱਦਿਆਰਥੀ ਦੇ ਗ੍ਰੇਡ, ਡਿਪਲੋਮੇ, ਪ੍ਰਤਿਲੇਖਣ(ਟ੍ਰਾਂਸਕ੍ਰਿਪਟ), ਤੇ ਰੋਕ ਲਗਾ ਦੇਣ। ਨਵੇਂ ਡਿਸਟ੍ਰਿਕ ਨੂੰ ਚਾਹੀਦਾ ਹੈ ਕਿ ਉਹ ਮਾਪਿਆਂ ਨੂੰ ਇਸ ਰੋਕ ਲਗਾਉਣ ਦੇ ਫੈਸਲੇ ਬਾਰੇ ਲਿਖਤੀ ਇਤਲਾਹ ਦੇਣ ਅਤੇ ਰੋਕ ਲਗਾਉਣ ਦੇ ਕਾਰਣ ਦਸਣ। | ਐਜੂਕੇਸ਼ਨ ਕੋਡ:48904.3<br>ਏ ਆਰ 5125.2 |
| ਕੱਢੇ ਜਾਣ ਅਤੇ ਮੁਅੱਤਲੀ ਦੇ ਰਿਕੌਰਡ- ਮਾਪਿਆਂ ਨੂੰ ਰਿਕੌਰਡਾਂ ਬਾਰੇ ਸੂਚਨਾਪੱਤਰ ਭੇਜਣ ਦੇ ਮਕਸਦ, ਅਤੇ ਕੈਲਿਫੋਰਨੀਆ ਡਿਪਾਰਟਮੈਂਟ ਆਫ ਐਜੂਕੇਸ਼ਨ ਨੂੰ ਰਿਪੋਰਟ ਦੇਣ ਦੀ ਲੋੜ ਬਾਰੇ ਵਿਸ਼ੇਸ਼ ਤੌਰ ਤੇ ਦੀਸਆ ਗਿਆ ਹੈ। ਵਿੱਦਿਆਰਥੀ ਦੇ ਕੱਢੇ ਜਾਣ ਜਾਂ ਮੁੱਅਤਲੀ ਨਾਲ ਸਬੰਧਿਤ ਢੁੱਕਵੇਂ ਰਿਕੌਰਡਾਂ ਚੋਂ ਐਜੂਕੇਸ਼ਨ ਕੋਡ 48900(ਏ-ਓ) ਵਿੱਚ ਲਿਖੇ ਸਾਰੇ ਦੋਸ਼ਾਂ ਬਾਰੇ ਚੰਗੀ ਤਰ੍ਹਾਂ ਸ਼ਨਾਖਤ ਕੀਤੀ ਜਾਵੇਗੀ। | ਐਜੂਕੇਸ਼ਨ ਕੋਡ:48900.8 |
| ਕੋਰਟ ਔਡੱਰ ਦੇ ਅਨੁਸਾਰ ਜਾਣਕਾਰੀ ਜਾਰੀ ਕਰਨੀ- ਵਿੱਦਿਆਰਥੀ ਨਾਲ ਸਬੰਧਿਤ ਜਾਣਕਾਰੀ ਕੋਰਟ ਔਡੱਰ ਦੇ ਅਨੁਸਾਰ ਜਾਰੀ ਕੀਤੀ ਜਾਣੀ ਚਾਹੀਦੀ ਹੈ। ਇਸਦੇ ਬਾਰੇ ਵਿੱਦਿਆਰਥੀ ਅਤੇ ਉਸਦੇ ਮਾਪਿਆਂ ਨੂੰ ਪਹਿਲਾਂ ਸੂਚਿਤ ਕਰਨ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:49077<br>ਏ ਆਰ 5125 |
| ਵਿੱਦਿਆਰਥੀ ਦੀ ਵਿਅਕਤਕ ਜਾਣਕਾਰੀ ਜਾਰੀ ਕਰਨੀ- ਸਕੂਲ ਵਾਲੇ ਜਿਨ੍ਹਾਂ ਏਜੰਸੀਆਂ ਜਾਂ ਸ਼ਖਸਾਂ ਨੂੰ ਜਾਣਕਾਰੀ ਦੇਣ ਬਾਰੇ ਸੋਚ ਰਹੇ ਹੋਣ ਉਨ੍ਹਾਂ ਏਜੰਸੀਆਂ ਅਤੇ ਸ਼ਖਸੀਅਤਾਂ ਦੇ ਬਾਰੇ ਜਾਣਕਾਰੀ ਅਤੇ ਜਿਨ੍ਹਾਂ ਕੈਟਗਰੀਆਂ ਬਾਰੇ ਦੇਣੀ ਹੈ ਦੇ ਅਧਾਰ ਤੇ ਮਾਪਿਆਂ ਨੂੰਲਾਜ਼ਮੀ ਤੌਰ ਤੇ ਸਲਾਨਾ ਨੋਟਿਸ ਭੇਜਣ। ਜਾਣਕਾਰੀ ਦੇਣ ਤੋਂ ਮਨਾਹੀ ਕਰਨ ਲਈ ਮਾਪੇ ਡਿਸਟ੍ਰਿਕ ਨੂੰ ਲਿਖਕੇ ਕਹਿ ਸਕਦੇ ਹਨ। ਨੋਟ: ਨੋ ਚਾਈਲਡ ਲੈਫਟ ਬਿਹਾਈਂਡ ਦੇ ਤਹਿਤ, ਹਰੇਕ ਡਿਸਟ੍ਰਿਕ ਜਿਸ ਨੂੰ ਨੋ ਚਾਈਲਡ ਲੈਫਟ ਬਿਹਾਈਂਡ ਵਲੋਂ ਪੈਸੇ ਮਿਲਦੇ ਹਨ ਲਈ ਲਾਜ਼ਮੀ ਹੈ ਕਿ ਜਿਸ ਤਰ੍ਹਾਂ ਉਹ ਸੈਕੰਡਰੀ ਸਕੂਲਾਂ ਤੋਂ ਬਾਅਦ ਸਿਖਿਅਕ ਜਾਂ ਕੰਮ ਦੇਣ ਵਾਲੀਆਂ ਇਨਸਟਚਿਯੁਸ਼ਨਾਂ ਜਾਂ ਕੰਮ ਦੇਣ ਵਾਲਿਆਂ ਨੂੰ ਜਾਣਕਾਰੀ ਉਪਲਬਧ ਕਰਵਾਉਂਦੇ ਹਨ ਉਸੇ ਤਰ੍ਹਾਂ ਮਿਲਟਰੀ ਵਿੱਚ ਭਰਤੀ ਕਰਨ ਵਾਲਿਆਂ ਨੂੰ ਭੀ ਸੈਕੰਡਰੀ ਸਕੂਲਾਂ ਤੋਂ ਵਿੱਦਿਆਰਥੀ ਬਾਰੇ ਜਾਣਕਾਰੀ ਉਪਲਬਧ ਕਰਵਾਉਣ। ਇੱਕ ਵਿੱਦਿਆਰਥੀ ਦੇ ਮਾਪੇ ਬੇਨਤੀ ਕਰ ਸਕਦੇ ਹਨ ਕਿ ਬੱਚੇ ਦਾ ਨਾਂ , ਪਤਾ, ਟੈਲੀਫੋਨ ਨੰਬਰ ਉਨ੍ਹਾਂ ਦੀ ਇਜਾਜ਼ਤ ਤੋਂ ਬਗੈਰ ਕਿਸੇ ਨੂੰ ਨਾ ਦਿੱਤਾ ਜਾਵੇ, ਡਿਸਟ੍ਰਿਕ ਜਾਣਕਾਰੀ ਦੇਣ ਤੋਂ ਪਹਿਲਾਂ ਬੱਚੇ ਦੇ ਮਾਪਿਆਂ ਦੀ ਬੇਨਤੀ ਅਨੁਸਾਰ ਉਨ੍ਹਾਂ ਤੋਂ ਇਜਾਜ਼ਤ ਲੈਣਗੇ। | ਐਜੂਕੇਸ਼ਨ ਕੋਡ:49073<br>20 ਯੂ ਐਸ ਸੀ ਸੈਕਸ਼ਨ 7908<br>ਬੋਰਡ ਪੌਲਸੀ 5125.1 ਏ ਆਰ<br>5125.1 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਵਿੱਦਿਆਰਥੀ ਨੂੰ ਪੀਸ ਅਫਸਰ ਦੇ ਸਪੁਰਦ ਕਰਨਾ- ਜਦੋਂ ਸਕੂਲ ਦਾ ਪ੍ਰਿੰਸੀਪੱਲ ਜਾਂ ਸਕੂਲ ਦੇ ਦੂਜੇ ਕਰਮਚਾਰੀ ਨਬਾਲਗ ਬੱਚੇ ਨੂੰ ਸਕੂਲ ਤੋਂ ਲਿਜਾਉਣ ਵਾਸਤੇ ਪੀਸ ਅਫਸਰ ਦੇ ਸਪੁਰਦ ਕਰਦੇ ਹਨ ਤਾਂ ਸਕੂਲ ਅਫਸਰ ਤੁਰੰਤ ਹੀ ਉਸਦੇ ਮਾਪੇ, ਗਾਰਡੀਅਨ, ਜਾਂ ਉਸ ਵਾਸਤੇ ਜ਼ੁਮੇਵਾਰ ਰਿਸ਼ਤੇਦਾਰ ਨੂੰ ਜਾਣਕਾਰੀ ਦਿੰਦੇ ਹਨ ਕਿ ਸਕੂਲ ਵਾਲਿਆਂ ਨੇ ਉਨ੍ਹਾਂ ਦੇ ਨਾਬਾਲਗ ਬੱਚੇ ਨੂੰ ਪੀਸ ਅਫਸਰ ਦੇ ਨਾਲ ਜਾਣ ਲਈ ਉਸਦੇ ਸਪੁਰਦ ਕਰ ਦਿੱਤਾ ਹੈ ਅਤੇ ਜਿਸ ਜਗ੍ਹਾ ਉਸਨੂੰ ਲਿਜਾਇਆ ਜਾ ਰਿਹਾ ਹੈ, ਸਕੂਲ ਵਾਲੇ ਉਸ ਜਗ੍ਹਾ ਦੇ ਪਤੇ ਬਾਰੇ ਭੀ ਜਾਣਕਾਰੀ ਦੇਣਗੇ, ਸਿਵਾਏ ਇਸ ਦੇ ਕਿ ਜਦੋਂ ਸ਼ਕ ਹੋਵੇ ਕਿ ਨਾਬਾਲਗ ਬੱਚਾ ਦੁਰਵਿਵਹਾਰ ਦਾ ਸ਼ਿਕਾਰ ਹੈ (ਚਾਈਲਡ ਅਬਯੂਜ਼) ਜੋ ਕਿ ਪੀਨਲ ਕੋਡ ਦੇ ਸੈਕਸ਼ਨ 11165 ਜਾਂ ਵੈਲਫੇਅਰ ਅਤੇ ਇਨਸਟਿਚਯੂਸ਼ਨਜ਼ ਕੋਡ ਦੇ ਸੈਕਸ਼ਨ 305 ਅਨੁਸਾਰ ਹੈ। ਇਨ੍ਹਾਂ ਕੇਸਾਂ ਵਿੱਚ, ਸਕੂਲ ਵਾਲੇ ਪੀਸ ਅਫਸਰ ਨੂੰ ਨਾਬਾਲਗ ਬੱਚੇ ਦੇ ਮਪਿਆਂ ਜਾਂ ਗਾਰਡੀਅਨ ਦੇ ਘਰ ਦਾ ਪਤਾ, ਅਤੇ ਟੈਲੀਫੋਨ ਨੰਬਰ ਦੇਣ। ਪੀਸ ਅਫਸਰ, ਹਿਰਾਸਤ ਵਿੱਚ ਲਏ ਗਏ ਨਾਬਾਲਗ ਬੱਚੇ ਦੇ ਮਾਪੇ, ਗਾਰਡੀਅਨ, ਜਾਂ ਉਸ ਵਾਸਤੇ ਜ਼ੁਮੇਵਾਰ ਰਿਸ਼ਤੇਦਾਰ ਨੂੰ ਤੁਰੰਤ ਹੀ ਜਾਣਕਾਰੀ ਦੇਣ ਕਿ ਉਨ੍ਹਾਂ ਦਾ ਨਾਬਾਲਗ ਬੱਚਾ ਹਿਰਾਸਤ ਵਿੱਚ ਹੈ ਅਤੇ ਜਿਸ ਜਗ੍ਹਾ ਨਾਬਾਲਗ ਬੱਚੇ ਨੂੰ ਰੱਖਿਆ ਜਾ ਰਿਹਾ ਹੈ ਉਸ ਜਗ੍ਹਾ ਦਾ ਪਤਾ ਦੇਣ। ਜੇਕਰ ਅਫਸਰ ਨੂੰ ਲਗੇ ਕਿ ਨਾਬਾਲਗ ਦੀ ਜਗ੍ਹਾ ਦਾ ਪਤਾ ਦਸਣ ਨਾਲ ਨਾਬਾਲਗ ਨੂੰ ਖਤਰਾ ਹੋ ਸਕਦਾ ਹੈ ਜਾਂ ਨਾਬਾਲਗ ਬੱਚੇ ਦੀ ਕਸਟਡੀ ਸਬੰਧੀ ਵਿਘਨ ਪੈ ਸਕਦਾ ਹੈ ਤਾਂ ਨਾਬਾਲਗ ਬੱਚੇ ਨੂੰ ਰੱਖਣ ਵਾਲੀ ਜਗ੍ਹਾ ਦਾ ਪਤਾ ਦਸਣ ਤੋਂ ਅਫਸਰ ਇਨਕਾਰ ਕਰ ਸਕਦੇ ਹਨ ਪਰ 24 ਘੰਟੇ ਦੇ ਸਮੇਂ ਤੋਂ ਵੱਧ ਨਹੀਂ। ਪਰ, ਅਫਸਰ ਨਾਬਾਲਗ ਬੱਚੇ ਦੇ ਮਾਪੇ, ਗਾਰਡੀਅਨ, ਜਾਂ ਉਸ ਵਾਸਤੇ ਜ਼ੁਮੇਵਾਰ ਰਿਸ਼ਤੇਦਾਰ ਨੂੰ ਉਸਦੇ ਬਾਰੇ ਪੂਰੀ ਜਾਣਕਾਰੀ ਦੇਣ ਕਿ ਕੀ ਉਨ੍ਹਾਂ ਦੇ ਬੱਚੇ ਨੂੰ ਮੈਡੀਕਲ ਮਦਦ ਦੀ ਲੋੜ ਹੈ ਜਾਂ ਉਸਦਾ ਮੈਡੀਕਲ ਜਾਂ ਦੂਜਾ ਇਲਾਜ ਹੋ ਰਿਹਾ ਹੈ। ਜੁਵੇਨਾਈਲ ਕੋਰਟ ਬਾਅਦ ਵਿੱਚ ਡਿਟੈਨਸ਼ਨ ਸੁਣਵਾਈ ਦੌਰਾਨ ਫੈਸਲਾ ਕਰਨਗੇ ਕਿ ਕੀ ਨਾਬਾਲਗ ਦੀ ਰਿਹਾਇਸ਼ੀ ਜਗ੍ਹਾ ਦਾ ਪਤਾ ਦੇਣਾ ਹੈ ਜਾਂ ਨਹੀਂ। | ਐਜੂਕੇਸ਼ਨ ਕੋਡ:48906<br>ਬੋਰਡ ਪੌਲਸੀ 5145.11, ਏ ਆਰ 5145.11 |
| ਵਿੱਦਿਆਰਥੀ ਦੇ ਰਿਕੌਰਡ ਬਾਰੇ ਜਾਣਕਾਰੀ ਦੇਣੀ- ਜਿਸ ਜੱਜ ਜਾਂ ਪਰੋਬੇਸ਼ਨ ਅਫਸਰ ਨੇ ਗੈਰਹਾਜ਼ਰੀ ਸਬੰਧੀ ਪਟੀਸ਼ਨ ਜਾਂ ਮੀਡੀਏਸ਼ਨ ਬਾਰੇ ਫੈਸਲਾ ਕਰਨਾ ਹੈ ਉਸਨੂੰ ਵਿੱਦਿਆਰਥੀ ਬਾਰੇ ਜਾਣਕਾਰੀ ਜਾਂ ਸਬੂਤ 24 ਘੰਟੇ ਦੇ ਵਿੱਚ -ਵਿੱਚ ਪੇਸ਼ ਕੀਤੀ ਜਾਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:49076<br>ਏ ਆਰ 5125 |
| ਗੁਆਚੇ ਬੱਚਿਆਂ ਬਾਰੇ ਰਿਪੋਰਟ ਕਰਨਾ- ਵਿਧਾਨ ਸਭਾ ਦਾ ਉਦੇਸ਼ ਹੈ ਕਿ ਨਿਸ਼ਚਿਤ ਵਿਅਕਤੀਆਂ, ਜਿਸ ਵਿੱਚ ਸਕੂਲ ਟੀਚਰ, ਕਾਰਜਕਰਤਾ, ਟੀਚਰਾਂ ਦੀ ਮੱਦਦ ਕਰਨ ਵਾਲੀਆਂ ਏਡਜ਼, ਖੇਡ ਮੈਦਾਨ ਦੇ ਕਰਮਚਾਰੀ ਅਤੇ ਬੱਸ ਡਰਾਇਵਰ ਭੀ ਸ਼ਾਮਿਲ ਹਨ, ਨੂੰ ਚਾਹੀਦਾ ਹੈ ਕਿ ਉਹ ਸਮੇਂ ਅਨੁਸਾਰ ਲਾਅ ਇਨਫੋਰਸਮੈਂਟ ਵਾਲਿਆਂ ਨੂੰ ਗੁਆਚੇ ਬੱਚੇ ਬਾਰੇ ਇਤਲਾਹ ਦੇਣ। | ਐਜੂਕੇਸ਼ਨ ਕੋਡ ਸੈਕਸ਼ਨ: 49370 |
| ਟੀਚਰ ਨੂੰ ਉਸ ਵਿੱਦਿਆਰਥੀ ਬਾਰੇ ਜਾਣਕਾਰੀ ਦੇਣੀ ਜਿਹਨੂੰ ਉਹਦੀਆਂ ਹਰਕਤਾਂ ਕਾਰਣ ਮੁਅਤੱਲ ਜਾਂ ਸਕੂਲੋਂ ਕੱਢਿਆ ਜਾ ਸਕਦਾ ਹੈ -ਉਸਦੇ ਟੀਚਰ ਨੂੰ ਇਸ ਦੇ ਬਾਰੇ ਰਿਪੋਰਟ ਕਰਨਾ- ਜਿਹੜੇ ਵਿੱਦਿਆਰਥੀ ਐਜੂਕੇਸ਼ਨ ਕੋਡ 48900 ਦੀ [48900(ਏਚ)ਤਮਾਖੂ ਦੇ ਸਿਵਾਏ] ਜਾਂ 48900 . 2 , 48900 .3 , 48900 .4 ਜਾਂ 48900.7 ਦੀ ਉਲੰਘਣਾ ਕਰਨ ਤਾਂ ਉਸਦੇ ਕਲਾਸ ਰੂਮ ਟੀਚਰ ਨੂੰ ਲਾਜ਼ਮੀ ਤੌਰ ਤੇ ਇਸਦੇ ਬਾਰੇ ਰਿਪੋਰਟ ਕਰੋ। ਡਿਸਟ੍ਰਿਕ ਨੂੰ ਜਿਹੜੀ ਜਾਣਕਾਰੀ ਲਾਅ ਇਨਫੋਰਸਮੈਂਟ ਕੋਲੋਂ ਮਿਲੀ ਹੈ ਜਾਂ ਜਿਹੜੇ ਰਿਕੌਰਡ ਉਹ ਖੁਦ ਬਰਕਰਾਰ ਰੱਖਦੇ ਹਨ, ਉਸਦੀ ਸਾਰੀ ਜਾਣਕਾਰੀ ਟੀਚਰ ਨੂੰ ਦੇਣੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:49079 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਜਾਣਕਾਰੀ ਪ੍ਰਾਪਤ ਕਰਨ ਸਬੰਧੀ ਮਾਪਿਆਂ ਅਤੇ ਗਾਰਡੀਅਨਾਂ ਦੇ ਹੱਕ, ਮਾਪਿਆਂ ਅਤੇ ਸਿਖਿਆ ਦੇਣ ਵਾਲਿਆਂ ਵਿੱਚਕਾਰ ਆਪਸੀ ਮਦਦ ਕਰਨ ਦੀ ਸਾਂਝੀਵਾਲਤਾ-ਇਹ ਕੋਡ ਮਾਪਿਆਂ ਅਤੇ ਗਾਰਡੀਅਨਾਂ ਨੂੰ ਅਗੇ ਲਿਖੇ ਤਰੀਕਿਆਂ ਅਨੁਸਾਰ ਸਕੂਲ ਵਲੋਂ ਜਾਣਕਾਰੀ ਪ੍ਰਾਪਤ ਕਰਨ, ਅਪਣੇ ਬੱਚੇ ਦੀ ਸ਼ਿਕਸ਼ਾ ਵਿੱਚ ਅਪਣਾ ਯੋਗਦਾਨ ਪਾਉਣ ਦਾ ਹੱਕ ਦਿੰਦਾ ਹੈ। ਉਹ ਤਰੀਕੇ ਹਨ: ਨਿਸ਼ਚਿਤ ਰੂਪ ਵਿੱਚ ਕਲਾਸ ਰੂਮ ਵਿੱਚ ਅਪਣੇ ਬੱਚੇ ਨੂੰ ਵੇਖਣਾ, ਪਹਿਲਾਂ ਤੋਂ ਸਮਾਂ ਨਿਸ਼ਚਿਤ ਕਰਕੇ ਮਾਪੇ ਸਕੂਲ ਵਿੱਚ ਟੀਚਰ, ਪ੍ਰਿੰਸੀਪੱਲ ਨੂੰ ਮਿਲ ਸਕਦੇ ਹਨ ਅਤੇ ਵਲੰਟੀਅਰ ਕਰਨ ਲਈ ਅਪਣਾ ਸਮਾਂ ਨਿਸਚਿਤ ਕਰ ਸਕਦੇ ਹਨ, ਜੇਕਰ ਬੱਚਾ ਬਗੈਰ ਇਜਾਜ਼ਤ ਤੋਂ ਸਕੂਲੋਂ ਗੈਰਹਾਜ਼ਰ ਹੈ ਤਾਂ ਮਾਪਿਆਂ ਨੂੰ ਸਮੇਂ ਤੇ ਇਤਲਾਹ ਮਿਲਣੀ ਚਾਹੀਦੀ ਹੈ, ਅਪਣੇ ਬੱਚੇ ਦੇ ਸਟੈਂਡਰਡ ਟੈਸਟਾਂ ਦੇ ਨਤੀਜਿਆਂ ਦੀ ਰਿਪੋਰਟ ਅਤੇ ਉਸਦੇ ਸਕੂਲ ਦਾ ਮੁਲਾਂਕਣ ਪ੍ਰਾਪਤ ਕਰਨਾ, ਜਦ ਮਾਪਿਆਂ ਵਲੋਂ ਅਪਣੇ ਬੱਚੇ ਲਈ ਸਕੂਲ ਵਿੱਚ ਦਾਖਲਾ ਸਬੰਧਿਤ ਬੇਨਤੀ ਕੀਤੀ ਜਾਵੇ ਤਾਂ ਸਕੂਲ ਵਾਲਿਆਂ ਲਈ ਉਸ ਸਕੂਲ ਦੇ ਸੁਰੱਖਿਤ ਵਾਤਾਵਰਨ ਅਤੇ ਬੱਚੇ ਨੂੰ ਮਿਲਣ ਵਾਲੀ ਮਦਦ ਬਾਰੇ ਜਾਣਕਾਰੀ ਦਿੱਤੀ ਜਾਵੇ, ਅਪਣੇ ਬਚੇ ਦੀ ਕਲਾਸ ਦੇ ਪਾਠਕ੍ਰਮ ਦਾ ਮੁਆਇਨਾ ਕਰ ਸਕਣਾ, ਅਪਣੇ ਬੱਚੇ ਦੀ ਕਲਾਸ ਵਿੱਚ ਤਰੱਕੀ ਸਬੰਧੀ ਜਾਣਕਾਰੀ ਪ੍ਰਾਪਤ ਕਰਨੀ ਅਤੇ ਜੇਕਰ ਪੜ੍ਹਾਈ ਵਿੱਚ ਕਮਜ਼ੋਰ ਹੈ ਤਾਂ ਕਿਸ ਸ਼ਖਸੀਅਤ ਨੂੰ ਮਿਲਣ, ਅਪਣੇ ਬੱਚੇ ਦੇ ਸਕੂਲ ਰਿਕੌਰਡ ਤੱਕ ਪਹੁੰਚ, ਉਨ੍ਹਾਂ ਦੇ ਬੱਚੇ ਵਲੋਂ ਸਿਖਿਅਕ ਕੰਮ ਕਰਨ ਦੇ ਜਿਹੜੇ ਸਟੈਂਡਰਡਾਂ, ਮਹਾਰਤ, ਨਿਪੁੰਨਤਾਵਾਂ ਦੀ ਆਸ ਕੀਤੀ ਜਾਂਦੀ ਹੈ ਉਨ੍ਹਾਂ ਬਾਰੇ ਜਾਣਕਾਰੀ ਦੀ ਪ੍ਰਾਪਤੀ, ਸਕੂਲ ਨਿਯਮਾਂ ਬਾਰੇ ਜਾਣਕਾਰੀ ਦੀ ਪ੍ਰਾਪਤੀ ਪਹਿਲੋਂ ਹੋਣੀ ਇਸ ਵਿੱਚ ਡਿਸਿਪਲਿਨ ਸਬੰਧੀ ਨਿਯਮ ਭੀ ਸ਼ਾਮਿਲ ਹੋਣੇ ਚਾਹੀਦੇ ਹਨ ਅਤੇ ਇਸਦੇ ਨਾਲ-ਨਾਲ ਸੈਕਸ਼ਨ 48980 ਅਨੁਸਾਰ ਕਾਰਵਾਈਆਂ ਭੀ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ, ਦਾਖਲੇ ਅਤੇ ਹਾਜ਼ਰੀ ਸਬੰਧੀ ਪੌਲਸੀਆਂ, ਡਰੈਸ ਕੋਡ, ਸਕੂਲ ਜਾਣ ਸਬੰਧੀ ਕਾਰਵਾਈਆਂ, ਕੋਈ ਭੀ ਸਾਈਕੋਲੋਜੀਕਲ ਟੈਸਟ ਕੀਤੇ ਜਾਣ ਤੇ ਮਾਪਿਆਂ ਨੂੰ ਉਸਦੇ ਬਾਰੇ ਜਾਣਕਾਰੀ ਦੇਣੀ ਅਤੇ ਦਸਣਾ ਕਿ ਉਹ ਉਸ ਟੈਸਟ ਲਈ ਮਨਾਹੀ ਭੀ ਕਰ ਸਕਦੇ ਹਨ, ਮਾਪਿਆਂ ਦੀ ਸਲਾਹਕਾਰ ਕਮੇਟੀ, ਸਾਈਟ ਕਊਂਸਲ, ਜਾਂ ਸਕੂਲ ਦੀ ਲੀਡਰਸ਼ਿਪ ਟੀਮ ਵਿੱਚ ਇੱਕ ਸਦੱਸ ਦੇ ਨਾਤੇ ਹਿੱਸਾ ਲੈਣਾ, ਅਪਣੇ ਬੱਚੇ ਦੇ ਰਿਕੌਰਡ ਵਿੱਚ ਜੋ ਜਾਣਕਾਰੀ ਹੈ ਉਸਨੂੰ ਚੁਨੌਤੀ ਦੇਣੀ ਅਤੇ ਸਕੂਲ ਵਲੋਂ ਜਵਾਬ ਮਿਲਣਾ ਚਾਹੀਦਾ ਹੈ, ਮਹਿਸੂਸ ਹੁੰਦੇਸਾਰ ਹੀ ਬੱਚੇ ਨੂੰ ਉਸੀ ਕਲਾਸ ਵਿੱਚ ਰਹਿਣ ਦਾ ਖਤਰਾ ਹੈ, ਸਾਲ ਦੇ ਦੌਰਾਨ ਉਸਦੇ ਮਾਪਿਆਂ ਨੂੰ ਜਿਨੀਂ ਜਲਦੀ ਮੁਮਕਿਨ ਹੋ ਸਕੇ ਪਾਸ ਜਾਂ ਫੇਲ ਕਰਨ ਦੇ ਹੱਕਾਂ ਅਤੇ ਸਕੂਲ ਦੇ ਕਰਮਚਾਰੀ ਨਾਲ ਮੁਲਾਕਾਤ ਕਰਨ ਵਾਲੇ ਹੱਕਾਂ ਬਾਰੇ ਦੀਸਆ ਜਾਵੇ, ਮਾਪਿਆਂ ਨੂੰ ਫੇਲ ਕਰਨ ਦੇ ਬਰਖਲਾਫ ਅਪੀਲ ਕਰਨ ਦੇ ਹੱਕ ਬਾਰੇ ਭੀ ਜਾਣਕਾਰੀ ਦਿੱਤੀ ਜਾਵੇ। ਹਰੇਕ ਸਾਲ ਇਨ੍ਹਾਂ ਦੇ ਸਬੰਧ ਵਿੱਚ ਨੋਟਿਸ ਭੇਜਣ ਦਾ ਮਸ਼ਵਰਾ ਦਿੱਤਾ ਜਾਂਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ:51101<br>ਬੋਰਡ ਪੌਲਸੀ 5125, ਏ ਆਰ 5125, ਏ ਆਰ 5125.3,<br>ਬੋਰਡ ਪੌਲਸੀ 5123, ਏ ਆਰ 5123 |
| ਮਾਪਿਆਂ/ਗਾਰਡੀਅਨ ਦੇ ਹੱਕ ਜਿਨ੍ਹਾਂ ਨੂੰ ਅੰਗਰੇਜ਼ੀ ਵਿੱਚ ਮਹਾਰਤ ਨਹੀਂ ਹੈ – ਇਸ ਸੈਕਸ਼ਨ ਅਨੁਸਾਰ ਸਕੂਲ ਡਿਸਟ੍ਰਿਕ ਐਸੇ ਤਰੀਕੇ ਅਪਣਾਉਣਗੇ, ਜਿਨਾਂ ਰਾਹੀਂ ਜਿਹੜੇ ਵਿੱਦਿਆਰਥੀਆਂ ਦੇ ਮਾਪੇ ਅੰਗਰੇਜ਼ੀ ਤੋਂ ਇਲਾਵਾ ਦੂਜੀ ਭਾਸ਼ਾ ਬੋਲਦੇ ਹਨ ਉਨ੍ਹਾਂ ਨੂੰ ਐਜੂਕੇਸ਼ਨ ਕੋਡ ਸੈਕਸ਼ਨ 48985 (15% ਨਿਯਮ) ਅਨੁਸਾਰਅੰਗਰੇਜ਼ੀ ਅਤੇ ਉਨ੍ਹਾਂ ਦੀ ਅਪਣੀ ਭਾਸ਼ਾ ਵਿੱਚ ਉਨ੍ਹਾਂ ਦੇ ਹੱਕਾਂ ਅਤੇ ਉਨ੍ਹਾਂ ਲਈ ਉਪਲਬਧ ਮੌਕਿਆਂ ਬਾਰੇ ਜਾਣਕਾਰੀ ਦੇਣੀ ਯਕੀਨੀ ਬਣਾਉਨ। ਐਜੂਕੇਸ਼ਨ ਕੋਡ ਸੈਕਸ਼ਨ 48985 ਤਹਿਤ , ਹਰੇਕ ਲਾਗੂ ਹੋਣ ਵਾਲੇ ਕਨੂੰਨ ਹੇਠ, ਹੱਕਾਂ ਵਿੱਚ ਸ਼ਾਮਿਲ ਹਨ ਅੰਗਰੇਜ਼ੀ ਅਤੇ ਬੱਚੇ ਦੀ ਮਾਤਰ ਭਾਸ਼ਾ ਵਿੱਚ ਲਿਖਤੀ ਸੂਚਨਾਪੱਤਰ ਮਿਲਣਾ। ਜਿਨ੍ਹਾਂ ਸਕੂਲਾਂ ਵਿੱਚ ਅੰਗਰੇਜ਼ੀ ਦੀ ਬਜਾਏ ਦੂਜੀ ਭਾਸ਼ਾ ਬੋਲਣ ਵਾਲੇ ਵਿੱਦਿਆਰਥੀਆਂ ਦੀ ਗਿਣਤੀ ਬਹੁਤਾਤ ਹੈ ਤਾਂ ਇਸ ਕੋਡ ਹੇਠ ਉਨ੍ਹਾਂ ਸਕੂਲਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ ਮਾਪਿਆਂ ਨਾਲ ਗਲਬਾਤ ਕਰਨ ਲਈ ਅਪਣੇ ਸਕੂਲ ਵਿੱਚ ਉਨ੍ਹਾਂ ਦੀ ਭਾਸ਼ਾ ਬੋਲਣ ਵਾਲਾ ਸਟਾਫ ਪੇਰੈਂਟ ਸੈਂਟਰਾਂ ਵਿੱਚ ਰਖਣ। (2525 ਰਾਹੀਂ ਸੰਸ਼ੋਧਨ, ਚੈਪਟਰ 896, 2004 ਦਾ ਲਿਖਤੀ ਕਾਨੂੰਨ) | ਐਜੂਕੇਸ਼ਨ ਕੋਡ 51101. 1 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਸਕੂਲ ਅਕਾਉਂਟੇਬਿਲਿਟੀ (ਉਤੱਰਦਾਇਤਾ) ਰਿਪੋਰਟ ਕਾਰਡ, ਇੰਟਰਨੈਟ ਲਈ ਪਹੁੰਚਣਯੋਗਤਾ- ਡਿਸਟ੍ਰਿਕ ਹਰੇਕ ਸਕੂਲ ਲਈ ਇੱਕ ਸਕੂਲ ਸਬੰਧੀ ਅਕਾਉਂਟੇਬਿਲਿਟੀ ਰਿਪੋਰਟ ਕਾਰਡ ਵਿਕਾਸ ਕਰਨ। 2008-2009 ਦੇ ਸੰਸ਼ੋਧਨ ਤੋਂ ਬਾਅਦ, ਐਜੂਕੇਸ਼ਨ ਕੋਡ ਸੈਕਸ਼ਨ 33126 ਦੀ ਪ੍ਰੀਭਾਸ਼ਾ ਦੇ ਤਹਿਤ ਰਿਪੋਰਟ ਕਾਰਡ ਵਿੱਚ ਅਗੇ ਲਿਖੇ ਵਿਸ਼ੇ ਸ਼ਾਮਿਲ ਹੋਣੇ ਚਾਹੀਦੇ ਹਨ ਜਿਸ ਤਰ੍ਹਾਂ ਕਿ ਹਰੇਕ ਵਿੱਦਿਆਰਥੀ ਤੇ ਖਰਚ ਹੋਣ ਵਾਲੇ ਪੈਸੇ, ਅਤੇ ਜਿਨ੍ਹਾਂ ਸੇਵਾਵਾਂ ਤੇ ਖਰਚੇ ਗਏ ਸਨ ਉਨ੍ਹਾਂ ਬਾਰੇ ਜਾਣਕਾਰੀ ,ਉਧਾਰਨ ਦੇ ਤੌਰ ਤੇ ਕਰਮਚਾਰੀਆਂ ਦੀ ਤਨਖਾਹ, ਗਵਰਨਿੰਗ ਬੋਰਡ ਵਲੋਂ ਲੱਭੇ ਗਏ ਸਕੂਲ ਜਿਨ੍ਹਾਂ ਵਿੱਚ ਟੈਕਸਟ ਕਿਤਾਬਾਂ ਦੀ ਘਾਟ ਹੈ, ਜਾਂ ਹਰੇਕ ਵਿੱਦਿਆਰਥੀ ਲਈ ਹਰੇਕ ਵਿਸ਼ਾ ਪੜ੍ਹਨ ਸਬੰਧੀ ਸਾਮਾਨ ਜਾਂ ਸਟੈਂਡਰਡ ਅਧਾਰਿਤ ਟੈਕਸਟ ਕਿਤਾਬਾਂ ਦੀ ਕੰਮੀ ਦਾ ਪ੍ਰਤੀਸ਼ਤ ਅੰਦਾਜ਼ਾ ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ ਐਜੂਕੇਸ਼ਨ ਕੋਡ ਸੈਕਸ਼ਨ 33126 ਦੀ ਪ੍ਰੀਭਾਸ਼ਾ ਦੇ ਅਨੁਸਾਰ ਰਿਪੋਰਟ ਕਾਰਡ ਵਿੱਚ ਅਗੇ ਲਿਖੇ ਵਿਸ਼ੇ ਸ਼ਾਮਿਲ ਹੋਣੇ ਚਾਹੀਦੇ ਹਨ, ਜਿਸ ਤਰ੍ਹਾਂ ਕਿ ਟੀਚਰਾਂ ਦੀ ਮਿਸਪਲੇਸਮੈਂਟ (ਜੋ ਵਿਸ਼ਾ ਟੀਚਰ ਨੂੰ ਪੜ੍ਹਾਉਣਾ ਚਾਹੀਦਾ ਹੈ ਉਸਦੀ ਬਜਾਏ ਦੂਜਾ ਪੜ੍ਹਾਉਣਾ), ਟੀਚਰਾਂ ਦੀਆਂ ਜਿਹੜੀਆਂ ਪੁਜ਼ੀਸ਼ਨਾਂ ਖਾਲੀ ਹਨ ਉਨ੍ਹਾਂ ਬਾਰੇ ਜਾਣਕਾਰੀ , ਪੜ੍ਹਾਉਨ ਸਬੰਧੀ ਕਿਤਾਬਾਂ ਜਾਂ ਦੂਜੇ ਸਾਮਾਨ ਦੀ ਮਾਤਰਾ ਪੂਰੀ ਨਾ ਹੋਣੀ ਜਾਂ ਉਸਦੀ ਉਪਲਬਧੀ ਨਾ ਹੋਣੀ, ਫਸਿਲਟੀਆਂ ਦੀਆਂ ਲੋੜੀਂਦੀਆਂ ਮੁਰੰਮਤਾਂ ਨਾ ਹੋਣ ਬਾਰੇਜਾਣਕਾਰੀ । ਇਨ੍ਹਾਂ ਤੋਂ ਇਲਾਵਾ ਐਜੂਕੇਸ਼ਨ ਕੋਡ ਦੇ ਸੈਕਸ਼ਨਾਂ 32286(ਸਕੂਲ ਸੇਫਟੀ ਪਲੈਨ [ਸਕੂਲ ਦੀ ਸੁਰੱਖਿਆ ਦਾ ਪਲੈਨ]) ਅਤੇ 52056 (ਅਕੈਡਮਿਕ ਪਰਫਾਮੈਂਸ ਇੰਡੈਕਸ [ਸਿਖਿਅਕ ਪ੍ਰਦਰਸ਼ਨ ਦੀ ਕ੍ਰਮ-ਸੂਚੀ]) ਤਹਿਤ ਇਹ ਵਿਸ਼ੇ ਭੀ ਸ਼ਾਮਿਲ ਹੋਣੇ ਚਾਹੀਦੇ ਹਨ। ਮਾਪਿਆਂ ਨੂੰ ਸਕੂਲ ਦੀ ਉਤਰਦਾਇਤਾ ਦੇ ਰਿਪੋਰਟ ਕਾਰਡਾਂ ਦੀ ਮਹਤੱਤਾ ਬਾਰੇ ਜਾਣਕਾਰੀ ਦੇਣ ਲਈ ਸਕੂਲ ਵਾਲਿਆਂ ਨੂੰ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਸਾਰੇ ਮਾਪਿਆਂ ਨੂੰ ਯਕੀਨੀ ਤੌਰ ਤੇ ਰਿਪੋਰਟ ਕਾਰਡ ਦੀ ਕੌਪੀ ਮਿਲਣੀ ਚਾਹੀਦੀ ਹੈ, ਅਤੇ ਜਿਨ੍ਹਾਂ ਡਿਸਟ੍ਰਿਕਾਂ ਕੋਲ ਇੰਟਰਨੈਟ ਹੈ ਉਹ ਇਸਦੀ ਕੌਪੀ ਯਕੀਨੀ ਤੌਰ ਤੇ ਇੰਟਰਨੈਟ ਤੇ ਲਗਾਉਣ। ਇਨ੍ਹਾਂ ਤੋਂ ਇਲਾਵਾ, ਉਹ ਮਾਪਿਆਂ ਨੂੰ ਦਸਣ ਕਿ ਉਨ੍ਹਾਂ ਵਲੋਂ ਉਸ ਲਈ ਮੰਗ ਕੀਤੇ ਜਾਣ ਤੇ ਉਨ੍ਹਾਂ ਨੂੰ ਕੌਪੀ ਮਿਲ ਸਕਦੀ ਹੈ। (ਐਜੂਕੇਸ਼ਨ ਕੋਡ ਦੇ ਸੈਕਸ਼ਨ 33126, 2004 ਦੇ ਕਾਨੂੰਨੀ ਅਧਾਰ, ਐਸ ਬੀ 550 ਚੈਪਟਰ 900, ਸੰਸ਼ੋਧਨ ਕੀਤਾ ਗਿਆ) ਇਹਦੀ ਸ਼ਰਤ ਹੈ ਕਿ 2008-2009 ਸਕੂਲੀ ਸਾਲ ਤੋਂ ਸਾਰੇ ਸਕੂਲ ਡਿਸਟ੍ਰਿਕਟ ਮਾਪਿਆਂ ਅਤੇ ਗਾਰਡੀਅਨਾਂ ਨੂੰ ਸਕੂਲ ਦੀ ਉਤਰਦਾਇਤਾ ਦੀ ਜਾਣਕਾਰੀ ਹਰੇਕ ਸਾਲ ਪਹਿਲੀ ਫਰਵਰੀ ਤੱਕ ਜਾਂ ਉਸ ਤੋਂ ਪਹਿਲਾਂ ਚਾਹੇ ਤਾਂ ਇੰਟਰਨੈਟ ਤੇ ਦੇਣ ਜਾਂ ਉਸਦੀ ਲਿਖਤ ਉਨ੍ਹਾਂ ਨੂੰ ਦੇਣ। | ਐਜੂਕੇਸ਼ਨ ਕੋਡ ਸੈਕਸ਼ਨ:33126(ਸੀ), 35256, 35258<br>ਬੋਰਡ ਪੌਲਸੀ 0510, ਏ ਆਰ 0510 |
| ਸਕੂਲ ਨੂੰ ਮਾਨਤਾ ਮਿਲਣੀ- ਜੇਕਰ ਵੈਸਟਰਨ ਅਸੌਸੀਏਸ਼ਨ ਔਫ ਸਕੂਲਜ਼ ਅਤੇ ਕੌਲਜਾਂ ਜਾਂ ਕਿਸੀ ਦੂਜੀ ਏਜੰਸੀ ਕੋਲੋਂ ਮਾਨਤਾ ਪ੍ਰਾਪਤ ਕਰਨ ਵਾਲਾ ਸਕੂਲ ਅਪਣੀ ਮਾਨਤਾ ਦਾ ਅਧਿਕਾਰ ਗੁਆ ਲਵੇ ਤਾਂ ਸਕੂਲ ਬੋਰਡ ਵਲੋਂ ਨੇਮਬੱਧ ਹੋਣ ਵਾਲੀ ਮੀਟਿੰਗ ਵਿੱਚ ਕਾਨੂੰਨੀ ਇਤਲਾਹ ਲਾਜ਼ਮੀ ਹੈ। ਇਸ ਤੋਂ ਇਲਾਵਾ ਉਸ ਸਕੂਲ ਦੇ ਵਿੱਦਿਆਰਥੀਆਂ ਦੇ ਮਾਪਿਆਂ/ਗਾਰਡੀਅਨ/ ਦੇਖ-ਰੇਖ ਕਰਨ ਵਾਲਿਆਂ ਨੂੰ ਸਕੂਲ ਦੀ ਮਾਨਤਾ ਦੇ ਗੁਆਉਣ ਦੇ ਸਟੇਟੱਸ ਅਤੇ ਉਸਦੇ ਫਲਸਰੂਪ ਨਤੀਜੇ ਬਾਰੇ ਲਿਖਤੀ ਸੂਚਨਾ ਦੇਣੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:35178. 4 |
| ਸਕੂਲ ਵਿੱਚ ਹਾਜ਼ਰੀ ਤੇ ਵਿੱਚਾਰ ਕਰਨ ਵਾਲੇ ਬੋਰਡ ਵਲੋਂ ਮਸ਼ਵਰੇ ਲਈ ਭੇਜਿਆ ਜਾਣਾ(ਸਕੂਲ ਅਟੈਂਡੈਂਸ ਰਿਵਿਉ ਬੋਰਡ ਰਿਫੱਰੱਲ)- ਜੇਕਰ ਛੋਟੇ ਬੱਚੇ ਦੀ ਆਦਤ ਵਿੱਚ ਸਕੂਲੋਂ ਭਜਣਾ ਸ਼ੁਮਾਰ ਹੈ ਜਾਂ ਉਸਦੀ ਸਕੂਲ ਵਿੱਚ ਹਾਜ਼ਰੀ ਬੇਨੇਮਾ ਹੈ ਤਾਂ ਉਸਨੂੰ ਸਕੂਲ ਅਟੈਂਡੈਂਸ ਰਿਵਿਉ ਬੋਰਡ (SARB)ਕੋਲ ਮਸ਼ਵਰੇ ਲਈ ਭੇਜ ਸਕਦੇ ਹੋ। ਅਟੈਂਡੈਂਸ ਦੇ ਸੁਪਰਵਾਈਜ਼ਰ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨਾਬਾਲਗ ਬੱਚੇ ਦੇ ਮਾਪਿਆਂ ਜਾਂ ਗਅਰਡੀਅਨ ਨੂੰ ਸੂਚਿਤ ਕਰਨ। | ਐਜੂਕੇਸ਼ਨ ਕੋਡ ਸੈਕਸ਼ਨ:48263, 48260.5<br>ਬੋਰਡ ਪੌਲਸੀ 5113, ਏ ਆਰ 5113 |
| ਸਕੂਲ ਬਸ ਸੇਫਟੀ ਨਿਯਮ- ਰਜਿਸਟਰ ਕਰਵਾਉਣ ਵੇਲੇ – ਪ੍ਰੀ-ਕਿੰਡਰਗਾਰਟਨ ਅਤੇ ਕਿੰਡਰਗਾਰਟਨ ਤੋਂ 6ਵੀਂ ਦੇ ਸਾਰੇ ਵਿੱਦਿਆਰਥੀ ਕਿੰਡਰਗਾਰਟਨ ਤੋਂ ਛੇਵੀਂ ਤੱਕ ਦੇ ਹਨ ਅਤੇ ਉਹ ਬਸ ਵਿੱਚ ਕਦੇ ਨਹੀਂ ਗਏ ( ਉਨ੍ਹਾਂ ਨੂੰ ਬਸ ਸੇਫਟੀ ਦੇ ਨਿਯਮ, ਬਸ ਸਟੌਪਾਂ, ਆਚਰਨ ਦੇ ਨਿਯਮ, ਬਸ ਦੀ ਲਾਲ ਬਤੀ ਵਾਲੇ ਖਤਰੇ ਦੇ ਜ਼ੋਨ, ਸਟੌਪਾਂ ਤੋਂ ਤੁਰਕੇ ਆਉਣ ਅਤੇ ਜਾਣ ਬਾਰੇ) ਲਿਖਤੀ ਜਾਣਕਾਰੀ ਦਿਉ। ਸਕੂਲ ਦੀ ਕਿਸੇ ਗਤੀਵਿਧੀ ਲਇ ਸਕੂਲ ਬਸ ਤੇ ਜਾਣ ਤੋਂ ਪਹਿਲਾਂ ਸੇਫਟੀ ਇੰਨਸਟਰੱਕਸ਼ਨਾ ਜਿਹਨਾ ਵਿੱਚ ਸ਼ਾਮਿਲ ਹਨ, ਪਰ ਇਥੇ ਹੀ ਸੀਮਿਤ ਨਹੀਂ ਹਨ; ਐਮਰਜੈਂਸੀ ਐਗਜ਼ਿਟਾਂ ਅਤੇ ਐਮਰਜੈਂਸੀ ਵਿੱਚ ਵਰਤਣ ਵਾਲਾ ਸਮਾਨ ਅਤੇ ਉਸਦੀ ਜਗ੍ਹਾ। ਐਮਰਜੈਂਸੀ ਐਗਜ਼ਿਟ ਦੇ ਕੋਲ ਬੈਠੇ ਮੁਸਾਫਿਰਾਂ ਦੀਆਂ ਜ਼ਿੰਮੇਵਾਰੀਆਂ। | ਐਜੂਕੇਸ਼ਨ ਕੋਡ ਸੈਕਸ਼ਨ:39831.5<br>ਏ ਆਰ 3543 |
| ਸਕੂਲ ਕਰਾਇਮਜ਼ ਹੈਂਡਬੁਕ- ਇਸ ਦੇ ਅਨੁਸਾਰ ਸਟੇਟ ਅਟਾਰਨੀ ਜਨਰੱਲ ਆਫਿਸ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਸਮਝ ਆਉਣ ਵਾਲੀ ਸਰਲ ਭਾਸ਼ਾ ਵਿੱਚ ਹੈਂਡਬੁਕ ਤਿਆਰ ਕਰਕੇ ਸਟੇਟ ਸੁਪਰਿਨਟੈਂਡੈਂਟ ਆਫ ਪੱਬਲਿਕ ਇਨਸਟਰੱਕਸ਼ਨ ਨੂੰ ਦੇਣ, ਜਿਸ ਵਿੱਚ ਸਕੂਲ ਗਰਾਉਂਡਾਂ ਦੀ ਪ੍ਰੌਪਰਟੀ ਜਾਂ ਸ਼ਖਸਾਂ ਦੇ ਬਰਖਲਾਫ ਕੀਤੇ ਜ਼ੁਰਮਾਂ ਤੇ ਲਾਗੂ ਹੋਣ ਵਾਲੇ ਕੈਲਿਫੋਰਨੀਆ ਦੇ ਪੀਨੱਲ ਅਤੇ ਸਿਵਿਲ ਲਾਅ ਬਾਰੇ ਸੰਖੇਪ ਜਾਣਕਾਰੀ ਦਿਤੀ ਜਾਵੇ। ਸੁਪਰਿਨਟੈਂਡੈਂਟ, ਇਸ ਹੈਂਡਬੁਕ ਨੂੰ ਪ੍ਰਕਾਸ਼ਿਤ ਕਰਵਾਕੇ ਸਾਰੇ ਸਕੂਲ ਡਿਸਟ੍ਰਿਕਾਂ ਨੂੰ ਦੇਣ ਅਤੇ ਉਨ੍ਹਾਂ ਨੂੰ ਕਹਿਣ ਕਿ ਉਹ ਮਾਪਿਆਂ ਜਾਂ ਗਾਰਡੀਅਨਾਂ ਨੂੰ ਇਸਦਾ ਪਰਸਾਰ ਕਰਨ ਅਤੇ ਹੈਂਡਬੁਕ ਦੀ ਉਪਲਬਧੀ ਬਾਰੇ ਜਾਣਕਾਰੀ ਭੀ ਦੇਣ। | ਪੀ ਸੀ ਸੈਕਸ਼ਨ 626.1 |
| ਸਕੂਲ ਵਿੱਚ ਹੋਏ ਜ਼ੁਰਮ ਬਾਰੇ ਰਿਪੋਰਟ- ਸਟੇਟ ਡਿਪਾਰਟਮੈਂਟ ਆਫ ਐਜੂਕੇਸ਼ਨ ਨੇ ਜੋ ਜ਼ੁਰਮ ਸੰਬਧੀ ਫਾਰਮ ਦਿਤੇ ਹੋਏ ਹਨ ਉਨ੍ਹਾਂ ਤੇ ਵਿਸ਼ੇਸ਼ ਲੜਾਈਆਂ ਅਤੇ ਜ਼ੁਰਮਾਂ ਬਾਰੇ ਜਾਣਕਾਰੀ ਭਰਣੀ ਲਾਜ਼ਮੀ ਹੈ। | PC(ਪੀ ਸੀ) ਸੈਕਸ਼ਨ 628, Et.Seq |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਜਿਸ ਸਕੂਲ ਨੂੰ ਪ੍ਰੋਗਰਾਮ ਇਮਪਰੁਵਮੈਂਟ ਸਕੂਲ (ਜਿਸ ਸਕੂਲ ਦੇ ਬੱਚਿਆਂ ਨੇ ਸਟੇਟ ਦੇ ਸਟੈਂਡਰਡਾਂ ਅਨੁਸਾਰ ਟੈਸਟਾਂ ਵਿੱਚ ਚੰਗਾ ਨਹੀਂ ਕੀਤਾ ਹੈ) ਦਾ ਕਰਾਰ ਦਿੱਤਾ ਜਾਵੇ, ਸੂਚਨਾਪੱਤਰ, ਤਬਦੀਲੀ ਕਰਨ ਜਾਂ ਘਾਟ ਪੂਰੀ ਕਰਨ ਵਾਲੀਆਂ ਮਦਦਗਾਰ ਸੇਵਾਵਾਂ ਦੀ ਪ੍ਰਾਪਤੀ ਲਈ ਚੋਣ ਕਰ ਸਕਣਾ- ਨੋ ਚਾਈਲਡ ਲੈਫਟ ਬਿਹਾਈਂਡ (ਕੋਈ ਭੀ ਬੱਚਾ ਪਿੱਛੇ ਨਾ ਰਹੇ) ਦੀ ਲੋੜ ਅਨੁਸਾਰ ਜਿਸ ਸਕੂਲ ਨੂੰ ਪ੍ਰੋਗਰਾਮ ਇਮਪਰੂਵਮੈਂਟ ਕਰਾਰ ਦਿੱਤਾ ਜਾਵੇ, ਤਾਂ ਉਸ ਸਕੂਲ ਲਈ ਲਾਜ਼ਮੀ ਹੈ ਕਿ ਪਤਾ ਲਗਦਿਆਂ ਸਾਰ ਹੀ ਉਹ ਅਪਨੇ ਸਕੂਲ ਦੇ ਵਿੱਦਿਆਰਥੀਆਂ ਦੇ ਮਾਪਿਆਂ ਜਾਂ ਗਾਰਡੀਅਨਾਂ ਨੂੰ ਹੇਠਾਂ ਲਿਖੀ ਜਾਣਕਾਰੀ ਤੁਰੰਤ ਦੇਵੇ:<br>1. ਪ੍ਰੋਗਰਾਮ ਇਮਪਰੁਵਮੈਂਟ ਦਾ ਭਾਵ ਕੀ ਹੈ, ਸਟੇਟ ਅਤੇ ਡਿਸਟ੍ਰਿਕ ਦੇ ਦੂਜੇ ਐਲੀਮੈਂਟਰੀ ਸਕੂਲਾਂ ਜਾਂ ਸੈਕੰਡਰੀ ਸਕੂਲਾਂ ਦੀ ਸਿਖਿਅਕ ਕਾਮਯਾਬੀ ਦੇ ਮੁਕਾਬਲੇ ਵਿੱਚ ਇਸ ਸਕੂਲ ਦੀ ਸਿਖਿਅਕ ਕਾਮਯਾਬੀ ਦੀ ਤੁਲਨਾ ਕੀਤੇ ਜਾਵੇ ਤਾਂ ਇਸਦਾ ਦਰਜਾ ਕੀ ਹੈ।<br>2. ਕਰਾਰ ਦਿੱਤੇ ਜਾਣ ਦੇ ਕਾਰਣ ਬਾਰੇ ਵਿਆਖਿਆ ਦਿੱਤੀ ਜਾਵੇ।<br>3. ਮਾਪਿਆਂ ਨੂੰ ਵਿਸਥਾਰਪੂਰਕ ਜਾਣਕਾਰੀ ਦਿੱਤੀ ਜਾਵੇ ਕਿ ਨੀਵੇਂ ਪਧੱਰ ਦੀ ਕਾਮਯਾਬੀ ਵਾਲੀ ਸਮੱਸਿਆ ਵਿੱਚ ਸੁਧਾਰ ਲਿਆਉਣ ਲਈ ਸਕੂਲ ਕੀ ਕਰ ਰਿਹਾ ਹੈ।<br>4. ਮਾਪਿਆਂ ਨੂੰ ਵਿਸਥਾਰਪੂਰਕ ਜਾਣਕਾਰੀ ਦਿੱਤੀ ਜਾਵੇ ਕਿ ਨੀਵੇਂ ਪਧੱਰ ਦੀ ਕਾਮਯਾਬੀ ਵਾਲੀ ਸਮੱਸਿਆ ਵਿੱਚ ਸੁਧਾਰ ਲਿਆਉਣ ਲਈ ਡਿਸਟ੍ਰਿਕ ਅਤੇ ਸਟੇਟ ਵਾਲੇ ਕਿਹੜੀ ਮਦਦ ਉਪਲਬਧ ਕਰਵਾ ਰਹੇ ਹਨ।<br>5. ਮਾਪਿਆਂ ਨੂੰ ਵਿਸਥਾਰਪੂਰਕ ਜਾਣਕਾਰੀ ਦਿੱਤੀ ਜਾਵੇ ਕਿ ਉਹ ਨੀਵੇਂ ਪਧੱਰ ਦੀ ਕਾਮਯਾਬੀ ਵਾਲੀ ਸਮੱਸਿਆ ਵਿੱਚ ਸੁਧਾਰ ਲਿਆਉਣ ਲਈ ਕਿੰਝ ਅਪਣਾ ਯੋਗਦਾਨ ਪਾ ਸਕਦੇ ਹਨ ਅਤੇ ਜਿਨ੍ਹਾਂ ਕਾਰਣਾਂ ਕਰਕੇ ਸਕੂਲ ਨੂੰ ਪ੍ਰੋਗਰਾਮ ਇਮਪਰੁਵਮੈਂਟ ਕਰਾਰ ਦਿੱਤਾ ਗਿਆ ਹੈ ਉਨ੍ਹਾਂ ਕਾਰਣਾਂ ਨੂੰ ਦੂਰ ਕਰਨ ਵਿੱਚ ਉਹ ਸਕੂਲ ਵਾਲਿਆਂ ਦੀ ਕੀ ਮਦਦ ਕਰ ਸਕਦੇ ਹਨ।<br>6. ਮਾਪਿਆਂ ਨੂੰ ਵਿਸਥਾਰਪੂਰਕ ਜਾਣਕਾਰੀ ਦਿੱਤੀ ਜਾਵੇ ਕਿ ਉਹ ਅਪਣੇ ਬੱਚੇ ਨੂੰ ਚਾਰਟਰ ਸਕੂਲ ਜਾਂ ਦੂਜੇ ਡਿਸਟ੍ਰਿਕ ਸਕੂਲ ਵਿੱਚ ਤਬਦੀਲ ਕਰਵਾ ਸਕਦੇ ਹਨ ਜਾਂ ਘਾਟ ਪੂਰੀ ਕਰਨ ਵਾਲੀਆਂ ਦੂਜੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਜਿਨ੍ਹਾਂ ਸਕੂਲਾਂ ਨੇ ਸਿਖਿਅਕ ਘਾਟ ਪੂਰੀ ਕਰਨ ਵਾਲੀਆਂ ਸੇਵਾਵਾਂ ਪ੍ਰਦਾਨ ਕਰਨੀਆਂ ਹਨ, ਉਨ੍ਹਾਂ ਲਈ ਲਾਜ਼ਮੀ ਹੈ ਕਿ ਉਹ ਹਰੇਕ ਸਾਲ ਮਾਪਿਆਂ ਜਾਂ ਗਾਰਡੀਅਨਾਂ ਨੂੰ ਅਗੇ ਲਿਖੀ ਜਾਣਕਾਰੀ ਦੇਣ:<br>1. ਘਾਟ ਪੂਰੀ ਕਰਨ ਵਾਲੀਆਂ ਸਿਖਿਅਕ ਸੇਵਾਵਾਂ ਦੀ ਉਪਲਬਧੀ।<br>2. ਡਿਸਟ੍ਰਿਕ ਦੇ ਅੰਦਰ ਜਾਂ ਐਜੂਕੇਸ਼ਨ ਦੀਆਂ ਲੋਕਲ ਜਾਂ ਗੁਆਂਢ ਦੀਆਂ ਮਨਜ਼ੂਰਸ਼ੁਦਾ ਏਜੰਸੀਆਂ ਜਿਨ੍ਹਾਂ ਨੇ ਘਾਟ ਪੂਰੀ ਕਰਨ ਲਈ ਸੇਵਾ ਪ੍ਰਦਾਨ ਕਰਨੀ ਹੈ (ਪ੍ਰੋਵਾਈਡਰਾਂ), ਉਨ੍ਹਾਂ ਪ੍ਰਵਾਈਡਰਾਂ ਬਾਰੇ ਜਾਣਕਾਰੀ ।<br>3. ਮਨਜ਼ੂਰਸ਼ੁਦਾ ਪ੍ਰੋਵਾਇਡਰਾਂ ਬਾਰੇ ਜਾਣਕਾਰੀ ਜਿਨ੍ਹਾਂ ਤੱਕ ਪਹੁੰਚ ਟੈਕਨੌਲੋਜੀ ਦੇ ਰਾਹੀਂ ਹੈ ਜਿਸ ਤਰ੍ਹਾਂ ਕਿ ਦੂਰੋਂ ਸਿਖਿਆ ਲੈਣਾ।<br>4. ਇਨ੍ਹਾਂ ਪ੍ਰੋਵਾਈਡਰਾਂ ਦੀਆਂ ਸੇਵਾਵਾਂ, ਕਵਾਲੀਫਿਕੇਸ਼ਨਾਂ, ਅਤੇ ਉਨ੍ਹਾਂ ਵਲੋਂ ਕੀਤੇ ਗਏ ਕੰਮ ਦੇ ਨਤੀਜਿਆਂ ਬਾਰੇ ਜਾਣਕਾਰੀ ਦੇਣੀ।<br>5. ਮਾਪਿਆਂ/ਗਾਰਡੀਅਨਾਂ ਨੂੰ ਇਨ੍ਹਾਂ ਪ੍ਰੋਵਾਈਡਰਾਂ ਦੀ ਚੋਣ ਕਰਨ ਦੇ ਸਬੰਧ ਵਿੱਚ ਸਮੇਂ ਦੀ ਰੂਪ- ਰੇਖਾ ਅਤੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। | 20 ਯੂ ਐਸ ਸੀ ਸੈਕਸ਼ਨ 6316<br><br>ਬੋਰਡ ਪੌਲਸੀ 0520 3 ਏ ਆਰ 0520 .3 |
| ਜਿਹੜੇ ਸਕੂਲ ਪ੍ਰੋਗਰਾਮ ਇਮਪਰੁਵਮੈਂਟ ਨਿਸ਼ਚਤ ਕੀਤੇ ਗਏ ਹਨ ਉਨ੍ਹਾਂ ਬਾਰੇ ਸਮੇਂ ਸਿਰ ਜਾਣਕਾਰੀ ਦੇਣੀ-ਜਦੋਂ ਇਕ ਸਕੂਲ ਤੱਰਕੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ ਅਤੇ ਉਸ ਨੂੰ ਪ੍ਰੋਗਰਾਮ ਇਮਪਰੁਵਮੈਂਟ ਸਕੂਲ ਘੋਸ਼ਿਤ ਕੀਤਾ ਜਾਂਦਾ ਹੈ ਜਾਂ ਸਕੂਲ ਵਿੱਚ ਸ਼ੋਧ ਕੀਤਾ ਜਾ ਰਿਹਾ ਹੈ, ਤਾਂ ਉਸ ਸਕੂਲ ਦੇ ਮਾਪਿਆਂ ਨੂੰ ਇਸਦੇ ਬਾਰੇ ਜਾਣਕਾਰੀ 30 ਦਿਨਾਂ ਦੇ ਵਿੱਚ-ਵਿੱਚ ਮਿਲਣੀ ਚਾਹੀਦੀ ਹੈ। ਡਿਸਟ੍ਰਿਕ ਅੰਗਰੇਜ਼ੀ ਸਿਖ ਵਾਲਿਆਂ ਦੇ ਮਾਪਿਆਂ ਨੂੰ ਵੀ ਜਾਣਕਾਰੀ ਭੇਜਣਗੇ। | 20 ਯੂ ਐਸ ਸੀ ਸੈਕਸ਼ਨ 6312<br>ਏ ਆਰ 0520 .2 |
| ਸਕੂਲ ਸੇਫਟੀ ਪੈਟਰੋਲ (ਸਕੂਲ ਸੁਰੱਖਿਆ ਲਈ ਭਰਮਣ ਕਰਨਾ)- ਕਿਸੀ ਭੀ ਵਿੱਦਿਆਰਥੀ ਕੋਲੋਂ ਸਕੂਲ ਸੇਫਟੀ ਪੈਟਰੋਲ ਕਰਵਾਉਣ ਤੋਂ ਪਹਿਲਾਂ ਮਾਪਿਆਂ ਤੋਂ ਇਜਾਜ਼ਤ ਲੈਣੀ ਜ਼ਰੂਰੀ ਹੈ। ਸੂਚਨਾਪੱਤਰ ਭੇਜਕੇ। | ਐਜੂਕੇਸ਼ਨ ਕੋਡ ਸੈਕਸ਼ਨ: 49302 |
| ਸਕੂਲ ਸੇਫਟੀ(ਸਕੂਲ ਸੁਰੱਖਿਆ) ਪਲੈਨਾਂ: ਯੂਬਾ ਸਿਟੀ ਯੂਨੀਫਾਈਡ ਸਕੂਲਡਿਸਟ੍ਰਿਕਟ ਦੇ ਹਰੇਕ ਸਕੂਲ ਨੂੰ ਇਕ ਪਲੈਨ ਤਿਆਰ ਕੀਤੀ ਹੋਈ ਹੈ। ਇਸ ਵਿੱਚ ਕੁਦਰਤੀ ਜਾਂ ਦੂਜੀਆਂ ਦੁਰਘਟਨਾਵਾਂ ਨਾਲਨਜਿਠਣ ਲਈ ਪੂਰੀ ਤਿਆਰੀ ਸ਼ਾਮਿਲ ਹੈ। ਹਰੇਕ ਸਕੂਲ ਔਫਿਸ ਵਿੱਚ ਇਸਦੀ ਕੌਪੀ ਮੌਜੂਦ ਹੈ ਜੋ ਕਿ ਪੜ੍ਹੀ ਜਾ ਸਕਦੀ ਹੈ। ਹਰ ਮਹੀਨੇ ਐਲੀਮੈਂਟਰੀ ਸਕੂਲਾਂ ਵਿੱਚ ਅੱਗ ਨਾਲ ਨਜਿਠਨ ਲਈ ਡਰਿਲਾਂ ਕੀਤੀਆਂ ਜਾਂਦੀਆਂ ਹਨ। ਇਮਰਜੈਂਸੀ ਨਾਲ ਨਜਿਠਣ ਲਈ ਤਿਮਾਹੀ ਡਰਿਲਾਂ ਕੀਤੀਆਂ ਜਾਂਦੀਆਂ ਹਨ। | ਐਜੂਕੇਸ਼ਨ ਕੋਡ 32282.5 |
| ਸਕੂਲ ਸੇਫਟੀ ਪਲੈਨ (ਸੁਰੱਖਿਆ ਦੀ ਯੋਜਨਾ): ਸਲਾਨਾ ਰਿਪੋਰਟ -ਇਸ ਦੇ ਅਨੁਸਾਰ ਹਰੇਕ ਸਕੂਲ ਸਾਈਟ ਲਈ ਲਾਜ਼ਮੀ ਹੈ ਕਿ ਉਹ ਹਰ ਸਾਲ ਜੁਲਾਈ ਵਿੱਚ ਸਕੂਲ ਅਕਾਂਟਬਿਲਟੀ ਰਿਪੋਰਟ ਜੋ ਕਿ ਸੈਕਸ਼ਨਾਂ 33126 ਅਤੇ 35256 ਅਨੁਸਾਰ ਤਿਆਰ ਕੀਤੀ ਗਈ ਹੈ ਵਿੱਚ ਸਕੂਲ ਦੀ ਸੁਰੱਖਿਆ ਸਬੰਧੀ ਸਟੇਟਸ ਬਾਰੇ ਦਸਣ ਅਤੇ ਉਸ ਵਿੱਚ ਪ੍ਰਮੁਖ ਐਲੀਮੈਂਟਾਂ ਦੀ ਵਿਆਖਿਆ ਭੀ ਸ਼ਾਮਿਲ ਹੋਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:32286 |
| ਸਕੂਲ ਸੇਫਟੀ ਪਲੈਨ: ਨੌਨ-ਕਮਪਲਾਇੰਸ (ਨਾ ਤਾਮੀਲੀ)ਦਾ ਨੋਟਿਸ- ਸਕੂਲ ਵਲੋਂ ਐਜੂਕੇਸ਼ਨ ਕੋਡ 35294.1 ਦੀ ਤਾਮੀਲ ਨਾ ਕਰਨ ਤੇ ਉਸ ਸਕੂਲ ਦਾ ਡਿਸਟ੍ਰਿਕ ਲਾਜ਼ਮੀ ਤੌਰ ਤੇ 15 ਅਕਤੂਬਰ ਤੱਕ ਸਟੇਟ ਡਿਪਾਰਟਮੈਂਟ ਔਫ ਐਜੂਕੇਸ਼ਨ ਨੂੰ ਉਸ ਸਕੂਲ ਬਾਰੇ ਸੂਚਨਾ ਦੇਣ। | ਐਜੂਕੇਸ਼ਨ ਕੋਡ ਸੈਕਸ਼ਨ:35294.8 |

| ਵਿਸ਼ਾ | ਕਾਨੂੰਨੀ ਸਾਧਨ |
| --- | --- |
| ਸਕੂਲ ਸੇਫਟੀ ਪਲੈਨ: ਸਬੰਧਿਤ ਸ਼ਖਸੀਅਤਾਂ ਅਤੇ ਹਸਤੀਆਂ ਨੂੰ ਨੋਟਿਸ ਭੇਜਣਾ- ਹਰਕੇ ਸਕੂਲ ਸਾਈਟ ਕਉਂਸਲ ਜਾਂ ਸਕੂਲ ਸੇਫਟੀ ਪਲੈਨਿੰਗ ਕਮੇਟੀ ਲਈ ਲਾਜ਼ਮੀ ਹੈ ਕਿ ਉਹ ਨਿਸ਼ਚਿਤ ਸ਼ਖਸੀਅਤਾਂ ਅਤੇ ਹਸਤੀਆਂ ਨੂੰ, ਲਾਜ਼ਮੀ ਪਬਲਿਕ ਮੀਟਿੰਗਾਂ, ਜਿਨ੍ਹਾਂ ਵਿੱਚ ਜਨਤਾ ਨੂੰ ਸਕੂਲ ਪਲੈਨ ਦੇ ਸੰਬੰਧ ਵਿੱਚ ਅਪਣੀ ਰਾਏ ਦੇਣ ਦਾ ਮੌਕਾ ਪ੍ਰਦਾਨ ਕੀਤਾ ਜਾਂਦਾ ਹੈ, ਬਾਰੇ ਲਿਖਤੀ ਨੋਟਿਸ ਭੇਜਣ। ਨਿਸ਼ਚਿਤ ਸ਼ਖਸੀਅਤਾਂ ਅਤੇ ਹਸਤੀਆਂ ਵਿੱਚ ਸ਼ਾਮਿਲ ਹਨ: ਮੇਅਰ, ਲੋਕਲ ਸਕੂਲ ਦੀ ਸੰਸਥਾ ਦਾ ਪ੍ਰਤੀਨਿਧੀ, ਮਾਪਿਆਂ ਦੀ ਸੰਸਥਾ ਦਾ ਪ੍ਰਤੀਨਿਧੀ, ਸਕੂਲ ਸਾਈਟ ਦੀ ਪਮਾਪਿਆਂ ਅਤੇ ਟੀਚਰਾਂ ਦੀ ਸੰਸਥਾ ਦਾ ਪ੍ਰਤੀਨਿਧੀ, ਇੱਕ ਪ੍ਰਤੀਨਿਧੀ ਵਿੱਦਿਆਰਥੀ ਬੌਡੀ ਗੌਰਮੈਂਟ ਦਾ ਹੋਣਾ ਚਾਹੀਦਾ ਹੈ ਅਤੇ ਜਿਹੜੇ ਇਸ ਵਿੱਚ ਹਾਜ਼ਰ ਹੋਣਾ ਚਾਹੁੰਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ:32288 |
| ਸਕੋਲਿਉਸਿਸ ਨੋਟਿਫਿਕੇਸ਼ਨ (ਰੀੜ੍ਹ ਦੀ ਹੱਡੀ ਦੇ ਵਿੰਗ ਬਾਰੇ ਸੂਚਨਾਪੱਤਰ ਭੇਜਣਾ)- ਵਿੱਦਿਆਰਥੀ ਨੂੰ ਸਕੋਲਿਉਸਿਸ ਹੋਣ ਦਾ ਸ਼ਕ ਹੋਣ ਤੇ ਉਸਦੇ ਮਾਪਿਆਂ ਨੂੰ ਸੂਚਨਾਪੱਤਰ ਜ਼ਰੂਰ ਭੇਜੋ। ਸੂਚਨਾਪੱਤਰ ਵਿੱਚ ਸਕੋਲਿਉਸਿਸ, ਜਲਦੀ ਇਲਾਜ ਅਤੇ ਇਲਾਜ ਸਬੰਧੀ ਪੱਬਲਿਕ ਸੰਸਥਾਵਾਂ ਬਾਰੇ ਜਾਣਕਾਰੀ ਦਿਉ। | ਐਜੂਕੇਸ਼ਨ ਕੋਡ ਸੈਕਸ਼ਨ:49452.5<br>ਬੋਰਡ ਪੌਲਸੀ 5141.3 ਏਆਰ 5141.3 |
| ਸੈਕਸ਼ਨ 504-ਪਛਾਣ ਅਤੇ ਸ਼ਿਕਸ਼ਾ- 1973 ਦੇ ਵੋਕੇਸ਼ਨਲ ਐਕਟ, ਅਤੇ ਡਿਸਅਬਲਿਟੀਆਂ ਵਾਲੇ ਅਮਰੀਕਨਾਂ ਦੇ ਐਕਟ(42 ਯੂ ਐਸ ਸੀ 12101 et. Seq.) ਅਨੁਸਾਰ ਡਿਸਿਬਿਲਿਟੀ ਦੇ ਅਧਾਰ ਤੇ ਵਿਤਕਰਾ ਕਰਨਾ ਮਨਾਹ ਹੈ। ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਡਿਸਅਬਿਲਟੀ ਵਾਲੇ ਬੱਚਿਆਂ ਦੀ ਪਛਾਣ ਕਰਕੇ ਉਨ੍ਹਾਂ ਦੀ ਡਿਸਅਬਿਲਟੀ ਦਾ ਜਾਇਜ਼ਾ ਲਗਾਉਣ, ਤਾਂਕਿ ਉਨ੍ਹਾਂ ਨੂੰ ਯਕੀਨੀ ਤੌਰ ਤੇ ਫਰੀ, ਢੁੱਕਵੀਂ ਪਬਲਿਕ ਐਜੂਕੇਸ਼ਨ ਮਿਲ ਸਕੇ। ਸ਼ਰੀਰਕ ਜਾਂ ਮਾਨਸਿਕ ਕਮਜ਼ੋਰੀ ਵਾਲੇ ਵਿਅਕਤੀਆਂ ਜਿਨ੍ਹਾਂ ਲਈ ਰੋਜ਼ਮਰਾ ਜ਼ਿੰਦਗੀ ਦੀ ਇੱਕ ਜਾਂ ਇੱਕ ਤੋਂ ਵੱਧ ਗਤੀਵਿਧੀ ਵਿੱਚ ਹਿੱਸਾ ਲੈਣਾ ਜਾਂ ਕਰਨੀ ਜਿਸ ਤਰ੍ਹਾਂ ਕਿ ਪੜ੍ਹਾਈ ਕਰਨੀ ਮੁਸ਼ਕਿਲ ਹੁੰਦੀ ਹੈ ਤਾਂ ਉਹ ਅਪਣੀ ਘਾਟ ਤੇ ਅਧਾਰਿਤ ਸੇਵਾ ਜਾਂ ਮਦਦ ਵਾਲੀਆਂ ਚੀਜ਼ਾਂ (ਏਡਜ਼) ਪ੍ਰਾਪਤ ਕਰਨ ਦੇ ਯੋਗ ਹੁੰਦੇ ਹਨ, ਉਸੇ ਤਰ੍ਹਾਂ ਜਿਸ ਤਰ੍ਹਾਂ ਡਿਸਅਬਿਲਟੀ ਤੋਂ ਬਗੈਰ ਵਾਲਿਆਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਡਿਸਟ੍ਰਿਕ ਇੱਕ ਸ਼ਖਸੀਅਤ ਨਿਯੁਕਤ ਕਰਨ ਜਿਸਦੀ ਜ਼ੁਮੇਵਾਰੀ 504 ਸੈਕਸ਼ਨ ਦੀ ਲੋੜ ਪੂਰੀ ਕਰਨਾ ਅਤੇ ਲਾਗੂ ਕਰਨਾ ਹੈ, ਜਦੋਂ ਵਿੱਦਿਆਰਥੀ ਜਿਸਦੇ ਬਾਰੇ ਸ਼ਕ ਹੈ ਕਿ ਉਹ ਡਿਸਏਬਲ ਹੈ ਅਤੇ ਉਸ ਡਿਸਅਬਿਲਟੀ ਕਾਰਣ ਉਸ ਲਈ ਸਕੂਲ ਵਿੱਚ ਹਾਜ਼ਰ ਹੋਣਾ ਸਕੂਲ ਦੀਆਂ ਫੰਕਸ਼ਨਾਂ ਵਿੱਚ ਹਿੱਸਾ ਲੈਣਾ ਸੀਮਿਤ ਹੋ ਜਾਂਦਾ ਹੈ ਤਾਂ ਉਹ ਇਸਦੇ ਨਾਲ-ਨਾਲ ਸਕਰੀਨ ਕਰਨ ਅਤੇ ਮੁਲਾਂਕਣ ਕਰਨ ਦੇ ਤਰੀਕੇ ਨਿਸ਼ਚਿਤ ਕਰਨ। ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਸੇਵਾ ਦੀ ਪ੍ਰਾਪਤੀ ਦੇ ਯੋਗ ਵਿੱਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸੈਕਸ਼ਨ 504 ਹੇਠ ਦਸੀ ਸਕੂਲ ਦੀ ਡਿਯੂਟੀ ਬਾਰੇ ਸੂਚਨਾਪੱਤਰ ਭੇਜਣ ਅਤੇ ਸੂਚਨਾਪੱਤਰ ਰਾਹੀਂ ਮਾਪਿਆਂ ਨੂੰ ਕਾਰਵਾਈ ਕਰਨ ਸਬੰਧੀ ਕਾਨੂੰਨੀ ਬਚਾਉ ਉਪਲਬਧ ਕਰਵਾਉਣ। | 29 ਯੂ ਐਸ ਸੀ ਸੈਕਸ਼ਨ 794,<br>34 ਸੀ ਐਫ ਆਰ<br>ਸੇਕਸ਼ਨ104.32, ਅਤੇ 104.36 |
| ਗੈਰਹਾਜ਼ਰ ਰਹਿਣ ਕਾਰਨ: ਸਕੂਲਾਂ ਦੇ ਕਉਂਟੀ ਸੁਪਰਿਨਟੈਂਡੈਂਟ ਨੂੰ ਰਿਪੋਰਟ ਕਰਨੀ- ਗੈਰਹਾਜ਼ਰੀ ਬਾਰੇ ਸਕੂਲਾਂ ਦੇ ਕਾਉਂਟੀ ਸੁਪਰਿਨਟੈਂਡੈਂਟ ਨੂੰ ਰਿਪੋਰਟ ਕਰਨ ਦੀ ਇਜਾਜ਼ਤ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48202 |
| ਸੈਕਸ ਐਜੂਕੇਸ਼ਨ ਕਲਾਸਾਂ; ਕੋਰਸ ਕਰੱਟੀਰਿਆ(ਮਿਆਰ) 72 ਘੰਟੇ ਜਾਂ ਘਟ ਸਮੇਂ ਦੇ ਨਾਬਾਲਗ ਨੂੰ ਆਪਣੇ ਆਪ ਅਪਣੀ ਮਰਜ਼ੀ ਨਾਲ ਦੂਜੇ ਨੂੰ ਸਮਰਪਣ ਕਰਨਾ- ਇਸਦੇ ਅਨੁਸਾਰ ਸਾਰੇ ਪਬਲਿਕ ਸਕੂਲ ਜੋ ਅਪਣੇ ਸਕੂਲ ਵਿੱਚ ਸੈਕਸ ਐਜੂਕੇਸ਼ਨ ਕੋਰਸ ਪੜ੍ਹਾਉਂਦੇ ਹਨ ਉਨ੍ਹ ਲਈ ਲਾਜ਼ਮੀ ਹੈ ਕਿ ਉਹ ਅਪਣੇ ਸਕੂਲ ਵਿੱਚ ਸੈਕਸ਼ੁਅਲ ਇੰਟਰਕੋਰਸ ਬਾਰੇ ਚਰਚਾ ਕਰਨ ਇਸ ਵਿੱਚ ਹੈਲਥ ਅਤੇ ਸੇਫਟੀ ਕੋਡ ਦੇ ਸੈਕਸ਼ਨ 1255.7 ਅਤੇ ਪੀਨਲ ਕੋਡ ਦੇ ਸੈਕਸ਼ਨ 271.5, ਜਿਸਦਾ ਸੰਬੰਧ ਮਾਪਿਆਂ ਜਾਂ ਦੂਜਿਆਂ ਨਾਲ ਹੈ ਜੋ ਬਗੈਰ ਮੁਕੱਦਮੇ ਤੋਂ ਅਪਣੇ ਆਪ ਅਪਣੇ 72 ਘੰਟੇ ਜਾਂ ਘਟ ਸਮੇਂ ਦੇ ਨਾਬਾਲਗ ਦੀ ਸ਼ਰੀਰਕ ਕਸਟੱਡੀ (ਨਿਗਰਾਨੀ ਕਰਨ ਲਈ ਦੇ ਦੇਣਾ) ਹਸਪਤਾਲ ਦੇ ਇਮੱਰਜੰਸੀ ਕਮਰੇ ਜਾਂ ਕਿਸੀ ਦੂਜੀ ਨਿਯੁਕਤ ਜਗ੍ਹਾ ਨੂੰ ਦੇ ਦਿੰਦੇ ਹਨ, ਭੀ ਸ਼ਾਮਿਲ ਹੋਣਾ ਚਾਹੀਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ: 51933 |
| ਸੈਕਸ ਐਜੂਕੇਸ਼ਨ ਸ਼ਿਕਸ਼ਾ- ਵਿੱਦਿਆਰਥੀਆਂ ਨੂੰ ਇਨਸਾਨਾਂ ਦੇ ਰਿਪਰੋਡੱਕਟਿਵ ਔਰਗਨਾਂ ਅਤੇ ਉਨ੍ਹਾਂ ਦੀ ਫੰਕਸ਼ਨ ਬਾਰੇ ਪੜ੍ਹਾਉਣ, ਉਨ੍ਹਾਂ ਨੂੰ ਵਿਖਾਉਣ ਅਤੇ ਉਨ੍ਹਾਂ ਬਾਰੇ ਵਿੱਚਾਰ ਵਟਾਂਦਰਾ ਕਰਨ ਤੋਂ ਪਹਿਲਾਂ ਡਿਸਟ੍ਰਿਕ ਲਈ ਮਾਪਿਆਂ ਨੂੰ ਲਿਖਤੀ ਇਤਲਾਹ ਭੇਜਣੀ ਲਾਜ਼ਮੀ ਹੈ। ਮਾਪਿਆਂ ਨੂੰ ਨੋਟਿਸ ਉਸੇ ਢੰਗ ਨਾਲ ਭੇਜਿਆ ਜਾਣਾ ਚਾਹੀਦਾ ਹੈ ਜਿਸ ਢੰਗ ਨਾਲ ਮਾਪਿਆਂ ਨੂੰ ਆਮ ਤੌਰ ਤੇ ਜਾਣਕਾਰੀ ਭੇਜੀ ਜਾਂਦੀ ਹੈ। ਮਾਪਿਆਂ ਨੂੰ ਉਨ੍ਹਾਂ ਵਲੋਂ ਲਿਖਕੇ ਮਨਾਹੀ ਕਰਨ ਦੇ ਹੱਕ ਬਾਰੇ ਦਸੋ। ਮਾਪਿਆਂ ਨੂੰ ਦਸਣਾ ਲਾਜ਼ਮੀ ਹੈ ਕਿ ਉਹ ਬੱਚੇ ਨੂੰ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਤੋਂ ਮਨ੍ਹਾਂ ਕਰ ਸਕਦੇ ਹਨ। ਮਾਪੇ ਲਿਖਕੇ ਮਨਾਹ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਇੰਞ ਕਰਨ ਦਾ ਹੱਕ ਹੈ। | ਐਜੂਕੇਸ਼ਨ ਕੋਡ : 51550<br>ਏਆਰ 6142.1 |
| ਜਿਨਸੀ ਤੌਰ ਤੇ ਤੰਗ ਕਰਨਾ (ਸੈਕਸ਼ੁਅਲ ਹਰਾਸਮੈਂਟ): ਲਿਖਤੀ ਪੌਲਸੀ ਦੀ ਲੋੜ- ਇਸ ਦੇ ਅਨੁਸਾਰ ਸੈਕਸ਼ੁਅਲ ਹਰਾਸਮੈਂਟ ਪੌਲਸੀ ਦੀ ਕੌਪੀ ਸਿਰ ਕੱਢਵੀਂ ਜਗ੍ਹਾ ਤੇ ਲਗਾਈ ਜਾਵੇ ਅਤੇ ਨਵੇਂ ਵਿੱਦਿਆਰਥੀਆਂ ਨੂੰ ਇਹ ਪੌਲਸੀ ਉਪਲਬਧ ਕਰਵਾਈ ਜਾਵੇ, ਇਸ ਤੋਂ ਇਲਾਵਾ ਇਹ ਕੌਪੀ ਸਾਰੇ ਕਰਮਚਾਰੀਆਂ ਨੂੰ ਲਾਜ਼ਮੀ ਤੌਰ ਤੇ ਦਿੱਤੀ ਜਾਵੇਹ, ਅਤੇ ਇਸ ਨੂੰ ਉਸ ਪ੍ਰਕਾਸ਼ਨ (ਪਬਲੀਕੇਸ਼ਨ) ਵਿੱਚ ਭੀ ਸ਼ਾਮਿਲ ਕੀਤਾ ਜਾਏ ਜਿਸ ਵਿੱਚ ਡਿਸਟ੍ਰਿਕ ਦੇ ਵਿਵਹਾਰ ਸਬੰਧੀ ਸਟੈਂਡਰਡ ਛੱਪਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ:231.5 48980 (ਜੀ)<br>5 ਸੀ ਸੀ ਆਰ ਸੈਕਸ਼ਨ 4917<br>ਬੋਰਡ ਪੌਲਸੀ 5145.7, ਏਆਰ 5145.7 |
| ਵਿੱਦਿਆਰਥੀ ਸਬੰਧੀ ਸੈਕਸ਼ੁਅਲ ਹਰਾਸਮੈਂਟ ਦੀ ਪੌਲਸੀ- ਸਲਾਨਾ ਸੂਚਨਾਪੱਤਰ ਵਿੱਚ ਡਿਸਟ੍ਰਿਕ ਦੀ ਸੈਕਸ਼ੁਅਲ ਹਰਾਸਮੈਂਟ ਦੀ ਲਿਖਤੀ ਪੌਲਸੀ ਜਿਸਦਾ ਸਬੰਧ ਵਿੱਦਿਆਰਥੀਆਂ ਨਾਲ ਹੇ ਦੀ ਕੌਪੀ ਭੀ ਭੇਜੀ ਜਾਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48980 (ਜੀ)<br>ਬੋਰਡ ਪੌਲਸੀ 5145.7, ਏਆਰ 5145.7 |

| ਵਿਸ਼ੇ | ਕਾਨੂੰਨੀ ਸਾਧਨ |
|---|---|
| ਸਕੂਲ ਦੇ ਗੇਟ ਤੇ ਸਾਇਨ- ਰਜਿਸਟਰੇਸ਼ਨ ਦੀਆਂ ਲੋੜਾਂ, ਆਫਿਸ ਦੇ ਮੁਕਾਮ, ਅਤੇ ਬਾਹਰ ਵਾਲੇ ਕਿਹੜਾ ਰੱਸਤਾ ਅਪਨਾਉਣ, ਇਨ੍ਹਾਂ ਸਾਰੀਆਂ ਗਲਾਂ ਬਾਰੇ ਹਰ ਸਕੂਲ ਸਾਈਟ ਦੇ ਗੇਟ ਤੇ ਜਾਣਕਾਰੀ ਦੇਣੀ ਲਾਜ਼ਮੀ ਹੈ। ਹਾਲਾਂਕਿ ਇਹ ਸਿਰਫ ਬਾਹਰਲਿਆਂ ਲਈ ਲਾਗੂ ਹੁੰਦਾ ਹੈ, ਪਰ ਐਜੂਕੇਸ਼ਨ ਕੋਡ ਦੇ 35160 ਸੈਕਸ਼ਨ, ਅਨੁਸਾਰ ਸਥਾਨਿਕ ਗਵੱਰਨਿੰਗ ਬੋਰਡ ਵਾਲੇ ਅਪਣੇ ਅਧਿਕਾਰਾਂ ਦਾ ਪ੍ਰਯੋਗ ਕਰ ਸਕਦੇ ਹਨ ਅਤੇ ਇਸ ਲੋੜ ਨੂੰ ਵਧਾਕੇ ਸਕੂਲ ਆਉਣ ਵਾਲੇ ਸਾਰੇ ਸ਼ਖਸਾਂ (ਵਿਜ਼ਿਟਰਾਂ) ਨੂੰ (ਇਸ ਵਿੱਚ ਮਾਪੇ ਭੀ ਸ਼ਾਮਿਲ ਹਨ) ਇਸ ਵਿੱਚ ਸ਼ਮਿਲ ਕਰ ਸਕਦੇ ਹਨ। ਪੀ ਸੀ 627 ਸੈਕਸ਼ਨ Et.Seq ਅਨੁਸਾਰ ਜੇਕਰ ਸਕੂਲ ਵਾਲੇ ਸਕੂਲ ਦੀਆਂ ਹਦਾਂ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਸਕੂਲ ਦੇ ਅੰਦਰ ਦਾਖ਼ਲ ਹੋਣ ਵਾਲੇ ਪਾਸੇ ਸਾਈਨ ਲਗਾਉਣੇ ਲਾਜ਼ਮੀ ਹਨ। | (ਪੀ ਸੀ) ਸੈਕਸ਼ਨ 627.6 |
| ਸਪੈਸ਼ਲ ਐਜੂਕੇਸ਼ਨ- ਡਿਸਟ੍ਰਿਕ ਲਈ ਲਾਜ਼ਮੀ ਹੈ ਕਿ ਉਹ ਫੈਡਰੱਲ ਲਾਅ ਬਾਰੇ ਮਾਪਿਆਂ ਨੂੰ ਦਸਣ ਕਿ ਇਸਦੇ ਅਨੁਸਾਰ ਤਿੰਨ ਸਾਲ ਤੋਂ ਲੈਕੇ 21 ਸਾਲਾਂ ਦੇ ਸਮਰੱਥ ਹੈਂਡੀਕੈਪਡ ਵਿੱਦਿਆਰਥੀਆਂ ਨੂੰ ਮੁਫਤ ਅਤੇ ਘੱਟ ਤੋਂ ਘੱਟ ਬੰਦਿਸ਼ ਵਾਲੇ ਵਾਤਾਵਰਨ ਵਿੱਚ ਸਿੱਖਿਆ (FAPE)ਪ੍ਰਾਪਤ ਕਰਨ ਅਤੇ ਤਿੰਨ ਸਾਲ ਤੋਂ ਘਟ ਉਮਰ ਦੇ "ਐਟ ਰਿਸਕ" ਛੋਟੇ ਬੱਚਿਆਂ ਅਤੇ ਟੌਡਲੱਰਜ਼ ਲਈ ਅਰਲੀ ਇੰਟਰਵੈਨਸ਼ਨ ਪ੍ਰੋਗਰਾਮ ਦੀ ਉਪਲਬਧੀ ਹੈ। ਐਜੂਕੇਸ਼ਨ ਕੋਡ ਦੇ 5301 ਅਤੇ 56246 ਸੈਕਸ਼ਨਾਂ ਨੂੰ ਵੇਖੋ। | ਇੰਡੀਵਿਜੁਅਲਜ਼ ਵਿਧ ਡਿਸਅਬਿਲਿਟੀਜ਼ ਐਜੂਕੇਸ਼ਨ ਐਕਟ (IDEA) |
| ਸਪੈਸ਼ਲ ਐਜੂਕੇਸ਼ਨ: ਲਿਖਤੀ ਨੋਟਿਸ - ਜਦ ਕਦੇ ਭੀ ਪਛਾਣ, ਮੁਲਾਂਕਣ, ਜਾਂ ਪਲੇਸਮੈਂਟ ਲਈ ਇਨਕਾਰ ਜਾਂ ਉਹ ਸ਼ੁਰੂ ਕਰਨੇ ਹੋਣ ਜਾਂ ਉਨ੍ਹਾਂ ਵਿੱਚ ਤਬਦੀਲੀ ਕਰਨ ਦਾ ਵਿੱਚਾਰ ਹੋਵੇ ਲਿਖਤੀ ਨੋਟਿਸ ਭੇਜਣਾ ਲਾਜ਼ਮੀ ਹੈ। | 20ਯੂਐਸ ਸੀ 1415 (ਸੀ)<br>34 ਸੀ ਐਫ ਆਰ 300 .503<br>ਏਆਰ 6159.1 |
| ਸਪੈਸ਼ਲ ਐਜੂਕੇਸ਼ਨ: ਬਾਲਗੀ ਅਵਸਥਾ- ਸਪੈਸ਼ਲ ਐਜੂਕੇਸ਼ਨ ਦੇ ਵਿੱਦਿਆਰਥੀਆਂ ਨੂੰ ਅਠ੍ਹਾਰਾਂ ਸਾਲ ਦੇ ਹੋਣ ਤੋਂ ਘੱਟ ਤੋਂ ਘੱਟ ਇੱਕ ਸਾਲ ਪਹਿਲਾਂ ਅਠ੍ਹਾਰਵੇਂ ਸਾਲ ਦੇ ਹੱਕਾਂ ਬਾਰੇ ਦਸਣਾ ਬਹੁਤ ਹੀ ਜ਼ਰੂਰੀ ਹੈ ਕਿਉਂਕੀ ਜਦੋਂ ਉਨ੍ਹਾਂ ਨੇ ਅਠ੍ਹਾਰਾਂ ਸਾਲ ਦੇ ਹੋਣਾ ਹੈ ਤਾਂ ਫੈਸਲਾ ਕਰਨ ਲਈ ਇਹ ਹੱਕ ਉਨ੍ਹਾਂ ਨੂੰ ਮਿਲ ਜਾਣਗੇ। ਇਸ ਨਾਲ ਸਬੰਧਿਤ ਕਥਨ ਇੰਡੀਵਿਜੁਲਾਇਜ਼ਡ ਐਜੂਕੇਸ਼ਨ ਪ੍ਰੋਗਰਾਮ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। | ਐਜੂਕੇਸ਼ਨ ਕੋਡ ਸੈਕਸ਼ਨ: 56345 (ਏ) (8) |
| ਸਪੈਸ਼ਲ ਐਜੂਕੇਸ਼ਨ: ਜਾਇਜ਼ਾ ਲਗਾਉਣ ਦਾ ਪਲੈਨ, ਮਾਪਿਆਂ ਦੇ ਹੱਕ- ਇਸ ਦੇ ਅਨੁਸਾਰ ਡਿਸਟ੍ਰਿਕ ਲਈ ਮੁਲਾਂਕਣ ਕਰਨ ਸੰਬਧੀ ਮਸ਼ਵਰਾ ਦੇਣ ਦੇ ਪੰਦਰਾਂ ਦਿਨਾਂ ਦੇ ਵਿੱਚ-ਵਿੱਚ ਤਜਵੀਜ਼ ਕੀਤੀ ਗਈ ਪਲੈਨ ਬਾਰੇ ਲਿਖਤੀ ਇਤਲਾਹ ਦੇਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਉਸ ਸੂਚਨਾਪੱਤਰ ਵਿੱਚ ਮਾਪਿਆਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਭੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਹ ਜਾਣਕਾਰੀ ਮਾਪਿਆਂ ਦੀ ਆਪਣੀ ਮਾਤਰ ਭਾਸ਼ਾ ਵਿੱਚ ਜਾਂ ਜਿਹੜੇ ਭੀ ਤਰੀਕੇ ਨਾਲ ਉਹ ਸਮਝ ਸਕਦੇ ਹਨ ਉਸ ਵਿੱਚ ਦਿੱਤੀ ਜਾਣੀ ਚਾਹੀਦੀ ਹੈ। ਪ੍ਰਬੰਧਕਾਂ ਵਲੋਂ ਮੁਲਾਂਕਣ ਪੂਰਾ ਕਰਨ ਤੇ ਆਈ ਈ ਪੀ ਮੀਟਿੰਗ ਮਿਥੇ ਜਾਵੇ ਅਤੇ ਫੈਸਲਾ ਕੀਤਾ ਜਾਵੇ। ਜੇਕਰ ਮਾਪੇ ਮੁਲਾਂਕਣ ਨਾਲ ਸਹਿਮਤ ਨਾ ਹੋਣ ਤਾਂ ਉਨ੍ਹਾਂ ਨੂੰ ਅਪਣੇ ਆਪ ਕਿਸੀ ਹੋਰ ਏਜੰਸੀ ਕੋਲੋਂ ਮੁਲਾਂਕਣ ਕਰਵਾਉਣ ਦਾ ਹੱਕ ਹੈ। | ਐਜੂਕੇਸ਼ਨ ਕੋਡ ਸੈਕਸ਼ਨ: 56321<br>34 ਸੀ ਐਫ ਆਰ 300 . 502<br>ਬੋਰਡ ਪੌਲਸੀ 6164.4 ਏਆਰ 6164.4 |
| ਸਪੈਸ਼ਲ ਐਜੂਕੇਸ਼ਨ: ਮੁੱਲਾਂਕਣ, ਕਾਨੂੰਨੀ ਕਾਰਵਾਈ (ਡਿਉ ਪ੍ਰੋਸੈਸ)- ਸਪੈਸ਼ਲ ਐਜੂਕੇਸ਼ਨ ਸਬੰਧੀ ਮੁੱਲਾਂਕਣ ਲਈ ਅਨੁਮਾਨ ਲਾਉਣ ਦੇ ਪਲਾਨ ਵਿੱਚ ਮਾਪਿਆਂ ਨੂੰ ਇਹ ਦਸਣਾ ਬਹੁਤ ਜ਼ਰੂਰੀ ਹੈ ਕਿ ਪੂਰੀ ਤਰ੍ਹਾਂ ਅਨੁਮਾਨ ਲਾਉਣ ਤੋਂ ਬਾਅਦ ਇੱਕ ਇੰਡੀਵਿਜੁਲਾਇਜ਼ਡ (ਵਿਅਕਤੀਕਰਨ) ਐਜੂਕੇਸ਼ਨ ਪ੍ਰੋਗਰਾਮ ਦੀ ਟੀਮ ਦੀ ਮੀਟਿੰਗ ਹੋਵੇਗੀ। ਇਸ ਮੀਟਿੰਗ ਦਾ ਮਕਸਦ ਮੁਲਾਂਕਣ ਦਾ ਜਾਇਜ਼ਾ ਲਗਾਉਣਾ, ਵਿੱਦਿਆ ਸਿਖਾਉਣ ਦੇ ਸੁਝਾਉ ਦੇਣਾ, ਅਤੇ ਸੁਝਾਵਾਂ ਦੇ ਅਧਾਰ ਦਸਣਾ। ਇਸ ਤੋਂ ਇਲਾਵਾ ਮਾਪਿਆਂ ਨੂੰ ਇਲਿਜਿਬਿਲਟੀ (ਸੇਵਾਵਾਂ ਪ੍ਰਾਪਤ ਕਰਨ ਦੀ ਯੋਗਤਾ)ਦੇ ਫੈਸਲੇ ਬਾਰੇ ਲਿਖਤੀ ਸਬੂਤ ਅਤੇ ਮੁੱਲਾਂਕਣ ਦੀ ਰਿਪੋਰਟ ਦੀ ਕਾਪੀ ਦਿੱਤੀ ਜਾਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ: 56329<br>34 ਸੀ ਐਫ ਆਰ 300.502<br>ਬੋਰਡ ਪੌਲਸੀ 6164.4 ਏਆਰ 6164.4 |
| ਸ਼ਪੈਸ਼ਲ ਐਜੂਕੇਸ਼ਨ: ਸਪੈਸ਼ਲ ਐਜੂਕੇਸ਼ਨ ਸਬੰਧਿਤ ਮਾਪਿਆਂ ਦੇ ਹੱਕ- ਸਪੈਸ਼ਲ ਐਜੂਕੇਸ਼ਨ ਲੋਕਲ ਪਲੈਨ ਏਰੀਏ (SELPA) ਲਈ ਲਗਾਤਾਰ ਬੱਚੇ ਨੂੰ ਲੱਭਣ ਵਾਲੇ ਸਿਸਟੱਮ ਦੇ ਤਰੀਕਿਆਂ ਬਾਰੇ ਲਾਜ਼ਮੀ ਤੌਰ ਤੇ ਇੱਕ ਲਿਖਤੀ ਪੌਲਸੀ ਸਥਾਪਿਤ ਕਰਨ ਦੀ ਲੋੜ ਹੈ, ਜਿਸ ਵਿੱਚ ਡਿਸਅਬਿਲਟੀ ਵਾਲੇ ਹੋਮਲੈਸ(ਘਰ ਤੋਂ ਬਗੈਰ) ਬੱਚੇ ਜਾਂ ਸਟੇਟ ਦੀਦੇਖ-ਰੇਖ ਹੇਟ ਬੱਚੇ ਵੀ ਸ਼ਾਮਿਲ ਹਨ। ਪੌਲਸੀਆਂ ਅਤੇ ਕਾਰਜਪ੍ਰਣਾਲੀਆਂ ਵਿੱਚ ਮਾਪਿਆਂ ਨੂੰ ਲਾਜ਼ਮੀ ਤੌਰ ਤੇ ਸੂਚਨਾ ਪੱਤਰ ਭੇਜਣਾ ਵੀ ਲਾਜ਼ਮੀ ਹੈ। ਐਜੂਕੇਸ਼ਨ ਕੋਡ ਦੇ 56301 ਸੈਕਸ਼ਨਾਂ et.seq ਅਨੁਸਾਰ ਡਿਸਟ੍ਰਿਕ ਵਾਲਿਆਂ ਲਈ ਲਾਜ਼ਮੀ ਹੈ ਕਿ ਉਹ ਲਿਖਤੀ ਪੌਲਸੀ ਅਤੇ ਕਾਰਵਾਈ ਵਿੱਚ, ਪਛਾਣ, ਮਸ਼ਵਰਾ, ਮੁਲਾਂਕਣ, ਸਿਖਲਾਈ ਦੀ ਪਲੈਨਿੰਗ, ਲਾਗੂ ਹੋਣ ਦਾ ਸਮਾਂ, ਪੁਨਰਵਿੱਚਾਰ, ਅਤੇ ਪਹਿਲਾ ਮੁਲਾਂਕਣ ਕਰਨ ਦੇ ਸਮੇਂ ਨਾਲ ਸਬੰਧਿਤ ਮਾਪਿਆਂ ਦੇ ਹੱਕਾਂ ਬਾਰੇ ਜਾਣਕਾਰੀ ਸ਼ਾਮਿਲ ਕਰਨ। ਮੁਢੱਲਾ ਮੁਲਾਂਕਣ ਕਰਨ ਤੋਂ ਪਹਿਲਾਂ , ਡਿਸਟ੍ਰਿਕ ਮਾਪਿਆਂ ਨੂੰ ਉਨ੍ਹਾਂ ਦੇ ਹੱਕਾਂ , ਮੁਲਾਂਕਣ ਦੀ ਪਲੈਨ, ਬਾਰੇ ਲਿਖਤੀ ਨੋਟਿਸ ਭੇਜੇ। | ਇੰਡੀਵਿਜੁਅਲਜ਼ ਵਿਧ ਡਿਸਅਬਿਲਟੀਜ਼ ਐਜੂਕੇਸ਼ਨ ਐਕਟ (IDEA)<br>(ਐਜੂਕੇਸ਼ਨ ਕੋਡ) ਐਜੂਕੇਸ਼ਨ. ਕੋਡ 56301<br>ਬੋਰਡ ਪੌਲਸੀ 6164.4 ਏਆਰ 6164.4<br>ਸੀ ਆਰ ਐਫ 300 .52 |
| ਸਪੈਸ਼ਲ ਐਜੂਕੇਸ਼ਨ- ਸ਼ਿਕਾਇਤ- ਜਿਸ ਸ਼ਿਕਾਇਤ ਦਾ ਸਬੰਧ ਵਿਤਕਰੇ, ਸਪੈਸ਼ਲ ਐਜੂਕੇਸ਼ਨ ਜਾਂ ਸ਼ਿਕਸ਼ਾ ਦੇਣ ਦੇ ਪ੍ਰੋਗਰਾਮਾਂ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਨਾਲ ਹੈ ਤਾਂ ਸ਼ਿਕਾਇਤ ਦੇ ਫੈਸਲੇ ਦਾ ਜਵਾਬ ਲਿਖਕੇ ਦਿਤਾ ਜਾਵੇ ਅਤੇ ਉਸਦੇ ਨਾਲ ਅਪੀਲ ਕਰਨ ਦੇ ਨਿਯਮ ਅਤੇ ਤਰੀਕੇ ਬਾਰੇ ਜਾਣਕਾਰੀ ਉਪਲਬਧ ਕਰਵਾਈ ਜਾਣੀ ਚਾਹੀਦੀ ਹੈ। | 5 ਸੀ ਸੀ ਆਰ 4631 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਸਪੈਸ਼ਲ ਐਜੂਕੇਸ਼ਨ ਵਾਲੇ ਵਿੱਦਿਆਰਥੀ ਦਾ ਵਿਹਾਰ ਜੋ ਖਤਰਨਾਕ ਹੈ- ਖਤਰਨਾਲ ਵਿਹਾਰ ਲਈ 10 ਤੋਂ ਵੱਧ ਦਿਨਾਂ ਲਈ ਮੁਤਲ ਕਰਨ ਦਾ ਫੈਸਲਾ ਜਾਂ ਉਸਦੇ ਬਰਖਲਾਫ ਡਿਸਿਪਲਿਨ ਸਬੰਧਿਤ ਕਾਰਵਾਈ ਕੀਤੀ ਜਾਵੇ। | 20 ਯੂ ਐਸ ਸੀ1415 (ਕੇ)<br>34 ਸੀ ਐਫ ਆਰ 300.530<br>ਏ ਆਰ 5144.2 |
| ਸਪੈਸ਼ਲ ਐਜੂਕੇਸ਼ਨ- ਕਾਨੂੰਨੀ ਸੁਨਵਾਈ ਸਬੰਧੀ ਕਾਰਵਾਈ- ਕਨੂੰਨੀ ਸੁਨਵਾਈ ਲਈ ਬੇਨਤੀ ਕਰਨ ਸਮੇਂ ਸੂਚਨਾਪੱਤਰ ਭੇਜਣਾ- ਬੱਚੇ ਦਾ ਨਾਂ, ਪਤਾ, ਸਕੂਲ, ਸਮੱਸਿਆ ਦੀ ਵਿਆਖਿਆ, ਅਤੇ ਨਜਿਠਨ ਲਈ ਸੁਝਾਉ। | 20 ਯੂ ਐਸ ਸੀ 1415(ਕੇ), 34 ਸੀ ਐਫ ਆਰ 300 .508<br>ਏਆਰ 6159.1 |
| ਸਪੈਸ਼ਲ ਐਜੂਕੇਸ਼ਨ : ਆਈ ਈ ਪੀ ਦੀ ਇਲੈਕਟਰੌਨਿਕ ਰਿਕਾਰਡਿੰਗ (ਟੇਪ ਆਦਿ)- ਜਿਸ ਤਰ੍ਹਾਂ ਕਿ ਐਜੂਕੇਸ਼ਨ ਕੋਡ 56321 ਵਿੱਚ ਦਿੱਤਾ ਗਿਆ ਹੈ ਕਿ ਸੂਚਨਾਪੱਤਰ ਵਿੱਚ ਆਈ ਈ ਪੀ ਮੀਟਿੰਗਾਂ ਦੀਆਂ ਕਾਰਵਾਈਆਂ ਇਲੈਕਟਰੌਨਿੱਕਲੀ ਰਿਕੌਰਡ ਕਰਨ ਬਾਰੇ ਜਾਣਕਾਰੀ ਸ਼ਾਮਿਲ ਕੀਤੀ ਜਾਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ: 56321.5, 56341<br>ਏਆਰ 6159 |
| ਸਪੈਸ਼ਲ ਐਜੂਕੇਸ਼ਨ: ਇਮਰਜੰਸੀ ਇੰਟਰਵੈਨਸ਼ਨ- ਸਕੂਲ ਦੇ ਇੱਕ ਦਿਨ ਦੌਰਾਨ ਇਮਰਜੈਂਸੀ ਇੰਟਰਵੈਨਸ਼ਨ ਜਾਂ ਪ੍ਰੌਪਰਟੀ ਨੂੰ ਨੁਕਸਾਨ ਪਹੁੰਚੇ। | 5 ਸੀ ਸੀ ਆਰ 3052<br>ਏਆਰ 6159.4 |
| ਸਪੈਸ਼ਲ ਐਜੂਕੇਸ਼ਨ- ਫੰਕਸ਼ਨ(ਰੋਜ਼ਮਰਾ ਦੇ ਕੰਮ ਕਰ ਸਕਣ ਦੀ ਯੋਗਤਾ) ਕਰਨ ਦੇ ਵਿਵਹਾਰ ਸੰਬੰਧਿਤ ਮੁਲਾਂਕਣ- ਫੰਕਸ਼ਨ ਕਰਨ ਦੇ ਵਿਵਹਾਰ ਸੰਬੰਧਿਤ ਮੁਲਾਂਕਣ ਕਰਨ ਤੋਂ ਪਹਿਲੋਂ ਸੂਚਨਾਪਤੱਰ ਅਤੇ ਸਹਿਮਤੀ ਲਾਜ਼ਮੀ ਹੈ। ਫੰਕਸ਼ਨ ਕਰਨ ਦੇ ਵਿਵਹਾਰ ਸੰਬੰਧਿਤ ਮੁਲਾਂਕਣ ਬਾਰੇ ਸਵਾਲ ਕਰਨ ਦੇ ਹੱਕ ਅਤੇ ਉਸ ਵਿੱਚ ਸੰਸ਼ੋਦਨ ਕਰਨ ਦੇ ਹੱਕ ਬਾਰੇ ਜਾਣਕਾਰੀ ਦੇਣੀ। | 5 ਸੀ ਸੀ ਆਰ 3052<br>ਏਆਰ 6159.4 |
| ਸਪੈਸ਼ਲ ਐਜੂਕੇਸ਼ਨ: ਆਈ ਈ ਪੀ- ਜਦ ਮਾਪੇ ਮੂੰਹ ਜ਼ਬਾਨੀ ਆਈ ਈ ਪੀ ਨਤੇ ਪੁਨਰਵਿੱਚਾਰ ਕਰਨ ਲਈ ਬੇਨਤੀ ਕਰਨ ਤਾਂ ਉਨ੍ਹਾਂ ਨੂੰ ਬੇਨਤੀ ਲਿਖਕੇ ਕਰਨੀ ਪਵੇਗੀ। ਆਈ ਈ ਪੀ ਮੀਟਿੰਗਾਂ ਦਾ ਨੋਟਿਸ, ਹਿੱਸਾ ਲੈਣਾ ਕਿਉਂ ਜ਼ਰੂਰੀ ਹੈ, ਜੇਕਰ ਸਪੈਸ਼ਲ ਐਜੂਕੇਸ਼ਨ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਹੋਵੇ ਤਾਂ। ਮੁਲਾਂਕਣ ਲਈ ਮੁਢੱਲਾ ਮਸ਼ਵਰਾ ਦੇਣ ਲਈ ਕਾਰਵਾਈ ਦੇ ਸੇਫਗਾਰਡ ਬਾਰੇ ਨੋਟਿਸ ਦੇਣਾ, ਆਈ ਈ ਪੀ ਦੀ ਮੀਟਿੰਗ ਲਈ ਸੂਚਨਾ ਪਤੱਰ, ਵਿੱਦਿਆਰਥੀ ਦਾ ਪੁਨਰ ਮੁਲਾਂਕਣ ਕਰਨ ਤੋਂ ਪਹਿਲਾਂ, ਸ਼ਿਕਾਇਤ ਰਜਿਸਟਰ ਕਰਨ ਲਈ। | ਐਜੂਕੇਸ਼ਨ ਕੋਡ ਸੈਕਸ਼ਨ:56343.5, 56346<br>20 ਯੂ ਐਸ ਸੀ1415 (ਡੀ)<br>34 ਸੀ ਐਫ ਆਰ 300 .503<br>ਏ ਆਰ 6159, ਬੋਰਡ ਪੌਲਸੀ 6159.1 |
| ਸਪੈਸ਼ਲ ਐਜੂਕੇਸ਼ਨ: ਆਈ ਈ ਪੀ ਨੋਟੀਫਿਕੇਸ਼ਨ- ਮਾਪੇ ਨੂੰ ਆਈ ਈ ਪੀ ਵਿੱਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕਰਨ ਲਈ ਸੁਚਨਾਪਤੱਰ ਕਾਫੀ ਸਮਾਂ ਪਹਿਲਾਂ ਭੇਜਿਆ ਜਾਣਾ ਚਾਹੀਦੀ ਹੈ। ਉਸ ਵਿੱਚ ਮੀਟਿੰਗ ਦਾ ਸਮਾਂ, ਜਗ੍ਹਾ, ਜੇ ਲੋੜ ਹੈ ਤਾਂ ਟਰਾਂਜ਼ੀਸ਼ਨ ਬਿਆਨ ਭੀ ਸ਼ਾਮਿਲ ਹੋਣਾ ਚਾਹੀਦਾ ਹੈ। | ਐਜੂਕੇਸ਼ਨ ਕੋਡ 56341.5<br>34 ਸੀ ਐਫ ਆਰ 300.345<br>ਏ ਆਰ 6159, |
| ਸਪੈਸ਼ਲ ਐਜੂਕੇਸ਼ਨ: ਸੰਸ਼ੋਧਨ (ਮੌਡੀਫਿਕੇਸ਼ਨ) - ਵਿਹਾਰ ਸਬੰਧਿਤ ਇੰਟਰਵੈਨਸ਼ਨ ਲਈ ਸੰਸ਼ੋਧਨ ਕਰਨ ਤੋਂ ਪਹਿਲੋਂ ਸੰਸ਼ੋਧਨ ਦੀ ਲੋੜ ਬਾਰੇ ਸੂਚਨਾ ਦਿਉ, ਸੰਸ਼ੋਧਨ ਬਾਰੇ ਸਵਾਲ ਪੁਛਣ ਦੇ ਹੱਕ ਬਾਰੇ ਭੀ ਦਸੋ। | 5 ਸੀ ਸੀ ਆਰ 3052 |
| ਸਪੈਸ਼ਲ ਐਜੂਕੇਸ਼ਨ: ਪਲੇਸਮੈਂਟ ਤਬਦੀਲੀ- 10 ਦਿਨ ਤੋਂ ਵੱਧ ਦਿਨਾਂ ਲਈ ਤਬਦੀਲੀ ਕਰਨ ਦੇ ਫੈਸਲੇ ਬਾਰੇ ਜਾਣਕਾਰੀ ਦੇਣੀ। ਫੈਸਲਾ ਅਤੇ ਕਾਰਜਪ੍ਰਨਾਲੀ ਦੇ ਸੇਫਗਾਰਡਜ਼(ਅਪਣੇ ਬਚਾਉ) ਬਾਰੇ ਨੋਟਿਸ ਦੇਣਾ। | 20 ਯੂ ਐਸ ਸੀ 1415 (ਕੇ)<br>34 ਸੀ ਐਫ ਆਰ 300 .530<br>ਏ ਆਰ 5144.2, |
| ਸਪੈਸ਼ਲ ਐਜੂਕੇਸ਼ਨ: ਸਟੇਟ ਸੁਨਵਾਈ-ਵਕੀਲ- ਸਟੇਟ ਸੁਨਵਾਈ ਦੌਰਾਨ ਵਕੀਲ ਵਲੋਂ ਸਫਾਈ ਪੇਸ਼ ਕਰਨ ਤੋਂ 10 ਦਿਨ ਪਹਿਲਾਂ ਇਤਲਾਹ ਦੇਣੀ। | ਐਜੂਕੇਸ਼ਨ ਕੋਡ ਸੈਕਸ਼ਨ:56507<br>ਏ ਆਰ 6159.1 |
| ਸਪੈਸ਼ਲ ਐਜੂਕੇਸ਼ਨ ਟੀਚਰ ਕਵਾਲੀਫਿਕੇਸ਼ਨ- ਸਪੈਸ਼ਲ ਐਜੂਕੇਸ਼ਨ ਟੀਚਰਾਂ ਕੋਲ ਨੋ ਚਾਈਲਡ ਲੈਫਟ ਬਿਹਾਈਂਡ ਵਲੋਂ ਮਿਥੀ ਸ਼ਰਤ ਅਨੁਸਾਰ ਹਾਈਲੀ(ਬਹੁਤ ਜ਼ਿਆਦਾ) ਕਵਾਲੀਫਾਇਡ ਟੀਚਰਾਂ ਵਾਲੇ ਸਟੈਂਡਰਡ ਹੋਣੇ ਚਾਹੀਦੇ ਹਨ। ਇਸਦੇ ਨਾਲ-ਨਾਲ ਐਜੂਕੇਸ਼ਨ ਕੋਡ ਦਾ ਸੈਕਸ਼ਨ 56059 ਸਪਸ਼ਟ ਰੂਪ ਵਿੱਚ ਦਸਦਾ ਹੈ ਕਿ ਜੇਕਰ ਡਿਸਟ੍ਰਿਕ ਹਾਇਲੀ ਕਵਾਲੀਫਾਈਡ ਟੀਚਰਾਂ ਹਾਇਰ ਨਹੀਂ ਕਰਦਾ ਹੈ ਤਾਂ ਵਿੱਦਿਆਰਥੀ ਨੂੰ ਉਸ ਦੇ ਬਰਖਲਾਫ ਕਾਰਵਾਈ ਕਰਨ ਦਾ ਹੱਕ ਨਹੀਂ ਹੈ। | ਐਜੂਕੇਸ਼ਨ ਕੋਡ 56301 |
| ਸਟੈਂਡਰਡਾਈਜ਼ਡ ਅਚੀਵਮੈਂਟ ਟੈਸਟ- ਸਟੈਂਡਰਡਾਈਜ਼ਡ ਅਚੀਵਮੈਂਟ ਟੈਸਟ ਦੇ ਨਤੀਜੇ ਮਿਲਣ ਤੋਂ ਬਾਅਦ ਕੰਮ ਦੇ 20 ਦਿਨਾਂ ਦੇ ਵਿੱਚ-ਵਿੱਚ ਨਤੀਜੇ ਦਿੱਤੇ ਜਾਣੇ ਚਾਹੀਦੇ ਹਨ। ਟੈਸਟ ਦੇ ਨਤੀਜੇ, ਟੈਸਟ ਦਾ ਮਕਸਦ, ਵਿਅਕਤਕ ਨੰਬਰ ਅਤੇ ਪ੍ਰਯੋਗ ਬਾਰੇ ਦਸੋ। | ਐਜੂਕੇਸ਼ਨ ਕੋਡ ਸੈਕਸ਼ਨ:60641; 5 ਸੀ ਸੀ ਆਰ 863, ਬੋਰਡ ਪੌਲਸੀ 6162.51<br>ਏ ਆਰ 6162.51 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਵਿਦਿਆਰਥੀ ਕੱਨਡੱਕਟ- ਪਬਲਿਕ ਸਕੂਲਾਂ ਵਿੱਚ ਦਾਖਲ ਵਿਦਿਅਰਥੀਆਂ ਦੇ ਮਾਪਿਆਂ ਅਤੇ ਗਾਰਡੀਅਨਾ ਦਾ ਹੱਕ ਹੈ ਕਿ ਉਹਨਾ ਕੋਲ ਆਪਣੇ ਬੱਚਿਆਂ ਦੀ ਪੜ੍ਹਾਈ ਮਦਦਗਾਰ ਅਤੇ ਇੱਜ਼ਤਦਾਰ ਹਿੱਸੇਦਾਰ ਬਨਣ ਲਈ ਢੁਕਵੇਂ ਮੌਕੇ ਹੋਣੇ ਚਾਹੀਦੇ ਹਨ, ਅਤੇ ਉਹਨਾ ਨੂੰ ਸੈਕਸ਼ਨ 48980 ਦੇ ਅਨੁਸਾਰ ਸਕੂਲ ਦੇ ਨਿਯਮਾਂ ਬਾਰੇ, ਡਿਸਿਪਲਿਨਰੀ ਨਿਯਮਾਂ ਅਤੇ ਕਾਰਜ-ਪ੍ਰਣਾਲੀਆਂ ਬਾਰੇ, ਅਟੈਂਡੈਂਸ ਪਾਲਸੀਆਂ ਬਾਰੇ, ਡਰੈੱਸ ਕੋਡਾਂ ਅਤੇ ਸਕੂਲ ਵਿਜ਼ੀਟੇਸ਼ਨ ਦੇ ਤਰੀਕਿਆਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।<br><br>ਵਿਦਿਆਰਥੀ ਦੇ ਕਰਤੱਵ- 5 ਸੀ ਸੀ ਆਰ 300- ਵਿਦਿਆਰਥੀਆਂ ਨੂੰ ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਸਾਰੀਆਂ ਹਿਦਾਇਤਾਂ ਮੰਨਣੀਆਂ ਚਾਹੀਦੀਆਂ ਹਨ, ਪੜ੍ਹਾਈ ਵਿੱਚ ਧਿਆਨ ਦੇਣਾ ਅਤੇ ਟੀਚਰਾਂ ਅਤੇ ਹੋਰਾਂ ਦੀ ਇੱਜ਼ਤ ਕਰਨੀ ਚਾਹੀਦੀ ਹੈ, ਅਤੇ ਮਾੜੇ ਸ਼ਬਦਾਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ।<br><br>ਜਿਉਰੀਸਡਿਕਸ਼ਨ- ਈ ਸੀ 44807- ਪੜ੍ਹਾਉਣ ਵਾਲੇ ਸਟਾਫ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਉੱਪਰ ਸਕੂਲ ਨੂੰ ਆਉਮ ਅਤੇ ਸਕੂਲੋਂ ਜਾਣ ਸਮੇਂ, ਖੇਡਣ ਵਾਲੇ ਮੈਦਾਨ ਅਤੇ ਰੀਸੈੱਸ ਸਮੇਂ ਡਿਸਿਪਲਿਨਰੀ ਨਿਜਮਾਂ ਨੂੰ ਸਖਤੀ ਨਾਲ ਲਾਗੂ ਕਰਨ।<br><br>ਪੜ੍ਹਾਉਣ ਵਾਲੇ ਸਟਾਫ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਉੱਪਰ ਸਕੂਲ ਨੂੰ ਆਉਮ ਅਤੇ ਸਕੂਲੋਂ ਜਾਣ ਸਮੇਂ, ਖੇਡਣ ਵਾਲੇ ਮੈਦਾਨ ਅਤੇ ਰੀਸੈੱਸ ਸਮੇਂ ਡਿਸਿਪਲਿਨਰੀ ਨਿਜਮਾਂ ਨੂੰ ਸਖਤੀ ਨਾਲ ਲਾਗੂ ਕਰਨ।<br><br>ਮੈਨਡੇਟਰੀ ਐਕਸਪੱਲਸ਼ਨ ਵਾਇਲੇਸ਼ਨ- ਈ ਸੀ 48915<br>ਹੇਠ ਲਿਖੀਆਂ ਗੱਲਾਂ ਕਰਨ ਵਾਲੇ ਵਿਦਿਆਰਥੀ ਨੂੰ ਉਸੇ ਵਕਤ ਸਕੂਲ ਵਿੱਚੋਂ ਮੁਅੱਤਲ ਕਰ ਦਿੱਤਾ ਜਾਵੇਗਾ;<br>➢ ਕਿਸੇ ਵੀ ਹਥਿਆਰ ਨੂੰ ਕੋਲ ਰੱਖਣਾਂ ਜਾਂ ਵੇਚਣਾਂ ਜਾਂ ਮੁਹੱਈਆ ਕਰਵਾਉਣਾ<br>➢ ਕਿਸੇ ਵਿਅਕਤੀ ਨੂੰ ਚਾਕੂ ਦਿਖਾਉਣਾ<br>➢ ਕਾਨੂੰਨ ਦੇ ਵਿਰੁੱਧ ਕਿਸੇ ਕੰਟਰੋਲਡ ਪਦਾਰਥ ਨੂੰ ਵੇਚਣਾਂ<br>➢ ਸੈਕਸੂਅਲ ਹਮਲਾ ਕਰਨਾ ਜਾਂ ਕਰਨ ਦੀ ਕੋਸ਼ਿਸ਼ ਕਰਨੀ<br>➢ ਧਮਾਕਾ ਕਰਨ ਵਾਲੀਆਂ ਚੀਜ਼ਾਂ ਕੋਲ ਰੱਖਣੀਆਂ<br>ਵਿਦਿਆਰਥੀ ਵੱਲੋਂ ਇਸ ਤਰਾਂ ਦੀਆਂ ਹਰਕਤਾਂ ਕਰਨ ਦਾ ਪਤਾ ਲੱਗਣ ਤੇ ਸਕੂਲ ਬੋਰਡ ਉਸੇ ਵਕਤ ਵਿਦਿਆਰਥੀ ਨੂੰ ਮੁਅੱਤਲ ਕਰਨ ਦਾ ਆਦੇਸ਼ ਦੇਵੇਗਾ। | ਈ ਸੀ ਸੈਕਸ਼ਨ 44807, 48915, 51100<br>5 ਸੀ ਸੀ ਆਰ 300 |
| ਸੂਰਜ ਤੋਂ ਸੁਰੱਖਿਤ ਰਹਿਣ ਵਾਲੇ ਕਪੜੇ ਅਤੇ ਸਨਸਕ੍ਰੀਨ ਇਸਤੇਮਾਲ ਕਰਨਾ- ਐਜੂਕੇਸ਼ਨ ਕੋਡ ਦੇ ਸੈਕਸ਼ਨ 35183.5 ਅਨੁਸਾਰ ਸਕੂਲ, ਲਈ ਲਾਜ਼ਮੀ ਹੈ ਕਿ ਉਹ ਸਕੂਲ ਦਿਨ ਦੌਰਾਨ ਬਾਹਰ ਖੇਡਣ ਲਈ ਸੂਰਜ ਤੋਂ ਸੁਰੱਖਿਤ ਰਹਿਣ ਵਾਲੀਆਂ ਚੀਜ਼ਾਂ ਦੇ ਪ੍ਰਯੋਗ ਲਈ ਇਜਾਜ਼ਤ ਦੇਣ। ਸਕੂਲ ਵਾਲਿਆਂ ਨੂੰ ਸੂਰਜ ਤੋਂ ਸੁਰੱਖਿਤ ਰਹਿਣ ਸਬੰਧੀ ਕਪੜਿਆਂ ਲਈ ਪੌਲਸੀ ਬਣਾਉਣ ਦਾ ਹੱਕ ਹੈ। ਇਸ ਤੋਂ ਇਲਾਵਾ ਐਜੂਕੇਸ਼ਨ ਕੋਡ ਦੇ 35183.5 ਸੈਕਸ਼ਨ ਅਨੁਸਾਰ ਸਕੂਲ ਸਮੇਂ ਦੌਰਾਨ ਡੌਕਟਰ ਦੀ ਇਜਾਜ਼ਤ ਜਾਂ ਨੋਟ ਤੋਂ ਬਗੈਰ ਵਿੱਦਿਆਰਥੀਆਂ ਨੂੰ ਸਨਸਕਰੀਨ ਲਗਾਉਣ ਦੀ ਇਜਾਜ਼ਤ ਹੈ। ਇਸ ਤੋਂ ਇਲਾਵਾ ਸਕੂਲਾਂ ਨੂੰ ਸਨਸਕਰੀਨ ਦੇ ਪ੍ਰਯੋਗ ਸਬੰਧੀ ਪੌਲਸੀ ਸਥਾਪਿਤ ਕਰਨ ਦਾ ਹੱਕ ਹੈ। | ਐਜੂਕੇਸ਼ਨ ਕੋਡ ਸੈਕਸ਼ਨ:35256<br>35183.5 |

| ਵਿਸ਼ਾ | ਕਾਨੂੰਨੀ ਸਾਧਨ |
|---|---|
| ਮੁਅੱਤਲੀ- ਮੁਅੱਤਲ ਕਰਨ ਵੇਲੇ ਮਾਪਿਆਂ ਨੂੰ ਖੁਦ ਜਾਂ ਟੈਲੀਫੋਨ ਰਾਹੀਂ ਦਸਣ ਦੀ ਪੂਰੀ ਕੋਸ਼ਿਸ਼ ਕਰਨ ਦੀ ਲੋੜ ਹੈ, *ਉਸ ਤੋਂ ਬਾਅਦ*ਲਿਖਤੀ ਰੂਪ ਵਿੱਚ ਸੂਚਨਾ ਭੇਜਣੀ ਭੀ ਲਾਜ਼ਮੀ ਹੈ। ਮੁਅੱਤਲੀ ਵਿੱਚ ਵਾਧਾ ਕਰਨ ਦੇ ਫੈਸਲੇ ਬਾਰੇ ਅਤੇ ਜੇਕਰ ਕੱਢਣ ਬਾਰੇ ਸੋਚਿਆ ਜਾ ਰਿਹਾ ਹੈ ਤਾਂ ਮਾਪਿਆਂ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਬੇਨਤੀ ਕਰਨੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48911<br>ਬੋਰਡ ਪੌਲਸੀ 5144.1, ਏਆਰ 5144.1 |
| ਪ੍ਰਬੰਧਕੀ ਬੋਰਡ ਵਲੋਂ ਮੁਅੱਤਲ ਕੀਤੇ ਜਾਣਾ- ਪ੍ਰਾਇਵੇਟ ਸਭਾ ਦਾ ਇਰਾਦਾ(ਇਨਟੈਂਟ ਟੂ ਹੋਲਡ ਕਲੋਜ਼ਡ ਸੈਸ਼ਨ)- ਪ੍ਰਬੰਧਕੀ ਬੋਰਡ ਐਜੂਕੇਸ਼ਨ ਕੋਡ 48903 ਵਲੋਂ ਦਸੀ ਸੀਮਾ ਅੰਦਰ ਮੁਅੱਤਲ ਕਰ ਸਕਦੇ ਹਨ, ਪਰ ਮੁਅੱਤਲੀ ਦੇ ਦਿਨਾਂ ਤੇ ਪਾਬੰਦੀ ਹੈ। ਡਿਸਿਪਲਿਨ ਸਬੰਧੀ ਕਾਰਵਾਈ ਲਈ ਬੋਰਡ ਨੇ ਜਿਹੜੀ ਪ੍ਰਾਈਵੇਟ ਸੁਣਵਾਈ ਕਰਨ ਦਾ ਇਰਾਦਾ ਕੀਤਾ ਹੈ ਉਸ ਬਾਰੇ ਮਾਪਿਆਂ ਨੂੰ ਰਜਿਸਟਰਡ, ਜਾਂ ਸੱਰਟੀਫਾਇਡ ਮੇਲ ਜਾਂ ਪੱਰਸਨੱਲ ਸੇਵਾ ਰਾਹੀਂ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48912<br>ਏ ਆਰ 5144.1 |
| ਟੀਚਰ ਵਲੋਂ ਮੁਅੱਤਲ ਕੀਤੇ ਜਾਣਾ; ਰਿਪੋਰਟ ਕਰਨਾ, ਸੰਪਰਕ ਕਰਨਾ, ਮਸ਼ਵਰਾ ਦੇਣਾ - ਇਸਦੇ ਅਨੁਸਾਰ ਟੀਚਰ ਨੂੰ ਕਲਾਸ ਚੋਂ ਮੁਅੱਤਲ ਕਰਨ ਦਾ ਹੱਕ ਹੈ। ਟੀਚਰ ਵਲੋਂ ਮੁਅੱਤਲ ਕਰਨ ਦੀਆਂ ਸ਼ਰਤਾਂ ਅਤੇ ਹਾਲਾਤ ਵਿਸ਼ੇਸ਼ ਤੌਰ ਤੇ ਦਸੇ ਗਏ ਹਨ। ਪ੍ਰਿੰਸੀਪੱਲ ਨੂੰ ਮੁਅੱਤਲੀ ਬਾਰੇ ਰਿਪੋਰਟ ਕਰਨੀ ਲਾਜ਼ਮੀ ਹੈ ਅਤੇ ਟੀਚਰ ਲਾਜ਼ਮੀ ਤੌਰ ਤੇ ਮਾਪਿਆਂ ਜਾਂ ਗਾਰਡੀਅਨ ਨੂੰ ਸਕੂਲ ਆਕੇ ਮਿਲਣ ਲਈ ਬੇਨਤੀ ਕਰੇ। | ਐਜੂਕੇਸ਼ਨ ਕੋਡ ਸੈਕਸ਼ਨ:48910 |
| ਮੁਅਤਲ ਕਰਨਾ, ਅਤੇ ਕੱਢਣਾ- ਵਿੱਦਿਆਰਥੀ ਦੇ ਰਿਕੌਰਡ- ਦੂਜੇ ਡਿਸਟ੍ਰਿਕਿਟ ਵਿੱਚ ਭੇਜਣੇ- ਇਕ ਡਿਸਟ੍ਰਿਕਟ ਚੋਂ ਤਬਦੀਲ ਹੋਕੇ ਦੂਜੇ ਡਿਸਟ੍ਰਿਕਿਟ ਵਿੱਚ ਦਾਖਲਾ ਲੈਣ ਵਾਲੇ ਵਿੱਦਿਆਰਥੀ ਦੇ ਰਿਕੌਰਡ ਉਸਦੇ ਪੁਰਾਣੇ ਡਿਸਟ੍ਰਿਕਿਟ ਕੋਲੋਂ ਬੇਨਤੀ ਕਰਕੇ ਲਏ ਜਾ ਸਕਦੇ ਹਨ। ਸਾਰੇ ਰਿਕੌਰਡ ਜਾਂ ਕੰਮ ਜਿਨ੍ਹਾਂ ਦਾ ਸਬੰਧ ਉਸਦੀ ਮੁਅਤਲੀ ਜਾਂ ਕੱਢੇ ਜਾਣ ਨਾਲ ਹੈ ਵੀ ਉਸ ਦੀਆਂ ਰਿਪੋਰਟਾਂ ਵਿੱਚ ਸ਼ਾਮਿਲ ਹਨ।ਇਹ ਜਾਣਕਾਰੀ ਹਅਸਲ ਕਰਨ ਤੋਂ ਬਾਅਦ ਡਿਸਟ੍ਰਿਕਟ ਵਿੱਦਿਆਰਥੀ ਦੇ ਟੀਚਰਾਂ ਨੂੰ ਉਸਦੀ ਮੁਅਤਲੀ ਜਾਂ ਕੱਢੇ ਜਾਣ ਅਤੇ ਉਸਦੇ ਦੋਸ਼ਾਂ ਬਾਰੇ ਪੂਰੀ ਜਾਣਕਾਰੀ ਦੇਵੇ। | ਐਜੂਕੇਸ਼ਨ ਕੋਡ 48910 |
| ਤਮਾਖੂ ਰਹਿਤ ਕੈਮਪਸ- ਡਿਸਟ੍ਰਿਕਿਟ ਅਤੇ ਕਉਂਟੀ ਔਫਿਸ ਜਿਨ੍ਹਾਂ ਨੂੰ ਤਮਾਖੂ ਇਸਤੇਮਾਲ ਕਰਨ ਦੀ ਰੋਕਥਾਮ ਵਲੋਂ ਪੈਸੇ ਮਿਲਦੇ ਹਨ, ਉਹ ਇਕ ਐਸੀ ਪੌਲਸੀ ਤਿਆਰ ਕਰਨ ਜਿਸਦੇ ਨਾਲਸਾਰੇ ਕੈਮਪਸ ਤਮਾਖੂ ਰਹਿਤ ਹੋਣ ਅਤੇ ਇਸ ਪੌਲਸੀ ਨੂ ਲਾਗੂ ਕਰਨ। ਇਸਦੇ ਬਾਰੇ ਉਹ ਸਕੂਲ ਸਟਾਫ, ਮਾਪਿਆਂ, ਅਤੇ ਕੱਮਯੁਨਿਟੀ ਨਾਲ ਗਲਬਾਤ ਕਰਨ। ਇਸਦੇ ਨਾਲ-ਨਾਲ ਉਹ ਸਕੂਲਵਿੱਚ ਦਾਖਲ ਹੋਣ ਵਾਲੇ ਗੇਟਾਂ ਤੇ ਪੋਸਟਰ ਲਗਾਉਣ ਜਿਸਤੇ ਲਿਖਣ "ਤਮਾਖੂ ਇਸਤੇਮਾਲ ਕਰਨਾ ਮਨਾਹ ਹੈ" । ਸੈਕਸ਼ਨ 104495 ਤਹਿਤ ਸਕੂਲ ਦੀ ਪਲੇਗਰਉਂਡ ਦੇ 25 ਫੁਟ ਦੇ ਦਾਇਰੇ ਅੰਦਰ ਤਮਾਖੂ ਦੀ ਵਰਤੋਂ ਜਾਂ ਉਸਤੋਂ ਬਣੀਆਂ ਚੀਜ਼ਾਂ ਦਾ ਇਸਤੇਮਾਲ ਜਾਂ ਉਸਦੀ ਸਵਾਹ ਨਜ਼ਰ ਨਹੀਂ ਆਉਣੀ ਚਾਹੀਦੀ ਹੈ, ਕਿਉਂਕਿ ਇਸਦੀ ਸਖਤ ਮਨਾਹੀ ਹੈ, ਸਿਵਾਏ ਪਬਲਿਕ ਸਾਈਡ ਵੌਕ ਦੇ ਜੋ 25 ਫੁਟ ਦੇ ਅੰਦਰ ਹੈ।(ਸੰਸ਼ੋਧਨ ਕੀਤਾ ਗਿਆ ਏ ਬੀ 1867, ਚੈਪਟਰ 527, 2003 ਦੀ ਕਨੂੰਨੀ ਧਾਰਾ) | ਏਚ ਐਸ ਸੀ ਸ਼ੈਕਸ਼ਨ 104420, 104495 |
| ਟਰਾਂਸਫਰ ਐਪਲੀਕੇਸ਼ਨ ਦੀ ਮਨਜ਼ੂਰੀ ਜਾਂ ਨਾਮਨਜ਼ੂਰੀ ਸਬੰਧੀ ਨੋਟਿਸ- ਇਜਾਜ਼ਤ ਤਾਂ ਦਿੰਦਾ ਹੈ, ਪਰ ਲਾਜ਼ਮੀ ਨਹੀਂ ਕਿ ਡਿਸਟ੍ਰਿਕ "ਇੰਟਰਡਿਸਟ੍ਰਿਕ ਚੌਇਸ" ਦੀ ਸਥਾਪਤੀ ਦਾ ਮਤਾ ਪਾਸ ਕਰੇ। ਉਪਲਬਧੀ ਵਾਸਤੇ ਸ਼ੋਧ ਕੀਤਾ ਗਿਆ ਹੈ ਕਿ ਹਿੱਸਾ ਲੈ ਰਹੇ ਡਿਸਟ੍ਰਿਕ ਮਨਜ਼ੂਰੀ ਜਾਂ ਨਾਮਨਜ਼ੂਰੀ ਸਬੰਧੀ ਨੋਟਿਸ ਲਿਖਕੇ ਭੇਜਣ ਦਾ ਪ੍ਰਬੰਧ ਕਰਨ। | ਐਜੂਕੇਸ਼ਨ ਕੋਡ ਸੈਕਸ਼ਨ:48209.9 |
| ਟਰਾਂਸਫਰ (ਤਬਦੀਲੀ) - ਰਿਕੌਰਡ ਤੇ ਵਿੱਚਾਰ ਕਰਨ ਦਾ ਹੱਕ- ਵਿੱਦਿਆਰਥੀ ਜਦੋਂ ਦੂਜੀ ਸਟੇਟ ਚੋਂ ਤਬਦੀਲ ਹੋਕੇ ਆਉਂਦੇ ਹਨ 34 ਸੀ ਐਫ ਆਰ 99.30 ਅਨੁਸਾਰ ਉਨ੍ਹਾਂ ਦੇ ਰਿਕੌਰਡ ਸਹਿਮਤੀ ਤੋਂ ਬਗੈਰ ਸਾਂਝੇ ਕੀਤੇ ਜਾ ਸਕਦੇ ਹਨ। | 34 ਸੀ ਐਫ ਆਰ 99.34<br>ਏਆਰ 5125 |
| ਟਰੁਅੰਟ (ਗੈਰਹਾਜ਼ਰ ਜਾਂ ਕਲਾਸ ਵਿੱਚ ਜਾਂ ਸਕੂਲ ਦੇਰ ਨਾਲ ਪਹੁੰਚਣਾ)-ਮਾਪਿਆਂ ਜਾਂ ਗਾਰਡੀਅਨ ਨੂੰ ਨੋਟਿਸ ਭੇਜਣਾ- ਜਦੋਂ ਵਿੱਦਿਆਰਥੀ ਨੂੰ ਪਹਿਲੀ ਵਾਰ ਟਰੁਅੰਟ ਕਰਾਰ ਦਿੱਤਾ ਜਾਵੇ ਤਾਂ ਉਸਦੇ ਮਾਪੇ ਜਾਂ ਗਾਰਡੀਅਨ ਨੂੰ ਚਿੱਠੀ ਭੇਜਣੀ ਲਾਜ਼ਮੀ ਹੈ। ਚਿਠੀ ਵਿੱਚ ਪੂਰੀ ਜਾਣਕਾਰੀ ਦੇਣੀ ਲਾਜ਼ਮੀ ਹੈ। | ਐਜੂਕੇਸ਼ਨ ਕੋਡ ਸੈਕਸ਼ਨ:48260 . 5<br>ਬੋਰਡ ਪੌਲਸੀ 5113, ਏਆਰ 5113 |
| ਟਰੁਅੰਟ - ਅਟੈਂਡੈਂਸ ਸੁਪਰਵਾਈਜ਼ਰ ਨੂੰ ਟਰੁਅੰਟ ਬਾਰੇ ਰਿਪੋਰਟ ਕਰਨਾ- ਪਰਿਭਾਸ਼ਾ ਅਨੁਸਾਰ ਟੁਅੰਟ ਕਰਾਰ ਦਿੱਤੇ ਜਾਣ ਤੇ ਅਟੈਂਡੈਂਸ ਸੁਪਰਵਾਈਜ਼ਰ ਜਾਂ ਸੁਪਰਿਨਟੈਂਡੈਂਟ ਨੂੰ ਇਤਲਾਹ ਦੇਣੀ। | ਐਜੂਕੇਸ਼ਨ ਕੋਡ ਸੈਕਸ਼ਨ:48260 |

| ਵਿਸ਼ਾ | ਕਨੂੰਨੀ ਸਾਧਨ |
|---|---|
| ਸ਼ਿਕਾਇਤ ਕਰਨ ਦੇ ਇਕਸਾਰ ਤਰੀਕੇ ਅਤੇ ਅਪੀਲ ਕਰਨ ਦੀ ਉਪਲਬਧੀ, ਕੋਆਰਡੀਨੇਟਰਾਂ ਦੀ ਹੋਂਦ ਬਾਰੇ ਜਾਣਕਾਰੀ - ਇਸਦੇ ਅਨੁਸਾਰ, ਵਿੱਦਿਆਰਥੀਆਂ, ਕਰਮਚਾਰੀਆਂ, ਮਾਪਿਆਂ, ਡਿਸਟ੍ਰਿਕ ਦੀ ਸਲਾਹਕਾਰ ਕਮੇਟੀ, ਸਕੂਲ ਦੀਆਂ ਸਲਾਹਕਾਰ ਕਮੇਟੀਆਂ ਅਤੇ ਇਸ ਵਿੱਚ ਦਿਲਚਸਪੀ ਰੱਖਣ ਵਾਲੀਆਂ ਦੂਜੀਆਂ ਪਾਰਟੀਆਂ ਨੂੰ ਹਰੇਕ ਸਾਲ ਸ਼ਿਕਾਇਤ ਕਰਨ ਦੇ ਇਕਸਾਰ ਤਰੀਕੇ ਬਾਰੇ ਲਿਖਤੀ ਜਾਣਕਾਰੀ ਦੇਣੀ ਲਾਜ਼ਮੀ ਹੈ, ਜੋ ਕਿ ਸਟੇਟ ਅਤੇ ਫੈਡਰੱਲ ਦੇ ਸਾਰੇ ਕੈਟਾਗੋਰੀਕੱਲ ਪ੍ਰੋਗਰਾਮਾਂ ਤੇ ਲਾਗੂ ਹੁੰਦੀ ਹੈ, ਇਸਦੇ ਅਨੁਸਾਰ ਸੈਕਸ, ਰੇਸ, ਧਾਰਮਿਕ ਵਿੱਚਾਰ, ਅਪੰਗ (ਹੈਂਡੀਕੈਪਡ), ਮੁੱਢ ਦੇ ਰਾਸ਼ਟਰ ਜਾਂ ਭਾਸ਼ਾ, ਅਤੇ ਸ਼ਰੀਰਿਕ ਜਾਂ ਮਾਨਸਿਕ ਡਿਸਅਬਿਲਟੀ ਦੇ ਅਧਾਰ ਤੇ ਕੀਤੇ ਗਏ ਵਿਤਕਰੇ ਬਾਰੇ ਨਿਸ਼ਚਿਤ ਰੂਪ ਵਿੱਚ ਸ਼ਿਕਾਇਤ ਕਰਨ ਦੀ ਲੋੜ ਹੈ। ਨੋਟਿਸ ਵਿੱਚ ਸ਼ਿਕਾਇਤ ਸੱਬੰਧੀ ਕਾਨੂੰਨੀ ਕਾਰਵਾਈ ਕਰਨ ਵਾਲੇ ਸ਼ਖਸਾਂ ਦੀ ਪਛਾਣ, ਸਿਵਲ ਲਾਅ ਦੇ ਉਪਲਬਧ ਉਪਰਾਲੇ, ਅਤੇ 5 ਸੀ ਸੀ ਆਰ ਵਿੱਚ ਲਿਖੇ ਸੈਕਸ਼ਨਾਂ ਤਹਿਤ: 4650 ਸੈਕਸ਼ਨ ਸਟੇਟ ਵਲੋਂ ਖੁਦ ਇਨਟਰਵੀਨ( ਵਿੱਚ ਪੈਣਾ) ਕਰਨ ਦੇ ਅਧਾਰ, 4652 ਸੈਕਸ਼ਨ ਅਨੁਸਾਰ ਲੋਕਲ ਏਜੰਸੀ ਦੇ ਫੈਸਲੇ ਦੇ ਬਰਖਲਾਫ ਅਪੀਲ ਕਰਨੀ, ਅਤੇ 4671 ਸੈਕਸ਼ਨ ਅਨੁਸਾਰ ਫੈਡਰੱਲ ਰਿਵਿਉ ਰਾਇਟਸ, ਅਤੇ ਅਪੀਲ ਜਾਂ ਪੁਨਰ ਵਿੱਚਾਰ ਕਰਨ ਦੇ ਤਰੀਕੇ ਸ਼ਮਿਲ ਹੋਣੇ ਚਾਹੀਦੇ ਹਨ। ਨੋਟਿਸ ਅੰਗਰੇਜ਼ੀ ਵਿੱਚ ਭੇਜੋ, ਅਤੇ ਜਦ ਮੁਮਕਿਨ ਹੋ ਸਕੇ ਤਾਂ ਐਜੂਕੇਸ਼ਨ ਕੋਡ ਦੇ ਸੈਕਸ਼ਨ 48985 ਤਹਿਤ , ਮਾਪਿਆਂ ਦੀ ਆਪਣੀ ਭਾਸ਼ਾ ਵਿੱਚ ਭੇਜੋ, ਜਾਂ ਉਹ ਜਿਸ ਤਰੀਕੇ ਰਾਹੀਂ ਸਮਝ ਸਕਦੇ ਹਨ ਉਸਦੇ ਰਾਹੀਂ ਉਨ੍ਹਾਂ ਨੂੰ ਸੂਚਤ ਕਰੋ। ਜੇ ਨੋ ਚਾਈਲਡ ਲੈਫਟ ਬਿਹਾਈਂਡ (20 ਯੂ ਐਸ ਸੀ ਸੈਕਸ਼ਨ 7114(ਡੀ) (7) ਦੇ ਟਾਇਟਲ IV ਦੀਆਂ ਸਕੂਲ ਸੇਫਟੀ ਪਲੈਨਿੰਗ ਵਾਲੀਆਂ ਲੋੜਾਂ ਪੂਰੀਆਂ ਨਾ ਹੋਣ ਤਾਂ ਨਵੇਂ ਐਜੂਕੇਸ਼ਨ ਕੋਡ ਦਾ ਸੈਕਸ਼ਨ 32289 ਇਕਸਾਰ ਸ਼ਿਕਾਇਤ ਦਰਜ ਕਰਨ ਲਈ ਅਧੀਕਾਰ ਦਿੰਦਾ ਹੈ। (2004 ਦੀ ਕਾਨੂੰਨੀ ਲਿਖਤੀ ਵਿੱਚ ਜੋੜਿਆ ਗਿਆ ਹੈ, ਏ ਬੀ 2885, ਚੈਪਟਰ 272) | ਕੋਡ: ਕੋਡ ਔਫ ਰੈਗੁਲੇਸ਼ਨਜ਼, ਟਾਇਟੱਲ 5, ਸੈਕਸ਼ਨ 4622<br>ਐਜੂਕੇਸ਼ਨ ਕੋਡ 32289<br>ਬੋਰਡ ਪੌਲਸੀ 1312.3, ਏਆਰ 1312.3 |
| ਯੂਨੀਵਰਸਟੀ ਕੈਮਪਸ ਬਿਲਡਿੰਗ- ਯੂਨੀਵਰਸਟੀ ਦੇ ਸਪੈਸ਼ਲ ਸੈਕੰਡਰੀ ਪ੍ਰੋਗਰਾਮ ਵਿੱਚ ਹਿੱਸਾ ਲੈਣ ਤੋਂ ਪਹਿਲੋਂ ਹਾਈ ਸਕੂਲ ਦੇ ਵਿੱਦਿਆਰਥੀ ਨੂੰ ਨੋਟਿਸ ਭੇਜਣਾ। ਨੋਟਿਸ ਭੇਜਣਾ ਕਿ ਯੂਨੀਵਰਸਟੀ ਕੈਮਪਸ ਦੀ ਬਿਲਡਿੰਗ, ਐਜੂਕੇਸ਼ਨ ਕੋਡ ਦੀ ਸੁਰੱਖਿਤ ਇਮਾਰਤ(ਸਟਰੱਕਚਰੱਲ ਸੇਫਟੀ) ਵਾਲੀ ਲੋੜ ਹੋ ਸਕਦਾ ਹੈ ਕਿ ਪੂਰੀ ਨਾ ਕਰੇ। | ਐਜੂਕੇਸ਼ਨ ਕੋਡ ਸੈਕਸ਼ਨ:17288 |
| ਵੈਹੀਕਲਾਂ(ਕਾਰਾਂ, ਪਿਕਅੱਪ, ਜੀਪਾਂ, ਟਰੱਕ ਆਦਿ) ਦੀ ਤਲਾਸ਼ੀ ਹੋ ਸਕਦੀ ਹੈ- ਸਕੂਲ ਵਾਲਿਆਂ ਨੂੰ ਹੱਕ ਪ੍ਰਾਪਤ ਹੈ ਕਿ ਉਹ ਸਕੂਲ ਪ੍ਰੌਪਰਟੀ ਤੇ ਖੜ੍ਹੇ ਸਾਰੇ ਵੈਹੀਕਲਾਂ ਦੀ ਤਲਾਸ਼ੀ ਬਗੈਰ ਕਿਸੀ ਕਾਰਣ ਦੇ ਕਰ ਸਕਦੇ ਹਨ, ਜਦ ਤੱਕ ਉਨ੍ਹਾਂ ਨੇ ਤਲਾਸ਼ੀ ਬਾਰੇ ਜਾਣਕਾਰੀ ਦਾ ਨੋਟਿਸ ਪਹਿਲਾਂ ਹੀ ਵਿਖਾਈ ਦੇਣ ਵਾਲੀਆਂ ਅਤੇ ਸਿਰਕੱਢਵੀਆਂ ਜਗ੍ਹਾਂ ਤੇ ਲਗਾ ਦਿੱਤਾ ਸੀ। | ਵੈਹੀਕਲ ਕੋਡ ਸੈਕਸ਼ਨ: 21113 |
| ਵੱਨੀਰਿਅਲ ਬਿਮਾਰੀ ਬਾਰੇ ਸਿਖਿਆ- ਇਹ ਕਨੂੰਨ ਕੈਲੀਫੋਰਨੀਆ ਡਿਪਾਰਟਮੈਂਟ ਔਫ ਐਜੂਕੇਸ਼ਨ ਦੀ ਮਦਦ ਨਾਲ ਗਵਰਨਿੰਗ ਬੋਰਡ ਅਤੇ ਸਕੂਲ ਡਿਸਟ੍ਰਿਕਾਂ ਨੂੰ ਵੱਨੀਰਿਅਲ ਬਿਮਾਰੀ ਬਾਰੇ ਸ਼ਿਕਸ਼ਾ ਦੇਣ ਦੀ ਇਜਾਜ਼ਤ ਦਿੰਦਾ ਹੈ। ਰੈਗੁਲਰ ਢਾਕ ਰਾਹੀਂ ਮਾਪਿਆਂ ਨੂੰ ਲਿਖਤੀ ਨੋਟਿਸ ਭੇਜਿਆ ਜਾਵੇ ਅਤੇ ਉਸ ਵਿੱਚ ਦਸਿਆ ਜਾਵੇ ਕਿ ਉਹ ਸਾਰੀਆਂ ਚੀਜ਼ਾਂ ਅਤੇ ਪੜ੍ਹਾਉਨ ਵਾਲਾ ਸਾਮਾਨ ਵੇਖ ਸਕਦੇ ਹਨ। ਇਹ ਜਾਣਕਾਰੀ ਹਰ ਉਸ ਤਰੀਕੇ ਰਾਹੀਂ ਭੇਜੀ ਜਾਵੇ ਜਿਸਦੇ ਰਾਹੀਂ ਮਾਪੇ ਗਾਰਡੀਅਨ ਸਮਝ ਸਕਦੇ ਹਨ। | ਐਜੂਕੇਸ਼ਨ ਕੋਡ ਸੈਕਸ਼ਨ 51820<br>ਏ ਆਰ 6142.1 |
| ਖਤਰਨਾਲ ਹਾਦਸਾ –ਵਾਪਰਣ ਬਾਰੇ ਜਾਣਕਰੀ ਦੇਣੀ- ਇਸਦੇ ਤਹਿਤ ਹਰੇਲ ਐਲੀਮੈਂਟਰੀ ਜਾਂ ਸੈਕੰਡਰੀ ਸਕੂਲ ਵਿੱਚ ਵਾਪਰੇ ਹਰ ਹਾਦਸੇ ਦੇ ਬਾਰੇ ਪ੍ਰਿੰਸੀਪਲ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਉਸ ਹਾਦਸੇ ਜਾਂ ਗੁਨਾਹ ਦੀ ਕਨੂੰਨੀ ਛਾਣਬੀਣ ਤੋਂ ਤੁਰੰਤ ਬਾਅਦ ਉਸ ਵਿੱਚ ਹਿੱਸਾ ਲੈਣ ਵਾਲੇ ਵਿੱਦਿਆਰਥੀਆਂ ਦੇ ਮਾਪਿਆਂ ਅਤੇ ਕਨੂੰਨੀ ਗਾਰਡੀਅਨਾਂ ਨੂੰ ਉਸਦੇ ਬਾਰੇ ਜਾਣਕਾਰੀ ਦੇਣ ਅਤੇ ਉਸ ਵਿੱਚ ਸੰਖੇਪ ਰੂਪ ਵਿੱਚ ਹਾਦਸੇ ਦਾ ਬਿਉਰਾ ਦੇਣ। | ਐਜੂਕੇਸ਼ਨ ਕੋਡ ਸੈਕਸ਼ਨ 35294.1 |
| ਖਤਰਨਾਕ ਹਾਦਸੇ ਦਾ ਸ਼ਿਕਾਰ ਵਿਅਕਤੀ- ਇੱਕ ਵਿਦਿਅਅਰਥੀ ਜੋ ਸਕੂਲ ਵਿੱਚ ਜਾਂ ਸਕੂਲ ਦੇ ਗਰਾਂਊਡ ਥੇ ਕਿਸੇ ਖਤਰਨਾਕ ਹਾਦਸੇ ਦਾ ਸ਼ਿਕਾਰ ਹੁੰਦਾ ਹੈ, ਉਸ ਕੋਲ ਡਿਸਟ੍ਰਿਕਟ ਦੇ ਕਿਸੇ ਵੀ ਸਕੂਲ ਵਿੱਚ ਬਦਲੀ ਕਰਵਾਉਣ ਦਾ ਹੱਕ ਹੈ।ਡਿਸਟ੍ਰਿਕਟ ਉਸ ਵਿਦਿਅਅਰਥੀ ਨੂੰ ਬਦਲੀ ਕਰਵਾਉਣ ਲਈ 14 ਦਿਨਾ ਦਾ ਸਮਾਂ ਦੇਵੇਗਾ, ਜਿਸ ਵਿੱਚ ਵਿਦਿਅਅਰਥੀ ਨੂੰ ਆਪਣਾ ਫੈਸਲਾਂ ਦੱਸਣਾ ਪਵੇਗਾ। ਹੋਰ ਜਾਣਕਾਰੀ ਲਈ ਸਟੂਡੈਂਟ ਵੈਲਫੇਅਰ ਐਂਡ ਅਟੈਂਡੈਨਸ ਨੂੰ 822-7641 ਤੇ ਫੋਨ ਕਰੋ। | 20 ਯੂ ਐਸ ਸੀ 7912 ਏ |
| ਨਜ਼ਰ ਅਤੇ ਦੂਜੇ ਨੁਕਸ- ਡਿਸਟ੍ਰਿਕ ਦੇ ਸਿਹਤ ਸੁਪੱਰਵਾਇਜ਼ਰ ਨੂੰ ਚਾਹੀਦਾ ਹੈ ਕਿ ਵਿੱਦਿਆਰਥੀ ਦੀ ਸਿਹਤ ਵਿੱਚ (ਜਿਸ ਵਿੱਚ ਨਜ਼ਰ ਭੀ ਸ਼ਾਮਿਲ ਹੈ) ਜਿਹੜਾ ਭੀ ਨੁਕਸ ਨਜ਼ਰ ਆਵੇ, ਉਸਦੇ ਬਾਰੇ ਉਸਦੇ ਮਾਪਿਆਂ ਨੂੰ ਇਤਲਾਹ ਦੇਣ। ਇਸ ਤੋਂ ਇਲਾਵਾ ਮਾਪਿਆਂ ਨੂੰ ਇਹ ਭੀ ਦਸੋ ਕਿ ਉਹ ਅਪਣੇ ਬੱਚੇ ਉਸ ਨੁਕਸ ਦਾ ਇਲਾਜ ਕਰਵਾਉਣ ਜਾਂ ਉਸਨੂੰ ਠੀਕ ਕਰਵਾਉਣ। | ਐਜੂਕੇਸ਼ਨ ਕੋਡ ਸੈਕਸ਼ਨ:49456<br>ਬੋਰਡ ਪੌਲਸੀ 5141.3, ਏਆਰ5141.3 |
| ਸਕੂਲ ਕੈਮਪਸ ਵਿੱਚ ਵਿਜ਼ਿਟਰ- ਹਰੇਕ ਸਕੂਲ ਡਿਸਟ੍ਰਿਕ ਲਾਜ਼ਮੀ ਤੌਰ ਤੇ ਰਜਿਸਟਰ ਕਰਵਾਉਣ ਬਾਰੇ ਅਪਣੇ ਹਰੇਕ ਸਕੂਲ ਦੀ ਦਾਖਲ ਹੋਣ ਵਾਲੀ ਹਰੇਕ ਜਗ੍ਹਾ ਅਤੇ ਗਰਾਉਂਡ ਵਿੱਚ ਨੋਟਿਸ ਲਗਾਉਣ ਜਿਸ ਦੇ ਰਾਹੀਂ ਵਿਜ਼ਟਰਾਂ ਨੂੰ ਰਜਿਸਟਰ ਕਰਵਾਉਣ ਦੇ ਸਮੇ, ਰਜਿਸਟਰ ਕਰਵਾਉਨ ਦੀ ਜਗ੍ਹਾ, ਰਜਿਸਟਰ ਕਰਵਾਉਣ ਦੇ ਦਫਤਰ ਦੀ ਸਥਿਤੀ ਬਾਰੇ ਜਾਣਕਾਰੀ ਮਿਲ ਸਕੇ। ਇਸਦੇ ਨਾਲ ਉਹ ਲਿਖਣ ਕਿ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਤੇ ਸਜ਼ਾ ਮਿਲ ਸਕਦੀ ਹੈ। ਐਜੂਕੇਸ਼ਨ ਕੋਡ ਸੈਕਸ਼ਨ 32211 ਵੀ ਦੇਖੋ। ਸਲਾਨਾ ਸੂਚਨਾ ਭੇਜਣ ਦਾ ਸੁਝਾਉ ਦਿੱਤਾ ਜਾਵੇ। | ਪੀਨਲ ਕੋਡ 627.6 |

| ਵਿਸ਼ਾ | ਕਨੂੰਨੀ ਸਾਧਨ |
|---|---|
| ਨਜ਼ਰ ਪਰੱਖਣੀ-ਮਾਪਿਆਂ ਨੂੰ ਨਜ਼ਰ ਪਰੱਖਣ ਤੋਂ ਮਨਾਹੀ ਕਰਨ ਦੇ ਹੱਕ ਬਾਰੇ ਸੁਚਨਾ ਭੇਜਣੀ ਕਿ ਉਹ ਪ੍ਰਿੰਸੀਪੱਲ ਨੂੰ ਲਿਖਕੇ ਧਾਰਮਿਕ ਕਾਰਣਾਂ ਕਰਕੇ ਮਨਾਹੀ ਕਰ ਸਕਦੇ ਹਨ ਅਤੇ ਉਹ ਮਨਾਹੀ ਕਰਨ ਲਈ ਅਪਣੇ ਬੱਚੇ ਦੇ ਪ੍ਰਾਇਵੇਟ ਡਾਕਟਰ ਜਾਂ ਸੱਰਜੱਨ ਜਾਂ ਅੱਖਾਂ ਦੇ ਡਾਕਟਰ ਦੀ ਰਿਪੋਰਟ ਦੀ ਕਾਪੀ ਜ਼ਰੂਰ ਫਾਈਲ ਕਰਨ। | ਐਜੂਕੇਸ਼ਨ ਕੋਡ ਸੈਕਸ਼ਨ:49455 |
| ਵਿੱਦਿਆਰਥੀ ਕੋਲੋਂ ਹਥਿਆਰ ਅਤੇ ਦੂਜੀਆਂ ਖਤਰਨਾਕ ਚੀਜ਼ਾਂ ਖੋਹਣੀਆਂ-ਮਾਪਿਆਂ/ਗਾਰਡੀਅਨ ਨੂੰ ਇਤਲਾਹ ਦੇਣੀ- ਵਿੱਦਿਆਰਥੀ ਕੋਲੋਂ ਹਥਿਆਰ ਅਤੇ ਦੂਜੀਆਂ ਖਤਰਨਾਕ ਚੀਜ਼ਾਂ ਖੋਹਣ ਤੋਂ ਬਾਅਦ ਮਾਪਿਆਂ ਨੂੰ ਸੂਚਿਤ ਕਰਨਾ। | ਐਜੂਕੇਸ਼ਨ ਕੋਡ ਸੈਕਸ਼ਨ 49332<br>ਏਆਰ 5131.7 |
| ਵਿਲਿਅਮਜ਼ ਐਕਟ- ਚੀਜ਼ਾਂ ਦੀ ਘਾਟ ਦੇ ਬਰਖਲਾਫ ਸ਼ਿਕਾਇਤ ਕਰਨ ਦੀ ਇਕਸਾਰ ਕਾਰਜ-ਪ੍ਰਣਾਲੀ (ਸੱਪਲੀਮੈਂਟਲ ਯੁਨੀਫੌਰਮ ਪ੍ਰਸੀਜਰਜ਼) (ਵਿਲਿਅਮਜ਼) -ਜਦ ਸਿਖਿਆ ਦੇਣ ਵਾਲੀਆਂ ਚੀਜ਼ਾਂ ਦੀ ਘਾਟ ਹੋਵੇ, ਇਮਰਜੈਂਸੀ ਜਾਂ ਅਰਜੈਂਟ ਫਸਿਲਟੀਆਂ ਦੀ ਹਾਲਤ ਐਸੀ ਖਰਾਬ ਹੈ ਕਿ ਉਹ ਵਿੱਦਿਆਰਥੀਆਂ ਅਤੇ ਸਟਾਫ ਦੀ ਸਿਹਤ ਅਤੇ ਸੁਰੱਖਿਆ ਲਈ ਖਤਰਾ ਪੈਦਾ ਕਰ ਦੀਆਂ ਹਨ, ਟੀਚਰ ਦੀ ਜਗ੍ਹਾ ਖਾਲੀ ਹੈ ਜਾਂ, ਟੀਚਰ ਨੂੰ ਗਲਤ ਕਲਾਸ ਨੂੰ ਪੜ੍ਹਾਉਨ ਲਈ ਕਿਹਾ ਗਿਆ ਹੈ ਤਾਂ ਇਸਦੇ ਅਨੁਸਾਰ ਡਿਸਟ੍ਰਿਕ ਲਈ ਇਨ੍ਹਾਂ ਘਾਟਾਂ ਲਈ ਪੌਲਸੀਆਂ ਅਤੇ ਕਾਰਵਾਈਆਂ ਸਥਾਪਿਤ ਕਰਨੀਆਂ ਲਾਜ਼ਮੀ ਹਨ। ਡਿਸਟ੍ਰਿਕ 2005 ਦੀ ਪਹਿਲੀ ਜਨਵਰੀ ਤੱਕ ਇਹ ਪੌਲਸੀਆਂ ਅਪਣਾਏਗਾ ਅਤੇ ਇਸਦੇ ਸਬੰਧ ਵਿੱਚ ਨੋਟਿਸ ਲਗਾਏਗਾ। ਕਲਾਸਰੂਮ ਦੇ ਨੋਟਿਸ ਵਿੱਚ ਸੰਸ਼ੋਧਨ ਕੀਤਾ ਗਿਆ ਜਿਸ ਵਿੱਚ ਲਿਖਿਆ ਜਾਵੇ ਕਿ ਟੀਚਰ ਦੀ ਜਗ੍ਹਾ ਖਾਲੀ ਨਹੀਂ ਹੈ, ਜਾਂ ਦਸੇ ਅਨੁਸਾਰ ਟੀਚਰ ਮਿਸਅਸਾਈਨਡ(ਗਲਤ ਕਲਾਸ ਨੂੰ ਪੜ੍ਹਾਉਂਦੀ ਨਹੀ ਪਈ ਹੈ) ਨਹੀਂ ਹੈ। ਇਸ ਤੋਂ ਇਲਾਵਾ ਡਿਸਟ੍ਰਿਕ ਯੁਨੀਫੌਰਮ ਪ੍ਰਸੀਜਰਜ਼ (5 ਸੀ ਸੀ ਆਰ ਸੈਕਸ਼ਨ 4600 et. Seq.) ਇਸਤੇਮਾਲ ਕਰੇਗਾ, ਇਸ ਤੋਂ ਇਲਾਵਾ ਇਨ੍ਹਾਂ ਸਮੱਸਿਆਂ ਸਬੰਧੀ ਸ਼ਿਕਾਇਤਾਂ ਬਾਰੇ ਪਤਾ ਲਗਾਕੇ ਉਨ੍ਹਾਂ ਨਾਲ ਨਜਿਠੇਗਾ। ਸ਼ਿਕਾਇਤ ਬਾਰੇ ਛਾਣ-ਬੀਨ ਕਰਨ ਅਤੇ ਨਜਿਠਣ ਲਈ ਵੱਖ-ਵੱਖ ਸਮੇਂ ਦੀਆਂ ਰੂਪ-ਰੇਖਾਵਾਂ ਜਿਨ੍ਹਾਂ ਬਾਰੇ ਸ਼ਿਕਾਇਤ ਕਰਨ ਦੀ ਇਕਸਾਰ ਕਾਰਜ-ਪ੍ਰਣਾਲੀ ਵਿੱਚ ਦੱਸਿਆ ਗਿਆ ਹੈ ਅਨੁਸਾਰ ਨਿਸ਼ਚਿਤ ਕੀਤਾ ਜਾਵੇ। ਨੋਟ ਕਰੋ: ਕੈਲੀਫੋਰਨੀਆ ਸਕੂਲ ਬੋਰਡ ਸਿਫਾਰਿਸ਼ ਕਰਦਾ ਹੈ ਕਿ ਡਿਸਟ੍ਰਿਕ ਵਾਲੇ ਐਜੂਕੇਸ਼ਨ ਕੋਡ ਸੈਕਸ਼ਨ 35186 ਨੂੰ ਮੌਜੂਦਾ ਸ਼ਿਕਾਇਤ ਕਰਨ ਦੀ ਇਕਸਾਰ ਕਾਰਜ-ਪ੍ਰਣਾਲੀ ਤੋਂ ਵੱਖ ਰਖਣ। | ਐਜੂਕੇਸ਼ਨ ਕੋਡ ਸੈਕਸ਼ਨ:35186 |
| ਪ੍ਰੌਪਰਟੀ ਨੂੰ ਨੁਕਸਾਨ ਹੋਣ ਕਾਰਣ ਗ੍ਰੇਡ ਰੋਕਣੇ- ਵਿੱਦਿਆਰਥੀ ਵਲੋਂ ਜਾਣ-ਬੁਝਕੇ ਸਕੂਲ ਦੀ ਪ੍ਰੌਪਰਟੀ ਨੂੰ ਨੁਕਸਾਨ ਪਹੁੰਚਾਉਣ ਕਾਰਣ ਡਿਸਟ੍ਰਿਕ ਨੂੰ ਇਜਾਜ਼ਤ ਹੈ ਕਿ ਉਹ ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਉਸਦੇ ਗ੍ਰੇਡ, ਡਿਪਲੋਮਾ ਅਤੇ ਟਰਾਂਸਕਰਿਪਟ ਰੋਕ ਲੈਣ। ਗ੍ਰੇਡ, ਡਿਪਲੋਮਾ ਅਤੇ ਟਰਾਂਸਕਰਿਪਟ ਰੋਕਨ ਤੋਂ ਪਹਿਲੋਂ ਵਿੱਦਿਆਰਥੀ ਦੇ ਦੁਰਵਿਹਾਰ ਬਾਰੇ ਉਸਦੇ ਮਾਪਿ[ਆਂ ਨੂੰ ਲਿਖਤੀ ਸੂਚਨਾ ਭੇਜੀ ਜਾਣੀ ਚਅਹੀਦੀ ਹੈ। ਡਿਸਟ੍ਰਿਕ ਲਈ ਰੋਕਣ ਬਾਰੇ ਨਿਯਮ ਬਣਾਉਨੇ ਲਾਜ਼ਮੀ ਹਨ। | ਐਜੂਕੇਸ਼ਨ ਕੋਡ ਸੈਕਸ਼ਨ:48904<br>ਏ ਆਰ 5125 |
| ਗ੍ਰੇਡ, ਟਰਾਂਸਕਰਿਪਟਸ(ਦਸਤਾਵੇਜ਼), ਡਿਪਲੋਮਾ ਰੋਕ ਰੱਖਣਾ- ਇਸ ਦੇ ਅਨੁਸਾਰ ਜਿਹੜਾ ਸਕੂਲ ਡਿਸਟ੍ਰਿਕ ਸੈਕਸ਼ਨ 48904 (ਰੋਕਣ ਦਾ ਅਧਿਕਾਰ) ਦੇ ਅਧਾਰ ਤੇ ਵਿੱਦਿਆਰਥੀ ਦੇ ਗ੍ਰੇਡਾਂ, ਟਰਾਂਸਕਰਿਪਟਸ, ਡਿਪਲੋਮੇ ਤੇ ਰੋਕ ਲਗਾਉਂਦਾ ਹੈ, ਨੋਟਿਸ ਮਿਲਣ ਤੇ ਕਿ ਵਿੱਦਿਆਰਥੀ ਨੇ ਦੂਜੇ ਸਕੂਲ ਡਿਸਟ੍ਰਿਕ ਵਿੱਚ ਤਬਦੀਲੀ ਕਰਵਾ ਲਈ ਹੈ ਤਾਂ ਮਾਪਿਆਂ/ਗਾਰਡੀਅਨ ਨੂੰ ਲਿਖਤੀ ਨੋਟਿਸ ਭੇਜਣ ਅਤੇ ਉਸ ਵਿੱਚ ਰੋਕਣ ਦੇ ਫੈਸਲੇ ਦੇ ਸੰਬੰਧ ਵਿੱਚ ਜਾਣਕਾਰੀ ਦੇਣ ਅਤੇ ਦਸਣ ਕਿ ਇਹ ਰੋਕ ਉਸ ਸਮੇਂ ਤੱਕ ਜਾਰੀ ਰਹੇਗੀ ਜਦ ਤੱਕ ਵਿੱਦਿਆਰਥੀ 48904 ਸੈਕਸ਼ਨ ਅਨੁਸਾਰ ਨੁਕਸਾਨ ਪੂਰਾ ਨਹੀਂ ਕਰਦਾ ਹੈ। | ਐਜੂਕੇਸ਼ਨ ਕੋਡ:48904.3 (ਬੀ)<br>ਏ ਆਰ 5125 |

Yuba City unifIed School District
ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ
750 Palora Avenue
Yuba City, CA, 95991
(530) 822-7642

## ਹਰੇਕ ਸਕੂਲ ਸਾਲ ਤਬਦੀਲੀ ਨੂੰ ਨਵਿਆਂ ਕਰਵਾਓ

## Inter/Intra- District Transfer Form
## ਇੰਟਰ (ਡਿਸਟ੍ਰਿਕਟ ਦੇ ਵਿੱਚਕਾਰ)/ਇੰਟਰਾ (ਇੱਕ ਡਿਸਟ੍ਰਿਕਟ ਤੋਂ ਦੂਜੇ ਡਿਸਟ੍ਰਿਕਟ) ਟ੍ਰਾਂਸਫਰ ਫਾਰਮ

School Year Requested/ ਜਿਸ ਸਕੂਲ ਦੀ ਮੰਗ ਕੀਤੀ ਹੈ________________________________________

Student Name/ ਵਿਦਿਆਰਥੀ ਦਾ ਨਾਂ________________________________________
Last/ ਅਖੀਰਲਾ First/ ਪਹਿਲਾ

Parent/Guardian Name/ ਮਾਪੇ/ਗਾਰਡੀਅਨ ਦਾ ਨਾਂ________________________________________

Address/ ਪਤਾ ________________________________________

________________________________________
City/ ਸਿਟੀ State/ ਸਟੇਟ Zip/ ਜ਼ਿਪ ਕੋਡ

Parent/ Guardian Home Phone/ ਮਾਪੇ/ਗਾਰਡੀਅਨ ਦਾ ਘਰ ਦਾ ਫੋਨ#______________________Work Phone/ ਕੰਮ ਦਾ ਫੋਨ#______________

School/ District of Residency/ਰਿਹਾਇਸ਼ੀ ਸਕੂਲ/ਡਿਸਟ੍ਰਿਕਟ________________________________________

School Currently Attending/ਇਸ ਵੇਲੇ ਵਿਦਿਆਰਥੀ ਕਿਸ ਸਕੂਲ ਵਿੱਚ ਪੜ੍ਹ ਰਿਹਾ ਹੈ________________________________________

School/District Requested/ ਜਿਸ ਸਕੂਲ/ਡਿਸਟ੍ਰਿਕਟ ਲਇ ਮੰਗ ਕਰ ਰਹੇ ਹੋ ਉਸਦਾ ਨਾਂ________________________________________

Is the student currently under an expulsion, discipline, or SARB contract ? ਕੀ ਇਸ ਵੇਲੇ ਵਿਦਿਆਰਥੀ ਸਕੂਲੋਂ ਕੱਢਿਆ, ਡਿਸਿਪਲਿਨਰੀ ਕਾਰਵਾਈ, ਜਾਂ SARB ਇਕਰਾਰਨਾਮੇਂ ਦੇ ਤਹਿਤ ਤਾਂ ਨਹੀਂ ? ________________________________________

________________________________________

List any special programs your child is enrolled in (i.e. Special Education, 504 Plan, GATE, etc...) ਆਪਜੀ ਦਾ ਬੱਚਾ ਕਿਸੇ ਵੀ ਸਪੈਸ਼ਲ ਪ੍ਰੋਗਰਾਮਾਂ(ਜਿਸ ਤਰਾਂ ਸਪੈਸ਼ਲ ਐਜੂਕੇਸ਼ਨ, GATE ਵਿੱਚ ਦਾਖਲ ਹੈ ਤਾਂ ਉਸ ਬਾਰੇ ਲਿਖੋ:________________________________________

________________________________________

Reasons for Request/ਮੰਗ ਦੇ ਕਾਰਨ________________________________________

________________________________________

Any Inter/Intera- district attendence agreement is conditional upon the student Obeying school rules and maintaining good attendence. Transportation will be the responsibility of the parent/student. ਹਰੇਕ ਇੰਟਰ/ਇਟਰਅ –ਡਿਸਟ੍ਰਿਕਟ ਇਕਰਾਰਨਾਮਾ ਵਿਦਿਆਰਥੀ ਦੀ ਸਕੂਲ ਵਿੱਚ ਹਾਜ਼ਰੀ ਅਤੇ ਅਕੂਲ ਦੇ ਕਾਨੂੰਨ ਪਾਲਣ ਕਰਨ ਦੀਆਂ ਸ਼ਰਤਾਂ ਤੇ ਅਧਾਰਿਤ ਹੈ। ਆਵਾਜਾਈ ਦੇ ਸਾਧਨ ਦੀ ਜ਼ਿੰਮੇਵਾਰੀ ਮਾਪੇ/ਵਿਦਿਆਰਥੀ ਦੀ ਹੋਵੇਗੀ।

Signature, Parent/Guardian - ਮਾਪਿਆਂ ਜਾਂ ਗਾਰਡੀਅਨ ਦੇ ਦਸਤਖਤ______________________ Date/ਤਾਰੀਖ______________

### For Official Use Only/ ਦਫਤਰ ਵਾਲਿਆਂ ਲਈ

| Sending District | Receiving District |
|---|---|
| ____________Approved ____________Denied | ____________Approved ____________Denied |
| ______________________________ Name | ______________________________ Name |
| ______________________________ Title | ______________________________ Title |
| ______________________________ Date | ______________________________ Date |

Comments________________________________________

________________________________________